Reo-Bankowned Properties
From San Jose to Sacramento
JASSI GILL Broker/Owner
510-304-9292
Refinance Now
@ZERO COST
Call Sukhi Gill:510-207-9067
CA DRE Lic.#01180969

Jassi Gill
CA DRE# 00966763

Hardeep S.Rai
ਇਮੇਗਰੇਸ਼ਨ ਵਕੀਲ
Attorney-at-Law
• ਨੌਂਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੇਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO
TEL: 415.693.9131
FAX. 415.693.9135
rai@hsrai.com
www.hsrai.com
SAN JOSE
TEL: 408.280.1111
FAX. 408.280.1212

Kuldip Singh Dhariwal
Attorney At Law
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Tel : (510) 744-1280
Fax: (510) 744-4192

ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com

Twelfth Year in Publication
ਕੈਲੇਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 12, Issue 3, January 15, 2011 20451 N Plum Grove Rd. Palatine, IL 60074 Ph:847-359-0746, Fax:847-705-9388

## ਕਾਂਗਰਸਵੂਮਨ ’ਤੇ ਗੋਲੀ, ਜੱਜ ਸਣੇ 6 ਹਲਾਕ

**ਟਸਕਨ, ਐਰੀਜ਼ੋਨਾ:** 9 ਜਨਵਰੀ ਨੂੰ ਇਥੇ ਇਕ ਸਮਾਗਮ ਦੌਰਾਨ ਮਹਿਲਾ ਕਾਂਗਰਸ ਵੂਮਨ ਮੈਂਬਰ ਗੈਬਰੀਅਲ ਜੀਫੋਰਡ ਨੂੰ ਨਿਸ਼ਾਨਾ ਬਣਾ ਕੇ ਕੀਤੀ ਫਾਇਰਿੰਗ ਵਿਚ ਨੌਂ ਸਾਲਾ ਬੱਚੀ ਤੇ ਇਕ ਜੱਜ ਸਣੇ ਛੇ ਵਿਅਕਤੀ ਮਾਰੇ ਗਏ ਤੇ ਉਕਤ ਮਹਿਲਾ ਕਾਂਗਰਸ ਮੈਂਬਰ ਸਣੇ



13 ਵਿਅਕਤੀ ਜ਼ਖ਼ਮੀ ਹੋ ਗਏ। ਜ਼ਖ਼ਮੀਆਂ ਵਿਚੋਂ ਡੈਮੋਕਰੇਟ ਕਾਂਗਰਸ ਮੈਂਬਰ 40 ਸਾਲਾ ਗੈਬਰੀਅਲ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ ਜਿਸ ਦੇ ਸਿਰ ਵਿਚ ਗੋਲੀ ਲੱਗੀ ਹੈ।

ਇਹ ਘਟਨਾ ਉਦੋਂ ਵਾਪਰੀ ਜਦੋਂ ਕਾਂਗਰਸ ਦੇ ਹੇਠਲੇ ਸਦਨ ਪ੍ਰਤੀਨਿਧ ਸਭਾ ਦੀ ਮਹਿਲਾ ਮੈਂਬਰ ਗੈਬਰੀਅਲ ਵੱਲੋਂ ਇਥੇ ਇਕ ਸੁਪਰ ਮਾਰਕੀਟ ਵਿਚ ‘ਕਾਂਗਰਸ ਤੁਹਾਡੇ ਦਰਾਂ ਉਤੇ’ ਪ੍ਰੋਗਰਾਮ ਕੀਤਾ ਜਾ ਰਿਹਾ ਸੀ। ਪੁਲਿਸ ਅਨੁਸਾਰ ਇਹ ਗੋਲੀ ਬੀਬੀ ਗੈਬਰੀਅਲ ਨੂੰ ਨਿਸ਼ਾਨਾ ਬਣਾ ਕੇ ਹੀ ਚਲਾਈ ਗਈ ਸੀ। ਘਟਨਾ

(ਬਾਕੀ ਸਫਾ 13 ’ਤੇ)

# 9ਵਾਂ ਪਰਵਾਸੀ ਭਾਰਤੀ ਸੰਮੇਲਨ:ਪਰਵਾਸੀਆਂ ਨੂੰ ਵੋਟ ਦੇ ਹੱਕ ਦਾ ਵਾਅਦਾ, ਨਿਵੇਸ਼ ਦਾ ਸੱਦਾ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਇਥੇ ਹੋਏ ਤਿੰਨ ਦਿਨਾ ਪਰਵਾਸੀ ਭਾਰਤੀ ਦਿਵਸ ਸੰਮੇਲਨ ‘ਚ ਜਿੱਥੇ ਭਾਰਤ ਸਰਕਾਰ ਨੇ ਪਰਵਾਸੀ ਭਾਰਤੀਆਂ ਨੂੰ ਜਲਦ ਹੀ ਵੋਟ ਦਾ ਅਧਿਕਾਰ ਦੇਣ ਦਾ ਭਰੋਸਾ ਦਵਾਇਆ ਉਥੇ ਵਿਦੇਸ਼ਾਂ ‘ਚ ਰਹਿੰਦੇ ਭਾਰਤੀ ਭਾਈਚਾਰੇ ਨੂੰ ਸੱਦਾ ਦਿੱਤਾ ਹੈ ਕਿ ਉਹ ਸਿਹਤ ਤੇ ਸਿੱਖਿਆ ਖੇਤਰਾਂ ਦੇ ਨਾਲ-ਨਾਲ ਦੇਸ਼ ਦੇ ਉਤਰ-ਪੂਰਬੀ ਰਾਜਾਂ ਵਿਚ ਵੱਧ ਤੋਂ ਵੱਧ ਨਿਵੇਸ਼ ਕਰਨ। ਇਸ ਸਮਾਗਮ ਵਿਚ 51 ਮੁਲਕਾਂ ਵਿਚੋਂ 1500 ਪਰਵਾਸੀ ਭਾਰਤੀ ਪੁੱਜੇ ਸਨ।

ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ 9ਵੇਂ ਪਰਵਾਸੀ ਭਾਰਤੀ ਸੰਮੇਲਨ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪਰਵਾਸੀ ਭਾਰਤੀਆਂ ਨੂੰ ਜਾਰੀ ਕੀਤੇ ਜਾਣ ਵਾਲੇ ਦੋ ਪ੍ਰਮੁੱਖ ਕਾਰਡਾਂ ਓਵਰਸੀਜ਼ ਸਿਟੀਜ਼ਨਸ ਆਫ ਇੰਡੀਆ (ਓ.ਸੀ.ਆਈ.) ਤੇ ਪਰਸਨ ਆਫ ਇੰਡੀਅਨ ਓਰਿਜਨ (ਪੀ.ਆਈ.ਓ) ਦਾ ਰਲੇਵਾਂ ਕਰ ਕੇ ਪਰਵਾਸੀ ਭਾਰਤੀਆਂ ਨੂੰ ਵੋਟ ਦਾ ਅਧਿਕਾਰ ਦੇਣ ਲਈ ਛੇਤੀ ਹੀ ਉਨ੍ਹਾਂ ਦੇ ਨਾਂ ਵੋਟਰ ਸੂਚੀਆਂ ਵਿਚ ਸ਼ਾਮਲ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਅਸੀਂ ਵਿਦੇਸ਼ਾਂ ‘ਚ ਰਹਿੰਦੇ ਭਾਰਤੀਆਂ ਦੀ ਨਾਗਰਿਕਤਾ ਕਾਰਡ ਤੇ ਭਾਰਤੀ ਕਾਰਡ ਦੀ ਸਮੀਖਿਆ ਕੀਤੀ ਹੈ। ਇਸ ਉਪਰੰਤ ਹੀ ਅਸੀਂ ਦੋਹਾਂ ਕਾਰਡਾਂ ਦਾ ਰਲੇਵਾਂ ਕਰਨ ਦਾ ਫ਼ੈਸਲਾ ਲਿਆ ਹੈ। ਉਨ੍ਹਾਂ ਕਿਹਾ ਕਿ ਪਰਵਾਸੀ ਭਾਰਤੀਆਂ ਨੂੰ ਵੋਟ ਦਾ ਅਧਿਕਾਰ ਦੇਣ ਲਈ ਕਾਨੂੰਨ ਵਿਚ ਲੋੜੀਂਦੀ ਸੋਧ ਕੀਤੀ ਜਾਵੇਗੀ ਤੇ ਨਵੇਂ ਕਾਨੂੰਨਾਂ ਅਧੀਨ ਪਰਵਾਸੀ ਭਾਰਤੀ

(ਬਾਕੀ ਸਫਾ 3 ’ਤੇ)




*ਸ. ਮੌਂਟੇਕ ਸਿੰਘ ਆਹਲੂਵਾਲੀਆ ਪਰਵਾਸੀ ਭਾਰਤੀ ਸੰਮੇਲਨ ਨੂੰ ਸੰਬੋਧਨ ਕਰਦੇ ਹੋਏ*

# 2-ਜੀ ਸਪੈਕਟ੍ਰਮ-ਸਰਕਾਰ ਦਾ ਕੈਗ ‘ਤੇ ਪਲਟਵਾਰ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਕੈਗ ਨੇ ਭਾਵੇਂ ਇਕ ਵਾਰ ਤਾਂ 2-ਜੀ ਸਪੈਕਟ੍ਰਮ ਮਾਮਲੇ ‘ਚ 1.70 ਲੱਖ ਕਰੋੜ ਦੇ ਘਪਲੇ ਦਾ ਦਾਅਵਾ ਕਰਕੇ ਸਨਸਨੀ ਫੈਲਾ ਦਿਤੀ ਸੀ ਪਰ ਹੁਣ ਸਰਕਾਰ ਨੇ ਕਿਹਾ ਹੈ ਕਿ ਇਹ ਦਾਅਵਾ ਸਹੀ ਨਹੀਂ ਹੈ। 2-ਜੀ ਸਪੈਕਟ੍ਰਮ ਵੰਡ ਦਾ ਮੁਲਾਂਕਣ ਕਰਨ ਦੇ ਕੈਗ ਦੇ ਤਰੀਕੇ ਨੂੰ ਪੂਰੀ

## *1.70 ਲੱਖ ਕਰੋੜ ਦੇ ਘਪਲੇ ਦਾ ਦਾਅਵਾ ਗਲਤ: ਸਿੱਬਲ*

ਤਰ੍ਹਾਂ ਤਰੁੱਟੀਪੂਰਨ ਕਰਾਰ ਦਿੰਦਿਆਂ ਸਰਕਾਰ ਨੇ ਕਿਹਾ ਹੈ ਕਿ ਇਸ ਦੀ ਵੰਡ ਨਾਲ ਖ਼ਜ਼ਾਨੇ ਨੂੰ ਕੋਈ ਨੁਕਸਾਨ ਨਹੀਂ ਹੋਇਆ ਤੇ ‘ਪਹਿਲਾਂ ਆਓ, ਪਹਿਲਾਂ ਪਾਓ‘ ਦੀ ਨੀਤੀ ਵਾਜਪਾਈ ਸਰਕਾਰ ਨੇ ਹੀ ਬਣਾਈ ਸੀ। ਉਧਰ ਆਡੀਟਰ ਕੈਗ ਨੇ ਕਿਹਾ ਹੈ ਕਿ ਉਹ ਆਪਣੇ ਵੱਲੋਂ ਪੇਸ਼ ਰਿਪੋਰਟ ‘ਤੇ ਕਾਇਮ ਹੈ।

ਸੰਚਾਰ ਤੇ ਸੂਚਨਾ ਤਕਨੀਕ ਮੰਤਰੀ ਕਪਿਲ ਸਿੱਬਲ ਨੇ 8 ਜਨਵਰੀ ਨੂੰ ਦਿੱਲੀ ਵਿਚ ਪੱਤਰਕਾਰਾਂ ਦੇ ਸਾਹਮਣੇ ਕੈਗ ‘ਤੇ ਪਲਟਵਾਰ ਕਰਦਿਆਂ ਕਿਹਾ ਕਿ 2-ਜੀ ਸਪੈਕਟ੍ਰਮ ਵੰਡ ਦਾ ਮੁਲਾਂਕਣ ਕਰਨ

(ਬਾਕੀ ਸਫਾ 6 ’ਤੇ)

## ਸਮੂਹ ਪਾਠਕਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀ ਲੱਖ ਲੱਖ ਵਧਾਈ

BOMBAY BAR & GRILL
INDIAN CUISINE
CATERING SPECIALIST
ਅਸੀਂ 10,000 ਬੰਦਿਆਂ ਲਈ ਕੇਟਰਿੰਗ ਦਾ ਪ੍ਰਬੰਧ ਕਰ ਸਕਦੇ ਹਾਂ
ਅਖੰਡ ਪਾਠ, ਵਿਆਹ ਸ਼ਾਦੀ, ਜਨਮ ਦਿਨ
ਪਾਰਟੀ ਆਦਿ ਹਰ ਵੱਡੇ ਛੋਟੇ ਪ੍ਰੋਗਰਾਮ
'ਤੇ ਕੇਟਰਿੰਗ ਕਰਵਾਉਣ ਲਈ ਸੰਪਰਕ ਕਰੋ।
ਗੁਰਦੁਆਰਾ ਸਾਹਿਬ ਦੇ ਪ੍ਰੋਗਰਾਮਾਂ ਲਈ ਖਾਸ ਛੋਟ
ਨਵਿੰਦਰ ਭੰਡਾਲ 530-304-2071
Hours : Mon-Thu, Sun 11am - 10 pm
Fri-Sat 11am - 11pm
Ph: 916-441-7100
Fax : 916-441-7200
1315 21St Sacramento CA 95811
bombaybarandgrill@gmail.com

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™
Raja™ SWEETS & CATERING®
follow us on:
AUTHORIZED CATERER FOR MAJOR 5-STAR HOTELS
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Call Makhan Bains or Ravinder Singh for your next Party 1-866-FOR RAJA www.RajaSweets.com

Law Offices Of
Manpreet S. Gahra
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
ਬਿਜਨਸ ਲਾਅ

Manpreet S.Gahra
Attorney At Law
Berkeley Office
2161 Shattuck Ave. #304, Berkeley
Ph. 510-841-4582, Fax: 510-217-6847
Sacramento Office
Call For Appointments
Ph. 916-924-1617
Email:manpreet@gahralaw.com

# ਦਸ਼ਮੇਸ਼ ਪਿਤਾ ਦਾ ਪ੍ਰਕਾਸ਼ ਪੁਰਬ ਮਨਾਇਆ

**ਬੇਕਰਜ਼ਫੀਲਡ (ਮਾਨ ਮਨਦੀਪ):** ਸਰਬੰਸਦਾਨੀ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਇਥੇ ਵੱਖ ਵੱਖ ਗੁਰੂ ਘਰਾਂ ਵਿਚ ਸੰਗਤਾਂ ਨੇ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ। ਗੁਰਦੁਆਰਾ ਵਿਲਸਨ ਰੋਡ ਵਿਚ ਵਿਸ਼ੇਸ਼ ਸਮਾਗਮ ਕੀਤੇ ਗਏ। ਭਾਰੀ ਠੰਢ ਦੇ ਬਾਵਜੂਦ ਵੱਡੀ ਗਿਣਤੀ ਵਿਚ ਸੰਗਤਾਂ ਨੇ ਗੁਰੂ ਘਰ ਹਾਜ਼ਰੀਆਂ ਲਵਾ ਕੇ ਜੀਵਨ ਸਫਲੇ ਕੀਤੇ।

ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਦੇ ਭੋਗ ਉਪਰੰਤ ਗੁਰੂ ਘਰ ਦੇ ਹਜ਼ੂਰੀ ਰਾਗੀ ਭਾਈ ਗੁਰਮੇਜ ਸਿੰਘ ਦੇ ਜਥੇ ਨੇ ਗੁਰਬਾਣੀ ਦੇ ਕੀਰਤਨ ਰਾਹੀਂ ਸੰਗਤਾਂ ਨੂੰ ਇਲਾਹੀ ਰੰਗ ਵਿਚ ਰੰਗਿਆ। ਇਸ ਮੌਕੇ ਗੁਰੂ ਘਰ ਦੇ ਸਟੇਜ ਸੈਕਟਰੀ ਸ. ਮਨਜੀਤ ਸਿੰਘ ਦੀ ਛੋਟੀ ਜਿਹੀ ਬੇਟੀ ਅਸ਼ਲੀਨ ਕੌਰ ਅਤੇ ਡਾ. ਰਵਿੰਦਰ ਕੌਰ ਨੇ ਗੁਰਬਾਣੀ ਦੇ ਸ਼ਬਦ ਦਾ ਗਾਇਨ ਕਰਕੇ ਸੰਗਤਾਂ ਨੂੰ ਮੰਤਰਮੁਗਧ ਕੀਤਾ। ਸੰਗਤਾਂ ਨੇ ਸ. ਮਨਜੀਤ ਸਿੰਘ ਨੂੰ ਵਧਾਈ ਦਿੱਤੀ ਜਿਨ੍ਹਾਂ ਦੀ ਅਮਰੀਕਾ ਜੰਮੀ ਪਲੀ ਬੱਚੀ ਨੇ ਨਾ ਸਿਰਫ ਪੰਜਾਬੀ ਹੀ ਸਿੱਖੀ ਸਗੋਂ ਗੁਰਬਾਣੀ ਕੀਰਤਨ ਵੀ ਸਿੱਖਿਆ। ਜ਼ਿਕਰਯੋਗ ਹੈ ਕਿ ਇਸ ਗੁਰੂ ਘਰ ਵਿਚ ਹਰ ਐਤਵਾਰ ਗੁਰਬਾਣੀ ਅਤੇ ਕੀਰਤਨ ਸਿਖਾਉਣ ਲਈ ਵਿਸ਼ੇਸ਼ ਕਲਾਸਾਂ ਲਾਈਆਂ ਜਾਂਦੀਆਂ ਹਨ।







# ਗੁਰੂ ਅੰਗਦ ਦਰਬਾਰ ਗੁਰੂਘਰ ਵਿਚ ਸਿੱਖ ਸਿੰਪੋਜ਼ੀਅਮ ਬਾਰੇ ਕੈਂਪ



**ਬੇਕਰਜ਼ਫੀਲਡ (ਮਾਨ ਮਨਦੀਪ):** ਸਥਾਨਕ ਗੁਰਦੁਆਰਾ ਅੰਗਦ ਦਰਬਾਰ ਵਿਚ ਲੰਘੇ ਐਤਵਾਰ ਪੰਜਾਬੀ ਭਾਈਚਾਰੇ ਦੀ ਉਘੀ ਸ਼ਖਸੀਅਤ ਡਾ. ਮਨਬੀਰ ਸਿੰਘ ਅਤੇ ਉਨ੍ਹਾਂ ਦੀ ਟੀਮ ਵਲੋਂ ਸਿੱਖ ਸਿੰਪੋਜ਼ੀਅਮ ਸਬੰਧੀ ਇਕ ਵਿਸ਼ੇਸ਼ ਕੈਂਪ ਲਾਇਆ ਗਿਆ। ਇਸ ਕੈਂਪ ਦਾ ਮਕਸਦ ਬੱਚਿਆਂ ਨੂੰ ਗੁਰਮਤਿ, ਗੁਰਬਾਣੀ ਅਤੇ ਸਿੱਖ ਰਹੁ-ਰੀਤਾਂ ਬਾਰੇ ਸਿੱਖਿਆ ਦੇਣਾ ਹੈ। ਇਥੇ ਜ਼ਿਕਰਯੋਗ ਹੈ ਕਿ ਸਿੱਖ ਸਿੰਪੋਜ਼ੀਅਮ ਵਿਚ ਵੱਖ ਵੱਖ ਵਿਸ਼ਿਆਂ ਉਤੇ ਬੱਚਿਆਂ ਦੇ ਵੱਖ ਵੱਖ ਉਮਰ ਗਰੁਪਾਂ ਦੇ ਮੁਕਾਬਲੇ ਕਰਵਾਏ ਜਾਂਦੇ ਹਨ ਅਤੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਦੇ ਕੇ ਸਨਮਾਨਿਆ ਜਾਂਦਾ ਹੈ।

ਇਸ ਕੈਂਪ ਦੌਰਾਨ 12 ਤੋਂ 22 ਸਾਲ ਤੱਕ ਦੇ ਬੱਚਿਆਂ ਨੂੰ ਸਿੱਖ ਸਿੰਪੋਜ਼ੀਅਮ ਵਿਚ ਸ਼ਾਮਲ ਕਰਨ ਲਈ ਫਾਰਮ ਭਰੇ ਗਏ ਜਿਸ ਪ੍ਰਤੀ ਬੱਚਿਆਂ ਵਿਚ ਬਹੁਤ ਉਤਸ਼ਾਹ ਵੇਖਣ ਨੂੰ ਮਿਲਿਆ। ਇਹ ਸਿੰਪੋਜ਼ੀਅਮ ਸਥਾਨਕ ਪੱਧਰ ਉਤੇ ਆਉਂਦੀ ਮਾਰਚ ਦੇ ਤੀਜੇ ਸਨਿਚਰਵਾਰ ਹੋਣ ਦੀ ਸੰਭਾਵਨਾ ਹੈ। ਇਸ ਸਿੰਪੋਜ਼ੀਅਮ ਦੌਰਾਨ ਬੱਚਿਆਂ ਨੂੰ ਸਿੱਖ ਇਹਿਤਾਸ ਬਾਰੇ ਪੜ੍ਹਨ ਲਈ ਕੋਈ ਕਿਤਾਬ ਦਿੱਤੀ ਜਾਂਦੀ ਹੈ ਅਤੇ ਉਸ ਦੇ ਆਧਾਰ ਉਤੇ ਆਪਣੀ ਤਕਰੀਰ ਤਿਆਰ ਕਰਨ ਲਈ ਆਖਿਆ ਜਾਂਦਾ ਹੈ। ਸੀਨੀਅਰ ਗਰੁਪ ਵਿਚ ਸ਼ਾਮਲ ਬੱਚਿਆਂ ਨੂੰ ਮਾਡਰੇਟਰ ਵਲੋਂ ਪੁੱਛੇ ਗਏ ਸਵਾਲਾਂ ਦੇ ਜਵਾਬ ਦੇਣ ਲਈ ਵੀ ਆਖਿਆ ਜਾਂਦਾ ਹੈ। ਸੰਗਤ ਵੀ ਇਸ ਵਿਚ ਸਾਮਲ ਹੁੰਦੀ ਹੈ। ਗੁਰਦੁਆਰਾ ਗੁਰੂ ਨਾਨਕ ਮਿਸ਼ਨ ਵਿਚ ਸਿਖਲਾਈ ਕੈਂਪ ਲਈ ਰਜਿਸਟਰੇਸ਼ਨ 14, 15 ਅਤੇ 16 ਜਨਵਰੀ ਨੂੰ ਹੋਵੇਗੀ ਜਦੋਂਕਿ ਵਿਲਸਨ ਰੋਡ ਗੁਰੂ ਘਰ ਵਿਚ 23 ਜਨਵਰੀ ਨੂੰ ਹੋਵੇਗੀ। ਡਾ. ਮਨਬੀਰ ਸਿੰਘ ਦੇ ਇਸ ਉਪਰਾਲੇ ਦੀ ਸਮੁੱਚੇ ਭਾਈਚਾਰੇ ਵਲੋਂ ਸ਼ਲਾਘਾ ਕੀਤੀ ਗਈ ਕਿ ਉਹ ਅਕਸਰ ਬੱਚਿਆਂ ਨੂੰ ਸਿੱਖ ਧਰਮ ਨਾਲ ਜੋੜਨ ਲਈ ਸਮੇਂ ਸਮੇਂ 'ਤੇ ਉਪਰਾਲੇ ਕਰਦੇ ਰਹਿੰਦੇ ਹਨ।

# ਉਘੇ ਫ਼ਿਲਮ ਅਦਾਕਾਰ ਵਿਵੇਕ ਸ਼ੌਕ ਨਹੀਂ ਰਹੇ

**ਮੁੰਬਈ:** ਬਾਲੀਵੁੱਡ ਵਿਚ ਚੰਡੀਗੜ੍ਹ ਦਾ ਨਾਂ ਰੌਸ਼ਨ ਕਰਨ ਵਾਲੇ ਉਘੇ ਫਿਲਮ ਅਭਿਨੇਤਾ ਵਿਵੇਕ ਸ਼ੌਕ ਇਸ ਫ਼ਾਨੀ ਦੁਨੀਆ ਨੂੰ ਅਲਵਿਦਾ ਕਹਿ ਗਏ। ਉਨ੍ਹਾਂ ਨੇ ਮੁੰਬਈ 'ਚ ਆਖ਼ਰੀ ਸਾਹ ਲਿਆ। ਹਿੰਦੀ ਤੇ ਪੰਜਾਬੀ ਫਿਲਮਾਂ ਵਿਚ ਆਪਣੀ ਪ੍ਰਭਾਵਸ਼ਾਲੀ ਅਦਾਕਾਰੀ ਨਾਲ ਸਿਨੇ-ਪ੍ਰੇਮੀਆਂ ਦੇ ਦਿਲਾਂ 'ਤੇ ਰਾਜ ਕਰਨ ਵਾਲੇ ਵਿਵੇਕ ਸ਼ੌਕ ਚੰਡੀਗੜ੍ਹ ਸ਼ਹਿਰ ਤੋਂ ਸਨ। ਵਿਵੇਕ ਪਿਤਾ ਧਰਮ ਸਿੰਘ ਸ਼ੌਕ ਤੇ ਮਾਤਾ ਪਦਮਾ ਸ਼ੌਕ ਦੇ ਲਾਡਲੇ ਪੁੱਤਰ ਤੇ ਭੈਣ ਬੱਬਲ ਦੇ ਇਕਲੌਤੇ ਭਰਾ ਸਨ। ਉਨ੍ਹਾਂ ਚੰਡੀਗੜ੍ਹ ਦੇ ਸੈਕਟਰ-35 ਦੇ ਸਰਕਾਰੀ ਮਾਡਲ ਸੀਨੀਅਰ ਸਕੈਂਡਰੀ ਸਕੂਲ ਤੋਂ ਮੁੱਢਲੀ ਸਿੱਖਿਆ ਲੈਣ ਉਪਰੰਤ ਇੰਜੀਨੀਅਰਿੰਗ ਦੀ ਪੜ੍ਹਾਈ ਚੰਡੀਗੜ੍ਹ ਦੇ ਸੈਕਟਰ 30 ਸੀ.ਐਸ.ਆਈ. ਓ. ਤੋਂ ਪੂਰੀ ਕੀਤੀ। ਟੀ.ਵੀ. ਦੇ ਪ੍ਰੋਗਰਾਮਾਂ ਦੇ ਸਫ਼ਰ ਤੋਂ ਹੁੰਦੇ ਹੋਏ ਪੰਜਾਬੀ ਤੇ ਹਿੰਦੀ ਫਿਲਮਾਂ ਵਿਚ ਆਪਣਾ ਨਿਵੇਕਲਾ ਸਥਾਨ ਬਣਾਇਆ।



# ਦਲ ਖਾਲਸਾ ਅਲਾਇੰਸ ਵਲੋਂ ਧੀਆਂ ਦੀ ਲੋਹੜੀ 23 ਨੂੰ

**ਐਲ ਸਬਰਾਂਟੇ, ਕੈਲੀਫੋਰਨੀਆ:** ਦਲ ਖਾਲਸਾ ਅਲਾਇੰਸ ਵੱਲੋਂ ਮਾਦਾ ਭਰੂਣ ਹੱਤਿਆ ਖਿਲਾਫ ਜਾਗ੍ਰਿਤੀ ਪੈਦਾ ਕਰਨ ਦੇ ਮਨੋਰਥ ਨਾਲ ਇਸ ਸਾਲ ਵੀ ਧੀਆਂ ਦੀ ਲੋਹੜੀ 23 ਜਨਵਰੀ ਐਤਵਾਰ ਨੂੰ ਮਨਾਈ ਜਾ ਰਹੀ ਹੈ। ਅਲਾਇੰਸ ਦੇ ਮੁਖੀ ਪਰਮਜੀਤ ਸਿੰਘ ਦਾਖਾ ਅਨੁਸਾਰ ਲੋਹੜੀ ਮਨਾਉਣ ਲਈ ਸਾਰੇ ਪ੍ਰਬੰਧ ਅੰਤਰਰਾਸ਼ਟਰੀ ਸਿੱਖ ਸਭਿਆਚਾਰ ਸੁਸਾਇਟੀ ਵਲੋਂ ਕੀਤੇ ਜਾ ਰਹੇ ਹਨ।

ਮਾਦਾ ਭਰੂਣ ਹੱਤਿਆ ਦੀ ਇਸ ਸਮਾਜਿਕ ਬੁਰਾਈ ਖਿਲਾਫ ਧੀਆਂ ਦੀ ਲੋਹੜੀ ਮਨਾਉਣ ਦੇ ਚਾਹਵਾਨ ਪਰਿਵਾਰ ਫੋਨ 510-774-5909 'ਤੇ ਸੰਪਰਕ ਕਰ ਸਕਦੇ ਹਨ।

ਇਹ ਜਾਣਕਾਰੀ ਦਿੰਦਿਆਂ ਸ. ਦਾਖਾ ਨੇ ਦੱਸਿਆ ਕਿ ਲੋਹੜੀ ਦਾ ਪ੍ਰੋਗਰਾਮ ਫਲੈਮਿੰਗੋ ਬੈਂਕੁਇਟ ਹਾਲ (910 ਲਿੰਕਨ ਰੋਡ ਈਸਟ, ਵਾਲੇਹੋ) ਵਿਖੇ ਹੋਵੇਗਾ। ਸਮਾਂ ਦੁਪਹਿਰ 1 ਵਜੇ ਤੋਂ ਸ਼ਾਮ 6 ਵਜੇ ਤੱਕ ਹੋਵੇਗਾ। ਇਸ ਮੌਕੇ ਪਿਛਲੇ ਸਾਲ ਦੀ ਧੀਆਂ ਦੀ ਲੋਹੜੀ ਵਾਲੀ ਮੂਵੀ ਰਿਲੀਜ਼ ਕੀਤੀ ਜਾਵੇਗੀ। 2011 ਦੀਆਂ ਲੋਹੜੀ ਵਾਲੀਆਂ ਬੱਚੀਆਂ ਨੂੰ ਸਨਮਾਨ ਚਿੰਨ੍ਹ ਦਿੱਤੇ ਜਾਣਗੇ। ਛੋਟੇ ਬੱਚਿਆਂ 'ਚ ਖੇਡਾਂ ਵੰਡੀਆਂ ਜਾਣਗੀਆਂ। 'ਸਿੱਖ ਸਭਿਆਚਾਰ ਦੀ ਰਾਖੀ ਕਿਵੇਂ?' ਵਿਸ਼ੇ 'ਤੇ ਬੁਲਾਰੇ ਆਪਣੇ ਵਿਚਾਰ ਸਾਂਝੇ ਕਰਨਗੇ ਅਤੇ ਕਵੀ ਜਨ ਆਪਣੀਆਂ ਰਚਨਾਵਾਂ ਰਾਹੀਂ ਮਹਿਫਲ ਸਜਾਉਣਗੇ। ਸਗਨਾਂ ਦੇ ਗੀਤ, ਬੋਲੀਆਂ, ਗਿੱਧਾ, ਭੰਗੜਾ ਹੋਵੇਗਾ। ਮੂੰਗਫਲੀ, ਰਿਉੜੀਆਂ, ਤਿਲ, ਵੰਡੇ ਜਾਣਗੇ। ਮਨੋਰੰਜਨ ਲਈ ਡੀ.ਜੇ. ਦਾ ਪ੍ਰਬੰਧ ਹੋਵੇਗਾ।

ਨਵਜੰਮੀ ਬੱਚੀ ਤੋਂ ਲੈ ਕੇ 15 ਸਾਲ ਦੀ ਉਮਰ ਤੱਕ ਦੀਆਂ ਬੱਚੀਆਂ ਦੀ ਲੋਹੜੀ ਮਨਾਈ ਜਾਵੇਗੀ।

## ਪਾਕਿਸਤਾਨ ਤੋਂ ਆਈ 70 ਕਰੋੜ ਦੀ ਹੈਰੋਇਨ ਫੜੀ

**ਅੰਮ੍ਰਿਤਸਰ:** ਪੁਲਿਸ ਨੇ ਤਸਕਰਾਂ ਕੋਲੋਂ 14 ਕਿਲੋਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ ਜਿਸ ਦੀ ਕੌਮਾਂਤਰੀ ਬਾਜ਼ਾਰ 'ਚ ਕੀਮਤ 70 ਕਰੋੜ ਰੁਪਏ ਹੈ। ਨਸ਼ਾ ਵਿਰੋਧੀ ਸੈਲ ਨੇ ਇਨੋਵਾ ਗੱਡੀ 'ਤੇ ਤਸਕਰ ਸੁਖਬੀਰ ਸਿੰਘ ਉਰਫ ਸੁੱਖਾ ਵਾਸੀ ਭੁੱਸੇ ਥਾਣਾ ਸਰਾਂ ਅਮਾਨਤ ਖਾਂ (ਤਰਨ ਤਾਰਨ) ਨੂੰ ਕਾਬੂ ਕਰ ਲਿਆ ਜਦਕਿ ਦੂਸਰਾ ਤਸਕਰ ਅੰਗਰੇਜ਼ ਸਿੰਘ ਵਾਸੀ ਬਾਬਾ ਦੀਪ ਸਿੰਘ ਕਾਲੋਨੀ ਛੇਹਰਟਾ (ਅੰਮ੍ਰਿਤਸਰ) ਫ਼ਰਾਰ ਹੋ ਗਿਆ।

ਇਹ ਖੇਪ ਪਾਕਿਸਤਾਨ ਤੋਂ ਗੁਰਦਾਸਪੁਰ ਸੈਕਟਰ ਦੇ ਰਸਤੇ ਆਈ ਹੈ ਤੇ ਇਸ ਕਾਰਵਾਈ ਦੌਰਾਨ 14 ਪੈਕਟ ਹੈਰੋਇਨ, ਇਕ ਚੀਨ ਦਾ ਬਣਿਆ ਪਿਸਤੌਲ 30 ਬੋਰ ਤੇ ਦੋ ਮੈਗਜ਼ੀਨ ਬਰਾਮਦ ਕੀਤੇ ਹਨ। ਸੁੱਖੇ ਨੇ ਪੁੱਛਗਿੱਛ ਵਿਚ ਦੱਸਿਆ ਕਿ ਉਕਤ ਤਸਕਰ ਹੈਰੋਇਨ, ਹਥਿਆਰ ਤੇ ਅਸਲ੍ਹੇ ਦੀ ਤਸਕਰੀ ਪਾਕਿਸਤਾਨ ਦੇ ਤਸਕਰਾਂ ਨਾਲ ਮਿਲ ਕੇ ਕਰਦੇ ਸਨ।

# ਪੰਜਾਬ ਤੇ ਹਰਿਆਣੇ 'ਚ ਠੰਢ ਦਾ ਕਹਿਰ ਜਾਰੀ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ 'ਚ ਪਿਛਲੇ ਦੋ ਹਫ਼ਤਿਆਂ ਤੋਂ ਠੰਢ ਦਾ ਕਹਿਰ ਜਾਰੀ ਹੈ। ਜਿੱਥੇ ਸੰਘਣੀ ਧੁੰਦ ਕਾਰਨ ਸੜਕ ਹਾਦਸਿਆਂ ਦੀ ਗਿਣਤੀ ਵਧੀ ਹੈ ਉਥੇ ਆਲੂ ਤੇ ਮਟਰ ਦੀ ਫਸਲ ਦਾ ਵੀ ਠੰਡ ਨੇ ਨੁਕਸਾਨ ਕੀਤਾ ਹੈ। ਇਸ ਵਾਰ ਪੰਜਾਬ 'ਚ ਪਟਿਆਲਾ ਕਈ ਦਿਨ ਅੰਮ੍ਰਿਤਸਰ ਨਾਲੋਂ ਵੀ ਠੰਢਾ ਰਿਹਾ। 12 ਜਨਵਰੀ ਨੂੰ ਦੋਵਾਂ ਰਾਜਾਂ 'ਚ ਬਹੁਤੇ ਥਾਈਂ ਘੱਟੋ-ਘੱਟ ਤਾਪਮਾਨ ਆਮ ਨਾਲੋਂ 3 ਡਿਗਰੀ ਸੈਲਸੀਅਸ ਹੇਠਾਂ ਰਿਹਾ।

ਪੰਜਾਬ ਤੇ ਹਰਿਆਣਾ ਦੀ ਰਾਜਧਾਨੀ ਚੰਡੀਗੜ੍ਹ 'ਚ ਘੱਟੋ-ਘੱਟ ਤਾਪਮਾਨ 3.7 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ ਜੋ ਆਮ ਨਾਲੋਂ ਇਕ ਡਿਗਰੀ ਘੱਟ ਸੀ। ਇਸ ਮੈਦਾਨੀ ਖੇਤਰ 'ਚ 11 ਜਨਵਰੀ ਨੂੰ ਅੰਮ੍ਰਿਤਸਰ ਸਭ ਤੋਂ ਠੰਢਾ ਇਲਾਕਾ ਰਿਹਾ ਜਿੱਥੇ ਤਾਪਮਾਨ 1.4 ਡਿਗਰੀ ਦਰਜ ਕੀਤਾ ਗਿਆ ਜੋ ਆਮ ਨਾਲੋਂ 2 ਡਿਗਰੀ ਘੱਟ ਸੀ। ਹਰਿਆਣਾ ਦਾ ਸ਼ਹਿਰ ਨਾਰਨੌਲ 2 ਡਿਗਰੀ ਤਾਪਮਾਨ ਨਾਲ ਠੰਢ ਦੀ ਜਕੜ 'ਚ ਸੀ। ਇਹ ਤਾਪਮਾਨ ਆਮ ਨਾਲੋਂ 3 ਡਿਗਰੀ ਘੱਟ ਸੀ। ਇਸੇ ਤਰ੍ਹਾਂ ਹਿਸਾਰ 'ਚ ਘੱਟ ਤੋਂ ਘੱਟ ਤਾਪਮਾਨ 2.5 ਡਿਗਰੀ ਦਰਜ ਕੀਤਾ ਗਿਆ ਜੋ ਆਮ ਨਾਲੋਂ 3 ਡਿਗਰੀ ਘੱਟ ਸੀ। ਭਿਵਾਨੀ 'ਚ ਘੱਟੋ-ਘੱਟ ਤਾਪਮਾਨ 3 ਡਿਗਰੀ ਸੈਲਸੀਅਸ ਸੀ। ਪੰਜਾਬ ਦੇ ਲੁਧਿਆਣਾ ਤੇ ਪਟਿਆਲਾ 'ਚ ਤਾਪਮਾਨ 3.9 ਡਿਗਰੀ ਤੇ 4.6 ਡਿਗਰੀ ਦਰਜ ਕੀਤਾ ਗਿਆ ਜੋ ਆਮ ਨਾਲੋਂ ਕ੍ਰਮਵਾਰ 2 ਤੇ ਇਕ ਡਿਗਰੀ ਘੱਟ ਸੀ। ਧੁੰਦ ਦੀ ਚਾਦਰ ਕਾਰਨ ਦਿਸਣਯੋਗਤਾ ਕਾਫੀ ਘੱਟ ਗਈ ਹੈ ਜਿਸ ਦੇ ਸਿੱਟੇ ਵਜੋਂ ਬਹੁਤ ਸਾਰੀਆਂ ਰੇਲ ਗੱਡੀਆਂ ਪੱਛੜ ਕੇ ਚੱਲੀਆਂ।




All Star Auto Care

Grand Opening

27165 Mission Blvd, HAYWARD CA 94544 (Next to Tandoor Restaurant)



Guljender Dhami
Master Technician

ASE CERTIFIED MASTER AUTO TECHNICIAN

Oil Change
Special
Look
Up to 5Qts
10-30 or 10-40 Oil
$19.95
Plus disposal fee.
Free Safety Check.
Cash Only
With this coupon only most Cars.
Light Trucks & Vans Extra.

Tune-up Package
Starting at
$89 Reg. $145
Spark Plugs, Cap & Rotor, Most Cars,
Light Trucks & Vans extra.

Brake Special
Front or Rear
Starting at
$89.99 Reg. $130
Free Tire Rotation
Turn Rotors or Brakes Extra.
With this coupon.

Phone:510-885-0666

# ਪਰਵਾਸੀਆਂ ਨੂੰ ਵੋਟ ਦੇ ਹੱਕ ਦਾ ਵਾਅਦਾ

ਚੋਣ ਪ੍ਰਕਿਰਿਆ ਵਿਚ ਹਿੱਸਾ ਲੈ ਸਕਣਗੇ। ਉਨ੍ਹਾਂ ਦੱਸਿਆ ਕਿ ਇਸ ਕਦਮ ਨਾਲ ਭਾਰਤੀ ਰਾਜਨੀਤੀ ਵਿਚ ਨਵੀਂ ਫੁਰਤੀ ਦਾ ਸੰਚਾਰ ਹੋਵੇਗਾ।

ਇਸ ਸਮਾਗਮ ਦੇ ਉਦਘਾਟਨੀ ਭਾਸ਼ਣ 'ਚ ਪਰਵਾਸੀ ਭਾਰਤੀਆਂ ਦੇ ਮਾਮਲਿਆਂ ਬਾਰੇ ਮੰਤਰੀ ਵੀ. ਰਵੀ ਨੇ ਢਾਈ ਕਰੋੜ ਪਰਵਾਸੀ ਭਾਰਤੀਆਂ ਨੂੰ ਦੇਸ਼ ਦੇ ਵਿਕਾਸ ਵਿਚ ਯੋਗਦਾਨ ਪਾਉਣ ਤੇ ਮੁਲਕ ਨੂੰ ਅੱਗੇ ਲਿਜਾਣ ਵਿਚ ਸਹਿਯੋਗ ਦੇਣ ਲਈ ਕਿਹਾ। ਇਸ ਮੌਕੇ ਮਨੁੱਖੀ ਵਸੀਲਿਆਂ ਦੇ ਵਿਕਾਸ ਬਾਰੇ ਮੰਤਰੀ ਕਪਿਲ ਸਿੱਬਲ ਨੇ ਕਿਹਾ ਕਿ ਦੇਸ਼ ਦੇ ਸਿੱਖਿਆ ਖੇਤਰ ਦੇ ਵਿਕਾਸ ਲਈ ਅਗਲੇ ਦਸ ਸਾਲਾਂ ਵਿਚ 150 ਅਰਬ ਡਾਲਰਾਂ ਦੀ ਲੋੜ ਹੈ। ਇਸ ਲਈ ਪਰਵਾਸੀ ਭਾਰਤੀ ਦੇਸ਼ ਵਿਚ ਮਿਆਰੀ ਸਿੱਖਿਆ ਦਾ ਢਾਂਚਾ ਖੜ੍ਹਾ ਕਰਨ ਵਿਚ ਭਰਵਾਂ ਸਹਿਯੋਗ ਦੇਣ। ਉਨ੍ਹਾਂ ਕਿਹਾ ਕਿ ਭਾਰਤ ਦੀ ਆਰਥਿਕਤਾ ਅੱਗੇ ਵਧ ਰਹੀ ਹੈ ਤੇ ਇੱਥੇ ਨਿਵੇਸ਼ ਕਰਨ ਦਾ ਮੌਕਾ ਗਵਾਉਣਾ ਨਹੀਂ ਚਾਹੀਦਾ। ਸਰਕਾਰ ਦੀ ਯੋਜਨਾ ਹੈ ਕਿ ਸਾਲ 2020 ਤੱਕ ਕਾਲਜ ਜਾਣ ਵਾਲੇ ਬੱਚਿਆਂ ਦੀ ਗਿਣਤੀ 'ਚ 12 ਤੋਂ 30 ਫੀਸਦੀ ਤੱਕ ਦਾ ਵਾਧਾ ਕਰ ਦਿੱਤਾ ਜਾਵੇ। ਇਸ ਵਧੇ ਲਈ ਦੇਸ਼ 'ਚ ਇਕ ਹਜ਼ਾਰ ਯੂਨੀਵਰਸਿਟੀਆਂ ਤੇ 45 ਹਜ਼ਾਰ ਕਾਲਜਾਂ ਦੀ ਲੋੜ ਹੈ। ਇਸ ਮੌਕੇ ਕੇਂਦਰੀ ਸਿਹਤ ਰਾਜ ਮੰਤਰੀ ਦਿਨੇਸ਼ ਤ੍ਰਿਵੇਦੀ ਨੇ ਪਰਵਾਸੀਆਂ ਨੂੰ ਦੇਸ਼ ਦੇ ਸਿਹਤ ਖੇਤਰ ਵਿਚ ਪੈਸਾ ਲਾਉਣ ਦੀ ਅਪੀਲ ਕੀਤੀ।

### ਮੌਂਟੇਕ ਸਿੰਘ ਨੇ ਸੁਣਾਈਆਂ ਖਰੀਆਂ-ਖਰੀਆਂ

ਇਸ ਮੌਕੇ ਯੋਜਨਾ ਕਮਿਸ਼ਨ ਦੇ ਉਪ ਚੇਅਰਮੈਨ ਮੌਂਟੇਕ ਸਿੰਘ ਆਹਲੂਵਾਲੀਆ ਨੇ ਇਸ ਧਾਰਨਾ ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ ਕਿ ਭਾਰਤ ਦੀ ਨਜ਼ਰ ਸਿਰਫ ਪਰਵਾਸੀ ਭਾਰਤੀਆਂ ਦੇ ਪੈਸੇ 'ਤੇ ਹੈ। ਉਨ੍ਹਾਂ ਪਰਵਾਸੀ ਭਾਰਤੀਆਂ ਨੂੰ ਕਿਹਾ ਕਿ ਉਹ ਦੁਨੀਆਂ ਵਿਚ ਕਿਤੇ ਵੀ ਨਿਵੇਸ਼ ਕਰ ਸਕਦੇ ਹਨ।

ਸਰਕਾਰ ਵੱਲੋਂ ਸੀ.ਆਈ.ਆਈ. ਦੇ ਸਹਿਯੋਗ ਨਾਲ ਕਰਵਾਏ ਗਏ ਪਰਵਾਸੀ ਭਾਰਤੀ ਦਿਵਸ ਸਮਾਗਮ ਵਿਚ ਬੋਲਦਿਆਂ ਸ੍ਰੀ ਆਹਲੂਵਾਲੀਆ ਕਿਹਾ ਕਿ ਇਹ ਧਾਰਨਾ ਛੱਡਣੀ ਹੋਵੇਗੀ ਕਿ ਪਰਵਾਸੀ ਭਾਰਤੀਆਂ ਨਾਲ ਸੰਪਰਕ ਸਿਰਫ ਨਿਵੇਸ਼ ਲਈ ਹੀ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਦੇਸ਼ ਵਿਚ 95 ਫੀਸਦ ਨਿਵੇਸ਼ ਘਰੇਲੂ ਸਰੋਤਾਂ ਤੋਂ ਆ ਰਿਹਾ ਹੈ। ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਹਾਡੇ ਪੈਸੇ ਦੀ ਇਥੇ ਬਿਹਤਰ ਵਰਤੋਂ ਹੋਵੇਗੀ ਤਾਂ ਤੁਹਾਡਾ ਸਵਾਗਤ ਹੈ ਤੇ ਜੇ ਤੁਹਾਨੂੰ ਲੱਗਦਾ ਹੈ ਕਿ ਦੂਜੇ ਦੇਸ਼ਾਂ ਵਿਚ ਤੁਹਾਡਾ ਪੈਸਾ ਵਧੀਆ ਵਰਤਿਆ ਜਾ ਸਕਦਾ ਹੈ ਤਾਂ ਇਕ ਅਰਥਸ਼ਾਸਤਰੀ ਹੋਣ ਦੇ ਨਾਤੇ ਮੈਂ ਇਹੀ ਕਹਾਂਗਾ ਕਿ ਤੁਸੀਂ ਉਹੀ ਕਰੋ ਜੋ ਤੁਸੀਂ ਕਰਨਾ ਚਾਹੁੰਦੇ ਹੋ। ਸ੍ਰੀ ਆਹਲੂਵਾਲੀਆ ਨੇ ਸਪਸ਼ਟ ਕੀਤਾ ਕਿ ਅਸੀਂ ਪਰਵਾਸੀ ਭਾਰਤੀਆਂ ਕੋਲ ਇਸ ਲਈ ਜਾ ਰਹੇ ਹਾਂ ਕਿ ਅਸੀਂ ਲੰਮੇ ਸਮੇਂ ਤੋਂ ਜਾਰੀ ਸਮਾਜਿਕ ਤੇ ਸਭਿਆਚਾਰਕ ਰਿਸ਼ਤਿਆਂ ਵਿਚ ਬੰਨ੍ਹੇ ਹੋਏ ਹਾਂ। ਇਮਾਨਦਾਰੀ ਨਾਲ ਮੈਂ ਕਹਾਂ ਕਿ ਜੇ ਤੁਹਾਨੂੰ ਲੱਗਦਾ ਹੈ ਕਿ ਭਾਰਤ ਵਿਚ ਨਿਵੇਸ਼ ਨਹੀਂ ਕਰਨਾ ਚਾਹੀਦਾ ਹੈ ਤਾਂ ਇਸ ਲਈ ਸ਼ਰਮਿੰਦਾ ਹੋਣ ਦੀ ਲੋੜ ਨਹੀਂ। ਸਾਡਾ ਕੰਮ ਨਿਵੇਸ਼ਕਾਂ ਨੂੰ ਸੱਦਣਾ ਹੈ ਚਾਹੇ ਭਾਰਤੀ ਨਿਵੇਸ਼ਕ ਹੋਣ ਜਾਂ ਵਿਦੇਸ਼ੀ ਇਸ ਨਾਲ ਕੋਈ ਫਰਕ ਨਹੀਂ ਪੈਂਦਾ।

ਇਸ ਮੌਕੇ ਪਰਵਾਸੀ ਭਾਰਤੀਆਂ ਦੇ ਮਾਮਲਿਆਂ ਬਾਰੇ ਮੰਤਰੀ ਵੀ. ਰਵੀ ਨੇ ਕਿਹਾ ਕਿ ਭਾਰਤ ਵਿਚ ਸਿੱਧੇ ਨਿਵੇਸ਼ ਦੇ ਮਾਮਲੇ ਵਿਚ ਪਰਵਾਸੀ ਭਾਰਤੀਆਂ ਦੀ ਹਿੱਸੇਦਾਰੀ ਸਿਰਫ 1.3 ਫੀਸਦ ਹੈ। ਸਰਕਾਰ ਦੇ ਤਾਜ਼ਾ ਅੰਕੜਿਆਂ ਮੁਤਾਬਕ ਪਰਵਾਸੀ ਭਾਰਤੀਆਂ ਨੇ 1991 ਤੋਂ ਹੁਣ ਤਕ 179.45 ਅਰਬ ਡਾਲਰ ਦੇਸ਼ ਵਿਚ ਸਿੱਧੇ ਨਿਵੇਸ਼ ਕੀਤੇ ਹਨ। ਭਾਵੇਂ ਦੇਸ਼ ਵਿਚ ਪਰਵਾਸੀ ਭਾਰਤੀਆਂ ਦਾ ਨਿਵੇਸ਼ ਬਹੁਤਾ ਨਹੀਂ ਹੈ ਪਰ ਉਨ੍ਹਾਂ ਵੱਲੋਂ ਭੇਜਿਆ ਜਾਣ ਵਾਲਾ ਪੈਸਾ ਕਾਫੀ ਜ਼ਿਆਦਾ ਹੈ। ਸਾਲ 2008-09 ਵਿਚ ਪਰਵਾਸੀਆਂ ਵੱਲੋਂ 46.9 ਅਰਬ ਡਾਲਰ ਭੇਜੇ ਗਏ ਸਨ।

### ਉੱਘੀਆਂ ਸ਼ਖ਼ਸੀਅਤਾਂ ਦਾ ਸਨਮਾਨ

ਪਰਵਾਸੀ ਭਾਰਤੀ ਦਿਵਸ ਸੰਮੇਲਨ ਦੀ ਸਮਾਪਤੀ ਮੌਕੇ ਰਾਸ਼ਟਰਪਤੀ ਪ੍ਰਤਿਭਾ ਪਾਟਿਲ ਨੇ ਵਿਸ਼ਵ ਪੱਧਰ 'ਤੇ ਦੇਸ਼ ਦਾ ਨਾਂ ਰੌਸ਼ਨ ਕਰਨ ਵਾਲੀਆਂ 14 ਸ਼ਖ਼ਸੀਅਤਾਂ ਦਾ ਸਨਮਾਨ ਕੀਤਾ ਜਿਨ੍ਹਾਂ 'ਚ ਨਿਊਜ਼ੀਲੈਂਡ ਦੇ ਗਵਰਨਰ ਜਨਰਲ ਸਰ ਅਨੰਦ ਸਤਿਆਨੰਦ, ਪ੍ਰੋ: ਵੀਨਾ ਹਰਭਗਵਾਨ ਸਹਾਜਵਾਲਾ (ਆਸਟ੍ਰੇਲੀਆ), ਲਤਾ ਪਾਡਾ (ਕੈਨੇਡਾ), ਹਰਿੰਦਰਪਾਲ ਸਿੰਘ (ਹਾਂਗ ਕਾਂਗ), ਮੁਹੰਮਦ ਮੁਨੀਰ ਨਜ਼ੀਰ (ਇਜ਼ਰਾਈਲ), ਉਪਜੀਤ ਸਿੰਘ ਸਚਦੇਵਾ (ਲਾਇਬੇਰੀਆ), ਤਨੁਸ੍ਰੀ ਦਾਤੂ, ਅਜੀਤ ਸਿੰਘ (ਮਲੇਸ਼ੀਆ), ਸਾਲੇਹ ਵਹੀਦ (ਨੀਦਰਲੈਂਡ), ਮੋਹਿਨਉੱਦੀਨ ਸਈਦ ਕਰੀਮਉੱਦੀਨ (ਸਾਊਦੀ ਅਰਬ), ਸੇਲਵਾਨਾਥਨ (ਸ੍ਰੀਲੰਕਾ), ਮੋਹਨ ਜਸ਼ਨਮਲ (ਯੂ ਏ ਈ), ਬੈਰੋਨੈਸ ਸੰਦੀਪ ਵਰਮਾ (ਬਰਤਾਨੀਆ), ਅਸ਼ੋਕ ਕੁਮਾਰ ਰਾਮਸਰਨ ਤੇ ਰਾਜੀਵ ਸ਼ਾਹ (ਅਮਰੀਕਾ) ਸ਼ਾਮਲ ਹਨ।

# ਸੁਖਬੀਰ ਬਾਦਲ ਵੱਲੋਂ ਪਰਵਾਸੀ ਪੰਜਾਬੀਆਂ ਦੇ ਜਾਇਦਾਦ ਵਿਵਾਦਾਂ ਬਾਰੇ ਕਮਿਸ਼ਨ ਦਾ ਐਲਾਨ

**ਨਵੀਂ ਦਿੱਲੀ:** ਪਰਵਾਸੀ ਭਾਰਤੀ ਸੰਮੇਲਨ ਦੌਰਾਨ ਸੰਬੋਧਨ ਕਰਦਿਆਂ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਪਰਵਾਸੀ ਭਾਰਤੀਆਂ ਨੇ ਮੁਲਕ ਦੀ ਤਰੱਕੀ 'ਚ ਅਹਿਮ ਹਿੱਸਾ ਪਾਇਆ ਹੈ। ਉਨ੍ਹਾਂ ਕਿਹਾ ਕਿ ਪੰਜਾਬ 'ਚ ਪਰਵਾਸੀ ਭਾਰਤੀਆਂ ਦੀਆਂ ਜਾਇਦਾਦਾਂ ਦੇ ਝਗੜਿਆਂ ਤੇ ਹੋਰ ਕਾਨੂੰਨੀ ਵਿਵਾਦਾਂ ਦੇ ਨਿਬੇੜੇ ਲਈ ਹਾਈ ਕੋਰਟ ਦੇ ਕਿਸੇ ਸੇਵਾ ਮੁਕਤ ਜੱਜ ਦੀ ਅਗਵਾਈ ਹੇਠ ਸਰਕਾਰ ਕਮਿਸ਼ਨ ਦਾ ਗਠਨ ਕਰੇਗੀ ਤੇ ਅਜਿਹਾ ਕਮਿਸ਼ਨ ਗਠਿਤ ਕਰਨ ਵਾਲਾ ਪੰਜਾਬ ਪਹਿਲਾ ਸੂਬਾ ਹੋਵੇਗਾ। ਸ. ਬਾਦਲ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪਰਵਾਸੀ ਭਾਰਤੀਆਂ ਦੇ ਵਿਵਾਦਾਂ ਲਈ ਪਹਿਲਾਂ ਹੀ ਵੱਖਰੇ ਐਨ.ਆਰ.ਆਈ. ਥਾਣੇ ਬਣਾਏ ਜਾ ਚੁੱਕੇ ਹਨ ਤਾਂ ਜੋ ਉਨ੍ਹਾਂ ਦੇ ਵਿਵਾਦਾਂ ਦਾ ਛੇਤੀ ਨਿਬੇੜਾ ਸੰਭਵ ਹੋ ਸਕੇ। ਉਨ੍ਹਾਂ ਪਰਵਾਸੀ ਪੰਜਾਬੀਆਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਪੰਜਾਬ ਦੇ ਪਿੰਡ ਪਰਵਾਸੀ ਪੰਜਾਬੀਆਂ ਵੱਲੋਂ ਵਿਕਾਸ ਲਈ ਪਾਏ ਜਾ ਰਹੇ ਯੋਗਦਾਨ ਦੀ ਸਪੱਸ਼ਟ ਗਵਾਹੀ ਭਰਦੇ ਹਨ।

ਉਨ੍ਹਾਂ ਪਰਵਾਸੀਆਂ ਨੂੰ ਸਿੱਖਿਆ ਤੇ ਸਿਹਤ ਦੇ ਖੇਤਰ ਵਿਚ ਪੂੰਜੀ ਨਿਵੇਸ਼ ਦਾ ਸੱਦਾ ਦਿੱਤਾ। ਉਨ੍ਹਾਂ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਪੰਜਾਬ ਤੇ ਹਰਿਆਣਾ ਸੂਬੇ ਜੋ ਦੇਸ਼ ਦੇ ਅੰਨ ਭੰਡਾਰ ਨੂੰ ਭਰਨ ਵਿਚ ਮੋਹਰੀ ਭੂਮਿਕਾ ਨਿਭਾ ਰਹੇ ਹਨ, ਨੂੰ ਵਿਸ਼ੇਸ਼ ਖੇਤੀ ਜ਼ੋਨ ਵਜੋਂ ਐਲਾਨਿਆ ਜਾਵੇ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਵਿਸ਼ਵ ਪੱਧਰੀ ਬੁਨਿਆਦੀ ਢਾਂਚਾ ਮੁਹੱਈਆ ਕਰਾਉਣ, ਮਨੁੱਖੀ ਸਰੋਤ ਵਿਕਾਸ ਦੇ ਮੌਕੇ ਪ੍ਰਦਾਨ ਕਰਨ ਲਈ ਪੂਰੇ ਵਿਸ਼ਵ ਦਾ ਧਿਆਨ ਖਿੱਚਣ ਲਈ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਛੇਤੀ ਹੀ ਦੇਸ਼ ਦਾ ਅਜਿਹਾ ਪਹਿਲਾ ਰਾਜ ਬਣ ਜਾਵੇਗਾ ਜਿਸ ਕੋਲ ਤਿੰਨ ਅੰਤਰਰਾਸ਼ਟਰੀ ਹਵਾਈ ਅੱਡੇ ਹੋਣਗੇ। ਅਪਰੈਲ ਤੱਕ ਮੁਹਾਲੀ ਹਵਾਈ ਅੱਡੇ ਤੋਂ ਅੰਤਰਰਾਸ਼ਟਰੀ ਹਵਾਈ ਉਡਾਨਾਂ ਸ਼ੁਰੂ ਹੋ ਜਾਣਗੀਆਂ।

ਸ. ਬਾਦਲ ਨੇ ਦੱਸਿਆ ਕਿ ਪੰਜਾਬ ਨੇ ਪ੍ਰਾਹੁਣਚਾਰੀ ਖੇਤਰ ਨੂੰ ਉਦਯੋਗ ਐਲਾਨਿਆ ਹੈ।



*ਸ. ਸੁਖਬੀਰ ਸਿੰਘ ਬਾਦਲ ਪਰਵਾਸੀ ਭਾਰਤੀਆਂ ਨਾਲ ਵਿਚਾਰ ਸਾਂਝੇ ਕਰਦੇ ਹੋਏ*

ਆਦਰਸ਼ ਸਕੂਲਾਂ ਦੀ ਸ਼ੁਰੂਆਤ ਨੇ ਪਰਵਾਸੀ ਭਾਰਤੀਆਂ ਲਈ ਸਿੱਖਿਆ ਦੇ ਖੇਤਰ ਵਿਚ ਨਿਵੇਸ਼ ਦੇ ਬੂਹੇ ਖੋਲ੍ਹ ਦਿੱਤੇ ਹਨ। ਉਪ ਮੁੱਖ ਮੰਤਰੀ ਨੇ ਰਾਜ ਦੇ ਵਿਸ਼ੇਸ਼ ਵਿਚਾਰ ਚਰਚਾ ਸੈਸ਼ਨ ਦੌਰਾਨ ਸੰਭਾਵੀ ਪਰਵਾਸੀ ਭਾਰਤੀ ਨਿਵੇਸ਼ਕਾਂ ਨੂੰ ਰਾਜ ਅੰਦਰ ਮੌਜੂਦ ਨਿਵੇਸ਼ ਵਾਲੇ ਖੇਤਰਾਂ ਖਾਸ ਕਰਕੇ ਬਿਜਲੀ, ਬੁਨਿਆਦੀ ਢਾਂਚਾ, ਮਕਾਨ ਉਸਾਰੀ, ਹੋਟਲ ਤੇ ਸੈਰ-ਸਪਾਟਾ, ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ, ਟਰਾਂਸਪੋਰਟ ਤੇ ਖੇਡਾਂ ਦੇ ਖੇਤਰ ਬਾਰੇ ਪੇਸ਼ਕਾਰੀ ਦਿੱਤੀ।

ਇਸ ਮੌਕੇ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਨੇ ਪਰਵਾਸੀ ਭਾਰਤੀਆਂ ਨੂੰ ਗੁਜਰਾਤ 'ਚ ਨਿਵੇਸ਼ ਕਰਨ ਦਾ ਸੱਦਾ ਦਿੰਦਿਆਂ ਪਰਵਾਸੀਆਂ ਨੂੰ ਸਹੂਲਤਾਂ ਦੇਣ ਦਾ ਭਰੋਸਾ ਦਿੱਤਾ। ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਭੁਪਿੰਦਰ ਸਿੰਘ ਹੁੱਡਾ, ਬਿਹਾਰ ਦੇ ਉਪ ਮੁੱਖ ਮੰਤਰੀ ਸੁਸ਼ੀਲ ਕੁਮਾਰ ਮੋਦੀ, ਰਾਜਸਥਾਨ ਦੇ ਮੁੱਖ ਮੰਤਰੀ ਅਸ਼ੋਕ ਗਹਿਲੋਤ, ਗੋਆ ਦੇ ਮੁੱਖ ਮੰਤਰੀ ਦਿਗਾਂਬਰ ਕਾਮਤ ਨੇ ਵੀ ਸੰਬੋਧਨ ਕੀਤਾ।

ਪੰਜਾਬ ਟਾਈਮਜ਼ ਵਿਚ
ਇਸ਼ਤਿਹਾਰ ਦਿਓ
ਅਤੇ ਆਪਣਾ
ਕਾਰੋਬਾਰ ਵਧਾਓ

# ਬਠਿੰਡਾ ਰਿਫਾਈਨਰੀ ਦੇ ਮੈਨੇਜਰ ਨੇ 50 ਲੱਖ ਦੀ ਠੱਗੀ ਮਾਰੀ

**ਬਠਿੰਡਾ:** ਬਠਿੰਡਾ ਰਿਫਾਈਨਰੀ ਦਾ ਸਹਾਇਕ ਸੇਫਟੀ ਮੈਨੇਜਰ 50 ਲੱਖ ਰੁਪਏ ਦੀ ਠੱਗੀ ਮਾਰ ਕੇ ਫਰਾਰ ਹੋ ਗਿਆ। ਪੰਜ ਦੋਸਤਾਂ ਨਾਲ ਠੱਗੀ ਮਾਰਨ ਮਗਰੋਂ ਜਦੋਂ ਉਸ ਦੇ ਸਾਥੀਆਂ ਨੇ ਮੈਨੇਜਰ ਦੀ ਤਲਾਸ਼ ਕੀਤੀ ਤਾਂ ਉਹ ਕਿਧਰੋਂ ਨਾ ਲੱਭਾ। ਪੁਲਿਸ ਨੇ ਸਹਾਇਕ ਸੇਫਟੀ ਮੈਨੇਜਰ ਮੁਹੰਮਦ ਫਾਰੂਕ ਖ਼ਿਲਾਫ਼ ਧੋਖਾਧੜੀ ਦਾ ਕੇਸ ਦਰਜ ਕਰ ਲਿਆ ਹੈ। ਮੁਲਜ਼ਮ ਨੇ ਇਨ੍ਹਾਂ ਪੰਜ ਦੋਸਤਾਂ ਨੂੰ ਇਹ ਲਾਲਚ ਦਿੱਤਾ ਕਿ ਉਹ ਰਿਫਾਈਨਰੀ 'ਚ ਕੰਪਨੀ ਦੇ ਵੱਡੇ ਅਫਸਰਾਂ ਨੂੰ ਜਾਣਦਾ ਹੈ ਤੇ ਰਿਫਾਈਨਰੀ 'ਚ ਪਿਆ ਸਕਰੈਪ ਉਨ੍ਹਾਂ ਨੂੰ ਸਸਤੇ ਭਾਅ ਦਿਵਾ ਸਕਦਾ ਹੈ।

ਬਠਿੰਡਾ ਦੇ ਫਾਈਵ ਰਿਵਰਜ਼ ਹੋਟਲ 'ਚ ਫਾਰੂਕ ਦਾ ਆਉਣ ਜਾਣ ਸੀ ਜਿੱਥੇ ਰਿਫਾਈਨਰੀ ਦੇ ਅਫਸਰ ਤੇ ਠੇਕੇਦਾਰ ਇਸ ਹੋਟਲ 'ਚ ਅਕਸਰ ਆਉਂਦੇ ਰਹਿੰਦੇ ਹਨ। ਗਿੱਦੜਬਾਹਾ ਵਾਸੀ ਨਰਿੰਦਰ ਕੁਮਾਰ ਨੇ ਦੱਸਿਆ ਕਿ ਉਹ ਸਸਤੇ ਭਾਅ 'ਚ ਸਕਰੈਪ ਦਿਵਾਏਗਾ ਤੇ ਇਸ ਬਾਰੇ ਉਸ ਨੇ ਆਪਣੇ ਚਾਰ ਦੋਸਤਾਂ ਨਾਲ ਵੀ ਰਾਇ ਮਸ਼ਵਰਾ ਕੀਤਾ। ਪੁਲੀਸ ਅਨੁਸਾਰ ਨਰਿੰਦਰ ਤੇ ਉਸ ਦੇ ਦੋਸਤ ਸਤੰਬਰ 2010 ਤੋਂ ਲੈ ਕੇ 25 ਦਸੰਬਰ 2010 ਤੱਕ ਮੁਹੰਮਦ ਫਾਰੂਕ ਨੂੰ ਸਕਰੈਪ ਲੈਣ ਲਈ ਰਾਸ਼ੀ ਦਿੰਦੇ ਰਹੇ। ਨਰਿੰਦਰ ਕੁਮਾਰ ਤੇ ਸੰਦੀਪ ਕੁਮਾਰ ਗੋਗਾ ਨੇ 9.9 ਲੱਖ ਰੁਪਏ, ਪਾਲਾ ਖਾਨ ਨੇ ਕਰੀਬ 10 ਲੱਖ ਰੁਪਏ, ਨੌਸ਼ਾਦ ਨੇ ਕਰੀਬ 20 ਲੱਖ ਰੁਪਏ ਤੇ ਅਸ਼ਵਨੀ ਮਲਹੋਤਰਾ ਨੇ ਤਕਰੀਬਨ 3 ਲੱਖ ਰੁਪਏ ਦੀ ਰਾਸ਼ੀ ਸਮੇਂ ਸਮੇਂ 'ਤੇ ਉਸ ਨੂੰ ਹੋਟਲ 'ਚ ਦਿੱਤੀ।

## ਲਾਹੌਰੀਆ ਦੀ ਅਰਜ਼ੀ ਅਦਾਲਤ ਵੱਲੋਂ ਖ਼ਾਰਜ

**ਨਵੀਂ ਦਿੱਲੀ:** ਦਿੱਲੀ ਦੀ ਅਦਾਲਤ ਨੇ ਖਾਲਿਸਤਾਨ ਲਿਬਰੇਸ਼ਨ ਫੋਰਸ ਦੇ ਖਾੜਕੂ ਦਿਆ ਸਿੰਘ ਲਹੌਰੀਆ ਦੀ ਉਹ ਅਰਜ਼ੀ ਖ਼ਾਰਜ ਕਰ ਦਿੱਤੀ ਹੈ ਜਿਸ ਵਿਚ ਉਸ ਨੇ ਮੰਗ ਕੀਤੀ ਸੀ ਕਿ ਉਸ ਨੂੰ ਪੰਜਾਬ ਵਿਚ ਅਦਾਲਤ ਵਿਚ ਪੇਸ਼ ਕਰਨ ਲਈ ਰੇਲ ਗੱਡੀ ਰਾਹੀਂ ਲਿਜਾਇਆ ਜਾਵੇ। ਵਧੀਕ ਸੈਸ਼ਨ ਜੱਜ ਐਮ.ਆਰ. ਸੇਠੀ ਨੇ ਦਿਆ ਸਿੰਘ ਲਹੌਰੀਆ ਦੀ ਅਰਜ਼ੀ ਨੂੰ ਖ਼ਾਰਜ ਕਰਦਿਆਂ ਕਿਹਾ ਕਿ ਜੇਲ੍ਹ ਅਧਿਕਾਰੀਆਂ ਵੱਲੋਂ ਪੇਸ਼ ਰਿਪੋਰਟ 'ਚ ਗੰਭੀਰ ਖ਼ਦਸ਼ੇ ਪ੍ਰਗਟਾਏ ਗਏ ਹਨ।


ਅਦਾਲਤ ਵਿਚ ਜੇਲ੍ਹ ਅਧਿਕਾਰੀਆਂ ਵੱਲੋਂ ਪੇਸ਼ ਰਿਪੋਰਟ ਵਿਚ ਇਹ ਖ਼ਦਸ਼ਾ ਪ੍ਰਗਟਾਇਆ ਗਿਆ ਹੈ ਕਿ ਰੇਲ ਸਫ਼ਰ ਦੌਰਾਨ ਉਹ ਪੁਲੀਸ ਹਿਰਾਸਤ ਵਿਚੋਂ ਫਰਾਰ ਹੋ ਸਕਦਾ ਹੈ ਕਿਉਂਕਿ ਉਸ ਦੇ ਸਾਥੀ ਪਹਿਲਾਂ ਹੀ ਉਸ ਦੇ ਪੰਜਾਬ ਨੂੰ ਲੈ ਕੇ ਜਾਣ ਸੰਬੰਧੀ ਰਸਤਿਆਂ ਦੀ ਸੂਹ ਲੈ ਰਹੇ ਹਨ।

# ਸ਼੍ਰੋਮਣੀ ਕਮੇਟੀ ਗੁਰਦੁਆਰਿਆਂ ਦੀ ਸਾਂਭ-ਸੰਭਾਲ 'ਚ ਨਾਕਾਮ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕਰੋੜਾਂ ਰੁਪਏ ਦੀ ਕਮਾਈ ਹੈ ਤੇ ਗੁਰਦੁਆਰਿਆਂ ਦੀ ਸਾਂਭ-ਸੰਭਾਲ ਦਾ ਜ਼ਿੰਮਾ ਵੀ ਇਸ ਦਾ ਹੈ ਪਰ ਦੁੱਖ ਦੀ ਗੱਲ ਹੈ ਕਿ ਇਸ ਦੀਆਂ ਸਰਗਰਮੀਆਂ ਦੇ ਕੇਂਦਰ ਅੰਮ੍ਰਿਤਸਰ ਸ਼ਹਿਰ ਵਿਚ ਕਈ ਗੁਰਦੁਆਰੇ ਤੇ ਇਨ੍ਹਾਂ ਦੇ ਸਰੋਵਰ ਅਣਦੇਖੀ ਦਾ ਸ਼ਿਕਾਰ ਹਨ। ਇਹ ਵੀ ਹੈਰਾਨੀ ਵਾਲੀ ਗੱਲ ਹੈ ਕਿ ਇਨ੍ਹਾਂ ਗੁਰਦੁਆਰਿਆਂ ਬਾਰੇ ਯਾਤਰੂਆਂ ਨੂੰ ਵੀ ਕੋਈ ਜਾਣਕਾਰੀ ਨਹੀਂ ਹੈ ਜਦੋਂਕਿ ਦੂਜੇ ਪਾਸੇ ਸ਼੍ਰੋਮਣੀ ਕਮੇਟੀ ਨੇ ਦਾਅਵਾ ਕੀਤਾ ਹੈ ਕਿ ਉਸ ਵੱਲੋਂ ਇਨ੍ਹਾਂ ਗੁਰਦੁਆਰਿਆਂ ਦੇ ਸਰੋਵਰਾਂ ਦੀ ਕਾਰ ਸੇਵਾ ਕਰਵਾਈ ਜਾ ਰਹੀ ਹੈ।

ਇਤਿਹਾਸਕ ਸ਼ਹਿਰ ਅੰਮ੍ਰਿਤਸਰ ਨੂੰ ਪੰਜ ਸਰੋਵਰਾਂ ਦਾ ਸ਼ਹਿਰ ਹੋਣ ਦਾ ਮਾਣ ਪ੍ਰਾਪਤ ਹੈ। ਇਨ੍ਹਾਂ ਵਿਚ ਸ੍ਰੀ ਹਰਿਮੰਦਰ ਸਾਹਿਬ ਦੇ ਸਰੋਵਰ ਸਮੇਤ ਗੁਰਦੁਆਰਾ ਸੰਤੋਖਸਰ, ਗੁਰਦੁਆਰਾ ਬਿਬੇਕਸਰ, ਗੁਰਦੁਆਰਾ ਰਾਮਸਰ ਤੇ ਗੁਰਦੁਆਰਾ ਮਾਤਾ ਕੌਲਾਂ ਦਾ ਸਰੋਵਰ ਸ਼ਾਮਲ ਹਨ। ਸ੍ਰੀ ਹਰਿਮੰਦਰ ਸਾਹਿਬ ਦੇ ਬਿਲਕੁਲ ਨਾਲ ਲਗਦੇ ਗੁਰਦੁਆਰਾ ਮਾਤਾ ਕੌਲਾਂ ਜੀ ਦੇ ਸਰੋਵਰ ਜਿਸ ਨੂੰ ਕੌਲਸਰ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ, ਵਿਖੇ ਸਫਾਈ ਦੀ ਘਾਟ ਹੈ ਜਿਸ ਕਰਕੇ ਜਲ 'ਤੇ ਕਈ ਥਾਈਂ ਕਾਈ ਜੰਮੀ ਹੋਈ ਹੈ। ਗੁਰਦੁਆਰੇ ਦਾ ਇਤਿਹਾਸ ਵੀ ਦਿਖਾਈ ਨਹੀਂ ਦਿੰਦਾ। ਇਹ ਇਤਿਹਾਸ ਸਾਹਮਣੇ ਕਿਸੇ ਥਾਂ 'ਤੇ ਹੋਣ ਦੀ ਬਜਾਏ ਗੁਰਦੁਆਰੇ ਦੇ ਮੁੱਖ ਦੁਆਰ ਦੇ ਪਿਛਲੇ ਪਾਸੇ ਅੰਕਿਤ ਹੈ।

ਇਸੇ ਤਰ੍ਹਾਂ ਗੁਰਦੁਆਰਾ ਰਾਮਸਰ ਤੇ ਗੁਰਦੁਆਰਾ ਸੰਤੋਖਸਰ ਦੇ ਸਰੋਵਰ ਵੀ ਅਣਦੇਖੀ ਦਾ ਸ਼ਿਕਾਰ ਹਨ ਜਦੋਂ ਕਿ ਗੁਰਦੁਆਰਾ ਬਿਬੇਕਸਰ ਦੇ ਸਰੋਵਰ ਦੀ ਹਾਲਤ ਬਿਹਤਰ ਹੈ। ਇਸ ਵੇਲੇ ਸੰਤੋਖਸਰ ਦੇ ਸਰੋਵਰ ਦੇ ਫਰਸ਼ ਦੀ ਸੇਵਾ ਚੱਲ ਰਹੀ ਹੈ। ਸ਼੍ਰੋਮਣੀ ਕਮੇਟੀ ਵਲੋਂ ਸ੍ਰੀ ਹਰਿਮੰਦਰ ਸਾਹਿਬ ਬਾਰੇ ਪ੍ਰਕਾਸ਼ਿਤ ਕਿਤਾਬਚੇ ਵਿਚ ਵੀ ਇਨ੍ਹਾਂ ਗੁਰਦੁਆਰਿਆਂ ਦੇ ਇਤਿਹਾਸ ਬਾਰੇ ਕੋਈ ਵਿਸ਼ੇਸ਼ ਜਾਣਕਾਰੀ ਨਹੀਂ ਹੈ।


*ਗੁਰਦੁਆਰਾ ਮਾਤਾ ਕੌਲਾਂ ਜੀ ਦੇ ਸਰੋਵਰ 'ਚ ਕਾਈ ਜੰਮਣ ਨਾਲ ਹਰਾ ਹੋਇਆ ਪਾਣੀ*

ਇਸ ਬਾਰੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਦਾ ਕਹਿਣਾ ਹੈ ਕਿ ਉਹ ਇਸ ਬਾਰੇ ਕੁਝ ਸਮਾਂ ਪਹਿਲਾਂ ਗੁਰਦੁਆਰਿਆਂ ਦੇ ਸਬੰਧਤ ਮੈਨੇਜਰਾਂ ਨੂੰ ਨੋਟਿਸ ਵੀ ਜਾਰੀ ਕੀਤਾ ਜਾ ਚੁੱਕਾ ਹੈ ਕਿ ਗੁਰਧਾਮਾਂ ਤੇ ਸਰੋਵਰਾਂ ਦੀ ਸਾਫ ਸਫਾਈ ਵੱਲ ਉਚੇਚਾ ਧਿਆਨ ਦਿੱਤਾ ਜਾਵੇ। ਭਵਿੱਖ ਵਿਚ ਉਹ ਖੁਦ ਵੀ ਇਸ ਵੱਲ ਧਿਆਨ ਦੇਣਗੇ। ਉਨ੍ਹਾਂ ਇਹ ਵੀ ਕਿਹਾ ਕਿ ਕੁਝ ਸਰੋਵਰਾਂ ਦੀ ਕਾਰ ਸੇਵਾ ਚੱਲ ਰਹੀ ਹੈ ਤੇ ਇਹ ਕਾਰ ਸੇਵਾ ਬਾਬਾ ਜਗਤਾਰ ਸਿੰਘ ਕਾਰ ਸੇਵਾ ਵਾਲਿਆਂ ਵਲੋਂ ਕੀਤੀ ਜਾ ਰਹੀ ਹੈ। ਦੂਜੇ ਪਾਸੇ ਜਦੋਂ ਬਾਬਾ ਜਗਤਾਰ ਸਿੰਘ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਇਨ੍ਹਾਂ ਵਿਚੋਂ ਕਿਸੇ ਵੀ ਗੁਰਦੁਆਰੇ ਦੇ ਸਰੋਵਰ ਦੀ ਕਾਰ ਸੇਵਾ ਸ਼ੁਰੂ ਹੋਣ ਤੋਂ ਇਨਕਾਰ ਕੀਤਾ। ਉਨ੍ਹਾਂ ਕਿਹਾ ਕਿ ਪੰਜਾਂ ਸਰੋਵਰਾਂ ਦੀ ਕਾਰ ਸੇਵਾ ਇਕ ਵਾਰ 1974 ਵਿਚ ਕਰਵਾਈ ਗਈ ਸੀ। ਉਸ ਤੋਂ ਬਾਅਦ ਪੰਜ ਸਾਲ ਪਹਿਲਾਂ ਗੁਰਦੁਆਰਾ ਰਾਮਸਰ ਦੇ ਸਰੋਵਰ ਦੀ ਕਾਰ ਸੇਵਾ ਕਰਵਾਈ ਗਈ ਸੀ। 1992 ਤੋਂ 1994 ਵਿਚ ਜਦੋਂ ਸਰੋਵਰਾਂ ਦੇ ਜਲ ਲਈ ਹੰਸਲੀ ਦੀ ਸੇਵਾ ਕੀਤੀ ਗਈ ਸੀ ਤਾਂ ਉਸ ਵੇਲੇ ਬਿਬੇਕਸਰ ਤੇ ਸੰਤੋਖਸਰ ਦੇ ਸਰਵੋਰ ਦੀ ਸੇਵਾ ਕੀਤੀ ਗਈ ਸੀ।

## ਕੁਵੈਤ ਵਿਚ ਗ਼ੈਰ ਅਰਬੀ ਵਿਦੇਸ਼ੀਆਂ 'ਚੋਂ ਭਾਰਤੀ ਮੋਹਰੀ

**ਦੁਬਈ:** ਕੁਵੈਤ ਵਿਚ ਰਹਿਣ ਵਾਲੇ ਗ਼ੈਰ ਅਰਬੀ ਵਿਦੇਸ਼ੀਆਂ ਵਿਚੋਂ ਸਭ ਤੋਂ ਵੱਡੀ ਗਿਣਤੀ ਭਾਰਤੀਆਂ ਦੀ ਹੈ ਜੋ ਤਕਰੀਬਨ 6 ਲੱਖ ਬਣਦੇ ਹਨ। ਇਹ ਜਾਣਕਾਰੀ ਕੁਵੈਤ ਦੇ ਸਰਕਾਰੀ ਅੰਕੜਿਆਂ ਤੋਂ ਮਿਲੀ ਹੈ।

ਦੇਸ਼ ਦੇ ਇਮੀਗਰੇਸ਼ਨ ਵਿਭਾਗ ਅਨੁਸਾਰ ਕੁਵੈਤ ਵਿਚਲੇ ਭਾਰਤੀਆਂ ਵਿਚੋਂ ਸਭ ਤੋਂ ਵੱਡਾ ਹਿੱਸਾ ਭਾਵ 2.33 ਲੱਖ ਘਰੇਲੂ ਨੌਕਰਾਂ ਵਜੋਂ ਕੰਮ ਕਰਦੇ ਹਨ ਜਦੋਂਕਿ 81 ਹਜ਼ਾਰ ਭਾਰਤੀ ਆਸ਼ਰਿਤ ਵੀਜ਼ਿਆਂ ਤਹਿਤ ਉਥੇ ਰਹਿ ਰਹੇ ਹਨ। ਘਰੇਲੂ ਨੌਕਰਾਂ ਵਜੋਂ ਕੰਮ ਕਰਦੇ ਭਾਰਤੀਆਂ 'ਚੋਂ 1.57 ਲੱਖ ਮਰਦ ਅਤੇ 76 ਹਜ਼ਾਰ ਔਰਤਾਂ ਹਨ। ਇਸੇ ਤਰ੍ਹਾਂ ਆਸ਼ਰਿਤ ਵੀਜ਼ੇ ਵਾਲਿਆਂ ਵਿਚੋਂ 26374 ਮਰਦ ਤੇ 547078 ਔਰਤਾਂ ਹਨ। ਨਵੀਂ ਦਿੱਲੀ ਤੋਂ ਮਿਲੀਆਂ ਰਿਪੋਰਟਾਂ ਮੁਤਾਬਕ ਖਾੜੀ ਮੁਲਕਾਂ ਵਿਚ ਕਰੀਬ 40 ਲੱਖ ਭਾਰਤੀ ਰਹਿੰਦੇ ਹਨ।

ਕੁਵੈਤੀ ਅੰਕੜਿਆਂ ਮੁਤਾਬਕ ਉਥੇ ਗ਼ੈਰ-ਅਰਬੀ ਵਿਦੇਸ਼ੀਆਂ ਵਿਚ ਭਾਰਤੀਆਂ ਤੋਂ ਬਾਅਦ ਦੂਜੀ ਵੱਡੀ ਗਿਣਤੀ ਸ੍ਰੀਲੰਕਨਾਂ ਦੀ ਹੈ ਜੋ 84 ਹਜ਼ਾਰ ਦੇ ਕਰੀਬ ਹਨ ਜਦੋਂ ਕਿ ਤੀਜੇ ਨੰਬਰ ਉਤੇ 68 ਹਜ਼ਾਰ ਦੀ ਗਿਣਤੀ ਨਾਲ ਬੰਗਲਾਦੇਸ਼ੀ ਤੇ ਚੌਥੇ ਨੰਬਰ ਉਤੇ 60 ਹਜ਼ਾਰ ਨਾਲ ਫਿਲਪੀਨੋ ਹਨ। ਅੰਕੜਿਆਂ ਮੁਤਾਬਕ ਕੁਵੈਤ ਵਿਚ ਬੀਤੇ ਸਾਲ 48 ਹਜ਼ਾਰ ਇੰਡੋਨੇਸ਼ੀਆਈ ਔਰਤਾਂ ਤੇ 124 ਮਰਦ ਰਹਿ ਰਹੇ ਹਨ।

# ਕੈਪਟਨ ਦੀ ਬਾਦਲ ਨੂੰ ਵਿਕਾਸ ਦੇ ਮੁੱਦੇ 'ਤੇ ਖੁੱਲ੍ਹੀ ਬਹਿਸ ਦੀ ਚੁਣੌਤੀ

**ਮੁਹਾਲੀ:** ਆਉਂਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਜਿੱਥੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਥਾਂ-ਥਾਂ ਸੰਗਤ ਦਰਸ਼ਨ ਪ੍ਰੋਗਰਾਮ ਕਰਕੇ ਸੂਬੇ 'ਚ ਵਿਕਾਸ ਕਾਰਜਾਂ ਦੀ ਹਨੇਰੀ ਦੇ ਦਾਅਵੇ ਕੀਤੇ ਜਾ ਰਹੇ ਹਨ, ਉਥੇ ਪੰਜਾਬ ਕਾਂਗਰਸ ਦੇ ਪ੍ਰਧਾਨ ਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵਿਕਾਸ ਕਾਰਜਾਂ ਦੀ ਅਸਲੀਅਤ ਬਾਰੇ ਸ੍ਰੀ ਬਾਦਲ ਨੂੰ ਖੁੱਲ੍ਹੀ ਬਹਿਸ ਦੀ ਚੁਣੌਤੀ ਦਿੱਤੀ ਹੈ। ਕੈਪਟਨ ਨੇ 9 ਜਨਵਰੀ ਨੂੰ ਇਥੇ ਕਾਂਗਰਸ ਦੀ ਮਹਾਂ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮੌਜੂਦਾ ਅਕਾਲੀ-ਭਾਜਪਾ ਸਰਕਾਰ ਨੇ ਪੰਜਾਬ ਨੂੰ ਤਬਾਹੀ ਦੇ ਕੰਢੇ ਲਿਆ ਖੜ੍ਹਾ ਕੀਤਾ ਹੈ।

ਉਧਰ ਸਿਆਸੀ ਹਲਕਿਆਂ ਮੁਤਾਬਕ ਪਿਛਲੇ ਸਮੇਂ ਦੌਰਾਨ ਕਾਂਗਰਸ ਦੀਆਂ ਸਿਆਸੀ ਰੈਲੀਆਂ ਦੇ ਮੁਕਾਬਲੇ ਇਸ ਰੈਲੀ 'ਚ ਵਰਕਰਾਂ ਤੇ ਇਲਾਕੇ ਦੇ ਲੋਕਾਂ ਦੇ ਇਕੱਠ ਨੇ ਹਾਕਮ ਗੱਠਜੋੜ ਦੀ ਨੀਂਦ ਉਡਾ ਦਿੱਤੀ ਹੈ। ਇਸ ਮੌਕੇ ਸਰਕਾਰ 'ਤੇ ਵਰ੍ਹਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਸ੍ਰੀ ਬਾਦਲ ਨੂੰ ਚੁਣੌਤੀ ਦਿੱਤੀ ਕਿ ਮੁੱਖ ਮੰਤਰੀ ਜਿਥੇ ਚਾਹੁਣ ਕਿਸੇ ਵੀ ਨਿਰਪੱਖ ਮੰਚ 'ਤੇ ਉਨ੍ਹਾਂ ਨੂੰ ਬਹਿਸ ਲਈ ਸੱਦ ਲੈਣ। ਉਹ ਵਿਕਾਸ ਬਾਰੇ ਸਾਰੇ ਸਬੂਤ ਤੇ ਅੰਕੜੇ ਜੱਗ ਜ਼ਾਹਰ ਕਰ ਕੇ ਸਪਸ਼ਟ ਕਰ ਦੇਣਗੇ ਕਿ ਵਿਕਾਸ ਤੇ ਵਿਨਾਸ਼ ਕਿਸ ਦੀ ਦੇਣ ਹੈ? ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਧੱਕੇਸ਼ਾਹੀਆਂ ਦੀਆਂ ਸਾਰੀਆਂ ਹੱਦਾਂ ਨੂੰ ਪਾਰ ਕਰ ਲਿਆ ਹੈ ਤੇ ਅੱਜ ਪੰਜਾਬ ਦੀਆਂ ਨਦੀਆਂ, ਰੇਤਾ, ਨਾਲਿਆਂ, ਟਰਾਂਸਪੋਰਟ ਤੇ ਕੇਬਲ ਨੈਟਵਰਕ ਉਤੇ ਸਿੱਧੇ ਤੌਰ 'ਤੇ ਬਾਦਲ ਪਰਿਵਾਰ ਦਾ ਕਬਜ਼ਾ ਹੈ। ਇਸ ਕੰਮ 'ਚ ਸ਼ਰੇਆਮ ਕੀਤੀਆਂ ਧਾਂਦਲੀਆਂ ਦੀ ਸਮਾਂ ਆਉਣ 'ਤੇ ਜਾਂਚ ਕਰਵਾਈ ਜਾਵੇਗੀ। ਉਨ੍ਹਾਂ ਪੰਜਾਬ ਦੀ ਅਫ਼ਸਰਸ਼ਾਹੀ ਖਾਸ ਕਰ ਪੁਲਿਸ ਅਫਸਰਾਂ ਨੂੰ ਸਖ਼ਤ ਤਾੜਨਾ ਕੀਤੀ ਕਿ ਜੋ ਪੁਲਿਸ ਅਫਸਰ ਅਕਾਲੀ ਜਥੇਦਾਰਾਂ ਦੇ ਆਖੇ ਲੱਗ ਕੇ ਕਾਂਗਰਸੀ ਵਰਕਰਾਂ ਸਮੇਤ ਆਮ ਲੋਕਾਂ ਨਾਲ ਵਧੀਕੀਆਂ ਕਰ ਰਹੇ ਹਨ ਉਹ ਬਾਜ਼ ਆ ਜਾਣ ਨਹੀਂ ਤਾਂ ਸੱਤਾ 'ਚ ਆਉਂਦੇ ਸਾਰ ਹੀ ਪਹਿਲਾਂ ਅਜਿਹੇ ਅਫਸਰਾਂ ਤੇ ਜਥੇਦਾਰਾਂ ਨਾਲ ਨਜਿੱਠਿਆ ਜਾਵੇਗਾ।



*ਮੁਹਾਲੀ ਵਿਖੇ ਰੈਲੀ ਨੂੰ ਸੰਬਧਨ ਕਰਦੇ ਹੋਏ ਕੈਪਟਨ ਅਮਰਿੰਦਰ ਸਿੰਘ*

ਕੈਪਟਨ ਅਮਰਿੰਦਰ ਸਿੰਘ ਨੇ ਦੋਸ਼ ਲਾਇਆ ਕਿ ਲੋਕਾਂ ਨੂੰ ਕੁੱਟਿਆ ਤੇ ਲੁੱਟਿਆ ਜਾ ਰਿਹਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਪਿਛਲੀ ਕਾਂਗਰਸ ਸਰਕਾਰ ਵੇਲੇ ਕਿਸਾਨਾਂ ਦੀਆਂ ਹਾੜੀ ਤੇ ਸਾਉਣੀ ਦੀਆਂ ਪੰਜ ਫ਼ਸਲਾਂ ਨੂੰ ਮੰਡੀਆਂ ਵਿਚ ਰੁਲਣ ਨਹੀਂ ਸੀ ਦਿੱਤਾ ਗਿਆ ਪਰ ਅਕਾਲੀ-ਭਾਜਪਾ ਸਰਕਾਰ ਦੇ ਦੌਰ ਵਿਚ ਕਿਸਾਨਾਂ ਨੂੰ ਫ਼ਸਲਾਂ ਵੇਚਣ ਲਈ ਖੱਜਲ-ਖੁਆਰ ਹੋਣਾ ਪਿਆ। ਅਕਾਲੀਆਂ ਦੀਆਂ ਨੀਤੀਆਂ ਹੀ ਅਜਿਹੀਆਂ ਹਨ ਜਿਨ੍ਹਾਂ ਨਾਲ ਅਮੀਰ ਲੋਕ ਹੋਰ ਅਮੀਰ ਹੋ ਰਹੇ ਹਨ ਜਦਕਿ ਗ਼ਰੀਬ ਹੋਰ ਗ਼ਰੀਬ ਹੋ ਰਹੇ ਹਨ।

ਸਾਬਕਾ ਮੁੱਖ ਮੰਤਰੀ ਨੇ ਆਖਿਆ ਕਿ ਮੁਹਾਲੀ ਤੋਂ ਪਹਿਲਾਂ ਅੰਮ੍ਰਿਤਸਰ, ਪਟਿਆਲਾ, ਸੰਗਰੂਰ ਤੇ ਫ਼ਤਿਹਗੜ੍ਹ ਸਾਹਿਬ ਵਿਖੇ ਕਾਂਗਰਸ ਦੀਆਂ ਰੈਲੀਆਂ ਵਿਚ ਹੋਏ ਵਿਸ਼ਾਲ ਇਕੱਠ ਤੋਂ ਸਾਫ਼ ਹੋ ਗਿਆ ਹੈ ਕਿ ਪੰਜਾਬ ਭਰ ਵਿਚ ਅਕਾਲੀ-ਭਾਜਪਾ ਵਿਰੁਧ ਲਹਿਰ ਚੱਲ ਰਹੀ ਹੈ ਤੇ ਲੋਕ ਕਾਂਗਰਸ ਦੀ ਸਰਕਾਰ ਵੇਖਣਾ ਚਾਹੁੰਦੇ ਹਨ। ਕੈਪਟਨ ਨੇ ਕਿਹਾ ਕਿ ਪੰਜਾਬ ਵਿਚ 50 ਲੱਖ ਨੌਜਵਾਨ ਬੇਰੁਜ਼ਗਾਰ ਬੈਠੇ ਹਨ ਜਦਕਿ ਪਿਛਲੀ ਕਾਂਗਰਸ ਸਰਕਾਰ ਸੂਬੇ ਵਿਚ ਜਿਹੜੇ ਬਾਹਰਲੇ ਪ੍ਰਾਜੈਕਟਾਂ ਨੂੰ ਲੈ ਕੇ ਆਈ ਸੀ, ਉਨ੍ਹਾਂ ਨੂੰ ਅਕਾਲੀ ਸਰਕਾਰ ਨੇ ਬੰਦ ਕਰ ਦਿੱਤਾ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਜ਼ਿਆਦਾਤਰ ਮੁੱਦਿਆਂ ਉਤੇ ਖ਼ਾਮੋਸ਼ ਰਹਿਣਾ ਹੀ ਪਸੰਦ ਕਰਦੇ ਹਨ, ਦੂਜੇ ਪਾਸੇ ਸੁਖਬੀਰ ਸਿੰਘ ਬਾਦਲ ਨੂੰ ਪਤਾ ਹੀ ਨਹੀਂ ਹੁੰਦਾ ਕਿ ਕੀ ਸਹੀ ਹੈ ਤੇ ਕੀ ਗ਼ਲਤ? ਆਮ ਵਿਅਕਤੀਆਂ ਨੂੰ ਤਾਂ ਕੀ ਅਕਾਲੀ ਮੰਤਰੀਆਂ ਨੂੰ ਆਪਣੇ ਹੱਕਾਂ ਲਈ ਲੜਨਾ ਪੈਂਦਾ ਹੈ।

ਬਲੌਂਗੀ ਪੁਲਿਸ ਵੱਲੋਂ ਕਾਂਗਰਸੀ ਵਿਧਾਇਕ ਬਲਬੀਰ ਸਿੰਘ ਸਿੱਧੂ, ਉਨ੍ਹਾਂ ਦੇ ਛੋਟੇ ਭਰਾ ਅਮਰਜੀਤ ਸਿੰਘ ਜੀਤੀ ਸਿੱਧੂ, ਕਾਂਗਰਸੀ ਸਰਪੰਚ ਕੁਲਵੰਤ ਸਿੰਘ ਖ਼ਿਲਾਫ਼ ਦਰਜ ਕਤਲ ਦੇ ਮਾਮਲੇ 'ਚ ਇਨ੍ਹਾਂ ਵਿਅਕਤੀਆਂ ਨੂੰ ਕਲੀਨ ਚਿੱਟ ਦਿੰਦੇ ਹੋਏ ਕੈਪਟਨ ਅਮਰਿੰਦਰ ਸਿੰਘ ਨੇ ਦੁਹਰਾਇਆ ਕਿ ਘਟਨਾ ਵੇਲੇ ਵਿਧਾਇਕ ਸ੍ਰੀ ਸਿੱਧੂ ਉਨ੍ਹਾਂ ਨਾਲ ਦਿੱਲੀ ਵਿਚ ਸਨ ਜਦੋਂਕਿ ਜੀਤੀ ਸਿੱਧੂ ਤੇ ਸਰਪੰਚ ਕਿਸੇ ਵਿਆਹ 'ਚ ਸ਼ਾਮਲ ਸਨ।

ਇਸ ਤੋਂ ਪਹਿਲਾਂ ਜ਼ਿਲ੍ਹਾ ਕਾਂਗਰਸ ਦੇ ਪ੍ਰਧਾਨ ਤੇ ਹਲਕਾ ਵਿਧਾਇਕ ਬਲਬੀਰ ਸਿੰਘ ਸਿੱਧੂ ਨੇ ਗਰਮਜੋਸ਼ੀ ਨਾਲ ਕੈਪਟਨ ਅਮਰਿੰਦਰ ਸਿੰਘ ਸਮੇਤ ਸਮੁੱਚੀ ਕਾਂਗਰਸ ਲੀਡਰਸ਼ਿਪ ਦਾ ਸਵਾਗਤ ਕਰਦੇ ਹੋਏ ਪੰਜਾਬ ਸਰਕਾਰ ਵੱਲੋਂ ਕੀਤੀਆਂ ਵਧੀਕੀਆਂ ਦਾ ਪਟਾਰਾ ਖੋਲ੍ਹਿਆ। ਇਸ ਮੌਕੇ ਕੇਂਦਰੀ ਵਿਦੇਸ਼ ਰਾਜ ਮੰਤਰੀ ਮਹਾਰਾਣੀ ਪਰਨੀਤ ਕੌਰ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਇਸ 'ਚ ਕੋਈ ਸ਼ੱਕ ਨਹੀਂ ਹੈ ਦੇਸ਼ ਭਰ 'ਚ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ ਪਰ ਕੇਂਦਰ ਸਰਕਾਰ ਇਸ ਦਾ ਇਮਾਨਦਾਰੀ ਨਾਲ ਸਾਹਮਣਾ ਕਰ ਰਹੀ ਹੈ ਤੇ ਕਾਂਗਰਸ ਆਗੂਆਂ ਨੇ ਨੈਤਿਕਤਾ ਦੇ ਆਧਾਰ 'ਤੇ ਅਸਤੀਫ਼ੇ ਵੀ ਦਿੱਤੇ ਹਨ ਪਰ ਕਰਨਾਟਕ ਵਿਚ ਭਾਜਪਾ ਸਰਕਾਰ ਦੇ ਮੁੱਖ ਮੰਤਰੀ ਭ੍ਰਿਸ਼ਟਾਚਾਰ ਦੇ ਗੰਭੀਰ ਦੋਸ਼ਾਂ ਦੇ ਬਾਵਜੂਦ ਹਾਲੇ ਵੀ ਕੁਰਸੀ ਨਾਲ ਚਿੰਬੜੇ ਬੈਠੇ ਹਨ।

# ਚੰਡੀਗੜ੍ਹ ਹਾਊਸਿੰਗ ਬੋਰਡ ਬਣਿਆ 'ਪ੍ਰਾਪਰਟੀ ਡੀਲਰ'

**ਚੰਡੀਗੜ੍ਹ (ਕੁਲਦੀਪ ਸਿੰਘ ਬਦੇਸ਼ਾ):** ਚੰਡੀਗੜ੍ਹ ਹਾਊਸਿੰਗ ਬੋਰਡ ਨੇ ਸੈਕਟਰ 51 'ਚ ਜਿਹੜੀ 160 ਫਲੈਟਾਂ ਦੀ (13 ਦਸੰਬਰ ਤੋਂ 13 ਜਨਵਰੀ ਤੱਕ) ਡਰਾਅ ਸਕੀਮ ਕੱਢੀ ਹੈ, ਉਸ ਦੇ ਭਾਅ ਵੇਖ ਕਿ ਇੰਜ ਲਗਦੈ ਜਿਵੇਂ ਬੋਰਡ ਨੇ 'ਪ੍ਰਾਪਰਟੀ ਡੀਲਰ' ਦਾ ਹੀ ਰੂਪ ਧਾਰ ਲਿਆ ਹੋਵੇ। ਇਥੇ ਦੋ ਕਮਰਿਆਂ ਦੇ ਫਲੈਟ ਦੀ ਗਰਾਊਂਡ ਫਲੋਰ ਦੀ ਕੀਮਤ 50.65 ਲੱਖ ਅਤੇ ਟੌਪ ਫਲੋਰ ਦੀ 47.39 ਲੱਖ ਰੁਪਏ ਰੱਖੀ ਗਈ ਹੈ। ਇਥੇ ਹੀ ਬਸ ਨਹੀਂ, ਜੋ ਅਰਜੀ ਫਾਰਮ ਪਹਿਲਾਂ 100 ਰੁਪਏ ਦਾ ਸੀ, ਹੁਣ ਉਹ 1000 ਰੁਪਏ ਦਾ ਕਰ ਦਿੱਤਾ ਗਿਆ ਹੈ ਤੇ ਇਸ ਦੇ ਨਾਲ ਭਰੀ ਜਾਣ ਵਾਲੀ ਬਿਆਨਾ ਰਕਮ ਵੀ 5 ਲੱਖ ਤੋਂ 10 ਲੱਖ ਰੁਪਏ ਕਰ ਦਿੱਤੀ ਗਈ ਹੈ। ਸ਼ਰਤ ਇਹ ਵੀ ਹੈ ਕਿ ਸਿਰਫ ਚੰਡੀਗੜ੍ਹ ਦਾ ਵਾਸੀ ਹੀ ਇਸ ਡਰਾਅ ਲਈ ਅਰਜ਼ੀ ਦੇ ਸਕਦਾ ਹੈ। ਇਸ ਕਰਕੇ ਹੁਣ ਲਗਦੇ ਹੱਥ ਇਸ ਨੂੰ ਆਪਣਾ ਨਾਂ ਵੀ ਬਦਲ ਕੇ 'ਚੰਡੀਗੜ੍ਹ ਹਾਊਸਿੰਗ ਬੋਰਡ' ਦੀ ਥਾਂ 'ਚੰਡੀਗੜ੍ਹ ਪ੍ਰਾਪਰਟੀ ਡੀਲਰ' ਰੱਖ ਲੈਣਾ ਚਾਹੀਦਾ ਹੈ।

ਜਿਸ ਜ਼ਮੀਨ ਉਤੇ, ਇਸ ਸਕੀਮ ਤਹਿਤ ਇਹ ਮਕਾਨ ਜੂਨ 2012 ਤੱਕ ਬਣਾਉਣ ਦਾ ਟੀਚਾ ਮਿਥਿਆ ਗਿਆ ਹੈ, ਉਹ ਜ਼ਮੀਨ ਬੋਰਡ ਨੇ ਕੌਡੀਆਂ ਦੇ ਭਾਅ ਗ੍ਰਹਿਣ ਕੀਤੀ ਸੀ ਪਰ ਹੁਣ ਮਕਾਨ ਬਣਾ ਕੇ ਇਸ ਤੋਂ ਕਰੋੜਾਂ ਰੁਪਏ ਕਮਾ ਰਿਹਾ ਹੈ। ਸੋ, ਏਨਾ ਮੁਨਾਫਾ ਕਮਾਉਣਾ ਬੋਰਡਾਂ ਦਾ ਨਹੀਂ, ਪ੍ਰਾਪਰਟੀ ਡੀਲਰਾਂ ਦਾ ਕੰਮ ਹੁੰਦਾ ਹੈ। ਹੈਰਾਨੀ ਵਾਲੀ ਗੱਲ ਇਹ ਵੀ ਹੈ ਕਿ ਜਦੋਂ ਚੰਡੀਗੜ੍ਹ ਹਾਊਸਿੰਗ ਬੋਰਡ ਨੇ 11 ਮਈ 2001 ਵਿਚ ਇਸੇ ਸੈਕਟਰ 51 ਏ 'ਚ ਕੈਟਾਗਰੀ-1 ਦੇ 336 ਅਤੇ ਕੈਟਾਗਰੀ-2 ਦੇ 616 ਮਕਾਨਾਂ ਦੀ ਸਕੀਮ ਕੱਢੀ ਸੀ ਤਾਂ ਉਦੋਂ ਕੀਮਤ 13 ਤੋਂ 17.50 ਲੱਖ ਹੀ ਸੀ।

ਪਹਿਲਾਂ ਚੰਡੀਗੜ੍ਹ, ਮੁਹਾਲੀ ਅਤੇ ਪੰਚਕੂਲਾ 'ਚ ਕਈ-ਕਈ ਪ੍ਰਾਪਰਟੀ ਡੀਲਰ ਮਿਲ ਕੇ ਬੋਲੀ ਦੇ ਰੇਟ ਵਧਾ ਦਿੰਦੇ ਸਨ ਪਰ ਹੁਣ ਇਹ ਕੰਮ ਹਾਊਸਿੰਗ ਬੋਰਡ ਆਪ ਹੀ ਕਰਨ ਲੱਗ ਪਿਆ ਹੈ। ਇਸ ਦਾ ਅਸਰ ਪੰਜਾਬ, ਹਰਿਆਣਾ ਦੇ ਖਾਸ ਕਰਕੇ ਨਾਲ ਲਗਦੇ ਇਲਾਕਿਆਂ ਮੁਹਾਲੀ, ਜ਼ੀਰਕਪੁਰ ਅਤੇ ਪੰਚਕੂਲਾ ਉਤੇ ਵੀ ਪਵੇਗਾ।

# ਭਰਾ ਵੱਲੋਂ ਅਣਖ ਲਈ ਭੈਣ ਤੇ ਉਸ ਦੇ ਪ੍ਰੇਮੀ ਦਾ ਕਤਲ

**ਬਠਿੰਡਾ:** ਬਠਿੰਡਾ 'ਚ ਇਕ ਵਿਅਕਤੀ ਨੇ ਆਪਣੀ ਭੈਣ ਤੇ ਉਸ ਦੇ ਪ੍ਰੇਮੀ ਦਾ ਕਤਲ ਕਰਨ ਮਗਰੋਂ ਇਸ ਨੂੰ ਖ਼ੁਦਕੁਸ਼ੀ ਦਾ ਰੂਪ ਦੇਣ ਲਈ ਲਾਸ਼ਾਂ ਨੂੰ ਰੇਲਵੇ ਟਰੈਕ 'ਤੇ ਸੁੱਟ ਦਿੱਤਾ। ਸਥਾਨਕ ਸ਼ਹੀਦ ਭਗਤ ਸਿੰਘ ਨਗਰ ਦੇ ਸੰਤੋਸ਼ ਸਿੰਘ ਨੇ ਇਹ ਕਤਲ ਅਣਖ ਲਈ ਕੀਤਾ।

ਥਾਣਾ ਕੈਨਾਲ ਦੀ ਪੁਲਿਸ ਨੇ ਸੰਤੋਸ਼ ਸਿੰਘ ਤੇ ਉਸ ਦੀ ਪਤਨੀ ਪਰਮਿੰਦਰ ਕੌਰ ਵਿਰੁਧ ਧਾਰਾ 302, 201 ਤਹਿਤ ਕੇਸ ਦਰਜ ਕਰ ਲਿਆ ਹੈ। ਮ੍ਰਿਤਕਾਂ ਨੇ ਆਪਣੇ ਬਚਾਓ ਲਈ ਕਾਫੀ ਜੱਦੋਜਹਿਦ ਵੀ ਕੀਤੀ। ਸੂਚਨਾ ਅਨੁਸਾਰ ਮ੍ਰਿਤਕ ਪ੍ਰੇਮਿਕਾ ਦੀਆਂ ਚੂੜੀਆਂ ਵੀ ਕਮਰੇ 'ਚ ਟੁੱਟੀਆਂ ਪਈਆਂ ਸਨ। ਵੇਰਵਿਆਂ ਅਨੁਸਾਰ ਸ਼ਹੀਦ ਭਗਤ ਸਿੰਘ ਨਗਰ ਦੀ ਅੰਜੂ (24) ਦਾ ਆਪਣੀ ਹੀ ਗਲੀ ਦੇ ਲੜਕੇ ਟੋਨੀ ਪੁੱਤਰ ਸੁਰੇਸ਼ ਕੁਮਾਰ ਨਾਲ ਪ੍ਰੇਮ ਚੱਲ ਰਿਹਾ ਸੀ। ਤਕਰੀਬਨ 10 ਮਹੀਨੇ ਪਹਿਲਾਂ ਅੰਜੂ ਤੇ ਟੋਨੀ ਕਿਤੇ ਭੱਜ ਗਏ ਸਨ। ਕੁਝ ਸਮਾਂ ਪਹਿਲਾਂ ਸੰਤੋਸ਼ ਸਿੰਘ ਨੇ ਟੋਨੀ ਦੇ ਬਾਪ ਸੁਰੇਸ਼ ਸਿੰਘ ਦੀ ਉਸ ਦੇ ਘਰ ਜਾ ਕੇ ਕੁੱਟ ਮਾਰ ਵੀ ਕੀਤੀ ਸੀ। ਸੰਤੋਸ਼ ਸਿੰਘ ਲੜਕੇ ਦੇ ਪਰਿਵਾਰ ਤੋਂ ਉਨ੍ਹਾਂ ਦਾ ਪਤਾ ਟਿਕਾਣਾ ਪੁੱਛਦਾ ਸੀ। ਪਿਛਲੇ ਦਿਨੀਂ ਅੰਜੂ ਆਪਣੇ ਪ੍ਰੇਮੀ ਸਮੇਤ ਆਪਣੇ ਭਰਾ ਸੰਤੋਸ਼ ਸਿੰਘ ਦੇ ਘਰ ਆ ਗਈ। ਰਾਤੀਂ ਜਦੋਂ ਅੰਜੂ ਤੇ ਟੋਨੀ ਸੁੱਤੇ ਪਏ ਸਨ ਤਾਂ ਸੰਤੋਸ਼ ਸਿੰਘ ਨੇ ਉਨ੍ਹਾਂ ਉਤੇ ਹਮਲਾ ਕਰ ਦਿੱਤਾ।

ਪੁਲਿਸ ਮੁਤਾਬਕ ਸੰਤੋਸ਼ ਸਿੰਘ ਨੇ ਤੇਜ਼ ਕਾਪੇ ਨਾਲ ਪ੍ਰੇਮੀ ਜੋੜੇ ਨੂੰ ਮਾਰ ਦਿੱਤਾ। ਸੰਤੋਸ਼ ਸਿੰਘ ਨੇ ਇਹ ਕਾਰਾ ਕਰਨ ਮਗਰੋਂ ਇਸ ਨੂੰ ਖੁਦਕੁਸ਼ੀ ਦਾ ਰੂਪ ਦੇਣ ਲਈ ਲਾਸ਼ਾਂ ਨੂੰ ਘਰ ਦੇ ਨੇੜਿਉਂ ਲੰਘਦੀ ਬਠਿੰਡਾ-ਬੀਕਾਨੇਰ ਰੇਲ ਲਾਈਨ 'ਤੇ ਸੁੱਟ ਦਿੱਤਾ। ਰੇਲ ਲਾਈਨ 'ਤੇ ਗਸ਼ਤ ਕਰ ਰਹੇ ਮੁਲਾਜ਼ਮਾਂ ਦੀ ਨਜ਼ਰੇ ਇਹ ਜੋੜਾ ਪੈ ਗਿਆ। ਉਦੋਂ ਅੰਜੂ ਸਹਿਕ ਰਹੀ ਸੀ ਜਦੋਂਕਿ ਉਸ ਦੇ ਪ੍ਰੇਮੀ ਦੀ ਮੌਤ ਹੋ ਚੁੱਕੀ ਸੀ। ਉਸੇ ਵੇਲੇ ਉਧਰੋਂ ਐਕਸਪ੍ਰੈਸ ਗੱਡੀ ਆ ਗਈ। ਉਨ੍ਹਾਂ ਪਹਿਲਾਂ ਲਾਲ ਸਿਗਨਲ ਕਰਕੇ ਗੱਡੀ ਨੂੰ ਰੋਕਿਆ ਤੇ ਫਿਰ ਪੁਲਿਸ ਤੇ ਰੇਲਵੇ ਅਫਸਰਾਂ ਨੂੰ ਸੂਚਨਾ ਦੇ ਦਿੱਤੀ। ਤਿੰਨ ਘੰਟੇ ਮਗਰੋਂ ਅੰਜੂ ਨੂੰ ਵੀ ਮ੍ਰਿਤਕ ਐਲਾਨ ਦਿੱਤਾ ਗਿਆ। ਪੁਲਿਸ ਅਨੁਸਾਰ ਮ੍ਰਿਤਕਾ ਅੰਜੂ ਸ਼ਾਦੀਸ਼ੁਦਾ ਸੀ ਤੇ ਉਸ ਦਾ ਵਿਆਹ ਤਕਰੀਬਨ ਢਾਈ ਸਾਲ ਪਹਿਲਾਂ ਗੁਰੂ ਨਾਨਕਪੁਰਾ ਮਹੱਲੇ ਦੇ ਰਾਜੂ ਨਾਲ ਹੋਇਆ ਸੀ। ਰਾਜੂ ਨੂੰ ਆਪਣੀ ਸੱਸ ਮਹਿੰਦਰ ਕੌਰ ਦੇ ਚਾਲ ਚਲਣ ਉਤੇ ਸ਼ੱਕ ਸੀ ਤੇ ਉਸ ਨੇ ਆਪਣੀ ਸੱਸ ਦਾ ਕਤਲ ਕਰ ਦਿੱਤਾ ਸੀ। ਪਿਛੋਂ ਅੰਜੂ ਦਾ ਪਤੀ ਜੇਲ੍ਹ ਚਲਾ ਗਿਆ ਤੇ ਹੁਣ ਅੰਜੂ ਆਪਣੇ ਪੇਕੇ ਘਰ ਰਹਿ ਰਹੀ ਸੀ। ਇਸੇ ਦੌਰਾਨ ਹੀ ਅੰਜੂ ਦੇ ਟੋਨੀ ਨਾਲ ਸਬੰਧ ਬਣ ਗਏ।

# ਕੈਪਟਨ ਨੇ 4 ਵਰ੍ਹੇ ਪਹਾੜਾਂ ਵਿਚ ਹੀ ਗੁਜ਼ਾਰੇ:ਬਾਦਲ

**ਲੁਧਿਆਣਾ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਹੈ ਕਿ ਅਸਲ ਸਿਆਸੀ ਆਗੂ ਤਾਂ ਉਹੀ ਹੈ ਜੋ ਲੋਕਾਂ 'ਚ 24 ਘੰਟੇ ਵਿਚਰੇ ਪਰ ਕੈਪਟਨ ਅਮਰਿੰਦਰ ਸਿੰਘ ਨੂੰ ਪੰਜਾਬ ਦੇ ਹਿਤਾਂ ਦਾ ਕੋਈ ਸਰੋਕਾਰ ਨਹੀਂ ਸਗੋਂ ਉਸ ਨੇ ਪਿਛਲੇ ਚਾਰ ਸਾਲ ਪਹਾੜਾਂ ਜਾਂ ਪਾਕਿਸਤਾਨ 'ਚ ਹੀ ਗੁਜ਼ਾਰੇ। ਪੰਜਾਬ ਦੇ ਲੋਕ ਹੁਣ ਕਾਂਗਰਸ ਦੀਆਂ ਚਾਲਾਂ ਨੂੰ ਸਮਝ ਚੁੱਕੇ ਹਨ ਅਤੇ ਉਹ ਚੋਣਾਂ ਵਿਚ ਕਾਂਗਰਸ ਨੂੰ ਮੂੰਹ ਨਹੀਂ ਲਾਉਣਗੇ।

ਰਵਾਇਤੀ ਸਿਆਸਤ ਅਨੁਸਾਰ ਕੇਂਦਰ ਦੀ ਯੂ.ਪੀ.ਏ. ਸਰਕਾਰ ਦੀ ਸਖ਼ਤ ਨੁਕਤਾਚੀਨੀ ਕਰਦਿਆਂ ਆ ਰਹੀਆਂ ਚੋਣਾਂ ਨੂੰ ਮੁੱਖ ਰੱਖ ਕੇ ਲੋਕ ਸੰਪਰਕ 'ਤੇ ਨਿਕਲੇ ਸ. ਬਾਦਲ ਨੇ ਕਿਹਾ ਕਿ ਕਾਂਗਰਸ ਸਰਕਾਰ ਨੇ ਦੇਸ਼ ਦੇ ਲੋਕਾਂ ਨੂੰ ਗਰੀਬੀ, ਅਨਪੜ੍ਹਤਾ, ਆਰਥਿਕ ਪੱਛੜੇਪਨ ਤੇ ਭੁੱਖਮਰੀ ਤੋਂ ਇਲਾਵਾ ਕੁਝ ਨਹੀਂ ਦਿੱਤਾ। ਇਹੋ ਕਾਰਨ ਹੈ ਕਿ ਦੇਸ਼ ਦੀ ਆਜ਼ਾਦੀ ਦੇ 64 ਸਾਲਾਂ ਬਾਅਦ ਵੀ ਗਰੀਬੀ ਰੇਖਾ ਤੋ ਹੇਠਾਂ ਜੀਵਨ ਬਸਰ ਕਰ ਰਹੇ 40 ਫ਼ੀਸਦੀ ਲੋਕਾਂ ਨੂੰ ਦੋ ਵਕਤ ਦੀ ਰੋਟੀ ਵੀ ਨਸੀਬ ਨਹੀ ਹੁੰਦੀ।

ਆਪਣੀ ਸਰਕਾਰ ਦੀ ਵਡਿਆਈ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸਾਲ 2011 ਰਾਜ ਦੇ ਪਰਿਵਰਤਨ ਵਰ੍ਹੇ ਵਜੋਂ ਮਨਾਇਆ ਜਾਵੇਗਾ।

ਇਸ ਮੌਕੇ ਸ. ਬਾਦਲ ਨੂੰ ਜਦੋਂ ਆਂਧਰਾ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਵੱਲੋਂ ਕਿਸਾਨਾਂ ਦੇ ਹਿੱਤ ਲਈ ਕੀਤੀ ਗਈ ਭੁੱਖ ਹੜਤਾਲ ਦੇ ਮੱਦੇਨਜ਼ਰ ਪੰਜਾਬ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਜਿਣਸਾਂ ਦੇ ਭਾਅ ਮਿਥਣ ਦਾ ਮਾਮਲਾ ਕੇਂਦਰ ਦੇ ਹੱਥ ਹੋਣ ਦੀ ਗੱਲ ਕਹਿ ਕੇ ਟਾਲਾ ਵੱਟ ਲਿਆ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਵੱਖ-ਵੱਖ ਜਨਤਕ ਸੰਪਰਕ ਵਾਲੇ ਵਿਭਾਗਾਂ ਵਿਚ ਕੰਮਾਂ ਦੀ ਪ੍ਰਕਿਰਿਆ ਦਾ ਸਰਲੀਕਰਨ ਕੀਤਾ ਜਾ ਰਿਹਾ ਹੈ। ਲੁਧਿਆਣਾ ਵਿਚੋਂ ਲੰਘਦੇ ਬੁੱਢੇ ਦਰਿਆ ਦੀ ਮਜ਼ਬੂਤੀ ਤੇ ਸਫ਼ਾਈ ਲਈ 68 ਕਰੋੜ ਰੁਪਏ ਤੇ ਫਾਲਤੂ ਪਾਣੀ ਨੂੰ ਸਿੰਜਾਈ ਲਈ ਵਰਤੋਂਯੋਗ ਬਣਾਉਣ ਲਈ 185 ਕਰੋੜ ਰੁਪਏ ਪ੍ਰਵਾਨ ਕੀਤੇ ਗਏ ਹਨ।

ਸੰਗਤ ਦਰਸ਼ਨ ਪ੍ਰੋਗਰਾਮ ਵਿਚ ਬੋਲਦਿਆਂ ਸ. ਬਾਦਲ ਨੇ ਅਗਲੇ ਮਹੀਨੇ ਤੱਕ ਰਾਜ ਵਿਚ ਸਮਾਜਿਕ ਸੁਰੱਖਿਆ ਵਿਭਾਗ ਰਾਹੀਂ ਦਿੱਤੀਆਂ ਜਾਂਦੀਆਂ ਬੁਢਾਪਾ, ਵਿਧਵਾ, ਅੰਗਹੀਣ ਤੇ ਬੇਸਹਾਰਾ ਬੱਚਿਆਂ ਦੀਆਂ ਪੈਨਸ਼ਨਾਂ ਨੂੰ ਸਿੱਧਾ ਲਾਭਪਾਤਰੀਆਂ ਦੇ ਘਰਾਂ ਤੱਕ ਪਹੁੰਚਾਉਣ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਨਵਾਂ ਤਰੀਕਾ ਡੇਢ ਮਹੀਨੇ ਵਿਚ ਸਮੁੱਚੇ ਪੰਜਾਬ ਵਿਚ ਲਾਗੂ ਕਰ ਦਿੱਤਾ ਜਾਵੇਗਾ। ਉਨ੍ਹਾਂ ਆਖਿਆ ਕਿ ਹਾਲ ਦੀ ਘੜੀ ਤਜਰਬੇ ਵਜੋਂ ਪੰਜਾਬ ਦੇ ਮਾਨਸਾ, ਫਿਰੋਜ਼ਪੁਰ, ਰੋਪੜ, ਅੰਮ੍ਰਿਤਸਰ ਤੇ ਕਪੂਰਥਲਾ ਜ਼ਿਲ੍ਹਿਆਂ ਦੇ ਇਕ-ਇਕ ਬਲਾਕ ਵਿਚ ਚਲਾਏ ਜਾ ਰਹੇ ਇਸ ਤਰੀਕੇ ਵਿਚ ਬੈਂਕਾਂ ਦੇ ਕਰਮਚਾਰੀਆਂ ਵੱਲੋਂ 5-5 ਪਿੰਡਾਂ ਦੇ ਕਲੱਸਟਰ ਦੇ ਲਾਭਪਾਤਰੀਆਂ ਨੂੰ ਬਾਇਓ-ਮੀਟ੍ਰਿਕ ਪੈਨਸ਼ਨ ਖਾਤਿਆਂ ਰਾਹੀਂ ਪਿੰਡ-ਪਿੰਡ ਜਾ ਕੇ ਪੈਨਸ਼ਨ ਦਿੱਤੀ ਜਾ ਰਹੀ ਹੈ। ਇਸ ਤਜਰਬੇ ਦੀ ਸਫਲਤਾ ਨੂੰ ਦੇਖਣ ਪਿੱਛੋਂ ਸਮੁੱਚੇ ਪੰਜਾਬ ਵਿਚ ਅਜਿਹਾ ਸਿਸਟਮ ਲਾਗੂ ਕੀਤਾ ਜਾਵੇਗਾ।



*ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਇਕ ਸੰਗਤ ਦਰਸ਼ਨ ਪ੍ਰੋਗਰਾਮ ਦੌਰਾਨ*

ਇਸ ਤੋਂ ਪਹਿਲਾਂ ਉਨ੍ਹਾਂ ਇਥੇ ਗੁਰੂ ਨਾਨਕ ਦੇਵ ਭਵਨ ਵਿਖੇ ਸ਼ਗਨ ਸਕੀਮ ਦੇ ਸਾਲ 2006-07 ਦੇ ਬੈਕਲਾਗ ਤਹਿਤ 1050 ਲਾਭਪਾਤਰੀਆਂ ਨੂੰ 1.58 ਕਰੋੜ ਰੁਪਏ ਦੇ ਚੈਕ ਵੰਡੇ। ਉਨ੍ਹਾਂ ਪੰਚਾਇਤੀ ਜ਼ਮੀਨਾਂ ਲਈ ਬਿਜਲੀ ਕੁਨੈਕਸ਼ਨ ਪਹਿਲ ਦੇ ਆਧਾਰ 'ਤੇ ਦਿੱਤੇ ਜਾਣ ਦੀਆਂ ਸਖ਼ਤ ਹਦਾਇਤਾਂ ਦਿੱਤੀਆਂ ਹਨ ਤਾਂ ਕਿ ਪੰਚਾਇਤਾਂ ਦੀ ਆਮਦਨ ਵਿਚ ਵਾਧਾ ਹੋ ਸਕੇ। ਪੰਜਾਬ ਦੇ ਹਰ ਬਲਾਕ ਵਿਚ ਆਈ.ਟੀ.ਆਈ. ਤੇ ਹੁਨਰ ਕੇਂਦਰ ਖੋਲ੍ਹੇ ਜਾਣ ਦਾ ਐਲਾਨ ਕਰਦਿਆਂ ਮੁੱਖ ਮੰਤਰੀ ਨੇ ਆਖਿਆ ਕਿ ਹਰ ਹਲਕੇ ਵਿਚ ਕੱਚੇ ਮਕਾਨਾਂ ਤੇ ਪਾਖਾਨਿਆਂ ਲਈ 2-2 ਕਰੋੜ ਰੁਪਏ ਦਿੱਤੇ ਜਾਣਗੇ ਤੇ ਪੰਜਾਬ ਦੇ ਸ਼ਹਿਰਾਂ 'ਚ ਸੀਵਰੇਜ ਤੇ ਸੜਕਾਂ ਲਈ ਤਿੰਨ ਹਜ਼ਾਰ ਕਰੋੜ ਰੁਪਏ ਖ਼ਰਚ ਕੀਤੇ ਜਾਣਗੇ। ਉਨ੍ਹਾਂ ਪੰਜਾਬ ਦੇ ਕਿਸਾਨਾਂ ਨੂੰ ਖੇਤੀ ਖ਼ਰਚੇ ਘੱਟ ਕਰਕੇ ਖੇਤੀਬਾੜੀ ਸਹਿਕਾਰੀ ਸਭਾਵਾਂ ਨਾਲ ਜੁੜਨ ਦੀ ਅਪੀਲ ਕਰਦਿਆਂ ਦੱਸਿਆ ਕਿ ਪਿੰਡਾਂ ਦੀਆਂ ਖੇਤੀਬਾੜੀ ਸਭਾਵਾਂ ਨੂੰ 30 ਪ੍ਰਤੀਸ਼ਤ ਸਬਸਿਡੀ ਤੇ ਟਰੈਕਟਰ ਤੇ ਹੋਰ ਮਸ਼ੀਨਰੀ ਦਿੱਤੀ ਜਾਵੇਗੀ ਤੇ ਉਥੋਂ ਕੋਈ ਵੀ ਕਿਸਾਨ ਕਿਰਾਏ ਤੇ ਲੈ ਕੇ ਖੇਤੀ ਸੰਦ ਵਰਤ ਸਕਦਾ ਹੈ।

# ਪਕਿਸਤਾਨ ਵੱਲੋਂ ਪਿਆਜ਼ ਸਪਲਾਈ ਰੋਕਣ ਪਿੱਛੋਂ ਵਪਾਰੀ ਭੜਕੇ

**ਚੰਡੀਗੜ੍ਹ:** ਹੁਣ ਤੱਕ ਭਾਰਤ ਤੇ ਪਾਕਿਸਤਾਨ ਵਿਚਾਲੇ ਅਤਿਵਾਦ ਨੇ ਹੀ ਦੂਰੀਆਂ ਬਣਾਈਆਂ ਹੋਈਆਂ ਸਨ ਪਰ ਪਿਛਲੇ ਦਿਨੀਂ ਗੰਢਿਆਂ ਨੇ ਵੀ ਦੋਵਾਂ ਮੁਲਕਾਂ 'ਚ ਤਣਾਅ ਪੈਦਾ ਕਰ ਦਿੱਤਾ। ਭਾਰਤ 'ਚ ਵਧੇ ਗੰਢਿਆਂ ਦੇ ਭਾਅ ਨੂੰ ਵੇਖਦਿਆਂ ਪਾਕਿਸਤਾਨ ਨੇ 'ਸ਼ਰਾਰਤ' ਨਾਲ ਇਸ ਦੀ ਸਪਲਾਈ ਰੋਕ ਦਿੱਤੀ। ਇਸ ਨਾਲ ਭਾਰਤ 'ਚ ਆਮ ਆਦਮੀ ਨੂੰ ਤਾਂ ਛੱਡੋ ਅਮੀਰ ਵੀ ਬਿਨਾਂ ਪਿਆਜ ਤੜਕਾ ਲਾਉਣ ਲਈ ਮਜਬੂਰ ਹੋ ਗਏ। ਉਧਰ ਪਾਕਿਸਤਾਨ ਦੀ ਇਸ ਕਾਰਵਾਈ ਦਾ ਜਵਾਬ ਦੇਣ ਲਈ ਭਾਰਤ ਨੇ ਪਾਕਿਸਤਾਨ ਨੂੰ ਸਬਜ਼ੀਆਂ ਦੀ ਸਪਲਾਈ ਰੋਕ ਦਿੱਤੀ ਤੇ ਪਾਕਿਸਤਾਨੀ ਆਚਾਰ ਨਾਲ ਰੋਟੀ ਖਾਣ ਨੂੰ ਮਜਬੂਰ ਹੋ ਗਏ।

ਭਾਵੇਂ ਪਾਕਿਸਤਾਨ ਗੰਢਿਆਂ ਦੀ ਸਪਲਾਈ ਰੋਕਣ ਪਿੱਛੇ ਹੜ੍ਹਾਂ ਕਾਰਨ ਫਸਲ ਦੀ ਹੋਈ ਬਰਬਾਦੀ ਦੱਸ ਰਿਹਾ ਹੈ ਪਰ ਭਾਰਤੀ ਵਪਾਰੀ ਇਸ ਨੂੰ ਸੋਚੀ-ਸਮਝੀ ਚਾਲ ਕਰਾਰ ਦੇ ਰਹੇ ਹਨ। ਪਾਕਿਸਤਾਨ ਨੇ ਕਿਹਾ ਹੈ ਕਿ ਭਾਰਤ ਨੂੰ ਪਿਆਜ਼ ਨਿਰਯਾਤ ਕਰਨ ਕਰਕੇ ਉਸ ਦੇ ਆਪਣੇ ਮੁਲਕ ਵਿਚ ਇਨ੍ਹਾਂ ਦੀ ਕੀਮਤ 45 ਫੀਸਦੀ ਵਧ ਰਹੀ ਹੈ। ਇਸ ਦੇ ਨਾਲ ਹੀ ਭਾਰਤੀ ਵਣਜ ਤੇ ਸਨਅਤ ਮੰਤਰੀ ਆਨੰਦ ਸ਼ਰਮਾ ਨੇ ਕਿਹਾ ਕਿ ਪਾਕਿਸਤਾਨ ਵੱਲੋਂ ਵਾਹਗਾ ਰਸਤੇ ਪਿਆਜ਼ ਨਿਰਯਾਤ ਕਰਨ 'ਤੇ ਪਾਬੰਦੀ ਲਾਉਣਾ ਹੈਰਾਨੀ ਵਾਲੀ ਗੱਲ ਹੈ।

ਜ਼ਿਕਰਯੋਗ ਹੈ ਕਿ ਭਾਰਤ ਵਿਚ ਪਿਆਜ਼ ਦੀ ਕਿੱਲਤ ਹੋਣ ਕਾਰਨ 19 ਦਸੰਬਰ ਤੋਂ ਭਾਰਤੀ ਵਪਾਰੀ ਅਟਾਰੀ ਵਾਹਗਾ ਸੜਕ ਸਰਹੱਦ ਰਸਤੇ ਪਾਕਿਸਤਾਨ ਦੇ ਵਪਾਰੀਆਂ ਤੋਂ ਪਿਆਜ਼ ਮੰਗਵਾ ਰਹੇ ਸਨ। ਇਸ ਨਾਲ ਇਥੇ ਲੋਕਾਂ ਨੂੰ 60 ਰੁਪਏ ਪ੍ਰਤੀ ਕਿਲੋ ਦੀ ਥਾਂ ਪਿਆਜ਼ 30-40 ਪ੍ਰਤੀ ਕਿਲੋ ਮਿਲਣੇ ਸ਼ੁਰੂ ਹੋ ਗਏ ਸਨ। ਪਿਛਲੇ ਕੁਝ ਦਿਨਾਂ ਤੋਂ ਰੋਜ਼ਾਨਾ ਸਰਹੱਦ ਪਾਰ ਤੋਂ 400 ਤੋਂ 500 ਟਨ ਪਿਆਜ਼ ਭਾਰਤ ਆ ਰਿਹਾ ਸੀ ਪਰ 5 ਜਨਵਰੀ ਨੂੰ ਅਚਨਚੇਤੀ ਪਾਕਿਸਤਾਨ ਦੇ ਵਣਜ ਮੰਤਰਾਲੇ ਨੇ ਪਿਆਜ਼ ਭਾਰਤ ਭੇਜਣ 'ਤੇ ਰੋਕ ਲਾ ਦਿੱਤੀ।

ਭਾਰਤੀ ਕਸਟਮ ਦੇ ਅਟਾਰੀ ਸਰਹੱਦ ਸਥਿਤ ਡਿਪਟੀ ਕਮਿਸ਼ਨਰ ਆਰ.ਕੇ. ਦੁੱਗਲ ਨੇ ਦੱਸਿਆ ਕਿ ਪਿਆਜ਼ ਨਾਲ ਭਰੇ ਤਕਰੀਬਨ 300 ਹੋਰ ਟਰੱਕ ਸਰਹੱਦ ਪਾਰ ਪਾਕਿਸਤਾਨ ਵਾਲੇ ਪਾਸੇ ਭਾਰਤ ਆਉਣ ਦੀ ਉਡੀਕ ਵਿਚ ਸਨ ਪਰ ਉਨ੍ਹਾਂ ਨੂੰ ਪਾਕਿਸਤਾਨੀ ਕਸਟਮ ਅਧਿਕਾਰੀਆਂ ਨੇ ਐਨ ਆਖ਼ਰੀ ਮੌਕੇ ਆਉਣ ਤੋਂ ਰੋਕ ਦਿੱਤਾ ਹੈ।

ਹਾਲਤ ਉਸ ਵੇਲੇ ਪਚੀਦਾ ਬਣ ਗਈ ਜਦੋਂ ਭਾਰਤੀ ਵਪਾਰੀਆਂ ਨੇ ਵੀ 'ਜੈਸੇ ਕੋ ਤੈਸਾ' ਦੀ ਨੀਤੀ ਤਹਿਤ ਟਮਾਟਰਾਂ ਨਾਲ ਭਰਿਆ ਕੋਈ ਟਰੱਕ ਪਾਕਿਸਤਾਨ ਨਾ ਭੇਜਿਆ। ਭਾਰਤੀ ਸਰਹੱਦ 'ਤੇ ਟਮਾਟਰਾਂ ਨਾਲ ਲੱਦੇ 100 ਟਰੱਕ ਖੜ੍ਹੇ ਰਹੇ ਤੇ ਕੋਈ ਵੀ ਪਾਕਿਸਤਾਨ ਨਾ ਭੇਜਿਆ ਗਿਆ। ਉਧਰ ਪਾਕਿਸਤਾਨੀ ਵਪਾਰੀਆਂ ਨੇ ਲਾਹੌਰ ਤੇ ਗੁੱਜਰਾਂਵਾਲਾ ਵਿਚ ਵੱਡੇ ਪੱਧਰ 'ਤੇ ਸਰਕਾਰ ਖਿਲਾਫ਼ ਰੋਸ ਮੁਜ਼ਾਹਰੇ ਕੀਤੇ ਹਨ।

# ਮੁੱਖ ਮੰਤਰੀ ਦਫ਼ਤਰ 'ਚ ਐਨ.ਆਰ.ਆਈ. ਸੈਲ ਬਣਿਆ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਪਰਵਾਸੀ ਭਾਰਤੀਆਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਦੇ ਮੰਤਵ ਨਾਲ ਮੁੱਖ ਮੰਤਰੀ ਦਫ਼ਤਰ 'ਚ ਐਨ.ਆਰ.ਆਈ. ਸੈਲ ਸਥਾਪਤ ਕਰਨ ਦਾ ਐਲਾਨ ਕੀਤਾ ਗਿਆ ਹੈ।

ਪਰਵਾਸੀ ਭਾਰਤੀਆਂ ਦੀਆਂ ਸਮੱਸਿਆਵਾਂ ਤੇ ਦੁੱਖਾਂ ਤਕਲੀਫਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨ ਨੂੰ ਯਕੀਨੀ ਬਣਾਉਣ ਲਈ ਮੁੱਖ ਮੰਤਰੀ ਨੇ ਆਪਣੇ ਦਫ਼ਤਰ ਵਿਚ ਪ੍ਰਮੁੱਖ ਸਕੱਤਰ ਦਰਬਾਰਾ ਸਿੰਘ ਗੁਰੂ ਦੀ ਪ੍ਰਧਾਨਗੀ ਹੇਠ ਐਨ.ਆਰ.ਆਈਜ਼ ਸੈੱਲ ਦੀ ਸਥਾਪਨਾ ਕੀਤੀ। ਇਸ ਸੈਲ ਦੇ ਦੂਜੇ ਮੈਂਬਰਾਂ ਵਿਚ ਵਿੱਤ ਕਮਿਸ਼ਨਰ ਮਾਲ ਜਾਂ ਸਕੱਤਰ ਪੱਧਰ ਦਾ ਉਨ੍ਹਾਂ ਦਾ ਪ੍ਰਤੀਨਿਧ ਜਾਂ ਡਾਇਰੈਕਟਰ ਜਨਰਲ ਪੁਲੀਸ ਜਾਂ ਉਨ੍ਹਾਂ ਦਾ ਪ੍ਰਤੀਨਿਧ, ਡੀ.ਐਸ. ਮਾਂਗਟ ਓ.ਐਸ.ਡੀ. (ਪ੍ਰਮੁੱਖ ਸਕੱਤਰ) ਮੁੱਖ ਮੰਤਰੀ ਇਸ ਸੈਲ ਦੇ ਮੈਂਬਰ ਸਕੱਤਰ ਹੋਣਗੇ।

ਮੁੱਖ ਮੰਤਰੀ ਵੱਲੋਂ ਇਹ ਸੈਲ ਪਰਵਾਸੀ ਭਾਰਤੀਆਂ ਨੂੰ ਪੇਸ਼ ਆ ਰਹੀਆਂ ਸਮੱਸਿਆਵਾਂ ਪ੍ਰਤੀ ਤੁਰੰਤ ਹੁੰਗਾਰਾ ਭਰਨ ਤੇ ਸਮਾਂਬੱਧ ਪ੍ਰੋਗਰਾਮ ਅਧੀਨ ਉਨ੍ਹਾਂ ਦੇ ਤੇਜ਼ੀ ਨਾਲ ਨਿਬੇੜੇ ਨੂੰ ਯਕੀਨੀ ਬਣਾਉਣ ਦੇ ਮੰਤਵ ਨਾਲ ਸਥਾਪਤ ਕੀਤਾ ਗਿਆ ਹੈ। ਬੁਲਾਰੇ ਨੇ ਦੱਸਿਆ ਕਿ ਪੰਜਾਬ ਸਰਕਾਰ ਆਪਣੇ ਦਫ਼ਤਰਾਂ ਵਿਚ ਕੰਮ ਕਰਵਾਉਣ ਲਈ ਆਮ ਆਦਮੀ ਵਿਸ਼ੇਸ਼ਕਰ ਪਰਵਾਸੀ ਭਾਰਤੀਆਂ ਨੂੰ ਪੇਸ਼ ਆ ਰਹੀਆਂ ਔਕੜਾਂ ਨੂੰ ਦੂਰ ਕਰਨ ਲਈ ਸਰਕਾਰੀ ਤੰਤਰ ਵਿਚ ਸੁਧਾਰ ਲਿਆ ਰਹੀ ਹੈ।



ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਮੌਕੇ ਦਰਬਾਰ ਸਾਹਿਬ ਵਿਖੇ ਜਲੌਅ

# ਪ੍ਰਕਾਸ਼ ਦਿਹਾੜਾ ਸ਼ਰਧਾ ਨਾਲ ਮਨਾਇਆ

**ਅੰਮ੍ਰਿਤਸਰ:** ਦਸਮੇਸ਼ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਪੰਜਾਬ ਭਰ 'ਚ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਵੱਡੀ ਗਿਣਤੀ ਵਿਚ ਸ਼ਰਧਾਲੂਆਂ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਦਰਸ਼ਨ ਇਸ਼ਨਾਨ ਕੀਤੇ ਗਏ। ਇਸ ਮੌਕੇ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਤੇ ਗੁਰਦੁਆਰਾ ਬਾਬਾ ਅਟੱਲ ਰਾਏ ਵਿਖੇ ਜਲੌਅ ਸਜਾਏ ਗਏ ਜਿਸ ਵਿਚ ਪੁਰਾਤਨ ਤੇ ਬੇਸ਼ਕੀਮਤੀ ਵਸਤਾਂ ਸੰਗਤਾਂ ਦੇ ਦਰਸ਼ਨਾਂ ਲਈ ਰੱਖੀਆਂ ਗਈਆਂ।

ਸੰਗਤਾਂ 11 ਜਨਵਰੀ ਨੂੰ ਤੜਕੇ ਹੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਈਆਂ, ਇਲਾਹੀ ਬਾਣੀ ਦੇ ਕੀਰਤਨ ਦਾ ਅਨੰਦ ਮਾਣਿਆ ਤੇ ਪਾਵਨ ਸਰੋਵਰ ਵਿਚ ਇਸ਼ਨਾਨ ਕੀਤੇ। ਇਸ ਦੌਰਾਨ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਖੇ ਦੀਪ ਮਾਲਾ ਕੀਤੀ ਗਈ ਤੇ ਰਾਤ ਨੂੰ ਆਤਿਸ਼ਬਾਜ਼ੀ ਵੀ ਚਲਾਈ ਗਈ।

ਉਧਰ ਪ੍ਰਕਾਸ਼ ਦਿਹਾੜੇ ਮੌਕੇ ਸ਼੍ਰੋਮਣੀ ਕਮੇਟੀ ਦੇ ਸਹਿਯੋਗ ਨਾਲ ਵੱਖ-ਵੱਖ ਥਾਵਾਂ ਤੋਂ ਅੱਠ ਅਲੌਕਿਕ ਨਗਰ ਕੀਰਤਨ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੁੱਖ ਮੈਦਾਨ ਵਿਚ ਪਹੁੰਚੇ। ਇਸ ਮੌਕੇ ਆਨੰਦਪੁਰ ਸਾਹਿਬ ਖ਼ਾਲਸਾਈ ਰੰਗ ਵਿਚ ਰੰਗਿਆ ਗਿਆ ਜਦਕਿ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਮਨਮੋਹਕ ਦੀਪਮਾਲਾ ਤੇ ਆਤਿਸ਼ਬਾਜ਼ੀ ਕੀਤੀ ਗਈ। ਇਸ ਤੋਂ ਪਹਿਲਾਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਤਰਲੋਚਨ ਸਿੰਘ ਨੇ ਵੱਖ-ਵੱਖ ਥਾਵਾਂ ਤੋਂ ਨਗਰ ਕੀਰਤਨ ਰਵਾਨਾ ਕੀਤੇ।

# ਪਤਨੀ ਦੀ ਕੁੱਟਮਾਰ ਪਿਛੋਂ ਬਰਤਾਨੀਆ 'ਚ ਭਾਰਤੀ ਸਫ਼ੀਰ ਤੋਂ ਪੁੱਛਗਿੱਛ

**ਲੰਡਨ:** ਬਰਤਾਨੀਆ ਸਥਿਤ ਭਾਰਤੀ ਹਾਈ ਕਮਿਸ਼ਨ ਦੇ ਸੀਨੀਅਰ ਸਫ਼ੀਰ ਅਨਿਲ ਵਰਮਾ ਵੱਲੋਂ ਆਪਣੀ ਪਤਨੀ ਦੀ ਕਥਿਤ ਕੁੱਟਮਾਰ ਕੀਤੇ ਜਾਣ ਦੀ ਸ਼ਕਾਇਤ ਤੋਂ ਪਿਛੋਂ ਸਕਾਟਲੈਂਡ ਯਾਰਡ ਪੁਲਿਸ ਵੱਲੋਂ ਉਨ੍ਹਾਂ ਤੋਂ ਪੁੱਛਗਿੱਛ ਕੀਤੀ ਗਈ। ਭਾਵੇਂ ਆਪਣੇ ਵਿਸ਼ੇਸ਼ ਅਧਿਕਾਰਾਂ ਕਰਕੇ ਉਹ ਗ੍ਰਿਫਤਾਰੀ ਤੋਂ ਬਚ ਗਏ ਪਰ ਦੂਜੇ ਪਾਸੇ ਨਵੀਂ ਦਿੱਲੀ ਵਿਖੇ ਕੇਂਦਰ ਸਰਕਾਰ ਨੇ ਕਿਹਾ ਕਿ ਉਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

ਸ੍ਰੀ ਵਰਮਾ ਇਥੇ ਭਾਰਤੀ ਹਾਈ ਕਮਿਸ਼ਨ ਵਿਚ ਮਨਿਸਟਰ (ਅਰਥ ਸ਼ਾਸਤਰ) ਹਨ ਤੇ ਭਾਰਤ-ਬਰਤਨੀਆ ਵਪਾਰ ਸਬੰਧਾਂ ਨਾਲ ਨੇੜਿਓਂ ਜੁੜੇ ਹੋਏ ਹਨ। ਰੋਜ਼ਨਾਮਾ 'ਡੇਲੀ ਮੇਲ' ਦੀ ਰਿਪੋਰਟ ਅਨੁਸਾਰ ਉਨ੍ਹਾਂ ਬੀਤੇ ਮਹੀਨੇ ਆਪਣੀ ਪਤਨੀ ਨਾਲ ਝਗੜਾ ਹੋਣ ਪਿੱਛੋਂ ਉਸ ਦੀ ਕੁੱਟਮਾਰ ਕੀਤੀ ਸੀ। ਇਹ ਘਟਨਾ ਉਨ੍ਹਾਂ ਦੀ ਉੱਤਰ-ਪੱਛਮੀ ਲੰਡਨ ਵਿਚ ਗੋਲਡਰਜ਼ ਗਰੀਨਜ਼ ਵਿਖੇ ਵਾਪਰੀ ਅਤੇ ਗੁਆਂਢੀਆਂ ਨੇ ਉਨ੍ਹਾਂ ਦੀ ਪਤਨੀ ਦੇ ਕੁਰਲਾਉਣ ਦੀ ਆਵਾਜ਼ ਸੁਣ ਕੇ ਪੁਲਿਸ ਨੂੰ ਸੂਚਨਾ ਦਿੱਤੀ ਸੀ।

ਮਿਲੀ ਜਾਣਕਾਰੀ ਅਨੁਸਾਰ ਪੁਲਿਸ ਨੇ ਉਨ੍ਹਾਂ ਤੋਂ ਪੁੱਛਗਿੱਛ ਕੀਤੀ ਪਰ ਸਫ਼ੀਰ ਵਜੋਂ ਮਿਲੀ ਛੋਟ ਸਦਕਾ ਉਨ੍ਹਾਂ ਨੂੰ ਗ੍ਰਿਫਤਾਰ ਨਹੀਂ ਕੀਤਾ। ਇਹ ਵੀ ਕਿਹਾ ਜਾਂਦਾ ਹੈ ਕਿ ਪੁਲਿਸ ਨੇ ਬਰਤਾਨਵੀ ਵਿਦੇਸ਼ ਦਫ਼ਤਰ ਨੂੰ ਮਾਮਲੇ ਵਿਚ ਦਖ਼ਲ ਦੇਣ ਲਈ ਕਿਹਾ ਹੈ।ਇਸ ਬਾਰੇ ਹਾਈ ਕਮਿਸ਼ਨ ਦੇ ਤਰਜਮਾਨ ਨੇ ਕਿਹਾ ਹੈ ਕਿ ਇਹ ਮਾਮਲੇ ਸਾਡੇ ਧਿਆਨ ਵਿਚ ਲਿਆਂਦਾ ਗਿਆ ਹੈ ਤੇ ਸਮਝਿਆ ਜਾਂਦਾ ਹੈ ਕਿ ਇਸ ਮਾਮਲੇ ਨੂੰ ਪਤੀ-ਪਤਨੀ ਵੱਲੋਂ ਆਪਣੇ ਤੌਰ 'ਤੇ ਸੁਲਝਾ ਲਿਆ ਜਾਵੇਗਾ। ਸਕਾਟਲੈਂਡ ਯਾਰਡ ਦੇ ਦੱਸਣ ਮੁਤਾਬਕ ਇਹ ਘਟਨਾ 11 ਦਸੰਬਰ ਨੂੰ ਸਵੇਰੇ ਵਾਪਰੀ ਸੀ। ਬਰਤਾਨਵੀ ਵਿਦੇਸ਼ ਵਿਭਾਗ ਦੇ ਇਕ ਤਰਜਮਾਨ ਨੇ ਕਿਹਾ ਕਿ ਇਹ ਗੱਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਕਿ ਬਰਤਾਨੀਆ ਵਿਚ ਵਿਦੇਸ਼ੀ ਸਫ਼ੀਰ ਕਾਨੂੰਨ ਤੋੜਨ।

ਦੂਜੇ ਪਾਸੇ ਨਵੀਂ ਦਿੱਲੀ ਵਿਖੇ ਭਾਰਤੀ ਵਿਦੇਸ਼ ਮੰਤਰਾਲੇ ਦੇ ਤਰਜਮਾਨ ਨੇ ਕਿਹਾ ਕਿ ਇਹ ਘਟਨਾ ਮੰਤਰਾਲੇ ਅਤੇ ਭਾਰਤੀ ਹਾਈ ਕਮਿਸ਼ਨ ਦੇ ਧਿਆਨ ਵਿਚ ਹੈ। ਇਹ ਮਾਮਲਾ ਬਹੁਤ ਹੀ ਨਾਜ਼ੁਕ ਹੈ ਤੇ ਪਤੀ-ਪਤਨੀ ਦੇ ਨਿਜੀ ਰਿਸ਼ਤੇ ਨਾਲ ਜੁੜਿਆ ਹੋਇਆ ਹੈ।

# ਅਮਰੀਕੀ ਸੰਸਦ 'ਚ ਰਿਪਬਲਿਕਨਾਂ ਦੀ ਸਰਦਾਰੀ

**ਵਾਸ਼ਿੰਗਟਨ:** ਅਮਰੀਕੀ ਸੰਸਦ ਦੀ ਪ੍ਰਤੀਨਿਧੀ ਸਭਾ ਵਿਚ ਦੇਸ਼ ਦੀ ਵਿਰੋਧੀ ਧਿਰ ਰਿਪਬਲਿਕਨ ਪਾਰਟੀ ਦੀ ਸਰਦਾਰੀ ਕਾਇਮ ਹੋ ਗਈ ਹੈ ਤੇ ਉਸ ਦੇ ਮੁੱਖ ਆਗੂ ਜੌਹਨ ਬੋਇਹਨਰ ਨੂੰ ਸਦਨ ਦਾ ਸਪੀਕਰ ਚੁਣ ਲਿਆ ਗਿਆ ਹੈ।

ਰਿਪਬਲਿਕਨਾਂ ਨੇ ਹਾਲ ਹੀ ਦੀਆਂ ਕਾਂਗਰਸ ਚੋਣਾਂ ਵਿਚ ਡੈਮੋਕਰੇਟਾਂ ਨੂੰ ਪਛਾੜ ਕੇ ਸਦਨ ਵਿਚ ਸਰਦਾਰੀ ਕਾਇਮ ਕਰ ਲਈ ਸੀ।

ਕਾਂਗਰਸ ਦੇ ਬੀਤੇ ਦਿਨ ਤੋਂ ਸ਼ੁਰੂ ਹੋਏ ਸੈਸ਼ਨ ਵਿਚ ਸ੍ਰੀ ਬੋਇਹਨਰ ਪ੍ਰਤੀਨਿਧੀ ਸਭਾ ਦੇ ਸਪੀਕਰ ਚੁਣੇ ਗਏ। ਸਦਨ ਵਿਚ ਭਾਰੂ ਹੋਣ ਕਾਰਨ ਰਿਪਬਲਿਕਨ ਹੁਣ ਸੱਤਾਧਾਰੀ ਡੈਮੋਕਰੇਟਾਂ ਵੱਲੋਂ ਪੇਸ਼ ਹੋਣ ਵਾਲੇ ਮਤਿਆਂ ਨੂੰ ਸੌਖਿਆਂ ਪਾਸ ਨਹੀਂ ਕਰਨਗੇ ਜਿਸ ਕਾਰਨ ਰਾਸ਼ਟਰਪਤੀ ਬਰਾਕ ਹੁਸੈਨ ਓਬਾਮਾ ਲਈ ਮੁਸ਼ਕਲ ਖੜ੍ਹੀ ਹੋ ਜਾਵੇਗੀ।

ਸ੍ਰੀ ਬੋਇਹਨਰ ਨੇ ਸਪੀਕਰ ਦੀ ਚੋਣ ਵਿਚ ਡੈਮੋਕਰੇਟ ਉਮੀਦਵਾਰ ਨੈਨਸੀ ਪੇਲੋਸੀ ਨੂੰ 241-173 ਵੋਟਾਂ ਦੇ ਫਰਕ ਨਾਲ ਹਰਾਇਆ। ਪੇਲੋਸੀ ਪ੍ਰਤੀਨਿਧੀ ਸਭਾ ਦੀ ਪਹਿਲੀ ਮਹਿਲਾ ਸਪੀਕਰ ਸੀ। ਇਸ ਵੇਲੇ ਡੈਮੋਕਰੇਟਾਂ ਦੀ ਸੈਨੇਟ ਵਿਚ ਸਰਦਾਰੀ ਕਾਇਮ ਹੈ।


ਗੈਸ ਸਟੇਸ਼ਨ ਵਿਕਾਊ

ਸ਼ਿਕਾਗੋ ਤੋਂ 45 ਮਿੰਟ ਦੀ ਦੂਰੀ 'ਤੇ (ਫਰੀਵੇ 88)

ਗੈਸ ਦੀ ਵਿਕਰੀ:50 ਹਜ਼ਾਰ ਗੈਲਨ
ਅੰਦਰ ਦੀ ਸੇਲ:65 ਹਜ਼ਾਰ ਡਾਲਰ

No fuel contract

ਕੀਮਤ: 435,000 ਡਾਲਰ
(ਸਮੇਤ ਪ੍ਰਾਪਰਟੀ)

ਸੰਪਰਕ ਕਰੋ:
414-406-4717, 414-469-8602



ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ

ਜਸਪ੍ਰੀਤ ਸਿੰਘ
ਅਟਾਰਨੀ ਐਟ ਲਾਅ

*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ

ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ



Attorny At Law

Law Offices Of Jaspreet Singh

4491 W. Shaw Ave.,
Suite 300 B
(Near Costco)
Fresno, CA 93722
Ph: 559-271-5511

44790 S. Grimmer
Blvd. #204
Fremont CA-94538
Ph:510-657-6444
Fax: 510-657-6443

2945 W. Capitol Ave,
Sacramento CA-95691
Ph: 916-372-4448
Fax: 916-372-4440



TAJ

INSURANCE SERVICES

*Local or Long Haul Trucking (48 States)
*Personal or Commercial Lines
*Standard or Non Satandard Market
*Auto and Home package Available

To beat your rates, Visit or Call
Gurdawar S. Mann Or Pal Rai
4 Union Square, Union city, CA 94587
Ph:(510) 487-1000, Fax (510)740-3451
Note:Also Income Tax filing Available



Gurdawar S. Mann

Lic#0F34231

**Punjab Times**
**Established in 2000**
**12th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh

**Graphics:**
Mandeep Singh

**Photographer**
Kamaljit Singh Virdi
Ph. 847-502-2703

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mann Mandeep
Bureau Chief
661-889-1927
Shiara Dhindsa
Photographer
661-703-6664
Charanjit Singh Pannu
408-608-4961

**Director Community & Business Relations:**
Sunita Chopra
Ph:773-370-7106

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota, New York

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 80 ਡਾਲਰ,**
**ਪੰਜ ਸਾਲ ਲਈ: 375 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਆਰ.ਐਸ.ਐਸ. ਦਾ ਨਕਾਬ ਉਤਾਰਦਿਆਂ ਕਾਂਗਰਸ ਆਪ ਕਸੂਤੀ ਫਸੀ

**ਨਵੀਂ ਦਿੱਲੀ:** ਆਰ.ਐਸ.ਐਸ. ਅਤੇ ਭਾਜਪਾ ਉਤੇ ਹਿੰਦੂ ਅਤਿਵਾਦ ਨੂੰ ਸ਼ਹਿ ਦੇਣ ਦੇ ਮਾਮਲੇ ਨੂੰ ਤੂਲ ਦੇਣਾ ਕਾਂਗਰਸ ਨੂੰ ਮਹਿੰਗਾ ਪਿਆ ਹੈ। ਸਮਝੌਤਾ ਐਕਸਪ੍ਰੈਸ ਵਿਚ ਹੋਏ ਧਮਾਕਿਆਂ ਵਿਚ ਆਰ.ਐਸ.ਐਸ. ਦਾ ਹੱਥ ਸਾਬਤ ਹੋਣ ਤੋਂ ਪਾਕਿਸਤਾਨ ਨੇ ਭਾਰਤ ਨੂੰ ਆਖ ਦਿੱਤਾ ਹੈ ਕਿ ਇਸ ਕੇਸ ਦੇ ਪੂਰੇ ਵੇਰਵੇ ਉਸ ਨਾਲ ਸਾਂਝੇ ਕੀਤੇ ਜਾਣ। ਕਾਂਗਰਸ ਦੀ ਅਗਵਾਈ ਵਾਲੀ ਭਾਰਤ ਸਰਕਾਰ ਨੇ ਭਾਵੇਂ ਇਹ ਕਹਿ ਕੇ ਪੱਲਾ ਝਾੜਨ ਦਾ ਯਤਨ ਕੀਤਾ ਹੈ ਕਿ ਜਾਂਚ ਦਾ ਕੰਮ ਅਜੇ ਮੁਢਲੀ ਸਟੇਜ ਵਿਚ ਹੀ ਹੈ ਪਰ ਕੂਟਨੀਤਕ ਪੱਧਰ ਉਤੇ ਭਾਰਤ ਨੂੰ ਨਮੋਸ਼ੀ ਸਹਿਣੀ ਪਈ ਹੈ। ਇਸੇ ਦੌਰਾਨ ਸਮਝੌਤਾ ਐਕਸਪ੍ਰੈਸ ਵਿਚ ਹੋਏ ਧਮਾਕਿਆਂ ਬਾਰੇ ਜਾਂਚ ਕਰ ਰਹੀ ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਨੇ ਸੰਦੀਪ ਡਾਂਗੇ ਤੇ ਰਾਮਚੰਦਰ ਕਲਸਾਂਗਰਾ ਦੀ ਗ੍ਰਿਫਤਾਰੀ ਲਈ ਸੂਹ ਦੇਣ ਵਾਲਿਆਂ ਨੂੰ 10-10 ਲੱਖ ਰੁਪਏ ਪੁਰਸਕਾਰ ਦੇਣ ਦਾ ਐਲਾਨ ਕੀਤਾ ਹੈ।

ਉਧਰ, ਲਗਾਤਾਰ ਨਾਂਹ-ਨੁਕਰ ਕਰਨ ਦੇ ਬਾਵਜੂਦ ਆਖ਼ਰ ਆਰ.ਐਸ.ਐਸ. ਦਾ ਅਸਲ ਚਿਹਰਾ ਬੇਨਕਾਬ ਹੋ ਗਿਆ। ਅਸਲ 'ਚ ਸਾਲ 2007 'ਚ ਅਜਮੇਰ ਸ਼ਰੀਫ਼ ਦਰਗਾਹ 'ਚ ਬੰਬ ਧਮਾਕਾ ਹਿੰਦੂਆਂ ਨੂੰ ਦਰਗਾਹ 'ਤੇ ਜਾਣੋਂ ਰੋਕਣ ਦੇ ਮਕਸਦ ਨਾਲ ਕੀਤਾ ਗਿਆ ਸੀ। ਇਸ ਕੰਮ ਨੂੰ ਸਿਰੇ ਚਾੜ੍ਹਨ ਲਈ ਆਰ.ਐਸ.ਐਸ. ਆਗੂ ਇੰਦਰੀਸ਼ ਨੇ ਦੋ ਮੁਸਲਮਾਨ ਲੜਕੇ ਮੁਹੱਈਆ ਕਰਵਾਏ ਸਨ। ਉਕਤ ਖ਼ੁਲਾਸਾ ਗ੍ਰਿਫ਼ਤਾਰ ਕੀਤੇ ਗਏ ਸਵਾਮੀ ਅਸੀਮਾਨੰਦ ਨੇ ਆਪਣੇ ਇਕਬਾਲੀਆ ਬਿਆਨ 'ਚ ਕੀਤਾ ਹੈ।

## ਪਾਕਿਸਤਾਨ ਨੇ ਸਮਝੌਤਾ ਐਕਸਪ੍ਰੈਸ ਧਮਾਕੇ ਦੀ ਜਾਂਚ ਬਾਰੇ ਵੇਰਵੇ ਮੰਗੇ

ਸਵਾਮੀ ਨੇ ਦੱਸਿਆ ਕਿ ਅਜਮੇਰ ਧਮਾਕੇ ਤੋਂ ਦੋ ਦਿਨ ਬਾਅਦ ਸੁਨੀਲ ਜੋਸ਼ੀ ਨਾਂ ਦਾ ਇਕ ਆਰ.ਐਸ.ਐਸ. ਪ੍ਰਚਾਰਕ (ਜਿਸ ਨੂੰ ਬਾਅਦ 'ਚ ਕਤਲ ਕਰ ਦਿੱਤਾ ਗਿਆ) ਰਾਜ ਤੇ ਮੇਹੁਲ ਨਾਂ ਦੇ ਦੋ ਵਿਅਕਤੀਆਂ ਨਾਲ ਉਨ੍ਹਾਂ ਨੂੰ ਮਿਲਣ ਆਇਆ ਸੀ। ਰਾਜ ਤੇ ਮੇਹੁਲ ਪਹਿਲਾਂ ਉਸ (ਅਸੀਮਾਨੰਦ) ਨੂੰ ਸ਼ਬਰੀ ਧਾਮ ਆਸ਼ਰਮ 'ਚ ਮਿਲੇ ਸਨ। ਅਸੀਮਾਨੰਦ ਨੇ ਖ਼ੁਲਾਸਾ ਕੀਤਾ ਕਿ ਜੋਸ਼ੀ ਨੇ ਉਨ੍ਹਾਂ ਕੋਲ ਦਾਅਵਾ ਕੀਤਾ ਸੀ ਕਿ ਅਜਮੇਰ ਸ਼ਰੀਫ਼ ਦਰਗਾਹ 'ਚ ਬੰਬ ਧਮਾਕਾ ਉਸ ਦੇ ਆਦਮੀਆਂ ਨੇ ਕੀਤਾ ਤੇ ਇਸ ਮੰਤਵ ਲਈ ਆਰ.ਐਸ.ਐਸ. ਦੇ ਸੀਨੀਅਰ ਆਗੂ ਇੰਦਰੀਸ਼ ਨੇ ਦੋ ਮੁਸਲਮਾਨ ਲੜਕੇ ਮੁਹੱਈਆ ਕਰਵਾਏ ਸਨ ਜਿਨ੍ਹਾਂ ਨੇ ਉਕਤ ਬੰਬ ਦਰਗਾਹ ਵਿਚ ਰੱਖਿਆ। ਜੋਸ਼ੀ ਨੇ ਦਾਅਵਾ ਕੀਤਾ ਸੀ ਕਿ ਧਮਾਕੇ ਵੇਲੇ ਉਹ ਵੀ ਅਜਮੇਰ ਸ਼ਰੀਫ਼ ਦਰਗਾਹ 'ਚ ਮੌਜੂਦ ਸੀ।

ਗੁਜਰਾਤ ਵਿਚ ਸ਼ਾਬਰੀ ਕੁੰਭ ਮੇਲਾ ਕਰਾਉਣ ਵਾਲੇ 59 ਸਾਲਾ ਅਸੀਮਾਨੰਦ ਨੇ ਇਹ ਵੀ ਮੰਨਿਆ ਸੀ ਕਿ 'ਸਮਝੌਤਾ ਐਕਸਪ੍ਰੈਸ' ਸਮੇਤ ਕੁਝ ਹੋਰ ਬੰਬ ਧਮਾਕਿਆਂ ਪਿੱਛੇ ਆਰ.ਐਸ.ਐਸ. ਦੇ ਕਾਰਕੁਨਾਂ ਦਾ ਹੱਥ ਸੀ। ਇਸ ਧਮਾਕੇ ਵਿਚ 42 ਪਾਕਿਸਤਾਨੀ ਤੇ 26 ਭਾਰਤੀ ਨਾਗਰਿਕ ਮਾਰੇ ਗਏ ਸਨ। ਅਸੀਮਾਨੰਦ ਮੁਤਾਬਕ ਹੈਦਰਾਬਾਦ, ਮਾਲੇਗਾਓਂ ਤੇ ਅਜਮੇਰ ਸ਼ਰੀਫ ਵਿਚ ਹੋਏ ਧਮਾਕੇ ਵੀ ਆਰ.ਐਸ.ਐਸ. ਕਾਰਕੁਨਾਂ ਨੇ ਕੀਤੇ ਸਨ ਜਿਨ੍ਹਾਂ ਨਾਲ ਉਸ ਦਾ ਵੀ ਸੰਪਰਕ ਸੀ।

ਉਧਰ ਰਾਸ਼ਟਰੀ ਸਵੈਮ ਸੇਵਕ ਸੰਘ ਦੇ ਆਗੂ ਅਸੀਮਾਨੰਦ ਵੱਲੋਂ 2007 ਦੇ 'ਸਮਝੌਤਾ ਐਕਸਪ੍ਰੈੱਸ' ਬੰਬ ਧਮਾਕੇ ਵਿਚ ਸੰਘ ਦੇ ਕਾਰਕੁਨਾਂ ਦਾ ਹੱਥ ਹੋਣ ਦਾ ਇਕਬਾਲ ਕੀਤੇ ਜਾਣ ਦੇ ਮੱਦੇਨਜ਼ਰ ਪਾਕਿਸਤਾਨ ਨੇ ਭਾਰਤ ਤੋਂ ਜਾਂਚ ਦੇ ਵੇਰਵੇ ਮੰਗੇ ਹਨ। ਭਾਰਤ ਦੇ ਡਿਪਟੀ ਹਾਈ ਕਮਿਸ਼ਨਰ ਜੀ.ਵੀ. ਸ੍ਰੀਨਿਵਾਸ ਨੂੰ ਵਿਦੇਸ਼ ਵਿਭਾਗ ਦੇ ਡਾਇਰੈਕਟਰ ਜਨਰਲ (ਦੱਖਣੀ ਏਸ਼ੀਆ) ਅਫਸਿਆਬ ਮਹਿੰਦੀ ਹਾਸ਼ਮੀ ਨੇ ਸੱਦ ਕੇ ਆਖਿਆ ਕਿ ਨਵੀਂ ਦਿੱਲੀ ਵੱਲੋਂ ਜਾਂਚ ਦੀ ਪ੍ਰਗਤੀ ਬਾਰੇ ਸੂਚਨਾ ਛੇਤੀ ਮੁਹੱਈਆ ਕਰਾਈ ਜਾਣੀ ਚਾਹੀਦੀ ਹੈ।

ਨਵੀਂ ਦਿੱਲੀ ਵਿਚ ਵਿਸ਼ੇਸ਼ ਅਦਾਲਤ ਵਿਚ ਸਵਾਮੀ ਅਸੀਮਾਨੰਦ ਦੇ ਇਕਬਾਲ ਵੱਲ ਇਸ਼ਾਰਾ ਕਰਦਿਆਂ ਵਿਦੇਸ਼ ਦਫ਼ਤਰ ਵੱਲੋਂ ਜਾਰੀ ਕੀਤੇ ਇਕ ਬਿਆਨ ਵਿਚ ਕਿਹਾ ਗਿਆ ਹੈ ਕਿ ਫਰਵਰੀ 2007 ਵਿਚ ਹੋਏ 'ਸਮਝੌਤਾ ਐਕਸਪ੍ਰੈਸ' ਧਮਾਕੇ ਦੀ ਜਾਂਚ ਬਾਰੇ ਮੀਡੀਆ ਵਿਚ ਛਪੀਆਂ ਰਿਪੋਰਟਾਂ ਵੱਲ ਭਾਰਤੀ ਰਾਜਦੂਤ ਦਾ ਧਿਆਨ ਦਿਵਾਇਆ ਗਿਆ। ਪਾਕਿਸਤਾਨ ਪਹਿਲਾਂ ਵੀ ਕਈ ਵਾਰ ਇਸ ਕੇਸ ਦੀ ਜਾਂਚ ਬਾਰੇ ਜਾਣਕਾਰੀ ਮੰਗ ਚੁੱਕਿਆ ਹੈ। ਪਾਕਿਸਤਾਨੀ ਅਧਿਕਾਰੀਆਂ ਤੇ ਆਗੂਆਂ ਨੇ ਗ੍ਰਹਿ ਮੰਤਰੀ ਪੀ. ਚਿਦੰਬਰਮ ਤੇ ਵਿਦੇਸ਼ ਮਾਮਲਿਆਂ ਦੇ ਮੰਤਰੀ ਐਸ. ਐਮ. ਕ੍ਰਿਸ਼ਨਾ ਕੋਲ ਪਿਛਲੇ ਸਾਲ ਪਾਕਿਸਤਾਨ ਦੇ ਦੌਰਿਆਂ ਸਮੇਂ ਵੀ ਇਹ ਮੁੱਦਾ ਉਠਾਇਆ ਸੀ।

# 2-ਜੀ ਸਪੈਕਟ੍ਰਮ-ਸਰਕਾਰ ਦਾ ਕੈਗ 'ਤੇ ਪਲਟਵਾਰ

ਵਿਚ ਕੈਗ ਵੱਲੋਂ ਅਪਨਾਏ ਗਏ ਢੰਗਾਂ ਵਿਚ ਗੰਭੀਰ ਖ਼ਾਮੀਆਂ ਹਨ ਜਿਸ ਕਾਰਨ ਮਾਮਲਾ ਸਨਸਨੀਖੇਜ਼ ਬਣ ਗਿਆ ਤੇ ਵਿਰੋਧੀ ਧਿਰ ਨੂੰ ਜਨਤਾ ਕੋਲ ਗ਼ਲਤ ਤੱਥ ਪੇਸ਼ ਕਰਨ ਦਾ ਮੌਕਾ ਮਿਲ ਗਿਆ। ਉਨ੍ਹਾਂ ਕਿਹਾ ਕਿ ਕੈਗ ਦੇ ਤਰੁੱਟੀਪੂਰਨ ਮੁਲਾਂਕਣ ਤੋਂ ਉਨ੍ਹਾਂ ਨੂੰ ਕਾਫ਼ੀ ਦੁੱਖ ਹੋਇਆ ਹੈ। ਇਸ ਵਿਚ ਸਰਕਾਰੀ ਖ਼ਜ਼ਾਨੇ ਨੂੰ ਜੋ ਨੁਕਸਾਨ ਦਿਖਾਇਆ ਗਿਆ ਹੈ, ਉਸ ਦਾ ਕੋਈ ਆਧਾਰ ਨਹੀਂ ਹੈ। ਸ੍ਰੀ ਸਿੱਬਲ ਨੇ ਕਿਹਾ ਕਿ ਐਨ.ਡੀ.ਏ. ਸਰਕਾਰ ਦੀ ਹਕੂਮਤ ਵੇਲੇ ਤੈਅ ਨੀਤੀ ਤਹਿਤ 4.4 ਮੈਗਾ ਹਰਟਜ਼ ਦਾ ਸਪੈਕਟ੍ਰਮ ਸ਼ੁਰੂ ਕਰਨ ਲਈ ਅਪਰੇਟਰ ਲਾਇਸੈਂਸ ਪ੍ਰਾਪਤ ਕਰਨ ਵਾਲੇ ਤੋਂ 1999, 2001, 2003, 2005, 2007 ਜਾਂ 2008 ਵਿਚ ਕੋਈ ਫੀਸ ਨਹੀਂ ਲਈ ਗਈ। ਉਨ੍ਹਾਂ ਦਾਅਵਾ ਕੀਤਾ ਕਿ 1999 ਵਿਚ ਐਨ.ਡੀ.ਏ. ਵੱਲੋਂ ਨੀਤੀ ਬਦਲਣ ਕਾਰਨ ਖ਼ਜ਼ਾਨੇ ਨੂੰ 1.50 ਲੱਖ ਕਰੋੜ ਰੁਪਏ ਦਾ ਨੁਕਸਾਨ ਹੋਇਆ ਪਰ 2008 ਵਿਚ ਸਪੈਕਟ੍ਰਮ ਵੰਡ ਨਾਲ ਅਸਲ ਵਿਚ ਕੋਈ ਨੁਕਸਾਨ ਨਹੀਂ ਹੋਇਆ। ਉਨ੍ਹਾਂ ਗਿਲਾ ਜ਼ਾਹਰ ਕੀਤਾ ਕਿ ਕੈਗ ਨੇ ਕਾਂਗਰਸ ਸਰਕਾਰ ਨਾਲ ਅਨਿਆਂ ਕੀਤਾ ਹੈ ਤੇ ਵਿਰੋਧੀ ਧਿਰ ਸੰਸਦ ਦੀ ਕਾਰਵਾਈ ਠੱਪ ਕਰਕੇ ਆਮ ਆਦਮੀ ਨਾਲ ਅਨਿਆਂ ਕਰ ਰਹੀ ਹੈ। ਪਹਿਲੀ ਨਜ਼ਰੇ ਸਰਕਾਰ ਨੂੰ 2-ਜੀ ਸਪੈਕਟ੍ਰਮ ਵੰਡ ਵਿਚ ਅਪਨਾਈ ਗਈ ਪ੍ਰਕਿਰਿਆ ਵਿਚ ਕੁਝ ਖ਼ਾਮੀਆਂ ਨਜ਼ਰ ਆਈਆਂ ਸਨ ਜਿਸ ਕਾਰਨ ਮੰਤਰਾਲੇ ਨੇ ਇਕ-ਮੈਂਬਰੀ ਕਮੇਟੀ ਬਣਾਈ ਸੀ। ਇਸ ਦੀ ਰਿਪੋਰਟ ਆਉਣ 'ਤੇ ਇਸ ਵਿਚ ਸ਼ਾਮਲ ਲੋਕਾਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇਗੀ।



*ਸ੍ਰੀ ਸਿੱਬਲ*

ਸ੍ਰੀ ਸਿੱਬਲ ਨੇ ਕਿਹਾ ਕਿ ਜਿੱਥੋਂ ਤੱਕ ਅਪਰਾਧਕ ਦੋਸ਼ ਸਿੱਧ ਹੋਣ ਦਾ ਸਵਾਲ ਹੈ, ਸੁਪਰੀਮ ਕੋਰਟ ਦੀ ਨਿਗਰਾਨੀ ਵਿਚ ਸੀ.ਬੀ.ਆਈ. ਜਾਂਚ ਕਰ ਰਹੀ ਹੈ। ਕੈਗ ਨੇ ਆਪਣੀ ਰਿਪੋਰਟ ਵਿਚ ਸਪੈਕਟ੍ਰਮ ਵੰਡ ਵਿਚ 1.76 ਲੱਖ ਕਰੋੜ ਰੁਪਏ ਦਾ ਨੁਕਸਾਨ ਦਿਖਾਇਆ ਹੈ ਪਰ ਅਸਲ ਵਿਚ ਕੋਈ ਨੁਕਸਾਨ ਨਹੀਂ ਹੋਇਆ। ਉਨ੍ਹਾਂ ਕਿਹਾ ਕਿ 1999 ਵਿਚ ਪੇਸ਼ ਟੈਲੀਕਾਮ ਨੀਤੀ ਅਸਲ ਵਿਚ ਵਾਜਪਾਈ ਸਰਕਾਰ ਨੇ ਪੇਸ਼ ਕੀਤੀ ਸੀ ਜਦਕਿ ਸਾਬਕਾ ਰਾਸ਼ਟਰਪਤੀ ਸ੍ਰੀ ਨਰਾਇਣਨ ਤੋਂ ਇਲਾਵਾ ਸਾਬਕਾ ਪ੍ਰਧਾਨ ਮੰਤਰੀ ਚੰਦਰ ਸ਼ੇਖਰ ਤੇ ਸ਼ਿਵ ਸੈਨਾ ਦੇ ਬਾਲ ਠਾਕਰੇ ਤੱਕ ਨੇ ਇਸ ਦਾ ਵਿਰੋਧ ਕੀਤਾ ਸੀ ਪਰ ਵਾਜਪਾਈ ਸਰਕਾਰ ਨੇ ਇਸ ਨੂੰ ਸਹੀ ਕਰਾਰ ਦਿੱਤਾ ਸੀ। ਉਨ੍ਹਾਂ ਕਿਹਾ ਕਿ ਭਾਜਪਾ ਲੋਕਾਂ ਤੱਕ ਗ਼ਲਤ ਅੰਕੜੇ ਪੇਸ਼ ਕਰਕੇ ਉਨ੍ਹਾਂ ਨੂੰ ਗੁੰਮਰਾਹ ਕਰ ਰਹੀ ਹੈ। ਮੰਤਰੀ ਨੇ ਕਿਹਾ ਕਿ 122 ਲਾਇਸੈਂਸ 4.4 ਮੈਗਾ ਹਰਟਜ਼ ਦੇ ਘੇਰੇ ਵਿਚ ਸਨ ਪਰ ਕੈਗ ਨੇ ਮੁਲਾਂਕਣ 6.2 ਮੈਗਾ ਹਰਟਜ਼ ਤਹਿਤ ਕੀਤਾ। ਕੈਗ ਦਾ ਮੁਲਾਂਕਣ 2010 ਦਾ ਹੈ ਜਦਕਿ ਵੰਡ 2008 ਵਿਚ ਕੀਤੀ ਗਈ।

## ਅਦਾਲਤ ਵੱਲੋਂ ਸਵਾਮੀ ਦੀ ਅਰਜ਼ੀ ਪ੍ਰਵਾਨ

**ਨਵੀਂ ਦਿੱਲੀ:** ਦਿੱਲੀ ਦੀ ਇਕ ਅਦਾਲਤ ਨੇ ਜਨਤਾ ਪਾਰਟੀ ਦੇ ਪ੍ਰਧਾਨ ਸੁਬਰਾਮਨੀਅਮ ਸਵਾਮੀ ਦੀ ਸ਼ਿਕਾਇਤ ਨੂੰ ਸਵੀਕਾਰ ਕਰਦਿਆਂ ਸਾਬਕਾ ਦੂਰਸੰਚਾਰ ਮੰਤਰੀ ਏ.ਰਾਜਾ ਖ਼ਿਲਾਫ਼ 2-ਜੀ ਸਪੈਕਟ੍ਰਮ ਮਾਮਲੇ 'ਚ ਗਵਾਹੀਆਂ ਦਰਜ ਕਰਨ ਤੇ ਸਬੂਤਾਂ ਦੀ ਪੜਚੋਲ ਕਰਨ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਸੀ.ਬੀ.ਆਈ. ਦੇ ਵਿਸ਼ੇਸ਼ ਜੱਜ ਪਰਦੀਪ ਚੱਢਾ ਨੇ ਸ੍ਰੀ ਸਵਾਮੀ ਦੀ ਸ਼ਿਕਾਇਤ ਨੂੰ ਸਵੀਕਾਰ ਕਰਦਿਆਂ ਕਿਹਾ ਕਿ ਇਸ ਮਾਮਲੇ ਦੀ ਸੁਣਵਾਈ ਜਾਰੀ ਰਹੇਗੀ।

## ਫਿਰ ਰਾਜਾ ਨੂੰ ਕਿਉਂ ਹਟਾਇਆ: ਭਾਜਪਾ

**ਨਵੀਂ ਦਿੱਲੀ:** ਭਾਜਪਾ ਨੇ ਸ੍ਰੀ ਸਿੱਬਲ ਦੇ ਬਿਆਨ 'ਤੇ ਪ੍ਰਤੀਕ੍ਰਿਆ ਦਿੰਦਿਆਂ ਕਿਹਾ ਹੈ ਕਿ ਜੇਕਰ 2-ਜੀ ਸਪੈਕਟ੍ਰਮ ਵੰਡ ਠੀਕ ਸੀ ਤਾਂ ਏ. ਰਾਜਾ ਨੂੰ ਮੰਤਰੀ ਦੀ ਕੁਰਸੀ ਤੋਂ ਕਿਉਂ ਹਟਾਇਆ ਗਿਆ। ਪਾਰਟੀ ਦੇ ਆਗੂ ਅਰੁਨ ਜੇਤਲੀ ਨੇ ਕਿਹਾ ਕਿ ਮੰਤਰੀ ਆਪਣੀ ਬਿਆਨਬਾਜ਼ੀ ਨਾਲ ਰੌਲਾ-ਘਚੌਲਾ ਪਾਉਣਾ ਚਾਹੁੰਦੇ ਹਨ, ਉਹ ਘਪਲੇ ਦੀ ਗੱਲ ਨਹੀਂ ਕਰ ਰਹੇ, ਸਗੋਂ ਅੰਕੜਿਆਂ ਦਾ ਰੌਲਾ ਪਾ ਰਹੇ ਹਨ। ਪਾਰਟੀ ਦੇ ਬੁਲਾਰੇ ਰਵੀਸ਼ੰਕਰ ਪ੍ਰਸਾਦ ਨੇ ਕਿਹਾ ਕਿ ਸ੍ਰੀ ਸਿੱਬਲ ਨੇ ਕੈਗ ਵਰਗੀ ਸੰਸਥਾ ਨੂੰ ਗ਼ਲਤ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਹੈ।

## ਸਿੱਬਲ ਵੱਲੋਂ ਕੈਗ ਦੀ ਆਲੋਚਨਾ ਸਹੀ: ਕਾਂਗਰਸ

ਉਧਰ ਕਾਂਗਰਸ ਨੇ ਵੀ ਟੈਲੀਕਾਮ ਮੰਤਰੀ ਕਪਿਲ ਸਿੱਬਲ ਦੀ ਹਮਾਇਤ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਸਰਕਾਰੀ ਆਡੀਟਰ ਕੈਗ ਦੀ ਆਲੋਚਨਾ ਕਰ ਕੇ ਕੁਝ ਵੀ ਗ਼ਲਤ ਨਹੀਂ ਕੀਤਾ। ਪਾਰਟੀ ਤਰਜਮਾਨ ਸ਼ਕੀਲ ਅਹਿਮਦ ਨੇ ਕਿਹਾ ਕਿ ਕੈਗ ਰਿਪੋਰਟ ਦੀ ਘੋਖ ਚੱਲ ਰਹੀ ਹੈ। ਕੋਈ ਵੀ ਸੰਸਦ ਮੈਂਬਰ ਜਾਂ ਮੰਤਰੀ ਆਪਣੀਆਂ ਲਭਤਾਂ ਦੇ ਆਧਾਰ ਉਤੇ ਕੈਗ ਦੀ ਰਿਪੋਰਟ 'ਤੇ ਸਵਾਲ ਖੜ੍ਹਾ ਕਰ ਸਕਦਾ ਹੈ।

# ਸੁਪਰੀਮ ਕੋਰਟ ਵੱਲੋਂ ਝਟਕਾ:ਕੇਂਦਰ ਤੇ ਕੰਪਨੀਆਂ ਨੂੰ ਨੋਟਿਸ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਟੈਲੀਕਾਮ ਸਕੈਂਡਲ ਮਾਮਲੇ ਵਿਚ 10 ਜਨਵਰੀ ਨੂੰ ਸਰਕਾਰ ਨੂੰ ਇਕ ਹੋਰ ਝਟਕਾ ਦਿੰਦਿਆਂ ਸਾਬਕਾ ਦੂਰ ਸੰਚਾਰ ਮੰਤਰੀ ਏ. ਰਾਜਾ ਦੇ ਕਾਰਜਕਾਲ 'ਚ 2-ਜੀ ਸਪੈਕਟ੍ਰਮ ਦੀ ਵੰਡ 'ਚ ਹੋਈਆਂ ਧਾਂਦਲੀਆਂ ਦੀ ਜਾਂਚ ਲਈ ਕੇਂਦਰ ਤੇ ਟੈਲੀਕਾਮ ਕੰਪਨੀਆਂ ਨੂੰ ਇਹ ਸਪਸ਼ਟ ਕਰਨ ਲਈ ਕਿਹਾ ਹੈ ਕਿ ਉਨ੍ਹਾਂ ਦੇ ਲਾਇਸੈਂਸ ਕਿਉਂ ਨਾ ਰੱਦ ਕਰ ਦਿੱਤੇ ਜਾਣ?

ਜਸਟਿਸ ਜੀ.ਐਸ. ਸਿੰਘਵੀ ਤੇ ਏ.ਕੇ. ਗਾਂਗੁਲੀ ਨੇ ਉਨ੍ਹਾਂ ਦੇ ਲਾਇਸੈਂਸ ਰੱਦ ਕੀਤੇ ਜਾਣ ਬਾਰੇ ਸਵਾਲ ਖੜ੍ਹੇ ਕਰਦਿਆਂ ਟੈਲੀਕਾਮ ਰੈਗੂਲੇਟਰੀ ਅਥਾਰਟੀ ਆਫ ਇੰਡੀਆ (ਟੀ.ਆਰ.ਏ.ਆਈ.) ਦੀ ਭੂਮਿਕਾ ਵੀ ਸ਼ੱਕ ਦੇ ਘੇਰੇ 'ਚ ਲਿਆਂਦੀ ਹੈ ਜੋ ਟੈਲੀਕਾਮ ਕੰਪਨੀਆਂ ਵੱਲੋਂ 2-ਜੀ ਸਪੈਕਟ੍ਰਮ ਦੀਆਂ ਸ਼ਰਤਾਂ ਪੂਰੀਆਂ ਨਾ ਕੀਤੇ ਜਾਣ ਤੇ ਪ੍ਰੋਗਰਾਮ ਲਾਗੂ ਨਾ ਕੀਤੇ ਜਾਣ 'ਤੇ ਵੀ ਚੁੱਪ ਹੀ ਰਹੀ ਤੇ ਇਨ੍ਹਾਂ ਕੰਪਨੀਆਂ ਵਿਰੁਧ ਕੋਈ ਕਾਰਵਾਈ ਨਹੀਂ ਕੀਤੀ। ਅਦਾਲਤ ਨੇ ਟੀ.ਆਰ.ਏ.ਆਈ. ਨੂੰ ਵੀ ਧਿਰ ਬਣਾਉਂਦਿਆਂ ਟੈਲੀਕਾਮ ਵਿਭਾਗ ਤੇ ਉਨ੍ਹਾਂ 11 ਕੰਪਨੀਆਂ ਨੂੰ ਨੋਟਿਸ ਜਾਰੀ ਕੀਤੇ ਹਨ ਜਿਨ੍ਹਾਂ ਨੇ ਸਪੈਕਟ੍ਰਮ ਵੰਡ ਹੋਣ ਤੋਂ ਬਾਅਦ ਸਾਲ ਦੇ ਅੰਦਰ ਅੰਦਰ ਮਿਥੇ ਸਮੇਂ ਅਨੁਸਾਰ ਇਹ ਕਾਰਜ ਸ਼ੁਰੂ ਨਹੀਂ ਕੀਤਾ।

ਬੈਂਚ ਕੋਲ ਐਨ.ਜੀ.ਓ. ਸੈਂਟਰ ਫਾਰ ਪਬਲਿਕ ਇੰਟਰਸਟ ਲਿਟੀਗੇਸ਼ਨ (ਸੀ.ਪੀ.ਆਈ.ਐਲ.) ਵੱਲੋਂ ਦਾਇਰ ਪਟੀਸ਼ਨ 'ਚ ਦੱਸਿਆ ਗਿਆ ਹੈ ਕਿ ਜਨਵਰੀ 2008 'ਚ ਲਾਇਸੈਂਸ ਲੈਣ ਮਗਰੋਂ ਸਾਲ ਦੇ ਅੰਦਰ-ਅੰਦਰ ਕਈ ਟੈਲੀਕਾਮ ਕੰਪਨੀਆਂ ਨੇ ਸਪੈਕਟ੍ਰਮ ਸੇਵਾ ਸ਼ੁਰੂ ਨਹੀਂ ਕੀਤੀ ਸੀ ਤੇ ਟੀ.ਆਰ.ਏ.ਆਈ. ਨੇ ਵੀ ਉਨ੍ਹਾਂ ਵਿਰੁਧ ਕੋਈ ਕਾਰਵਾਈ ਨਹੀਂ ਕੀਤੀ। ਇਸ 'ਤੇ ਬੈਂਚ ਨੇ ਸਖ਼ਤੀ ਨਾਲ ਪੁੱਛਿਆ ਹੈ ਕਿ ਟੀ.ਆਰ.ਏ.ਆਈ. ਨੇ ਕਾਰਵਾਈ ਕਿਉਂ ਨਾ ਕੀਤੀ? ਇਹ ਇਕ ਸਾਲ ਸੱਤ ਮਹੀਨੇ ਚੁੱਪ ਕਿਉਂ ਰਹੀ? ਇਹ ਟੈਲੀਕਾਮ ਸੈਕਟਰ 'ਚ ਸਭ ਤੋਂ ਉਚੀ ਰੈਗੂਲੇਟਰੀ ਅਥਾਰਟੀ ਹੈ। ਇਹ ਉਸ ਸਮੇਂ ਕੀ ਕਰ ਰਹੀ ਸੀ? ਐਨ.ਜੀ.ਓ. ਨੇ ਆਪਣੀ ਪਟੀਸ਼ਨ 'ਚ ਉਹ ਸਾਰੇ ਲਾਇਸੈਂਸ ਰੱਦ ਕਰਨ ਦੀ ਮੰਗ ਕੀਤੀ ਹੈ ਜੋ ਸਾਰੇ ਨੇਮ ਛਿੱਕੇ ਟੰਗ ਕੇ ਜਾਰੀ ਕੀਤੇ ਗਏ ਸਨ ਤੇ ਕੈਗ ਦੀ ਰਿਪੋਰਟ ਮੁਤਾਬਕ ਜਿਨ੍ਹਾਂ ਕਾਰਨ 1.76 ਲੱਖ ਕਰੋੜ ਰੁਪਏ ਦਾ ਘਾਟਾ ਸਰਕਾਰੀ ਖਜ਼ਾਨੇ ਨੂੰ ਪਿਆ ਸੀ।

ਅਦਾਲਤ ਨੇ 11 ਟੈਲੀਕਾਮ ਕੰਪਨੀਆਂ ਐਟੀਸਲਾਟ, ਯੂਨੀਨੋਰ, ਲੂਪ ਟੈਲੀਕਾਮ, ਵੀਡੀਓਕਾਨ, ਐਸ. ਟੈਲ, ਅਲਾਇੰਜ਼ ਇਨਫਰਾ, ਆਈਡੀਆ ਸੈਲੂਲਰ, ਟਾਟਾ ਟੈਲੀਸਰਵਿਸਿਜ਼, ਸਿਸਟੈਮ, ਸ਼ਿਆਮ ਟੈਲੀਸਰਵਿਸਿਜ਼, ਡਿਸ਼ਨੈਟ ਵਾਇਰਲੈਸ ਤੇ ਵੋਡਾਫੋਨ ਇਸਾਰ ਨੂੰ ਨੋਟਿਸ ਭੇਜੇ ਹਨ ਤੇ ਤਿੰਨ ਹਫ਼ਤਿਆਂ ਦੇ ਅੰਦਰ-ਅੰਦਰ ਜਵਾਬ ਦੇਣ ਲਈ ਕਿਹਾ ਹੈ। ਅਦਾਲਤ ਨੇ ਮਾਮਲੇ ਦੀ ਸੁਣਵਾਈ ਪਹਿਲੀ ਫਰਵਰੀ 'ਤੇ ਪਾ ਦਿੱਤੀ ਹੈ। 2-ਜੀ ਸਪੈਕਟਰਮ ਦੇ ਲਾਇਸੈਂਸ ਰੱਦ ਕੀਤੇ ਜਾਣ ਦੀ ਹੀ ਅਪੀਲ ਕਰਨ ਵਾਲੇ ਜਨਤਾ ਪਾਰਟੀ ਦੇ ਮੁਖੀ ਸੁਬਰਾਮਣੀਅਮ ਸਵਾਮੀ ਨੂੰ ਵੀ ਬੈਂਚ ਨੇ ਸਮੇਂ ਸਿਰ ਪ੍ਰੋਗਰਾਮ ਸ਼ੁਰੂ ਕਰਨ ਵਾਲੀਆਂ ਕੰਪਨੀਆਂ ਨੂੰ ਧਿਰ ਬਣਾਉਣ ਲਈ ਕਿਹਾ ਹੈ। ਬੈਂਚ ਵੱਲੋਂ ਦੋਵੇਂ ਜਨਹਿੱਤ ਪਟੀਸ਼ਨਾਂ 'ਤੇ ਲਾਇਸੈਂਸ ਰੱਦ ਕਰਨ ਦੇ ਮੁੱਦੇ 'ਤੇ ਸੁਣਵਾਈ ਕੀਤੀ ਜਾਵੇਗੀ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਹਰਜੀਤ ਸਿੰਘ ਸਾਹੀ
ਸ੍ਰੀ ਸਰਵਣ ਸਿੰਘ ਟਿਵਾਣਾ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ੍ਰੀ ਗੁਰਿੰਦਰ ਸਿੰਘ ਗਿੱਲ
ਸ. ਗੁਰਮੀਤ ਸਿੰਘ ਖਾਲਸਾ (ਕੈਲੇਫੋਰਨੀਆ)
ਸ੍ਰੀ ਹੈਪੀ ਹੀਰ

## ਦੱਖਣੀ ਏਸ਼ੀਆ 'ਚ ਸੁਖਾਵੇਂ ਸਬੰਧਾਂ ਲਈ ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲ੍ਹਣ 'ਤੇ ਜ਼ੋਰ

**ਡਬਲਿਨ (ਕੈਲੇਫੋਰਨੀਆ):** ਕਰਤਾਰਪੁਰ ਸਾਹਿਬ ਤੋਂ ਡੇਰਾ ਬਾਬਾ ਨਾਨਕ ਤਕ ਲਾਂਘੇ ਲਈ ਮੁਹਿੰਮ ਚਲਾ ਰਹੀ ਸੰਸਥਾ 'ਤੇਰੀ ਸਿੱਖੀ' ਦੇ ਇਕ ਬੁਲਾਰੇ ਜਸਪਾਲ ਸਿੰਘ ਸੰਧੂ ਨੇ ਕਿਹਾ ਹੈ ਕਿ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਯੂਸਫ਼ ਰਜ਼ਾ ਗਿਲਾਨੀ ਵੱਲੋਂ ਸ਼ਾਂਤੀ ਦੀ ਗੱਲਬਾਤ ਦਾ ਫਿਰ ਸੱਦਾ ਦਿੱਤਾ ਗਿਆ ਹੈ। ਭਾਰਤ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਵੀ ਦੱਖਣੀ ਏਸ਼ੀਆ ਵਿਚ ਸ਼ਾਂਤੀ ਲਿਆਉਣ ਲਈ ਕਰਤਾਰਪੁਰ ਸਾਹਿਬ ਦੇ ਲਾਂਘੇ ਲਈ ਹਾਂ-ਪੱਖੀ ਰਵੱਈਆ ਅਪਣਾ ਕੇ ਸ਼ਾਂਤੀ ਵਾਰਤਾ ਸ਼ੁਰੂ ਕਰਨੀ ਚਾਹੀਦੀ ਹੈ। ਅੱਜ ਤੋਂ ਪੰਜ ਸਦੀਆਂ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਸਾਰੀਆਂ ਹੱਦਬੰਦੀਆਂ ਨੂੰ ਨਕਾਰ ਕੇ ਮਾਨਵਤਾ ਨੂੰ ਕੇਂਦਰੀ ਸਰੋਕਾਰ ਬਣਾਇਆ। ਇਨ੍ਹਾਂ ਸਰੋਕਾਰਾਂ ਦੀ ਰਾਖੀ ਲਈ ਕਰਤਾਰਪੁਰ ਸਾਹਿਬ ਦੇ ਲਾਂਘੇ ਨੂੰ ਖੋਲ੍ਹਣ ਲਈ ਹੰਭਲਾ ਮਾਰਨਾ ਚਾਹੀਦਾ ਹੈ।

ਸ. ਸੰਧੂ ਨੇ ਇਥੇ ਜਾਰੀ ਇਕ ਬਿਆਨ ਵਿਚ ਕਿਹਾ ਕਿ ਕਰਤਾਰਪੁਰ ਸਾਹਿਬ ਦੇ ਲਾਂਘੇ ਦਾ ਧਾਰਮਿਕ ਹੀ ਨਹੀਂ, ਰਾਜਨੀਤਕ ਮਹੱਤਵ ਵੀ ਹੈ। 'ਤੇਰੀ ਸਿੱਖੀ' ਸੰਸਥਾ ਕੋਈ ਧਰਮ ਪ੍ਰਚਾਰਕ ਸੰਸਥਾ ਨਹੀਂ ਬਲਕਿ ਇਸ ਦੀ ਟੀਮ ਭਾਰਤ, ਪਾਕਿਸਤਾਨ ਅਤੇ ਅਮਰੀਕਾ ਵਿਚ ਡਿਪਲੋਮੈਟਿਕ ਭੂਮਿਕਾ ਅਦਾ ਕਰ ਰਹੀ ਹੈ। ਇਹੀ ਕਾਰਨ ਹੈ ਕਿ ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਦੀ ਭਾਰਤ ਫੇਰੀ ਤੋਂ ਪਹਿਲਾਂ ਕਰਤਾਰਪੁਰ ਸਾਹਿਬ ਦੇ ਲਾਂਘੇ ਦਾ ਮਾਮਲਾ ਵ੍ਹਾਈਟ ਹਾਊਸ ਅਤੇ ਅਮਰੀਕੀ ਵਿਦੇਸ਼ ਵਿਭਾਗ ਵਿਚ ਪੇਸ਼ ਕੀਤਾ ਗਿਆ।

ਇਸੇ ਦੌਰਾਨ ਇਥੇ ਪੰਜਾਬ ਤੋਂ ਆਏ ਐਮ.ਐਲ.ਏ. ਸ. ਸੁਖਪਾਲ ਸਿੰਘ ਖਹਿਰਾ ਨੂੰ 'ਤੇਰੀ ਸਿੱਖੀ' ਦੀ ਟੀਮ ਬਲਬੀਰ ਸਿੰਘ ਸੇਖੋਂ, ਬਲਬੀਰ ਸਿੰਘ ਐਮ.ਏ., ਇੰਦਰਜੀਤ ਸਿੰਘ, ਕੁਲਵੰਤ ਨਿੱਝਰ, ਕਮਲ ਖੰਗੂੜਾ, ਗੈਰੀ ਗਰੇਵਾਲ ਵੱਲੋਂ ਕਰਤਾਰਪੁਰ ਸਾਹਿਬ ਦੇ ਲਾਂਘੇ ਦੀ ਡਾਕੂਮੈਂਟਰੀ ਫ਼ਿਲਮ ਦਸਤਾਵੇਜ਼ ਭੇਟ ਕਰ ਕੇ ਬੇਨਤੀ ਕੀਤੀ ਗਈ ਕਿ ਪੰਜਾਬ ਦੇ ਸਾਰੇ ਐਮ.ਐਲ.ਏ. ਅਤੇ ਐਮ.ਪੀ. ਰਲ ਕੇ ਭਾਰਤ ਦੇ ਪ੍ਰਧਾਨ ਮੰਤਰੀ ਨੂੰ ਮਿਲਣ ਅਤੇ ਯਾਦ ਪੱਤਰ ਭੇਟ ਕਰਨ।

# ਪੰਜਾਬ ਦੀਆਂ ਜੇਲ੍ਹਾਂ ਬਣੀਆਂ ਅਪਰਾਧ ਦਾ ਅੱਡਾ

**ਅੰਮ੍ਰਿਤਸਰ (ਪੰਜਾਬ ਟਾਈਮਜ਼ ਬਿਊਰੋ):** ਜੇਲ੍ਹਾਂ ਭਾਵੇਂ ਅਪਰਾਧ ਨੂੰ ਨੱਥ ਪਾਉਣ ਤੇ ਅਪਰਾਧੀਆਂ ਨੂੰ ਸੁਧਾਰਨ ਲਈ ਬਣੀਆਂ ਹਨ ਪਰ ਅੱਜ-ਕੱਲ੍ਹ ਇਹ ਅਪਰਾਧ ਦਾ ਅੱਡਾ ਬਣ ਗਈਆਂ ਹਨ। ਪੰਜਾਬ 'ਚ ਪਿਛਲੇ ਵਰ੍ਹੇ ਕਈ ਜੇਲ੍ਹਾਂ 'ਚ ਲੜਾਈਆਂ ਦੀਆਂ ਸੁਰਖ਼ੀਆਂ ਛਪਦੀਆਂ ਰਹੀਆਂ ਹਨ ਪਰ ਜੇਲ੍ਹ ਪ੍ਰਸ਼ਾਸਨ ਦੇ ਕੰਨਾਂ 'ਤੇ ਜੂੰ ਤੱਕ ਨਹੀਂ ਸਰਕੀ। ਪਿਛਲੇ ਦਿਨੀਂ ਹੁਸ਼ਿਆਰਪੁਰ ਦੀ ਜੇਲ੍ਹ 'ਚ ਚੌਧਰ ਨੂੰ ਲੈ ਕੇ ਦੋ ਧੜਿਆਂ ਵਿਚਾਲੇ ਹੋਈ ਲੜਾਈ 'ਚ ਜੇਲ੍ਹ ਗਾਰਡ ਵੀ ਰਗੜੇ ਗਏ।

ਇਸੇ ਦੌਰਾਨ ਇਕ ਹੋਰ ਖੁਲਾਸਾ ਹੋਇਆ ਹੈ ਕਿ ਜੇਲ੍ਹਾਂ 'ਚੋਂ ਵੱਡੇ-ਵੱਡੇ ਅਪਰਾਧੀ ਬਾਹਰ ਵੀ ਆਪਣੀਆਂ ਸਰਗਰਮੀਆਂ ਜਾਰੀ ਰੱਖਦੇ ਹਨ। ਗਰੋਹਾਂ ਦੇ ਸਰਗਨੇ ਕਿਸੇ ਦਾ ਕਤਲ ਕਰਾਉਣ, ਫਿਰੌਤੀ ਲਈ ਅਗਵਾ ਕਰਾਉਣ ਤੇ ਹੋਰ ਲੁੱਟਾਂ ਖੋਹਾਂ ਲਈ ਜੇਲ੍ਹ 'ਚੋਂ ਹੀ ਸਰਗਰਮੀਆਂ ਜਾਰੀ ਰੱਖਦੇ ਹਨ। ਉਹ ਜੇਲ੍ਹ 'ਚ ਵੀ ਆਮ ਹੀ ਮੋਬਾਈਲ ਵਰਤਦੇ ਹਨ ਤੇ ਪੂਰੀ ਐਸ਼ ਨਾਲ ਰਹਿੰਦੇ ਹਨ। ਇਸ ਬਾਰੇ ਮੀਡੀਆ ਦੀ ਚਰਚਾ ਤੋਂ ਬਾਅਦ ਕੇਂਦਰੀ ਜੇਲ੍ਹ, ਅੰਮ੍ਰਿਤਸਰ ਵਿਚ ਮਾਰੇ ਗਏ ਛਾਪੇ ਦੌਰਾਨ ਜੇਲ੍ਹ 'ਚੋਂ ਮੋਬਾਈਲ ਫੋਨ, ਭੁੱਕੀ ਅਤੇ ਸਮੈਕ ਪੀਣ ਲਈ ਵਰਤਿਆ ਜਾਂਦਾ ਕਾਗ਼ਜ਼ ਬਰਾਮਦ ਹੋਇਆ। ਕੁਝ ਮਹੀਨੇ ਪਹਿਲਾਂ ਜੇਲ੍ਹ ਵਿਚ ਗੋਲੀ ਚੱਲਣ ਦੀ ਘਟਨਾ ਵਾਪਰੀ ਸੀ ਤੇ ਪੁਲਿਸ ਨੂੰ ਜੇਲ੍ਹ ਵਿਚੋਂ ਹੀ ਰਿਵਾਲਵਰ ਬਰਾਮਦ ਹੋਇਆ ਸੀ। ਪੁਲਿਸ ਦੇ 10 ਉਚ ਅਧਿਕਾਰੀਆਂ ਸਮੇਤ 400 ਪੁਲਿਸ ਮੁਲਾਜ਼ਮ ਇਸ ਜਾਂਚ ਲਈ ਤਾਇਨਾਤ ਸਨ ਜਿਨ੍ਹਾਂ ਨੇ ਤਕਰੀਬਨ ਸੱਤ ਘੰਟੇ ਦੀ ਜਾਂਚ ਦੌਰਾਨ ਜੇਲ੍ਹ ਦੀ ਹਰ ਬੈਰਕ ਤੇ ਨੁੱਕਰ ਨੂੰ ਫਰੋਲ ਮਾਰਿਆ। ਜੇਲ੍ਹ ਦੇ ਇਤਿਹਾਸ 'ਚ ਅਜਿਹਾ ਵੱਡੇ ਪੱਧਰ ਦਾ ਛਾਪਾ ਪਹਿਲੀ ਵਾਰ ਮਾਰਿਆ ਗਿਆ ਹੈ। ਜ਼ਿਕਰਯੋਗ ਹੈ ਕਿ ਅਤੀ ਸੁਰੱਖਿਆ ਵਾਲੀ ਕੇਂਦਰੀ ਜੇਲ੍ਹ ਚਰਚਾ ਦਾ ਵਿਸ਼ਾ ਬਣੀ ਰਹਿੰਦੀ ਹੈ। ਇਸੇ ਜੇਲ੍ਹ ਵਿਚ ਹੀ ਨਿਹੰਗ ਆਗੂ ਪੂਹਲੇ ਨੂੰ ਤੇਲ ਪਾ ਕੇ ਸਾੜ ਦਿੱਤਾ ਗਿਆ ਸੀ ਅਤੇ ਪਿਛਲੇ ਦਿਨੀਂ ਇਕ ਪਾਕਿਸਤਾਨੀ ਕੈਦੀ ਅਚਨਚੇਤ ਫਰਾਰ ਹੋ ਗਿਆ ਸੀ।

ਇਸ ਬਾਰੇ ਡਿਪਟੀ ਕਮਿਸ਼ਨਰ ਕੇ.ਐਸ. ਪੰਨੂ ਨੇ ਦੱਸਿਆ ਕਿ ਜਾਂਚ ਟੀਮ ਨੇ ਜੇਲ੍ਹ ਵਿਚੋਂ 12 ਮੋਬਾਈਲ, ਭੁੱਕੀ ਅਤੇ ਹੋਰ ਸਾਮਾਨ ਮਿਲਿਆ ਤੇ ਸਮੈਕ ਦੇ ਨਸ਼ੇੜੀ 10 ਵਿਅਕਤੀਆਂ ਨੂੰ ਕਾਬੂ ਕੀਤਾ ਹੈ। ਜੇਲ੍ਹ ਵਿਚੋਂ ਬਰਾਮਦ ਮੋਬਾਈਲ ਫੋਨ ਤੇ ਨਸ਼ੀਲੇ ਪਦਾਰਥ ਇਧਰ-ਉਧਰ ਸੁੱਟੇ ਹੋਏ ਮਿਲੇ ਹਨ। ਪੁਲਿਸ ਵਲੋਂ ਬਰਾਮਦ ਕੀਤੇ ਗਏ ਮੋਬਾਈਲ ਫੋਨਾਂ ਤੋਂ ਕੀਤੀਆਂ ਤੇ ਆਈਆਂ ਕਾਲਾਂ ਦੇ ਵੇਰਵੇ ਇਕੱਠੇ ਕੀਤੇ ਜਾ ਰਹੇ ਹਨ ਜਿਨ੍ਹਾਂ ਦੇ ਆਧਾਰ 'ਤੇ ਅਗਲੇਰੀ ਜਾਂਚ ਕੀਤੀ ਜਾਵੇਗੀ।

ਇਸ ਘਟਨਾ ਤੋਂ ਬਾਅਦ ਡਿਪਟੀ ਕਮਿਸ਼ਨਰ ਨੇ ਸਰਕਾਰ ਨੂੰ ਪੱਤਰ ਭੇਜ ਕੇ ਇਸ ਅਤੀ ਸੁਰੱਖਿਆ ਵਾਲੀ ਕੇਂਦਰੀ ਜੇਲ੍ਹ ਦਾ ਪ੍ਰਬੰਧ ਕਿਸੇ ਆਈ.ਪੀ.ਐਸ. ਅਧਿਕਾਰੀ ਤੇ ਉਸ ਦੀ ਟੀਮ ਨੂੰ ਸੌਂਪਣ ਦੀ ਸਿਫਾਰਸ਼ ਕੀਤੀ ਹੈ। ਉਨ੍ਹਾਂ ਲਿਖਿਆ ਹੈ ਕਿ ਇਸ ਵੇਲੇ ਜੇਲ੍ਹ ਵਿਚ ਤਾਇਨਾਤ ਅਮਲੇ ਵਿਚ ਵਧੇਰੇ ਕਰਮਚਾਰੀ ਬਜ਼ੁਰਗ ਹਨ। ਅਜਿਹੇ ਕਰਮਚਾਰੀ ਜੇਲ੍ਹ ਦੀ ਸੁਰੱਖਿਆ ਕਰਨ ਲਈ ਸਰੀਰਕ ਪੱਖੋਂ ਯੋਗ ਨਹੀਂ ਹਨ। ਜੇਲ੍ਹ ਵਿਚ ਸਮਰੱਥਾ ਤੋਂ ਵਧੇਰੇ ਕੈਦੀ ਤੇ ਹਵਾਲਾਤੀ ਬੰਦ ਹਨ। ਉਨ੍ਹਾਂ ਕਿਹਾ ਕਿ ਜੇਲ੍ਹ ਦੀ ਸਮਰੱਥਾ 1500 ਵਿਅਕਤੀਆਂ ਨੂੰ ਸਾਂਭਣ ਦੀ ਹੈ ਜਦੋਂਕਿ ਇਥੇ 2600 ਤੋਂ ਵਧੇਰੇ ਕੈਦੀ ਤੇ ਹਵਾਲਾਤੀ ਇਸ ਵੇਲੇ ਬੰਦ ਹਨ। ਜਦੋਂਕਿ ਮੌਜੂਦਾ ਅਮਲਾ 1500 ਵਿਅਕਤੀਆਂ ਦੀ ਨਿਗਰਾਨੀ ਲਈ ਵੀ ਪੂਰਾ ਨਹੀਂ ਹੈ। ਉਨ੍ਹਾਂ ਕਿਹਾ ਕਿ ਜੇਲ੍ਹ ਵਿਚ ਅਮਲੇ ਦੀ ਘਾਟ ਨੂੰ ਪੂਰਾ ਕਰਨ ਲਈ ਪਿਛਲੇ ਇਕ ਦਹਾਕੇ ਤੋਂ ਕੋਈ ਨਵੀਂ ਭਰਤੀ ਨਹੀਂ ਕੀਤੀ ਗਈ।



ਜੇਲ੍ਹ ਦੇ ਸੁਪਰਡੈਂਟ ਨਸ਼ੀਲੇ ਪਦਾਰਥਾਂ ਵਾਲੇ ਗੰਢੇ ਦਿਖਾਉਂਦੇ ਹੋਏ

## ਗੰਢਿਆਂ 'ਚ ਭਰ ਕੇ ਜੇਲ੍ਹ ਵਿਚ ਨਸ਼ਾ ਸਪਲਾਈ

**ਬਠਿੰਡਾ:** ਉਧਰ ਬਠਿੰਡਾ ਦੀ ਕੇਂਦਰੀ ਜੇਲ੍ਹ ਵਿਚ ਨਸ਼ੀਲੇ ਪਦਾਰਥਾਂ ਨਾਲ ਭਰੇ ਗੰਢੇ ਫੜੇ ਗਏ ਹਨ। ਇਨ੍ਹਾਂ ਗੰਢਿਆਂ ਨੂੰ ਇਕ ਔਰਤ ਮੁਲਾਕਾਤ ਵੇਲੇ ਸਪਲਾਈ ਕਰਨ ਆਈ ਸੀ ਜਿਸ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ। ਜੇਲ੍ਹ 'ਚ ਦੋ ਹਵਾਲਾਤੀਆਂ ਨਾਲ ਮੁਲਾਕਾਤ ਕਰਨ ਆਈ ਇਹ ਔਰਤ ਜੇਲ੍ਹ ਅੰਦਰ ਸ਼ਬਜੀ 'ਚ ਨਸ਼ੀਲੇ ਪਦਾਰਥ ਛੁਪਾ ਕੇ ਪਹੁੰਚਾਉਣ 'ਚ ਤਾਂ ਸਫਲ ਹੋ ਗਈ ਪਰ ਜਦੋਂ ਗੰਢੇ ਭੰਨੇ ਗਏ ਤਾਂ ਅੰਦਰੋਂ ਚਰਸ ਵਰਗਾ ਨਸ਼ੀਲਾ ਪਦਾਰਥ ਨਿਕਲਿਆ।

ਕੇਂਦਰੀ ਜੇਲ੍ਹ 'ਚ ਹਵਾਲਾਤੀ ਮਾਨ ਸਿੰਘ ਉਰਫ ਮਨੋਜ ਕੁਮਾਰ ਵਾਸੀ ਬਰੇਟਾ ਤੇ ਜਰਨੈਲ ਸਿੰਘ ਉਰਫ ਜੈਲਾ ਵਾਸੀ ਪਿੰਡ ਗਿਦੜਿਆਣੀ ਜ਼ਿਲ੍ਹਾ ਸੰਗਰੂਰ ਬੰਦ ਹਨ। ਇਨ੍ਹਾਂ ਨਾਲ ਗਿਦੜਿਆਣੀ ਵਾਸੀ ਜਸਵੀਰ ਕੌਰ ਸਵੇਰੇ ਮੁਲਾਕਾਤ ਕਰਨ ਆਈ ਸੀ ਅਤੇ ਉਸ ਦੇ ਨਾਲ ਉਸ ਦਾ ਪਤੀ ਸੁਖਦੇਵ ਸਿੰਘ ਵੀ ਸੀ। ਇਸ ਔਰਤ ਕੋਲ ਸਬਜ਼ੀਆਂ ਨਾਲ ਭਰਿਆ ਝੋਲਾ ਸੀ। ਮਹਿਲਾ ਪੁਲਿਸ ਵੱਲੋਂ ਔਰਤ ਦੀ ਤਲਾਸ਼ੀ ਲੈ ਲਈ ਗਈ ਸੀ। ਜਦੋਂ ਉਹ ਮੁਲਾਕਾਤ ਕਰਨ ਗਈ ਤਾਂ ਉਸ ਨੇ ਸਬਜ਼ੀਆਂ ਅੰਦਰ ਮਾਨ ਸਿੰਘ ਹਵਾਲਾਤੀ ਨੂੰ ਫੜਾ ਦਿੱਤੀਆਂ। ਜੇਲ੍ਹ ਸੁਪਰਡੈਂਟ ਸੁਖਦੇਵ ਸਿੰਘ ਸੱਗੂ ਨੇ ਦੱਸਿਆ ਕਿ ਜਦੋਂ ਅੰਦਰ ਤਲਾਸ਼ੀ ਲਈ ਗਈ ਤਾਂ ਗੰਢਿਆਂ 'ਚੋਂ ਚਰਸ ਵਰਗੀ ਕੋਈ ਚੀਜ਼ ਨਿਕਲੀ ਜਿਸ ਬਾਰੇ ਜਾਂਚ ਮਗਰੋਂ ਹੀ ਪਤਾ ਲੱਗ ਸਕੇਗਾ। ਉਨ੍ਹਾਂ ਦੱਸਿਆ ਕਿ ਸਬਜ਼ੀਆਂ ਵਿਚ ਹੀ ਇਸ ਔਰਤ ਨੇ 3000 ਨਸ਼ੀਲੀਆਂ ਗੋਲੀਆਂ ਵੀ ਲੁਕੋ ਕੇ ਅੰਦਰ ਪਹੁੰਚਾ ਦਿੱਤੀਆਂ ਸਨ।


ਜਾਇਦਾਦ ਦੀ ਖਰੀਦ-ਵੇਚ

ਚੰਡੀਗੜ੍ਹ, ਮੋਹਾਲੀ, ਪੰਚਕੂਲਾ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਜ਼ਮੀਨ-ਜਾਇਦਾਦ ਦੀ ਖਰੀਦ-ਵੇਚ ਲਈ ਸੰਪਰਕ ਕਰੋ

ਪੁਨੀਆ ਰੀਅਲ ਅਸਟੇਟ:94173-34049

ਅਸੀਂ ਜਾਇਦਾਦ ਦੀ ਮੈਨੇਜਮੈਂਟ ਦਾ ਕੰਮ ਵੀ ਕਰਦੇ ਹਾਂ

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

ਸੈਕਰਾਮੈਂਟੋ, ਕੈਲੀਫੋਰਨੀਆ
ਜੋਰਦਾਰ ਮੰਗ 'ਤੇ ਹੁਣ ਯੂਬਾ ਸਿਟੀ ਲੋਕੇਸ਼ਨ ਵੀ ਸ਼ੁਰੂ

National Truck Driving School

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-383-2785

4585 Pell Dr. Secramento CA, 95838

Short Sale Specialist

We Can Sell Your Home in Short Sale at No Cost to You



Sohanpreet (Sam) Chahal
CA Lic. 01504071
Realtor/Notary Public
email:samchahal@hotmail.com

For Buying & Selling Residential And For Loans

Call: Sohanpreet 'Sam' Chahal

@916-612-5773

Serving from Bay Area to Sacramento

Call for free listing of Reo-Bankowned Properties

Multi-Million Dollars Producer-2007, 2008 & 2009

ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ, ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ

Golden State Realty

Sacramento Office: 8695 Territorial Way, Elk Grove CA 95624
Tel: 916-612-5773 Fax: 916-689-5707

## ਸੱਜਣ ਕੁਮਾਰ ਖ਼ਿਲਾਫ਼ ਗਵਾਹਾਂ ਨੂੰ ਧਮਕੀਆਂ

**ਨਵੀਂ ਦਿੱਲੀ:** ਸਿੱਖ ਕਤਲੇਆਮ ਦੇ ਮਾਮਲੇ 'ਚ ਸੱਜਣ ਕੁਮਾਰ ਗਵਾਹੀ ਦੇਣ ਵਾਲੀ ਇਕ ਔਰਤ ਨੇ ਅਦਾਲਤ ਵਿਚ ਦੋਸ਼ ਲਾਇਆ ਕਿ ਉਸ ਨੂੰ ਤੇ ਉਸ ਦੀ ਮਾਂ ਨੂੰ ਇਸ ਘਟਨਾ ਬਾਰੇ ਮੂੰਹ ਖੋਲ੍ਹਣ ਵਿਰੁੱਧ ਧਮਕੀਆਂ ਮਿਲੀਆਂ ਸਨ।

ਇਹ ਪ੍ਰਗਟਾਵਾ ਉਸ ਨੇ ਸੱਜਣ ਕੁਮਾਰ ਦੇ ਮਾਮਲੇ ਵਿਚ ਸੁਣਵਾਈ ਕਰ ਰਹੀ ਅਦਾਲਤ ਸਾਹਮਣੇ ਕੀਤਾ। ਨਿਰਪ੍ਰੀਤ ਕੌਰ (42) ਨੇ ਵਧੀਕ ਸੈਸ਼ਨ ਜੱਜ ਸੁਨੀਤਾ ਗੁਪਤਾ ਦੀ ਅਦਾਲਤ ਵਿਚ ਦੱਸਿਆ ਕਿ 31 ਅਕਤੂਬਰ, 1984 ਨੂੰ ਤਤਕਾਲੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਹੋਏ ਦੰਗਿਆਂ ਵਿਚ ਉਸ ਦਾ ਪਿਤਾ ਨਿਰਮਲ ਸਿੰਘ ਮਾਰਿਆ ਗਿਆ ਸੀ ਪਰ ਪੁਲਿਸ ਅਧਿਕਾਰੀਆਂ ਨੇ ਉਸ ਦੇ ਤੇ ਉਸ ਦੀ ਮਾਤਾ ਦੇ ਬਿਆਨ ਦਰਜ ਨਹੀਂ ਕੀਤੇ।

ਜਿਰਹਾ ਦੌਰਾਨ ਨਿਰਪ੍ਰੀਤ ਕੌਰ ਨੇ ਦੱਸਿਆ ਕਿ ਉਨ੍ਹਾਂ ਏਅਰਫੋਰਸ ਦੇ ਗੁਰਦੁਆਰੇ ਵਿਚ ਪਨਾਹ ਲਈ ਹੋਈ ਸੀ ਜਿੱਥੇ ਉਨ੍ਹਾਂ ਪੁਲਿਸ ਅਧਿਕਾਰੀਆਂ ਨੂੰ ਸਾਰੀ ਘਟਨਾ ਦੱਸੀ ਸੀ ਪਰ ਪੁਲਿਸ ਨੇ ਇਸ ਨੂੰ ਦਰਜ ਨਾ ਕੀਤਾ। ਜਦੋਂ ਉਸ ਨੂੰ ਪੁੱਛਿਆ ਕਿ ਉਨ੍ਹਾਂ ਆਪਣੇ ਪਿਤਾ ਦੀ ਮੌਤ ਲਈ ਦੋਸ਼ੀ ਵਿਰੁੱਧ ਕਾਰਵਾਈ ਲਈ ਕੀ ਕਦਮ ਚੁੱਕੇ ਤਾਂ ਉਸ ਨੇ ਦੱਸਿਆ ਕਿ ਉਸ ਤੇ ਉਸ ਦੀ ਮਾਤਾ ਨੂੰ ਮੂੰਹ ਖੋਲ੍ਹਣ ਵਿਰੁੱਧ ਧਮਕੀਆਂ ਮਿਲਣੀਆਂ ਸ਼ੁਰੂ ਹੋ ਜਾਂਦੀਆਂ ਸਨ।

ਉਸ ਨੇ ਦੋਸ਼ ਲਾਇਆ ਕਿ ਜਦੋਂ ਉਹ ਦੰਗਿਆਂ ਤੋਂ ਬਾਅਦ ਦਿੱਲੀ ਆਪਣੇ ਘਰ ਪਰਤੀ ਤਾਂ ਕੁਝ ਲੋਕ ਤੇ ਪੁਲਿਸ ਵਾਲੇ ਉਨ੍ਹਾਂ ਨੂੰ ਪ੍ਰੇਸ਼ਾਨ ਕਰਦੇ ਰਹੇ। ਇਹ ਔਰਤ ਟਾਡਾ ਅਧੀਨ ਕਈ ਸਾਲ ਜੇਲ੍ਹ ਵਿਚ ਵੀ ਰਹੀ ਹੈ।

# ਮਿਸ਼ੀਗਨ ਦੇ ਸਕੂਲ 'ਚ ਕਿਰਪਾਨ 'ਤੇ ਰੋਕ ਤੋਂ ਸਿੱਖ ਪ੍ਰੇਸ਼ਾਨ

**ਕੈਂਟਨ (ਬਲਜੀਤ ਬਾਸੀ):** ਮਿਸ਼ੀਗਨ ਦੇ ਸ਼ਹਿਰ ਕੈਂਟਨ ਦੇ ਇਕ ਸਕੂਲ ਨੇ ਆਪਣੇ ਵਿਦਿਆਰਥੀਆਂ ਉਪਰ ਕਿਰਪਾਨ ਪਹਿਨਣ ਉਤੇ ਪਾਬੰਦੀ ਲਾ ਦਿੱਤੀ ਹੈ। ਇਸ ਸਕੂਲ ਦੇ ਚੌਥੀ ਜਮਾਤ 'ਚ ਪੜ੍ਹਦੇ ਇਕ ਸਿੱਖ ਵਿਦਿਆਰਥੀ ਦੀ ਕਿਰਪਾਨ ਦੇਖ ਕੇ ਕੁਝ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੇ ਸਖਤ ਇਤਰਾਜ਼ ਕੀਤਾ ਸੀ। ਇਸ ਘਟਨਾ ਤੋਂ ਇਲਾਕੇ ਦੇ ਸਿੱਖਾਂ ਵਿਚ ਗੁੱਸੇ ਅਤੇ ਚਿੰਤਾ ਦੀ ਲਹਿਰ ਫੈਲ ਗਈ ਹੈ। ਸਕੂਲ ਦੇ ਅਧਿਕਾਰੀਆਂ ਨੇ ਕਿਰਪਾਨ ਤੇ ਇਹ ਪਾਬੰਦੀ ਪਿਛਲੇ ਮਹੀਨੇ ਲਾਈ ਸੀ। ਇਸ ਮਾਮਲੇ ਦਾ ਕਾਨੂੰਨੀ ਜਾਇਜ਼ਾ ਲੈਣ ਪਿਛੋਂ ਪਲਿਮਥ-ਕੈਂਟਨ ਜਨਤਕ ਸਕੂਲ ਡਿਸਟ੍ਰਿਕਟ ਦੇ ਅਧਿਕਾਰੀਆਂ ਨੇ ਫੈਸਲਾ ਕੀਤਾ ਕਿ ਕੋਈ ਵੀ ਹਥਿਆਰ ਜਾਂ ਹਥਿਆਰ ਵਰਗੀ ਚੀਜ਼ ਸਕੂਲ 'ਚ ਲਿਜਾਣਾ ਸਥਾਨਕ, ਪ੍ਰਾਂਤਕ ਤੇ ਕੇਂਦਰੀ ਕਾਨੂੰਨਾਂ ਦੀ ਉਲੰਘਣਾ ਹੈ।



ਅਮਰੀਕਾ ਦੇ ਹੋਰ ਥਾਂਵਾਂ 'ਤੇ ਵੀ ਸਿੱਖਾਂ ਦੇ ਕਕਾਰ ਵਜੋਂ ਕਿਰਪਾਨ ਪਹਿਨਣ ਸਬੰਧੀ ਰੇੜਕੇ ਪੈਂਦੇ ਰਹੇ ਹਨ। ਸਿੱਖਾਂ ਦਾ ਕਹਿਣਾ ਹੈ ਕਿ ਕਿਰਪਾਨ ਉਨ੍ਹਾਂ ਲਈ ਬਦੀ ਦੇ ਖਿਲਾਫ਼ ਲੜਨ ਲਈ ਵਚਨਬਧਤਾ ਦੀ ਪ੍ਰਤੀਕ ਹੈ। ਇਕ ਸਥਾਨਕ ਸਿੱਖ ਨੇਤਾ ਤੇਜਕਿਰਨ ਸਿੰਘ ਨੇ ਕਿਹਾ ਹੈ, "ਕਿਰਪਾਨ ਕੋਈ ਵਾਰ ਕਰਨ ਵਾਲਾ ਹਥਿਆਰ ਨਹੀਂ ਹੈ। ਇਹ ਛੋਟੀ ਜਿਹੀ ਚੀਜ਼ ਹੈ ਤੇ ਇਸਦੀ ਧਾਰ ਵੀ ਖੁੰਡੀ ਹੁੰਦੀ ਹੈ। ਇਸਨੂੰ ਪਹਿਨਣ ਦਾ ਮੰਤਵ ਸਿਰਫ਼ ਧਾਰਮਿਕ ਫ਼ਰਜ਼ਾਂ ਦੀ ਯਾਦ ਕਰਵਾਉਣਾ ਹੈ।"

ਖਬਰ ਅਨੁਸਾਰ ਸਿੱਖ ਵਿਦਿਆਰਥੀ ਦੇ ਨਾਲ ਖੇਲਦੇ ਕਿਸੇ ਬੱਚੇ ਨੇ ਪੁਛਿਆ ਕਿ ਇਹ ਤੂੰ ਕੀ ਪਾਇਆ ਹੋਇਆ ਹੈ ਜਿਸ ਦੇ ਜਵਾਬ ਵਿਚ ਉਸ ਨੇ ਦੱਸਿਆ ਕਿ ਅੰਮ੍ਰਿਤ ਛਕਣ ਵੇਲੇ ਇਹ ਉਸ ਨੂੰ ਪਹਿਨਾਇਆ ਗਿਆ ਸੀ। ਸਕੂਲ ਦੇ ਅਧਿਕਾਰੀਆਂ ਨੇ ਦੇਖਿਆ ਕਿ ਇਹ ਕੋਈ ਤਿੱਖੀ ਧਾਰ ਵਾਲਾ ਹਥਿਆਰ ਨਹੀਂ ਹੈ ਇਸ ਲਈ ਉਸ ਨੂੰ ਮੋੜ ਦਿੱਤਾ ਗਿਆ। ਸਕੂਲ ਵਲੋਂ ਬੱਚੇ ਦੇ ਮਾਪਿਆਂ ਨੂੰ ਕਿਹਾ ਗਿਆ ਕਿ ਜਿੰਨਾ ਚਿਰ ਉਹ ਉਪਰੋਂ ਕਾਨੂੰਨੀ ਸਲਾਹ ਨਹੀਂ ਲੈ ਲੈਂਦੇ ਓਨਾ ਚਿਰ ਬੱਚੇ ਦੇ ਕਿਰਪਾਨ ਨਾ ਪਾਈ ਜਾਵੇ। ਉਹ ਮੰਨ ਗਏ ਪਰ ਹੁਣ ਕਾਨੂੰਨੀ ਸਲਾਹ ਲੈਣ ਪਿਛੋਂ ਪਾਬੰਦੀ ਲਾਗੂ ਕਰ ਦਿੱਤੀ ਗਈ ਹੈ। ਇਲਾਕੇ ਦੇ ਸਿੱਖਾਂ ਨੇ ਸਿੱਖੀ ਵਿਚ ਕਿਰਪਾਨ ਦਾ ਮਹੱਤਵ ਦਰਸਾਉਣ ਲਈ ਲੋਕਾਂ ਨੂੰ ਜਾਗਰੂਕ ਕਰਨ ਦਾ ਫੈਸਲਾ ਕੀਤਾ ਹੈ।

ਇਸ ਦੌਰਾਨ ਇਸ ਵੀਰਵਾਰ ਸ਼ਾਮ ਨੂੰ ਸੌ ਕੁ ਲੋਕਾਂ ਨੇ ਇਕ ਜਨਤਕ ਗੋਸ਼ਟੀ ਵਿਚ ਭਾਗ ਲਿਆ ਜਿਸ ਵਿਚ ਇਸ ਗੱਲ 'ਤੇ ਚਰਚਾ ਹੋਈ ਕਿ ਕਿਵੇਂ ਸਿੱਖ ਧਰਮ ਨੂੰ ਗਲਤ ਸਮਝਿਆ ਜਾ ਰਿਹਾ ਹੈ। ਇਸ ਗੋਸ਼ਟੀ ਦਾ ਆਯੋਜਨ ਪਲਿਮਥ-ਕੈਂਟਨ ਦੇ ਸ਼ਹਿਰੀਆਂ ਦੀ ਅਨੇਕਤਾ ਦੇ ਮਸਲੇ ਵਿਚਾਰਨ ਵਾਲੇ ਇਕ ਫੋਰਮ ਨੇ ਕੀਤਾ।

ਜ਼ਿਕਰਯੋਗ ਹੈ ਕਿ 9/11 ਦੇ ਦਹਿਸ਼ਤੀ ਹਮਲੇ ਪਿਛੋਂ ਸਿੱਖਾਂ ਬਾਰੇ ਗਲਤ ਧਾਰਨਾਵਾਂ ਕਾਰਨ ਕਈ ਵਾਰੀ ਉਨ੍ਹਾਂ ਨੂੰ ਨਫਰਤ ਅਤੇ ਘਾਤਕ ਜੁਰਮਾਂ ਦੇ ਸ਼ਿਕਾਰ ਹੋਣਾ ਪਿਆ। ਐਰੀਜ਼ੋਨਾ ਵਿਚ ਇਕ ਪਗੜੀਧਾਰੀ ਸਿੱਖ ਦੀ ਗੋਲੀਆਂ ਮਾਰਕੇ ਹਤਿਆ ਕਰ ਦਿੱਤੀ ਗਈ ਸੀ ਹਾਲਾਂਕਿ ਉਸ ਨੇ ਦਹਿਸ਼ਤਗਰਦਾਂ ਦੇ ਸ਼ਿਕਾਰ ਲੋਕਾਂ ਲਈ ਫੰਡ ਦਿੱਤਾ ਸੀ। ਸਿੱਖ ਨੇਤਾ ਜਸਪਾਲ ਕੌਰ ਨੀਲਮ ਨੇ ਮੀਟਿੰਗ ਦੌਰਾਨ ਕਿਹਾ, "ਇਸ ਤਰ੍ਹਾਂ ਲਗਦਾ ਹੈ ਜਿਵੇਂ ਸਾਡੇ 'ਤੇ ਦੂਜੀ ਵਾਰੀ ਹਮਲਾ ਹੋਇਆ ਹੋਵੇ। ਸਿੱਖੀ ਬਾਣੇ ਅਤੇ ਰਹੁਰੀਤਾਂ ਕਾਰਨ ਅਨੇਕਾਂ ਸਿੱਖ ਬੱਚਿਆਂ ਨੂੰ ਟਿਚਰਾਂ ਕੀਤੀਆਂ ਜਾਂਦੀਆਂ ਹਨ ਅਤੇ ਗਰੌਸਰੀ ਸਟੋਰਾਂ 'ਤੇ ਨਫਰਤ ਦੀ ਨਿਗਾਹ ਨਾਲ ਦੇਖਿਆ ਜਾਂਦਾ ਹੈ। ਸਾਨੂੰ ਖੁਦ ਆਪਣੇ ਬੱਚਿਆਂ ਦੀ ਹਿਫਾਜ਼ਤ ਅਤੇ ਭਲਾਈ ਬਾਰੇ ਪੂਰੀਆਂ ਉਮੀਦਾਂ ਹਨ।" ਡਿਸਟ੍ਰਿਕਟ ਦੇ ਭਾਈਚਾਰਕ ਸਬੰਧਾਂ ਦੇ ਡਾਇਰੈਕਟਰ ਨੇ ਇਕ ਬਿਆਨ ਵਿਚ ਕਿਹਾ ਹੈ, "ਸਕੂਲਾਂ ਵਿਚ ਹਥਿਆਰ ਜਾਂ ਹਥਿਆਰ ਵਰਗੀਆਂ ਚੀਜ਼ਾਂ ਪਹਿਨਣ 'ਤੇ ਪਾਬੰਦੀ ਜਾਰੀ ਰਹੇਗੀ। ਸਾਡੇ ਵਕੀਲਾਂ ਨੇ ਦੱਸਿਆ ਹੈ ਕਿ ਅਦਾਲਤਾਂ ਨੇ ਧਾਰਮਕ ਚਿੰਨ ਪਹਿਨਣ ਤੋਂ ਛੋਟ ਦਿੱਤੀ ਹੈ। ਅਸੀਂ ਇਸ ਮਾਮਲੇ ਨੂੰ ਕਾਨੂੰਨੀ ਨੁਕਤਾਨਿਗਾਹ ਤੋਂ ਵਿਚਾਰਿਆ ਹੈ ਤੇ ਫੈਸਲਾ ਲੈਣ ਲੱਗੇ ਇਹ ਗੱਲਾਂ ਧਿਆਨ ਵਿਚ ਰੱਖਾਂਗੇ।" ਇਲਾਕੇ ਦੇ ਸਿੱਖ ਨੇਤਾ ਅਤੇ ਸਕੂਲ ਅਧਿਕਾਰੀਆਂ ਦੀ ਇਸ ਬੁਧਵਾਰ ਇਕ ਮੀਟਿੰਗ ਹੋਵੇਗੀ ਜਿਸ ਵਿਚ ਮਸਲੇ ਦਾ ਖੁਸ਼ਗਵਾਰ ਹੱਲ ਲਭਣ ਦੀ ਕੋਸ਼ਿਸ਼ ਕੀਤੀ ਜਾਵੇਗੀ।

ਸਿੱਖ ਜਥੇਬੰਦੀਆਂ ਯੂਨਾਈਟਿਡ ਸਿੱਖਸ ਅਤੇ ਸੈਲਡੈਫ ਵੱਲੋਂ ਉਥੇ ਕੈਂਟਨ ਚਰਚ 'ਚ ਸਥਾਨਕ ਵਾਸੀਆਂ ਦੀ ਮਦਦ ਨਾਲ ਜਾਗਰੂਕਤਾ ਮੁਹਿੰਮ ਸ਼ੁਰੂ ਕੀਤੀ ਹੈ। ਇਸ ਤਹਿਤ ਸਥਾਨਕ ਲੋਕਾਂ ਨੂੰ ਪੰਜ ਕਕਾਰਾਂ ਬਾਰੇ ਤੇ ਸਿੱਖ ਧਰਮ ਦੀ ਰਹਿਤ ਮਰਿਆਦਾ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ। ਇਸ ਸਬੰਧ ਵਿਚ ਮਿਸ਼ੀਗਨ ਦੀ ਸਿੱਖ ਸੰਗਤ ਤੇ ਦੋਵਾਂ ਸਿੱਖ ਜਥੇਬੰਦੀਆਂ ਦੀ ਮਦਦ ਨਾਲ ਉਥੋਂ ਦੇ ਅਧਿਕਾਰੀਆਂ ਨੂੰ ਇਕ ਮੰਗ ਪੱਤਰ ਦੇ ਕੇ ਧਾਰਮਿਕ ਹੱਕਾਂ ਨੂੰ ਲਾਗੂ ਕਰਨ ਦੀ ਮੰਗ ਕੀਤੀ ਗਈ ਹੈ।

ਗੁਰਦਵਾਰਾ ਸਿੰਘ ਸਭਾ ਮਿਸ਼ੀਗਨ ਦੇ ਕੈਂਟਨ ਦੇ ਪ੍ਰਤੀਨਿਧ ਸ. ਤੇਜਕਿਰਨ ਸਿੰਘ ਨੇ ਕਿਹਾ, "ਅਸੀਂ ਸਾਰੇ ਅਮਰੀਕੀ ਹਾਂ ਅਤੇ ਚਾਹੁੰਦੇ ਹਾਂ ਕਿ ਸਾਡੇ ਹੋਰ ਅਮਰੀਕੀ ਭਰਾ-ਭੈਣ ਜ਼ਰੂਰ ਸਮਝਣ ਕਿ ਅਸੀਂ ਕੌਣ ਹਾਂ।" ਡਿਟਰਾਇਟ ਦੇ ਇੰਟਰਫੇਥ ਲੀਡਰਸ਼ਿਪ ਦੇ ਮੁਖੀ ਰੌਬਰਟ ਬਰਟਲ ਨੇ ਕਿਹਾ ਕਿ ਹੋਰ ਧਰਮਾਂ ਨੂੰ ਵੀ ਅਜਿਹੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ ਸੀ। ਉਸ ਨੇ ਮੀਟਿੰਗ ਵਿਚ ਜੁੜੇ ਲੋਕਾਂ ਨੂੰ ਪ੍ਰੇਰਨਾ ਕੀਤੀ ਕਿ ਉਹ ਆਮ ਜਨਤਾ ਨੂੰ ਆਪਣੇ ਧਰਮ ਬਾਰੇ ਜਾਣੂ ਕਰਾਉਣ। ਇਸ ਦੌਰਾਨ ਲੋਕਾਂ ਨੂੰ ਸਿਖਿਅਤ ਕਰਨ ਲਈ 30 ਜਨਵਰੀ ਨੂੰ ਪਲਿਮਥ ਅਤੇ 6 ਫਰਵਰੀ ਨੂੰ ਕੈਂਟਨ ਦੇ ਗੁਰਦਵਾਰਿਆਂ ਵਿਚ ਖੁਲ੍ਹੀ ਵਿਚਾਰ ਚਰਚਾ ਕਰਵਾਉਣ ਦਾ ਫੈਸਲਾ ਲਿਆ ਗਿਆ ਹੈ।

ਜਦੋਂ ਕੁਝ ਗੋਰੇ ਲੋਕਾਂ ਨਾਲ ਇਸ ਮਸਲੇ ਬਾਰੇ ਸਰਸਰੀ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਦਾ ਕਹਿਣਾ ਸੀ ਕਿ ਉਹ ਹਾਲ ਦੀ ਘੜੀ ਕਿਸੇ ਵੀ ਹਥਿਆਰ ਵਰਗੀ ਚੀਜ਼ ਨੂੰ ਕਿਸੇ ਵੀ ਕਾਰਨ, ਚਾਹੇ ਧਾਰਮਕ ਹੀ ਹੋਣ, ਸਕੂਲ 'ਚ ਲਿਜਾਣ ਦੇ ਸਖਤ ਖਿਲਾਫ਼ ਹਨ। ਅਜਿਹੇ ਵਿਚ ਉਹ ਆਪਣੇ ਬੱਚਿਆਂ ਨੂੰ ਮਹਿਫੂਜ਼ ਨਹੀਂ ਸਮਝਦੇ।

## ਚੀਨ ਦੇ ਦੁੱਧ ਉਤਪਾਦਾਂ ਦੀ ਦਰਾਮਦ 'ਤੇ ਪਾਬੰਦੀ ਜਾਰੀ

**ਨਵੀਂ ਦਿੱਲੀ:** ਭਾਰਤ ਨੇ ਚੀਨ ਤੋਂ ਦੁੱਧ ਤੇ ਇਸ ਤੋਂ ਬਣੇ ਉਤਪਾਦਾਂ ਦੀ ਦਰਾਮਦ 'ਤੇ ਲੱਗੀ ਪਾਬੰਦੀ ਨੂੰ ਇਕ ਸਾਲ ਲਈ ਹੋਰ ਵਧਾ ਦਿੱਤਾ ਹੈ। ਵਿਦੇਸ਼ੀ ਵਪਾਰ ਦੇ ਡਾਇਰੈਕਟੋਰੇਟ ਜਨਰਲ ਵੱਲੋਂ ਜਾਰੀ ਨੋਟੀਫਿਕੇਸ਼ਨ 'ਚ ਕਿਹਾ ਕਿ ਅਗਲੇ ਹੁਕਮਾਂ ਤਕ ਚੀਨ ਤੋਂ ਦੁੱਧ ਤੇ ਇਸ ਤੋਂ ਤਿਆਰ ਉਤਪਾਦਾਂ ਦੇ ਦਰਾਮਦ 'ਤੇ ਰੋਕ ਜਾਰੀ ਰਹੇਗੀ।

ਨੋਟੀਫਿਕੇਸ਼ਨ ਅਨੁਸਾਰ ਇਹ ਪਾਬੰਦੀ 24 ਦਸੰਬਰ, 2010 ਤੋਂ ਇਕ ਸਾਲ ਲਈ ਜਾਰੀ ਰਹੇਗੀ। ਪਿਛਲੇ ਸਾਲ 24 ਜੂਨ ਨੂੰ ਸਰਕਾਰ ਨੇ ਇਸ ਪਾਬੰਦੀ ਨੂੰ 6 ਮਹੀਨਿਆਂ ਲਈ ਵਧਾ ਦਿੱਤਾ ਸੀ। ਚੀਨ ਤੋਂ ਦੁੱਧ ਦੇ ਉਤਪਾਦਾਂ ਦੀ ਦਰਾਮਦ 'ਤੇ ਭਾਰਤ ਸਰਕਾਰ ਨੇ ਸਤੰਬਰ 2008 ਤੋਂ ਪਾਬੰਦੀ ਲਗਾਈ ਹੋਈ ਹੈ। ਭਾਰਤ ਸਰਕਾਰ ਨੇ ਘਰੇਲੂ ਉਦਯੋਗ ਦੀ ਸੁਰੱਖਿਆ ਲਈ ਚੀਨ ਤੋਂ ਆਉਣ ਵਾਲੇ ਚੌਕਲੇਟ, ਚੌਕਲੇਟ ਉਤਪਾਦਾਂ, ਕੈਂਡੀ, ਕਨਫੈਕਸ਼ਨਰੀ ਤੇ ਦੁੱਧ ਤੋਂ ਬਣੀਆਂ ਚੀਜ਼ਾਂ 'ਤੇ ਪਾਬੰਦੀ ਲਾਈ ਹੋਈ ਹੈ।

# ਮੁੰਬਈ ਹਮਲਿਆਂ ਬਾਰੇ ਪਾਕਿ ਕਾਰਵਾਈ ਤੋਂ ਭਾਰਤ ਨਾਖੁਸ਼

**ਨਵੀਂ ਦਿੱਲੀ:** ਭਾਰਤ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਪਾਕਿਸਤਾਨ ਵੱਲੋਂ ਮੁੰਬਈ ਹਮਲਿਆਂ ਦੇ ਦੋਸ਼ੀਆਂ ਖ਼ਿਲਾਫ਼ ਕਾਰਵਾਈ ਵਿਚ ਕੀਤੀ ਜਾ ਰਹੀ ਢਿੱਲ ਮੱਠ 'ਤੇ ਨਾਰਾਜ਼ਗੀ ਪ੍ਰਗਟ ਕਰਦਿਆਂ ਕਿਹਾ ਹੈ ਕਿ ਉਸ ਨੂੰ ਇਹ ਕੰਮ ਛੇਤੀ ਨਿਬੇੜਨਾ ਚਾਹੀਦਾ ਹੈ। ਇਸ ਮੌਕੇ ਪ੍ਰਧਾਨ ਮੰਤਰੀ ਨੇ ਕਿਹਾ ਕਿ ਪਾਕਿਸਤਾਨ 'ਚ ਇਸ ਹਮਲੇ ਦੇ ਦੋਸ਼ੀਆਂ ਖ਼ਿਲਾਫ਼ ਕਾਨੂੰਨੀ ਕਾਰਵਾਈ 'ਕੱਛੂ ਚਾਲ' ਨਾਲ ਹੋ ਰਹੀ ਹੈ। ਉਸ ਦੀ ਕਾਰਵਾਈ ਤੋਂ ਅਸੀਂ ਭੋਰਾ ਵੀ ਸੰਤੁਸ਼ਟ ਨਹੀਂ। ਜ਼ਿਕਰਯੋਗ ਹੈ ਕਿ ਪਾਕਿਸਤਾਨੀ ਅਤਿਵਾਦੀ ਜਥੇਬੰਦੀ ਲਸ਼ਕਰ-ਏ-ਤੋਇਬਾ ਨੇ 26/11 ਦਾ ਹਮਲਾ ਕੀਤਾ ਸੀ ਤੇ ਉਸ ਵਿਚ 166 ਲੋਕ ਮਾਰੇ ਗਏ ਸਨ। ਇਸ ਦੌਰਾਨ ਵਿਦੇਸ਼ ਮੰਤਰੀ ਐਸ.ਐਮ. ਕ੍ਰਿਸ਼ਨਾ ਨੇ ਕਿਹਾ ਹੈ ਕਿ ਅਗਲੇ ਕੁਝ ਮਹੀਨਿਆਂ ਦੌਰਾਨ ਪਾਕਿ ਦੇ ਵਿਦੇਸ਼ ਮੰਤਰੀ ਐਸ.ਐਮ. ਕੁਰੈਸ਼ੀ ਭਾਰਤ ਆ ਰਹੇ ਹਨ ਤੇ ਉਸ ਤੋਂ ਪਹਿਲਾਂ ਦੋਵਾਂ ਮੁਲਕਾਂ ਦੇ ਵਿਦੇਸ਼ ਸਕੱਤਰਾਂ ਵਿਚਾਲੇ ਉਸ ਗੱਲਬਾਤ ਲਈ ਏਜੰਡੇ ਤੈਅ ਕੀਤੇ ਜਾਣਗੇ।

ਉਧਰ ਪਾਕਿਸਤਾਨ ਨੇ ਆਸ ਪ੍ਰਗਟਾਈ ਹੈ ਕਿ ਭਾਰਤ ਮੁੜ ਗੱਲਬਾਤ ਸ਼ੁਰੂ ਕਰਨ ਲਈ ਉਸ ਦੀ 'ਗੰਭੀਰਤਾ' ਬਾਰੇ ਵਿਦੇਸ਼ ਸਕੱਤਰਾਂ ਦੀ ਹੋਣ ਵਾਲੀ ਗੱਲਬਾਤ ਵੇਲੇ ਸਕਾਰਾਤਮਕ ਰੁਖ਼ ਅਪਣਾਏਗਾ। ਭਾਰਤ ਤੇ ਪਾਕਿ ਵਿਦੇਸ਼ ਸਕੱਤਰਾਂ ਵਿਚਾਲੇ ਅਗਲੇ ਮਹੀਨੇ ਭੂਟਾਨ ਵਿਖੇ ਗੱਲਬਾਤ ਹੋ ਰਹੀ ਹੈ ਤੇ ਪਾਕਿ ਦੇ ਵਿਦੇਸ਼ ਸਕੱਤਰ ਨੇ ਭਾਰਤ ਦੌਰੇ 'ਤੇ ਵੀ ਆਉਣਾ ਹੈ। ਜਨਾਬ ਗਿਲਾਨੀ ਨੇ ਕਿਹਾ ਕਿ ਉਨ੍ਹਾਂ ਦਾ ਮੁਲਕ ਭਾਰਤ ਨਾਲ ਸਾਰਥਕ ਗੱਲਬਾਤ ਚਾਹੁੰਦਾ ਹੈ ਤੇ ਉਨ੍ਹਾਂ ਨੂੰ ਆਸ ਹੈ ਕਿ ਵਿਦੇਸ਼ ਸਕੱਤਰਾਂ ਦੀ ਗੱਲਬਾਤ ਵੇਲੇ ਭਾਰਤ ਉਸ ਦੀ ਇੱਛਾ ਸਬੰਧੀ ਸਕਾਰਾਤਮਕ ਰੁਖ਼ ਅਪਣਾਏਗਾ। ਪਿਛਲੇ ਸਾਲ ਸਤੰਬਰ ਤੋਂ ਬਾਅਦ ਦੋਵੇਂ ਮੁਲਕਾਂ ਦੇ ਵਿਦੇਸ਼ ਸਕੱਤਰ ਹੁਣ ਮਿਲਣਗੇ। ਜਨਾਬ ਗਿਲਾਨੀ ਨੇ ਕਿਹਾ ਕਿ ਭਾਰਤ ਤੇ ਪਾਕਿ ਸਬੰਧ ਸਿਰਫ਼ ਅਤਿਵਾਦ ਦੇ ਮੁੱਦੇ 'ਤੇ ਹੀ ਅੜ ਕੇ ਨਾ ਰਹਿ ਜਾਣ, ਦੋਵਾਂ ਮੁਲਕਾਂ ਵਿਚਾਲੇ ਹੋਰ ਵੀ ਬਹੁਤ ਸਾਰੇ ਮਾਮਲੇ ਚਰਚਾ ਲਈ ਪਏ ਹਨ। ਉਧਰ ਲਾਹੌਰ ਸਥਿਤ ਅਮਰੀਕਾ ਦੇ ਸਫ਼ਾਰਤਖਾਨੇ ਦੀ ਕੌਂਸਲੇਟ ਕਰਮੈਲਾ ਏ ਕੋਨਰੇ ਨੇ ਭਾਰਤ ਤੇ ਪਾਕਿਸਤਾਨ ਵਿਚਾਲੇ ਤਣਾਅ ਵਾਲੇ ਮੁੱਦਿਆਂ ਦੀ ਗੱਲ ਕਰਦਿਆਂ ਕਿਹਾ ਕਿ ਲੋਕਾਂ ਦੀ ਸੋਚ ਨੂੰ ਬਦਲਣ ਦੀ ਲੋੜ ਹੈ। ਦੋਵਾਂ ਮੁਲਕਾਂ ਵਿਚ ਵੰਡ ਤੋਂ ਬਾਅਦ ਲੋਕਾਂ ਨੇ ਆਪਣੇ ਬੱਚਿਆਂ ਦੇ ਮਨਾਂ ਵਿਚ ਇਕ ਦੂਜੇ ਦੇਸ਼ ਪ੍ਰਤੀ ਨਫ਼ਰਤ ਭਰ ਦਿੱਤੀ। ਇਸਦਾ ਸਿੱਟਾ ਹੈ ਕਿ ਦੋਵਾਂ ਮੁਲਕਾਂ ਵਿਚ ਇਕ ਪੀੜ੍ਹੀ ਦੇ ਲੋਕਾਂ ਦੇ ਮਨਾਂ ਵਿਚ ਜ਼ਹਿਰ ਭਰਿਆ ਹੋਇਆ ਹੈ।



ਸ੍ਰੀਮਤੀ ਕਰਮੈਲਾ ਇਕ ਸਾਲ ਅਫ਼ਗਾਨਿਸਤਾਨ ਵਿਖੇ ਵੀ ਸ਼ਰਨਾਰਥੀ ਕੋਆਰਡੀਨੇਟਰ ਵਜੋਂ ਬਿਤਾ ਚੁੱਕੇ ਹਨ। ਦੋਵਾਂ ਮੁਲਕਾਂ ਦੇ ਸਰਹੱਦੀ ਇਲਾਕੇ ਅਤਿਵਾਦ ਨਾਲ ਪ੍ਰਭਾਵਿਤ ਹਨ।

# ਗਿਆਨੀ ਪ੍ਰੇਮ ਸਿੰਘ ਸੁਰਗਵਾਸ

**ਯੂਬਾ ਸਿਟੀ:** ਗਿਆਨੀ ਪ੍ਰੇਮ ਸਿੰਘ ਲੰਘੀ 6 ਜਨਵਰੀ ਨੂੰ ਅਚਾਨਕ ਅਕਾਲ ਚਲਾਣਾ ਕਰ ਗਏ। ਉਹ ਸ. ਗੁਰਬਖ਼ਸ਼ ਸਿੰਘ ਅਤੇ ਸ. ਹਰਨਾਮ ਸਿੰਘ ਦੇ ਪਿਤਾ ਸਨ। ਸ. ਪ੍ਰੇਮ ਸਿੰਘ ਪੰਜਾਬ ਵਿਚ ਜ਼ਿਲਾ ਹੁਸ਼ਿਆਰਪੁਰ ਦੇ ਪਿੰਡ ਨੰਗਲ ਕਲਾਂ ਤੋਂ ਸਨ ਅਤੇ ਪਿਛਲੇ ਵੀਹ ਸਾਲਾਂ ਤੋਂ ਇਥੇ ਰਹਿੰਦੇ ਚਲੇ ਆ ਰਹੇ ਸਨ।



ਸ. ਪ੍ਰੇਮ ਸਿੰਘ ਦਾ ਸਸਕਾਰ ਆਉਂਦੀ 15 ਜਨਵਰੀ ਨੂੰ ਇਥੇ ਉਲਰੇ ਮੈਮੋਰੀਅਲ ਚੈਪਲ (817 ਐਲਮੰਡ ਸਟਰੀਟ) ਵਿਚ ਸਵੇਰੇ 11 ਤੋਂ 1 ਵਜੇ ਤੱਕ ਹੋਵੇਗਾ। ਹੋਰ ਜਾਣਕਾਰੀ ਲਈ ਫੋਨ 530-682-3962 ਉਤੇ ਸੰਪਰਕ ਕੀਤਾ ਜਾ ਸਕਦਾ ਹੈ।




ਗੈਸ ਸਟੇਸ਼ਨ ਲੀਜ਼ ਲਈ ਉਪਲਬਧ ਹੈ

ਬੇਕਰਜ਼ਫੀਲਡ ਵਿਚ ਇਕ ਬਿਜੀ ਗੈਸ ਸਟੇਸ਼ਨ ਲੀਜ਼ ਲਈ ਉਪਲਬਧ ਹੈ। ਅੰਦਰ ਦੀ ਸੇਲ 50,000 ਡਾਲਰ ਪ੍ਰਤੀ ਮਹੀਨਾ ਅਤੇ ਗੈਸ 40,000 ਗੈਲਨ ਪ੍ਰਤੀ ਮਹੀਨਾ, ਲੰਮੀ ਲੀਜ਼
ਕੀਮਤ 149,000 ਡਾਲਰ + ਇਨਵੈਂਟਰੀ
ਕਿਰਾਇਆ 3200 ਡਾਲਰ ਪ੍ਰਤੀ ਮਹੀਨਾ
ਵਧੇਰੇ ਜਾਣਕਾਰੀ ਲਈ ਕਾਲ ਕਰੋ
ਬਾਬੀ, ਫੋਨ:661-808-7181

# ਕੇਂਦਰ ਕਰਦਾ ਹੈ ਪੰਜਾਬੀਆਂ ਤੇ ਸਿੱਖਾਂ ਨਾਲ ਵਿਤਕਰਾ-ਸੁੱਚਾ ਸਿੰਘ ਲੰਗਾਹ

**ਸੈਕਰਾਮੈਂਟੋ:** ਪੰਜਾਬ ਦੇ ਖੇਤੀ ਮੰਤਰੀ ਸ. ਸੁੱਚਾ ਸਿੰਘ ਲੰਗਾਹ ਨੇ ਕਿਹਾ ਹੈ ਕਿ ਕੇਂਦਰ ਸਰਕਾਰ ਨੇ ਸਿੱਖਾਂ ਅਤੇ ਪੰਜਾਬੀਆਂ ਨਾਲ ਹਮੇਸ਼ਾ ਵਿਤਕਰਾ ਕੀਤਾ ਹੈ ਅਤੇ ਮਤਰੇਈ ਮਾਂ ਵਾਲਾ ਸਲੂਕ ਕੀਤਾ ਹੈ। ਇਸ ਵਿਤਕਰੇ ਦੀ ਇਕ ਵੱਡੀ ਮਿਸਾਲ ਹੈ, ਪੰਜਾਬੀਆਂ ਅਤੇ ਸਿੱਖਾਂ ਦੀ ਹੋ ਰਹੀ ਭਾਰਤੀ ਸਫਾਰਤਖਾਨਿਆਂ ਵਿਚ ਖੱਜਲ ਖੁਆਰੀ। ਉਨ੍ਹਾਂ ਕਿਹਾ ਕਿ ਉਹ ਆਪਣੀ ਪਾਰਟੀ ਦੇ ਸੰਸਦ ਮੈਂਬਰਾਂ ਨੂੰ ਇਸ ਮਸਲੇ ਬਾਰੇ ਆਵਾਜ਼ ਉਠਾਉਣ ਲਈ ਕਹਿਣਗੇ।

ਵਕੀਲ ਜਸਪ੍ਰੀਤ ਸਿੰਘ ਦੇ ਵਿਸ਼ੇਸ਼ ਸੱਦੇ ਤੇ ਕੈਲੀਫੋਰਨੀਆ ਪੁੱਜੇ ਸ. ਲੰਗਾਹ ਇਥੇ ਐਨ ਆਰ ਆਈ ਸਭਾ ਅਮਰੀਕਾ ਦੇ ਇਕ ਵਫਦ ਨੂੰ ਸੰਬੋਧਨ ਕਰ ਰਹੇ ਸਨ। ਐਨ.ਆਰ.ਆਈ. ਸਭਾ ਦੇ ਵਫ਼ਦ ਨੂੰ ਪੰਜਾਬ ਆਉਣ ਦਾ ਸੱਦਾ ਦਿੰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਪਰਵਾਸੀ ਪੰਜਾਬੀਆਂ ਨੂੰ ਦਰਪੇਸ਼ ਮੁਕਸ਼ਲਾਂ ਨੂੰ ਹੱਲ ਕਰਨ ਲਈ ਪੂਰੀ ਤਰ੍ਹਾਂ ਸੰਜੀਦਾ ਅਤੇ ਵਚਨਬੱਧ ਹੈ। ਪਰਵਾਸੀ ਪੰਜਾਬੀਆਂ ਦੇ ਪੰਜਾਬ ਦੀ ਤਰੱਕੀ ਵਿਚ ਅਹਿਮ ਯੋਗਦਾਨ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬੀਆਂ ਨੂੰ ਉਨ੍ਹਾਂ 'ਤੇ ਪੂਰਾ ਮਾਣ ਹੈ।



ਇਸ ਤੋਂ ਪਹਿਲਾਂ ਸ. ਜਸਪ੍ਰੀਤ ਸਿੰਘ ਨੇ ਉਨ੍ਹਾਂ ਨੂੰ ਪਰਵਾਸੀ ਭਾਰਤੀਆਂ ਦੀਆਂ ਸਮੱਸਿਆਵਾਂ ਬਾਰੇ ਬੋਲਦਿਆਂ ਕਿਹਾ ਕਿ ਭਾਰਤੀ ਸਫਾਰਤਖਾਨਿਆਂ ਵਿਚ ਪਾਸਪੋਰਟ ਅਤੇ ਵੀਜ਼ੇ ਦੇ ਮਾਮਲੇ ਵਿਚ ਪਰਵਾਸੀਆਂ ਦੀ ਖੱਜਲ ਖੁਆਰੀ ਵੱਡੇ ਪੱਧਰ 'ਤੇ ਹੋ ਰਹੀ ਹੈ। ਅਮਰੀਕੀ ਹਵਾਈ ਅੱਡਿਆਂ 'ਤੇ ਸਿੱਖ ਯਾਤਰੀਆਂ ਦੀਆਂ ਪੱਗਾਂ ਲੁਹਾ ਕੇ ਤਲਾਸ਼ੀ ਲਏ ਜਾਣ ਨਾਲ ਸਿੱਖ ਭਾਈਚਾਰੇ ਵਿਚ ਮਾਯੂਸੀ ਹੈ।

ਸ. ਲੰਗਾਹ ਨਾਲ ਭੰਡਾਲ ਭਰਾਵਾਂ ਦੇ ਰੈਸਟੋਰੈਂਟ ਬੰਬੇ ਬਾਰ ਐਂਡ ਗਰਿਲ ਵਿਖੇ ਹੋਈ ਇਸ ਮੁਲਾਕਾਤ ਦੌਰਾਨ ਐਨ.ਆਰ.ਆਈ. ਸਭਾ ਅਮਰੀਕਾ ਦੇ ਪ੍ਰਧਾਨ ਜਸਪ੍ਰੀਤ ਸਿੰਘ ਅਟਾਰਨੀ, ਮੁੱਖ ਬੁਲਾਰਾ ਨਰਿੰਦਰਪਾਲ ਸਿੰਘ ਹੁੰਦਲ, ਸਭਾ ਦੀ ਕੈਲੀਫੋਰਨੀਆ ਇਕਾਈ ਦੇ ਪ੍ਰਧਾਨ ਕੈਨੀ ਵਿਰਕ, ਜਨਰਲ ਸਕੱਤਰ ਦਿਲ ਨਿੱਝਰ, ਉਪ ਚੇਅਰਮੈਨ ਬੌਬੀ ਗੋਸਲ, ਉਪ ਚੇਅਰਮੈਨ ਨਵਿੰਦਰਜੀਤ ਸਿੰਘ ਭੰਡਾਲ, ਮੀਤ ਪ੍ਰਧਾਨ ਜਰਨੈਲ ਸਿੰਘ ਸੰਧੂ, ਸੀਨੀਅਰ ਮੀਤ ਪ੍ਰਧਾਨ ਸੁਰਿੰਦਰ ਬਿੰਦਰਾ, ਪ੍ਰਧਾਨ ਸੈਕਰਾਮੈਂਟੋ ਨੇਕਬੀਰ ਸਿੰਘ ਭੰਡਾਲ, ਪ੍ਰਧਾਨ ਮਾਡੈਸਟੋ ਰਾਣਾ ਮਨਜੀਤ ਸਿੰਘ ਸੰਧੂ, ਮੀਤ ਪ੍ਰਧਾਨ ਸੈਕਰਾਮੈਂਟੋ ਬਲਿਹਾਰ ਸਿੰਘ ਸਰਪੰਚ, ਪ੍ਰਭਜੋਤ ਸਿੰਘ, ਗੁਰਬੀਰ ਸਿੰਘ ਰਿਆੜ, ਜੋਬਨਪ੍ਰੀਤ ਸਿੰਘ ਫਰੀਮਾਂਟ, ਹਰਿੰਦਰ ਸਿੰਘ, ਬਲਵੰਤ ਸਿੰਘ ਬੰਕਾ, ਲਖਵਿੰਦਰ ਸਿੰਘ ਲੱਖੀ, ਕਸ਼ਮੀਰ ਸਿੰਘ ਥਾਂਦੀ, ਬਲਿਹਾਰ ਸਿੰਘ ਰਾਣੂੰ, ਹਰਜੀਤ ਸਿੰਘ ਨਾਗਰਾ, ਲਖਬੀਰ ਸਿੰਘ ਨਾਗਰਾ ਯੂਬਾ ਸਿਟੀ, ਚੈਨ ਸਿੰਘ ਖੇੜਾ ਚੀਕੋ ਆਦਿ ਸਨ।

ਸ. ਲੰਗਾਹ ਨੇ ਨਵਿੰਦਰਜੀਤ ਸਿੰਘ ਭੰਡਾਲ ਅਤੇ ਨੇਕਬੀਰ ਸਿੰਘ ਭੰਡਾਲ ਦਾ ਵੀ ਵਿਸ਼ੇਸ਼ ਧੰਨਵਾਦ ਕੀਤਾ ਜਿਨ੍ਹਾਂ ਦੇ ਰੈਸਟੋਰੈਂਟ ਬੰਬੇ ਬਾਰ ਐਂਡ ਗਰਿਲ ਵਿਚ ਇਹ ਮੀਟਿੰਗ ਹੋਈ।

ਬਾਅਦ ਵਿਚ ਸ. ਲੰਗਾਹ ਵਿਸ਼ੇਸ਼ ਤੌਰ 'ਤੇ ਆਪਣੇ ਮਿੱਤਰ ਅਤੇ ਕਾਨੂੰਨੀ ਸਲਾਹਕਾਰ ਜਸਪ੍ਰੀਤ ਸਿੰਘ ਦੇ ਘਰ ਪਧਾਰੇ। ਇਸ ਮੌਕੇ ਉਨ੍ਹਾਂ ਅਟਾਰਨੀ ਜਸਪ੍ਰੀਤ ਸਿੰਘ ਦੇ ਪਿਤਾ ਜਸਟਿਸ ਮੇਵਾ ਸਿੰਘ ਨਾਲ ਪੰਜਾਬ ਦੇ ਸਿਆਸੀ ਹਲਾਤਾਂ ਬਾਰੇ ਵਿਚਾਰਾਂ ਕੀਤੀਆਂ। ਸ. ਲੰਗਾਹ, ਨਰਿੰਦਰਪਾਲ ਸਿੰਘ ਹੁੰਦਲ, ਰਾਣਾ ਸੰਧੂ, ਕਸ਼ਮੀਰ ਸਿੰਘ, ਜਰਨੈਲ ਸਿੰਘ ਸੰਧੂ ਅਤੇ ਕਸ਼ਮੀਰ ਸਿੰਘ ਦੇ ਘਰ ਵੀ ਗਏ।

# ਸੈਕਰਾਮੈਂਟੋ ਵਿਚ ਗਦਰ ਮੈਮੋਰੀਅਲ ਪੰਜਾਬੀ ਕਾਨਫਰੰਸ 2 ਜੁਲਾਈ ਨੂੰ

**ਸੈਕਰਾਮੈਂਟੋ:** ਗਦਰ ਮੈਮੋਰੀਅਲ ਫਾਉਂਡੇਸ਼ਨ ਆਫ ਅਮਰੀਕਾ ਵਲੋਂ ਇਸ ਵਾਰ ਗਦਰ ਮੈਮੋਰੀਅਲ ਪੰਜਾਬੀ ਕਾਨਫਰੰਸ ਆਉਂਦੀ 2 ਜੁਲਾਈ ਨੂੰ ਇਥੇ ਸ਼ੈਲਡਨ ਹਾਈ ਸਕੂਲ ਦੇ ਪਰਫਾਰਮਿੰਗ ਆਰਟਸ ਸੈਂਟਰ ਵਿਚ ਕਰਵਾਈ ਜਾਵੇਗੀ। ਇਸ ਸਬੰਧੀ ਫੈਸਲਾ ਸੰਸਥਾ ਦੀ ਇਥੇ ਹੋਈ ਇਕ ਮੀਟਿੰਗ ਵਿਚ ਲਿਆ ਗਿਆ।

ਇਹ ਜਾਣਕਾਰੀ ਦਿੰਦਿਆਂ ਫਾਊਂਡੇਸ਼ਨ ਦੇ ਜਨਰਲ ਸਕੱਤਰ ਸਰਪੰਚ ਜਗਜੀਤ ਸਿੰਘ ਕੰਦੋਲਾ ਨੇ ਦੱਸਿਆ ਕਿ ਕਾਨਫਰੰਸ ਵਿਚ ਇੰਡੀਆ, ਕੈਨੇਡਾ ਅਤੇ ਅਮਰੀਕਾ ਦੇ ਨਾਮਵਰ ਲਿਖਾਰੀ ਅਤੇ ਬੁਲਾਰੇ ਭਾਗ ਲੈਣਗੇ। ਆਏ ਲੋਕਾਂ ਦੇ ਮਨੋਰੰਜਨ ਲਈ ਦਿਲਾਂ ਨੂੰ ਟੁੰਬਣ ਵਾਲਾ ਔਰਤ ਜਾਤ ਨਾਲ ਹੁੰਦੀਆਂ ਵਧੀਕੀਆਂ ਬਾਰੇ ਇਕ ਨਾਟਕ ਪੇਸ਼ ਕੀਤਾ ਜਾਏਗਾ। ਲੋਕ ਗਾਇਕ ਸੂਫੀ ਕਲਾਮ ਅਤੇ ਸ਼ਿਵ ਕੁਮਾਰ ਬਟਾਲਵੀ ਦੇ ਗੀਤ ਪੇਸ਼ ਕਰਨਗੇ।

ਉਨ੍ਹਾਂ ਦੱਸਿਆ ਕਿ ਗਦਰੀ ਬਾਬਿਆਂ ਦੀਆਂ ਭਾਰਤ ਦੀ ਜੰਗ-ਏ-ਆਜ਼ਾਦੀ ਲਈ ਕੀਤੀਆਂ ਕੁਰਬਾਨੀਆਂ ਬਾਰੇ ਇਕ ਪੁਸਤਕ ਵੀ ਤਿਆਰ ਕੀਤੀ ਜਾ ਰਹੀ ਹੈ ਜਿਸ ਵਿਚ ਕੂਕਾ ਲਹਿਰ, ਬੱਬਰ ਲਹਿਰ, ਗੁਰਦੁਆਰਾ ਸੁਧਾਰ ਲਹਿਰ ਅਤੇ 1857 ਦੇ ਗਦਰ, ਕਾਮਾਗਾਟਾ ਮਾਰੂ, ਬਜਬਜ ਘਾਟ ਦੀ ਘਟਨਾ, ਭਾਰਤ ਨੌਜਵਾਨ ਸਭਾ, ਸਮੁੰਦਰੀ ਬੇੜੇ ਦੀ ਬਗਾਵਤ ਆਦਿ ਆਜ਼ਾਦੀ ਲਹਿਰ ਦੇ ਕਾਂਡਾਂ ਬਾਰੇ ਭਰਪੂਰ ਜਾਣਕਾਰੀ ਹੋਵੇਗੀ। ਇਹ ਪੁਸਤਕ 2013 ਵਿਚ ਗਦਰ ਲਹਿਰ ਦੀ ਸ਼ਤਾਬਦੀ ਲਈ ਕੌਮਾਂਤਰੀ ਪੱਧਰ 'ਤੇ ਕੀਤੇ ਜਾ ਰਹੇ ਜਸ਼ਨਾਂ ਮੌਕੇ ਰਿਲੀਜ਼ ਕੀਤੀ ਜਾਵੇਗੀ। ਇਸ ਪੁਸਤਕ ਨੂੰ ਤਿਆਰ ਕਰਨ ਲਈ ਫਰਵਰੀ ਦੇ ਪਹਿਲੇ ਹਫਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਾਈਸ ਚਾਂਸਲਰ ਡਾ ਜਸਪਾਲ ਸਿੰਘ ਦੀ ਪ੍ਰਧਾਨਗੀ ਹੇਠ ਇਕ ਮੀਟਿੰਗ ਰਖੀ ਗਈ ਹੈ ਜਿਸ ਵਿਚ ਪੰਜਾਬ ਖੇਤੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ ਮਨਜੀਤ ਸਿੰਘ ਕੰਗ ਤੇ ਸਾਬਕਾ ਵਾਈਸ ਚਾਂਸਲਰ ਡਾ ਸਰਦਾਰਾ ਸਿੰਘ ਜੌਹਲ, ਪੱਤਰਕਾਰ ਕੁਲਦੀਪ ਨਈਅਰ, ਸਾਹਿਤ ਅਕਾਦਮੀ ਦਿੱਲੀ ਦੇ ਮੀਤ ਪ੍ਰਧਾਨ ਡਾ ਸਤਿੰਦਰ ਸਿੰਘ ਨੂਰ, ਨਹਿਰੂ ਯੂਨੀਵਰਸਿਟੀ ਤੋਂ ਭਗਵਾਨ ਸਿੰਘ ਜੋਸ਼, ਡਾ ਜਸਵਿੰਦਰ ਸਿੰਘ, ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਡਾ ਧਨਵੰਤ ਕੌਰ, ਗੁਰੂ ਨਾਨਕ ਯੂਨੀਵਰਸਿਟੀ ਤੋਂ ਡਾ ਹਰੀਸ਼ ਪੁਰੀ ਸ਼ਾਮਲ ਹੋਣਗੇ। ਇਸ ਪ੍ਰਾਜੈਕਟ ਨੂੰ ਸਿਰੇ ਚਾੜ੍ਹਨ ਵਾਸਤੇ ਸੰਸਥਾ ਦੇ ਨੁਮਾਇੰਦੇ ਸ੍ਰੀ ਚਰਨ ਸਿੰਘ ਜੱਜ ਅਤੇ ਸ੍ਰੀ ਕੁਲਦੀਪ ਸਿੰਘ ਅਟਵਾਲ ਭਾਰਤ ਜਾ ਰਹੇ ਹਨ।

ਸ੍ਰੀ ਕੰਦੋਲਾ ਅਨੁਸਾਰ ਗਦਰ ਮੈਮੋਰੀਅਲ ਪੰਜਾਬੀ ਕਾਨਫਰੰਸ ਦੀ ਅਹਿਮੀਅਤ ਨੂੰ ਧਿਆਨ ਵਿਚ ਰਖਦਿਆਂ ਇਸ ਸਬੰਧੀ ਇਕ 7 ਮੈਂਬਰੀ ਸਲਾਹਕਾਰ ਕਮੇਟੀ ਡਾ ਗੁਰੂਮੇਲ ਸਿੰਘ ਸਿੱਧੂ ਅਤੇ ਡਾ ਗੁਰਦੇਵ ਸਿੰਘ ਖੁਸ਼ ਦੀ ਅਗਵਾਈ ਹੇਠ ਬਣਾਈ ਜਾਵੇਗੀ।

## 'ਲੋਹੜੀ ਕਵੀ ਦਰਵਾਰ' 22 ਜਨਵਰੀ ਨੂੰ

**ਫਰੀਮਾਂਟ:** ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ (ਬੇ ਏਰੀਆ ਇਕਾਈ) ਵੱਲੋਂ 16 ਜਨਵਰੀ ਦੀ ਮੀਟਿੰਗ ਰੱਦ ਕਰ ਦਿੱਤੀ ਗਈ ਹੈ ਅਤੇ ਹੁਣ ਇਹ ਮੀਟਿੰਗ 22 ਜਨਵਰੀ ਨੂੰ ਉਸੇ ਥਾਂ ਬਾਅਦ ਦੁਪਹਿਰ 3 ਤੋਂ 6 ਵਜੇ ਤੱਕ ਹੋਵੇਗੀ।

ਇਹ ਜਾਣਕਾਰੀ ਦਿੰਦਿਆਂ ਸਭਾ ਦੇ ਪ੍ਰਧਾਨ ਕੁਲਦੀਪ ਸਿੰਘ ਢੀਂਡਸਾ ਨੇ ਦੱਸਿਆ ਕਿ ਇਸ ਮੌਕੇ ਇਕ "ਲੋਹੜੀ ਕਵੀ ਦਰਵਾਰ" ਕਰਵਾਇਆ ਜਾਵੇਗਾ।


ਮੋਡੈਸਟੋ 'ਚ ਸ਼ੁਰੂ

11 ਸਟੇਸ਼ਨਾਂ ਤੋਂ ਚੱਲਣ ਵਾਲਾ
San Jose, Livermore, Berkeley, Sacramento, Tracy, Stocton, Modesto, Fresno, Yuba City, Bakersfield, Reno

ਸਟਾਕਟਨ 'ਚ ਸ਼ੁਰੂ

ਪੰਜਾਬੀ ਰੇਡੀਓ
Punjabi RADIO

ਗੁਰਬਾਣੀ ਪ੍ਰੋਗਰਾਮ
ਸਵੇਰ ਨੂੰ ਗੁਰਬਾਣੀ ਦਾ ਸਿੱਧਾ ਪ੍ਰਸਾਰਣ ਗੁਰਦੁਆਰਾ ਸਾਹਿਬ ਫਰੀਮਾਂਟ ਤੋਂ ਸ਼ਾਮ ਨੂੰ ਵੱਖ ਵੱਖ ਗੁਰੂਘਰਾਂ ਤੋਂ

ਸਪੈਸ਼ਲ ਟਾਕ ਸ਼ੋਅ ਹਰ ਰੋਜ
ਵੱਖ ਵੱਖ ਭਖਦੇ ਮਸਲਿਆਂ ਉੱਤੇ ਮਾਹਰਾਂ ਦੀ ਵਿਸ਼ੇਸ਼ ਵਿਚਾਰ ਚਰਚਾ ਸ਼ਾਮ 8.00 ਤੋਂ 9.00 ਵਜੇ ਤੱਕ

24 ਘੰਟੇ ਚੱਲਣ ਵਾਲਾ ਪੰਜਾਬੀ ਰੇਡੀਓ
ਕੀਮਤ $25
ਜਿਨ੍ਹਾਂ ਕੋਲ ਪਹਿਲਾਂ ਵੀ ਚਿੱਪ ਵਾਲੇ ਰੇਡੀਓ ਹਨ, ਉਹ ਹੁਣ ਸਾਡੇ ਪ੍ਰੋਗਰਾਮ ਸੁਣ ਸਕਦੇ ਹਨ

ਖ਼ਬਰਾਂ
ਪੰਜਾਬ ਇੰਡੀਆ ਅਤੇ ਪੰਜਾਬ ਪਾਕਿਸਤਾਨ ਤੋਂ ਦੁਨੀਆਂ 'ਚ ਕਿਤੇ ਵੀ ਆਨਲਾਈਨ, ਆਈ ਫੋਨ, ਬਲੈਕ ਬੇਰੀ ਉਪਰ ਲਾਈਵ ਸੁਣ ਸਕਦੇ ਹੋ।
www.punjabiradiousa.com

ਰੇਡੀਓ ਗੀਤ ਸੰਗੀਤ ਹੁਣ ਹੈ ਪੰਜਾਬੀ ਰੇਡੀਓ ਯੂਐਸਏ

ਹੋਰ ਜਾਣਕਾਰੀ ਲਈ 408.722.7698 • 831.786.1400
Email: info@punjabiradiousa.com
3750 McKee Road, # B, San Jose CA 95127

# ਢੱਟ ਲਾਪਤਾ ਕੇਸ:ਸੁਪਰੀਮ ਕੋਰਟ ਵੱਲੋਂ ਮਾਰਚ ਤੱਕ ਫ਼ੈਸਲਾ ਸੁਣਾਓਣ ਦੇ ਹੁਕਮ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਹੁਸ਼ਿਆਰਪੁਰ ਦੀ ਸੈਸ਼ਨ ਕੋਰਟ ਨੂੰ ਹੁਕਮ ਦਿੱਤਾ ਹੈ ਕਿ ਸ਼ਹੀਦ ਭਗਤ ਸਿੰਘ ਦੇ ਇਕ ਰਿਸ਼ਤੇਦਾਰ ਦੇ ਲਾਪਤਾ ਹੋਣ ਵਾਲੇ ਕੇਸ ਦਾ ਫ਼ੈਸਲਾ ਮਾਰਚ ਤੱਕ ਕਰ ਦਿੱਤਾ ਜਾਵੇ। ਯਾਦ ਰਹੇ ਸ਼ਹੀਦ ਭਗਤ ਸਿੰਘ ਦੀ ਭੈਣ ਪ੍ਰਕਾਸ਼ ਕੌਰ ਦੇ ਜਵਾਈ ਕੁਲਜੀਤ ਸਿੰਘ ਢੱਟ ਨੂੰ ਜੁਲਾਈ 1989 ਵਿਚ ਪੁਲਿਸ ਨੇ ਚੁੱਕ ਲਿਆ ਸੀ। ਇਸ ਕੇਸ ਵਿਚ ਵੱਡੇ ਪੱਧਰ 'ਤੇ ਦਖ਼ਲਅੰਦਾਜ਼ੀ ਹੋਈ ਅਤੇ ਇਸ ਬਾਰੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਵੀ 1998 ਵਿਚ ਹੁਕਮ ਸੁਣਾ ਦਿੱਤਾ ਸੀ ਕਿ ਦੋਸ਼ੀ ਪੁਲਿਸ ਮੁਲਾਜ਼ਮਾਂ ਖ਼ਿਲਾਫ਼ ਕਾਰਵਾਈ ਬੰਦ ਕਰ ਦਿੱਤੀ ਜਾਵੇ।





*ਕੁਲਜੀਤ ਸਿੰਘ ਢੱਟ ਅਤੇ ਬੀਬੀ ਪ੍ਰਕਾਸ਼ ਕੌਰ*

ਸੁਪਰੀਮ ਕੋਰਟ ਦੇ ਜਸਟਿਸ ਐਚ.ਐਸ. ਬੇਦੀ ਅਤੇ ਜਸਟਿਸ ਬੀ.ਐਸ. ਚੌਹਾਨ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦਾ ਫ਼ੈਸਲਾ ਰੱਦ ਕਰਦਿਆਂ ਨਵੇਂ ਹੁਕਮ ਜਾਰੀ ਕੀਤੇ ਹਨ। ਪੀੜਤ ਪਰਿਵਾਰ ਦੇ ਵਕੀਲ ਆਰ.ਐਸ. ਬੈਂਸ ਨੇ ਦੱਸਿਆ ਕਿ ਸੁਪਰੀਮ ਕੋਰਟ ਨੇ ਇਹ ਫ਼ੈਸਲਾ ਕੁਲਜੀਤ ਸਿੰਘ ਢੱਟ ਦੀ ਵਿਧਵਾ ਗੁਰਮੀਤ ਕੌਰ ਦੀ ਅਰਜ਼ੀ 'ਤੇ ਸੁਣਾਇਆ ਹੈ।

ਯਾਦ ਰਹੇ ਬੀਬੀ ਪ੍ਰਕਾਸ਼ ਕੌਰ ਨੇ 1989 ਵਿਚ ਸੁਪਰੀਮ ਕੋਰਟ ਵਿਚ ਪਟੀਸ਼ਨ ਦਾਇਰ ਕੀਤੀ ਸੀ ਕਿ ਦੋਸ਼ੀਆਂ ਖਿਲਾਫ ਕਾਰਵਾਈ ਨਹੀਂ ਕੀਤੀ ਜਾ ਰਹੀ। ਮਗਰੋਂ ਐਡੀਸ਼ਨਲ ਜ਼ਿਲ੍ਹਾ ਤੇ ਸੈਸ਼ਨ ਜੱਜ ਐਚ.ਐਲ. ਰਣਦੇਵ ਨੇ ਇਸ ਕੇਸ ਦੀ ਜਾਂਚ ਕੀਤੀ ਅਤੇ ਇਸ ਵਿਚ ਪੰਜ ਪੁਲਿਸ ਮੁਲਾਜ਼ਮਾਂ ਨੂੰ ਕੁਲਜੀਤ ਸਿੰਘ (ਪਿੰਡ ਅੰਬਾਲਾ ਜੱਟਾਂ) ਨੂੰ ਲਾਪਤਾ ਕਰਨ ਦੇ ਦੋਸ਼ੀ ਠਹਿਰਾਇਆ ਗਿਆ। ਇਨ੍ਹਾਂ ਪੁਲਿਸ ਮੁਲਾਜ਼ਮਾਂ ਵਿਚ ਐਸ.ਪੀ. (ਓਪਰੇਸ਼ਨਜ਼) ਸੁਰਿੰਦਰਪਾਲ ਸਿੰਘ ਬਸਰਾ (ਹੁਣ ਡੀ.ਆਈ.ਜੀ.), ਦਸੂਹਾ ਦੇ ਡੀ.ਐਸ.ਪੀ. ਅਜੀਤ ਸਿੰਘ ਸੰਧੂ (ਮਗਰੋਂ ਐਸ.ਐਸ.ਪੀ. ਬਣਿਆ ਤੇ ਜਿਸ ਨੇ ਮਈ 1997 ਵਿਚ ਆਤਮ-ਹੱਤਿਆ ਕਰ ਲਈ ਸੀ) ਅਤੇ ਤਿੰਨ ਥਾਣੇਦਾਰ ਸਰਦੂਲ ਸਿੰਘ (ਐਸ.ਐਚ.ਓ. ਟਾਂਡਾ), ਜਸਪਾਲ ਸਿੰਘ (ਐਸ.ਐਚ.ਓ. ਦਸੂਹਾ) ਤੇ ਸੀਤਾ ਰਾਮ (ਐਸ.ਐਚ.ਓ. ਗੜ੍ਹਦੀਵਾਲਾ) ਸ਼ਾਮਲ ਹਨ।

ਸੁਪਰੀਮ ਕੋਰਟ ਨੇ ਪੀੜਤ ਪਰਿਵਾਰ ਨੂੰ ਤਿੰਨ ਲੱਖ ਰੁਪਏ ਮੁਆਵਜ਼ਾ ਦੇਣ ਦਾ ਹੁਕਮ ਵੀ ਦਿੱਤਾ ਸੀ। ਇਨ੍ਹਾਂ ਦੋਸ਼ੀਆਂ ਨੂੰ ਪਹਿਲਾਂ ਦਸੰਬਰ 1996 ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ ਪਰ ਪਿੱਛੋਂ ਜ਼ਮਾਨਤ 'ਤੇ ਰਿਹਾ ਕਰ ਦਿੱਤਾ ਗਿਆ। ਇਨ੍ਹਾਂ ਵਿਚੋਂ ਜਸਪਾਲ ਸਿੰਘ ਤੇ ਸੀਤਾ ਰਾਮ ਖਾੜਕੂਆਂ ਨਾਲ ਸਬੰਧਤ ਕਤਲ ਦੇ ਹੋਰ ਕੇਸਾਂ ਤਹਿਤ ਅੱਜ ਕੱਲ੍ਹ ਜੇਲ੍ਹ ਵਿਚ ਹਨ। ਜਸਪਾਲ ਸਿੰਘ ਨੇ ਕੇਸ ਦਰਜ ਕਰਵਾਇਆ ਹੋਇਆ ਹੈ ਕਿ ਪੰਜਾਬ ਵਿਚ ਖਾੜਕੂਆਂ ਦੇ ਦੌਰ ਵੇਲੇ ਉਨ੍ਹਾਂ ਖ਼ਿਲਾਫ਼ ਲੜਨ ਵਾਲੇ ਪੁਲਿਸ ਮੁਲਾਜ਼ਮਾਂ ਖ਼ਿਲਾਫ਼ ਕੇਸ ਦਰਜ ਕਰਨ ਦਾ ਸਰਕਾਰ ਨੂੰ ਕੋਈ ਹੱਕ ਨਹੀਂ ਹੈ।

ਚੇਤੇ ਰਹੇ ਪੁਲਿਸ ਨੇ ਜੁਲਾਈ 1989 ਇਹ ਕਹਾਣੀ ਘੜੀ ਸੀ ਕਿ ਕੁਲਜੀਤ ਸਿੰਘ ਪੁਲਿਸ ਦੀ ਹਿਰਾਸਤ ਵਿਚੋਂ ਉਦੋਂ ਦੌੜ ਗਿਆ ਸੀ ਜਦੋਂ ਉਸ ਨੂੰ ਬਿਆਸ ਦਰਿਆ ਨੇੜੇ ਹਥਿਆਰਾਂ ਦੀ ਬਰਾਮਦਗੀ ਲਈ ਲਿਜਾਇਆ ਜਾ ਰਿਹਾ ਸੀ।

ਸ਼ਹੀਦ ਭਗਤ ਸਿੰਘ ਦੀ ਭੈਣ ਪ੍ਰਕਾਸ਼ ਕੌਰ ਜੋ ਅਜਕੱਲ ਕੈਨੇਡਾ ਰਹਿੰਦੇ ਹਨ, ਦੀ ਧੀ ਸੁਰਜੀਤ ਕੌਰ ਨੇ ਦੱਸਿਆ ਕਿ ਉਸ ਦਾ ਵਿਆਹ ਕੁਲਜੀਤ ਸਿੰਘ ਢੱਟ ਦੇ ਵੱਡੇ ਭਰਾ ਹਰਭਜਨ ਸਿੰਘ ਨਾਲ ਹੋਇਆ। ਉਸ ਦਾ ਦਿਓਰ ਕੁਲਜੀਤ ਸਿੰਘ 21 ਸਾਲ ਤੋਂ ਲਾਪਤਾ ਹੈ ਅਤੇ ਅਦਾਲਤਾਂ ਦੇ ਗੇੜਿਆਂ ਨੇ ਉਨ੍ਹਾਂ ਨੂੰ ਤਬਾਹ ਕਰਕੇ ਰੱਖ ਦਿੱਤਾ ਹੈ।

## ਢੱਟ ਕੇਸ ਉਤੇ ਇਕ ਝਾਤ

**23 ਜੁਲਾਈ 1989:** ਕੁਲਜੀਤ ਸਿੰਘ ਢੱਟ ਨੂੰ ਪਿੰਡ ਗੜ੍ਹੀ (ਹੁਸ਼ਿਆਰ ਪੁਰ) ਤੋਂ ਚੁੱਕਿਆ।

**26 ਜੁਲਾਈ 1989:** ਪੁਲਿਸ ਮੁਤਾਬਕ ਕੁਲਜੀਤ ਸਿੰਘ ਪੁਲਿਸ ਹਿਰਾਸਤ ਵਿਚੋਂ ਫ਼ਰਾਰ।

**9 ਸਤੰਬਰ 1989:** ਪ੍ਰਕਾਸ਼ ਕੌਰ ਤੇ ਗੁਰਮੀਤ ਕੌਰ ਵੱਲੋਂ ਸੁਪਰੀਮ ਕੋਰਟ ਵਿਚ ਪਟੀਸ਼ਨ ਦਾਇਰ।

**1990:** ਸੁਪਰੀਮ ਕੋਰਟ ਵੱਲੋਂ ਸੇਵਾ ਮੁਕਤ ਜਸਟਿਸ ਐਚ.ਐਲ. ਰਣਦੇਵ ਦੀ ਅਗਵਾਈ ਵਿਚ ਜਾਂਚ ਕਮਿਸ਼ਨ ਕਾਇਮ।

**1993:** ਰਣਦੇਵ ਕਮਿਸ਼ਨ ਵੱਲੋਂ ਰਿਪੋਰਟ ਪੇਸ਼। ਅਜੀਤ ਸਿੰਘ ਸੰਧੂ, ਐਸ.ਪੀ. ਐਸ. ਬਸਰਾ, ਸਰਦੂਲ ਸਿੰਘ, ਜਸਪਾਲ ਸਿੰਘ ਤੇ ਸੀਤਾ ਰਾਮ ਨੂੰ ਦੋਸ਼ੀ ਠਹਿਰਾਇਆ।

**ਮਈ 1996:** ਦੋਸ਼ੀਆਂ ਖਿਲਾਫ ਕੇਸ ਦਰਜ। ਦੋਸ਼ੀਆਂ ਵੱਲੋਂ ਹਾਈ ਕੋਰਟ ਵਿਚ ਪਟੀਸ਼ਨ।

**ਮਾਰਚ 1998:** ਹਾਈ ਕੋਰਟ ਵੱਲੋਂ ਕੇਸ ਦੀ ਰੋਜ਼ਾਨਾ ਸੁਣਵਾਈ ਦੇ ਹੁਕਮ।

**ਜੁਲਾਈ 1998:** ਹਾਈ ਕੋਰਟ ਵੱਲੋਂ ਦੋਸ਼ੀਆਂ ਖਿਲਾਫ ਸੁਣਵਾਈ 'ਤੇ ਰੋਕ।

**ਜਨਵਰੀ 2011:** ਸੁਪਰੀਮ ਕੋਰਟ ਵੱਲੋਂ ਕੇਸ ਦਾ ਫ਼ੈਸਲਾ ਮਾਰਚ ਤੱਕ ਕਰਨ ਦੇ ਹੁਕਮ।

# ਕੌਮੀ ਪੇਂਡੂ ਖੇਡ ਮੇਲੇ 'ਚ ਪੰਜਾਬ ਬਾਕਸਿੰਗ 'ਚ ਨੈਸ਼ਨਲ ਚੈਪੀਅਨ

**ਫਤਿਹਗੜ੍ਹ ਸਾਹਿਬ (ਗੁਰਿੰਦਰਜੀਤ ਸਿੰਘ ਪੀਰਜੈਨ):** ਇਥੇ ਬਾਬਾ ਬੰਦਾ ਸਿੰਘ ਬਹਾਦਰ ਇੰਜੀਨੀਅਰਿੰਗ ਕਾਲਜ ਵਿਖੇ ਹੋਏ ਤੀਜੇ ਰਾਸ਼ਟਰੀ ਪੇਂਡੂ ਟੂਰਨਾਮੈਂਟ (ਲੜਕੇ ਅਤੇ ਲੜਕੀਆਂ, ਅੰਡਰ-16) ਵਿਚ ਮੇਜਬਾਨ ਪੰਜਾਬ ਨੇ ਲੜਕਿਆਂ ਦੇ ਬਾਕਸਿੰਗ ਦੇ ਫਾਈਨਲ ਮੁਕਾਬਲਿਆਂ ਵਿਚ 46 ਅੰਕ ਲੈ ਕੇ ਓਵਰਆਲ ਟ੍ਰਾਫੀ ਜਿੱਤ ਲਈ, ਹਰਿਆਣਾ 37 ਅੰਕ ਲੈ ਕੇ ਦੂਜੇ ਥਾਂ ਅਤੇ 26 ਅੰਕ ਲੈ ਕੇ ਆਂਧਰਾ ਪ੍ਰਦੇਸ ਤੀਜੇ ਥਾਂ ਰਿਹਾ।

ਟੇਬਲ ਟੈਨਿਸ ਵਿਚ ਲੜਕਿਆਂ ਦੇ ਫਾਈਨਲ ਮੁਕਾਬਲਿਆਂ ਵਿਚ ਤਾਮਿਲਨਾਡੂ ਨੇ ਮੱਧ ਪ੍ਰਦੇਸ ਨੂੰ 3-0 ਅੰਕਾਂ ਦੇ ਫਰਕ ਨਾਲ ਹਰਾ ਕੇ ਸੋਨੇ ਦਾ ਤਗਮਾ ਪ੍ਰਾਪਤ ਕੀਤਾ ਜਦੋਂਕਿ ਮੱਧ ਪ੍ਰਦੇਸ ਦੂਜੇ ਅਤੇ ਤ੍ਰਿਪੂਰਾ ਤੀਜੇ ਸਥਾਨ 'ਤੇ ਰਿਹਾ। ਟੇਬਲ ਟੈਨਿਸ ਦੇ ਲੜਕੀਆਂ ਦੇ ਫਾਈਨਲ ਮੁਕਾਬਲਿਆਂ ਵਿਚ ਤਾਮਿਲਨਾਡੂ ਨੇ ਮੱਧ ਪ੍ਰਦੇਸ ਨੂੰ 3-0 ਅੰਕਾਂ ਦੇ ਫਰਕ ਨਾਲ ਹਰਾ ਕੇ ਸੋਨੇ ਦਾ ਤਗਮਾ ਪ੍ਰਾਪਤ ਕੀਤਾ ਅਤੇ ਮੱਧ ਪ੍ਰਦੇਸ ਦੂਜੇ ਅਤੇ ਤ੍ਰਿਪੂਰਾ ਤੀਸਰੇ ਸਥਾਨ 'ਤੇ ਰਿਹਾ।

ਲੜਕਿਆਂ ਦੇ ਬਾਕਸਿੰਗ ਦੇ ਫਾਈਨਲ ਮੁਕਾਬਲਿਆਂ ਵਿਚ 48 ਕਿਲੋ ਵਰਗ ਵਿਚ ਪੰਜਾਬ ਦੇ ਇੰਦਰਜੀਤ ਸਿੰਘ ਨੇ ਹਰਿਆਣਾ ਦੇ ਅੰਕਿਤ ਨੂੰ ਹਰਾ ਕੇ, 52 ਕਿਲੋ ਵਰਗ ਵਿਚ ਪੰਜਾਬ ਦੇ ਨਵਜੋਤ ਨੇ ਹਿਮਾਚਲ ਪ੍ਰਦੇਸ ਦੇ ਅਮਨ ਨੂੰ, 57 ਕਿਲੋ ਵਰਗ ਵਿਚ ਪੰਜਾਬ ਦੇ ਸੀਵਨ ਨੇ ਆਂਧਰਾ ਪ੍ਰਦੇਸ ਦੇ ਕਆਮੁਦੀਨ ਨੂੰ, 63 ਕਿਲੋ ਵਰਗ ਵਿਚ ਹਰਿਆਣਾ ਦੇ ਸੂਰਜ ਨੇ ਪੰਜਾਬ ਦੇ ਨਵੀਨ ਨੂੰ, 70 ਕਿਲੋ ਵਰਗ ਵਿਚ ਉਤਰਾਖੰਡ ਦੇ ਸਤੀਸ ਨੇ ਪੰਜਾਬ ਦੇ ਸੰਦੀਪ ਨੂੰ, 80 ਕਿਲੋ ਵਰਗ ਵਿਚ ਪੰਜਾਬ ਦੇ ਗੁਰਵਿੰਦਰ ਨੇ ਆਂਧਰਾ ਪ੍ਰਦੇਸ ਦੇ ਵਿਸਾਲ ਨੂੰ ਹਰਾ ਕੇ ਸੋਨੇ ਦਾ ਤਮਗਾ ਜਿੱਤਿਆ।

ਇਸ ਮੌਕੇ ਪੰਜਾਬ ਦੇ ਖੇਡ ਡਾਇਰੈਟਰ, ਸਾਬਕਾ ਹਾਕੀ ਓਲੰਪੀਅਨ ਪਦਮਸ੍ਰੀ ਪ੍ਰਗਟ ਸਿੰਘ ਨੇ ਮੇਲੇ ਦੇ ਆਖਰੀ ਦਿਨ ਜੇਤੂ ਟੀਮਾਂ ਨੂੰ ਇਨਾਮ ਵੰਡਣ ਤੋਂ ਪਹਿਲਾਂ ਖਿਡਾਰੀਆਂ ਨੂੰ ਸੰਬੋਧਨ ਕਰਦਿਆਂ ਕਿਹਾ, "ਰਾਸ਼ਟਰ ਪੱਧਰ ਦੀਆਂ ਖੇਡਾਂ ਵਿਚ ਵੱਖ ਵੱਖ ਧਰਮਾਂ, ਭਾਸ਼ਾਵਾਂ ਅਤੇ ਸੱਭਿਆਚਾਰਾਂ ਨਾਲ ਸਬੰਧਤ ਖਿਡਾਰੀ ਜਦੋਂ ਖੇਡ ਮੈਦਾਨ ਵਿਚ ਖੇਡ ਭਾਵਨਾ ਨਾਲ ਨਿੱਤਰਦੇ ਹਨ ਤਾਂ ਰਾਸ਼ਟਰੀ ਏਕਤਾ ਅਤੇ ਅਖੰਡਤਾ ਹੋਰ ਮਜਬੂਤ ਹੁੰਦੀ ਹੈ ਕਿਉਂਕਿ ਖੇਡਾਂ ਖਿਡਾਰੀਆਂ ਵਿਚ ਦੇਸ਼ ਭਗਤੀ ਦੀ ਭਾਵਨਾ ਪੈਦਾ ਕਰਕੇ ਖਿਡਾਰੀਆਂ ਦੀ ਸ਼ਖਸੀਅਤ ਨੂੰ ਨਿਖਾਰਦੀਆਂ ਹਨ।" ਉਨ੍ਹਾਂ ਆਖਿਆ ਕਿ ਪਾਈਕਾ ਸਕੀਮ ਅਧੀਨ ਕੇਂਦਰ ਵੱਲੋਂ ਰਾਜ ਸਰਕਾਰਾਂ ਦੇ ਸਹਿਯੋਗ ਨਾਲ ਜੋ ਪਿੰਡਾਂ ਵਿਚ ਖੇਡ ਪ੍ਰਤਿਭਾ ਨੂੰ ਉਜਾਗਰ ਕਰਨ ਵਾਸਤੇ ਉਪਰਾਲਾ ਕੀਤਾ ਜਾ ਰਿਹਾ ਹੈ, ਉਸ ਦੇ ਆਉਣ ਵਾਲੇ ਦਿਨਾਂ ਵਿਚ ਚੰਗੇ ਨਤੀਜੇ ਸਾਹਮਣੇ ਆਉਣਗੇ। ਉਨ੍ਹਾਂ ਆਖਿਆ ਕਿ ਇਸ ਸਕੀਮ ਅਧੀਨ 10 ਸਾਲਾਂ ਵਿਚ ਹਰੇਕ ਪਿੰਡ ਨੂੰ ਖੇਡਾਂ ਦਾ ਬੁਨਿਆਦੀ ਢਾਂਚਾ ਉਸਾਰਨ ਲਈ ਇੱਕ ਲੱਖ ਰੁਪਏ ਤੋਂ ਇਲਾਵਾ 10 ਹਜਾਰ ਰੁਪਏ ਖੇਡਾਂ ਦਾ ਸਾਮਾਨ ਖਰੀਦਣ ਅਤੇ 10 ਹਜਾਰ ਰੁਪਏ ਗਰਾਊਡ ਦੀ ਮੁਰੰਮਤ ਲਈ ਦਿੱਤੇ ਜਾਣਗੇ।

ਇਥੇ ਵਰਣਨਯੋਗ ਹੈ ਕਿ ਆਂਧਰਾ ਪ੍ਰਦੇਸ਼ ਦੀ ਟੀਮ ਵੱਲੋਂ ਖੇਡਣ ਵਾਲੇ ਬਾਕਸਰ ਸ. ਭਾਗ ਇੰਦਰ ਸਿੰਘ ਨੂੰ ਪੂਰਨ ਸਿੱਖੀ ਸਰੂਪ ਕਾਇਮ ਰੱਖਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 51 ਹਜ਼ਾਰ ਰੁਪਏ ਦੇ ਨਗਦ ਇਨਾਮ ਨਾਲ ਸਨਮਾਨਤ ਕੀਤਾ ਗਿਆ। ਇਸ ਤੋਂ ਪਹਿਲਾਂ ਮਾਰਚ ਪਾਸਟ ਦੀ ਅਗਵਾਈ ਪੰਜਾਬ ਦੇ ਬਾਕਸਰ ਗੋਲਡ ਮੈਡਲਿਸਟ ਸ੍ਰੀ ਜਤਿੰਦਰ ਸਿੰਘ ਨੇ ਕੀਤੀ।



*ਪਦਮਸ੍ਰੀ ਪ੍ਰਗਟ ਸਿੰਘ ਖੇਡ ਮੇਲੇ ਦੇ ਆਖਰੀ ਦਿਨ ਪੰਜਾਬ ਦੀ ਬਾਕਸਿੰਗ ਚੈਂਪੀਅਨ ਟੀਮ ਨੂੰ ਟਰਾਫੀ ਦਿੰਦੇ ਹੋਏ। ਨਾਲ ਐਸ.ਡੀ.ਐਮ. ਗੁਰਪਾਲ ਸਿੰਘ ਚਾਹਲ ਵੀ ਖੜੇ ਹਨ।*

# ਰਿਆਤ ਨੂੰ ਝੂਠੀ ਗਵਾਹੀ ਦੇ ਦੋਸ਼ 'ਚ ਨੌਂ ਸਾਲ ਦੀ ਕੈਦ

**ਵੈਨਕੂਵਰ:** ਏਅਰ ਇੰਡੀਆ ਬੰਬ ਕਾਂਡ ਦੇ ਮੁਕੱਦਮੇ ਦੌਰਾਨ ਝੂਠੀਆਂ ਗਵਾਹੀਆਂ ਦੇਣ ਦੇ ਦੋਸ਼ 'ਚ ਵੈਨਕੂਵਰ ਦੀ ਅਦਾਲਤ ਨੇ ਇੰਦਰਜੀਤ ਸਿੰਘ ਰਿਆਤ ਨੂੰ ਨੌਂ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਹੈ। ਕੈਨੇਡਾ ਦੇ ਇਤਿਹਾਸ ਵਿਚ ਸ਼ਾਇਦ ਇਹ ਪਹਿਲੀ ਵਾਰੀ ਹੈ ਕਿ ਕਿਸੇ ਨੂੰ ਝੂਠੀ ਗਵਾਹੀ ਦੇਣ ਦੇ ਦੋਸ਼ਾਂ ਅਧੀਨ ਇੰਨੀ ਸਖ਼ਤ ਸਜ਼ਾ ਸੁਣਾਈ ਗਈ ਹੋਵੇ। ਇਸ ਕੈਦ 'ਚੋਂ 17 ਮਹੀਨੇ ਮਨਫ਼ੀ ਕੀਤੇ ਗਏ ਹਨ ਜੋ ਉਸ ਨੇ ਪਹਿਲਾਂ ਹੀ ਜੇਲ੍ਹ 'ਚ ਬਿਤਾਏ ਹਨ। ਇਸ ਤਰ੍ਹਾਂ ਉਸ ਨੂੰ 7 ਸਾਲ ਤੇ 7 ਮਹੀਨੇ ਹੋਰ ਜੇਲ੍ਹ ਵਿਚ ਰਹਿਣਾ ਪਵੇਗਾ। 58 ਸਾਲਾ ਰਿਆਤ 'ਤੇ ਦੋਸ਼ ਹੈ ਕਿ ਉਸ ਨੇ 2003 ਵਿਚ ਏਅਰ ਇੰਡੀਆ ਕੇਸ ਦੀ ਸੁਣਵਾਈ ਦੌਰਾਨ ਸਹੁੰ ਚੁੱਕਣ ਦੇ ਬਾਵਜੂਦ 19 ਵਾਰ ਝੂਠ ਬੋਲਿਆ।

ਉਧਰ ਸਰਕਾਰੀ ਵਕੀਲਾਂ ਨੇ ਦੋਸ਼ੀ ਨੂੰ ਝੂਠ ਬੋਲਣ ਲਈ 14 ਵਰ੍ਹਿਆਂ ਦੀ ਸਜ਼ਾ ਦੇਣ ਦੀ ਮੰਗ ਕੀਤੀ ਸੀ। ਇਸ ਮੁਕੱਦਮੇ 'ਚ ਬਾਅਦ ਵਿਚ ਅਜੈਬ ਸਿੰਘ ਬਾਗੜੀ ਤੇ ਰਿਪੁਦਮਨ ਮਲਿਕ ਬਰੀ ਕਰ ਦਿੱਤੇ ਗਏ ਸਨ ਪਰ ਰਿਆਤ 'ਤੇ ਝੂਠੇ ਬਿਆਨ ਦੇਣ ਦਾ ਮੁਕੱਦਮਾ ਚੱਲ ਰਿਹਾ ਸੀ। ਰਿਆਤ ਸਤੰਬਰ ਮਹੀਨੇ ਤੋਂ ਹਿਰਾਸਤ ਵਿਚ ਹੈ ਜਦੋਂ ਉਸ ਨੂੰ 2003 ਵਿਚ ਰਿਪੁਦਮਨ ਸਿੰਘ ਮਲਿਕ ਤੇ ਅਜਾਇਬ ਸਿੰਘ ਬਾਗੜੀ ਉਤੇ ਚੱਲੇ ਕੇਸ ਦੌਰਾਨ ਝੂਠੀ ਗਵਾਹੀ ਦੇਣ ਲਈ ਦੋਸ਼ੀ ਠਹਿਰਾਇਆ ਗਿਆ ਸੀ।



*ਇੰਦਰਜੀਤ ਸਿੰਘ ਰਿਆਤ*

ਬ੍ਰਿਟਿਸ਼ ਕੋਲੰਬੀਆ ਦੀ ਉਚ ਅਦਾਲਤ 'ਚ ਜੱਜ ਮਾਰਕ ਮੈਕਈਵਾਨ ਨੇ 8 ਜਨਵਰੀ ਨੂੰ ਫ਼ੈਸਲਾ ਸੁਣਾਉਂਦਿਆਂ ਕਿਹਾ ਕਿ ਇੰਦਰਜੀਤ ਰਿਆਤ ਨੂੰ ਇਸ ਦਾ ਕੋਈ ਪਛਤਾਵਾ ਹੁੰਦਾ ਨਜ਼ਰ ਨਹੀਂ ਆ ਰਿਹਾ ਹੈ। ਉਨ੍ਹਾਂ ਕਿਹਾ ਕਿ ਰਿਆਤ ਦੇ ਇਸ ਝੂਠ ਨਾਲ ਏਅਰ ਇੰਡੀਆ ਕਾਂਡ ਦੀ ਸੁਣਵਾਈ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ। ਏਅਰ ਇੰਡੀਆ ਕਾਂਡ ਦੇ ਦੋ ਮੁਲਜ਼ਮਾਂ ਰਿਪੁਦਮਨ ਸਿੰਘ ਮਲਿਕ ਤੇ ਅਜੈਬ ਸਿੰਘ ਬਾਗੜੀ ਖ਼ਿਲਾਫ਼ 2003 ਵਿਚ ਚੱਲਦੇ ਮੁਕੱਦਮੇ 'ਚ ਝੂਠੀ ਗਵਾਹੀ ਦੇਣ ਦੇ ਜੁਰਮ ਵਿਚ ਵਿਚ ਉਹ ਪਿਛਲੇ ਸਤੰਬਰ ਤੋਂ ਹੀ ਜੇਲ੍ਹ 'ਚ ਸੀ। ਏਅਰ ਇੰਡੀਆ ਦੀ ਟਰਾਂਟੋ ਜਾ ਰਹੀ ਇਹ ਉਡਾਣ ਆਇਰਲੈਂਡ ਕੋਲ ਅੱਧ ਅਸਮਾਨੇ ਬੰਬ ਨਾਲ ਉਡਾ ਦਿੱਤੀ ਗਈ ਸੀ ਤੇ ਇਸ ਵਿਚ ਸਾਰੇ 329 ਸਵਾਰ ਮਾਰੇ ਗਏ ਸਨ। ਰਿਆਤ ਦੀ ਝੂਠੀ ਗਵਾਹੀ ਕਾਰਨ ਇਹ ਦੋਵੇਂ ਮੁਲਜ਼ਮ ਸੱਤ ਸਾਲ ਬਾਅਦ 18 ਸਤੰਬਰ 2010 ਨੂੰ ਬਰੀ ਹੋ ਗਏ ਸਨ। ਰਿਆਤ ਨੇ ਬਿਆਨ 'ਚ ਕਿਹਾ ਸੀ ਕਿ ਬੱਬਰ ਖਾਲਸਾ ਦੇ ਤਲਵਿੰਦਰ ਪਰਮਾਰ ਨੇ ਹੀ ਉਸ ਨੂੰ ਬੰਬ ਬਣਾਉਣ ਦਾ ਸਾਮਾਨ ਇਕੱਠਾ ਕਰਨ ਨੂੰ ਕਿਹਾ ਸੀ ਪਰ ਉਸ ਨੂੰ ਪਤਾ ਨਹੀਂ ਸੀ ਕਿ ਇਸ ਨੂੰ ਕਿਸ ਮਕਸਦ ਲਈ ਵਰਤਿਆ ਜਾਣਾ ਸੀ। ਰਿਆਤ ਨੇ ਇਹ ਵੀ ਕਿਹਾ ਕਿ ਉਸ ਨੂੰ ਉਸ (ਸਾਜ਼ਿਸ਼ੀ) ਬੰਦੇ ਦਾ ਨਾਂ ਹੀ ਨਹੀਂ ਪਤਾ ਹਾਲਾਂਕਿ ਉਕਤ ਬੰਦਾ ਉਸ ਦੇ ਘਰ ਕਈ ਦਿਨ ਰਿਹਾ ਸੀ। ਰਿਆਤ ਨੇ 1991 'ਚ ਉਸੇ ਦਿਨ ਹੀ ਜਾਪਾਨ ਦੇ ਨਰੀਤਾ ਹਵਾਈ ਅੱਡੇ 'ਤੇ ਬੰਬ ਧਮਾਕੇ ਨਾਲ ਮਾਰੇ ਗਏ ਦੋ ਮੁਲਾਜ਼ਮਾਂ ਤੇ ਬੰਬ ਬਣਾਉਣ ਦੇ ਦੋਸ਼ਾਂ ਤਹਿਤ 10 ਸਾਲ ਦੀ ਕੈਦ ਪਹਿਲਾਂ ਹੀ ਭੁਗਤ ਲਈ ਹੈ ਤੇ ਏਅਰ ਇੰਡੀਆ ਨੂੰ ਉਡਾਉਣ ਵਾਲੇ ਬੰਬ ਨੂੰ ਬਣਾਉਣ 'ਚ ਹੱਥ ਹੋਣ ਲਈ ਉਸ ਨੂੰ 5 ਸਾਲ ਦੀ ਕੈਦ ਵੱਖਰੀ ਹੋਈ ਸੀ।

ਉਧਰ ਕਨਿਸ਼ਕ ਕਾਂਡ ਵਿਚ ਮਾਰੇ ਗਏ ਭਾਰਤੀਆਂ ਦੇ ਪਰਿਵਾਰਾਂ ਨੇ ਪ੍ਰਧਾਨ ਮੰਤਰੀ ਡਾ ਮਨਮੋਹਨ ਸਿੰਘ ਨੂੰ ਮੰਗ ਪੱਤਰ ਦੇ ਕੇ ਮੰਗ ਕੀਤੀ ਹੈ ਕਿ ਹਾਦਸੇ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦੁਆਉਣ ਤੇ ਅੰਤਰਰਾਸ਼ਟਰੀ ਨਿਯਮਾਂ ਤਹਿਤ ਮੁਆਵਜ਼ਾ ਲੈਣ ਲਈ ਕੈਨੇਡਾ ਸਰਕਾਰ ਕੋਲ ਮਾਮਲਾ ਉਠਾਇਆ ਜਾਵੇ। ਕੈਨੇਡਾ ਤੋਂ ਉਡਾਣ ਭਰਨ ਵਾਲੇ ਇਸ ਹਵਾਈ ਜਹਾਜ਼ ਵਿਚ ਸਵਾਰ 329 ਯਾਤਰੀਆਂ 'ਚ ਅਮਲੇ ਸਮੇਤ 30 ਭਾਰਤੀ ਸਨ। ਇਸ ਹਵਾਈ ਜਹਾਜ਼ ਦੇ ਪਾਇਲਟ ਨਰਿੰਦਰ ਸਿੰਘ ਹਾਂਸ ਸਨ ਤੇ ਕੋ-ਪਾਇਲਟ ਕੈਪਟਨ ਸਤਵਿੰਦਰ ਸਿੰਘ ਭਿੰਡਰ (41) ਸਨ। ਕੈਪਟਨ ਭਿੰਡਰ ਦੀ ਪਤਨੀ ਅਮਰਜੀਤ ਕੌਰ ਭਿੰਡਰ ਤੇ ਮਰਹੂਮ ਏਅਰਹੋਸਟੈਸ ਦੀ ਮਾਤਾ ਸੁੰਦਰ ਅਰੋੜਾ ਨੇ ਇਸ ਦੁਖਾਂਤ 'ਤੇ 25 ਸਾਲ ਬੀਤ ਜਾਣ ਬਾਅਦ ਵੀ ਇਨਸਾਫ ਨਾ ਮਿਲਣ ਕਾਰਨ ਭਾਰਤ ਦੇ ਪ੍ਰਧਾਨ ਮੰਤਰੀ ਕੋਲ ਪਹੁੰਚ ਕੀਤੀ। ਕੈਪਟਨ ਭਿੰਡਰ ਦੇ ਭਰਾ ਕੰਵਲਜੀਤ ਸਿੰਘ ਭਿੰਡਰ ਨੇ ਦੱਸਿਆ ਕਿ 25 ਸਾਲ ਬੀਤ ਜਾਣ ਤੋਂ ਬਾਅਦ ਵੀ ਕੈਨੇਡਾ ਸਰਕਾਰ ਨਾ ਤਾਂ ਦੋਸ਼ੀਆਂ ਨੂੰ ਸਜ਼ਾ ਦੇਣ ਵਿਚ ਸਫਲ ਹੋਈ ਹੈ ਤੇ ਨਾ ਹੀ ਪੀੜਤ ਪਰਿਵਾਰਾਂ ਦੀ ਕੋਈ ਮਦਦ ਕੀਤੀ ਹੈ। ਦੂਜੇ ਪਾਸੇ ਕੈਨੇਡਾ ਦੇ ਪਰਿਵਾਰਾਂ ਨੂੰ ਸਰਕਾਰ ਨੇ ਮੁਆਵਜ਼ਾ ਦਿੱਤਾ ਹੈ ਪਰ ਭਾਰਤੀ ਪੀੜਤ ਪਰਿਵਾਰਾਂ ਨਾਲ ਵਿਤਕਰਾ ਕੀਤਾ ਗਿਆ ਹੈ। ਸ੍ਰੀ ਭਿੰਡਰ ਦਾ ਕਹਿਣਾ ਹੈ ਕਿ ਇਸ ਹਾਦਸੇ ਬਾਰੇ ਕੇਸ ਵਿਚ ਰਿਪੁਦਮਨ ਸਿੰਘ ਮਲਿਕ, ਅਜਾਇਬ ਸਿੰਘ ਬਾਗੜੀ 'ਤੇ ਇੰਨੇ ਸਾਲ ਕੇਸ ਚੱਲਣ ਤੋਂ ਬਾਅਦ ਵੀ ਕੋਈ ਕਾਰਵਾਈ ਨਹੀਂ ਹੋਈ ਹੈ। ਇਸ ਸਾਜ਼ਿਸ਼ ਵਿਚ ਸ਼ਾਮਲ ਇੰਦਰਜੀਤ ਸਿੰਘ ਰਿਆਤ ਨੂੰ ਪਹਿਲਾਂ 15 ਸਾਲ ਦੀ ਸਜ਼ਾ ਹੋਈ ਸੀ ਤੇ ਹੁਣ ਦੂਜੇ ਕੇਸ ਵਿਚ ਹੋਈ ਸਜ਼ਾ ਤੋਂ ਪੀੜਤ ਪਰਿਵਾਰ ਸੰਤੁਸ਼ਟ ਨਹੀਂ ਹਨ। ਇਸ ਮਾਮਲੇ ਦਾ ਮੁੱਖ ਦੋਸ਼ੀ ਤਲਵਿੰਦਰ ਸਿੰਘ ਪਰਮਾਰ ਪਹਿਲਾਂ ਮਾਰਿਆ ਜਾ ਚੁਕਾ ਹੈ।

# ਮਲੇਸ਼ੀਆ ਬਣਾਏਗਾ ਭਾਰਤ 'ਚ ਮਲਾਈ ਵਰਗੀਆਂ ਸੜਕਾਂ

**ਕੁਆਲਾਲੰਪੁਰ:** ਭਾਰਤ 'ਚ ਵਧ ਰਹੀ ਟਰੈਫਿਕ ਤੇ ਨਿੱਤ ਹੋ ਰਹੇ ਹਾਦਸਿਆਂ ਤੋਂ ਨਿਜ਼ਾਤ ਦਿਵਾਉਣ ਲਈ ਮਲੇਸ਼ੀਆ ਵੱਲੋਂ ਹੁਣ ਭਾਰਤੀ ਕੰਪਨੀਆਂ ਨਾਲ ਹੱਥ ਮਿਲਾਉਣ ਦੀ ਤਿਆਰੀ ਹੈ। ਇਹ ਗੱਲ ਬੁਨਿਆਦੀ ਢਾਂਚੇ ਸਬੰਧੀ ਮਲੇਸ਼ੀਆ ਦੇ ਵਿਸ਼ੇਸ਼ ਦੂਤ ਸਾਮੀ ਵੇਲੂ ਨੇ ਕਹੀ ਹੈ।

ਸ੍ਰੀ ਵੇਲੂ ਨੇ ਕਿਹਾ ਕਿ ਮਲੇਸ਼ੀਆ ਦੀ ਹਾਈਵੇ ਟੋਲ ਕੰਪਨੀ ਪਲੱਸ ਵੱਲੋਂ ਹੈਦਰਾਬਾਦ ਦੀ ਕੰਪਨੀ ਨਾਗਾਰਜੁਨਾ ਨਾਲ ਸਮਝੌਤਾ ਕੀਤਾ ਜਾਵੇਗਾ ਤੇ ਦੋਵੇਂ ਕੰਪਨੀਆਂ ਆਂਧਰਾ ਪ੍ਰਦੇਸ਼ ਵਿਚ ਸਾਂਝਾ ਟੈਂਡਰ ਦੇਣਗੀਆਂ। ਉਨ੍ਹਾਂ ਕਿਹਾ ਕਿ ਮਲੇਸ਼ੀਆ ਵਾਂਗ ਭਾਰਤ ਵਿਚ ਵੀ ਇਕੋ ਕੰਪਨੀ ਨੂੰ ਹੀ ਟੋਲ ਟੈਕਸ ਇਕੱਤਰ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਮਲੇਸ਼ੀਆਈ ਕੰਪਨੀ ਹੋਪਟੈਕ ਨੇ ਭਾਰਤ ਦੀ ਪੁੰਜ ਲਾਇਡ ਨਾਲ ਸਮਝੌਤਾ ਕੀਤਾ ਹੈ ਤਾਂ ਕਿ ਉਹ ਇਸ ਬਾਰੇ ਸਿਸਟਮ ਨੂੰ ਭਾਰਤ ਸਰਕਾਰ ਕੋਲ ਮਿਲ ਕੇ ਪੇਸ਼ ਕਰ ਸਕਣ।

ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਇਕ ਹੋਰ ਭਾਈਵਾਲੀ ਭਾਰਤ ਦੀ ਪੁੰਜ ਲਾਇਡ ਤੇ ਯੂਨਾਈਟਿਡ ਇੰਜੀਨੀਅਰਜ਼ ਆਫ ਮਲੇਸ਼ੀਆ ਦਰਮਿਆਨ ਹੋ ਸਕਦੀ ਹੈ। ਉਨ੍ਹਾਂ ਕਿਹਾ ਕਿ ਹਾਈਵੇਜ਼ ਬਣਾਉਣ ਲਈ ਸਾਂਝੇ ਤੌਰ 'ਤੇ ਟੈਂਡਰ ਦੇਣ ਵਾਸਤੇ ਦੋਵੇਂ ਕੰਪਨੀਆਂ ਇਕਰਾਰਨਾਮੇ ਉੱਤੇ ਦਸਤਖ਼ਤ ਕਰ ਸਕਦੀਆਂ ਹਨ। ਦੱਸਣਯੋਗ ਹੈ ਕਿ ਸ੍ਰੀ ਵੇਲੂ ਮਲੇਸ਼ੀਆ ਵਿਚ ਭਾਰਤੀ ਭਾਈਚਾਰੇ ਦੇ ਨਾਮੀ ਆਗੂ ਹਨ ਤੇ ਉਹ 31 ਸਾਲਾਂ ਤਕ ਮਲੇਸ਼ੀਅਨ ਇੰਡੀਅਨ ਕਾਂਗਰਸ ਦੇ ਪ੍ਰਧਾਨ ਰਹੇ ਹਨ ਜਿਨ੍ਹਾਂ ਬੀਤੇ ਸਾਲ ਹੀ ਅਹੁਦਾ ਛੱਡਿਆ ਸੀ।

# ਪਰਵਾਸੀ ਪੰਜਾਬੀਆਂ ਨੇ ਵਿਧਾਨ ਸਭਾ ਚੋਣਾਂ ਲਈ ਦਸ ਸੀਟਾਂ ਮੰਗੀਆਂ

**ਚੰਡੀਗੜ੍ਹ:** ਵਿਦੇਸ਼ਾਂ ਵਿਚ ਵਸੇ ਪੰਜਾਬੀਆਂ ਨੇ ਆਉਂਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਲਈ ਕਾਂਗਰਸ ਪਾਰਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੂੰ ਪਰਵਾਸੀ ਪੰਜਾਬੀਆਂ ਲਈ ਦਸ ਟਿਕਟਾਂ ਦੇਣ ਦੀ ਅਪੀਲ ਕੀਤੀ ਹੈ। ਦੂਜੇ ਮੁਲਕਾਂ ਵਿਚ ਵਸੇ ਪੰਜਾਬੀ ਬਦਲੇ ਹੋਏ ਹਾਲਾਤ ਵਿਚ ਪੰਜਾਬ ਦੇ ਵਿਕਾਸ ਲਈ ਡੂੰਘੀ ਦਿਲਚਸਪੀ ਵਿਖਾ ਰਹੇ ਹਨ।

ਇੰਡੀਅਨ ਓਵਰਸੀਜ਼ ਕਾਂਗਰਸ ਦੇ ਪ੍ਰਧਾਨ ਵਿਕਰਮ ਬਾਜਵਾ ਤੇ ਰਾਜਪਾਲ ਸੁਰਜੀਤ ਸਿੰਘ ਬਰਨਾਲਾ ਦੇ ਲੜਕੇ ਜੇ.ਐਸ. ਬਰਨਾਲਾ ਵੱਲੋਂ ਚੰਡੀਗੜ੍ਹ ਵਿਖੇ ਸਾਂਝੇ ਤੌਰ 'ਤੇ ਕੀਤੀ ਗਈ ਪ੍ਰੈਸ ਕਾਨਫਰੰਸ ਵਿਚ ਪਰਵਾਸੀ ਪੰਜਾਬੀਆਂ ਨਾਲ ਜੁੜੇ ਮੁੱਦੇ ਉਠਾਏ ਗਏ। ਦਿੱਲੀ ਵਿਚ ਕੌਮੀ ਪੱਧਰ ਦੀ ਪਰਵਾਸੀ ਭਾਰਤੀਆਂ ਦੀ ਕਾਨਫਰੰਸ ਬਾਅਦ ਦੋਹਾਂ ਆਗੂਆਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪਰਵਾਸੀ ਭਾਰਤੀਆਂ ਨੂੰ ਵੋਟ ਦਾ ਹੱਕ ਮਿਲਣ ਬਾਅਦ ਪਰਵਾਸੀ ਪੰਜਾਬੀਆਂ ਦੀ ਦਿਲਚਸਪੀ ਪੰਜਾਬ ਵਿਚ ਵਧ ਗਈ ਹੈ। ਉਨ੍ਹਾਂ ਕਿਹਾ ਕਿ ਬੇਸ਼ਕ ਉਨ੍ਹਾਂ ਪਰਵਾਸੀ ਭਾਰਤੀਆਂ ਨੂੰ ਹੀ ਵੋਟ ਦਾ ਹੱਕ ਮਿਲੇਗਾ ਜਿਨ੍ਹਾਂ ਪਾਸ ਭਾਰਤੀ ਪਾਸਪੋਰਟ ਹਨ ਪਰ ਇਸ ਨਾਲ ਹੀ ਪਰਵਾਸੀ ਪੰਜਾਬੀਆਂ ਨੂੰ ਵੱਡੀ ਰਾਹਤ ਮਿਲ ਗਈ ਹੈ।

ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਪ੍ਰਤੀ ਲੋਕਾਂ ਵਿਚ ਖਿੱਚ ਹੈ ਤੇ ਉਹ ਕੈਪਟਨ ਨਾਲ ਮੁਲਾਕਾਤ ਕਰਕੇ ਦਸ ਟਿਕਟਾਂ ਦੀ ਮੰਗ ਕਰਨਗੇ। ਉਨ੍ਹਾਂ ਨੂੰ ਰਾਜਸੀ ਪੱਧਰ ਦੀ ਐਕਸ਼ਨ ਕਮੇਟੀ ਬਣਾਉਣ ਲਈ ਵੀ ਕਿਹਾ ਜਾਵੇਗਾ। ਚੋਣ ਲੜਨ ਵਾਲੇ ਪਰਵਾਸੀ ਭਾਰਤੀ ਇਧਰ ਹੀ ਆ ਕੇ ਰਹਿਣਗੇ। ਕੇਂਦਰ ਦੇ ਫੈਸਲੇ ਨਾਲ ਪਰਵਾਸੀ ਭਾਰਤੀਆਂ ਦਾ ਭਾਰਤ ਵਿਚ ਭਰੋਸਾ ਪੱਕਾ ਹੋਇਆ ਹੈ।

ਵਿਦੇਸ਼ਾਂ ਵਿਚ ਖਾਲਿਸਤਾਨ ਦੀ ਲਹਿਰ ਬਾਰੇ ਸ੍ਰੀ ਬਾਜਵਾ ਨੇ ਕਿਹਾ ਕਿ ਖਾਲਿਸਤਾਨ ਦੀ ਮੁਹਿੰਮ ਨੂੰ ਵਿਦੇਸ਼ਾਂ ਵਿਚ ਕੋਈ ਹੁੰਗਾਰਾ ਨਹੀਂ ਹੈ। 1984 ਦੇ ਦੰਗਾ ਦੋਸ਼ੀਆਂ ਨੂੰ ਸਜ਼ਾ ਮਿਲਣੀ ਚਾਹੀਦੀ ਹੈ ਪਰ ਖਾਲਿਸਤਾਨ ਦਾ ਦੂਜੇ ਮੁਲਕਾਂ ਵਿਚ ਕੋਈ ਮੁੱਦਾ ਨਹੀਂ ਹੈ। ਉਨ੍ਹਾਂ ਨੇ ਕਨਿਸ਼ਕ ਹਵਾਈ ਹਾਦਸੇ ਦੇ ਮ੍ਰਿਤਕਾਂ ਲਈ ਯਾਦਗਾਰ ਬਣਾਉਣ ਦੀ ਮੰਗ ਕੀਤੀ। ਹਰਿਆਣਾ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਵੱਲੋਂ ਪਰਵਾਸੀ ਭਾਰਤੀਆਂ ਲਈ ਸੈਲ ਕਾਇਮ ਕਰਨ ਦਾ ਉਨ੍ਹਾਂ ਸਵਾਗਤ ਕੀਤਾ ਹੈ।

# ਭਾਰਤ ਮੁੜ ਵਿਕਾਸ ਦਰ ਦੀ ਲੀਹ 'ਤੇ: ਪ੍ਰਣਬ

**ਕੋਲਕਾਤਾ:** ਵਿੱਤ ਮੰਤਰੀ ਪ੍ਰਣਬ ਮੁਖਰਜੀ ਨੇ ਆਖਿਆ ਹੈ ਕਿ ਭਾਰਤ ਆਰਥਕ ਸੰਕਟ ਤੋਂ ਪਹਿਲਾਂ ਵਾਲੀ 9 ਫੀਸਦੀ ਵਿਕਾਸ ਦਰ ਦੀ ਲੀਹ 'ਤੇ ਵਾਪਸ ਆ ਰਿਹਾ ਹੈ ਹਾਲਾਂਕਿ ਉਚੀ ਮਹਿੰਗਾਈ ਦਰ ਤੇ ਪੂੰਜੀ ਪ੍ਰਵਾਹ ਚਿੰਤਾ ਦਾ ਵਿਸ਼ਾ ਬਣੇ ਹੋਏ ਹਨ। ਇਸ ਚਾਲੂ ਮਾਲੀ ਸਾਲ ਦੇ ਪਹਿਲੇ ਅੱਧ ਦੌਰਾਨ ਆਰਥਕ ਵਿਕਾਸ ਦਰ 8.9 ਫੀਸਦੀ ਰਹਿਣ ਵੱਲ ਇਸ਼ਾਰਾ ਕਰਦਿਆਂ ਉਨ੍ਹਾਂ ਕਿਹਾ, "ਇਹ ਸਾਨੂੰ ਉੱਚ ਆਰਥਕ ਵਿਕਾਸ ਦੀ ਉਸ ਲੀਹ 'ਤੇ ਵਾਪਸ ਲੈ ਆਵੇਗਾ ਜਿਸ 'ਤੇ ਸੰਕਟ ਤੋਂ ਪਹਿਲਾਂ ਵਾਲੇ ਸਾਲਾਂ ਵਿਚ ਅਰਥਚਾਰਾ ਚੱਲਦਾ ਰਿਹਾ ਸੀ। ਮਹਿੰਗਾਈ ਦਰ ਬਾਰੇ ਚਿੰਤਾ ਜਿਉਂ ਦੀ ਤਿਉਂ ਹੈ।"

ਆਲਮੀ ਆਰਥਕ ਮੰਦੀ ਦਾ ਦੌਰ ਸ਼ੁਰੂ ਹੋਣ ਤੋਂ ਬਾਅਦ 2008-09 ਵਿਚ ਭਾਰਤ ਦੀ ਵਿਕਾਸ ਦਰ 9 ਫੀਸਦੀ ਤੋਂ ਘਟ ਕੇ 6.7 ਉਤੇ ਆ ਗਈ ਸੀ। ਉਂਜ 2009-10 ਵਿਚ ਵਿਕਾਸ ਦਰ ਵਧ ਕੇ 7.4 ਫੀਸਦੀ ਹੋ ਗਈ ਸੀ। ਸਾਲ 2011 ਦੌਰਾਨ ਆਲਮੀ ਅਰਥਚਾਰੇ ਵਿਚ ਸੁਧਾਰ ਦੀ ਹਵਾ ਰੁਮਕਣ ਦੀ ਉਮੀਦ ਪ੍ਰਗਟਾਉਂਦੇ ਹੋਏ ਸ੍ਰੀ ਮੁਖਰਜੀ ਨੇ ਆਖਿਆ ਕਿ ਭਾਰਤ ਦੇ ਵਿਕਾਸ ਦੀ ਗਤੀ ਕੁਝ ਹੱਦ ਤੱਕ ਪੱਛਮੀ ਦੇਸ਼ਾਂ ਦੇ ਘਟਨਾਕ੍ਰਮ ਤੋਂ ਅਸਰਅੰਦਾਜ਼ ਰਹੀ ਹੈ। ਪੱਛਮ ਦੀ ਦਸ਼ਾ ਵਿਚ ਸੁਧਾਰ ਸਾਰਿਆਂ ਦੇ ਭਲੇ ਵਿਚ ਹੈ।

# ਗੁਰਦਾਸਪੁਰ 'ਚ ਧਮਾਕੇ ਨਾਲ 6 ਮੌਤਾਂ

**ਗੁਰਦਾਸਪੁਰ:** ਨਜ਼ਦੀਕੀ ਪਿੰਡ ਫੱਜੂਪੁਰ ਵਿਚ ਨਾਜਾਇਜ਼ ਤੌਰ 'ਤੇ ਆਤਿਸ਼ਬਾਜ਼ੀ ਤਿਆਰ ਕਰਨ ਵਾਲੇ ਇਕ ਮਕਾਨ ਵਿਚ ਦੋ ਜ਼ਬਰਦਸਤ



ਧਮਾਕੇ ਹੋਣ ਨਾਲ ਮਲਬੇ ਹੇਠਾਂ ਆ ਕੇ ਛੇ ਵਿਅਕਤੀਆਂ ਦੀ ਮੌਤ ਹੋ ਗਈ ਤੇ ਕਈ ਹੋਰ ਜ਼ਖ਼ਮੀ ਹੋ ਗਏ। ਇਸ ਘਟਨਾ ਵਿਚ ਪੰਜ ਮਕਾਨ ਬੁਰੀ ਤਰ੍ਹਾਂ ਢਹਿ-ਢੇਰੀ ਹੋ ਗਏ ਤੇ 10 ਤੋਂ 12 ਮਕਾਨ ਨੁਕਸਾਨੇ ਗਏ।

ਪਿੰਡ ਫੱਜੂਪੁਰ ਦਾ ਵਸਨੀਕ ਬਲਵਿੰਦਰ ਸਿੰਘ ਪੁੱਤਰ ਚਰਨ ਦਾਸ ਪਿੰਡ ਮੂਲਿਆਵਾਲ ਵਿਚ ਆਤਿਸ਼ਬਾਜ਼ੀ ਵੇਚਣ ਦਾ ਕਾਰੋਬਾਰ ਕਰਦਾ ਸੀ ਤੇ ਕੱਚਾ ਮਾਲ ਆਪਣੇ ਘਰ ਰੱਖਦਾ ਸੀ। ਇਸ ਮਾਲ ਨੂੰ ਅਚਾਨਕ ਅੱਗ ਲੱਗ ਗਈ ਜਿਸ ਕਾਰਨ ਦੋ ਜ਼ਬਰਦਸਤ ਧਮਾਕੇ ਹੋਏ ਜਿਨ੍ਹਾਂ ਦੀ ਆਵਾਜ਼ ਕਈ ਕਿਲੋਮੀਟਰ ਦੂਰ ਤਕ ਸੁਣੀ ਗਈ। ਧਮਾਕੇ ਨਾਲ ਡਿੱਗੇ ਮਕਾਨ ਦੇ ਮਲਬੇ ਹੇਠ ਆਉਣ ਨਾਲ ਖੁਦ ਬਲਵਿੰਦਰ ਸਿੰਘ, ਉਸ ਦੀ ਪਤਨੀ ਸਤਿੰਦਰ ਕੌਰ, ਉਸ ਦੇ ਗੁਆਂਢੀ ਲਾਜਵੰਤੀ ਪਤਨੀ ਗਿਰਧਾਰੀ ਲਾਲ, ਕਾਜਲ, ਨੇਹਾ ਪੁੱਤਰੀ ਬਲਵਿੰਦਰ ਕੁਮਾਰ, ਕਿਰਨ ਪੁੱਤਰੀ ਬੀਰਾ ਲਾਲ ਸਮੇਤ ਛੇ ਵਿਅਕਤੀਆਂ ਦੀ ਮੌਤ ਹੋ ਗਈ ਜਦਕਿ ਮਲਬੇ ਹੇਠਾਂ ਆਉਣ ਨਾਲ ਮੋਨਿਕਾ, ਕਾਜਲ, ਲਵਪ੍ਰੀਤ ਪੁੱਤਰ ਬਲਵਿੰਦਰ ਕੁਮਾਰ, ਪਿੰਦਰ ਪਤਨੀ ਬਲਵਿੰਦਰ ਕੁਮਾਰ, ਕੁਲਵੰਤ ਕੌਰ ਪੁੱਤਰੀ ਫ਼ੌਜਾ ਸਿੰਘ, ਜਤਿੰਦਰ ਕੁਮਾਰ ਪੁੱਤਰ ਦੇਸ ਰਾਜ ਜ਼ਖ਼ਮੀ ਹੋ ਗਏ।

# ਓਬਾਮਾ ਦੀ ਨਾਗਰਿਕਤਾ ਖ਼ਿਲਾਫ਼ ਅਪੀਲ ਰੱਦ

**ਵਾਸ਼ਿੰਗਟਨ:** ਅਮਰੀਕੀ ਸੁਪਰੀਮ ਕੋਰਟ ਨੇ ਰਾਸ਼ਟਰਪਤੀ ਬਰਾਕ ਓਬਾਮਾ ਦੀ ਨਾਗਰਿਕਤਾ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ਰੱਦ ਕਰ ਦਿੱਤੀ ਹੈ ਜਿਸ ਨਾਲ ਉਨ੍ਹਾਂ ਦੇ ਅਮਰੀਕੀ ਜਨਮ ਪ੍ਰਮਾਣ ਪੱਤਰ ਨੂੰ ਚੁਣੌਤੀ ਦੇਣ ਵਾਲੇ ਉਨ੍ਹਾਂ ਦੇ ਵਿਰੋਧੀਆਂ ਨੂੰ ਵੱਡਾ ਧੱਕਾ ਲੱਗਾ ਹੈ।

ਅਦਾਲਤ ਨੇ ਕੈਲੇਫੋਰਨੀਆ ਦੀ ਵਕੀਲ ਤੇ 'ਬਰਥਰ' ਲਹਿਰ ਦੀ ਮੋਹਰੀ ਓਰਲੀ ਟੇਟਜ਼ ਦੀ ਅਪੀਲ 'ਤੇ ਸੁਣਵਾਈ ਕਰਨ ਤੋਂ ਨਾਂਹ ਕਰ ਦਿੱਤੀ। ਅਦਾਲਤ ਨੇ ਇਸ ਨੂੰ ਬੇਹੂਦਾ ਮੁਕੱਦਮਾ ਕਰਾਰ ਦਿੰਦਿਆਂ 20000 ਡਾਲਰ ਦਾ ਜੁਰਮਾਨਾ ਕੀਤਾ ਪਰ ਹੁਣ ਉਹ ਜੁਰਮਾਨਾ ਭਰਨ ਤੋਂ ਬਚਣ ਦੀ ਚਾਰਾਜੋਈ ਕਰ ਰਹੀ ਹੈ।

# ਬਾਦਲਾਂ ਦੇ ਬਿਜਲੀ ਪ੍ਰਾਜੈਕਟਾਂ ਬਾਰੇ ਦਾਅਵੇ ਝੂਠ ਦਾ ਪੁਲੰਦਾ: ਕੈਪਟਨ

**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਸੱਤਾਧਾਰੀ ਅਕਾਲੀ-ਭਾਜਪਾ ਸਰਕਾਰ ਵੱਲੋਂ ਪੰਜਾਬ 'ਚ ਬਿਜਲੀ ਪ੍ਰਾਜੈਕਟ ਲਾਉਣ ਬਾਰੇ ਕੀਤੇ ਜਾ ਰਹੇ ਦਾਅਵਿਆਂ ਨੂੰ ਝੂਠਾ ਦਾ ਪੁਲੰਦਾ ਦੱਸਦਿਆਂ ਕਿਹਾ ਕਿ ਇਨ੍ਹਾਂ ਦੀ ਸ਼ੁਰੂਆਤ ਉਨ੍ਹਾਂ ਦੀ ਅਗਵਾਈ ਵਾਲੀ ਪਿਛਲੀ ਕਾਂਗਰਸ ਸਰਕਾਰ ਵੇਲੇ ਹੀ ਹੋ ਚੁੱਕੀ ਸੀ।

ਉਨ੍ਹਾਂ ਕਿਹਾ ਕਿ ਸਰਕਾਰ ਇੱਕ ਸਾਲ ਵਿਚ ਪੰਜਾਬ ਨੂੰ ਵਾਧੂ ਬਿਜਲੀ ਵਾਲਾ ਸੂਬਾ ਬਣਾਉਣ ਦੇ ਹਵਾਈ ਦਾਅਵੇ ਕਰ ਰਹੀ ਹੈ ਜਦਕਿ ਅਕਾਲੀ ਪਿਛਲੇ ਚਾਰ ਸਾਲਾਂ ਤੋਂ ਹਕੀਕੀ ਤੌਰ 'ਤੇ ਕੁਝ ਵੀ ਨਹੀਂ ਕਰ ਸਕੇ। ਉਨ੍ਹਾਂ ਕਿਹਾ ਕਿ ਜਦੋਂ ਇਹ ਸਰਕਾਰ ਸੱਤਾ 'ਚ ਆਈ ਸੀ ਤਾਂ ਇਨ੍ਹਾਂ ਨੇ ਦਾਅਵਾ ਕੀਤਾ ਸੀ ਕਿ ਆਉਣ ਵਾਲੇ ਤਿੰਨ ਸਾਲਾਂ 'ਚ ਪੰਜਾਬ ਨੂੰ ਵਾਧੂ ਬਿਜਲੀ ਵਾਲਾ ਸੂਬਾ ਬਣਾ ਦਿੱਤਾ ਜਾਵੇਗਾ ਜਦਕਿ ਇਹ ਸਰਕਾਰ ਚਾਰ ਸਾਲ ਬੀਤਣ ਦੇ ਬਾਵਜੂਦ ਹਾਲੇ ਤੱਕ ਬਿਜਲੀ ਉਤਪਾਦਨ ਦਾ ਇਕ ਯੂਨਿਟ ਵੀ ਨਹੀਂ ਵਧਾ ਸਕੀ।

ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਗੋਇੰਦਵਾਲ ਸਾਹਿਬ, ਤਲਵੰਡੀ ਸਾਬੋ ਤੇ ਰਾਜਪੁਰਾ ਵਿਖੇ ਬਿਜਲੀ ਪ੍ਰਾਜੈਕਟ ਸ਼ੁਰੂ ਕਰਨ ਦੇ ਦਾਅਵਿਆਂ 'ਤੇ ਟਿੱਪਣੀ ਕਰਦਿਆਂ ਕੈਪਟਨ ਨੇ ਕਿਹਾ ਕਿ ਇਨ੍ਹਾਂ ਪ੍ਰੋਜੈਕਟਾਂ ਦੇ ਮਾਮਲੇ 'ਚ ਕੁਝ ਵੀ ਨਵਾਂ ਨਹੀਂ ਹੋਇਆ ਕਿਉਂਕਿ ਇਨ੍ਹਾਂ ਨੂੰ ਪਿਛਲੀ ਕਾਂਗਰਸ ਸਰਕਾਰ ਵੇਲੇ ਹੀ ਸਤੰਬਰ 2006 ਦੌਰਾਨ ਸਿਧਾਂਤਕ ਤੌਰ 'ਤੇ ਮਨਜ਼ੂਰੀ ਦੇ ਦਿੱਤੀ ਸੀ। ਜਦਕਿ ਲਹਿਰਾ ਮੁਹੱਬਤ ਬਿਜਲੀ ਪ੍ਰਾਜੈਕਟ ਦੀ ਵੀ ਅਧਿਕਾਰਤ ਤੌਰ 'ਤੇ ਸ਼ੁਰੂਆਤ ਕਾਂਗਰਸ ਸਰਕਾਰ ਵੇਲੇ ਹੀ ਹੋਈ ਸੀ। ਪੰਜਾਬ ਕਾਂਗਰਸ ਦੇ ਪ੍ਰਧਾਨ ਨੇ ਸਰਕਾਰ ਨੂੰ ਇਨ੍ਹਾਂ ਪ੍ਰਾਜੈਕਟਾਂ ਦੀ ਅਸਲ ਹਾਲਤ ਜਨਤਾ ਸਾਹਮਣੇ ਰੱਖਣ ਦੀ ਸਲਾਹ ਦਿੱਤੀ।

FARMERS INSURANCE GROUP
Symbol of Superior Service
FARMERS®
181 Metro Drive, Suite 290, San Jose, CA 95110
ਆਪਣੀ ਕਾਰ ਜਾਂ ਆਪਣੇ ਘਰ ਦੀ ਇੰਸ਼ੋਰੈਂਸ ਕਵਰੇਜ ਬਾਰੇ ਤੁਹਾਡੇ ਮਨ ਵਿਚ ਕੋਈ ਸਵਾਲ ਹੈ? ਬਿਨਾਂ ਝਿਜਕ ਸਾਨੂੰ ਕਾਲ ਕਰੋ।
*"Call for a review of any of your insurance policies or to get a quote"*
*Totally Free and No Obligation to buy from us!!*

*Auto *Home *Life *Business *Workers Compensation
Call for consultation
Ph: 408-771-2438
*408-580-6063, 408-687-7566*
Fax: 408-573-3829
ssingh6@farmeragent.com
Satwant Singh
Insurance Agent
License # OH11256
ਪਾਲਿਸੀ (ਅਤੇ ਪ੍ਰਾਸਪੈਕਟਸ, ਜਿਥੇ ਲਾਗੂ ਹੋਵੇ) ਸਿਰਫ ਅੰਗ੍ਰੇਜ਼ੀ ਵਿਚ ਉਪਲਬਧ ਹੈ। ਝਗੜੇ ਦੀ ਸੂਰਤ ਵਿਚ ਇਹੋ ਰੂਪ ਸਹੀ ਮੰਨਿਆ ਜਾਏਗਾ।
*Call us to know about special discounts for nurses, teachers, engineers, pharmacists, doctors and more professionals to get low prices.**
*"Discounts apply to selected property and casualty coverages, perils, and policy types only and may vary by state and eligibility. To the extent permitted by law, applicants are individually underwritten; not all applicants may qualify."


Reliable and Experienced Real Estate Professional
ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ ਫੋਨ: 209-815-1869
*Bay Area*Tracy *Manteca * Lathrop * Weston Ranch*Stockton *Lodi *Elk Grove *Sacramento *Modesto *Turlock *Brentwood *Antioch * Oakley *Discovery Bay
We Specialize in Bankowned, Foreclosure and Short Sale Homes
ਘਰਾਂ ਵਾਸਤੇ ਲੋਨ ਲੈਣ ਲਈ ਅਸੀਂ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਤੁਹਾਡੀ ਮਦਦ ਕਰਦੇ ਹਾਂ।
We Do Loan Modification and Credit Repair to Save Your Home From Forclosure
Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ
Right Time To Buy For Investers And First Time Home Buyers
REALTY WORLD Millennium


Gurbans Singh Gill
Realtor
12 Years Experiance in Real Estate
e-mail: gurbans@gotracy.com
Fax: 209-836-0706
www.gotracy.com
Gurbans Gill 209-815-1869

# ਭੁਪਿੰਦਰ ਹੁੱਡਾ ਵੱਲੋਂ ਵੱਖਰੀ ਗੁਰਦੁਆਰਾ ਕਮੇਟੀ ਦਾ ਫਿਰ ਵਾਇਦਾ

### ਝੀਂਡਾ ਵੱਲੋਂ 28 ਨੂੰ ਸ੍ਰੀ ਹਰਿਮੰਦਰ ਸਾਹਿਬ ਵਿਖੇ ਸੁਖਮਨੀ ਸਾਹਿਬ ਦਾ ਪਾਠ ਕਰਨ ਦਾ ਐਲਾਨ

**ਚੰਡੀਗੜ੍ਹ:** ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਇਕ ਵਾਰ ਫਿਰ ਹਰਿਆਣਾ ਦੇ ਸਿੱਖਾਂ ਨੂੰ ਭਰੋਸਾ ਦਿੱਤਾ ਹੈ ਕਿ ਉਨ੍ਹਾਂ ਦੀ ਵੱਖਰੀ ਗੁਰਦੁਆਰਾ ਕਮੇਟੀ ਬਣਾਉਣ ਦੀ ਮੰਗ 'ਤੇ ਗੰਭੀਰਤਾ ਨਾਲ ਵਿਚਾਰ ਕੀਤੀ ਜਾਵੇਗੀ। ਉਨ੍ਹਾਂ ਇਹ ਵਾਅਦਾ ਹਰਿਆਣਾ ਦੇ ਸਿੱਖਾਂ ਵੱਲੋਂ ਸੰਘਰਸ਼ ਤੇਜ਼ ਕਰਨ ਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦਬਾਅ ਪਾਏ ਜਾਣ ਤੋਂ ਬਾਅਦ ਕੀਤਾ ਹੈ।





ਸ੍ਰੀ ਹੁੱਡਾ ਨੇ ਲੱਖੀ ਸ਼ਾਹ ਵਣਜਾਰਾ ਹਾਲ, ਗੁਰਦੁਆਰਾ ਰਕਾਬ ਗੰਜ ਸਾਹਿਬ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਮੌਕੇ ਜੁੜੀਆਂ ਸੰਗਤਾਂ ਨੂੰ ਸੰਬੋਧਨ ਕਰਦਿਆਂ ਭਰੋਸਾ ਦਿੱਤਾ ਕਿ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਉਣ ਤੇ ਭਾਈ ਜੈਤਾ ਜੀ ਦਾ ਇਤਿਹਾਸਕ ਅਸਥਾਨ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੌਂਪਣ ਦੀਆਂ ਮੰਗਾਂ ਬਾਰੇ ਗੰਭੀਰਤਾ ਨਾਲ ਵਿਚਾਰ ਕੀਤੀ ਜਾਵੇਗੀ। ਇਸ ਮੌਕੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਤੇ ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਸਕੱਤਰ ਜਨਰਲ ਹਰਵਿੰਦਰ ਸਿੰਘ ਸਰਨਾ ਨੇ ਸ੍ਰੀ ਹੁੱਡਾ ਨੂੰ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਉਣ ਦਾ ਵਾਅਦਾ ਪੂਰਾ ਕਰਨ ਦੀ ਮੰਗ ਕੀਤੀ।

ਉਧਰ ਸ੍ਰੀ ਝੀਂਡਾ ਨੇ ਐਲਾਨ ਕੀਤਾ ਹੈ ਕਿ ਉਹ 15 ਸੂਬਿਆਂ ਦੇ ਸਿੱਖਾਂ ਸਮੇਤ 28 ਜਨਵਰੀ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਸੁਖਮਨੀ ਸਾਹਿਬ ਦਾ ਪਾਠ ਕਰਨ ਜਾਣਗੇ। ਉਨ੍ਹਾਂ ਕਿਹਾ ਕਿ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ (ਐਡਹਾਕ) ਦੀ ਕਾਰਜਕਾਰਨੀ ਦੀ 20 ਜਨਵਰੀ ਨੂੰ ਮੀਟਿੰਗ ਕੀਤੀ ਜਾਵੇਗੀ ਜਿਸ ਵਿਚ ਵੱਖਰੀ ਕਮੇਟੀ ਦੇ ਅੰਦੋਲਨ ਨੂੰ ਤੇਜ਼ ਕਰਨ ਬਾਰੇ ਫੈਸਲਾ ਕੀਤਾ ਜਾਵੇਗਾ। ਇਸ ਤੋਂ ਪਹਿਲਾਂ 5 ਜਨਵਰੀ ਨੂੰ ਸ਼ਾਮ ਵੇਲੇ ਨਾਢਾ ਸਾਹਿਬ ਗੁਰਦੁਆਰੇ ਦੀ ਸੜਕ 'ਤੇ ਸੰਗਤਾਂ ਨਾਲ ਧਰਨੇ 'ਤੇ ਬੈਠੇ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ (ਐਡਹਾਕ) ਦੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਤੇ ਉਸ ਦੇ ਦਰਜਨਾਂ ਸਾਥੀਆਂ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਸੀ। ਪੁਲਿਸ ਨੇ ਇਨ੍ਹਾਂ 'ਤੇ ਲਾਠੀਚਾਰਜ ਕਰ ਕੇ ਇਨ੍ਹਾਂ ਨੂੰ ਖਦੇੜਨ ਦੀ ਕੋਸ਼ਿਸ਼ ਕੀਤੀ ਜਿਸ ਕਾਰਨ ਹਾਲਾਤ ਵਧੇਰੇ ਤਣਾਅਪੂਰਨ ਹੋ ਗਏ। ਇਕ ਦੋ ਵਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਟਾਸਕ ਫੋਰਸ ਤੇ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ (ਐਡਹਾਕ) ਦੇ ਮੈਂਬਰਾਂ ਵਿਚਾਲੇ ਟਕਰਾਅ ਹੁੰਦਾ-ਹੁੰਦਾ ਟਲਿਆ। ਪ੍ਰਸ਼ਾਸਨ ਨੇ ਦੋਵਾਂ ਧਿਰਾਂ ਵਿਚਾਲੇ ਟਕਰਾਅ ਨੂੰ ਟਾਲਣ ਲਈ ਵੱਡੀ ਗਿਣਤੀ ਵਿਚ ਗੁਰਦੁਆਰੇ ਦੇ ਮੁੱਖ ਦੁਆਰ ਤੇ ਹੋਰ ਰਸਤਿਆਂ 'ਤੇ ਪੁਲਿਸ ਤਾਇਨਾਤ ਕੀਤੀ ਹੋਈ ਸੀ।

ਹਾਲਾਤ ਉਸ ਵੇਲੇ ਤਣਾਅਪੂਰਨ ਬਣ ਗਏ ਜਦੋਂ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ (ਐਡਹਾਕ) ਦੇ ਆਗੂਆਂ ਨੇ ਐਲਾਨ ਕਰ ਦਿੱਤਾ ਕਿ ਜਿੰਨੀ ਦੇਰ ਤਕ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਉਨ੍ਹਾਂ ਦੀ ਗੱਲ ਨਹੀਂ ਸੁਣਦੇ ਜਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਸਪੱਸ਼ਟ ਨਹੀਂ ਕਰਦੇ ਕਿ ਸ਼ਰਧਾਲੂਆਂ ਨੂੰ ਗੁਰਦੁਆਰੇ ਅੰਦਰ ਜਾਣ ਤੋਂ ਰੋਕਣ ਲਈ ਰਸਤਾ ਕਿਉਂ ਬੰਦ ਕੀਤਾ ਗਿਆ ਹੈ ਤੇ ਵੱਖਰੀ ਕਮੇਟੀ ਦੇ ਹਮਾਇਤੀਆਂ ਨੂੰ ਗੁਰਦੁਆਰੇ ਅੰਦਰ ਸੁਖਮਨੀ ਸਾਹਿਬ ਦਾ ਪਾਠ ਕਰਨ ਦੀ ਆਗਿਆ ਨਹੀਂ ਦਿੰਦੇ, ਉਸ ਸਮੇਂ ਤਕ ਉਹ ਗੁਰਦੁਆਰੇ ਨੂੰ ਜਾਂਦੇ ਰਸਤੇ ਵਿਚ ਸ਼ਾਂਤਮਈ ਢੰਗ ਨਾਲ ਬੈਠੇ ਰਹਿਣਗੇ। ਜਗਦੀਸ਼ ਸਿੰਘ ਝੀਂਡਾ ਨੇ ਐਲਾਨ ਕੀਤਾ ਸੀ ਕਿ ਵੱਖਰੀ ਕਮੇਟੀ ਦੇ ਹਮਾਇਤੀ 6 ਦਸੰਬਰ ਨੂੰ ਇਤਿਹਾਸਕ ਗੁਰਦੁਆਰੇ ਨਾਢਾ ਸਾਹਿਬ ਵਿਚ ਸੁਖਮਨੀ ਸਾਹਿਬ ਦਾ ਪਾਠ ਕਰਨ ਜਾਣਗੇ। ਉਸੇ ਮੁਤਾਬਕ ਦੁਪਹਿਰ ਦੋ ਵਜੇ ਸੈਂਕੜੇ ਲੋਕ ਕੜਾਕੇ ਦੀ ਠੰਢ ਵਿਚ ਗੁਰਦੁਆਰਾ ਸਾਹਿਬ ਦੇ ਸਾਹਮਣੇ ਪੁੱਜ ਗਏ। ਪੰਚਕੂਲਾ ਪ੍ਰਸ਼ਾਸਨ ਨੇ ਵੱਖਰੀ ਕਮੇਟੀ ਦੇ ਹਮਾਇਤੀਆਂ ਨੂੰ ਗੁਰਦੁਆਰੇ ਵਿਚ ਦਾਖ਼ਲ ਹੋਣ ਤੋਂ ਰੋਕਣ ਲਈ ਗੁਰਦੁਆਰੇ ਦੇ ਮੁੱਖ ਦੁਆਰ ਅੱਗੇ ਬੈਰੀਕੇਡ ਲਾ ਕੇ ਰਸਤਾ ਬੰਦ ਕਰ ਦਿੱਤਾ ਸੀ। ਗੁਰਦੁਆਰੇ ਦੇ ਦਰਸ਼ਨਾਂ ਲਈ ਆਸ-ਪਾਸ ਦੇ ਸ਼ਹਿਰਾਂ ਨੂੰ ਛੱਡ ਕੇ ਜੰਮੂ ਕਸ਼ਮੀਰ, ਰਾਜਸਥਾਨ, ਹਿਮਾਚਲ ਪ੍ਰਦੇਸ਼, ਪੰਜਾਬ ਦੇ ਵੱਖ-ਵੱਖ ਜ਼ਿਲਿਆਂ ਤੋਂ ਸ਼ਰਧਾਲੂ ਆਏ ਸਨ ਪਰ ਰਸਤਾ ਬੰਦ ਹੋਣ ਕਰਕੇ ਉਨ੍ਹਾਂ ਨੂੰ ਨਿਰਾਸ਼ ਮੁੜਨਾ ਪਿਆ। ਇਸ ਮੌਕੇ ਦੋਵਾਂ ਧਿਰਾਂ ਨੇ ਇਕ-ਦੂਜੇ ਨੂੰ ਦੇਖ ਕੇ ਨਾਅਰੇਬਾਜ਼ੀ ਵੀ ਕੀਤੀ। ਉਸ ਸਮੇਂ ਟਕਰਾਅ ਹੋਣ ਦੇ ਆਸਾਰ ਬਣ ਗਏ ਸਨ ਪਰ ਪਹਿਲਾਂ ਤੋਂ ਤਾਇਨਾਤ ਪੁਲਿਸ ਨੇ ਦੋਵਾਂ ਧਿਰਾਂ ਨੂੰ ਸ਼ਾਂਤ ਰਹਿਣ ਲਈ ਮਨਾ ਲਿਆ। ਸ਼ਾਮ ਵੇਲੇ ਜਥੇ. ਝੀਂਡਾ ਨੇ ਪ੍ਰਸ਼ਾਸਨ ਨੂੰ ਕਿਹਾ ਕਿ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਜਾਂ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਅਵਤਾਰ ਸਿੰਘ ਮੱਕੜ ਗੱਲ ਕਰਨ ਤਾਂ ਹੀ ਉਹ ਏਥੋਂ ਜਾਣਗੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਵੱਖਰੀ ਕਮੇਟੀ ਬਣਾਉਣ ਦਾ ਲਾਰਾ ਲਾ ਕੇ ਦੋ ਵਾਰ ਵੋਟਾਂ ਲੈ ਲਈਆਂ ਹਨ ਪਰ ਵਾਅਦਾ ਪੂਰਾ ਨਹੀਂ ਕੀਤਾ।

## ਇਕ ਹੋਰ ਗਵਾਹ ਵੱਲੋਂ ਸੱਜਣ ਕੁਮਾਰ ਦੀ ਸ਼ਨਾਖ਼ਤ

**ਨਵੀਂ ਦਿੱਲੀ:** ਦਿੱਲੀ ਦੀ ਇਕ ਅਦਾਲਤ ਵਿਚ 1984 ਦੇ ਸਿੱਖ ਕਤਲੇਆਮ ਬਾਰੇ ਚੱਲ ਰਹੇ ਕੇਸ ਦੀ ਸੁਣਵਾਈ ਦੌਰਾਨ ਗਵਾਹ ਨਿਰਪ੍ਰੀਤ ਕੌਰ ਨੇ ਕਾਂਗਰਸੀ ਆਗੂ ਸੱਜਣ ਕੁਮਾਰ ਸਣੇ ਪੰਜ ਜਣਿਆਂ ਦੀ ਸ਼ਨਾਖ਼ਤ ਕਰ ਲਈ ਤੇ ਉਹ ਘਟਨਾ ਵੀ ਬਿਆਨ ਕੀਤੀ ਕਿ ਕਿਸ ਤਰ੍ਹਾਂ ਉਸ ਦੇ ਪਿਤਾ ਨੂੰ ਭੀੜ ਨੇ ਬੇਰਹਿਮੀ ਨਾਲ ਮਾਰ ਦਿੱਤਾ ਸੀ।

ਨਿਰਪ੍ਰੀਤ ਕੌਰ ਨੇ ਦੱਸਿਆ ਕਿ ਸੱਜਣ ਕੁਮਾਰ ਆਖ ਰਿਹਾ ਸੀ ਕਿ ਕੋਈ ਸਰਦਾਰ (ਸਿੱਖ) ਜ਼ਿੰਦਾ ਨਹੀਂ ਬਚਣਾ ਚਾਹੀਦਾ ਤੇ ਘਰਾਂ ਨੂੰ ਵੀ ਅੱਗ ਲਾ ਦਿਓ। ਐਡੀਸ਼ਨਲ ਸੈਸ਼ਨ ਜੱਜ ਸੁਨੀਤਾ ਗੁਪਤਾ ਦੀ ਅਦਾਲਤ 'ਚ 42-ਸਾਲਾ ਨਿਰਪ੍ਰੀਤ ਕੌਰ ਨੇ ਦੱਸਿਆ ਕਿ ਬਲਵਾਨ ਖੋਖਰ ਤੇ ਮਹਿੰਦਰ ਯਾਦਵ ਉਸ ਦੇ ਪਿਤਾ ਨੂੰ ਸਕੂਟਰ 'ਤੇ ਲੈ ਗਏ ਤੇ ਫਿਰ ਇਕ ਪੁਲਿਸ ਇੰਸਪੈਕਟਰ ਕੌਸ਼ਿਕ ਤੋਂ ਤੀਲ੍ਹਾਂ ਦੀ ਡੱਬੀ ਲੈ ਕੇ ਅੱਗ ਲਾ ਦਿੱਤੀ। ਪਿਤਾ ਨੇ ਭੱਜ ਕੇ ਛਾਲ ਮਾਰ ਦਿੱਤੀ। ਉਸ ਨੂੰ ਬਾਹਰ ਕੱਢ ਕੇ ਫਿਰ ਅੱਗ ਲਾਈ ਗਈ। ਉਸ ਨੇ ਦੱਸਿਆ ਕਿ ਇਸ ਘਟਨਾ ਵੇਲੇ ਉਸ ਦੀ ਉਮਰ 16 ਸਾਲ ਸੀ ਤੇ ਬਾਅਦ ਵਿਚ ਵੱਖ-ਵੱਖ ਸੁਰੱਖਿਆ ਏਜੰਸੀਆਂ ਨੇ ਉਸ ਨੂੰ ਬਹੁਤ ਪ੍ਰੇਸ਼ਾਨ ਕੀਤਾ ਤੇ ਉਸ ਖ਼ਿਲਾਫ਼ ਦਿੱਲੀ ਵਿਚ ਦੋ ਤੇ ਪੰਜਾਬ 'ਚ ਇਕ ਕੇਸ ਟਾਡਾ ਤਹਿਤ ਦਰਜ ਕੀਤਾ ਗਿਆ।

## ਚੀਨ ਦੇ ਦੁੱਧ ਉਤਪਾਦਾਂ ਦੀ ਦਰਾਮਦ 'ਤੇ ਪਾਬੰਦੀ ਜਾਰੀ

**ਨਵੀਂ ਦਿੱਲੀ:** ਭਾਰਤ ਨੇ ਚੀਨ ਤੋਂ ਦੁੱਧ ਤੇ ਇਸ ਤੋਂ ਬਣੇ ਉਤਪਾਦਾਂ ਦੀ ਦਰਾਮਦ 'ਤੇ ਲੱਗੀ ਪਾਬੰਦੀ ਨੂੰ ਇਕ ਸਾਲ ਲਈ ਹੋਰ ਵਧਾ ਦਿੱਤਾ ਹੈ। ਵਿਦੇਸ਼ੀ ਵਪਾਰ ਦੇ ਡਾਇਰੈਕਟੋਰੇਟ ਜਨਰਲ ਵੱਲੋਂ ਜਾਰੀ ਨੋਟੀਫਿਕੇਸ਼ਨ 'ਚ ਕਿਹਾ ਕਿ ਅਗਲੇ ਹੁਕਮਾਂ ਤਕ ਚੀਨ ਤੋਂ ਦੁੱਧ ਤੇ ਇਸ ਤੋਂ ਤਿਆਰ ਉਤਪਾਦਾਂ ਦੇ ਦਰਾਮਦ 'ਤੇ ਰੋਕ ਜਾਰੀ ਰਹੇਗੀ।

ਨੋਟੀਫਿਕੇਸ਼ਨ ਅਨੁਸਾਰ ਇਹ ਪਾਬੰਦੀ 24 ਦਸੰਬਰ, 2010 ਤੋਂ ਇਕ ਸਾਲ ਲਈ ਜਾਰੀ ਰਹੇਗੀ। ਪਿਛਲੇ ਸਾਲ 24 ਜੂਨ ਨੂੰ ਸਰਕਾਰ ਨੇ ਇਸ ਪਾਬੰਦੀ ਨੂੰ 6 ਮਹੀਨਿਆਂ ਲਈ ਵਧਾ ਦਿੱਤਾ ਸੀ। ਚੀਨ ਤੋਂ ਦੁੱਧ ਦੇ ਉਤਪਾਦਾਂ ਦੀ ਦਰਾਮਦ 'ਤੇ ਭਾਰਤ ਸਰਕਾਰ ਨੇ ਸਤੰਬਰ 2008 ਤੋਂ ਪਾਬੰਦੀ ਲਗਾਈ ਹੋਈ ਹੈ। ਭਾਰਤ ਸਰਕਾਰ ਨੇ ਘਰੇਲੂ ਉਦਯੋਗ ਦੀ ਸੁਰੱਖਿਆ ਲਈ ਚੀਨ ਤੋਂ ਆਉਣ ਵਾਲੇ ਚੌਕਲੇਟ, ਚੌਕਲੇਟ ਉਤਪਾਦਾਂ, ਕੈਂਡੀ, ਕਨਫੈਕਸ਼ਨਰੀ ਤੇ ਦੁੱਧ ਤੋਂ ਬਣੀਆਂ ਚੀਜ਼ਾਂ 'ਤੇ ਪਾਬੰਦੀ ਲਾਈ ਹੋਈ ਹੈ।

## 2010: ਪੰਜਾਬ ਪੁਲਿਸ ਵੱਲੋਂ ਮਨੁੱਖੀ ਹਕੂਕ ਦਾ ਘਾਣ

**ਚੰਡੀਗੜ੍ਹ:** ਪੰਜਾਬ ਸਰਕਾਰ ਪੁਲਿਸ ਸੁਧਾਰਾਂ ਦੇ ਨਾਂ 'ਤੇ ਪੁਲਿਸ ਨੂੰ ਹੋਰ ਅਧਿਕਾਰ ਦੇ ਰਹੀ ਹੈ ਪਰ ਜੇਕਰ ਇਸ ਵਰ੍ਹੇ 'ਤੇ ਨਜ਼ਰ ਮਾਰੀ ਜਾਵੇ ਤਾਂ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਕੋਲ 2010 ਦੌਰਾਨ 19266 ਸ਼ਿਕਾਇਤਾਂ ਆਈਆਂ ਹਨ ਜਿਨ੍ਹਾਂ 'ਚ ਜ਼ਿਆਦਾ ਮਾਮਲੇ ਪੁਲਿਸ ਵਧੀਕੀ ਦੇ ਹੀ ਹਨ। ਸ਼ਿਕਾਇਤਾਂ ਦੀ ਇਹ ਗਿਣਤੀ ਕਮਿਸ਼ਨ ਦੇ ਹੋਂਦ ਵਿਚ ਆਉਣ ਤੋਂ ਲੈ ਕੇ ਹੁਣ ਤਕ ਸਭ ਤੋਂ ਜ਼ਿਆਦਾ ਹੈ ਜਦੋਂਕਿ ਸਾਲ 2009 ਵਿਚ ਇਹ ਗਿਣਤੀ 16755 ਸੀ। ਸਰਕਾਰ ਦੇ ਅਮਨ-ਸ਼ਾਂਤੀ ਦੇ ਦਾਅਵਿਆਂ ਨੂੰ ਨਕਾਰਦਿਆਂ ਸਾਲ 2010 ਦੌਰਾਨ ਸਭ ਤੋਂ ਵੱਧ ਪੁਲਿਸ ਵਧੀਕੀਆਂ ਦੇ ਕੇਸ ਸਾਹਮਣੇ ਆਏ ਹਨ ਜਦੋਂਕਿ ਧਾਰਮਿਕ ਤੇ ਫਿਰਕੂ ਦੰਗੇ ਵੀ ਵਧੇ ਹਨ। ਇਹ ਜਾਣਕਾਰੀ ਕਮਿਸ਼ਨ ਵੱਲੋਂ ਸਰਕਾਰੀ ਤੌਰ 'ਤੇ ਦਿੱਤੀ ਗਈ ਹੈ।

ਮਿਲੀ ਜਾਣਕਾਰੀ ਅਨੁਸਾਰ ਕਮਿਸ਼ਨ ਕੋਲ 1 ਜਨਵਰੀ ਤੋਂ 31 ਦਸੰਬਰ 2010 ਤਕ ਪੁਲਿਸ ਵਧੀਕੀਆਂ ਦੀਆ 10338 ਸ਼ਿਕਾਇਤਾਂ ਆਈਆਂ ਹਨ ਜਦੋਂ ਕਿ ਸਾਲ 2009 ਵਿਚ ਪੁਲਿਸ ਜ਼ਿਆਦਤੀਆਂ ਦੀ ਗਿਣਤੀ ਕੇਵਲ 8905 ਸੀ। ਧਾਰਮਿਕ ਤੇ ਫਿਰਕੂ, ਹਿੰਸਾ ਦੇ ਕੇਸ ਪਿਛਲੇ ਸਾਲ ਨਾਲੋਂ ਦੋ ਗੁਣਾ ਵਧ ਗਏ ਹਨ। ਸਾਲ 2009 ਵਿਚ ਇਸ ਕਿਸਮ ਦੀਆਂ ਸਿਰਫ਼ 6 ਸ਼ਿਕਾਇਤਾਂ ਸੁਣਵਾਈ ਲਈ ਮਿਲੀਆਂ ਸਨ ਜਦੋਂ ਕਿ ਸਾਲ 2010 ਵਿਚ ਇਹ ਗਿਣਤੀ 1379 ਤਕ ਪੁੱਜ ਗਈ। ਸਿਹਤ, ਸਰਵਿਸ ਤੇ ਬੰਧੂਆ ਮਜ਼ਦੂਰੀ ਨਾਲ ਜੁੜੇ ਮਾਮਲੇ ਵੀ ਪਹਿਲਾਂ ਨਾਲੋਂ ਵਧੇ ਹਨ।

ਬੰਧੂਆ ਮਜ਼ਦੂਰੀ ਦੀਆਂ ਸ਼ਿਕਾਇਤਾਂ ਦੀ ਗਿਣਤੀ ਵੀ ਇਕ ਸਾਲ ਵਿਚ 118 ਤੋਂ ਵਧ ਕੇ 147 ਹੋ ਗਈ ਹੈ ਜਦੋਂ ਕਿ ਸਰਵਿਸ ਤੇ ਸਿਹਤ ਨਾਲ ਸਬੰਧਤ ਮਾਮਲਿਆਂ ਵਿਚ ਵੀ 5 ਫੀਸਦੀ ਵਾਧਾ ਹੋਇਆ ਹੈ।

ਕਮਿਸ਼ਨ ਵੱਲੋਂ ਦਿੱਤੀ ਸੂਚਨਾ ਅਨੁਸਾਰ ਪੁਲਿਸ ਵਿਰੁੱਧ ਸਾਲ 2009 ਨਾਲੋਂ ਵਰ੍ਹਾ 2010 ਵਿਚ ਡੇਢ ਹਜ਼ਾਰ ਦੇ ਕਰੀਬ ਵੱਧ ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ। ਸਾਲ 1997 ਵਿਚ ਪੁਲਿਸ ਵਿਰੁੱਧ ਕੇਵਲ 57 ਸ਼ਿਕਾਇਤਾਂ ਆਈਆਂ ਸਨ ਜਦੋਂ ਕਿ ਅਗਲੇ ਸਾਲ ਹੀ ਇਹ ਗਿਣਤੀ ਵਧ ਕੇ 492 ਹੋ ਗਈ। ਸਾਲ 1999 'ਚ ਪੁਲਿਸ ਵਿਰੁੱਧ 10941, ਸਾਲ 2000 ਵਿਚ 2401, ਸਾਲ 2001 'ਚ 3642, ਸਾਲ 2002 'ਚ 4344, ਸਾਲ 2003 'ਚ 6422, ਸਾਲ 2004 ਵਿਚ 9661, ਸਾਲ 2005 'ਚ 9835, ਸਾਲ 2006 'ਚ 8852, ਸਾਲ 2008 ਵਿਚ 9410 ਤੇ ਸਾਲ 2008 ਵਿਚ 9026 ਸ਼ਿਕਾਇਤਾਂ ਆਈਆਂ ਸਨ।

# ਫ਼ਾਜ਼ਿਲਕਾ ਅਤੇ ਪਠਾਨਕੋਟ ਨੂੰ ਜ਼ਿਲੇ ਬਣਾਉਣ ਦੀ ਸਿਆਸਤ ਭਖੀ

### ਭਾਜਪਾ ਆਪਣੇ ਸਿਰ ਸਿਹਰਾ ਸਜਾਉਣ ਦੀ ਤਾਕ 'ਚ

**ਚੰਡੀਗੜ੍ਹ:** ਪੰਜਾਬ 'ਚ ਫ਼ਿਰੋਜ਼ਪੁਰ ਤੇ ਗੁਰਦਾਸਪੁਰ ਜ਼ਿਲਿਆਂ ਵਿਚੋਂ ਫ਼ਾਜ਼ਿਲਕਾ ਤੇ ਪਠਾਨਕੋਟ ਦੋ ਨਵੇਂ ਜ਼ਿਲੇ ਬਣਾਉਣ ਲਈ ਸਿਆਸਤ ਭਖ਼ ਗਈ ਹੈ। ਇਸ ਵਾਰ ਇਹ ਸਿਹਰਾ ਭਾਜਪਾ ਆਪਣੇ ਸਿਰ ਸਜਾਉਣਾ ਚਾਹੁੰਦੀ ਹੈ। ਆਪਣੀ ਭਾਈਵਾਲ ਪਾਰਟੀ ਭਾਜਪਾ ਤੇ ਸਥਾਨਕ ਅਕਾਲੀ ਆਗੂਆਂ ਵੱਲੋਂ ਸੰਘਰਸ਼ ਵਿੱਢਣ ਤੋਂ ਬਾਅਦ ਸਰਕਾਰ ਨੇ ਇਸ ਮਾਮਲੇ 'ਤੇ ਵਿਚਾਰ ਕਰਨ ਲਈ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਭਾਜਪਾ ਆਗੂ ਮਨਮੋਹਨ ਕਾਲੀਆ ਦੇ ਆਧਾਰਤ ਦੋ ਮੈਂਬਰੀ ਕਮੇਟੀ ਬਣਾ ਦਿੱਤੀ ਹੈ। ਦੂਜੇ ਪਾਸੇ ਹੁਕਮਰਾਨ ਧਿਰ ਦੇ ਹਲਕਿਆਂ ਦਾ ਕਹਿਣਾ ਹੈ ਕਿ ਭਾਵੇਂ ਮੁੱਖ ਮੰਤਰੀ ਨੇ ਨਵੇਂ ਜ਼ਿਲੇ ਬਣਾਉਣ ਲਈ ਦੋ-ਮੈਂਬਰੀ ਕਮੇਟੀ ਬਣਾ ਦਿੱਤੀ ਹੈ ਪਰ ਅਕਾਲੀ ਲੀਡਰਸ਼ਿਪ ਨਵੇਂ ਜ਼ਿਲੇ ਬਣਾਉਣ ਲਈ ਆਪਣੀ ਸਹਿਯੋਗੀ ਪਾਰਟੀ ਵੱਲੋਂ ਅਪਣਾਏ ਢੰਗ ਤਰੀਕੇ ਤੋਂ ਖੁਸ਼ ਨਹੀਂ ਹੈ। ਇਨ੍ਹਾਂ ਹਲਕਿਆਂ ਦਾ ਕਹਿਣਾ ਹੈ ਕਿ ਨਵੇਂ ਜ਼ਿਲੇ ਬਣਾਉਣ ਦਾ ਮਾਮਲਾ ਰਾਜਸੀ ਤੌਰ 'ਤੇ ਬਹੁਤ ਅਹਿਮੀਅਤ ਰੱਖਦਾ ਹੈ ਪਰ ਭਾਜਪਾ ਨੇ ਏਨੀ ਫੁਰਤੀ ਵਿਖਾਈ ਕਿ ਮੁੱਖ ਮੰਤਰੀ ਸ੍ਰੀ ਬਾਦਲ ਨਾਲ ਇਸ ਮੁੱਦੇ 'ਤੇ ਕੋਈ ਗੱਲ ਕੀਤੇ ਬਗੈਰ ਫ਼ਾਜ਼ਿਲਕਾ ਵਿਚ ਤਾਂ ਸਿੱਧਾ ਅੰਦੋਲਨ ਸ਼ੁਰੂ ਕਰ ਦਿੱਤਾ। ਨਾਲ ਹੀ ਸਾਰੀ ਸੂਬਾਈ ਲੀਡਰਸ਼ਿਪ ਨੇ ਮੀਟਿੰਗ ਕਰਕੇ ਸ੍ਰੀ ਬਾਦਲ ਤੋਂ ਨਵੇਂ ਜ਼ਿਲੇ ਬਣਾਉਣ ਦੀ ਮੰਗ ਕਰਨੀ ਸ਼ੁਰੂ ਕਰ ਦਿੱਤੀ ਹੈ।

ਜ਼ਿਕਰਯੋਗ ਹੈ ਕਿ ਫ਼ਾਜ਼ਿਲਕਾ ਨੂੰ ਜ਼ਿਲਾ ਬਣਾਉਣ ਲਈ ਵਿੱਢਿਆ ਸੰਘਰਸ਼ 5 ਜਨਵਰੀ ਨੂੰ ਉਸ ਵੇਲੇ ਪੂਰਾ ਭਖ਼ ਗਿਆ ਜਦੋਂ ਸਾਂਝਾ ਮੋਰਚਾ ਫਾਜ਼ਿਲਕਾ ਨੇ ਸੱਤਾਧਾਰੀ ਆਗੂਆਂ ਨੂੰ ਨਾਲ ਲੈ ਕੇ ਮਰਨ ਵਰਤ ਸ਼ੁਰੂ ਕਰ ਦਿੱਤਾ। ਆਪਣੀਆਂ ਹੀ ਪਾਰਟੀਆਂ ਤੇ ਸਰਕਾਰ ਖ਼ਿਲਾਫ਼ ਮੋਰਚਾ ਖੋਲ੍ਹਦਿਆਂ ਭਾਜਪਾ ਵਿਧਾਇਕ ਸੁਰਜੀਤ ਕੁਮਾਰ ਜਿਆਣੀ ਤੇ ਅਕਾਲੀ ਦਲ ਦੇ ਸਰਕਲ ਪ੍ਰਧਾਨ ਚਰਨ ਸਿੰਘ ਮਰਨ ਵਰਤ 'ਤੇ ਬੈਠ ਗਏ। ਉਧਰ ਸ਼੍ਰੋਮਣੀ ਅਕਾਲੀ ਦਲ ਦੀ ਸਹਿਯੋਗੀ ਭਾਜਪਾ ਵੀ ਪੰਜਾਬ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਫ਼ਾਜ਼ਿਲਕਾ ਤੇ ਪਠਾਨਕੋਟ ਦੋ ਨਵੇਂ ਜ਼ਿਲੇ ਬਣਾਉਣ ਦੇ ਹੱਕ ਵਿਚ ਡਟ ਗਈ। ਇਸ ਸਬੰਧੀ ਪੰਜਾਬ ਭਾਜਪਾ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਤੇ ਸਥਾਨਕ ਸਰਕਾਰਾਂ ਵਿਭਾਗ ਦੇ ਮੰਤਰੀ ਮਨੋਰੰਜਨ ਕਾਲੀਆ 'ਤੇ ਆਧਾਰਤ ਵਫ਼ਦ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਮਿਲਿਆ ਤੇ ਦੋ ਨਵੇਂ ਜ਼ਿਲੇ ਬਣਾਉਣ 'ਤੇ ਜ਼ੋਰ ਦਿੱਤਾ। ਭਾਜਪਾ ਆਗੂਆਂ ਦਾ ਕਹਿਣਾ ਹੈ ਕਿ ਫਿਰੋਜ਼ਪੁਰ ਤੇ ਗੁਰਦਾਸਪੁਰ ਵੱਡੇ ਜ਼ਿਲੇ ਹਨ। ਇਸ ਲਈ ਨਵੇਂ ਜ਼ਿਲੇ ਬਣਾਉਣੇ ਜ਼ਰੂਰੀ ਹਨ। ਉਨ੍ਹਾਂ ਤਰਕ ਦਿੱਤਾ ਅਬੋਹਰ ਤੋਂ ਫ਼ਿਰੋਜ਼ਪੁਰ ਦਾ ਰਸਤਾ ਹੀ 120 ਕਿਲੋਮੀਟਰ ਪੈਂਦਾ ਹੈ। ਵੱਡਾ ਜ਼ਿਲਾ ਹੋਣ ਲੋਕਾਂ ਨੂੰ ਮੁਸ਼ਕਲ ਹਾਲਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸੇ ਤਰ੍ਹਾਂ ਗੁਰਦਾਸਪੁਰ ਜ਼ਿਲਾ ਵੀ ਭੂਗੋਲਿਕ ਤੌਰ 'ਤੇ ਇਕ ਪਾਸੇ ਹਿਮਾਚਲ ਪ੍ਰਦੇਸ਼ ਨਾਲ ਲੱਗਦਾ ਹੈ ਤੇ ਦੂਜੇ ਪਾਸੇ ਪਾਕਿਸਤਾਨ ਨਾਲ ਲੱਗਦਾ ਹੈ। ਪਠਾਨਕੋਟ ਦੇ ਨਾਲ ਲੱਗਦੇ ਇਲਾਕਿਆਂ ਦੇ ਲੋਕਾਂ ਨੂੰ ਗੁਰਦਾਸਪੁਰ ਜਾਣ ਤੇ ਆਉਣ ਲਈ ਦੋ ਦਿਨ ਦਾ ਸਮਾਂ ਚਾਹੀਦਾ ਹੈ। ਇਸ ਤੋਂ ਤੁਰੰਤ ਬਾਅਦ ਭਾਜਪਾ ਵੱਲੋਂ ਨਵੇਂ ਜ਼ਿਲੇ ਬਣਾਉਣ ਬਾਰੇ ਪਾਰਟੀ ਦੀ ਲੀਡਰਸ਼ਿਪ ਤੇ ਮੰਤਰੀਆਂ ਦੀ ਪਾਰਟੀ ਦਫ਼ਤਰ 'ਚ ਬਕਾਇਦਾ ਮੀਟਿੰਗ ਕੀਤੀ ਗਈ। ਮੀਟਿੰਗ ਵਿਚ ਲੀਡਰਸ਼ਿਪ ਦੀ ਰਾਇ ਸੀ ਕਿ ਲੋਕਾਂ ਦੀਆਂ ਮੁਸ਼ਕਲਾਂ ਦੇ ਮੱਦੇਨਜ਼ਰ ਫ਼ਿਰੋਜ਼ਪੁਰ ਤੇ ਗੁਰਦਾਸਪੁਰ ਵਿਚੋਂ ਦੋ ਹੋਰ ਜ਼ਿਲੇ ਬਣਾਉਣ ਦੀ ਮੰਗ ਪੂਰੀ ਤਰ੍ਹਾਂ ਵਾਜਬ ਹੈ। ਭਾਜਪਾ ਦੇ ਹੀ ਗੁਰਦਾਸਪੁਰ ਜ਼ਿਲੇ ਨਾਲ ਸਬੰਧਤ ਪਠਾਨਕੋਟ ਖੇਤਰ ਦੇ ਵਰਕਰ ਤੇ ਆਗੂ ਪਠਾਨਕੋਟ ਜ਼ਿਲਾ ਬਣਾਉਣ ਲਈ ਦਬਾਅ ਪਾ ਰਹੇ ਹਨ ਪਰ ਬਟਾਲਾ ਤੋਂ ਵਿਧਾਇਕ ਜਗਦੀਸ਼ ਸਾਹਨੀ ਤੇ ਹੋਰ ਲੋਕ ਬਟਾਲਾ ਨੂੰ ਜ਼ਿਲਾ ਬਣਾਉਣ ਦੀ ਮੰਗ ਕਰ ਰਹੇ ਹਨ। ਭਾਜਪਾ ਦੀ ਦਲੀਲ ਹੈ ਕਿ ਪਹਿਲਾਂ ਸ੍ਰੀ ਫਤਿਹਗੜ੍ਹ ਸਾਹਿਬ ਤੇ ਤਰਨਤਾਰਨ ਛੋਟੇ ਜ਼ਿਲੇ ਬਣੇ ਹੋਏ ਹਨ ਤੇ ਇਸ ਲਈ ਹੁਣ ਹੋਰ ਵੱਡੇ ਜ਼ਿਲੇ ਵੀ ਲੋਕਾਂ ਦੀ ਸਹੂਲਤ ਲਈ ਛੋਟੇ ਕਰ ਦੇਣੇ ਚਾਹੀਦੇ ਹਨ।



ਇਹ ਵੀ ਕਿਹਾ ਜਾ ਰਿਹਾ ਹੈ ਕਿ ਗੁਰਦਾਸਪੁਰ ਵਿਚੋਂ ਪਠਾਨਕੋਟ ਜ਼ਿਲਾ ਬਣਾਉਣ ਦੀ ਮੰਗ ਬੇਅੰਤ ਸਿੰਘ ਸਰਕਾਰ ਵੇਲੇ ਦੀ ਤੁਰੀ ਆ ਰਹੀ ਹੈ। ਪੰਜਾਬ ਵਿਚ ਖਾੜਕੂਵਾਦ ਦੇ ਦੌਰ ਬਾਅਦ ਮਰਹੂਮ ਮੁੱਖ ਮੰਤਰੀ ਹਰਚਰਨ ਸਿੰਘ ਬਰਾੜ ਨੇ ਪਵਿੱਤਰ ਸ਼ਹਿਰ ਮੁਕਤਸਰ ਨੂੰ ਜ਼ਿਲੇ ਦਾ ਦਰਜਾ ਦਿੱਤਾ ਸੀ। ਇਸ ਤੋਂ ਬਾਅਦ ਸ੍ਰੀ ਬਰਾੜ ਨੇ ਹੀ ਮੋਗਾ ਤੇ ਦੁਆਬਾ ਵਿਚ ਨਵਾਂ ਸ਼ਹਿਰ ਨੂੰ ਜ਼ਿਲੇ ਦਾ ਦਰਜਾ ਦਿੱਤਾ ਸੀ। ਇਸ ਤਰ੍ਹਾਂ ਖਾੜਕੂਵਾਦ ਦੇ ਬਾਅਦ ਨਵੇਂ ਜ਼ਿਲੇ ਬਣਾਉਣ ਦੀ ਪਿਰਤ ਕਾਂਗਰਸ ਸਰਕਾਰ ਨੇ ਸ਼ੁਰੂ ਕੀਤੀ ਸੀ। ਉਂਜ ਵਿਧਾਨ ਸਭਾ ਚੋਣ ਨਜ਼ਦੀਕ ਹੋਣ ਕਾਰਨ ਸ੍ਰੀ ਬਾਦਲ ਕੋਈ ਨਵਾਂ ਵਿਵਾਦ ਖੜ੍ਹਾ ਕਰਨ ਤੋਂ ਵੀ ਗੁਰੇਜ਼ ਕਰਨਗੇ।

ਉਨ੍ਹਾਂ ਇਸ ਮਾਮਲੇ ਬਾਰੇ ਵਿਚਾਰ ਲਈ ਦੋ ਮੈਂਬਰੀ ਕੈਬਨਿਟ ਸਬ ਕਮੇਟੀ ਬਣਾ ਦਿੱਤੀ ਹੈ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਉਦਯੋਗ ਤੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਮਨੋਰੰਜਨ ਕਾਲੀਆ ਇਸ ਕਮੇਟੀ ਦੇ ਮੈਂਬਰ ਬਣਾਏ ਗਏ ਹਨ। ਇਹ ਕਮੇਟੀ ਰਾਜ ਵਿਚ ਨਵੇਂ ਜ਼ਿਲੇ ਤੇ ਨਵੀਆਂ ਸਬ-ਡਿਵੀਜ਼ਨਾਂ ਬਣਾਉਣ ਦੀ ਮੰਗ ਦਾ ਢੁਕਵਾਂ ਹੱਲ ਲੱਭਣ 'ਤੇ ਵਿਚਾਰ ਕਰੇਗੀ। ਇਸ ਸਬ ਕਮੇਟੀ ਨੂੰ ਆਪਣੀ ਰਿਪੋਰਟ ਛੇਤੀ ਤੋਂ ਛੇਤੀ ਦੇਣ ਲਈ ਕਿਹਾ ਗਿਆ ਹੈ।

# ਯੂ.ਏ.ਈ. 'ਚ ਪੰਜਾਬੀ ਨੌਜਵਾਨ ਜਾਨਵਰਾਂ ਵਰਗੀ ਜ਼ਿੰਦਗੀ ਜਿਊਣ ਲਈ ਮਜਬੂਰ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸੰਯੁਕਤ ਅਰਬ ਅਮੀਰਾਤ (ਯੂ.ਏ.ਈ.) ਵਿਚ 17 ਪੰਜਾਬੀ ਨੌਜਵਾਨਾਂ ਦਾ ਮੌਤ ਦੀ ਸਜ਼ਾ ਤੋਂ ਖਹਿੜਾ ਛੁੱਟਣ ਤੋਂ ਬਾਅਦ ਹੁਣ ਉਥੋਂ ਦੇ ਸ਼ਹਿਰ ਜੁਬੇਲ ਦੇ ਹੌਜ਼ਰੀ ਕਾਰਖਾਨੇ ਵਿਚ 300 ਪੰਜਾਬੀ ਨੌਜਵਾਨਾਂ ਨੂੰ ਤੰਗ ਪ੍ਰੇਸ਼ਾਨ ਕਰਨ ਤੇ ਨਾਜਾਇਜ਼ ਹਿਰਾਸਤ ਵਿਚ ਰੱਖਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਤੋਂ ਇਲਾਵਾ ਹਜ਼ਾਰਾਂ ਪੰਜਾਬੀ ਨੌਜਵਾਨ ਜਾਨਵਰਾਂ ਵਰਗੀ ਜ਼ਿੰਦਗੀ ਜਿਊਣ ਲਈ ਮਜਬੂਰ ਹਨ। ਮਿਲੀ ਸੂਚਨਾ ਅਨੁਸਾਰ 700 ਹੋਰ ਨੌਜਵਾਨ ਕੰਮ ਦੇ ਮਾੜੇ ਹਾਲਾਤ ਕਾਰਨ ਵਾਪਸ ਆਉਣ ਲਈ ਤਰਸ ਰਹੇ ਹਨ

ਗੁਰਦਾਸਪੁਰ ਵਾਸੀ ਦਰਸ਼ਨ ਮੱਟੂ ਨੇ ਦੱਸਿਆ ਕਿ ਉਸ ਦਾ ਰਿਸ਼ਤੇਦਾਰ ਯੂ.ਏ.ਈ. ਸਥਿਤ ਜੁਬੇਲ ਸ਼ਹਿਰ ਦੇ 'ਨਸੀਰ ਐਸ. ਹੌਜ਼ਰੀ' ਵਿਚ ਕੰਮ ਕਰਦਾ ਹੈ। ਉਸ ਵਲੋਂ ਟੈਲੀਫੋਨ ਰਾਹੀਂ ਜਾਣਕਾਰੀ ਦਿੱਤੀ ਗਈ ਹੈ ਕਿ ਉਥੇ ਪੰਜਾਬੀ ਨੌਜਵਾਨਾਂ ਵਿਚ ਦਹਿਸ਼ਤ ਤੇ ਤਣਾਅ ਵਾਲਾ ਮਾਹੌਲ ਹੈ ਤੇ 300 ਨੌਜਵਾਨਾਂ ਨੂੰ ਗ਼ੈਰ ਕਾਨੂੰਨੀ ਢੰਗ ਨਾਲ ਕੁਝ ਵਾਹਨਾਂ ਵਿਚ ਬੰਦ ਕੀਤਾ ਹੋਇਆ ਹੈ। ਪਿਛਲੇ ਤਿੰਨ ਦਿਨਾਂ ਤੋਂ ਉਨ੍ਹਾਂ ਨੂੰ ਚੰਗੀ ਤਰ੍ਹਾਂ ਭੋਜਨ ਵੀ ਨਹੀਂ ਦਿੱਤਾ ਗਿਆ ਤੇ ਨਾ ਹੀ ਕਿਸੇ ਨਾਲ ਮਿਲਣ ਦਿੱਤਾ ਜਾ ਰਿਹਾ ਹੈ। ਉਨ੍ਹਾਂ ਦੇ ਮੋਬਾਈਲ ਫੋਨ ਵੀ ਖੋਹ ਲਏ ਗਏ ਹਨ। ਇਹ ਮਾਮਲਾ ਉਥੇ ਨੇਪਾਲੀ ਤੇ ਪੰਜਾਬੀ ਨੌਜਵਾਨਾਂ ਵਿਚਾਲੇ ਹੋਈ ਲੜਾਈ ਕਾਰਨ ਵਾਪਰਿਆ ਹੈ। ਇਕ ਨੇਪਾਲੀ ਨੌਜਵਾਨ ਲਾਟਰੀ ਏਜੰਟ ਵਜੋਂ ਵੀ ਕੰਮ ਕਰਦਾ ਹੈ ਜਿਸ ਕੋਲ ਪੰਜਾਬੀ ਨੌਜਵਾਨਾਂ ਨੇ ਲਾਟਰੀ ਪਾਈ ਸੀ। ਉਸ ਦੀ ਲਾਟਰੀ ਦਾ ਡਰਾਅ ਨਿਕਲਣ 'ਤੇ ਜਦੋਂ ਪੈਸੇ ਮੰਗੇ ਗਏ ਤਾਂ ਪੈਸੇ ਨਾ ਦੇਣ 'ਤੇ ਦੋਵਾਂ ਵਿਚਾਲੇ ਲੜਾਈ ਹੋ ਗਈ ਤੇ ਇਹ ਮਾਮਲਾ ਦੋਵਾਂ ਗੁੱਟਾਂ ਵਿਚਾਲੇ ਝਗੜੇ ਦਾ ਕਾਰਨ ਬਣ ਗਿਆ। ਇਸ ਲੜਾਈ ਦੌਰਾਨ ਹੀ ਨੇਪਾਲੀਆਂ ਨੇ ਉਥੇ ਭੰਨ ਤੋੜ ਵੀ ਕੀਤੀ ਤੇ ਕਾਰਖ਼ਾਨੇ ਦੇ ਕੁਝ ਵਾਹਨਾਂ ਨੂੰ ਅੱਗ ਲਾ ਦਿੱਤੀ। ਇਸ ਦਾ ਸਾਰਾ ਦੋਸ਼ ਪੰਜਾਬੀ ਨੌਜਵਾਨਾਂ 'ਤੇ ਲਾਇਆ ਗਿਆ ਹੈ। ਸਿੱਟੇ ਵਜੋਂ ਨੌਂ ਪੰਜਾਬੀ ਨੌਜਵਾਨ ਝਗੜੇ ਵਿਚ ਜ਼ਖਮੀ ਹੋਏ। ਤਕਰੀਬਨ 300 ਨੌਜਵਾਨਾਂ ਨੂੰ ਗ਼ੈਰ-ਕਾਨੂੰਨੀ ਹਿਰਾਸਤ ਵਿਚ ਰੱਖਿਆ ਹੋਇਆ ਹੈ।

700 ਪੰਜਾਬੀ ਨੌਜਵਾਨ ਘਰ ਪਰਤਣ ਲਈ ਤਿਆਰ

ਸਾਊਦੀ ਅਰਬ ਦੀ ਨਾਸੀਰ ਅਲ ਹਾਜ਼ਰੀ (ਗਲਫ ਏਸ਼ੀਆ) ਵਿਚ ਕੰਮ ਲਈ ਗਏ ਪੰਜਾਬ ਦੇ 700 ਨੌਜਵਾਨ ਕੰਮ ਦੇ ਮਾੜੇ ਹਾਲਾਤ ਕਾਰਨ ਵਾਪਸ ਆਉਣ ਲਈ ਤਰਸ ਰਹੇ ਹਨ। ਇਨ੍ਹਾਂ ਵਿਚੋਂ 100 ਦੇ ਕਰੀਬ ਨੌਜਵਾਨਾਂ ਵੱਲੋਂ ਆਪਣੀ ਮੰਦੀ ਹਾਲਤ ਬਿਆਨਦਿਆਂ ਲੋਕ ਭਲਾਈ ਪਾਰਟੀ ਦੇ ਲੁਧਿਆਣਾ ਦਫ਼ਤਰ ਨੂੰ ਭੇਜੇ ਪੱਤਰ ਰਾਹੀਂ ਵਾਪਸੀ ਲਈ ਮਦਦ ਮੰਗੀ ਗਈ ਹੈ।

ਅੰਮ੍ਰਿਤਸਰ ਦੇ ਮਹਿਤਾ ਚੌਕ ਦੇ ਟਰੈਵਲ ਏਜੰਟ ਰਾਹੀਂ 80-80 ਹਜ਼ਾਰ ਰੁਪਏ ਦੇ ਕੇ ਕੰਮ ਦੀ ਭਾਲ ਵਿਚ ਗਏ ਇਨ੍ਹਾਂ ਨੌਜਵਾਨਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਇਸ ਏਜੰਟ ਵੱਲੋਂ ਅੱਗੋਂ ਮੁੰਬਈ ਦੀ ਮਲਟੀ ਲਿੰਕਸ ਟਰੈਵਲ ਏਜੰਟਸ ਅੰਧੇਰੀ (ਈਸਟ) ਰਾਹੀਂ ਭੇਜਣ ਦਾ ਪ੍ਰਬੰਧ ਕੀਤਾ ਗਿਆ ਸੀ। ਇਨ੍ਹਾਂ ਵਿਚੋਂ ਜ਼ਿਆਦਾਤਰ ਕਪੂਰਥਲਾ, ਹੁਸ਼ਿਆਰਪੁਰ, ਅੰਮ੍ਰਿਤਸਰ, ਬਿਆਸ, ਪਠਾਨਕੋਟ, ਬਟਾਲਾ ਤੇ ਗੁਰਦਾਸਪੁਰ ਦੇ ਹਨ ਜਿਨ੍ਹਾਂ ਵਿਚੋਂ ਕਈ ਤਾਂ ਦੋ-ਦੋ ਸਾਲ ਪਹਿਲਾਂ ਦੇ ਗਏ ਹੋਏ ਹਨ।

ਉਨ੍ਹਾਂ ਨਾਲ ਜਾਣ ਤੋਂ ਪਹਿਲਾਂ ਕੀਤੇ ਗਏ ਇਕਰਾਰਨਾਮੇ ਵਿਚ ਜੋ ਸ਼ਰਤਾਂ ਤੈਅ ਕੀਤੀਆਂ ਗਈਆਂ ਸਨ ਉਨ੍ਹਾਂ ਵਿਚੋਂ ਇੱਕ ਵੀ ਪੂਰੀ ਨਹੀਂ ਕੀਤੀ ਜਾ ਰਹੀ। ਰੁਜ਼ਗਾਰ ਐਗਰੀਮੈਂਟ ਮੁਤਾਬਕ ਨਾ ਤਾਂ ਉਨ੍ਹਾਂ ਨੂੰ ਤਨਖਾਹ ਦਿੱਤੀ ਜਾ ਰਹੀ ਹੈ ਤੇ ਨਾ ਹੀ ਰੋਟੀ। ਰਿਹਾਇਸ਼ ਦਾ ਪ੍ਰਬੰਧ ਵੀ ਮਾੜੀਆਂ ਥਾਵਾਂ 'ਤੇ ਕੀਤਾ ਗਿਆ ਹੈ ਤੇ ਮੈਡੀਕਲ ਸਹੂਲਤ ਤਾਂ ਬਿਲਕੁਲ ਹੀ ਨਹੀਂ। ਜਦੋਂ ਇਨ੍ਹਾਂ ਵੱਲੋਂ ਆਪਣਾ ਹੱਕ ਮੰਗਿਆ ਜਾਂਦਾ ਹੈ ਤਾਂ ਜਾਨਵਰਾਂ ਵਾਂਗ ਕੁੱਟ ਪੈਂਦੀ ਹੈ। ਉਨ੍ਹਾਂ ਵਿਚੋਂ ਛੇ ਨੌਜਵਾਨਾਂ ਨੂੰ ਤਾਂ ਬਿਮਾਰੀ ਦੇ ਬਾਵਜੂਦ ਜੇਲ੍ਹ ਸੁੱਟ ਦਿੱਤਾ ਗਿਆ ਜਦੋਂ ਕਿ ਦੋ ਨੌਜਵਾਨਾਂ ਬਾਰੇ ਕੁਝ ਪਤਾ ਨਹੀਂ ਲੱਗ ਰਿਹਾ।

## ਕਾਂਗਰਸਵੂਮਨ 'ਤੇ ਗੋਲੀ, ਜੱਜ ਸਣੇ 6 ਹਲਾਕ

*(ਸਫਾ ਇਕ ਦੀ ਬਾਕੀ)*

ਵਿਚ ਐਰੀਜ਼ੋਨਾ ਦੇ ਮੁੱਖ ਜ਼ਿਲ੍ਹਾ ਜੱਜ ਜੌਹਨ ਰੋਲ ਤੇ ਬੀਬੀ ਗੈਬਰੀਅਲ ਦੇ ਦਫ਼ਤਰ ਦੇ ਅਧਿਕਾਰੀ ਗੇਬ ਜੀਮੇਰਮੈਨ ਸਣੇ ਪੰਜ ਵਿਅਕਤੀਆਂ ਦੀ ਥਾਂ 'ਤੇ ਹੀ ਮੌਤ ਹੋ ਗਈ ਜਦੋਂਕਿ ਨੌਂ ਸਾਲਾ ਬੱਚੀ ਨੇ ਹਸਪਤਾਲ ਜਾ ਕੇ ਦਮ ਤੋੜਿਆ। ਰਾਸ਼ਟਰਪਤੀ ਬਰਾਕ ਓਬਾਮਾ ਨੇ ਘਟਨਾ ਨੂੰ ਬਹੁਤ ਹੀ ਨਿੰਦਣਯੋਗ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਸ ਘਟਨਾ ਵਿਚ ਕਈ ਕੀਮਤੀ ਜਾਨਾਂ ਗਈਆਂ ਹਨ ਪਰ ਅਜਿਹਾ ਕਿਉਂ ਹੋਇਆ ਇਸ ਦਾ ਕੋਈ ਜਵਾਬ ਨਹੀਂ ਹੈ। ਉਨ੍ਹਾਂ ਕਿਹਾ ਕਿ ਇਹ ਹਿੰਸਾ ਦਾ ਇਕ ਬਹੁਤ ਹੀ ਘਿਨਾਉਣਾ ਕਾਰਾ ਹੈ ਜਿਸ ਨੂੰ ਹਰਗਿਜ਼ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।

ਪੁਲਿਸ ਨੇ ਇਸ ਸਬੰਧੀ ਇਕ 22 ਸਾਲਾ ਹਮਲਾਵਰ ਨੂੰ ਗ੍ਰਿਫ਼ਤਾਰ ਕੀਤਾ ਹੈ ਜਿਸ ਨੇ ਘਟਨਾ ਮੌਕੇ ਗੋਲੀਆਂ ਦੀ ਬੁਛਾੜ ਕੀਤੀ ਸੀ। ਇਹ ਜਾਣਕਾਰੀ ਪੀਮਾ ਕਾਊਂਟੀ ਦੀ ਸ਼ੈਰਿਫ਼ ਕਲੇਅਰੈਂਸ ਤੂਪਨਿਕ ਨੇ ਦਿੱਤੀ ਪਰ ਉਨ੍ਹਾਂ ਫੜੇ ਗਏ ਮੁਲਜ਼ਮ ਦਾ ਨਾਂ ਨਹੀਂ ਦੱਸਿਆ। ਉਨ੍ਹਾਂ ਕਿਹਾ ਕਿ ਸ਼ੂਟਿੰਗ ਤੋਂ ਤੁਰੰਤ ਪਿਛੋਂ ਸ਼ੱਕੀ ਨੂੰ ਹਿਰਾਸਤ ਵਿਚ ਲਿਆ ਗਿਆ ਹੈ ਤੇ ਤਫ਼ਤੀਸ਼ਕਾਰਾਂ ਵੱਲੋਂ ਇਕ ਹੋਰ ਵਿਅਕਤੀ ਦੀ ਤੇਜ਼ੀ ਨਾਲ ਭਾਲ਼ ਕੀਤੀ ਜਾ ਰਹੀ ਹੈ ਕਿਉਂਕਿ ਉਸ ਦੇ ਵੀ ਇਸ ਮਾਮਲੇ ਵਿਚ ਸ਼ਾਮਲ ਹੋਣ ਦਾ ਸ਼ੱਕ ਹੈ।

ਡਾਕਟਰਾਂ ਅਨੁਸਾਰ ਗੈਬਰੀਅਲ ਨੂੰ ਇਸ ਕਰਕੇ ਬਚਾਇਆ ਜਾ ਸਕਿਆ ਕਿਉਂਕਿ ਉਸ ਨੂੰ ਡਾਕਟਰੀ ਮਦਦ ਲਈ ਤੁਰਤ ਹਸਪਤਾਲ ਪਹੁੰਚਾ ਦਿੱਤਾ ਗਿਆ।

www.punjabtimesusa.com

## Matrimonials

### ਵਰ ਦੀ ਲੋੜ

Ramgarhia Sikh parents seek professionally, qualified boy under 35 (issueless, if divorced) from US/Canada for their dentist daughter, 31 yrs, 5'-6", divorced/ issueless, living in Canada. Please respond with bio data and recent picture to: match2k@gmail.com

### ਕੰਨਿਆ ਦੀ ਲੋੜ

Good looking, well educated USA settled family girl for Ramgharia Sikh cleanshave boy, 28, 5' 10", M.S from USA, Settled in Michigan, permanent job. Caste no bar. Contact: 425-773-9030, 425-307-1050 or email psingh03850@gmail.com.

Alliance for handsome, clean shaven, sincere, God fearing, 43, 5'-7" Sikh boy. Masters in Edu., Bachelor in Computer math from US, teaching professional, divorcees considered, cast no bar, Ph: 323-573-9315, e-mail: Singhb1@yahoo.com

www.punjabtimesusa.com


SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR



JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250

MRP TRAVEL
Lowest International and Domestic Fares
ARC FLY ANY AIRLINE OF YOUR CHOICE IATA
Providing the lowest Air-fare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40
Emirates
Asiana Airlines



KOREAN AIR
SINGAPORE AIRLINES CATHAY PACIFIC Lufthansa CHINA AIRLINES
We Also Offer Notary Service

ਕੀ ਤੁਹਾਡੇ ਕੋਲ਼ iPhone ਹੈ? ਹੁਣ ਤੁਸੀਂ ਆਪਣੇ iPhone ਤੇ ਹੀ iHues.com ਦਾ ਫ਼ਰੀ App ਐਡ ਕਰਕੇ ਪੰਜਾਬੀ ਵਿੱਚ ਤਾਜ਼ੀਆਂ ਖ਼ਬਰਾਂ ਪੜ੍ਹ ਸਕਦੇ ਹੋ




ਜਿਆਦਾ ਜਾਣਕਾਰੀ ਲਈ www.ihues.com ਤੇ ਜਾਵੋ

iHues.com ਦਾ ਫ਼ਰੀ App ਲੈਣ ਕਰਨ ਲਈ ਆਪਣੇ iPhone ਦੇ App Store ਵਿੱਚ ihues media ਸ਼ਬਦ ਟਾਈਪ ਕਰੋ

Desi Cuts and Color Plus
For Men, Women & Children



Grand Opening
Ph:510-429-0786



Mandeep 510-200-4415
Tony (510) 825-0820
Monday to Friday 9:00-7:30 (Tuesday Closed)
Saturday 9:00-7:00, Sunday 10:00-6:00
ਜਿੰਦਗੀ ਵਿਚ ਕਾਮਯਾਬੀ ਲਈ ਸਮਾਰਟ ਹੋਣਾ ਹੀ ਜਰੂਰੀ ਨਹੀਂ ਬਲਕਿ ਵਧੀਆ ਦਿਖਣਾ ਵੀ ਜਰੂਰੀ ਹੈ। ਵਧੀਆ ਹੇਅਰ ਕਟਿੰਗ ਤੇ ਆਪਣੀ ਦੱਖ ਹੋਰ ਸੋਹਣੀ ਬਣਾਉਣ ਲਈ ਅਜ ਹੀ ਮਿਲੋ ਮਿਸਟਰ ਟੋਨੀ ਨੂੰ, ਜੋ ਕਿ ਇੰਡੀਆ, ਇੰਗਲੈਂਡ ਯੂ ਕੇ, ਅਮਰੀਕਾ ਕੁਆਲੀਫਾਈਡ ਬਾਰਬਰ ਨੇ।
Hair cut
Beard Perm
Hair styler
Color
Facial, Threading and Waxing (Special Lady)
34685 Alvarado Niles Rd., Union City, CA 94587 (Behind Tacobell)

FARMERS INSURANCE GROUP Symbol of Superior Service
FARMERS®
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com



Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

ਪੰਜਾਬ ਟਾਈਮਜ਼
ਸਨਿਚਰਵਾਰ, 15 ਜਨਵਰੀ 2011

## ਪਾਕਿਸਤਾਨ ਲਈ ਅਰਦਾਸ

ਲਹਿੰਦੇ ਪੰਜਾਬ ਦੇ ਗਵਰਨਰ ਸਲਮਾਨ ਤਾਸੀਰ ਦੀ ਹੱਤਿਆ ਕੋਈ ਇਕੱਲੀ-ਇਕਹਿਰੀ ਘਟਨਾ ਨਹੀਂ ਅਤੇ ਇਸ ਦੀਆਂ ਲੜੀਆਂ ਹੋਰ ਬਹੁਤ ਸਾਰੇ ਪੱਖਾਂ ਨਾਲ ਜੁੜੀਆਂ ਹੋਈਆਂ ਹਨ। ਇਸ ਘਟਨਾ ਨਾਲ ਪਾਕਿਸਤਾਨ ਦੀ ਸਿਆਸਤ ਅਤੇ ਇਸ ਸਿਆਸਤ ਉਤੇ ਅਸਰਅੰਦਾਜ਼ ਕੱਟੜਪੰਥੀ ਰੁਝਾਨਾਂ ਦੀ ਸੂਹ ਸਹਿਜੇ ਹੀ ਲੱਗ ਰਹੀ ਹੈ। ਹੱਤਿਆ ਤੋਂ ਬਾਅਦ ਦੀਆਂ ਘਟਨਾਵਾਂ ਨੇ ਤਾਂ ਕੋਈ ਉਹਲਾ ਵੀ ਨਹੀਂ ਰਹਿਣ ਦਿੱਤਾ। ਕਾਤਲ ਮੁਮਤਾਜ਼ ਕਾਦਰੀ ਦਾ ਕਤਲ ਤੋਂ ਬਾਅਦ ਹੱਸਣਾ, ਮੌਲਵੀਆਂ ਵੱਲੋਂ ਸਲਮਾਨ ਤਾਸੀਰ ਨੂੰ ਸਪੁਰਦ-ਇ-ਖ਼ਾਕ ਕਰਨ ਮੌਕੇ ਨਮਾਜ਼-ਇ- ਜਨਾਜ਼ਾ ਪੜ੍ਹਨ ਤੋਂ ਵੀ ਇਨਕਾਰ ਕਰਨਾ, ਕੱਟੜਪੰਥੀਆਂ ਵੱਲੋਂ ਕੌਮੀ ਅਸੈਂਬਲੀ ਮੈਂਬਰ ਸ਼ੈਰੀ ਰਹਿਮਾਨ ਨੂੰ ਮਾਰਨ ਫ਼ਤਵਾ ਜਾਰੀ ਕਰਨਾ ਅਤੇ ਆਸੀਆ ਬੀਬੀ ਨੂੰ ਵੀ ਕਤਲ ਕਰਨ ਬਾਰੇ ਯੋਜਨਾ ਉਲੀਕਣੀ ਪਾਕਿਸਤਾਨ ਵਿਚ ਕੱਟੜਪੰਥੀਆਂ ਦੀ ਚੜ੍ਹਤ ਦੀਆਂ ਕੁਝ ਮਿਸਾਲਾਂ ਹਨ। ਇਨ੍ਹਾਂ ਘਟਨਾਵਾਂ ਦਾ ਸਭ ਤੋਂ ਮਾੜਾ ਪੱਖ ਇਹ ਹੈ ਕਿ ਇਹ ਸਾਰਾ ਕੁਝ ਧਰਮ ਦੇ ਨਾਂ ਉਤੇ ਕੀਤਾ ਗਿਆ ਹੈ। ਈਸਾਈ ਔਰਤ ਆਸੀਆ ਬੀਬੀ ਜਿਸ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਨ ਦੇ 'ਦੋਸ਼' ਵਿਚ ਸਲਮਾਨ ਤਾਸੀਰ ਨੂੰ ਕਤਲ ਕੀਤਾ ਗਿਆ, ਉਤੇ ਮੁਹੰਮਦ ਹਜ਼ਰਤ ਦੀ ਤੌਹੀਨ ਕਰਨ ਦਾ ਦੋਸ਼ ਸੀ। ਇਸੇ ਦੋਸ਼ ਤਹਿਤ ਉਸ ਨੂੰ ਮੌਤ ਦੀ ਸਜ਼ਾ ਸੁਣਾਈ ਗਈ। ਇਸ ਸਜ਼ਾ ਦੀ ਸੰਸਾਰ ਪੱਧਰ 'ਤੇ ਮੁਖ਼ਾਲਫ਼ਤ ਹੋਈ। ਸਾਰਿਆਂ ਦਾ ਇਕ ਹੀ ਤਰਕ ਸੀ ਕਿ 21ਵੀਂ ਸਦੀ 'ਚ ਮੱਧ ਯੁੱਗ ਦਾ ਇਹ ਵਰਤਾਰਾ ਬੰਦ ਹੋਣਾ ਚਾਹੀਦਾ ਹੈ। ਉਂਜ ਵੀ ਧਰਮ ਬੰਦੇ ਲਈ ਰਾਹ ਦਸੇਰੇ ਦਾ ਰੋਲ ਨਿਭਾਉਂਦਾ ਹੈ ਪਰ ਕੱਟੜਪੰਥੀਆਂ ਨੇ ਆਮ ਬੰਦੇ ਅੰਦਰ ਇੰਨਾ ਜ਼ਹਿਰ ਭਰ ਦਿੱਤਾ ਹੈ ਕਿ ਇਹ ਵਿਰੋਧੀ ਵਿਚਾਰਾਂ ਵਾਲੇ ਬੰਦਿਆਂ ਦਾ ਦੁਸ਼ਮਣ ਹੋ ਨਿਬੜਦਾ ਹੈ।

ਅੱਜ ਪਾਕਿਸਤਾਨ ਵਿਚ ਜੋ ਕੁਝ ਹੋ ਰਿਹਾ ਹੈ, ਉਸ ਬਾਰੇ ਪਾਕਿਸਤਾਨ ਦੇ ਬਾਨੀ ਕਾਇਦ-ਇ-ਆਜ਼ਮ ਮੁਹੰਮਦ ਅਲੀ ਜਿਨਾਹ ਨੇ ਕਦੀ ਸੁਪਨੇ ਵਿਚ ਵੀ ਨਹੀਂ ਚਿਤਵਿਆ ਹੋਣਾ। 11 ਅਗਸਤ 1947 ਨੂੰ ਦੇਸ਼ ਦੇ ਲੋਕਾਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਧਾਰਮਿਕ ਸਹਿਣਸ਼ੀਲਤਾ ਦੇ ਹਵਾਲੇ ਨਾਲ ਕਿਹਾ ਸੀ, "ਹੁਣ ਤੁਸੀਂ ਆਜ਼ਾਦ ਹੋ। ਤੁਸੀਂ ਮੰਦਰਾਂ, ਮਸੀਤਾਂ ਜਾਂ ਹੋਰ ਜਿਥੇ ਵੀ ਕਿਤੇ ਜਾਣਾ ਚਾਹੁੰਦੇ ਹੋ, ਜਾਣ ਲਈ ਆਜ਼ਾਦ ਹੋ।" ਇਸ ਭਾਸ਼ਣ ਤੋਂ ਸਾਢੇ ਛੇ ਦਹਾਕਿਆਂ ਬਾਅਦ ਲੱਗ ਰਿਹਾ ਹੈ ਕਿ ਪਾਕਿਸਤਾਨ ਨੂੰ ਆਪਣੀ ਹੋਂਦ ਦੀ ਲੜਾਈ ਲੜਨੀ ਪੈ ਰਹੀ ਹੈ। ਕੁਝ ਸਾਲ ਪਹਿਲਾਂ ਜਦੋਂ ਪੱਤਰਕਾਰ ਨਜਮ ਸੇਠੀ ਨੇ ਆਪਣੀ ਅਖ਼ਬਾਰ 'ਫ੍ਰਾਈਡੇਅ ਟਾਈਮਜ਼' ਵਿਚ ਪਾਕਿਸਤਾਨ ਨੂੰ 'ਅਸਫਲ ਸਟੇਟ'ਲਿਖਿਆ ਸੀ ਤਾਂ ਉਸ ਨੇ ਸ਼ਾਇਦ ਉਦੋਂ ਲਾਜ਼ਮ ਹੀ ਪੇਸ਼ੀਨਗੋਈ ਕਰ ਲਈ ਸੀ ਕਿ ਪਾਕਿਸਤਾਨ ਕਿੱਧਰ ਜਾ ਰਿਹਾ ਹੈ। 'ਕੁਫ਼ਰ ਵਿਰੋਧੀ ਕਾਨੂੰਨ'ਬਾਰੇ ਇਸ ਤਰ੍ਹਾਂ ਦੇ ਸ਼ੰਕੇ ਤਾਂ ਮੁੱਢ ਤੋਂ ਹੀ ਸਨ। ਇਸ ਵਿਚ ਧਾਰਮਿਕ ਸਹਿਣਸ਼ੀਲਤਾ ਨੂੰ ਦਹਿਲੀਜ਼ ਤੋਂ ਬਾਹਰ ਕਰ ਦਿੱਤਾ ਗਿਆ। ਇਸੇ ਕਰਕੇ ਨਿੱਕੇ ਜਿਹੇ ਪਿੰਡ ਦੀ ਸਾਧਾਰਨ ਈਸਾਈ ਅਨਪੜ੍ਹ ਔਰਤ ਆਸੀਆ ਬੀਬੀ ਦਾ ਆਪਣੀਆਂ ਗੁਆਂਢਣਾਂ ਨਾਲ ਪੀਣ ਵਾਲੇ ਪਾਣੀ ਪਿੱਛੇ ਹੋਇਆ ਤਕਰਾਰ ਉਸ ਦੀ ਜਾਨ ਦਾ ਖੌਅ ਬਣ ਗਿਆ।

ਪਾਕਿਸਤਾਨ ਨੂੰ ਇਸ ਮੁਹਾਣ ਤੱਕ ਲਿਜਾਣ ਲਈ ਫ਼ੌਜੀ ਸ਼ਾਸਕ ਜ਼ਿਆ-ਉਲ-ਹੱਕ ਦਾ ਨਾਂ ਸਭ ਤੋਂ ਪਹਿਲਾਂ ਆਉਂਦਾ ਹੈ। ਉਸ ਨੇ ਜਦੋਂ 1977 'ਚ ਤਖ਼ਤਾ ਪਲਟਾ ਕੇ ਰਾਜ ਖੋਹਿਆ ਸੀ ਤਾਂ ਉਦੋਂ ਤਾਸੀਰ ਉਤੇ ਵੀ ਡਾਢਾ ਤਸ਼ੱਦਦ ਢਾਹਿਆ ਗਿਆ ਸੀ। ਉਸ ਨੇ ਹੀ ਉਦੋਂ ਸ਼ਰ੍ਹੀਅਤ ਕਾਨੂੰਨ ਬਣਵਾਇਆ, ਅਣਗਿਣਤ ਮਦਰੱਸੇ ਖੁਲ੍ਹਵਾਏ। ਇਨ੍ਹਾਂ ਮਦਰੱਸਿਆਂ ਵਿਚੋਂ ਪੜ੍ਹ ਕੇ ਬਣੇ ਮੌਲਵੀਆਂ ਨੇ ਹੌਲੀ-ਹੌਲੀ ਸਿਆਸਤ ਨੂੰ ਆਪਣੀ ਗਲਵੱਕੜੀ ਵਿਚ ਪੀਚ ਲਿਆ। ਇਸ ਦੇ ਨਾਲ ਹੀ ਉਥੇ ਜਮਹੂਰੀਅਤ ਦੀ ਸੰਘੀ ਨੱਪੀ ਗਈ। ਧਰਮ ਨੂੰ ਸਿਆਸਤ ਲਈ ਇਸ ਕਦਰ ਵਰਤਿਆ ਗਿਆ ਕਿ ਧਾਰਮਿਕ ਕਦਰਾਂ-ਕੀਮਤਾਂ ਨੂੰ ਵੀ ਤਿਲਾਂਜਲੀ ਦੇ ਦਿੱਤੀ ਗਈ। ਇਸ ਤੋਂ ਬਾਅਦ ਦੇ ਹਰ ਰੰਗ ਦੇ ਸ਼ਾਸਕਾਂ ਨੇ ਇਸ ਕੁਫ਼ਰ ਵਿਰੋਧੀ ਕਾਨੂੰਨ ਨੂੰ ਲਾਂਭੇ ਕਰਨ ਦੀ ਚਾਰਾਜੋਈ ਨਹੀਂ ਕੀਤੀ। ਨਵਾਜ਼ ਸ਼ਰੀਫ਼ ਵਰਗਿਆਂ ਨੇ ਵੀ ਕੱਟੜਪੰਥੀਆਂ ਨੂੰ ਹੱਲਾਸ਼ੇਰੀ ਦੇਣ ਦੀ ਹੀ ਨੀਤੀ ਅਪਨਾਈ। ਉਸ ਦੇ ਰਾਜ ਦੌਰਾਨ ਹੀ ਮੌਤ ਦੀ ਸਜ਼ਾ ਲਾਜ਼ਮੀ ਕੀਤੀ ਗਈ। ਅਸਲ 'ਚ ਪਾਕਿਸਤਾਨ ਦੇ ਸ਼ਾਸਕਾਂ ਨੇ ਜਿਸ ਢੰਗ ਨਾਲ ਕੱਟੜਪੰਥੀਆਂ ਨੇ ਕਸ਼ਮੀਰ ਅਤੇ ਅਫ਼ਗਾਨਿਸਤਾਨ ਦੇ ਮਾਮਲਿਆਂ ਵਿਚ ਵਰਤਿਆ, ਉਸੇ ਦੇ ਮਾੜੇ ਨਤੀਜੇ ਹੁਣ ਬਹੁਤ ਵਿਕਰਾਲ ਰੂਪ ਵਿਚ ਸਾਹਮਣੇ ਆਏ ਹਨ।

ਕੱਟੜਪੰਥੀਆਂ ਅਤੇ ਚੰਗੇਰੀ ਜ਼ਿੰਦਗੀ ਲਈ ਜੂਝਦੇ ਲੋਕਾਂ ਵਿਚਕਾਰ ਲੜਾਈ ਮਨੁੱਖ ਦੇ ਜਨਮ ਜਿੰਨੀ ਹੀ ਪੁਰਾਣੀ ਹੈ। ਵੱਖ-ਵੱਖ ਸਮਿਆਂ ਦੌਰਾਨ ਇਸ ਲੜਾਈ ਵਿਚ ਉਤਰਾਅ-ਚੜ੍ਹਾਅ ਆਉਂਦੇ ਰਹਿੰਦੇ ਹਨ। ਸਾਡੇ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੇ ਜਦੋਂ ਗੁਰੂ ਕੀ ਨਗਰੀ ਵਿਚ ਸ੍ਰੀ ਹਰਿਮੰਦਰ ਸਾਹਿਬ ਦਾ ਨੀਂਹ ਪੱਥਰ ਸੂਫ਼ੀ ਫ਼ਕੀਰ ਮੀਆਂ ਮੀਰ ਤੋਂ ਰਖਵਾਇਆ ਸੀ ਤਾਂ ਉਨ੍ਹਾਂ ਦੇ ਜ਼ਿਹਨ ਵਿਚ ਜ਼ਰੂਰ ਹੀ ਇਸ ਲੜਾਈ ਵਿਚ ਆਪਣਾ ਹਿੱਸਾ ਪਾਉਣ ਦੀ ਲਲਕ ਠਾਠਾਂ ਮਾਰ ਰਹੀ ਹੋਵੇਗੀ। ਇਸ ਪ੍ਰਸੰਗ ਵਿਚ ਯਾਦ ਕਰਨਾ ਪਵੇਗਾ ਕਿ ਸੱਚੇ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰਵਾਉਣ ਲਈ ਉਸ ਵੇਲੇ ਦੇ ਇਕ ਕੱਟੜ ਸੂਫ਼ੀ ਅਲਿਫ਼ਸਾਨੀ (ਜੋ ਮਜੱਦਦ ਵਜੋਂ ਵੱਧ ਮਸ਼ਹੂਰ ਹੈ) ਨੇ ਹੀ ਮੁਗ਼ਲ ਬਾਦਸ਼ਾਹ ਨੂੰ ਉਕਸਾਇਆ ਸੀ। ਉਦੋਂ ਮਜੱਦਦ ਨੇ ਮੁਗ਼ਲ ਬਾਦਸ਼ਾਹ ਨੂੰ ਇਹ ਜਚਾ ਦਿੱਤਾ ਸੀ ਕਿ ਜੇ ਸਿੱਖੀ ਦੇ ਫ਼ੈਲ ਰਹੇ ਪ੍ਰਤਾਪ ਨੂੰ ਠੱਲ੍ਹਿਆ ਨਾ ਗਿਆ ਤਾਂ ਇਸਲਾਮ ਖ਼ਤਰੇ ਵਿਚ ਪੈ ਜਾਵੇਗਾ। ਇਉਂ ਉਸ ਦੌਰ ਦਾ ਇਕ ਕਾਲਾ ਅਧਿਆਇ ਧਰਮ ਦੀ ਰਾਖੀ ਦੇ ਨਾਂ ਉਤੇ ਲਿਖਿਆ ਗਿਆ। ਇਹ ਸਿਲਸਿਲਾ ਹੁਣ ਤੱਕ ਚੱਲ ਰਿਹਾ ਹੈ। ਇਸ ਨਾਲ ਬਰਾਬਰ ਦੀ ਲੜਾਈ ਵੀ ਚੱਲ ਰਹੀ ਹੈ। ਸਲਮਾਨ ਤਾਸੀਰ ਦੀ ਪੱਤਰਕਾਰ ਧੀ ਸ਼ਹਰਬਾਨੋ ਤਾਸੀਰ ਨੇ ਠੀਕ ਹੀ ਲਿਖਿਆ ਹੈ ਕਿ ਕੱਟੜਪੰਥੀ ਜਿੱਤ ਨਹੀਂ ਸਕਣਗੇ! ਸੱਚ ਦਾ ਕਾਫ਼ਲਾ ਕਦੇ ਰੁਕਿਆ ਨਹੀਂ। ਹੁਣ ਵੀ ਨਹੀਂ ਰੁਕੇਗਾ ਪਰ ਇਸ ਕਾਫ਼ਲੇ ਦੀ ਗਿਣਤੀ ਵਧਾਉਣ ਲਈ ਸਲਮਾਨ ਤਾਸੀਰ ਦੇ ਮਾਸੜ ਅਤੇ ਜਾਨਦਾਰ ਸ਼ਾਇਰ ਫ਼ੈਜ਼ ਅਹਿਮਦ ਫ਼ੈਜ਼ ਦਾ ਇਹ ਸ਼ਿਅਰ ਚੇਤੇ ਵਿਚ ਵਸਾਉਣਾ ਪਵੇਗਾ: 'ਬੋਲ ਕਿ ਲਬ ਆਜ਼ਾਦ ਹੈਂ ਤੇਰੇ, ਬੋਲ ਜ਼ੁਬਾਂ ਅਬ ਤਕ ਤੇਰੀ ਹੈ'। ਆਵਾਜ਼ ਬੁਲੰਦ ਕੀਤੇ ਬਗ਼ੈਰ ਧਰਮ ਦੇ ਨਾਂ ਉਤੇ ਵਰਤਾਏ ਜਾ ਰਹੇ ਇਸ ਕੁਹਜ ਤੋਂ ਖਹਿੜਾ ਨਹੀਂ ਛੁਡਾਇਆ ਜਾ ਸਕਦਾ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਤੌਬਾ ਨਵੀਂ ਅਖ਼ਬਾਰ ਤੋਂ?

ਬਿਨਾਂ ਪੁੱਛੇ 'ਵਧਾਈਆਂ ਜੀ!' ਛਾਪ ਦਿੰਦੇ, ਸ਼ਰਮੋ ਸ਼ਰਮੀ ਹੀ ਕਰੇ ਤਕਰਾਰ ਕੋਈ ਨਾ।
ਬਿਲ 'ਐਡ' ਦਾ ਆਪੇ ਘਰ ਪਹੁੰਚ ਜਾਂਦਾ, ਐਸੀ ਡਾਕ ਦੀ ਕਰਦੈ ਇੰਤਜ਼ਾਰ ਕੋਈ ਨਾ।
ਮੰਦੇ ਦੌਰ ਦਾ ਤਰਸ ਨਾ ਮੂਲ ਕਰਦੇ, ਸੁੱਕਾ ਛੱਡਦੇ ਦਿਵਸ-ਤਿਉਹਾਰ ਕੋਈ ਨਾ।
ਕੋਈ ਪੜ੍ਹੇ ਨਾ ਪੜ੍ਹੇ ਕੀ ਫਰਕ ਪੈਂਦਾ, ਥੱਬੇ ਰੱਖਣੋਂ ਕਰੇ ਇਨਕਾਰ ਕੋਈ ਨਾ।
ਇਕ ਦੂਜੇ ਨੂੰ ਠਿੱਬੀਆਂ ਲਾਉਣ ਲੱਗੇ, ਰੱਖਣ ਦਿਲਾਂ ਵਿਚ ਪ੍ਰੈਸ-ਸਤਿਕਾਰ ਕੋਈ ਨਾ।
ਬਿਜਨਸਮੈਨ ਪਰਵਾਸੀ ਅਰਦਾਸ ਕਰਦੇ, ਰੱਬਾ ਨਿਕਲੇ ਨਵੀਂ ਅਖ਼ਬਾਰ ਕੋਈ ਨਾ!

# ਪੰਜਾਬ ਦੇ ਦਲਿਤ ਕਦੋਂ ਜਾਗਣਗੇ ਭਲਾ?

**ਮੋਹਨ ਲਾਲ ਫ਼ਿਲੌਰੀਆ**

ਪੰਜਾਬ ਇਸ ਸਮੇਂ ਸੁੱਤਾ ਪਿਆ ਹੈ। ਪੰਜਾਬ ਦੇ ਲੋਕ ਸੁੱਤੇ ਪਏ ਹਨ। ਕਦੋਂ ਜਾਗਣਗੇ? ਇਹ ਸਵਾਲ ਹੈ ਜਿਸ ਦਾ ਜਵਾਬ ਲੱਭਣ ਲਈ ਮੁੱਠੀ ਭਰ ਲੋਕ ਹੀ ਚਿੰਤਤ ਹਨ। ਲੋਕ ਕਿਉਂ ਸੁੱਤੇ ਪਏ ਹਨ? ਕਹਿੰਦੇ ਹਨ ਕਿ ਪੇਟ ਭਰ ਕੇ ਰੋਟੀ ਖਾਣ ਨੂੰ ਮਿਲ ਜਾਵੇ ਤਾਂ ਨੀਂਦਰ ਚੰਗੀ ਆ ਜਾਂਦੀ ਹੈ। ਹਾਂ, ਜੇ ਪਾਈਆ ਕੁ ਦਾਰੂ ਮਿਲ ਜਾਵੇ ਤਾਂ ਫਿਰ ਕੀ ਕਹਿਣੇ! ਮਾਲਵਾ, ਮਾਝਾ ਜਾਂ ਫਿਰ ਦੁਆਬਾ ਹੋਵੇ, ਪ੍ਰਾਈਵੇਟ ਬੱਸਾਂ ਵਿਚ ਗੀਤ ਸੁਣੋ ਤਾਂ ਗੀਤ ਚੱਲਦੇ ਹਨ, 'ਜੱਟ ਮੌਜਾਂ ਕਰਦਾ ਏ, ਰੱਬ ਨੇ ਤੋਟ ਕੋਈ ਨਾ ਰੱਖੀ' ਜਾਂ ਫਿਰ 'ਦੋ ਚੀਜ਼ਾਂ ਜੱਟ ਮੰਗਦਾ-ਦਾਰੂ ਘਰ ਦੀ, ਬੰਦੂਕ ਬਾਰਾਂ ਬੋਰ ਦੀ'।

ਪੰਜਾਬ ਕਿਉਂ ਸੁੱਤਾ ਪਿਆ ਹੈ? ਇਹ ਨਸ਼ਿਆਂ ਦੀ ਮਿਹਰ ਹੈ। ਸਰਸਰੀ ਜਿਹੀ ਨਜ਼ਰ ਮਾਰੋ ਤਾਂ ਹੁਣ ਠੇਕੇ ਜ਼ਿਆਦਾ ਹਨ ਤੇ ਸਕੂਲ ਘੱਟ। ਜਿਥੇ ਧਰਮ ਸਥਾਨਾਂ ਵਿਚੋਂ ਸ਼ਰਾਬ ਜਾਂ ਹੋਰ ਨਸ਼ਿਆਂ ਵਿਰੁਧ ਪ੍ਰਚਾਰ ਦੀ ਆਵਾਜ਼ ਆਉਂਦੀ ਹੈ, ਉਥੇ ਹੀ ਜਦੋਂ ਸਾਡੇ ਗਾਇਕ ਪੰਜਾਬ ਦੀ ਤਾਰੀਫ਼ ਕਰਦੇ ਹੋਏ ਕਹਿੰਦੇ ਹਨ 'ਆਪਣਾ ਪੰਜਾਬ ਹੋਵੇ, ਘਰ ਦੀ ਸ਼ਰਾਬ ਹੋਵੇ', ਉਦੋਂ ਘਰ ਦੀ ਕੱਢੀ ਦਾਰੂ ਪੀਣ ਦੀ ਲਾਲਸਾ ਨੌਜਵਾਨ ਪੀੜ੍ਹੀ ਦੇ ਮੂੰਹ ਵਿਚੋਂ ਰਾਲਾਂ ਵਗਾ ਦਿੰਦੀ ਹੈ। ਫਿਰ ਪੀਣ ਤੋਂ ਬਾਅਦ ਜਿਹੜੀ ਨੀਂਦਰ ਆਉਂਦੀ ਹੈ, ਉਸ ਵਿਚੋਂ ਜਾਗਣਾ ਬੜਾ ਮੁਸ਼ਕਲ ਹੁੰਦਾ ਹੈ। ਪੀਣ ਤੋਂ ਬਾਅਦ ਪੱਗ ਟੇਢੀ ਹੋ ਜਾਂਦੀ ਹੈ। ਸ਼ਾਇਦ ਇਹੋ ਜਿਹੀ ਹਾਲਤ ਵਿਚ ਹੀ ਕਿਸੇ ਨੇ ਸਲਾਹ ਦਿੱਤੀ ਹੋਵੇ, 'ਪਗੜੀ ਸੰਭਾਲ ਜੱਟਾ, ਪਗੜੀ ਸੰਭਾਲ ਓਇ...।'

ਪੰਜਾਬ ਇਸ ਸਮੇਂ ਸੱਚਮੁਚ ਹੀ ਸੁੱਤਾ ਪਿਆ ਹੈ। ਇਸ ਵੇਲੇ ਪੰਜਾਬ ਵਿਚ ਦੋ ਮੁੰਡੇ ਬੜੇ ਸਰਗਰਮ ਹਨ-ਇਕ ਮੁੱਖ ਮੰਤਰੀ ਦਾ ਲਾਡਲਾ ਭਤੀਜਾ ਮਨਪ੍ਰੀਤ ਸਿੰਘ ਅਤੇ ਦੂਜਾ ਹੈ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦਾ ਪੋਤਰਾ ਰਵਨੀਤ ਸਿੰਘ ਬਿੱਟੂ। ਮਨਪ੍ਰੀਤ ਬਾਦਲ 'ਜਾਗੋ ਪੰਜਾਬ ਯਾਤਰਾ' ਅਤੇ ਬਿੱਟੂ 'ਇਨਕਲਾਬ ਯਾਤਰਾ' ਚਲਾ ਰਿਹਾ ਹੈ। ਇਹ ਨੌਜਵਾਨ ਨੇਤਾ ਤੁਰੇ ਤਾਂ ਯਾਤਰਾ 'ਤੇ ਹਨ ਪਰ ਜੇ ਅੱਜ ਦਾ ਇਕੱਠ ਮਾਨਸਾ ਵਿਚ



ਰਵਨੀਤ ਸਿੰਘ ਬਿੱਟੂ

ਹੈ ਤਾਂ ਅਗਲੇ ਦਿਨ ਦੀ ਯਾਤਰਾ ਦਾ ਸਮਾਗਮ ਗੁਰਦਾਸਪੁਰ ਦੇ ਕਿਸੇ ਪਿੰਡ ਵਿਚ ਹੋਵੇਗਾ। ਇਹ ਯਾਤਰਾ ਤਾਂ ਨਾ ਹੋਈ। ਜਦ ਪੰਜਾਬ ਦੇ ਖ਼ਜ਼ਾਨਾ ਮੰਤਰੀ ਦੀ ਕੁਰਸੀ 'ਤੇ ਬੈਠੇ ਮਨਪ੍ਰੀਤ ਬਾਦਲ ਨੂੰ ਬਾਹਰ ਦਾ ਰਸਤਾ ਵਿਖਾ ਦਿੱਤਾ, ਉਦੋਂ ਉਨ੍ਹਾਂ ਨੂੰ ਸਮਝ ਆਈ ਕਿ ਪੰਜਾਬ 70 ਹਜ਼ਾਰ ਕਰੋੜ ਦਾ ਕਰਜ਼ਈ ਹੈ। ਐਵੇਂ ਜਲਦਬਾਜ਼ੀ ਕਰ ਗਏ ਮਨਪ੍ਰੀਤ ਸਿੰਘ ਬਾਦਲ। ਉਹ ਚਾਹੁੰਦੇ ਤਾਂ ਇਹ ਕਰਜ਼ਾ ਡੀ.ਸੀ. ਦਫ਼ਤਰਾਂ ਦੇ ਬਾਊ ਜਾਂ ਕਚਹਿਰੀਆਂ ਦੇ ਬਾਊ ਇਕ ਮਹੀਨੇ ਵਿਚ ਉਤਾਰ ਦਿੰਦੇ। ਜਿਨ੍ਹਾਂ ਦਾ ਵਾਹ ਇਨ੍ਹਾਂ ਫ਼ਾਈਲਾਂ ਨਾਲ ਪੈਂਦਾ ਹੈ, ਉਹ ਜਾਣਦੇ ਹਨ ਕਿ ਕੁਰਪਸ਼ਨ ਜਾਂ ਕੁ-ਪ੍ਰਸ਼ਾਸਨ ਵਿਚ ਲੋਕ ਮਾਲਾਮਾਲ ਹੋ ਰਹੇ ਹਨ ਤੇ ਪੰਜਾਬ ਕਰਜ਼ਈ ਹੋ ਰਿਹਾ ਹੈ। ਰਿਸ਼ਵਤ ਦਾ ਬੋਲਬਾਲਾ ਹੈ।

ਮਨਪ੍ਰੀਤ ਬਾਦਲ ਨੇ ਜਦ ਵਿੱਤ ਮੰਤਰੀ ਦੀ ਕੁਰਸੀ ਛੱਡੀ ਸੀ ਤਾਂ ਮਾਲਵੇ ਦੀਆਂ ਸੱਥਾਂ ਵਿਚ ਗੱਲਾਂ ਹੁੰਦੀਆਂ ਸਨ। ਕਿਸੇ ਨੇ ਪੁੱਛਿਆ, "ਬਾਈ, ਕੀ ਗੱਲ ਹੋਈ?"

"ਓ ਬਾਈ ਗੱਲ ਕੀ ਹੋਣੀ ਸੀ, ਮੁੰਡੇ-ਮੁੰਡੇ ਆਪਸ ਵਿਚ ਲੜ ਪਏ।"

"ਪਰ ਲੜੇ ਕਿਉਂ?"

"ਐਵੇਂ ਲੜ ਪਏ ਹੋਣਗੇ।"

"ਫਿਰ ਵੀ..."

"ਫਿਰ ਵੀ ਕੀ ਗੱਲ, ਕੁਰਸੀ ਦੀ ਹੋ ਸਕਦੀ ਹੈ! ਹੁਣ ਸੁਖਬੀਰ ਸਿੰਘ ਬਾਦਲ ਉਪ ਮੁੱਖ ਮੰਤਰੀ ਬਣ ਗਿਐ, ਅੱਗੋਂ ਮੁੱਖ ਮੰਤਰੀ ਵੀ ਬਣੇਗਾ ਹੀ ਬਣੇਗਾ। ਘਰਵਾਲੀ ਸੈਂਟਰ ਵਿਚ ਚੰਗਾ ਬੋਲਦੀ ਹੈ। ਮਨਪ੍ਰੀਤ ਓਦਾਂ ਬੜਾ ਸਿਆਣਾ ਹੈ ਪਰ ਇਹਨੂੰ ਕੀਹਨੇ ਪੁੱਛਣੈ? ਨਾਲੇ ਇਥੇ ਤਾਂ ਸਕੇ ਭਰਾਵਾਂ ਦੀ ਨਹੀਂ ਬਣਦੀ, ਇਹ ਤਾਂ ਫਿਰ ਵੀ ਤਾਏ-ਚਾਚੇ ਦੇ ਪੁੱਤਰ ਨੇ।"

"ਲੈ ਐਂ ਤਾਂ ਰਾਹੁਲ ਗਾਂਧੀ ਤੇ ਸੰਜੇ ਗਾਂਧੀ ਦਾ ਮੁੰਡਾ ਵਰੁਣ ਵੀ ਤਾਂ ਤਾਏ-ਚਾਚੇ ਦੇ ਪੁੱਤਰ ਈ ਨੇ। ਉਨ੍ਹਾਂ ਦੀ ਕਿਹੜੀ ਬਣਦੀ ਏ?"

"ਲੈ...ਇਹ ਤਾਂ ਗੱਲ ਜੁਗਾਂ-ਜੁਗਾਂਤਰਾਂ ਤੋਂ ਚੱਲਦੀ ਆ ਰਹੀ ਹੈ। ਮਹਾਂਭਾਰਤ ਵੀ ਤਾਂ ਤਾਏ-ਚਾਚੇ ਦੇ ਪੁੱਤਰਾਂ 'ਤੇ ਖੜ੍ਹੀ ਏ।"

"ਹੁਣ ਵੇਖੋ 'ਜਾਗੋ ਪੰਜਾਬ ਯਾਤਰਾ' ਦਾ ਕੀ ਬਣਦਾ ਹੈ!"

"ਇਸ ਯਾਤਰਾ ਦਾ ਕੀ ਬਣਨਾ ਹੈ...ਦੋ-ਚਾਰ ਦਿਨ ਰੌਲਾ-ਰੱਪਾ ਪਵੇਗਾ, ਗੱਲ ਆਪਣੇ ਆਪ ਠੰਢੀ ਹੋ ਜਾਵੇਗੀ। ਹੁਣ ਸੌ ਸਾਲ ਬਾਅਦ ਭਗਤ ਸਿੰਘ ਦੀ ਗੱਲ ਯਾਦ ਆਈ ਹੈ। ਵਿਚਾਰਾ ਭਗਤ ਸਿੰਘ ਐਵੇਂ ਮਰ ਗਿਆ।"

ਗੱਲ ਸੱਚਮੁਚ ਟੇਢੀ ਹੋਣ ਲੱਗੀ ਹੈ। ਪਿਛਲੇ ਸਮੇਂ ਵਿਚ ਇੰਗਲੈਂਡ ਵਿਚ ਇਕ ਵਿਆਹ 'ਤੇ ਜਾਣ ਦਾ ਮੌਕਾ ਮਿਲਿਆ। ਉਥੇ ਵੀ ਸਾਡੇ ਪੰਜਾਬ ਦਾ ਸਭਿਆਚਾਰ ਜਿਉਂਦਾ ਹੈ, ਲੋਕ-ਸੰਗੀਤ ਵਜਦਾ ਹੈ। ਇੰਗਲੈਂਡ ਵਿਚ ਵੀ ਬੀਬੀਆਂ ਨੱਚਦੀਆਂ ਤੇ ਗਾਉਂਦੀਆਂ ਹਨ। ਨੱਚਦੀਆਂ ਹੋਈਆਂ ਬੀਬੀਆਂ ਬੋਲੀ ਪਾ ਰਹੀਆਂ ਸਨ: "ਜੱਟਾ ਜਾਗ ਬਈ ਓਇ, ਹੁਣ ਜਾਗੋ ਆਈ ਆ। ਸੁੱਤੀ ਨੂੰ ਜਗਾ ਲੈ ਰੁੱਸੀ ਨੂੰ ਮਨਾ ਲੈ...।" ਇਹ ਵਿਆਹ ਜੱਟਾਂ ਦਾ ਨਹੀਂ ਸੀ ਪਰ ਮੈਂ ਸੁਣਿਆ ਕਿ ਇਥੇ ਵੀ ਜੱਟ ਨੂੰ ਹੀ ਜਗਾਇਆ ਜਾ ਰਿਹਾ ਹੈ। ਅਗਲੇ ਦਿਨ ਇਸ ਗੱਲ ਦੀ ਚਰਚਾ ਮੈਂ ਰਵਿਦਾਸੀਆਂ ਦੇ ਇਕੱਠ ਵਿਚ ਕੀਤੀ ਕਿ ਤੁਸੀਂ ਜੱਟ ਨੂੰ ਹੀ ਜਗਾਈ ਜਾ ਰਹੇ ਹੋ। ਕੀ ਆਪ ਵੀ ਜਾਗੋਗੇ? ਮੇਰੇ ਇੰਨਾ ਕਹਿਣ 'ਤੇ ਇਕ ਬਜ਼ੁਰਗ ਨੇ ਮੈਨੂੰ ਘੁੱਟ ਕੇ ਜੱਫ਼ੀ ਪਾ ਲਈ। ਕਹਿੰਦਾ, "ਤੂੰ ਸਾਡੇ ਕੰਨ ਖੋਲ੍ਹ ਦਿੱਤੇ ਨੇ।"

ਪੰਜਾਬ ਦਾ ਕਿਸਾਨ (ਜੱਟ) ਤਾਂ ਜਾਗਿਆ ਹੋਇਆ ਹੈ। ਉਹ ਸਿਆਸਤ 'ਤੇ ਹਾਵੀ ਹੈ। ਕੁਰਸੀ ਚਾਹੀਦੀ ਹੈ। ਕਾਂਗਰਸ ਨੇ ਕੈਪਟਨ ਨੂੰ ਸੂਬਾ ਇਕਾਈ ਦਾ ਪ੍ਰਧਾਨ ਬਣਾ ਦਿੱਤਾ। ਇਸ ਤੋਂ ਪਹਿਲਾਂ ਮਹਿੰਦਰ ਸਿੰਘ ਕੇ.ਪੀ. ਜਲੰਧਰ ਤੋਂ ਐਮ.ਪੀ. ਹਨ ਪਰ ਬੋਲ ਹੀ ਨਹੀਂ ਸਕੇ। ਇਕ ਬਿਆਨ ਪੜ੍ਹ ਕੇ ਸ਼ਰਮ ਆਈ ਸੀ ਜਦ ਉਨ੍ਹਾਂ ਨੇ ਕਿਹਾ ਸੀ ਕਿ ਉਹ ਕਿਉਂਕਿ ਦਲਿਤ ਹਨ, ਇਸ ਲਈ ਉਨ੍ਹਾਂ ਨੂੰ ਸਹਿਯੋਗ ਨਹੀਂ ਮਿਲ ਰਿਹਾ। ਕੇ.ਪੀ. ਸਾਹਿਬ ਇਕੱਲੇ ਨਹੀਂ ਹਨ, ਸਾਡੇ ਬਹੁਤੇ ਦਲਿਤ ਨੇਤਾਵਾਂ ਦਾ ਦੁਖਾਂਤ ਇਹੀ ਹੈ ਕਿ ਉਨ੍ਹਾਂ ਨੇ ਡਾ. ਅੰਬੇਦਕਰ ਨੂੰ ਨਹੀਂ ਪੜ੍ਹਿਆ। ਜੇ ਅੰਬੇਦਕਰ ਨੂੰ ਪੜ੍ਹਿਆ ਹੁੰਦਾ ਤਾਂ ਇਸ ਤਰ੍ਹਾਂ ਦੇ ਬਿਆਨ ਨਾ ਦੇਣੇ ਪੈਂਦੇ। ਡਾ. ਅੰਬੇਦਕਰ ਨੇ ਇਕ ਥਾਂ ਲਿਖਿਆ ਹੈ ਕਿ ਦਲਿਤਾਂ ਦਾ ਦੁਖਾਂਤ ਹੈ ਕਿ "ਅਸੀਂ ਚੁੱਪ ਦੇ ਸ਼ਿਕਾਰ ਹਾਂ। ਅਸੀਂ ਬੋਲ ਹੀ ਨਹੀਂ ਰਹੇ।"

ਪੰਜਾਬ ਦਾ ਦਲਿਤ ਕਿਸੇ ਵੀ ਸਿਆਸੀ ਪਾਰਟੀ ਵਿਚ ਹੋਵੇ, ਚੁੱਪ ਬੈਠਾ ਹੈ। ਕਤਾਰ ਵਿਚ ਪਿੱਛੇ ਬੈਠਾ ਹੈ। ਕਦੇ-ਕਦੇ ਵਿਚਾਰ ਆਉਂਦਾ ਹੈ ਕਿ ਕੀ ਜੱਟ ਹੀ ਸਭ ਕੁਝ ਹੈ? ਸ਼ਾਇਦ ਬੀ.ਜੇ.ਪੀ. ਨੇ ਵੀ ਇਹੀ ਸੋਚ ਕੇ ਨਵਜੋਤ ਸਿੰਘ ਸਿੱਧੂ ਨੂੰ ਅੱਗੇ ਲਿਆਂਦਾ ਹੈ। ਇਹ ਸੋਚ ਕੇ ਕਿ ਪੰਜਾਬ ਦੇ ਅਕਾਲੀ, ਕਾਂਗਰਸੀ ਅਤੇ ਕਮਿਊਨਿਸਟ ਨੇਤਾ ਨਾਲ ਟੱਕਰ ਸਿੱਧੂ ਹੀ ਲੈ ਸਕੇਗਾ। ਜੇ ਇਹ ਗੱਲ ਹੈ ਤਾਂ ਬਹੁਜਨ ਸਮਾਜ ਪਾਰਟੀ ਨੂੰ ਵੀ ਆਪਣਾ ਨਵਾਂ ਨੇਤਾ ਕਿਸੇ ਜੱਟ ਨੂੰ ਹੀ ਭਾਲਣਾ ਚਾਹੀਦਾ ਹੈ। ਇਕ ਲੰਮਾ ਅਰਸਾ ਹਰਕਿਸ਼ਨ ਸਿੰਘ ਸੁਰਜੀਤ ਬਿਨਾਂ ਚੋਣ ਜਿੱਤੇ ਸਿਆਸਤ 'ਤੇ ਭਾਰੂ ਰਹੇ। ਬਲਵੰਤ ਸਿੰਘ ਰਾਮੂਵਾਲੀਆ ਖ਼ਬਰਾਂ 'ਚ ਰਹਿੰਦੇ ਹਨ, ਚਾਹੇ ਉਹ ਮਾਮਲਾ ਏਜੰਟਾਂ ਦੁਆਰਾ ਖੱਜਲ-ਖੁਆਰੀ ਦਾ ਹੀ ਕਿਉਂ ਨਾ ਹੋਵੇ। ਪਰ ਫਿਰ ਵੀ ਜੇ ਗੰਭੀਰਤਾ ਨਾਲ ਸੋਚਿਆ ਜਾਵੇ ਤਾਂ 'ਜਾਗੋ ਪੰਜਾਬ ਯਾਤਰਾ' ਵਿਚ ਕੌਣ-ਕੌਣ ਜਾਗੇਗਾ। ਉਪਰ ਡਾ. ਅੰਬੇਦਕਰ ਦਾ ਜ਼ਿਕਰ ਆਇਆ ਹੈ। ਉਹ ਸਾਰੀ-ਸਾਰੀ ਰਾਤ ਜਾਗਦੇ ਸਨ। ਪੜ੍ਹਦੇ ਅਤੇ ਲਿਖਦੇ ਸਨ। ਜਿੰਨਾ ਉਨ੍ਹਾਂ ਨੇ ਲਿਖਿਆ ਹੈ, ਓਨਾ ਤਾਂ ਪੜ੍ਹਨਾ ਵੀ ਮੁਸ਼ਕਲ ਹੁੰਦਾ ਹੈ। ਇਕ ਵਾਰ ਉਨ੍ਹਾਂ ਨੂੰ ਜਦੋਂ ਦੇਰ ਰਾਤ ਤਕ ਜਾਗਣ ਦਾ ਕਾਰਨ



ਡਾ. ਅੰਬੇਦਕਰ

ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਸੀ ਕਿ ਉਹ ਦੇਰ ਰਾਤ ਤਕ ਇਸ ਕਰਕੇ ਜਾਗ ਰਹੇ ਹਨ ਕਿਉਂਕਿ ਉਨ੍ਹਾਂ ਦਾ ਸਮਾਜ ਸੁੱਤਾ ਪਿਆ ਹੈ। ਸ਼ਾਇਦ ਸੁਯੋਗ ਲੀਡਰਾਂ ਦੀ ਘਾਟ ਹੈ। ਜਿਹੜੇ ਥੋੜ੍ਹੇ-ਬਹੁਤ ਦਲਿਤ ਲੀਡਰ ਹਨ, ਉਹ ਜੱਟਾਂ ਨੂੰ ਜਗਾਉਣ 'ਤੇ ਲੱਗੇ ਹੋਏ ਹਨ। ਪਹਿਲੇ ਸਮਿਆਂ ਦੇ ਬਸਪਾ ਲੀਡਰ 'ਸ਼ਰਾਬ' ਦੇ ਧੰਦਿਆਂ ਵਿਚ ਜਾ ਕੇ ਪੈਸਾ ਕਮਾ ਰਹੇ ਸਨ ਅਤੇ ਦਲਿਤ ਸਮਾਜ ਦੇ ਲੋਕਾਂ ਨੂੰ ਦਾਰੂ ਪਿਲਾ ਕੇ ਸੁਆਉਣ ਦਾ ਕੰਮ ਕਰ ਰਹੇ ਸਨ।

ਕਿਆਸਅਰਾਈਆਂ ਹਨ ਕਿ ਆਉਣ ਵਾਲੀਆਂ ਚੋਣਾਂ ਤਕ ਮਨਪ੍ਰੀਤ ਬਾਦਲ ਕੀ ਕਰਨਗੇ? ਕੀ ਕਾਂਗਰਸ ਵਿਚ ਜਾਣਗੇ, ਬਸਪਾ ਨਾਲ ਸਮਝੌਤਾ ਕਰਨਗੇ ਜਾਂ ਫਿਰ ਤਾਇਆ ਜੀ ਕੋਲ ਵਾਪਸ ਜਾਣਗੇ? ਅਜੇ ਤਕ ਇਹ ਸਪਸ਼ਟ ਨਹੀਂ ਹੋਇਆ ਕਿ 'ਜਾਗੋ ਪੰਜਾਬ ਯਾਤਰਾ' ਵਿਚ ਉਹ ਕਿਸ ਨੂੰ ਜਗਾਉਣ ਨਿਕਲੇ ਹਨ। ਮੇਰਾ ਸਵਾਲ ਹੈ ਕਿ ਕੀ 'ਜਾਗੋ ਪੰਜਾਬ ਯਾਤਰਾ' ਵਿਚ ਦਲਿਤ ਵੀ ਜਾਣਗੇ? ਕੀ ਮਨਪ੍ਰੀਤ ਬਾਦਲ ਮੌਜੂਦਾ ਸਰਕਾਰ ਦਾ ਬਦਲ ਬਣਨਗੇ? ਖ਼ਾਸ ਕਰਕੇ ਮਾਲਵੇ ਦੇ ਦਲਿਤ ਦੀ ਹਾਲਤ ਮਾੜੀ ਹੈ। ਮਾਲਵੇ ਦੇ ਤਾਂ ਜੱਟ ਵੀ ਦਲਿਤਾਂ ਨਾਲੋਂ ਭੈੜਾ ਜੀਵਨ ਬਤੀਤ ਕਰ ਰਹੇ ਹਨ। ਹਵਾਈ ਜਹਾਜ਼ਾਂ ਵਿਚ ਸਫ਼ਰ ਕਰ ਕੇ, ਚੰਡੀਗੜ੍ਹ ਰਹਿ ਕੇ, ਚੰਗੇ ਹੋਟਲਾਂ ਵਿਚ ਖਾਣਾ ਖਾ ਕੇ ਰਾਜਨੀਤੀ ਕਰਨੀ ਹੋਰ ਗੱਲ ਹੈ, ਪਿੰਡਾਂ ਵਿਚ ਜਾ ਕੇ ਲੋਕਾਂ ਦੇ ਦੁੱਖ-ਦਰਦ ਨੂੰ ਸਮਝਣਾ ਹੋਰ ਗੱਲ ਹੈ। ਬਹੁਤ ਸਾਰਾ ਸਮਾਂ ਦਿੱਲੀ ਵਿਚ ਕੱਟ ਕੇ ਕੁਝ ਦਿਨਾਂ ਲਈ ਤਬਦੀਲੀ ਵਾਸਤੇ ਅਮੇਠੀ ਦੇ ਪਿੰਡਾਂ ਵਿਚ ਤਾਂ ਰਾਹੁਲ ਗਾਂਧੀ ਵੀ ਜਾ ਆਉਂਦਾ ਹੈ ਪਰ ਉਹ ਦਲਿਤਾਂ ਦੀ ਹੋਣੀ ਨਹੀਂ ਬਦਲ ਸਕਿਆ। ਹਾਂ, ਹਮਦਰਦੀ ਜ਼ਰੂਰ ਬਟੋਰ ਗਿਆ ਹੈ।

ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ. ਅੰਬੇਦਕਰ ਨੇ ਦਲਿਤਾਂ ਦੇ ਹੱਕ ਵਿਚ, ਕਰਨ ਲਈ ਬਹੁਤ ਸਾਰੇ ਯਤਨ ਸੰਵਿਧਾਨ ਵਿਚ ਉਲੀਕੇ ਸਨ ਪਰ ਉਨ੍ਹਾਂ 'ਤੇ ਅਮਲ ਨਹੀਂ ਕੀਤਾ ਗਿਆ। ਦੁਖਾਂਤ ਇਹ ਵੀ ਹੈ ਕਿ ਇਹ ਕੰਮ ਕਰਨ ਲਈ ਦਲਿਤ ਨੇਤਾਵਾਂ ਨੂੰ ਵੀ ਅੱਗੇ ਨਹੀਂ ਆਉਣ ਦਿੱਤਾ ਗਿਆ।

ਹਾਲ ਹੀ ਵਿਚ 6 ਦਸੰਬਰ ਨੂੰ ਡਾ. ਅੰਬੇਦਕਰ ਦੀ ਬਰਸੀ ਮੌਕੇ ਉਨ੍ਹਾਂ ਨੂੰ ਸ਼ਰਧਾਂਜਲੀ ਦਿੱਤੀ ਗਈ। ਇਸ ਸਮੇਂ ਉਤਰ ਪ੍ਰਦੇਸ਼ ਦੀ ਮੁੱਖ ਮੰਤਰੀ ਮਾਇਆਵਤੀ ਵੱਲੋਂ ਪੂਰੇ ਦੇਸ਼ ਦੇ ਅਖ਼ਬਾਰਾਂ ਵਿਚ ਪੂਰੇ ਪੰਨੇ ਦੇ ਇਸ਼ਤਿਹਾਰ 'ਚ ਦਲਿਤਾਂ ਦੀ ਬਿਹਤਰੀ ਲਈ ਕੀਤੇ ਗਏ ਕੰਮਾਂ ਦਾ ਵੇਰਵਾ ਦਿੱਤਾ ਗਿਆ ਹੈ। ਦਲਿਤਾਂ ਦੀ ਬਿਹਤਰੀ ਲਈ ਕੀਤੇ ਗਏ ਕੰਮਾਂ ਦੀ ਤਾਰੀਫ਼ ਕਰਨੀ ਬਣਦੀ ਹੈ। ਨਾਲ ਲਗਦੇ ਸੂਬੇ ਬਿਹਾਰ ਵਿਚ ਵੀ ਨਿਤਿਸ਼ ਕੁਮਾਰ ਦੀ ਪ੍ਰਸ਼ੰਸਾ ਕੀਤੀ ਜਾ ਰਹੀ ਹੈ ਪਰ ਸਾਡਾ ਪੰਜਾਬ ਕਿਧਰ ਜਾ ਰਿਹਾ ਹੈ? ਇਕੋ ਪਰਿਵਾਰ ਰਾਜ ਦਾ ਸ਼ਾਹੀ ਪਰਿਵਾਰ ਬਣਿਆ ਹੋਇਆ ਹੈ ਪਰ ਕੰਮ ਗੁਰੂਆਂ ਦੀ ਸਿੱਖਿਆ ਦੇ ਉਲਟ ਹੋ ਰਹੇ ਹਨ। ਸਵਾਲ ਉਥੇ ਹੀ ਖੜ੍ਹਾ ਹੈ। 'ਜਾਗੋ ਪੰਜਾਬ ਯਾਤਰਾ' ਵਿਚ ਲੋਕ ਜਾਗਣਗੇ ਤਾਂ ਕਿਹੜੇ ਲੋਕ ਜਾਗਣਗੇ?

# ਭਾਰਤ ਅਤੇ ਚੀਨ ਦਾ ਰਲ ਕੇ ਚੱਲਣਾ ਵਕਤ ਦੀ ਲੋੜ

**ਸਿਧਾਰਥ ਵਰਧਾਰਾਜਨ**

ਜਦੋਂ 2003 ਵਿਚ ਸ੍ਰੀ ਅਟਲ ਬਿਹਾਰੀ ਵਾਜਪਾਈ ਅਤੇ ਜਿਆਂਗ ਜ਼ੇਮਿਨ ਨੇ ਚੀਨ ਅਤੇ ਭਾਰਤ ਦਰਮਿਆਨ 'ਸਰਹੱਦੀ ਵਿਵਾਦ ਦੇ ਨਿਬੇੜੇ ਦਾ ਢਾਂਚਾ' ਤਿਆਰ ਕਰਨ ਲਈ ਵਿਸ਼ੇਸ਼ ਨੁਮਾਇੰਦੇ ਨਿਯੁਕਤ ਕੀਤੇ ਸਨ ਤਾਂ ਉਨ੍ਹਾਂ ਨੇ ਇਹ ਕਦੇ ਕਿਆਸ ਹੀ ਨਹੀਂ ਸੀ ਕੀਤਾ ਕਿ ਉਨ੍ਹਾਂ ਦੀਆਂ ਵਿਸ਼ਾਲ ਪਰ ਝਗੜੇ ਵਾਲੀਆਂ ਸਰਹੱਦਾਂ ਸੱਤ ਸਾਲ ਬਾਅਦ ਵੀ ਉਨ੍ਹਾਂ ਦੇ ਦੁਵੱਲੇ ਸਬੰਧਾਂ ਉਪਰ ਕਾਲੇ ਪਰਛਾਵੇਂ ਪਾਉਂਦੀਆਂ ਰਹਿਣਗੀਆਂ।

ਪੱਛਮੀ ਅਤੇ ਪੂਰਬੀ ਖੇਤਰਾਂ ਵਿਚ ਅਸਲ ਕੰਟਰੋਲ ਰੇਖਾ ਗ਼ੈਰ-ਮਾਮੂਲੀ ਤੌਰ 'ਤੇ ਸ਼ਾਂਤ ਤਾਂ ਹੋ ਸਕਦੀ ਹੈ ਪਰ ਦਿਖਾਵੇ-ਮਾਤਰ ਸੀਮਾ ਵਿਵਾਦ ਦੇ ਨਿਬੇੜੇ ਦੀ ਸੰਭਾਵਨਾ ਉਸ ਸਮੇਂ ਮਸਨੂਈ ਤੌਰ 'ਤੇ ਵਧ ਗਈ ਜਦੋਂ ਸਬੰਧਾਂ ਵਿਚਲੇ ਗ਼ੈਰ-ਇਲਾਕਾਈ ਏਜੰਡੇ ਦੀ ਸਭ ਨਾਲੋਂ ਵੱਧ ਲੋੜ ਹੈ। ਚੀਨ ਅਤੇ ਭਾਰਤ ਨੂੰ ਉਨ੍ਹਾਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜਿਹੜੀਆਂ ਉਨ੍ਹਾਂ ਦੇ ਕ੍ਰਿਸ਼ਮਈ ਉਥਾਨ ਨੇ ਉਨ੍ਹਾਂ ਦੇ ਸਨਮੁਖ ਲਿਆ ਖੜ੍ਹੀਆਂ ਕੀਤੀਆਂ ਹਨ। ਇਨ੍ਹਾਂ ਵਿਚ ਸ਼ਾਮਲ ਹਨ: ਸੰਸਾਰੀਕਰਨ ਅਤੇ ਰਾਸ਼ਟਰੀ ਸੁਰੱਖਿਆ ਖ਼ਤਰਿਆਂ ਵਿਚ ਅਸੰਤੁਲਨ, ਵਾਤਾਵਰਨ ਵਿਚ ਨਿਘਾਰ, ਸਮੁੰਦਰੀ ਖੋਹ-ਖਿੰਝ, ਸਮੁੰਦਰੀ ਸੁਰੱਖਿਆ ਅਤੇ ਏਸ਼ੀਆ ਦੇ ਵੱਖੋ-ਵੱਖਰੇ ਹਿੱਸਿਆਂ ਵਿਚ ਰਾਜਨੀਤਕ ਅਸਥਿਰਤਾ। ਏਸ਼ੀਆ ਦੀਆਂ ਦੋ ਮੁੱਖ ਸ਼ਕਤੀਆਂ- ਭਾਰਤ ਅਤੇ ਚੀਨ ਸਾਹਮਣੇ ਨਿਭਾਉਣ ਲਈ ਬਹੁਤ ਵੱਡੀ ਜ਼ਿੰਮੇਵਾਰੀ ਹੈ ਅਤੇ ਇਹ ਨਿਭਾਉਣੀ ਵੀ ਮਿਲ ਕੇ ਪੈਣੀ ਹੈ। ਵਜ਼ਨ ਇਨ੍ਹਾਂ ਦਾ ਇੰਨਾ ਹੈ ਕਿ ਨਾ ਤਾਂ ਚੀਨ ਦੀ 'ਇਕੱਲੇ ਚੱਲੋ' ਰਣਨੀਤੀ ਕੰਮ ਆ ਸਕਦੀ ਹੈ ਅਤੇ ਨਾ ਹੀ ਭਾਰਤੀਆਂ ਵੱਲੋਂ ਅਪਨਾਈ ਜਾ ਰਹੀ ਸੰਤੁਲਨ ਦੀ ਨੀਤੀ। ਸੀਮਾ ਵਾਲੇ ਝਗੜੇ ਉਤੇ ਕੇਂਦਰਤ ਹੋਣ ਦੀ ਬਜਾਏ ਦੋਵਾਂ ਹੀ ਦੇਸ਼ਾਂ ਨੂੰ ਉਸ ਵਿਸ਼ਾਲ ਖੇਤਰ 'ਤੇ ਝਾਤ ਮਾਰਨੀ ਚਾਹੀਦੀ ਹੈ ਅਤੇ ਇਸ ਨੂੰ ਦਰਪੇਸ਼ ਚੁਣੌਤੀਆਂ ਵੱਲ ਵੇਖਣਾ ਚਾਹੀਦਾ ਹੈ ਕਿ ਕਿਵੇਂ ਉਹ ਸੰਸਾਰੀ ਮੁੱਦਿਆਂ ਦਾ ਮਿਲ ਕੇ ਮੁਕਾਬਲਾ ਕਰ ਸਕਦੇ ਹਨ। ਜਿਵੇਂ ਤਿਜਾਰਤ, ਵਿੱਤੀ ਪੁਨਰ-ਸੰਤੁਲਨ ਅਤੇ ਵਾਤਾਵਰਨ ਵਿਚ ਤਬਦੀਲੀ ਏਸ਼ੀਆਈ ਮੁਹਾਜ਼ ਵਿਚ ਵੀ ਆ ਸਕਦੀ ਹੈ ਪਰ ਅਜਿਹਾ ਹੋ ਨਹੀਂ ਰਿਹਾ।

ਦੋ ਸਾਲ ਪਹਿਲਾਂ ਚੀਨੀ ਧਿਰ ਨੇ ਟੇਢੇ ਢੰਗ ਨਾਲ ਜੰਮੂ ਅਤੇ ਕਸ਼ਮੀਰ ਦੇ ਰੁਤਬੇ ਉਤੇ ਸਵਾਲੀਆ ਨਿਸ਼ਾਨ ਲਗਾਉਣਾ ਸ਼ੁਰੂ ਕਰ ਦਿੱਤਾ ਸੀ ਅਤੇ ਇਸ ਰਾਜ ਦੇ ਵਸਨੀਕ ਭਾਰਤੀਆਂ ਨੂੰ ਹੋਰਨਾਂ ਭਾਰਤੀਆਂ ਦੇ ਉਲਟ ਇਕ ਵੱਖਰੇ ਕਾਗ਼ਜ਼ ਉਤੇ ਵੀਜ਼ਾ (ਨੱਥੀ ਵੀਜ਼ਾ) ਦੇਣਾ ਸ਼ੁਰੂ ਕਰ ਦਿੱਤਾ ਸੀ। ਚੀਨ ਨੇ ਅਰੁਣਾਚਲ ਪ੍ਰਦੇਸ਼ ਨੂੰ ਝਗੜੇ ਵਾਲਾ ਇਲਾਕਾ ਸਮਝਿਆ ਅਤੇ ਗੱਲਬਾਤ ਵਿਚ ਇਸ ਦਾਅਵੇ ਉਤੇ ਜ਼ੋਰ ਦਿੱਤਾ। ਇਸ ਦੇ ਦਾਅਵਿਆਂ ਵਿਚ ਤੇਜ਼ੀ ਉਦੋਂ ਵੇਖਣ ਨੂੰ ਮਿਲੀ ਜਦੋਂ ਉਸ ਨੇ ਭਾਰਤੀ ਨੇਤਾਵਾਂ ਦੇ ਉੱਤਰੀ-ਪੂਰਬੀ ਰਾਜਾਂ ਦੇ ਦੌਰਿਆਂ ਬਾਰੇ ਇਤਰਾਜ਼ ਕਰਨੇ ਸ਼ੁਰੂ ਕਰ ਦਿੱਤੇ ਜਿਸ ਕਾਰਨ ਭਾਰਤੀ ਪੱਖ ਹੈਰਾਨ ਰਹਿ ਗਿਆ। ਓਧਰ, ਕੁਝ ਭਾਰਤੀ ਫ਼ੌਜੀ ਕਮਾਂਡਰਾਂ ਨੇ ਇਸ ਗੱਲ ਨੂੰ ਹੋਰ ਵੀ ਪੇਚੀਦਾ ਬਣਾ ਦਿੱਤਾ ਜਦੋਂ ਉਨ੍ਹਾਂ ਜਨਤਕ ਤੌਰ 'ਤੇ ਗ਼ੈਰ-ਜ਼ਿੰਮੇਵਾਰੀ ਵਾਲੇ ਐਲਾਨ ਕੀਤੇ। ਕੁਝ ਭਾਰਤੀ ਅਧਿਕਾਰੀਆਂ ਵੱਲੋਂ ਪਿਛੋਕੜ ਵਿਚ ਰਹਿ ਕੇ ਇਹ ਸੁਝਾਅ ਦਿੱਤਾ ਗਿਆ ਕਿ ਚੀਨ ਦੇ ਸਮੁੱਚੇ ਅਰੁਣਾਚਲ ਪ੍ਰਦੇਸ਼ ਬਾਰੇ ਦਾਅਵੇ ਨਾਲ ਉਨ੍ਹਾਂ ਸਿਆਸੀ ਨਿਯਮਾਂ ਅਤੇ ਮਾਨਤਾਵਾਂ ਦੀ ਉਲੰਘਣਾ ਹੋਈ ਹੈ ਜਿਨ੍ਹਾਂ ਬਾਰੇ ਦੋਵਾਂ ਧਿਰਾਂ ਵਿਚ ਸਰਹੱਦੀ ਨਿਬੇੜੇ ਬਾਰੇ ਸਹਿਮਤੀ ਹੋਈ ਸੀ।

ਜਾਪਦਾ ਇੰਜ ਹੈ ਕਿ ਦੋਵੇਂ ਦੇਸ਼ ਇਸ ਨਾਂਹ-ਪੱਖੀ ਰੁਝਾਨ ਤੋਂ ਆਪਣੇ-ਆਪਣੇ ਢੰਗ ਨਾਲ ਜਾਣੂ ਹਨ। ਇਹੋ ਕਾਰਨ ਹੈ ਕਿ 2009 ਵਿਚ ਆਪਣੇ 13ਵੇਂ ਦੌਰ ਦੀ ਗੱਲਬਾਤ ਵਿਚ ਵੀ ਅਤੇ ਮੁੜ ਪਿਛਲੇ ਮਹੀਨੇ ਬੀਜਿੰਗ ਵਿਚਲੇ 14ਵੇਂ ਦੌਰ ਵਿਚ ਵੀ ਦੋਵਾਂ ਨੁਮਾਇੰਦਿਆਂ ਨੇ ਰਾਜਨੀਤਕ ਮੁੱਦਿਆਂ ਅਤੇ ਰਣਨੀਤਕ ਸਰੋਕਾਰਾਂ ਵਿਚ ਵਿਸ਼ਾਲ ਵਿਚਾਰ-ਵਟਾਂਦਰੇ ਦੇ ਦਰ ਖੋਲ੍ਹ ਦਿੱਤੇ ਸਨ। ਉਮੀਦ ਕੀਤੀ ਜਾਂਦੀ ਹੈ ਕਿ ਇਹ ਨਵਾਂ ਵਿਚਾਰ-ਵਟਾਂਦਰਾ ਅਗਾਂਹ ਰਾਸਤੇ ਖੋਲ੍ਹੇਗਾ।

ਨਵੀਂ ਦਿੱਲੀ ਬੀਜਿੰਗ ਬਾਰੇ ਜੋ ਸਮਝਦੀ ਹੈ, ਉਸ ਦਾ ਵਿਸ਼ਾਲ ਚੌਖਟਾ ਵਿਦੇਸ਼ ਸਕੱਤਰ ਨਿਰੂਪਮਾ ਰਾਓ ਨੇ 'ਅਬਜ਼ਰਵਰ ਰਿਸਰਚ ਫ਼ਾਊਂਡੇਸ਼ਨ' ਸਾਹਮਣੇ ਆਪਣੇ ਭਾਸ਼ਣ ਵਿਚ ਪੇਸ਼ ਕਰ ਦਿੱਤਾ ਸੀ। ਬੀਬੀ ਰਾਓ ਨੇ ਸਾਰੇ ਵਿਵਾਦਗ੍ਰਸਤ ਮੁੱਦਿਆਂ ਦਾ ਜ਼ਿਕਰ ਕੀਤਾ ਸੀ ਜਿਨ੍ਹਾਂ ਵਿਚ ਕਸ਼ਮੀਰੀਆਂ ਨੂੰ ਨੱਥੀ ਵੀਜ਼ਾ ਦੇਣਾ ਵੀ ਸ਼ਾਮਲ ਸੀ ਅਤੇ ਵਪਾਰ ਵਿਚ ਅਸੰਤੁਲਨ ਵੀ, ਬ੍ਰਹਮਪੁੱਤਰ ਦਰਿਆ ਉਪਰ ਚੀਨੀਆਂ ਦੀਆਂ ਜਲ-ਯੋਜਨਾਵਾਂ ਵੀ ਇਸ ਵਿਚ ਸ਼ਾਮਲ ਸਨ ਅਤੇ ਚੀਨ-ਪਾਕਿ ਸਬੰਧ ਵੀ। ਕਿਹਾ ਉਨ੍ਹਾਂ ਨੇ ਇਹ ਵੀ ਸੀ ਕਿ ਇਹ ਵਿਚਾਰ 'ਕਿ ਭਾਰਤ ਅਤੇ ਚੀਨ ਵਿਰੋਧੀ ਹਨ', ਗੁੰਝਲਦਾਰ ਰਿਸ਼ਤੇ ਬਾਰੇ ਅਤਿ ਦਾ ਸਾਧਾਰਨੀਕਰਨ ਹੈ। ਕੁਝ ਹੋਰ ਮੁੱਦੇ ਵੀ ਹਨ ਜਿਹੜੇ ਉਭਰ ਕੇ ਸਾਹਮਣੇ ਆ ਸਕਦੇ ਹਨ, ਜਿਵੇਂ ਇਕ ਹੈ 'ਸਟਰਿੰਗ ਆਫ਼ ਪਰਲਜ਼ ਸਿਧਾਂਤ'। ਇਸ ਬਾਰੇ ਡਰ ਹੈ ਕਿ ਚੀਨ ਆਪਣੇ ਛੋਟੇ ਦੱਖਣੀ ਏਸ਼ੀਆਈ ਗੁਆਂਢੀਆਂ-ਨੇਪਾਲ ਤੇ ਸ੍ਰੀਲੰਕਾ ਨਾਲ ਨੇੜਲੇ ਸਬੰਧ ਉਸਾਰ ਕੇ ਭਾਰਤ ਨੂੰ ਘੇਰਾ ਘੱਤ ਰਿਹਾ ਹੈ ਪਰ ਇਨ੍ਹਾਂ ਤੌਖ਼ਲਿਆਂ ਬਾਰੇ ਸਰਕਾਰ ਦੇ ਅੰਦਰ ਇਕ ਰਾਇ ਨਹੀਂ ਹੈ।

ਜਦੋਂ ਸਬੰਧਾਂ ਦੇ ਭਵਿੱਖ ਬਾਰੇ ਵਿਚਾਰਿਆ ਜਾਂਦਾ ਹੈ ਤਾਂ ਉਹ ਮੁੱਦੇ ਲੱਭਣੇ ਲਾਭਦਾਇਕ ਹੋਣਗੇ ਜਿਨ੍ਹਾਂ ਬਾਰੇ ਭਾਰਤੀ ਅਤੇ ਚੀਨੀ ਹਿੱਤ ਅਸਲ ਵਿਚ ਟਕਰਾਉਂਦੇ ਹਨ ਜਾਂ ਮੇਲ ਖਾਂਦੇ ਹਨ। ਜੇ ਭਾਰਤੀ ਵਿਦੇਸ਼ ਨੀਤੀ ਨੂੰ ਵਿਸ਼ਲੇਸ਼ਣਾਤਮਕ ਤੌਰ 'ਤੇ ਤਿੰਨ ਜੁੜਵੇਂ ਦਾਇਰਿਆਂ ਵਿਚ ਵੰਡਿਆ ਜਾਵੇ ਜਿਨ੍ਹਾਂ ਵਿਚ ਦੱਖਣੀ ਏਸ਼ੀਆ, ਏਸ਼ੀਆ ਅਤੇ ਬਾਕੀ ਦਾ ਸੰਸਾਰ ਸ਼ਾਮਲ ਹਨ ਤਾਂ ਫਿਰ ਮੁੱਢਲੇ ਤੌਰ 'ਤੇ ਏਸ਼ੀਆਈ ਪੱਧਰ 'ਤੇ ਦੋਵੇਂ ਤਾਕਤਾਂ ਇਕ-ਦੂਜੇ ਵਿਰੁਧ ਜੂਝਦੀਆਂ ਜਾਪਦੀਆਂ ਹਨ। ਦੱਖਣੀ ਏਸ਼ੀਆ ਵਿਚ ਭਾਰਤ ਇਕ ਸੰਗਠਤ ਆਰਥਿਕ ਸਥਾਨ ਹਾਸਲ ਕਰਨਾ ਚਾਹੇਗਾ ਤਾਂ ਉਸ ਵਿਚ ਮੁੱਢਲੀ ਰੁਕਾਵਟ ਪਾਕਿਸਤਾਨ ਹੈ। ਇਹ ਗੱਲ ਤਾਂ ਯਕੀਨੀ ਹੈ ਕਿ ਪਾਕਿਸਤਾਨ ਚੀਨ ਵੱਲੋਂ ਮਿਲਣ ਵਾਲੀ ਫ਼ੌਜੀ ਅਤੇ ਆਰਥਿਕ ਮਦਦ ਤੋਂ ਕਾਫ਼ੀ ਲਾਭ ਪ੍ਰਾਪਤ ਕਰਦਾ ਹੈ ਜਿਸ ਵਿਚ ਵਿਸ਼ੇਸ਼ ਕਰਕੇ ਪ੍ਰਮਾਣੂ ਅਤੇ ਮਿਜ਼ਾਈਲੀ ਖੇਤਰ ਸ਼ਾਮਲ ਹਨ ਪਰ ਬੀਜਿੰਗ ਨਾਲ ਕਿਸੇ ਗਠਜੋੜ ਤੋਂ ਬਿਨਾਂ ਵੀ, ਦੱਖਣੀ ਏਸ਼ੀਆ ਵਿਚ ਪਾਕਿਸਤਾਨੀ ਫ਼ੌਜ ਦੀ ਸਥਾਪਤੀ ਦੀ ਭੂਮਿਕਾ ਦੇਸ਼ ਦੀ ਹੋਣੀ ਵਿਚ ਫ਼ੈਸਲਾਕੁਨ ਹੈ। ਦੱਖਣੀ ਏਸ਼ੀਆ ਵਿਚ ਹੋਰ ਥਾਈਂ ਭਾਰਤ ਦੇ ਸਵੈਮਾਣ ਨੂੰ ਉਸ ਵੇਲੇ ਸੱਟ ਵੱਜਦੀ ਹੈ ਜਦੋਂ ਅਸੀਂ ਸ੍ਰੀਲੰਕਾ ਵਿਚਲੀ ਹਮਬਨਟੋਟਾ ਯੋਜਨਾ ਨੂੰ ਵੇਖਦੇ ਹਾਂ ਜਿਸ ਨੂੰ ਚੀਨੀ ਫ਼ਰਮ ਉਸਾਰ ਰਹੀ ਹੈ ਪਰ ਹੋਇਆ ਇਹ ਇਸ ਕਾਰਨ ਹੈ ਕਿਉਂਕਿ ਭਾਰਤੀ ਕੰਪਨੀਆਂ ਨੇ ਇਸ ਅਵਸਰ ਦਾ ਲਾਭ ਉਠਾਉਣ ਦਾ ਜਤਨ ਹੀ ਨਹੀਂ ਕੀਤਾ।

ਕੁਝ ਵੀ ਹੋਵੇ, ਇਸ ਪ੍ਰਕਾਰ ਦੇ ਮੁੱਢਲੇ ਢਾਂਚੇ ਦੀ ਉਸਾਰੀ ਨਾਲ ਹੀ ਗੱਲ ਖ਼ਤਮ ਨਹੀਂ ਹੋ ਜਾਂਦੀ। ਪਿਛਲੇ ਸਾਲ ਮੈਨੂੰ ਰਾਸ਼ਟਰੀ ਸੁਰੱਖਿਆ ਬਾਰੇ ਬਹੁਤ ਹੀ ਵਿਭਿੰਨ ਹਿਤਾਂ ਦੀ ਮਾਲਕ ਇਕ ਕੰਪਨੀ ਦੇ ਉਚ ਅਧਿਕਾਰੀਆਂ ਸਾਹਮਣੇ ਭਾਸ਼ਣ ਦੇਣ ਦਾ ਮੌਕਾ ਮਿਲਿਆ। ਇਕ ਅਧਿਕਾਰੀ ਨੇ ਮੈਨੂੰ ਪੁੱਛਿਆ ਕਿ ਕੀ ਭਾਰਤ ਇਸ ਬਾਰੇ ਫ਼ਿਕਰਮੰਦ ਹੈ ਕਿ ਚੀਨ ਨੇਪਾਲ ਨੂੰ ਰੇਲ ਰਾਹੀਂ ਤਿੱਬਤ ਨਾਲ ਜੋੜਨ ਦੀ ਯੋਜਨਾ ਬਣਾ ਰਿਹਾ ਹੈ? ਇਸ ਤੋਂ ਪਹਿਲਾਂ ਕਿ ਮੈਂ ਕੁਝ ਜਵਾਬ ਦਿੰਦਾ, ਇਕ ਹੋਰ ਅਧਿਕਾਰੀ ਨੇ ਹੱਥ ਖੜ੍ਹਾ ਕਰ ਦਿੱਤਾ। ਉਹ ਕੱਪੜਾ ਬਣਾਉਣ ਵਾਲੇ ਡਿਵੀਜ਼ਨ ਵਿਚੋਂ ਸੀ ਅਤੇ ਉਸ ਨੇ ਦੱਸਿਆ ਕਿ ਕਿਵੇਂ ਨੇਪਾਲ ਵਿਚਲੀ ਉਨ੍ਹਾਂ ਦੀ ਕੱਪੜੇ ਦੀ ਫ਼ੈਕਟਰੀ ਚੀਨ ਤੋਂ ਕੋਲਕਾਤਾ ਰਾਹੀਂ ਧਾਗਾ ਦਰਾਮਦ ਕਰਦੀ ਹੈ। ਹਰ ਫੇਰੇ ਨੂੰ ਛੇ ਤੋਂ ਅੱਠ ਹਫ਼ਤੇ ਲੱਗਦੇ ਹਨ। ਉਸ ਦਾ ਕਹਿਣਾ ਸੀ ਕਿ "ਜੇ ਤਿੱਬਤ ਵਿਚੋਂ ਰੇਲ ਸੰਪਰਕ ਜੁੜ ਜਾਂਦਾ ਹੈ ਤਾਂ ਮੇਰਾ ਮਾਲ ਦਸ ਦਿਨਾਂ ਵਿਚ ਹੀ ਪਹੁੰਚ ਜਾਇਆ ਕਰੇਗਾ।"

ਵੱਡੀ ਗੱਲ ਇਹ ਹੈ ਕਿ ਜਿਵੇਂ-ਜਿਵੇਂ ਚੀਨ ਵਿਕਸਤ ਹੁੰਦਾ ਹੈ, ਚੀਨੀ ਕੰਪਨੀਆਂ ਦੱਖਣੀ ਏਸ਼ੀਆ ਵਿਚ ਆਪਣੀ ਮੌਜੂਦਗੀ ਵਧਾ ਲੈਣਗੀਆਂ ਅਤੇ ਵਿਸ਼ੇਸ਼ ਕਰਕੇ ਅਜਿਹਾ ਭਾਰਤ ਵਿਚ ਹੋਵੇਗਾ। ਇੰਜ ਹੀ ਭਾਰਤ ਦੇ ਵਪਾਰਕ ਅਤੇ ਆਰਥਿਕ ਹਿਤ ਵੀ ਏਸ਼ੀਆ ਭਰ ਵਿਚ ਪੈਰ ਜਮਾ ਰਹੇ ਹਨ ਜਿਨ੍ਹਾਂ ਵਿਚ ਦੱਖਣ-ਪੂਰਬ ਵੀ ਸ਼ਾਮਲ ਹੈ ਅਤੇ ਪੂਰਬੀ ਏਸ਼ੀਆ ਵੀ, ਜਿਥੇ ਜਾਪਾਨੀ ਧੌਂਸ ਪਹਿਲਾਂ ਹੀ ਚੀਨ ਅਤੇ ਦੱਖਣੀ ਕੋਰੀਆ ਲਈ ਰਾਹ ਪੱਧਰਾ ਕਰ ਗਈ ਹੈ।

ਵਿਸ਼ਵ ਪੱਧਰ ਉਤੇ ਵੱਡੀਆਂ ਤਾਕਤਾਂ ਨੂੰ ਛੱਡ ਕੇ ਸੰਯੁਕਤ ਰਾਸ਼ਟਰ ਦੀ ਸੁਰੱਖਿਆ ਕੌਂਸਲ ਵਿਚ ਭਾਰਤ ਅਤੇ ਚੀਨ ਦਰਮਿਆਨ ਇਕ-ਦੂਜੇ ਨਾਲ ਵੱਡੀਆਂ ਸ਼ਕਤੀਆਂ ਨੂੰ ਛੱਡ ਕੇ ਸਾਂਝ ਬਹੁਤੀ ਹੈ। ਇਹ ਠੀਕ ਹੈ ਕਿ ਚੀਨੀ ਕੰਪਨੀਆਂ ਨੇ ਅਫ਼ਰੀਕਾ ਵਿਚ ਵੱਡੇ ਪੱਧਰ 'ਤੇ ਘੁਸਪੈਠ ਕਰ ਲਈ ਹੈ ਪਰ ਮੁੱਢਲੇ ਢਾਂਚੇ ਦੀ ਉਸਾਰੀ ਦੀਆਂ ਬਹੁਤ ਸਾਰੀਆਂ ਜਿਹੜੀਆਂ ਯੋਜਨਾਵਾਂ ਉਨ੍ਹਾਂ ਸ਼ੁਰੂ ਕੀਤੀਆਂ ਹਨ, ਉਨ੍ਹਾਂ ਦੇ ਬਹੁ-ਭਾਂਤੀ ਪ੍ਰਭਾਵ ਪੈਣਗੇ ਜਿਹੜੇ ਭਾਰਤੀ ਅਤੇ ਦੂਜੀਆਂ ਕੰਪਨੀਆਂ ਲਈ ਇਨ੍ਹਾਂ ਵਿਚ ਸ਼ਾਮਲ ਹੋਣ ਵਾਸਤੇ ਰਾਹ ਪੱਧਰਾ ਕਰ ਦੇਣਗੇ।

ਚੀਨੀ ਦ੍ਰਿਸ਼ਟੀਕੋਣ ਤੋਂ ਏਸ਼ੀਆ ਵਿਚ ਭਾਰਤ-ਅਮਰੀਕੀ ਗਠਜੋੜ ਨੂੰ ਰੋਕਣਾ ਉਸ ਦੀ ਪਹਿਲ ਹੈ। ਜਿਉਂ-ਜਿਉਂ ਨਵੀਂ ਦਿੱਲੀ ਵਾਸ਼ਿੰਗਟਨ ਦੇ ਨੇੜੇ ਜਾਂਦੀ ਹੈ, ਬੀਜਿੰਗ ਭਾਰਤੀਆਂ ਵੱਲ ਸੈਨਤਾਂ ਮਾਰਨ ਲੱਗ ਜਾਂਦਾ ਹੈ ਅਤੇ ਇਸ ਦੇ ਨਾਲ ਹੀ ਇਕ ਜਾਂ ਦੂਜੀ ਕਿਸਮ ਦੇ 'ਹਿਫ਼ਾਜ਼ਤੀ' ਕਦਮ ਚੁੱਕਣ ਲੱਗ ਪੈਂਦਾ ਹੈ। ਇਹੋ ਕਾਰਨ ਹੈ ਕਿ ਇਕ ਪਾਸੇ ਤਾਂ ਚੀਨ ਕਦੇ ਨੁਕਤਾਚੀਨੀ ਅਤੇ ਨਾਂਹ-ਪੱਖੀ ਸ਼ਬਦਾਵਲੀ ਦੀ ਵਰਤੋਂ ਕਰਨ ਲਗ ਪੈਂਦਾ ਹੈ ਅਤੇ ਕਦੇ ਭਰਮਾਉਣ ਦੀ। ਇਹ ਖ਼ਤਰਨਾਕ ਰਣਨੀਤੀ ਹੈ। ਜਦੋਂ ਨਾਂਹ-ਪੱਖੀ ਸੋਚ ਭਾਰੂ ਹੋ ਜਾਂਦੀ ਹੈ ਤਾਂ ਤੁਸੀਂ ਭਾਰਤ ਨੂੰ ਅਮਰੀਕਾ ਦੀ ਗੋਦ ਵਿਚ ਧੱਕਣ ਦਾ ਖ਼ਤਰਾ ਮੁੱਲ ਲੈ ਲੈਂਦੇ ਹੋ। ਜੇ ਤੁਸੀਂ ਵਧੇਰੇ ਗੁਣ-ਗਾਇਨ ਕਰਨ ਲੱਗ ਪੈਂਦੇ ਹੋ ਤਾਂ ਭਾਰਤੀ ਲੋਕ ਤਹਾਨੂੰ ਟਿੱਚ ਸਮਝਣ ਲੱਗ ਪੈਣਗੇ। ਮੇਰੀ ਇਹ ਸਮਝ ਹੈ ਕਿ ਉਸ ਰੁਝਾਨ ਦੇ ਪੈਦਾ ਹੋਣ ਬਾਰੇ ਚੀਨ ਵੱਲੋਂ ਭਾਰਤ-ਅਮਰੀਕੀ ਰਿਸ਼ਤਿਆਂ ਦੀ ਅਸਲੀਅਤ ਨੂੰ ਸਮਝਣ ਵਿਚ ਨਾਕਾਮੀ ਕਾਫ਼ੀ ਹੱਦ ਤੱਕ ਜ਼ਿੰਮੇਵਾਰ ਹੈ ਜਿਹੜਾ ਅਸੀਂ 2004 ਤੋਂ ਦੁਵੱਲੇ ਰੁਝਾਨਾਂ ਵਿਚ ਵੇਖਦੇ ਆ ਰਹੇ ਹਾਂ।

ਭਾਰਤ ਵੀ ਚੀਨ-ਅਮਰੀਕੀ ਧੁਰੀ ਬਣਨ ਦੀ ਸੰਭਾਵਨਾ ਨੂੰ ਵੇਖ ਕੇ ਕਈ ਵਾਰੀ ਪਿੱਛੇ ਹਟਣ ਵਾਲੀ ਨੀਤੀ ਦਾ ਸ਼ਿਕਾਰ ਹੋ ਜਾਂਦਾ ਹੈ ਅਤੇ ਰਣਨੀਤਕ ਕੁੱਜੇ ਵਿਚ ਬੰਦ ਹੋ ਜਾਣ ਦੀ ਹਾਲਤ ਤਕ ਪਹੁੰਚ ਜਾਂਦਾ ਹੈ। ਅਜਿਹਾ ਖ਼ਾਸ ਕਰਕੇ ਉਦੋਂ ਹੁੰਦਾ ਹੈ ਜਦੋਂ ਜੀ-2 ਦੀ ਧਾਰਨਾ ਇਸ ਦੇ ਮਨ ਵਿਚ ਘਰ ਕਰ ਜਾਂਦੀ ਹੈ। ਅੱਜ ਜਦੋਂ ਜੀ-2 ਪਿੱਛੇ ਹਟ ਰਿਹਾ ਹੈ ਅਤੇ ਓਬਾਮਾ ਪ੍ਰਸ਼ਾਸਨ ਭਾਰਤ ਵੱਲ ਚੀਨ-ਕੇਂਦਰਤ ਸੈਨਤਾਂ ਉਸ ਤਰ੍ਹਾਂ ਮਾਰ ਰਿਹਾ ਹੈ, ਜਿਵੇਂ ਜਾਰਜ ਡਬਲਯੂ. ਬੁਸ਼ ਮਾਰਦਾ ਹੁੰਦਾ ਸੀ। ਇਸ ਲਈ ਨਵੀਂ ਦਿੱਲੀ ਨੂੰ ਆਪਣੇ ਪੱਤੇ ਸਮਝਦਾਰੀ ਨਾਲ ਖੇਡਣ ਦੀ ਲੋੜ ਹੈ। ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਦਿੱਲੀ ਦੀ ਫੇਰੀ 'ਤੇ ਆਏ ਚੀਨ ਦੇ ਪ੍ਰਧਾਨ ਮੰਤਰੀ ਨੂੰ ਇਹ ਗੱਲ ਸਪਸ਼ਟ ਕਰ ਦਿੱਤੀ ਹੈ ਕਿ ਭਾਰਤ ਚੀਨ ਅਤੇ ਅਮਰੀਕਾ ਦੋਵਾਂ ਨਾਲ ਹੀ ਮਜ਼ਬੂਤ ਰਿਸ਼ਤੇ ਚਾਹੁੰਦਾ ਹੈ। ਇਹ ਇਕ ਨੂੰ ਦੂਜੇ ਦਾ ਬਦਲ ਨਹੀਂ ਸਮਝਦਾ ਅਤੇ ਇਹ ਯਕੀਨੀ ਤੌਰ 'ਤੇ ਹੀ ਇਕ ਨੂੰ ਦੂਜੇ ਤੋਂ ਕੁਰਬਾਨ ਵੀ ਨਹੀਂ ਕਰਨਾ ਚਾਹੁੰਦਾ। ਭਾਰਤ ਅਤੇ ਚੀਨ ਨੂੰ ਲੋੜ ਹੈ ਕੁਝ ਮੁੱਦਿਆਂ ਉਤੇ ਪੀਡੀ ਤਰ੍ਹਾਂ ਮਿਲ ਕੇ ਕੰਮ ਕਰਨ ਦੀ ਜਿਨ੍ਹਾਂ ਵਿਚ ਏਸ਼ੀਆਈ ਸੁਰੱਖਿਆ ਅਤੇ ਉਭਰ ਰਿਹਾ ਸੁਰੱਖਿਆ ਢਾਂਚਾ ਸ਼ਾਮਲ ਹਨ। ਇਨ੍ਹਾਂ ਨੂੰ ਕੋਈ ਅਜਿਹੀ ਵੱਡੀ ਗੱਲ ਨਹੀਂ ਕਰਨੀ ਚਾਹੀਦੀ ਜਿਸ ਨਾਲ ਬਾਹਰਲੀਆਂ ਸ਼ਕਤੀਆਂ ਨੂੰ ਦੁਫੇੜ ਪੈਦਾ ਕਰਨ ਦਾ ਮੌਕਾ ਮਿਲੇ।

ਤੀਜੇ, ਇਸ ਗੱਲ ਨੂੰ ਵੇਖਦਿਆਂ ਕਿ ਚੀਨ ਨੂੰ ਵਿਸ਼ੇਸ਼ ਕਰਕੇ ਊਰਜਾ ਲਈ ਹਿੰਦ ਮਹਾਂਸਾਗਰ ਵਿਚ ਦੀ ਸੁਰੱਖਿਅਤ ਜਹਾਜ਼ਰਾਨੀ ਦੀ ਲੋੜ ਹੈ ਅਤੇ ਭਾਰਤ ਪੂਰਬ-ਪੱਛਮ ਦੇ ਕੇਂਦਰ ਵਿਚ ਸਥਿਤ ਹੈ, ਦੋਵਾਂ ਦੇਸ਼ਾਂ ਨੂੰ ਵਿਸ਼ਾਲ ਸਮੁੰਦਰੀ ਮੁੱਦਿਆਂ ਬਾਰੇ ਮਿਲਵਰਤਣ ਕਰਨਾ ਹੀ ਪੈਣਾ ਹੈ ਜਿਨ੍ਹਾਂ ਵਿਚ ਸਮੁੰਦਰੀ ਲੁੱਟਾਂ, ਸਮੁੰਦਰੀ ਪ੍ਰਦੂਸ਼ਣ ਅਤੇ ਸਾਂਝੇ ਸਮੁੰਦਰਾਂ ਨੂੰ ਖੁੱਲ੍ਹਾ ਰੱਖਣ ਨੂੰ ਯਕੀਨੀ ਬਣਾਉਣਾ ਸ਼ਾਮਲ ਹੈ। ਖੇਤਰੀ ਅਤੇ ਸੰਸਾਰੀ ਏਜੰਡੇ ਨੂੰ ਵਿਸ਼ਾਲ ਬਣਾਉਣਾ ਹੀ ਕੁੜੱਤਣ ਤੋਂ ਦੂਰ ਰਹਿਣ ਦਾ ਸਭ ਤੋਂ ਵਧੀਆ ਤਰੀਕਾ ਹੈ ਜੋ ਸੀਮਾ ਦੇ ਸਵਾਲ ਨੇ ਪੈਦਾ ਕਰਨੀ ਸ਼ੁਰੂ ਕਰ ਦਿੱਤੀ ਹੈ। ਇਸ ਨੂੰ ਨਜਿੱਠੇ ਬਿਨਾਂ 60 ਸਾਲ ਪਹਿਲਾਂ ਹੀ ਗੁਜ਼ਰ ਚੁੱਕੇ ਹਨ। ਕੁਝ ਹੋਰ ਸਾਲਾਂ ਦਾ ਇੰਤਜ਼ਾਰ ਕਰਨਾ ਕਿਸੇ ਵੀ ਧਿਰ ਲਈ ਕੋਈ ਸਮੱਸਿਆ ਨਹੀਂ ਹੋਣੀ ਚਾਹੀਦੀ।

**ਦੇਸ਼-ਪਰਦੇਸ**

## ਭਾਰਤ ਤਿੱਬਤੀਆਂ ਦੇ ਦਮਨ ਬਾਰੇ ਖ਼ਾਮੋਸ਼ ਕਿਉਂ?

**ਐਸ. ਦੀਪਾਂਕਰ**

ਕਾਲੋਰਾਡੋ (ਅਮਰੀਕਾ) ਦਾ ਕੈਂਪ ਹੇਲ, ਤਿੱਬਤ ਤੋਂ ਬਹੁਤ ਦੂਰ ਹੈ ਪਰ ਜੋ ਚੀਜ਼ ਉਨ੍ਹਾਂ ਨੂੰ ਆਪਸ ਵਿਚ ਜੋੜਦੀ ਹੈ, ਉਹ ਦੋ ਹਜ਼ਾਰ ਲੜਾਕੂਆਂ ਨੂੰ ਚੀਨ ਦੀ ਲੋਕ ਸੈਨਾ (ਪੀਪਲ'ਜ਼ ਆਰਮੀ) ਨਾਲ ਲੜਨ ਲਈ ਦਿੱਤੀ ਗਈ ਗੁਰੀਲਾ ਯੁੱਧ ਕਲਾ ਦੀ ਸਿਖਲਾਈ ਹੈ। ਇਹ ਲੜਾਕੇ ਚੀਨ ਨੂੰ, ਬੁੱਧ ਧਰਮ ਦੇ ਪ੍ਰਭਾਵ ਵਾਲੇ ਰਾਜ ਵਿਚ ਆਪਣੀ ਹਾਲਤ ਮਜ਼ਬੂਤ ਬਣਾਉਣ ਤੋਂ ਰੋਕਣ ਵਿਚ ਅਸਫਲ ਰਹੇ ਜਿਸ ਉਤੇ ਚੀਨ ਨੇ 1947 ਵਿਚ ਕਬਜ਼ਾ ਕਰ ਲਿਆ ਸੀ।

1947 ਵਿਚ ਅੰਗਰੇਜ਼ਾਂ ਵੱਲੋਂ ਭਾਰਤ ਛੱਡਣ ਤੋਂ ਬਾਅਦ ਤਿੱਬਤ ਉਤੇ ਚੀਨ ਦੀ ਸਰਦਾਰੀ ਨੂੰ ਮਾਨਤਾ ਦੇ ਦਿੱਤੀ ਸੀ। ਉਸ ਦੀ ਸ਼ਿਕਾਇਤ ਹੈ ਕਿ ਭਾਰਤ ਨੇ ਤਿੱਬਤ ਦੇ ਲੋਕਾਂ ਨਾਲ ਸਲਾਹ ਕਰਨ ਤੋਂ ਬਗੈਰ ਹੀ ਤਿੱਬਤ ਉਤੇ ਚੀਨ ਦੀ ਸਰਦਾਰੀ ਦਾ ਐਲਾਨ ਕਰ ਦਿੱਤਾ। ਦਲਾਈਲਾਮਾ ਦੀ ਵੀ ਇਹੀ ਸ਼ਿਕਾਇਤ ਹੈ ਜਿਸ ਨੇ 1954 ਵਿਚ ਭਾਰਤ ਵਿਚ ਪਨਾਹ ਲੈ ਲਈ ਸੀ ਜਦੋਂ ਉਹ ਚੀਨੀ ਮਾਰਕਸਵਾਦੀਆਂ ਵੱਲੋਂ ਆਪਣੇ ਲੋਕਾਂ ਦੇ ਅਧਿਆਤਮਿਕ ਅਤੇ ਪਰੰਪਰਾਗਤ ਜੀਵਨ ਢੰਗ ਨੂੰ ਕੁਚਲਿਆ ਜਾਣਾ ਬਰਦਾਸ਼ਤ ਨਾ ਕਰ ਸਕੇ। ਉਨ੍ਹਾਂ ਦਾ ਇਹ ਵੀ ਵਿਸ਼ਵਾਸ ਹੈ ਕਿ ਜੇ ਭਾਰਤ ਨੂੰ ਤਿੱਬਤ ਵਿਚ ਦਖ਼ਲਅੰਦਾਜ਼ੀ ਕਰਨ ਦਾ ਕੋਈ ਅਧਿਕਾਰ ਨਹੀਂ ਹੈ ਤਾਂ ਉਸ ਨੂੰ ਚੀਨ ਦੀ ਸਰਦਾਰੀ ਮੰਨਣ ਦਾ ਵੀ ਕੋਈ ਅਧਿਕਾਰ ਨਹੀਂ।

ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ ਦੇਖਿਆ ਕਿ ਦਲਾਈਲਾਮਾ ਤਿੱਬਤ ਵਿਚ ਸੁਰੱਖਿਅਤ ਨਹੀਂ ਹਨ, ਇਸ ਲਈ ਉਨ੍ਹਾਂ ਨੇ ਸੀਮਾ ਉਤੇ ਦਲਾਈਲਾਮਾ ਨੂੰ ਲਿਆਉਣ ਲਈ ਭਾਰਤੀ ਅਧਿਕਾਰੀਆਂ ਨੂੰ ਭੇਜਿਆ ਸੀ। ਇਹ ਬਹੁਤ ਵੱਡਾ ਇਸ਼ਾਰਾ ਸੀ ਜਿਸ ਦੀ ਸੰਸਾਰ ਵਿਚ ਪ੍ਰਸ਼ੰਸਾ ਹੋਈ। ਦਲਾਈਲਾਮਾ ਅਤੇ ਜੋ ਨੇਤਾ ਉਸ ਨਾਲ ਭਾਰਤ ਆਏ ਸਨ, ਉਨ੍ਹਾਂ ਨੇ ਭਾਰਤ ਨੂੰ ਅਜਿਹੇ ਦੇਸ਼ ਦੇ ਰੂਪ ਵਿਚ ਦੇਖਿਆ ਜੋ ਸੰਸਾਰ ਵਿਚ ਪੀੜਤਾਂ ਨੂੰ ਪਨਾਹ ਦਿੰਦਾ ਆਇਆ ਹੈ ਪਰ ਜਲਦ ਹੀ ਇਹ ਮਹਿਸੂਸ ਹੋ ਗਿਆ ਸੀ ਕਿ ਉਸ ਨੂੰ ਅਤੇ ਖਾਸ ਤੌਰ ਉਤੇ ਦਲਾਈਲਾਮਾ ਨੂੰ ਮਾੜੇ ਸਮੇਂ ਦਾ ਸਾਹਮਣਾ ਕਰਨਾ ਪਵੇਗਾ। ਦਲਾਈਲਾਮਾ ਲਈ ਹਿਮਾਚਲ ਪ੍ਰਦੇਸ਼ ਦੇ ਛੋਟੇ ਪਹਾੜੀ ਸਥਾਨ ਧਰਮਸ਼ਾਲਾ ਵਿਚ ਰਹਿਣ ਦਾ ਪ੍ਰਬੰਧ ਕੀਤਾ ਗਿਆ ਅਤੇ ਇਹ ਕਿਹਾ ਗਿਆ ਕਿ ਉਹ ਭਾਰਤ ਦੀ ਪ੍ਰਵਾਨਗੀ ਤੋਂ ਬਿਨਾਂ ਬਾਹਰਲੀ ਦੁਨੀਆਂ ਨਾਲ ਕੋਈ ਸੰਪਰਕ ਨਾ ਰੱਖਣ।

ਅਜਿਹਾ ਹੁਕਮ ਉਸ ਦੇ ਫ਼ੈਸਲਿਆਂ ਬਾਰੇ ਵੀ ਦਿੱਤਾ ਗਿਆ। ਸਮਝਣ ਵਾਲੀ ਗੱਲ ਇਹ ਹੈ ਕਿ ਨਹਿਰੂ, ਚੀਨੀ ਪ੍ਰਧਾਨ ਮੰਤਰੀ ਚਾਊ-ਐਨ-ਲਾਈ ਨਾਲ ਬੁਰੇ ਦੌਰ ਵਿਚੋਂ ਲੰਘੇ ਸਨ ਜੋ ਹਿੰਦੀ-ਚੀਨੀ ਭਾਈ-ਭਾਈ ਕਹਿੰਦਾ ਸੀ ਅਤੇ ਉਸ ਨੇ ਧੱਕੇ ਨਾਲ ਲੱਦਾਖ ਦੇ ਹਿੱਸੇ ਅਕਸਾਈ ਚਿਨ ਤੇ ਸਿਨ ਕਿਆਂਗ ਨੂੰ ਤਿੱਬਤ ਨਾਲ ਜੋੜਨ ਲਈ ਸੜਕ ਬਣਾਉਣ ਵਾਸਤੇ ਕਬਜ਼ਾ ਕਰ ਲਿਆ ਸੀ। ਚੀਨ ਦੇ ਇਸ ਵਿਸ਼ਵਾਸਘਾਤ ਉਤੇ ਨਹਿਰੂ ਨੇ ਪਰਦਾ ਪਾਉਣ ਦੀ ਕੋਸ਼ਿਸ਼ ਕੀਤੀ ਤਾਂ ਜੋ ਆਮ ਆਦਮੀ ਨਿਰਾਸ਼ ਨਾ ਹੋਵੇ ਕਿਉਂਕਿ ਨਹਿਰੂ ਨੇ ਚੀਨ ਨਾਲ ਮਿੱਤਰਤਾਪੂਰਵਕ ਸਬੰਧ ਬਣਾਉਣ ਦਾ ਰਾਹ ਅਖ਼ਤਿਆਰ ਕੀਤਾ ਸੀ।

1962 ਵਿਚ ਚੀਨ ਵੱਲੋਂ ਭਾਰਤ ਵਿਰੁਧ ਅਰੰਭੀ ਗਈ ਜੰਗ ਦੌਰਾਨ ਵੀ ਨਹਿਰੂ ਨੇ ਤਿੱਬਤ ਬਾਰੇ ਇਕ ਵੀ ਸ਼ਬਦ ਨਹੀਂ ਸੀ ਕਿਹਾ। ਨਾ ਹੀ ਉਨ੍ਹਾਂ ਨੇ ਤਿੱਬਤ ਵਿਚ ਚੱਲ ਰਹੇ ਨਸਲੀ ਸ਼ੁੱਧੀਕਰਨ ਵੱਲ ਸੰਸਾਰ ਦਾ ਧਿਆਨ ਦਿਵਾਇਆ। ਉਨ੍ਹਾਂ ਤੋਂ ਬਾਅਦ ਭਾਰਤ ਦੀਆਂ ਸਾਰੀਆਂ ਸਰਕਾਰਾਂ ਦੀ ਨੀਤੀ ਵੀ ਇਹੋ ਰਹੀ ਹੈ। ਦਲਾਈਲਾਮਾ ਸਮੇਂ-ਸਮੇਂ 'ਤੇ ਘੁਟਣ ਮਹਿਸੂਸ ਕਰਦੇ ਰਹੇ ਹਨ ਅਤੇ ਇਸ ਬਾਰੇ ਭਾਰਤ ਨੂੰ ਸ਼ਿਕਾਇਤ ਵੀ ਕੀਤੀ ਪਰ ਭਾਰਤ ਦੀ ਨੀਤੀ ਵਿਚ ਕੋਈ ਤਬਦੀਲੀ ਨਹੀਂ ਆਈ ਜਦਕਿ ਚੀਨ ਹਜ਼ਾਰਾਂ ਚੀਨੀਆਂ ਨੂੰ ਤਿੱਬਤ ਵਿਚ ਵਸਾ ਰਿਹਾ ਹੈ ਤਾਂ ਕਿ ਉਥੋਂ ਦੀ ਆਬਾਦੀ ਦਾ ਸਰੂਪ ਅਤੇ ਧਾਰਨਾਵਾਂ ਬਦਲੀਆਂ ਜਾ ਸਕਣ।

ਇਕੱਲੇ ਦਲਾਈਲਾਮਾ ਇਹ ਮੁੱਦਾ ਉਠਾਉਂਦੇ ਰਹੇ ਹਨ ਕਿ ਤਿੱਬਤ ਵਿਚ ਵੱਡੀ ਗਿਣਤੀ ਵਿਚ ਚੀਨੀਆਂ ਨੂੰ ਵਸਾਉਣ ਨਾਲ ਉਸ ਦਾ ਹਜ਼ਾਰਾਂ ਸਾਲਾਂ ਦਾ ਬੋਧੀ ਵਿਰਸਾ ਤਬਾਹ ਹੋ ਰਿਹਾ ਹੈ ਪਰ ਇਸ ਵਿਰੁਧ ਇਧਰ-ਉਧਰ ਵਿਰੋਧ ਪ੍ਰਦਰਸ਼ਨਾਂ ਤੋਂ ਇਲਾਵਾ ਕੁਝ ਵੀ ਸਾਂਝਾ ਜਾਂ ਠੋਸ ਨਹੀਂ ਹੋ ਸਕਿਆ। ਚੀਨੀ ਉਨ੍ਹਾਂ ਧਾਰਮਿਕ ਅਮਲਾਂ ਨੂੰ ਵੀ ਦਬਾਉਂਦੇ ਜਾ ਰਹੇ ਹਨ ਜਿਨ੍ਹਾਂ ਦਾ ਤਿੱਬਤੀ ਲੰਮੇ ਸਮੇਂ ਪਾਲਣ ਕਰਦੇ ਆ ਰਹੇ ਹਨ।

ਦੱਸਿਆ ਜਾਂਦਾ ਹੈ ਕਿ ਅਮਰੀਕਾ ਸੰਸਾਰ ਦੇ ਲੋਕਾਂ ਨੂੰ ਇਹ ਅਪੀਲ ਕਰਨ ਲਈ ਸਹਿਮਤ ਹੈ ਕਿ ਤਿੱਬਤ ਦੇ ਸਦੀਆਂ ਪੁਰਾਣੇ ਸੱਭਿਆਚਾਰ ਨੂੰ ਬਚਾਇਆ ਜਾਵੇ ਪਰ ਇਹ ਬੇਨਤੀ ਕਿਥੋਂ ਤੱਕ ਅੱਗੇ ਵਧੇਗੀ, ਇਸ ਦਾ ਕੋਈ ਥਹੁ-ਪਤਾ ਨਹੀਂ।

ਚੀਨ ਦੁਆਰਾ ਸਾਡੇ ਖੇਤਰ ਉਤੇ ਹੌਲੀ-ਹੌਲੀ ਕਬਜ਼ਾ ਕਰਨ ਦੀਆਂ ਕਈ ਖ਼ਬਰਾਂ ਆ ਰਹੀਆਂ ਹਨ। ਭਾਰਤ ਦੀ ਚੁੱਪ ਪ੍ਰੇਸ਼ਾਨ ਕਰਨ ਵਾਲੀ ਹੈ ਪਰ ਜਦੋਂ ਚੀਨ ਅਰੁਣਾਚਲ ਪ੍ਰਦੇਸ਼ ਉਤੇ ਆਪਣਾ ਦਾਅਵਾ ਕਰਦਾ ਹੈ ਅਤੇ ਜੰਮੂ-ਕਸ਼ਮੀਰ ਦੇ ਲੋਕਾਂ ਨੂੰ ਵੱਖਰੇ ਨੱਥੀ ਪੇਪਰ ਉਤੇ ਵੀਜ਼ਾ ਦਿੰਦਾ ਰਿਹਾ ਹੈ ਤਾਂ ਉਦੋਂ ਭਾਰਤ ਨੂੰ ਸਵੈ-ਪੜਚੋਲ ਕਰਨੀ ਚਾਹੀਦੀ ਹੈ ਕਿ ਉਸ ਨੇ ਭਵਿੱਖ ਦਾ ਵਿਚਾਰ ਕੀਤੇ ਬਿਨਾਂ ਹੀ ਤਿੱਬਤ ਉਤੇ ਚੀਨ ਦੀ ਸਰਦਾਰੀ ਕਿਉਂ ਸਵੀਕਾਰ ਕੀਤੀ? ਅੱਜ ਇਹ ਹੜੱਪੇ ਹੋਏ ਖੇਤਰ ਸਮਾਨ ਹੈ ਜਿਥੇ ਪ੍ਰਸ਼ਾਸਨ ਵਿਚ ਤਿੱਬਤੀਆਂ ਦੀ ਕੋਈ ਪੁੱਛਗਿੱਛ ਨਹੀਂ ਹੈ। ਬਦਕਿਸਮਤੀ ਨਾਲ ਦਲਾਈਲਾਮਾ ਅਜਿਹੇ ਸਮੇਂ ਸੇਵਾ-ਮੁਕਤ ਹੋਣ ਦੀ ਸੋਚ ਰਹੇ ਹਨ ਜਦੋਂ ਚੀਨ ਉਤੇ ਤਿੱਬਤੀਆਂ ਦੇ ਘੱਟ ਤੋਂ ਘੱਟ ਧਾਰਮਿਕ ਅਧਿਕਾਰਾਂ ਦਾ ਸਤਿਕਾਰ ਕਰਨ ਲਈ ਦਬਾਅ ਪਾਉਣ ਦੀ ਬਹੁਤ ਜ਼ਿਆਦਾ ਜ਼ਰੂਰਤ ਹੈ।

ਭਾਰਤ ਨੂੰ ਆਪਣੀ ਖ਼ਾਬ-ਖਿਆਲੀ ਵਿਚੋਂ ਉਭਰਨਾ ਪਵੇਗਾ ਅਤੇ ਇਹ ਸਮਝਣਾ ਪਵੇਗਾ ਕਿ ਚੀਨ ਨਾਲ ਚੰਗੇ ਸਬੰਧ ਦਲਾਈਲਾਮਾ ਉਤੇ ਰੋਕਾਂ ਜਾਂ ਤਿੱਬਤ ਵਿਚ ਜੋ ਹੋ ਰਿਹਾ ਹੈ, ਉਸ ਬਾਰੇ ਚੁੱਪ ਰਹਿਣ 'ਤੇ ਨਿਰਭਰ ਨਹੀਂ ਕਰਦੇ। ਚੀਨ ਸ਼ਾਇਦ ਭਾਰਤ ਨੂੰ ਉਦੋਂ ਹੋਰ ਆਦਰ ਸਤਿਕਾਰ ਦੇਵੇਗਾ ਜਦੋਂ ਉਹ ਦੇਖੇਗਾ ਕਿ ਭਾਰਤ ਤਿੱਬਤ ਬਾਰੇ ਜੋ ਸੋਚਦਾ ਹੈ, ਉਸ ਨੂੰ ਖੁੱਲ੍ਹ ਕੇ ਕਹਿ ਰਿਹਾ ਹੈ।

ਭਾਰਤ ਨੇ ਤਿੱਬਤ ਉਤੇ ਚੀਨ ਦੀ ਸਰਦਾਰੀ ਕਿਉਂਕਿ ਅੰਗਰੇਜ਼ ਸ਼ਾਸਕਾਂ ਦੇ ਜਾਣ ਸਮੇਂ ਪ੍ਰਵਾਨ ਕਰ ਲਈ ਸੀ, ਇਸ ਲਈ ਹੁਣ ਪੰਜ ਦਹਾਕਿਆਂ ਬਾਅਦ ਭਾਰਤ ਸਰਦਾਰੀ ਦਾ ਸਵਾਲ ਤਾਂ ਨਹੀਂ ਉਠਾ ਸਕਦਾ ਪਰ ਤਿੱਬਤ ਵਿਚ ਹੋ ਰਹੀਆਂ ਜ਼ਿਆਦਤੀਆਂ ਅਤੇ ਮਾਨਵੀ ਅਧਿਕਾਰਾਂ ਦੀ ਉਲੰਘਣਾ ਵਿਰੁਧ ਤਾਂ ਆਵਾਜ਼ ਉਠਾ ਹੀ ਸਕਦਾ ਹੈ। ਭਾਰਤ ਨੂੰ ਅਹਿਸਾਸ ਹੋਣਾ ਚਾਹੀਦਾ ਹੈ ਕਿ ਕੋਈ ਤਾਨਾਸ਼ਾਹ ਸ਼ਾਸਕ ਜਾਂ ਸਰਕਾਰ ਕਿਸੇ ਖਿੱਤੇ ਉਤੇ ਰਾਜਨੀਤਕ ਕੰਟਰੋਲ ਤਾਂ ਕਰ ਸਕਦੀ ਹੈ ਪਰ ਉਹ ਤਿੱਬਤੀਆਂ ਦੀ ਜੀਵਨਸ਼ੈਲੀ ਜਾਂ ਜਿਸ ਧਰਮ ਦਾ ਉਹ ਪਾਲਣ ਕਰਨਾ ਚਾਹੁੰਦੇ ਹਨ, ਉਸ ਉਤੇ ਰੋਕ ਨਹੀਂ ਲਾ ਸਕਦੀ। ਜਦੋਂ ਚੀਨ ਤਿੱਬਤ ਦਾ ਸਰੂਪ ਬਦਲ ਰਿਹਾ ਹੈ ਅਤੇ ਜਦੋਂ ਨਸਲੀ ਆਬਾਦੀ ਨੂੰ ਜੜ੍ਹੋਂ ਖ਼ਤਮ ਕਰਨਾ ਜਾਰੀ ਹੈ ਤਾਂ ਇਸ ਨੂੰ ਮੁਖ਼ਤਿਆਰੀ ਨਹੀਂ ਕਿਹਾ ਜਾ ਸਕਦਾ ਸਗੋਂ ਇਹ ਤਾਨਾਸ਼ਾਹੀ ਸ਼ਾਸਨ ਵੱਲੋਂ ਕੀਤਾ ਜਾ ਰਿਹਾ ਦਮਨ ਹੈ। ਇੰਨੀ ਵੱਡੀ ਸ਼ਕਤੀ ਹਰ ਚੀਜ਼ ਨੂੰ ਨਸ਼ਟ ਕਰ ਸਕਦੀ ਹੈ, ਛੋਟਾ ਜਿਹਾ ਤਿੱਬਤੀ ਵਿਰੋਧ ਪ੍ਰਦਰਸ਼ਨ ਕੀ ਚੀਜ਼ ਹੈ ਪਰ ਇਹ ਲੋਕਾਂ ਦੇ ਵਿਨਾਸ਼ ਵਿਰੁਧ ਮਾਨਵਤਾ ਨੂੰ ਚੁੱਪ ਨਹੀਂ ਰੱਖ ਸਕਦੀ ਭਾਵੇਂ ਪੀੜਤ ਥੋੜ੍ਹੀ ਗਿਣਤੀ ਵਿਚ ਹੀ ਹੋਣ।

ਜਦੋਂ ਭਾਰਤ ਆਪਣੀ ਸਹਿਣਸ਼ੀਲਤਾ ਦੀਆਂ ਪਰੰਪਰਾਵਾਂ ਨਾਲ ਮਹਾਤਮਾ ਗਾਂਧੀ ਦੀ ਗੌਰਵਮਈ ਢੰਗ ਨਾਲ ਆਵਾਜ਼ ਉਠਾਉਣ 'ਚ ਅਸਫਲ ਰਹਿੰਦਾ ਹੈ ਤਾਂ ਇਸ ਨਾਲ ਇਹ ਕਹਾਵਤ ਸਿੱਧ ਹੁੰਦੀ ਹੈ ਕਿ ਕਮਜ਼ੋਰ ਨੂੰ ਖੂੰਜੇ ਲਾ ਦਿੱਤਾ ਜਾਂਦਾ ਹੈ। ਭਾਰਤ ਅਜੇ ਵੀ ਤਿੱਬਤ ਵਿਚ ਹੋ ਰਹੇ ਕੁਸ਼ਾਸਨ ਵਿਰੁਧ ਆਵਾਜ਼ ਉਠਾ ਸਕਦਾ ਹੈ।

# ਗੁਰੂ ਗੋਬਿੰਦ ਸਿੰਘ ਜੀ ਦੀ ਅਲੌਕਿਕ ਦਿਭ-ਦ੍ਰਿਸ਼ਟੀ ਦਾ ਕਮਾਲ

**ਡਾ. ਸਾਹਿਬ ਸਿੰਘ ਅਰਸ਼ੀ**

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸੰਸਾਰ-ਆਗਮਨ ਬਹੁਪੱਖੀ ਰੂਪ ਵਿਚ ਦ੍ਰਿਸ਼ਟੀਗੋਚਰ ਹੁੰਦਾ ਹੈ। ਨਾਸ਼ਵਾਨ ਸੰਸਾਰ ਵਿਚ ਬਹੁਤ ਘਟ ਸਮਾਂ ਗੁਜ਼ਾਰ ਕੇ ਸੰਸਾਰੀ ਲੋਕਾਂ ਲਈ ਕੀਤੇ ਗਏ ਕਾਰਜ ਭਵਿੱਖ ਲਈ ਰਾਹ-ਦਰਸਾਊ ਹਨ। ਪਟਨਾ ਸਾਹਿਬ (ਬਿਹਾਰ) ਵਿਚ ਆਗਮਨ ਕਰ ਕੇ ਬਚਪਨ ਦੀਆਂ ਲੀਲ੍ਹਾਵਾਂ ਤੋਂ ਲੈ ਕੇ ਨੰਦੇੜ ਸਾਹਿਬ (ਮਹਾਂਰਾਸ਼ਟਰ) ਤਕ ਦਾ ਜੀਵਨ-ਸਫ਼ਰ ਅਨੇਕਾਂ ਹੈਰਾਨਕੁੰਨ ਕਾਰਨਾਮਿਆਂ ਨਾਲ ਭਰਪੂਰ ਹੈ। ਬਚਪਨ ਤੋਂ ਹੀ ਸੰਸਾਰੀ ਲੋਕਾਂ ਨੇ ਭਾਂਪ ਲਿਆ ਸੀ ਕਿ ਆਪ ਦਾ ਆਗਮਨ ਮਾਨਵ-ਹਿਤਾਂ ਲਈ ਅਤੇ ਕਸ਼ਟ ਨਿਵਾਰਨ ਲਈ ਹੋਇਆ ਹੈ। ਅਨੰਦਪੁਰ ਸਾਹਿਬ ਪੁੱਜਣ 'ਤੇ ਛੋਟੀ ਅਵਸਥਾ ਵਿਚ ਹੀ ਪਿਤਾ ਗੁਰੂ ਜੀ ਨਾਲ ਹਰ ਤਰ੍ਹਾਂ ਦੇ ਕਾਰਜਾਂ ਵਿਚ ਹਿੱਸਾ ਲਿਆ। ਪੰਡਿਤ ਕਿਰਪਾ ਰਾਮ ਜੋ ਮਟਨ (ਕਸ਼ਮੀਰ) ਤੋਂ ਔਰੰਗਜ਼ੇਬ ਦੇ ਜ਼ੁਲਮ ਤੋਂ ਪ੍ਰੇਸ਼ਾਨ ਕਸ਼ਮੀਰੀ ਪੰਡਿਤਾਂ ਦੀ ਰਾਖੀ ਲਈ ਉਨ੍ਹਾਂ ਦੇ ਵਫ਼ਦ ਸਹਿਤ ਆਪ ਜੀ ਦੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਪਾਸ ਫ਼ਰਿਆਦ ਲੈ ਕੇ ਆਇਆ ਤਾਂ ਆਪ ਨੇ ਜਾਣ ਲਿਆ ਕਿ ਧਰਮ ਬਚਾਉਣ ਲਈ ਅਤੇ ਜ਼ੁਲਮ ਨੂੰ ਠੱਲ੍ਹ ਪਾਉਣ ਲਈ ਕਿਸੇ ਠੋਸ ਕਾਰਵਾਈ ਦੀ ਆਵਸ਼ੱਕਤਾ ਹੈ। ਇਸ ਲਈ ਆਪ ਜੀ ਨੇ ਪਿਤਾ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੂੰ ਧਰਮ ਦੀ ਰਾਖੀ ਲਈ ਦਿੱਲੀ ਜਾਣ ਵਾਸਤੇ ਤਿਆਰ ਕੀਤਾ ਅਤੇ ਆਪਣੇ ਸਿਰ 'ਤੇ ਸਾਰੀ ਜ਼ਿੰਮੇਵਾਰੀ ਲਈ। ਪਿਤਾ ਗੁਰੂ ਜੀ ਤੋਂ ਵਿਛੜਨਾ ਅਤੇ ਸਮੁੱਚੀ ਕੌਮ ਦਾ ਬੀੜਾ ਚੁੱਕਣਾ ਕਿਸੇ ਅਗੰਮੀ ਸੋਝੀ ਦਾ ਹੀ ਪ੍ਰਤੀਕ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪਿਤਾ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਉਪਰੰਤ ਜ਼ੁਲਮ ਨੂੰ ਰੋਕਣ ਲਈ ਨਿਰਬਲ ਅਤੇ ਕਮਜ਼ੋਰ ਹੋ ਚੁਕੇ ਸੰਸਾਰੀ ਲੋਕਾਂ ਨੂੰ ਤਿਆਰ ਕੀਤਾ ਤਾਂ ਜੁ ਉਹ ਆਪ ਜ਼ੁਲਮ ਦਾ ਮੁਕਾਬਲਾ ਕਰ ਕੇ ਸਿਰ ਉੱਚਾ ਕਰ ਕੇ ਜੀਵਨ ਗੁਜ਼ਾਰ ਸਕਣ। ਇਸ ਲਈ ਬਲਹੀਣ ਹੋ ਚੁਕੇ ਲੋਕਾਂ ਨੂੰ ਆਪਣੀ ਰੱਖਿਆ ਲਈ ਤਿਆਰ ਕਰਨ ਲਈ ਅਨੰਦਪੁਰ ਸਾਹਿਬ ਦੇ ਸਥਾਨ 'ਤੇ ਵਿਸਾਖੀ ਵਾਲੇ ਦਿਨ ਵਿਸ਼ੇਸ਼ ਸਮਾਗਮ ਕਰ ਕੇ ਖਾਲਸਾ ਪੰਥ ਦੀ ਨੀਂਹ ਰੱਖੀ। ਲੋਕਾਂ ਨੂੰ ਆਪਣੇ ਹੱਕਾਂ ਲਈ ਜਿਊਣ ਲਈ ਜ਼ੁਲਮ ਨੂੰ ਰੋਕਣ ਲਈ ਤਿਆਰ ਕੀਤਾ। ਨਿਤਾਣੇ ਹੋ ਚੁਕੇ ਲੋਕਾਂ ਨੂੰ ਕੇਵਲ ਤਿਆਰ ਹੀ ਨਹੀਂ ਕੀਤਾ ਸਗੋਂ ਅਮਲੀ ਤੌਰ 'ਤੇ ਆਪ ਅੱਗੇ ਹੋ ਕੇ ਇਸ ਲਹਿਰ ਦਾ ਸੰਸਥਾਪਨ ਵੀ ਕੀਤਾ। ਇਸ ਬਾਰੇ ਬਿਆਨ ਹੈ:

ਖਾਲਸਾ ਅਕਾਲ ਪੁਰਖ ਕੀ ਫੌਜ॥
ਪ੍ਰਗਟਿਓ ਖਾਲਸਾ ਪਰਮਾਤਮ ਕੀ ਮੌਜ॥
(ਸਰਬ ਲੋਹ)

ਇਥੇ ਹੀ ਬਸ ਨਹੀਂ, ਆਪ ਜੀ ਨੇ ਖਾਲਸਾ ਪੰਥ ਸਾਜ ਕੇ ਖਾਲਸੇ ਨੂੰ ਪੂਰਾ ਮਾਣ ਦਿਤਾ ਅਤੇ ਕਿਹਾ: ਖਾਲਸਾ ਮੇਰੋ ਰੂਪ ਹੈ ਖਾਸ॥ ਖਾਲਸੇ ਮਹਿ ਹਉ ਕਰਹੁ ਨਿਵਾਸ॥

ਆਪ ਜੀ ਵਲੋਂ ਚਲਾਈ ਇਸ ਲਹਿਰ ਨਾਲ ਕੌਮ ਵਿਚ ਜਾਗ੍ਰਤੀ ਆਈ। ਇਸ ਦੇ ਨਾਲ ਹੀ ਪਹਾੜੀ ਰਾਜਿਆਂ ਨੂੰ ਆਪਣੇ ਰਾਜ-ਭਾਗ ਦਾ ਡਰ ਖਾਣ ਲੱਗਾ। ਇਸ ਲਈ ਉਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਚਲਾਈ ਲਹਿਰ ਨੂੰ ਠੱਲ੍ਹ ਪਾਉਣ ਲਈ ਗੁਰੂ ਸਾਹਿਬ ਦੇ ਵਿਰੁਧ ਹੋ ਗਏ ਅਤੇ ਔਰੰਗਜ਼ੇਬ ਬਾਦਸ਼ਾਹ ਨੂੰ ਗੁਰੂ ਜੀ ਦੇ ਵਿਰੁਧ ਖ਼ਬਰਾਂ ਭੇਜੀਆਂ ਤਾਂ ਕਿ ਬਾਦਸ਼ਾਹ ਵੀ ਗੁਰੂ ਜੀ ਦੀ ਇਸ ਲਹਿਰ ਨੂੰ ਰੋਕੇ। ਔਰੰਗਜ਼ੇਬ ਤਾਂ ਪਹਿਲਾਂ ਹੀ ਅਜਿਹੇ ਮੌਕੇ ਦੀ ਤਲਾਸ਼ ਵਿਚ ਸੀ। ਖ਼ਬਰਾਂ ਪੁੱਜਣ 'ਤੇ ਅਤੇ ਪਹਾੜੀ ਰਾਜਿਆਂ ਦੀ ਸਹਾਇਤਾ ਲਈ ਸ਼ਾਹੀ ਸੈਨਾ ਵੀ ਗੁਰੂ ਜੀ ਦੇ ਪਿੱਛੇ ਲਗ ਗਈ। ਪਹਾੜੀ ਰਾਜਿਆਂ ਦੀ ਬਦਨੀਤੀ ਨੂੰ ਰੋਕਣ ਲਈ ਅਤੇ ਔਰੰਗਜ਼ੇਬ ਬਾਦਸ਼ਾਹ ਦੇ ਵਧ ਚੁਕੇ ਕੌਮ-ਮਾਰੂ ਜ਼ੁਲਮਾਂ ਵਿਰੁਧ ਖਾਲਸਾ ਫ਼ੌਜ ਨੂੰ ਕਈ ਵਾਰ ਯੁੱਧ ਵਿਚ ਜੂਝਣਾ ਪਿਆ। ਹੁਣ ਗੁਰੂ ਸਾਹਿਬ ਵਲੋਂ ਚਲਾਈ ਲਹਿਰ ਨਾਲ ਲੋਕ ਸਾਹਸੀ ਹੋ ਕੇ ਹਰ ਤਰ੍ਹਾਂ ਦੇ ਜ਼ੁਲਮ ਵਿਰੁਧ ਟੱਕਰ ਲੈਣ ਲਈ ਜਾਨਾਂ ਵਾਰਨ ਲਈ ਤਿਆਰ ਹੋ ਚੁਕੇ ਸਨ। ਪਹਾੜੀ ਰਾਜਿਆਂ ਨੇ ਮੁਗ਼ਲਾਂ ਦੀ ਸ਼ਾਹੀ ਸੈਨਾ ਨਾਲ ਮਿਲ ਕੇ ਕਈ ਵਾਰੀ ਗੁਰੂ ਜੀ ਨਾਲ ਯੁੱਧ ਛੇੜਿਆ। ਘਟ ਗਿਣਤੀ ਵਿਚ ਹੁੰਦਿਆਂ ਹੋਇਆਂ ਵੀ ਗੁਰੂ ਜੀ ਵਲੋਂ ਤਿਆਰ ਕੀਤੀ ਸੈਨਾ ਦੇ ਸਿਪਾਹੀਆਂ ਨੇ ਪਹਾੜੀ ਰਾਜਿਆਂ ਦੇ ਯੁੱਧ ਵਿਚ ਦੰਦ ਖੱਟੇ ਕੀਤੇ ਅਤੇ ਮੁਗ਼ਲ ਸੈਨਾ ਨੂੰ ਵੀ ਭਾਜੜਾਂ ਪਾਈ ਰੱਖੀਆਂ।

ਜਿਵੇਂ-ਜਿਵੇਂ ਜ਼ੁਲਮ ਹੁੰਦੇ, ਹੁਣ ਉਸੇ ਪ੍ਰਕਾਰ ਹੀ ਲੋਕ ਇਸ ਦਾ ਡਟ ਕੇ ਮੁਕਾਬਲਾ ਕਰਦੇ ਅਤੇ ਆਪਣੀਆਂ ਜਾਨਾਂ ਵਾਰਨ ਤੋਂ ਵੀ ਨਹੀਂ ਡਰਦੇ ਸਨ। ਸ਼ਾਹੀ ਸੈਨਾ ਦੇ ਭਾਰੀ ਯਤਨਾਂ ਦੇ ਬਾਵਜੂਦ ਵੀ ਉਹ ਸਿੰਘਾਂ ਦੀ ਸ਼ਕਤੀ ਨੂੰ ਕੁਚਲ ਨਾ ਸਕੇ ਅਤੇ ਗੁਰੂ ਜੀ ਨੂੰ ਨੁਕਸਾਨ ਪਹੁੰਚਾਉਣ ਵਿਚ ਅਸਫਲ ਰਹੇ। ਚਾਹੇ ਉਹ ਭੰਗਾਣੀ ਦੀ ਲੜਾਈ ਸੀ ਜਾਂ ਅਨੰਦਪੁਰ ਸਾਹਿਬ ਵਿਚ ਹੋਏ ਯੁੱਧ ਦੀ ਟੱਕਰ ਸੀ ਜਾਂ ਖਿਦਰਾਣੇ ਦੀ ਢਾਬ (ਹੁਣ ਮੁਕਤਸਰ) 'ਤੇ ਹੋਏ ਮੁਕਾਬਲੇ ਦਾ ਬ੍ਰਿਤਾਂਤ ਹੈ, ਹਰ ਵਾਰ ਮੁਗ਼ਲਾਂ ਦੀ ਸ਼ਾਹੀ ਸੈਨਾ ਨੂੰ ਮੂੰਹ ਦੀ ਖਾਣੀ ਪਈ ਅਤੇ ਨਿਰਾਸ਼ ਹੋ ਕੇ ਹੀ ਵਾਪਸ ਪਰਤਣਾ ਪਿਆ। ਉਹ ਕਦੇ ਵੀ ਸਿੰਘਾਂ 'ਤੇ ਵਿਜਈ ਨਾ ਹੋ ਸਕੇ।

ਗੁਰੂ ਜੀ ਦੀ ਦਿਭ-ਦ੍ਰਿਸ਼ਟੀ ਨੇ ਅਲੌਕਿਕ ਕਰਤੱਬ ਹੀ ਦਰਸਾਏ। ਅਨੰਦਪੁਰ ਸਾਹਿਬ ਨੂੰ ਛੱਡਣ ਉਪਰੰਤ ਆਪ ਜੀ ਕੁਝ ਕੁ ਸਿੰਘਾਂ ਨਾਲ ਚਮਕੌਰ ਦੀ ਕੱਚੀ ਗੜ੍ਹੀ ਵਿਚ ਘਿਰ ਗਏ। ਮੁਗ਼ਲਾਂ ਦੀ ਸ਼ਾਹੀ ਸੈਨਾ ਮਾਰੋ-ਮਾਰ ਕਰਦੀ ਆਪ ਦੇ ਪਿੱਛੇ ਲੱਗੀ ਹੋਈ ਸੀ। ਆਪ ਜੀ ਨੇ ਮੁੱਠੀ-ਭਰ ਸਿੰਘਾਂ ਨਾਲ ਹਜ਼ਾਰਾਂ ਦੀ ਗਿਣਤੀ ਵਿਚ ਸ਼ਾਹੀ ਸੈਨਾ ਨੂੰ ਰੋਕੀ ਰੱਖਿਆ ਅਤੇ ਆਪਣੇ ਜਿਗਰ ਦੇ ਟੁਕੜੇ ਸਾਹਿਬਜ਼ਾਦਾ ਅਜੀਤ ਸਿੰਘ ਅਤੇ ਸਾਹਿਬਜ਼ਾਦਾ ਜੁਝਾਰ ਸਿੰਘ ਨੂੰ ਵੀ ਦੁਸ਼ਮਣ ਨਾਲ ਲੜਨ ਲਈ ਜੰਗ ਦੇ ਮੈਦਾਨ ਵਿਚ ਭੇਜਿਆ। ਇਹ ਸਾਰਾ ਕੌਤਕ ਅੱਖੀਂ ਵੇਖਿਆ ਅਤੇ ਪੁੱਤਰਾਂ ਦੀ ਸ਼ਹਾਦਤ ਦੇ ਕੇ ਸੰਸਾਰੀ ਲੋਕਾਂ ਦੇ ਸਾਹਮਣੇ ਇਕ ਉਦਾਹਰਣ ਕਾਇਮ ਕੀਤੀ। ਦੂਸਰੇ ਪਾਸੇ ਸਾਹਿਬਜ਼ਾਦਾ ਫ਼ਤਿਹ ਸਿੰਘ ਤੇ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਛੋਟੇ ਬੱਚਿਆਂ ਨੂੰ ਸ਼ਹੀਦ ਕਰਨ ਅਤੇ ਮਾਤਾ ਜੀ ਦਾ ਅਕਾਲ-ਚਲਾਣਾ ਸੁਣ ਕੇ ਆਪ ਨੇ ਪ੍ਰਭੂ ਦਾ ਸ਼ੁਕਰਾਨਾ ਹੀ ਕੀਤਾ। ਚਾਰੇ ਪੁੱਤਰਾਂ ਅਤੇ ਪਿਤਾ ਨੂੰ ਵਾਰ ਕੇ ਵੀ ਆਪਣੇ ਮਿਸ਼ਨ ਵਲੋਂ ਮੂੰਹ ਨਹੀਂ ਮੋੜਿਆ। ਮਾਤਾ ਜੀ ਵਲੋਂ ਸਪੁੱਤਰਾਂ ਬਾਰੇ ਪੁਛਣ 'ਤੇ ਗ਼ਮਗੀਨ ਹੋਣ ਦੀ ਥਾਂ ਇਤਨਾ ਹੀ ਕਿਹਾ: ਚਾਰ ਮੂਏ ਤੋ ਕਿਆ ਹੂਆ ਜੀਵਤ ਕਈ ਹਜ਼ਾਰ। ਇਸ ਪ੍ਰਕਾਰ ਸੰਸਾਰੀ ਲੋਕਾਂ ਨੂੰ ਮੋਹ ਤਿਆਗਣ ਦਾ ਰਾਹ ਦਰਸਾਇਆ। ਸੰਸਾਰੀ ਲੋਕਾਂ ਦੇ ਕਲਿਆਣ ਲਈ ਧਰਮ-ਨਿਰਪੇਖਤਾ ਦੀ ਲਹਿਰ ਚਲਾਈ। ਉਸ ਸਮੇਂ ਦਾ ਸਮਾਜ ਫੋਕੇ ਵਹਿਮਾਂ-ਭਰਮਾਂ ਅਤੇ ਅੰਧ-ਵਿਸ਼ਵਾਸਾਂ ਵਿਚ ਲਿਪਤ ਸੀ ਜਿਸ ਨੂੰ ਦੂਰ ਕਰਨਾ ਬਹੁਤ ਜ਼ਰੂਰੀ ਸੀ। ਆਪ ਜੀ ਨੇ ਮੂਰਤੀ ਪੂਜਾ ਵਿਰੁਧ ਵੀ ਆਵਾਜ਼ ਉਠਾਈ ਅਤੇ ਨਾਸ਼ਵਾਨ ਸੰਸਾਰ ਬਾਰੇ ਜਾਣੂ ਕਰਵਾ ਕੇ ਕੇਵਲ ਪਰਮਾਤਮਾ ਦੀ ਭਗਤੀ ਵਲ ਹੀ ਸਭ ਨੂੰ ਪ੍ਰੇਰਿਆ। ਆਪ ਜੀ ਦੀ ਲੋਕਾਈ ਨੂੰ ਸੇਧ ਕੇਵਲ ਇਨ੍ਹਾਂ ਸ਼ਬਦਾਂ ਨਾਲ ਹੀ ਸਪਸ਼ਟ ਤੌਰ 'ਤੇ ਉਜਾਗਰ ਹੁੰਦੀ ਹੈ:

ਕਾਹੂ ਲੈ ਪਾਹਨ ਪੂਜ ਧਰਯੋ ਸਿਰ
ਕਾਹੂ ਲੈ ਲਿੰਗ ਗਰੇ ਲਟਕਾਇਓ॥
ਕਾਹੂ ਲਖਿਓ ਹਰਿ ਅਵਾਚੀ ਦਿਸਾ ਮਹਿ
ਕਾਹੂ ਪਛਾਹ ਕੋ ਸੀਸੁ ਨਿਵਾਇਓ॥
ਕੋਊ ਬੁਤਾਨ ਕੋ ਪੂਜਤ ਹੈ ਪਸੁ
ਕੋਊ ਮ੍ਰਿਤਾਨ ਕੋ ਪੂਜਨ ਧਾਇਓ॥
ਕੂਰ ਕ੍ਰਿਆ ਉਰਝਿਓ ਸਭਹੀ ਜਗ
ਸ੍ਰੀ ਭਗਵਾਨ ਕੋ ਭੇਦੁ ਨ ਪਾਇਓ॥
(ਸੁਧਾ ਸਵੱਯੇ, ਪਾ: 10)

ਇਸ ਪ੍ਰਕਾਰ ਫੋਕੇ ਕਰਮਕਾਂਡਾਂ ਵਿਚ ਫਸੇ ਲੋਕਾਂ ਨੂੰ ਸਪਸ਼ਟ ਤੌਰ 'ਤੇ ਇਸ ਬਾਰੇ ਜਾਣੂ ਕਰਵਾਇਆ। ਆਪ ਜੀ ਨੇ ਦੇਵੀ-ਦੇਵਤਿਆਂ ਦੇ ਪੂਜਨ ਬਾਰੇ ਸੁਚੇਤ ਕਰਦਿਆਂ ਆਪਣੇ ਸ਼ਬਦਾਂ ਵਿਚ ਕਿਹਾ:


ਮੈ ਨ ਗਨੇਸਹਿ ਪ੍ਰਿਥਮ ਮਨਾਊਂ॥
ਕਿਸ਼ਨ ਬਿਸ਼ਨ ਕਬਹੂੰ ਨਹਿ ਧਿਆਊਂ॥
(ਚੌਪਈ ਪਾ: 10)

ਆਪਣੇ ਮਹਾਂਵਾਕ ਰਾਹੀਂ ਲੋਕਾਈ ਨੂੰ ਸੱਚੇ ਮਾਰਗ 'ਤੇ ਚੱਲਣ ਦਾ ਰਾਹ ਦਰਸਾਇਆ। ਇਸ ਮਿਸ਼ਨ ਦੀ ਪੂਰਤੀ ਲਈ ਆਪ ਜੀ ਨੇ ਸ਼ਬਦ-ਗੁਰੂ ਨੂੰ ਮਾਨਤਾ ਦਿਤੀ। ਨੰਦੇੜ ਸਾਹਿਬ (ਮਹਾਂਰਾਸ਼ਟਰ) ਵਿਖੇ 1708 ਈ. ਨੂੰ ਆਪ ਜੀ ਨੇ ਸਮੁੱਚੀ ਸੰਗਤ ਨੂੰ ਸ਼ਬਦ-ਗੁਰੂ ਦੇ ਆਦੇਸ਼ 'ਤੇ ਚੱਲਣ ਲਈ ਕਿਹਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਰਬ-ਉੱਚਤਾ ਦਾ ਸਥਾਨ ਦਿਤਾ। ਸਾਰੀਆਂ ਸੰਗਤਾਂ ਨੂੰ ਇਹ ਹੁਕਮ ਕੀਤਾ ਕਿ ਭਵਿੱਖ ਵਿਚ ਕਿਸੇ ਦੇਹਧਾਰੀ ਅਖੌਤੀ ਗੁਰੂ ਨੂੰ ਮਾਨਤਾ ਨਹੀਂ ਦੇਣੀ। ਗੁਰੂ ਰੂਪ ਬਾਣੀ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੈ ਇਹੋ ਹੀ ਅੱਗੇ ਤੋਂ ਲੋਕਾਈ ਦਾ ਗੁਰੂ ਅਤੇ ਰਹਿਨੁਮਾ ਹੋਵੇਗੀ। ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਵਲੋਂ ਤਿਆਰ ਕਰਵਾਏ ਬਾਣੀ ਦੇ ਗ੍ਰੰਥ ਸਾਹਿਬ ਨੂੰ ਹੀ ਸਰਬ-ਉੱਚਤਾ ਦਿੱਤੀ ਅਤੇ ਕਿਹਾ:

ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨੀਓ ਗ੍ਰੰਥ॥ ਇਸ ਪ੍ਰਕਾਰ ਸੰਸਾਰੀ ਲੋਕਾਂ ਨੂੰ ਨਵੀਂ ਸੇਧ ਮਿਲੀ ਅਤੇ ਉਹ ਪਖੰਡਾਂ ਅਤੇ ਅੰਧ-ਵਿਸ਼ਵਾਸਾਂ ਤੋਂ ਦੂਰ ਰਹਿਣ ਲੱਗੇ।

# ਹੀਰੋ ਕਲਾਂ ਦੇ ਅਕਾਲੀ ਕੌਮ ਦੇ ਹੀਰੇ?

**ਲਿਖਤੁਮ**



**ਤਰਲੋਚਨ ਸਿੰਘ ਦੁਪਾਲਪੁਰ**

ਭਰ ਸਿਆਲ ਦੀ ਰੁੱਤ...ਕੜਾਕੇ ਦੀ ਠੰਢ...ਚਾਰ ਚੁਫ਼ੇਰੇ ਗੂੜ੍ਹੀ ਧੁੰਦ...ਹੱਡਾਂ ਨੂੰ ਚੀਰਦੀ ਜਾਂਦੀ ਸੀਤ ਲਹਿਰ ਸਦਕਾ ਗੱਭਰੂਆਂ ਦਾ ਵੀ ਦੰਦੋੜਿੱਕਾ ਵੱਜ ਰਿਹਾ ਹੈ। ਖੇਸ, ਖੇਸੀਆਂ, ਲੋਈਆਂ ਅਤੇ ਭੂਰੇ ਕੰਬਲਾਂ ਨਾਲ ਸਿਰ-ਮੂੰਹ ਲਪੇਟ ਕੇ, ਆਪਣੇ ਪਿੰਡ ਦੇ ਬਾਹਰਵਾਰ ਕੁਝ ਸਿੱਖ ਭਰਾ ਭੁੰਜੇ ਹੀ ਧਰਨਾ ਮਾਰੀ ਬੈਠੇ ਹਨ। ਕਾਫ਼ੀ ਗਿਣਤੀ ਵਿਚ ਇਨ੍ਹਾਂ ਦੇ ਹਮਦਰਦ ਆਲੇ-ਦੁਆਲੇ ਵਾੜ ਬਣਾਈ ਖੜ੍ਹੇ ਹਨ। ਖੜ੍ਹਿਆਂ ਅਤੇ ਬੈਠਿਆਂ ਦੇ ਮਾਸੂਮ ਚਿਹਰਿਆਂ ਤੋਂ ਹਾਸੇ ਗਾਇਬ ਹਨ। ਕੋਈ ਮੁਸਕਰਾਉਂਦਾ ਚਿਹਰਾ ਇਨ੍ਹਾਂ ਵਿਚ ਨਹੀਂ ਹੈ। ਸਭ ਚਿਹਰਿਆਂ ਉਤੇ ਰੋਹ ਤੇ ਨਿਰਾਸ਼ਾ ਦੇ ਰਲੇਵੇਂ ਵਾਲੀਆਂ ਲਕੀਰਾਂ ਉਭਰਦੀਆਂ ਦਿਖਾਈ ਦਿੰਦੀਆਂ ਹਨ। ਨੀਲੇ-ਪੀਲੇ ਰੰਗ ਦੀਆਂ ਦਸਤਾਰਾਂ ਅਤੇ ਸਾਫ਼ੇ ਬੰਨ੍ਹੀ ਬੈਠੇ ਇਨ੍ਹਾਂ ਬੰਦਿਆਂ ਵਿਚ ਕੁਝ ਬੱਚੇ, ਗਭਰੇਟ ਅਤੇ ਬਜ਼ੁਰਗ ਵੀ ਹਨ। ਇਉਂ ਭਾਸਦਾ ਹੈ ਜਿਵੇਂ ਇਨ੍ਹਾਂ ਨੂੰ ਕਿਸੇ ਹਿਰਦੇ-ਵੇਦਕ ਘਟਨਾ ਨੇ ਵਲੂੰਧਰ ਸੁੱਟਿਆ ਹੋਵੇ! ਜਿਵੇਂ ਕਿਤੇ ਇਹ ਸਾਰੇ ਜਣੇ ਰੋਹ ਨਾਲ ਭਰੇ ਪਏ ਹੋਣ!!

ਕਹਿਰਾਂ ਦੀ ਠੰਢ ਵਿਚ ਠੁਰ-ਠੁਰ ਕਰਦੇ ਇਹ ਧਰਨਾ ਮਾਰਨ ਵਾਲੇ ਕੌਣ ਹਨ? ਜੋ ਘਰਾਂ ਵਿਚ ਤਪਦੇ ਚੁੱਲ੍ਹਿਆਂ ਅੱਗੇ ਬਹਿ ਕੇ ਅੱਗ ਸੇਕਣ ਜਾਂ ਰਜਾਈਆਂ ਦਾ ਨਿੱਘ ਮਾਨਣ ਦੀ ਬਜਾਏ ਆਪਣੇ ਪਿੰਡ ਦੇ ਬਾਹਰ ਬੈਠ ਕੇ ਠੰਢ ਦਾ ਕਹਿਰ ਝੱਲ ਰਹੇ ਨੇ? ਇਨ੍ਹਾਂ ਨੂੰ ਗੁੱਸਾ ਕਾਹਦਾ ਚੜ੍ਹਿਆ ਹੋਇਆ ਹੈ? ਇਹ ਕਹਿ ਕੀ ਰਹੇ ਹਨ? ਇਨ੍ਹਾਂ ਸਾਰੇ ਸਵਾਲਾਂ ਦੇ ਤਫ਼ਸੀਲ ਨਾਲ ਜਵਾਬ ਲੱਭਣ ਤੋਂ ਪਹਿਲਾਂ ਕੁਝ ਪ੍ਰਸੰਗ ਦੀ ਉਥਾਨਕਾ ਹੋ ਜਾਏ!

ਕਹਿੰਦੇ, ਇਕ ਹਾਕਮ ਨੇ ਆਪਣੀ ਪਰਜਾ ਨੂੰ ਇਥੋਂ ਤਕ ਗਿਆਨ-ਵਿਹੂਣੀ ਅਤੇ ਜ਼ਮੀਰ-ਵਿਹੂਣੀ ਬਣਾ ਦਿੱਤਾ ਕਿ ਕੋਈ ਵੀ ਹਕੂਮਤ ਵਿਰੁਧ ਚੂੰ-ਚਰਾਂ ਨਾ ਕਰਦਾ। ਹਾਕਮ ਨੇ ਕੁਟਲ-ਨੀਤੀ ਅਪਨਾਉਂਦਿਆਂ ਕਿਸੇ ਵੀ ਸਮੇਂ ਖ਼ਤਰਾ ਬਣਨ ਵਾਲੇ ਅਮੀਰਾਂ-ਵਜ਼ੀਰਾਂ ਨੂੰ 'ਬੁਰਕੀਆਂ' ਖੁਆ-ਖੁਆ ਕੇ ਗੁੰਗੇ-ਤੋਤੇ ਬਣਾ ਦਿੱਤਾ। ਹਾਕਮ ਨੇ ਸਾਰੇ ਅਹਿਮ ਅਹੁਦਿਆਂ ਉਪਰ ਆਪਣੇ ਹੀ ਟੱਬਰ ਦੇ ਜੀਆਂ ਅਤੇ ਹੋਰ ਨੇੜਲਿਆਂ ਨੂੰ ਬਹਾਉਣਾ ਸ਼ੁਰੂ ਕਰ ਦਿੱਤਾ। ਕਿਤਿਓਂ ਵੀ ਉਜਰ ਨਾ ਹੋਇਆ। ਫਿਰ ਉਸ ਨੇ ਆਪਣੇ ਧਰਮ ਦੇ 'ਮਹਾਂ ਪੁਰੋਹਿਤਾਂ' ਨੂੰ ਵੀ ਕਾਬੂ ਕਰ ਲਿਆ। ਕਿਸੇ ਨੇ ਵੀ ਵਿਰੋਧ ਨਾ ਜਤਾਇਆ। ਮੁੱਕਦੀ ਗੱਲ, ਉਸ ਨੇ ਆਪਣੇ ਦੇਸ਼ ਵਿਚ 'ਜਲੇ ਹਰਨਾਕਸ਼-ਥਲੇ ਹਰਨਾਕਸ਼' ਵਾਲੀ ਹਾਲਾਤ ਬਣਾ ਦਿੱਤੀ। ਉਹ ਚੰਮ ਦੀਆਂ ਚਲਾਉਂਦਾ ਪਰ ਕੁਸਕਦਾ ਹੋਈ ਨਾ।

ਮਨ ਦੀ ਮੌਜ ਵਿਚ ਆਏ ਇਸ ਹਾਕਮ ਦੇ ਇਕ ਵਾਰੀ ਮਨ ਵਿਚ ਫੁਰਨਾ ਫੁਰਿਆ ਕਿ ਟੋਹ ਕੇ ਦੇਖਿਆ ਜਾਏ, ਸਾਡੀ ਪਰਜਾ ਵਿਚ ਕੋਈ ਜਾਗਦੀ ਜ਼ਮੀਰ ਵਾਲਾ ਰਹਿ ਵੀ ਗਿਆ ਹੈ? ਕੀ ਕਿਸੇ ਵਿਚ ਮੇਰੇ ਹੁਕਮਾਂ ਦਾ ਵਿਰੋਧ ਕਰਨ ਦੀ ਹਿੰਮਤ ਵੀ ਹੈ? ਉਸ ਨੇ ਹੁਕਮ ਕਰ ਦਿੱਤਾ ਕਿ ਸਾਰੇ ਪੁਲਾਂ-ਚੌਰਾਹਿਆਂ 'ਤੇ ਨਾਕੇ ਲਾ ਕੇ ਹਰ ਇਕ ਰਾਹੀ-ਮੁਸਾਫ਼ਰ ਤੋਂ ਇਕ-ਇਕ ਰੁਪਈਆ ਯਾਤਰਾ ਟੈਕਸ ਲਿਆ ਜਾਵੇ। ਲੋਕਾਂ ਨੇ ਹੁਕਮ ਦੀ ਪਾਲਣਾ ਕਰਦਿਆਂ ਚੁੱਪਚਾਪ ਟੈਕਸ ਦੇਣਾ ਸ਼ੁਰੂ ਕਰ ਦਿੱਤਾ। ਜਦ ਕੋਈ ਇਤਰਾਜ਼ ਨਾ ਹੋਇਆ ਤਾਂ ਇਕ ਦੀ ਥਾਂ ਪੰਜ ਰੁਪਏ ਦਾ ਹੁਕਮ ਹੋ ਗਿਆ। ਫਿਰ ਵੀ ਕੋਈ ਨਾ ਤੜਫ਼ਿਆ। ਪੰਜ ਤੋਂ ਬਾਅਦ ਦਸ ਰੁਪਏ ਉਗਰਾਹੁਣ ਦੇ ਆਰਡਰ ਹੋ ਗਏ ਪਰ ਕਿਸੇ ਨੇ ਵੀ ਇਸ ਧੱਕੇਸ਼ਾਹੀ ਵਿਰੁਧ ਆਵਾਜ਼ ਨਾ ਉਠਾਈ।

ਲੋਕਾਂ ਦਾ ਹਾਜ਼ਮਾ ਪਰਖਣ 'ਤੇ ਤੁਲੇ ਪਏ ਹਾਕਮ ਨੇ ਫਿਰ ਕਾਨੂੰਨ ਬਣਾ ਦਿੱਤਾ ਕਿ ਸੜਕਾਂ 'ਤੇ ਲੰਘਣ ਵਾਲਿਆਂ ਕੋਲੋਂ ਦਸ-ਦਸ ਰੁਪਏ ਲੈਣ ਦੇ ਨਾਲ-ਨਾਲ ਉਨ੍ਹਾਂ ਦੇ ਇਕ-ਇਕ ਛਿੱਤਰ ਵੀ ਮਾਰਿਆ ਜਾਵੇ। ਹੁਕਮ ਦੀ ਤਾਮੀਲ ਸ਼ੁਰੂ ਹੋ ਗਈ। ਹਾਕਮ ਸੋਚਣ ਲੱਗਾ ਕਿ ਇਸ ਜ਼ੁਲਮ ਵਿਰੁਧ ਤਾਂ ਕੋਈ ਨਾ ਕੋਈ ਜਣਾ ਜ਼ਰੂਰ ਬੋਲੇਗਾ! ਉਸ ਦੀ ਇਹ ਸੋਚ ਬਿਲਕੁਲ ਸਹੀ ਨਿਕਲੀ। ਜਦ ਉਸ ਦੇ ਬਾਡੀਗਾਰਡਾਂ ਨੇ ਦੱਸਿਆ ਕਿ ਜਹਾਂਪਨਾਹ! ਆਪ ਦੀ ਪਰਜਾ ਦੇ ਕੁਝ ਸੱਜਣ ਮਹਿਲਾਂ ਦੇ ਬਾਹਰ ਖੜ੍ਹੇ ਨੇ। ਉਹ ਹਜ਼ੂਰ ਮਾਈ-ਬਾਪ ਨਾਲ 'ਸੰਗਤ ਦਰਸ਼ਨ' ਕਰਨਾ ਚਾਹੁੰਦੇ ਨੇ! ਅੰਗ-ਰੱਖਿਅਕਾਂ ਅਤੇ ਹੋਰ ਅਮਲੇ ਲੈ ਕੇ ਲਾਮ-ਲਸ਼ਕਰ ਸਮੇਤ ਹਾਕਮ ਆਪਣੇ ਮਹਿਲਾਂ ਤੋਂ ਬਾਹਰ ਆਇਆ। ਉਸ ਨੇ ਫ਼ਰਿਆਦੀਆਂ ਨੂੰ ਆਪਣੀਆਂ ਤਕਲੀਫ਼ਾਂ ਦੱਸਣ ਨੂੰ ਕਿਹਾ। ਪਰਜਾ ਦੇ ਵਫਦ ਦੇ ਮੁਖੀਏ ਨੇ ਹੱਥ ਜੋੜ ਕੇ ਹਾਕਮ ਸਾਹਮਣੇ ਅਰਜ਼ ਗੁਜ਼ਾਰੀ, "ਹਜ਼ੂਰ ਆਪ ਦੇ ਨਿਆਂਕਾਰੀ ਰਾਜ ਵਿਚ ਅਸੀਂ ਬਹੁਤ ਹੀ ਸੁਖਮਈ ਜੀਵਨ ਬਤੀਤ ਕਰ ਰਹੇ ਹਾਂ ਪਰ ਪਿਛਲੇ ਕੁਝ ਦਿਨਾਂ ਤੋਂ ਆਪ ਦੇ ਹੁਕਮ ਅਨੁਸਾਰ ਸੜਕੀ ਨਾਕਿਆਂ ਉਪਰ ਬਹੁਤ ਖੱਜਲ-ਖ਼ੁਆਰੀ ਹੋ ਰਹੀ ਹੈ ਜੀ...!"

ਹਾਕਮ ਮਨ ਹੀ ਮਨ ਖ਼ੁਸ਼ ਹੋ ਰਿਹਾ ਸੀ ਕਿ ਚਲੋ ਕਿਸੇ ਇਕ-ਅੱਧੇ ਨੇ ਤਾਂ ਜੁਰਅਤ ਕੀਤੀ। ਆਪਣੇ ਅੱਗੇ ਹੱਥ ਜੋੜੀ ਬੈਠੇ ਫ਼ਰਿਆਦੀਆਂ ਵੱਲ ਮੀਣੀਆਂ ਜਿਹੀਆਂ ਅੱਖਾਂ ਕਰ ਕੇ ਬੈਠੇ ਹਾਕਮ ਨੂੰ ਆਪਣੀ ਅਥਾਹ ਤਾਕਤ ਦਾ ਗ਼ਰੂਰ ਚੜ੍ਹ ਰਿਹਾ ਸੀ।

ਵਫਦ ਦੇ ਮੁਖੀਏ ਨੇ ਅੱਗੇ ਆਖਿਆ, "ਸੱਚੀ ਸਰਕਾਰ ਜੀ, ਅਸੀਂ ਆਪ ਵੱਲੋਂ ਬਣਾਏ ਗਏ ਕਾਨੂੰਨ ਵਿਚ ਕੁਝ ਸੁਧਾਰ ਕਰਨ ਦੀ ਮੰਗ ਲੈ ਕੇ ਆਏ ਹਾਂ। ਉਹ ਇਹ ਕਿ ਨਾਕਿਆਂ-ਚੌਰਾਹਿਆਂ ਉਤੇ ਦਸ ਰੁਪਏ ਲੈਣ ਅਤੇ ਛਿੱਤਰ ਮਾਰਨ ਦੀ 'ਸੇਵਾ' ਸਿਰਫ਼ ਇਕੋ-ਇਕ ਸਿਪਾਹੀ ਨਿਭਾ ਰਿਹਾ ਹੁੰਦਾ ਹੈ। ਇੰਜ ਰਾਹੀਆਂ-ਮੁਸਾਫ਼ਰਾਂ ਦੀ ਭੀੜ ਜਮ੍ਹਾਂ ਹੋ ਜਾਂਦੀ ਹੈ। ਆਪ ਦੀ ਰਹਿਮਤ ਕਰ ਕੇ ਇਨ੍ਹਾਂ ਥਾਂਵਾਂ ਉਪਰ ਚਾਰ-ਚਾਰ ਜਾਂ ਪੰਜ-ਪੰਜ ਸਿਪਾਹੀ ਤਾਇਨਾਤ ਕਰਨ ਦਾ ਹੁਕਮ ਦਿਉ ਜੀ ਤਾਂ ਜੋ ਅਸੀਂ ਨਾਕਿਆਂ ਤੋਂ ਛੇਤੀ ਵਿਹਲੇ ਹੋ ਜਾਇਆ ਕਰੀਏ!"

ਵਾਹਿਗੁਰੂ ਵਾਹਿਗੁਰੂ! ਪਰਵਰਦਿਗਾਰ ਅੱਗੇ ਅਰਦਾਸ ਹੈ ਕਿ ਪੰਜਾਬ ਤਾਂ ਕੀ, ਧਰਤੀ ਦੇ ਕਿਸੇ ਖਿੱਤੇ ਵਿਚ ਵੀ ਅਜਿਹੇ ਹਾਲਾਤ ਪੈਦਾ ਨਾ ਹੋਣ!

ਜਾਂਦੇ-ਜਾਂਦੇ ਤਿਰਛੀ ਨਜ਼ਰ ਸਿੱਖ ਕੌਮ ਦੇ ਵਿਹੜਿਆਂ ਵਿਚ। ਅੱਜ ਕੱਲ੍ਹ ਜਿਸ ਨਾਨਕਸ਼ਾਹੀ ਕੈਲੰਡਰ ਦਾ ਰੌਲਾ ਪੈ ਰਿਹਾ ਹੈ, ਉਹਦੇ ਬਾਰੇ ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਜਥੇਦਾਰ ਪਰਮਜੀਤ ਸਿੰਘ ਸਰਨਾ ਨੇ ਜਾਣਕਾਰੀ ਦਿੱਤੀ ਹੈ ਕਿ ਜਦੋਂ ਸ਼੍ਰੋਮਣੀ ਕਮੇਟੀ ਦੀ ਐਗਜ਼ੈਕਟਿਵ ਕਮੇਟੀ ਦੀ 'ਵਿਸ਼ੇਸ਼ ਮੀਟਿੰਗ' ਵਿਚ ਸਿੱਖ ਕੌਮ ਦੀ ਨਿਆਰੀ ਹਸਤੀ ਦੇ ਪ੍ਰਤੀਕ ਇਸ ਕੈਲੰਡਰ ਨੂੰ 'ਸੋਧ ਦੇਣ' ਦਾ ਮਸਲਾ ਉਠਿਆ ਤਾਂ ਪੂਰੀ ਦੀ ਪੂਰੀ ਐਗਜ਼ੈਕਟਿਵ ਨੇ ਆਖਿਆ ਕਿ ਇਹ ਪੂਰੀ ਕੌਮ ਦਾ ਮਸਲਾ ਹੈ। ਬੜੀ ਘਾਲਣਾ ਘਾਲ ਕੇ ਤਿਆਰ ਕੀਤੇ ਗਏ ਇਸ ਦੇਸ਼-ਵਿਦੇਸ਼ ਵਿਚ ਪ੍ਰਵਾਨਤ ਹੋ ਚੁੱਕੇ ਇਸ ਕੈਲੰਡਰ ਨਾਲ ਛੇੜਛਾੜ ਕਰਨੀ ਮਹਾਂਪਾਪ ਹੈ। ਜਥੇਦਾਰ ਸਰਨਾ ਅਨੁਸਾਰ ਜਦੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਸਾਰੀ 'ਖੇਡ' ਵਿਗੜਦੀ ਦੇਖੀ ਤਾਂ ਉਨ੍ਹਾਂ ਐਗਜ਼ੈਕਟਿਵ ਮੈਂਬਰਾਂ ਦੇ ਚਿਹਰਿਆਂ ਵੱਲ ਮੁਸਕਰਾਹਟ ਬਿਖੇਰਦਿਆਂ ਖਚਰੀ ਭਾਸ਼ਾ ਵਿਚ ਆਖਿਆ, "ਦੇਖ ਲਵੋ, ਪ੍ਰਧਾਨ ਸਾਹਿਬ ਦਾ ਹੁਕਮ ਹੈ!"

'ਪ੍ਰਧਾਨ ਸਾਹਿਬ' ਲਫ਼ਜ਼ ਸੁਣਦਿਆਂ ਹੀ 'ਸਿੰਘ ਬੁਕੇ ਮ੍ਰਿਗਾਵਲੀ ਭੰਨੀ ਜਾਏ ਨਾ ਧੀਰ ਧਰੋਆ' ਵਾਲੀ ਗੱਲ ਹੋ ਗਈ। ਸਿਰਫ਼ ਤਿੰਨ ਮੈਂਬਰਾਂ ਨੇ ਵਿਰੋਧ ਪ੍ਰਗਟਾਇਆ, ਬਾਕੀ ਸਾਰੇ ਉੱਧੀਆਂ ਪਾ ਗਏ। ਉਸ ਵੇਲੇ ਪਾਈਆਂ ਗਈਆਂ ਊਂਧੀਆਂ ਸਦਕਾ ਪੂਰੀ ਕੌਮ ਵਿਚ ਹੋਰ ਵੰਡੀਆਂ ਪੈ ਗਈਆਂ!

ਆਪਣੇ ਵਿਸ਼ੇ ਵੱਲ ਆਉਣ ਤੋਂ ਪਹਿਲਾਂ ਇਕ ਵੇਰਵਾ ਹੋਰ। ਜਿਸ ਦਿਨ ਮਨਪ੍ਰੀਤ ਸਿੰਘ ਬਾਦਲ ਨੇ 'ਤਾਇਆ ਦਲ' ਨੂੰ ਅਲਵਿਦਾ ਆਖੀ, ਉਸ ਦਿਨ ਬਾਗ਼ੋ-ਬਾਗ਼ ਹੋ ਰਹੇ ਇਕ ਟਕਸਾਲੀ ਅਕਾਲੀ ਆਗੂ ਨਾਲ ਗੱਲਬਾਤ ਹੋਈ। ਅਕਾਲੀ ਦਲ ਵਿਚ ਪੰਥਪ੍ਰਸਤੀ ਦੀ ਥਾਂ ਟੱਬਰਪ੍ਰਸਤੀ ਤੋਂ ਵਾਲ-ਵਾਲ ਦੁਖੀ ਦਿਸਦੇ ਆਗੂ ਨੂੰ ਮੈਂ ਮਨਪ੍ਰੀਤ-ਅਲਹਿਦਗੀ ਤੋਂ ਬਹੁਤਾ ਖ਼ੁਸ਼ ਨਾ ਹੋਣ ਦੀ ਸਲਾਹ ਦਿੱਤੀ। ਉਹ ਅੱਗਿਉਂ ਮੈਨੂੰ ਸਮਝਾਉਣ ਲੱਗ ਪਿਆ, "ਬਾਦਸ਼ਾਹੋ, ਮਨਪ੍ਰੀਤ ਤਾਂ ਫਿਰ ਵੀ ਥੰਮ੍ਹ ਹੈ। ਬਾਦਲ ਦਲ ਵਿਚੋਂ ਤਾਂ ਕੋਈ ਮੱਖੀ ਵੀ ਉਡ ਕੇ ਆਜ਼ਾਦ ਹੋ ਜਾਏ ਤਾਂ ਮੇਰੇ ਵਰਗਿਆਂ ਨੂੰ ਅਥਾਹ ਸਕੂਨ ਮਿਲਦਾ ਹੈ। ਅਸੀਂ ਤਾਂ ਉਹ ਸੁਭਾਗਾ ਸਮਾਂ ਉਡੀਕਦੇ ਹਾਂ ਕਿ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸਥਾਪਤ ਹੋਏ ਅਕਾਲੀ ਦਲ ਵਿਚ ਕਦੋਂ ਪੰਥਕ ਹਵਾਵਾਂ ਸ਼ੂਕਦੀਆਂ ਹੋਈਆਂ ਟੱਬਰਪ੍ਰਸਤੀ ਦਾ ਬਿਸਤਰਾ ਗੋਲ ਕਰਦੀਆਂ ਹਨ। ਕਦੇ ਨਾ ਕਦੇ 'ਟਿਕਟੂ ਸਿੱਖਾਂ' ਦੀ ਆਤਮਾ ਜਾਗੇਗੀ, ਕਦੇ ਤਾਂ ਉਹ ਇਕ ਟੱਬਰ ਦੀ 'ਜੀ ਹਜ਼ੂਰੀ' ਤੋਂ ਕਿਨਾਰਾ ਕਰ ਕੇ ਕੌਮੀ ਹਿਤਾਂ ਵੱਲ ਮੂੰਹ ਕਰ ਹੀ ਲੈਣਗੇ!"

ਖ਼ੁਦ ਬਾਦਲ ਦਲ ਵਿਚ ਹੀ ਘੇਸਲ ਮਾਰੀ ਬੈਠਾ ਇਹ ਅਕਾਲੀ ਆਗੂ ਆਸ ਲਾਈ ਬੈਠਾ ਹੈ ਕਿ ਇਸ ਦਲ ਦੀ ਸੰਭਾਵੀ ਟੁੱਟ-ਭੱਜ ਤੋਂ ਬਾਅਦ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਕਮੇਟੀ ਆਜ਼ਾਦ ਫ਼ਿਜ਼ਾਵਾਂ ਵਿਚ ਕੌਮੀ ਫ਼ੈਸਲੇ ਲੈਣ ਦੇ ਸਮਰੱਥ ਹੋ ਸਕਣਗੇ।

ਆਉ ਹੁਣ ਹਥਲੇ ਲੇਖ ਕੇ ਅਰੰਭਕ ਪਹਿਰੇ ਵਾਲੇ ਠੰਢ ਵਿਚ ਬੈਠੇ ਸਿੱਖਾਂ ਦੇ ਦਰਦਾਂ ਦਾ ਹਾਲ ਲਈਏ। ਅਖ਼ਬਾਰ ਰੋਜ਼ਾਨਾ 'ਸਪੋਕਸਮੈਨ' ਦੇ ਨੌਂ ਜਨਵਰੀ ਵਾਲੇ ਅੰਕ ਦੇ ਸਫ਼ਾ 7 ਉਪਰ ਛਪੀ ਫ਼ੋਟੋ ਅਤੇ ਖ਼ਬਰ ਅਨੁਸਾਰ ਪੰਜਾਬ ਦੇ ਮਾਨਸਾ ਇਲਾਕੇ ਵਿਚਲੇ ਭੀਖੀ ਕਸਬੇ ਲਾਗੇ ਦੇ ਪਿੰਡ ਹੀਰੋ ਕਲਾਂ ਦੇ ਇਹ ਬਾਦਲ ਦਲੀਏ ਅਕਾਲੀ ਆਪਣੀ ਹੀ ਪਾਰਟੀ ਦੀ ਸਰਕਾਰ ਤੋਂ ਪੂਰੀ ਤਰ੍ਹਾਂ ਖ਼ਫ਼ਾ ਹੋਏ ਬੈਠੇ ਹਨ। ਇਨ੍ਹਾਂ ਦੇ ਰੋਸੇ ਦਾ ਕਾਰਨ ਪਿੰਡ ਦੀਆਂ ਗਲੀਆਂ ਨਾਲੀਆਂ ਲਈ ਕਿਸੇ ਸਰਕਾਰੀ ਗਰਾਂਟ ਦਾ ਨਾ ਮਿਲਣਾ ਨਹੀਂ ਅਤੇ ਨਾ ਹੀ ਇਨ੍ਹਾਂ ਨੂੰ ਪਾਰਟੀ ਵੱਲੋਂ ਕਿਸੇ ਅਹੁਦੇ ਦੀ ਪ੍ਰਾਪਤੀ ਨਾ ਹੋਣ ਦਾ ਝੋਰਾ ਹੈ। ਇਨ੍ਹਾਂ ਨੂੰ ਇਸ ਗੱਲ ਦਾ ਭਾਰੀ ਦੁੱਖ ਹੋਇਆ ਹੈ ਕਿ ਬੀਤੇ ਦਿਨੀਂ ਭੀਖੀ ਵਿਖੇ ਗੁਰਮਤਿ ਪ੍ਰਚਾਰ ਕਰ ਰਹੇ ਸਿੱਖ ਪ੍ਰਚਾਰਕ ਬਾਬਾ ਬਲਜੀਤ ਸਿੰਘ ਦਾਦੂਵਾਲ ਨੂੰ ਪੰਥਕ ਸਰਕਾਰ ਨੇ ਗ੍ਰਿਫ਼ਤਾਰ ਕਿਉਂ ਕੀਤਾ?

ਹੀਰੋ ਕਲਾਂ ਪਿੰਡ ਦੇ ਇਨ੍ਹਾਂ ਬਾਦਲ ਦਲੀਏ ਸਿੱਖਾਂ ਨੇ ਪੁੱਛਿਆ ਹੈ ਕਿ ਇਹ ਕੈਸੀ ਅਕਾਲੀ ਸਰਕਾਰ ਹੈ ਜੋ ਸੌਦਾ ਸਾਧ ਦੇ ਕੂੜ ਸਮਾਗਮਾਂ ਨੂੰ ਤਾਂ ਬੇਰੋਕ-ਟੋਕ ਹੋਣ ਦੇ ਰਹੀ ਹੈ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਹੋ ਰਹੇ ਸਿੱਖ ਸਮਾਗਮਾਂ ਦੇ ਬਿਜਲੀ ਕੁਨੈਕਸ਼ਨ ਕੱਟ ਕੇ ਨੰਗੀ-ਚਿੱਟੀ ਧੱਕੇਸ਼ਾਹੀ ਕਰ ਰਹੀ ਹੈ। ਇਥੇ ਹੀ ਬਸ ਨਹੀਂ, ਸਿੱਖ ਸ਼ਰਧਾਲੂਆਂ ਉਪਰ ਡਾਂਗਾਂ ਵਰ੍ਹਾਉਣ, ਅੱਥਰੂ ਗੈਸ ਦੇ ਗੋਲੇ ਛੱਡਣ ਅਤੇ ਪਾਣੀ ਦੀਆਂ ਬੁਛਾੜਾਂ ਸੁੱਟਣ ਦੇ ਜ਼ੁਲਮ ਕਰਵਾ ਰਹੀ ਹੈ। ਸਿੱਖ-ਵਿਰੋਧੀ ਤਾਕਤਾਂ ਦੀ ਪੁਸ਼ਤਪਨਾਹੀ ਕਰਨ ਦੇ ਬਾਵਜੂਦ ਬਾਦਲ ਦਲ, ਸ਼੍ਰੋਮਣੀ ਕਮੇਟੀ ਨੂੰ ਆਪਣੀ ਜੇਬ ਵਿਚ ਪਾਈ ਰੱਖਣਾ ਚਾਹੁੰਦਾ ਹੈ। ਇਹ ਸਾਰਾ ਕੁਝ ਦੇਖ ਕੇ ਇਸ ਪਿੰਡ ਦੇ ਬਾਦਲ ਦਲੀਆਂ ਨੇ ਫ਼ੈਸਲਾ ਕੀਤਾ ਹੈ ਕਿ ਉਨ੍ਹਾਂ ਨੂੰ ਧਰਮ ਪਿਆਰਾ ਹੈ, ਨਾ ਕਿ ਧੜਾ। ਉਨ੍ਹਾਂ ਸਾਰਿਆਂ ਨੇ ਇਕੱਠੇ ਹੋ ਕੇ ਬਾਦਲ ਦਲ ਦੇ ਮੁਕੰਮਲ ਬਾਈਕਾਟ ਦਾ ਐਲਾਨ ਕਰ ਦਿੱਤਾ ਹੈ।

ਯੂਨਾਨੀ ਫਿਲਾਸਫਰ ਸੁਕਰਾਤ ਕਹਿੰਦਾ ਹੈ ਕਿ ਆਮ ਮਨੁੱਖ ਰਾਜਸੀ ਜਾਂ ਸਿਆਸੀ ਧੱਕੇਸ਼ਾਹੀਆਂ ਔਖਾ-ਸੌਖਾ ਸਹਿ ਲੈਂਦਾ ਹੈ ਪਰ ਉਹ ਆਪਣੇ ਧਰਮ 'ਤੇ ਹਮਲਾ ਬਰਦਾਸ਼ਤ ਨਹੀਂ ਕਰ ਸਕਦਾ। ਇਸ ਕਥਨ ਦੀ ਰੌਸ਼ਨੀ ਵਿਚ ਪਿੰਡ ਹੀਰੋ ਕਲਾਂ ਦੇ ਬਾਦਲ ਦਲੀਏ ਅਕਾਲੀਆਂ ਵੱਲੋਂ ਲਏ ਗਏ ਦ੍ਰਿੜ੍ਹਤਾ ਭਰੇ ਫ਼ੈਸਲਿਆਂ ਕਾਰਨ ਇਨ੍ਹਾਂ ਜਾਗਦੀ ਜ਼ਮੀਰ ਵਾਲੇ ਸਿੱਖਾਂ ਨੂੰ ਕੌਮ ਦੇ ਹੀਰੇ ਮੰਨਿਆ ਜਾਣਾ ਚਾਹੀਦਾ ਹੈ!

# ਕਿਸ ਪਾਸੇ ਮੁੜ ਰਹੇ ਨੇ ਪੰਜਾਬ ਦੇ ਮੁਹਾਣ?

**ਜਤਿੰਦਰ ਪਨੂੰ**

'ਹਿਸਟਰੀ ਰਿਪੀਟਸ ਇਟਸੈਲਫ਼' ਦੀ ਗੱਲ ਕਰਨ ਵਾਲੇ ਜਦੋਂ ਇਹ ਕਹਿੰਦੇ ਹਨ ਕਿ ਇਤਿਹਾਸ ਆਪਣੇ ਆਪ ਨੂੰ ਦੁਹਰਾਉਂਦਾ ਹੈ ਤਾਂ ਇਹ ਵੀ ਕਹਿ ਦਿੰਦੇ ਹਨ ਕਿ ਇਹ ਆਪਣੇ ਆਪ ਨੂੰ ਇਨ-ਬਿੰਨ ਨਹੀਂ ਦੁਹਰਾਉਂਦਾ। ਸਾਡੇ ਸਮਿਆਂ ਦੇ ਪੰਜਾਬ ਦਾ ਤਜਰਬਾ ਇਸ ਤਰ੍ਹਾਂ ਦਾ ਹੈ ਕਿ ਇਤਿਹਾਸ ਆਪਣੇ ਆਪ ਨੂੰ ਦੁਹਰਾਉਂਦਾ ਹੀ ਨਹੀਂ, ਇਨ-ਬਿੰਨ ਦੁਹਰਾਉਂਦਾ ਨਜ਼ਰ ਆ ਰਿਹਾ ਹੈ।

ਨਵੇਂ ਸਾਲ ਮੌਕੇ ਭੀਖੀ ਵਿਚ ਲੱਗੇ ਕਰਫ਼ਿਊ ਨੇ ਇਕ ਵਾਰ ਫਿਰ ਸਮੁੱਚਾ ਪੰਜਾਬ ਹਲੂਣ ਦਿੱਤਾ ਹੈ। ਪੰਜਾਬ ਦੀ ਮੌਜੂਦਾ ਸਰਕਾਰ ਦੇ ਦੌਰ ਵਿਚ ਇਹ ਪਹਿਲਾ ਕਰਫ਼ਿਊ ਨਹੀਂ। ਜਿਹੋ ਜਿਹੇ ਹਾਲਾਤ ਬਣ ਰਹੇ ਹਨ ਜਾਂ ਬਣਾਏ ਜਾ ਰਹੇ ਹਨ, ਉਨ੍ਹਾਂ ਨੂੰ ਵੇਖਦਿਆਂ ਇਹ ਇਸ ਸਰਕਾਰ ਦੀ ਛਤਰ-ਛਾਇਆ ਹੇਠ ਲੱਗਣ ਵਾਲਾ ਆਖ਼ਰੀ ਕਰਫ਼ਿਊ ਵੀ ਨਹੀਂ ਜਾਪਦਾ। ਚੰਡੀਗੜ੍ਹ ਵਿਚ ਬੈਠ ਕੇ ਰਾਜ ਕਰਨ ਵਾਲਿਆਂ ਨੂੰ ਕਰਫ਼ਿਊ ਦੀ ਉਸ ਗੰਭੀਰਤਾ ਦਾ ਪਤਾ ਨਹੀਂ ਲੱਗ ਸਕਦਾ, ਜਿਹੜੀ ਕਰਫ਼ਿਊ ਹੇਠਲੇ ਇਲਾਕੇ ਵਿਚਲੇ ਡੰਗੋ-ਡੰਗ ਕਮਾ ਕੇ ਖਾਣ ਵਾਲੇ ਆਮ ਆਦਮੀ ਹੰਢਾ ਰਹੇ ਹੁੰਦੇ ਹਨ। ਬੰਦਿਆਂ ਦੀ ਗੱਲ ਤਾਂ ਕਿਧਰੇ ਰਹੀ, ਕਰਫ਼ਿਊ ਹੇਠਲੇ ਇਲਾਕੇ ਦੇ ਜਾਨਵਰ ਵੀ ਇਸ ਨੂੰ ਭੁਗਤਦੇ ਹਨ ਕਿਉਂਕਿ ਉਨ੍ਹਾਂ ਲਈ ਚਾਰਾ ਆਦਿ ਲਿਆਉਣ ਲਈ ਕੋਈ ਬਾਹਰ ਨਹੀਂ ਨਿਕਲ ਸਕਦਾ। ਵਿਚਾਰੇ ਆਮ ਆਦਮੀ ਨੂੰ ਤਾਂ ਇਹ ਵੀ ਸਮਝ ਨਹੀਂ ਪੈਂਦੀ ਕਿ ਲੜਾਈ ਕਿਸ ਦੀ ਕਿਸ ਨਾਲ, ਕਿਹੜੀ ਗੱਲ ਤੋਂ ਹੋ ਰਹੀ ਹੈ?

ਮਾਨਸਾ ਜ਼ਿਲੇ ਦੇ ਭੀਖੀ ਕਸਬੇ ਵਿਚ ਕਰਫ਼ਿਊ ਦੀ ਨੌਬਤ ਇਸ ਲਈ ਆਈ ਕਿ ਸੰਤ ਬਲਜੀਤ ਸਿੰਘ ਨੂੰ ਉਥੇ ਕਥਾ ਕਰਨ ਦਾ ਸੱਦਾ ਦਿੱਤਾ ਗਿਆ ਸੀ। ਸੰਤ ਬਲਜੀਤ ਸਿੰਘ ਦੀ ਬੋਲ-ਬਾਣੀ ਤੋਂ ਡੇਰਾ ਸੱਚਾ ਸੌਦਾ ਵਾਲੇ ਚਿੜਦੇ ਸਨ। ਉਨ੍ਹਾਂ ਦੇ ਚਿੜਨ ਦਾ ਕਾਰਨ ਚਾਰ ਸਾਲ ਪਹਿਲਾਂ ਦੀਆਂ ਘਟਨਾਵਾਂ ਹੀ ਨਹੀਂ, ਪਿਛਲੇ ਕਈ ਸਾਲਾਂ ਦਾ ਆਪਸੀ ਵਿਰੋਧ ਵੀ ਸੀ। ਕਹਿਣ ਨੂੰ ਵਿਰੋਧ ਧਾਰਮਿਕ ਮੁੱਦਿਆਂ ਬਾਰੇ ਸੀ ਪਰ ਇਹ ਧਾਰਮਿਕ ਮੁੱਦੇ ਪਹਿਲਾਂ ਕਦੇ ਨਹੀਂ ਸਨ ਝਗੜੇ ਦਾ ਕਾਰਨ ਬਣੇ। ਇਕ ਖ਼ਾਸ ਮੋੜ ਤਕ ਉਸ ਡੇਰੇ ਦੇ ਪੈਰੋਕਾਰਾਂ ਦੀਆਂ ਵੋਟਾਂ ਸ਼੍ਰੋਮਣੀ ਕਮੇਟੀ ਲਈ ਵੀ ਬਣਦੀਆਂ ਤੇ ਪੈਂਦੀਆਂ ਰਹੀਆਂ ਸਨ ਅਤੇ ਅਕਾਲੀ ਲੀਡਰ ਉਨ੍ਹਾਂ ਦੀਆਂ ਇਹ ਵੋਟਾਂ ਭੁਗਤਾਉਣ ਲਈ ਆਪ ਉਨ੍ਹਾਂ ਨੂੰ ਘਰੋਂ ਲੈਣ ਜਾਂਦੇ ਹੁੰਦੇ ਸਨ। ਜਿਹੜੇ ਲੋਕ ਉਨ੍ਹਾਂ ਦੀਆਂ ਵੋਟਾਂ ਲੈ ਕੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਚੁਣੇ ਜਾਂਦੇ ਰਹੇ, ਉਨ੍ਹਾਂ ਵਿਚੋਂ ਇਕ ਜਣਾ ਸਿੱਖਾਂ ਦੇ ਇਕ ਤਖ਼ਤ ਸਾਹਿਬ ਦਾ ਜਥੇਦਾਰ ਵੀ ਬਣ ਗਿਆ ਸੁਣੀਂਦਾ ਹੈ। ਵਿਗਾੜ ਉਦੋਂ ਪਿਆ ਜਦੋਂ 2007 ਦੀਆਂ ਵਿਧਾਨ ਸਭਾ ਚੋਣਾਂ ਵਿਚ ਉਸ ਡੇਰੇ ਦੀਆਂ ਵੋਟਾਂ ਸਿਰਫ਼ ਇਕ ਧਿਰ ਪਿੱਛੇ ਭੁਗਤੀਆਂ ਤੇ ਦੂਜੀ ਧਿਰ ਵਾਲਿਆਂ ਦੀ ਸਿਰਸਾ ਵਿਚ ਜਾ ਕੇ ਚੌਂਕੀ ਭਰੀ ਦਾ ਵੀ ਮੁੱਲ ਨਹੀਂ ਸੀ ਪਿਆ। ਚੋਣਾਂ ਪਿੱਛੋਂ ਕੁਝ ਮਹੀਨੇ ਮਗਰੋਂ ਹੀ ਜਦੋਂ ਮਾਮਲਾ ਵਿਗੜ ਗਿਆ ਤਾਂ ਰਾਜ ਦੀ ਸਰਕਾਰ ਨੇ ਜ਼ਿੰਮੇਵਾਰੀ ਨਿਭਾਉਣ ਦੀ ਥਾਂ ਪੁਰਾਣੀ ਰਾਜਸੀ ਕਿੜ ਕੱਢਣ ਦਾ ਮੌਕਾ ਮੰਨ ਕੇ ਪਹਿਲਾਂ ਡੇਢ ਦਿਨ ਸੱਚੇ ਸੌਦੇ ਵਾਲਿਆਂ ਨੂੰ ਧਮੱਚੜ ਪਾਉਣ ਦੀ ਖੁੱਲ੍ਹ ਦੇ ਦਿੱਤੀ ਤੇ ਪਿੱਛੋਂ ਇਸ ਤੋਂ ਤਿੰਨ ਗੁਣੇ ਦਿਨ ਉਨ੍ਹਾਂ ਦੇ ਵਿਰੋਧੀਆਂ ਲਈ 'ਗਲੀਆਂ ਹੋਵਣ ਸੁੰਨੀਆਂ ਤੇ ਵਿਚ ਮਿਰਜ਼ਾ ਯਾਰ ਫਿਰੇ' ਵਾਲੀ ਹਾਲਤ ਬਣਨ ਦਿੱਤੀ ਸੀ।

ਇਸ ਵਾਰੀ ਮਾਮਲਾ ਵਿਗੜ ਜਾਣ ਪਿੱਛੋਂ ਸੰਤ ਬਲਜੀਤ ਸਿੰਘ ਦਾਦੂਵਾਲ ਨੂੰ ਪਹਿਲਾਂ ਤਿੰਨ ਜਨਵਰੀ ਦੇ ਦਿਨ ਹਫੜਾ-ਦਫੜੀ ਵਿਚ ਫੜ ਕੇ ਫ਼ਿਰੋਜ਼ਪੁਰ ਦੀ ਜੇਲ੍ਹ ਭੇਜਿਆ ਗਿਆ। ਅੱਧੀ ਰਾਤ ਨੂੰ ਇਕ ਸਿਵਲ ਅਧਿਕਾਰੀ ਤੋਂ ਉਸ ਦੀ ਰਿਹਾਈ ਦਾ ਪਰਵਾਨਾ ਕਟਵਾ ਕੇ ਤਾਰੀਖ਼ ਬਦਲਣ ਵੇਲੇ ਜੇਲ੍ਹ ਦਾ ਦਰਵਾਜ਼ਾ ਖੁਲ੍ਹਵਾਇਆ ਅਤੇ ਬਾਬਾ ਬਲਜੀਤ ਸਿੰਘ ਨੂੰ ਬਾਹਰ ਕੱਢ ਕੇ ਉਸ ਦੇ ਡੇਰੇ ਪੁਚਾਇਆ ਗਿਆ। ਜੇਲ੍ਹਾਂ ਵਿਚੋਂ ਇਸ ਤਰ੍ਹਾਂ ਦੀਆਂ ਰਿਹਾਈਆਂ ਅੱਧੀ ਰਾਤ ਨੂੰ ਅੰਗਰੇਜ਼ਾਂ ਵੇਲੇ ਹੁੰਦੀਆਂ ਸੁਣੀਆਂ ਸਨ, ਹੁਣ ਜਦੋਂ ਹੋਈਆਂ ਹਨ ਤਾਂ ਰਿਹਾਅ ਕੀਤਾ ਬਾਬਾ ਬਲਜੀਤ ਸਿੰਘ ਹੀ 'ਸਰਕਾਰ ਡਰ ਗਈ' ਆਖ ਕੇ ਚਿੜਾ ਰਿਹਾ ਹੈ। ਇਸ ਪਿੱਛੇ ਜਿਹੜੀ ਚਾਲ ਸੀ, ਉਸ ਦਾ ਖੁਲਾਸਾ ਸ਼ਾਇਦ ਕੋਈ ਵੀ ਨਹੀਂ ਕਰ ਸਕਦਾ ਤੇ ਜਿਹੜੇ ਕਰ ਸਕਦੇ ਹਨ, ਉਹ ਕਦੇ ਕਰਨਗੇ ਨਹੀਂ ਪਰ ਹੋਰ ਕਈ ਕੁਝ ਵੇਖਣ ਨਾਲ ਕੁਝ-ਕੁਝ ਸਮਝ ਆ ਸਕਦੀ ਹੈ। ਆਓ, ਜ਼ਰਾ ਤੀਹ-ਪੈਂਤੀ ਸਾਲ ਪੁਰਾਣੇ ਦਿਨ ਯਾਦ ਕਰੀਏ।

ਉਦੋਂ ਇਕ ਸੰਪਰਦਾਇ ਸਾਹਮਣੇ ਸੀ ਨਿਰੰਕਾਰੀ ਮਿਸ਼ਨ ਵਾਲਿਆਂ ਦੀ ਜਿਸ ਦਾ ਕੁਝ ਸਿੱਖ ਸੰਪਰਦਾਵਾਂ, ਖ਼ਾਸ ਕਰਕੇ ਦਮਦਮੀ ਟਕਸਾਲ ਮਹਿਤਾ ਚੌਕ ਨਾਲ ਧਰਮ ਪ੍ਰਚਾਰ ਦੇ ਨੁਕਤਿਆਂ ਤੋਂ ਤੁਰਿਆ ਵਿਰੋਧ ਤਿੱਖਾ ਹੁੰਦਾ ਗਿਆ ਸੀ। ਹੁਣ ਇਕ ਸੰਸਥਾ ਹੈ ਡੇਰਾ ਸੱਚਾ ਸੌਦਾ ਵਾਲੇ ਦੀ; ਜਿਸ ਨਾਲ ਧਾਰਮਿਕ ਨੁਕਤਿਆਂ ਤੋਂ ਵਧਦਾ ਗਿਆ ਵਿਰੋਧ ਕੁਝ ਸਿੱਖ ਸੰਸਥਾਵਾਂ, ਖ਼ਾਸ ਕਰਕੇ ਬਾਬਾ ਬਲਜੀਤ ਸਿੰਘ ਦਾਦੂਵਾਲ ਦੇ ਡੇਰੇ ਨਾਲ ਸਿੱਧੇ ਟਕਰਾਓ ਦਾ ਰੂਪ ਧਾਰਨ ਕਰਦਾ ਜਾ ਰਿਹਾ ਹੈ। ਜਿਵੇਂ ਉਦੋਂ ਵਾਲੇ ਟਕਰਾਓ ਦੇ ਮੁੱਢ ਵਿਚ ਨਿਰੰਕਾਰੀ ਆਪਣੀ ਸਵੈ-ਰੱਖਿਆ ਦੇ ਨਾਂ ਉਤੇ ਪੂਰਾ ਬੰਦੋਬਸਤ ਕਰੀ ਰੱਖਦੇ ਸਨ, ਉਵੇਂ ਹੀ ਹੁਣ ਸੱਚਾ ਸੌਦਾ ਵਾਲੇ ਲਾਓ-ਲਸ਼ਕਰ ਲਈ ਫਿਰਦੇ ਹਨ। ਸਰਕਾਰੀ ਸੁਰੱਖਿਆ ਉਦੋਂ ਨਿਰੰਕਾਰੀ ਸੰਸਥਾ ਵਾਲਿਆਂ ਨੂੰ ਮਿਲੀ ਹੁੰਦੀ ਸੀ, ਹੁਣ ਸੱਚਾ ਸੌਦਾ ਵਾਲਿਆਂ ਨੂੰ ਮਿਲੀ ਹੋਈ ਹੈ। ਟਕਰਾਓ ਛੋਟੇ ਪੱਧਰ ਤੋਂ ਸ਼ੁਰੂ ਹੋ ਕੇ ਵੱਡਾ ਰੂਪ ਉਦੋਂ ਵੀ ਧਾਰ ਗਿਆ ਸੀ, ਹੁਣ ਵੀ ਧਾਰਦਾ ਜਾ ਰਿਹਾ ਹੈ।

ਪਿਛਲੀ ਵਾਰੀ ਦੂਜਾ ਪੜਾਅ ਉਦੋਂ ਆਇਆ ਸੀ, ਜਦੋਂ ਵਧਦੇ ਜਾਂਦੇ ਟਕਰਾਓ ਦੌਰਾਨ ਇਕ ਮੌਕੇ ਅਕਾਲ ਤਖ਼ਤ ਸਾਹਿਬ ਤੋਂ ਪੰਜ ਸਿੰਘ ਸਾਹਿਬਾਨ ਨੇ ਨਿਰੰਕਾਰੀਆਂ ਨਾਲ ਰੋਟੀ-ਬੇਟੀ ਦੀ ਸਾਂਝ ਨਾ ਰੱਖਣ ਦਾ ਹੁਕਮਨਾਮਾ ਜਾਰੀ ਕੀਤਾ ਸੀ। ਉਸ ਤੋਂ ਸਵਾ ਸਾਲ ਪਹਿਲਾਂ 1977 ਵਿਚ ਜਿਹੜੇ ਅਕਾਲੀ ਲੀਡਰਾਂ ਨੇ ਨਿਰੰਕਾਰੀ ਸੰਸਥਾ ਦੇ ਮੁਖੀ ਨੂੰ ਵੋਟਾਂ ਦੀ ਅਪੀਲ ਕਰਨ ਲਈ 'ਸ੍ਰੀ ਸਤਿਗੁਰੂ ਜੀ' ਦੇ ਸੰਬੋਧਨ ਵਾਲੀਆਂ ਲਿਖਤੀ ਚਿੱਠੀਆਂ ਭੇਜੀਆਂ ਸਨ, ਉਦੋਂ ਉਹ ਰਾਤੋ-ਰਾਤ ਨਵੇਂ ਆਏ ਹੁਕਮਨਾਮੇ ਦੇ ਹੱਕ ਵਿਚ ਖੜ੍ਹੇ ਹੋ ਗਏ ਸਨ। ਇਹ ਕਿਸੇ ਬਾਹਰਲੇ ਨੇ ਨਹੀਂ ਸੀ ਕੀਤਾ, ਅਕਾਲੀ ਦਲ ਦੀ ਅੰਦਰੂਨੀ ਸਿਆਸਤ ਦਾ ਕ੍ਰਿਸ਼ਮਾ ਸੀ। ਜਿਨ੍ਹਾਂ ਆਗੂਆਂ ਨੂੰ ਉਸ ਮੌਕੇ ਕੋਈ ਸੇਧ ਦੇਣ ਲਈ ਅੱਗੇ ਆਉਣਾ ਚਾਹੀਦਾ ਸੀ, ਉਹ ਗਿਣਤੀਆਂ-ਮਿਣਤੀਆਂ ਵਿਚ ਪਏ ਰਹੇ ਤੇ ਉਨ੍ਹਾਂ ਨਾਲ ਕਿੜ ਰੱਖਣ ਵਾਲੇ ਭਾਰੂ ਹੁੰਦੇ ਗਏ। ਹੁਣ ਵੀ ਲਗਪਗ ਇਹੋ ਕੁਝ ਹੋ ਰਿਹਾ ਹੈ। ਚਾਰ ਸਾਲ ਪਹਿਲਾਂ ਜਦੋਂ ਸੱਚੇ ਸੌਦੇ ਵਾਲੇ ਮਾਮਲੇ ਵਿਚ ਕੋਈ ਸੂਝ ਦਾ ਕਦਮ ਚੁੱਕਣ ਦੀ ਲੋੜ ਸੀ, ਉਦੋਂ ਫਿਰ ਉਹੋ ਅਕਾਲੀ ਆਗੂ ਰਾਜਸੀ ਗਿਣਤੀਆਂ-ਮਿਣਤੀਆਂ ਵਿਚ ਰੁੱਝ ਗਿਆ ਜਿਹੜਾ 1978 ਵਿਚ ਇਕ ਵਾਰ ਇਹੋ ਗ਼ਲਤੀ ਕਰ ਚੁੱਕਾ ਸੀ। ਨਤੀਜੇ ਵਜੋਂ ਇਕ ਵਾਰੀ ਫਿਰ ਇਕ ਹੁਕਮਨਾਮਾ ਜਾਰੀ ਹੋ ਗਿਆ। ਇਸ ਵਾਰੀ ਦਾ ਹੁਕਮਨਾਮਾ 1978 ਨਾਲੋਂ ਵੀ ਵੱਧ ਸਖ਼ਤ ਸੀ। ਉਹ ਹੁਕਮਨਾਮਾ ਸਿਰਫ਼ ਰੋਟੀ-ਬੇਟੀ ਦੀ ਸਾਂਝ ਨਾ ਰੱਖਣ ਤਕ ਸੀਮਤ ਸੀ, ਇਸ ਵਾਰੀ ਵਿਰੋਧੀ ਸੰਪਰਦਾ ਦੇ ਪੰਜਾਬ ਵਿਚਲੇ ਸਾਰੇ ਦੇ ਸਾਰੇ ਡੇਰੇ ਬੰਦ ਕਰਾ ਦੇਣ ਦਾ ਹੁਕਮ ਵੀ ਜਾਰੀ ਕਰ ਦਿੱਤਾ ਗਿਆ। ਇਕ ਧਰਮ-ਨਿਰਪੱਖ ਰਾਜ ਵਿਚ ਇਸ ਤਰ੍ਹਾਂ ਦੀ ਗੱਲ ਹੋ ਹੀ ਨਹੀਂ ਸਕਦੀ ਅਤੇ ਰਾਜ ਸਰਕਾਰ ਵਿਚ ਬੈਠੀ ਭਾਰਤੀ ਜਨਤਾ ਪਾਰਟੀ ਵਾਲਿਆਂ ਨੇ ਵੀ ਇੰਜ ਨਹੀਂ ਸੀ ਹੋਣ ਦੇਣਾ। ਹੁਣ ਹੁਕਮਨਾਮੇ ਉਤੇ ਅਮਲ ਹੋਵੇ ਜਾਂ ਨਾ ਹੋਵੇ, ਉਦੋਂ ਵਰਗਾ ਇਕ ਅਧਿਆਏ ਤਾਂ ਹੋਰ ਦੁਹਰਾਇਆ ਹੀ ਗਿਆ ਹੈ।

ਤੀਜਾ ਪੜਾਅ ਫਿਰ ਆ ਗਿਆ ਹੁਕਮਨਾਮੇ ਉਤੇ ਅਮਲ ਲਈ ਕੁਝ ਕਰਨ ਦਾ। ਉਦੋਂ ਹੁਕਮਨਾਮੇ ਉਤੇ ਅਮਲ ਕਰਾਉਣ ਦਾ ਝੰਡਾ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੇ ਚੁੱਕਿਆ ਸੀ, ਹੁਣ ਸੰਤ ਬਲਜੀਤ ਸਿੰਘ ਦਾਦੂਵਾਲ ਨੇ ਇਹ ਕੰਮ ਕਰਨ ਲਈ ਕਮਰ-ਕੱਸਾ ਕਰ ਲਿਆ ਹੈ। ਸੰਤ ਭਿੰਡਰਾਂਵਾਲੇ ਦਾ ਕਹਿਣਾ ਸੀ ਕਿ "ਅਸੀਂ ਕੋਈ ਗ਼ਲਤ ਕਦਮ ਨਹੀਂ ਚੁੱਕ ਰਹੇ, ਸਿਰਫ਼ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਕੀਤੇ ਗਏ ਹੁਕਮਨਾਮੇ ਦੀ ਪਾਲਣਾ ਕਰਨੀ ਅਤੇ ਕਰਾਉਣੀ ਚਾਹੁੰਦੇ ਹਾਂ।" ਸੰਤ ਬਲਜੀਤ ਸਿੰਘ ਦਾਦੂਵਾਲ ਵੀ ਇਹੋ ਕੁਝ ਕਹਿ ਰਿਹਾ ਹੈ। ਉਸ ਨੇ ਜੇਲ੍ਹ ਤੋਂ ਬਾਹਰ ਆ ਕੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਕਹਿ ਦਿੱਤਾ ਹੈ ਕਿ ਜਾਂ ਤਾਂ ਹੁਕਮਨਾਮਾ ਲਾਗੂ ਕਰਾਉਣ ਲਈ ਅੱਗੇ ਆਓ ਜਾਂ ਫਿਰ ਇਸ ਨੂੰ ਵਾਪਸ ਲੈ ਲਓ। ਉਦੋਂ ਸੰਤ ਭਿੰਡਰਾਂਵਾਲੇ ਵੱਲੋਂ ਅਕਾਲ ਤਖ਼ਤ ਦੇ ਜਥੇਦਾਰ ਦੀ ਹਸਤੀ ਨੂੰ ਚੁਣੌਤੀ ਦਿੰਦਿਆਂ ਅਕਾਲ ਤਖ਼ਤ ਦੇ ਹੁਕਮਨਾਮੇ ਦੇ ਹਵਾਲੇ ਦੇ ਕੇ ਇਹੋ ਜਿਹੀਆਂ ਗੱਲਾਂ ਕਹਿਣਾ ਆਮ ਗੱਲ ਹੁੰਦੀ ਸੀ। ਹੁਣ ਇਹੋ ਪੈਂਤੜਾ ਸੰਤ ਬਲਜੀਤ ਸਿੰਘ ਨੇ ਵਰਤਣਾ ਸ਼ੁਰੂ ਕਰ ਦਿੱਤਾ ਹੈ। ਸੰਤ ਭਿੰਡਰਾਂਵਾਲੇ ਦੀ ਗੱਲ ਵੀ ਆਮ ਕਰ ਕੇ ਅਕਾਲ ਤਖ਼ਤ ਦੇ ਜਥੇਦਾਰ ਅਣਗੌਲੀ ਕਰਨ ਵਿਚ ਭਲਾ ਸਮਝਣ ਲੱਗ ਪਏ ਸਨ, ਬਾਬਾ ਬਲਜੀਤ ਸਿੰਘ ਦੀਆਂ ਗੱਲਾਂ ਦਾ ਵੀ ਹੁੰਗਾਰਾ ਭਰਨਾ ਜਾਂ ਰੱਦ ਕਰਨਾ ਦੋਵੇਂ ਪੱਖਾਂ ਤੋਂ ਔਖਾ ਹੋਣ ਕਰ ਕੇ ਅਣਗੌਲਿਆਂ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਮਾਮਲੇ ਵਿਚ ਵੀ ਇਤਿਹਾਸ ਨੂੰ ਦੁਹਰਾਏ ਜਾਣ ਦੀ ਝਲਕ ਹੀ ਮਿਲਦੀ ਹੈ।



ਸੰਤ ਬਲਜੀਤ ਸਿੰਘ ਦਾਦੂਵਾਲ



ਗੁਰਮੀਤ ਰਾਮ ਰਹੀਮ ਸਿੰਘ

ਚੌਥੀ ਗੱਲ ਇਹ ਕਿ ਸੰਤ ਭਿੰਡਰਾਂਵਾਲੇ ਨੂੰ ਲਾਲਾ ਜਗਤ ਨਾਰਾਇਣ ਕਤਲ ਕੇਸ ਵਿਚ ਸਬੂਤਾਂ ਦੀ ਭਾਲ ਕਰਨ ਤੋਂ ਪਹਿਲਾਂ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਥੋੜ੍ਹੇ ਦਿਨਾਂ ਪਿੱਛੋਂ ਬਿਨਾਂ ਕੇਸ ਅੱਗੇ ਵਧਾਏ ਛੱਡਣਾ ਪਿਆ ਸੀ। ਹੁਣ ਤਿੰਨ ਜਨਵਰੀ ਨੂੰ ਸੰਤ ਬਲਜੀਤ ਸਿੰਘ ਨੂੰ ਵੀ ਉਵੇਂ ਹੀ ਬਿਨਾਂ ਕਿਸੇ ਯੋਗ ਆਧਾਰ ਜਾਂ ਯੋਗ ਤਿਆਰੀ ਤੋਂ ਸਖ਼ਤ ਧਾਰਾ ਲਾ ਕੇ ਫੜਿਆ ਅਤੇ ਜੇਲ੍ਹ ਵਿਚ ਪਹੁੰਚਾ ਦਿੱਤਾ ਗਿਆ। ਸੰਤ ਭਿੰਡਰਾਂਵਾਲੇ ਨੂੰ ਤਾਂ ਕੁਝ ਦਿਨਾਂ ਬਾਅਦ ਛੱਡਿਆ ਗਿਆ ਸੀ, ਸੰਤ ਬਲਜੀਤ ਸਿੰਘ ਨੂੰ ਇਕ ਰਾਤ ਵੀ ਕੱਟਣ ਤੋਂ ਪਹਿਲਾਂ ਛੱਡਣਾ ਅਤੇ ਅੱਧੀ ਰਾਤ ਨੂੰ ਉਸ ਦੀ ਰਿਹਾਈ ਦੇ ਹੁਕਮ ਜਾਰੀ ਕਰਵਾ ਕੇ ਤੜਕੇ ਦਾ ਤਾਰਾ ਚੜ੍ਹਨ ਤੋਂ ਪਹਿਲਾਂ ਉਸ ਦੇ ਡੇਰੇ ਵਿਚ ਪੁਚਾਉਣਾ ਪੈ ਗਿਆ। ਇਹ ਘਟਨਾ ਵੀ ਇਤਿਹਾਸ ਦਾ ਉਹੋ ਦੁਹਰਾਓ ਹੈ ਜਿਸ ਤੋਂ ਬਚਣ ਦੀ ਥਾਂ ਪੰਜਾਬ ਸਰਕਾਰ ਏਦਾਂ ਦਾ ਵਿਹਾਰ ਕਰਦੀ ਰਹੀ ਜਿਵੇਂ ਸਾਰਾ ਨਾਟਕ ਉਸ ਦੀਆਂ ਅਗਾਊਂ ਮਿਥੀਆਂ ਸੇਧਾਂ ਮੁਤਾਬਕ ਚੱਲ ਰਿਹਾ ਹੋਵੇ। ਉਂਜ ਇਹ ਗੱਲ ਵੀ ਯਾਦ ਰੱਖਣੀ ਚਾਹੀਦੀ ਹੈ ਕਿ ਜੇਲ੍ਹ ਵਿਚ ਨਾ ਸਹੀ, ਸੰਤ ਭਿੰਡਰਾਂਵਾਲੇ ਨੂੰ ਵੀ ਫ਼ਿਰੋਜ਼ਪੁਰ ਜ਼ਿਲੇ ਵਿਚ ਹੀ ਇਕ ਰੈਸਟ ਹਾਊਸ ਨੂੰ ਆਰਜ਼ੀ ਜੇਲ੍ਹ ਬਣਾ ਕੇ ਰੱਖਿਆ ਗਿਆ ਸੀ, ਸੰਤ ਦਾਦੂਵਾਲੀਏ ਨੂੰ ਵੀ ਉਸੇ ਫ਼ਿਰੋਜ਼ਪੁਰ ਵੱਲ ਹੀ ਭੇਜਿਆ ਗਿਆ, ਪਤਾ ਨਹੀਂ ਕਿਉਂ...? ਸ਼ਾਇਦ ਇਹ ਵੀ ਇਤਿਹਾਸ ਨੂੰ ਦੁਹਰਾਉਣ ਲਈ ਹੀ ਕੀਤਾ ਹੋਵੇ!

ਆਖ਼ਰੀ ਗੱਲ ਵੀ ਸ਼ਾਇਦ ਇਤਿਹਾਸ ਦਾ ਦੁਹਰਾਓ ਹੀ ਹੈ ਕਿ ਸੰਤ ਭਿੰਡਰਾਂਵਾਲੇ ਦਾ ਸਭ ਤੋਂ ਵੱਡਾ ਨੇੜੂ ਉਦੋਂ ਦੀ ਦਿੱਲੀ ਦੀ ਸਿੱਖ ਸਿਆਸਤ ਦਾ ਇਕ ਮਹਾਂਰਥੀ ਹੁੰਦਾ ਸੀ। ਉਹ ਦਿੱਲੀ ਵਿਚ ਬੀਬੀ ਇੰਦਰਾ ਗਾਂਧੀ ਨੂੰ ਮਿਲ ਕੇ ਪੰਜਾਬ ਨੂੰ ਆਉਂਦਾ ਸੀ ਅਤੇ ਵਾਪਸ ਜਾ ਕੇ ਫਿਰ ਮਿਲ ਲੈਂਦਾ ਹੁੰਦਾ ਸੀ। ਹੁਣ ਸੰਤ ਦਾਦੂਵਾਲ ਦੇ ਮਗਰ ਵੀ ਦਿੱਲੀ ਦੀ ਸਿੱਖ ਸਿਆਸਤ ਦਾ ਕੋਈ ਮਹਾਂਰਥੀ ਮੁੜ-ਮੁੜ ਗੇੜੇ ਲਾਈ ਜਾਂਦਾ ਹੈ। ਇਸ ਮਹਾਂਰਥੀ ਦਾ ਬੀਬੀ ਸੋਨੀਆ ਗਾਂਧੀ ਨਾਲ ਮਿਲਣਾ ਵੀ ਓਨਾ ਹੀ ਆਮ ਹੈ ਜਿੰਨਾ ਉਦੋਂ ਵਾਲੇ ਮਹਾਂਰਥੀ ਦਾ ਬੀਬੀ ਇੰਦਰਾ ਗਾਂਧੀ ਨੂੰ ਮਿਲਣਾ ਆਮ ਹੁੰਦਾ ਸੀ। ਇਸ ਪੱਖ ਤੋਂ ਵੀ ਇਕ ਦੁਹਰਾਓ ਦੀ ਝਲਕ ਸੌਖੀ ਹੀ ਲੱਭ ਜਾਂਦੀ ਹੈ, ਪਤਾ ਨਹੀਂ ਕਿਉਂ?

ਹਾਲੇ ਹਾਲਾਤ ਦੇ ਇਸ ਵਹਿਣ ਨੇ ਬਾਹਲਾ ਪੈਂਡਾ ਨਹੀਂ ਕੀਤਾ ਪਰ ਜਿੰਨਾ ਕੀਤਾ ਹੈ, ਉਹ ਸੁਖਾਵੇਂ ਭਵਿੱਖ ਦੇ ਸੰਕੇਤ ਨਹੀਂ ਦਿੰਦਾ। ਅੱਗੇ ਕੋਈ ਤਿੱਖਾ ਕੂਹਣੀ ਮੋੜ ਵੀ ਆ ਸਕਦਾ ਹੈ। ਇਤਿਹਾਸ ਆਪਣੇ ਆਪ ਨੂੰ ਜਿਵੇਂ ਦੁਹਰਾ ਰਿਹਾ ਹੈ, ਇਹ ਕੋਈ ਸਹਿਜ ਸੁਭਾਅ ਦਾ ਵਰਤਾਰਾ ਨਹੀਂ ਜਾਪਦਾ। ਕੁਝ ਰਾਜਸੀ ਸ਼ਕਤੀਆਂ ਆਪਣੀ 'ਲੋੜ ਜੋਗੀ' ਗੜਬੜ ਦਾ ਮਾਹੌਲ ਬਣਾਈ ਰੱਖਣ ਦੀ ਕੋਸ਼ਿਸ਼ ਕਰ ਰਹੀਆਂ ਜਾਪਦੀਆਂ ਹਨ। ਪੰਜਾਬ ਦੇ ਲੋਕਾਂ ਨੇ ਅੱਗੇ ਬਾਰਾਂ ਕੁ ਸਾਲ ਜਿਹੜੀ ਹਨੇਰੀ ਸੁਰੰਗ ਅੰਦਰ ਗੁਜ਼ਾਰੇ ਹੋਏ ਹਨ, ਉਨ੍ਹਾਂ ਦਾ ਚੇਤਾ ਨਹੀਂ ਭੁਲਾਇਆ ਜਾ ਸਕਦਾ। ਜੇ ਮੁੜ ਕੇ ਉਹ ਦਿਨ ਨਹੀਂ ਦੇਖਣੇ ਤਾਂ ਇਕੋ ਰਸਤਾ ਹੈ ਕਿ ਪੰਜਾਬ ਜਾਗਦਾ ਰਹੇ, ਜਾਗਦਾ ਰਹੇ ਤੇ ਜਾਗਦਾ ਰਹੇ।

# ਚੀਨ ਦੀ ਫ਼ੌਜ ਵੱਲੋਂ ਸਰਹੱਦ ਉਤੇ 'ਸ਼ਰਾਰਤਾਂ' ਜਾਰੀ

**ਸ੍ਰੀਨਗਰ (ਪੰਜਾਬ ਟਾਈਮਜ਼ ਬਿਊਰੋ):** ਭਾਰਤ-ਚੀਨ ਸਰਹੱਦ 'ਤੇ ਇਕ ਵਾਰ ਫਿਰ ਚੀਨੀ ਫ਼ੌਜੀਆਂ ਵੱਲੋਂ ਘੁਸਪੈਠ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਭਾਵੇਂ ਇਹ ਘਟਨਾ ਪਿਛਲੇ ਵਰ੍ਹੇ ਸਤੰਬਰ-ਅਕਤੂਬਰ 'ਚ ਵਾਪਰੀ ਪਰ ਮੀਡੀਆ 'ਚ ਇਸ ਦਾ ਖੁਲਾਸਾ ਹੁਣ ਹੋਇਆ ਹੈ। ਸੂਤਰਾਂ ਅਨੁਸਾਰ ਚੀਨੀ ਫੌਜੀ ਮੁੜ ਭਾਰਤੀ ਹੱਦ ਅੰਦਰ ਦਾਖ਼ਲ ਹੋਏ ਤੇ ਇਥੇ ਯਾਤਰੀਆਂ ਲਈ ਸ਼ੈੱਡ ਉਸਾਰ ਰਹੇ ਠੇਕੇਦਾਰ ਤੇ ਉਸ ਦੇ ਮਜ਼ਦੂਰਾਂ ਨੂੰ ਧਮਕਾਇਆ।

ਚੀਨ ਦੀ ਪੀਪਲਜ਼ ਲਿਬਰੇਸ਼ਨ ਆਰਮੀ (ਪੀ.ਐਲ.ਏ.) ਦੇ ਫੌਜੀ ਮੋਟਰਸਾਈਕਲਾਂ 'ਤੇ ਸਵਾਰ ਸਵਾਰ ਸਨ ਜੋ ਜੰਮੂ-ਕਸ਼ਮੀਰ ਦੇ ਡੈਮਚੌਕ ਇਲਾਕੇ 'ਚ ਦਾਖ਼ਲ ਹੋ ਗਏ ਤੇ ਇਥੇ ਕੰਮ ਕਰਦੇ ਮਜ਼ਦੂਰਾਂ ਨੂੰ ਕੰਮ ਤੋਂ ਵਰਜ ਦਿੱਤਾ।ਇਹ ਮਜ਼ਦੂਰ ਸੂਬਾ ਪੇਂਡੂ ਵਿਕਾਸ ਵਿਭਾਗ ਦੀ ਯੋਜਨਾ ਤਹਿਤ ਯਾਤਰੀਆਂ ਲਈ ਸ਼ੈੱਡ ਉਸਾਰ ਰਹੇ ਸਨ। ਲੇਹ ਜ਼ਿਲ੍ਹਾ ਹੈੱਡਕੁਆਟਰ ਦੇ ਦੱਖਣ-ਪੂਰਬ 'ਚ 300 ਕਿਲੋਮੀਟਰ ਦੂਰ ਵਾਪਰੀ ਇਸ ਘਟਨਾ ਬਾਰੇ ਤਿਆਰ ਰਿਪੋਰਟ 'ਚ ਕਿਹਾ ਗਿਆ ਹੈ ਕਿ ਸਰਹੱਦੀ ਪਿੰਡ ਗੋਮਬੀਰ 'ਚ ਕੇਂਦਰੀ ਗ੍ਰਹਿ ਮੰਤਰਾਲੇ ਦੇ ਸਰਹੱਦੀ ਇਲਾਕਾ ਵਿਕਾਸ ਪ੍ਰਾਜੈਕਟ ਤਹਿਤ ਦੋ ਲੱਖ ਦੀ ਲਾਗਤ ਨਾਲ ਸ਼ੈੱਡ ਉਸਾਰਿਆ

## *ਭਾਰਤੀ ਠੇਕੇਦਾਰ ਨੂੰ ਧਮਕਾਇਆ*

ਜਾ ਰਿਹਾ ਸੀ। ਰਿਪੋਰਟ ਮੁਤਾਬਕ ਚੀਨੀ ਫੌਜੀ ਉਸਾਰੀ ਵਾਲੀ ਥਾਂ 'ਤੇ ਆਏ ਤੇ ਠੇਕੇਦਾਰ ਨੂੰ ਕੰਮ ਬੰਦ ਕਰਨ ਲਈ ਕਿਹਾ। ਚੀਨੀ ਫੌਜੀਆਂ ਨੂੰ ਵੇਖ ਕੇ ਮਜ਼ਦੂਰ ਡਰ ਗਏ ਤੇ ਉਹ ਭਾਰਤੀ ਫੌਜ ਦੀ ਚੌਕੀ ਵੱਲ ਮਦਦ ਲਈ ਦੌੜੇ। ਇਸ ਮੌਕੇ ਚੀਨੀ ਫੌਜੀਆਂ ਨੇ ਨਾਅਰੇ ਵੀ ਲਾਏ ਜਿਸ ਦੀ ਕਿਸੇ ਨੂੰ ਸਮਝ ਨਾ ਆਈ। ਇਸ ਤੋਂ ਤੁਰੰਤ ਬਾਅਦ ਭਾਰਤੀ ਫੌਜ ਨੇ ਸੂਬਾ ਸਰਕਾਰ ਨੂੰ ਕਿਹਾ ਹੈ ਕਿ ਅਜੇ ਉਸਾਰੀ ਦਾ ਕੰਮ ਰੋਕ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਅਸਲ ਕੰਟਰੋਲ ਰੇਖਾ ਦੇ 50 ਕਿਲੋਮੀਟਰ ਦੇ ਦਾਇਰੇ 'ਚ ਕੋਈ ਵੀ ਉਸਾਰੀ ਕਰਨ ਤੋਂ ਪਹਿਲਾਂ ਰੱਖਿਆ ਮੰਤਰਾਲੇ ਤੋਂ ਪ੍ਰਵਾਨਗੀ ਲੈਣੀ ਜ਼ਰੂਰੀ ਹੈ। ਦੂਜੇ ਪਾਸੇ ਲੇਹ 'ਚ ਤਾਇਨਾਤ ਭਾਰਤੀ ਫ਼ੌਜ ਦੇ ਬੁਲਾਰੇ ਲੈਫ਼ਟੀਨੈਂਟ ਕਰਨਲ ਜੇ.ਐਸ. ਬਰਾੜ ਨੇ ਇਸ ਮਾਮਲੇ 'ਤੇ ਕੋਈ ਵੀ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ। ਇਸ ਬਾਰੇ ਸਿਵਲ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਇਸ ਘਟਨਾ ਤੋਂ ਬਾਅਦ ਨਯੋਮਾ ਸਬ ਡਿਵੀਜ਼ਨ 'ਚ ਵਿਕਾਸ ਕਾਰਜ ਪ੍ਰਭਾਵਿਤ ਹੋਇਆ ਹੈ।

ਇਥੇ ਇਹ ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਜੂਨ-ਜੁਲਾਈ ਤੇ ਨਵੰਬਰ 2009 'ਚ ਵੀ ਚੀਨੀ ਫ਼ੌਜੀ ਭਾਰਤੀ ਹੱਦ 'ਚ ਦਾਖ਼ਲ ਹੋਏ ਸਨ ਤੇ ਲਦਾਖ 'ਚ ਸੜਕ ਬਣਾ ਰਹੇ ਮਜ਼ਦੂਰਾਂ ਨੂੰ ਧਮਕਾਇਆ ਸੀ। ਬਾਅਦ 'ਚ ਇਸ ਸੜਕ ਦਾ ਨਿਰਮਾਣ ਭਾਰਤੀ ਰੱਖਿਆ ਮੰਤਰਾਲੇ ਵੱਲੋਂ ਇਤਰਾਜ਼ ਉਠਾਏ ਜਾਣ ਕਰਕੇ ਰੋਕ ਦਿੱਤਾ ਗਿਆ ਸੀ। ਇਸ ਤੋਂ ਇਲਾਵਾ ਡੈਮਚੌਕ ਤੇ ਦੱਖਣੀ-ਪੂਰਬੀ ਲਦਾਖ ਨੂੰ ਜੋੜਨ ਵਾਲੀ ਸੜਕ ਦੀ ਉਸਾਰੀ ਦਾ ਕੰਮ ਵੀ ਬੰਦ ਕਰ ਦਿੱਤਾ ਗਿਆ ਹੈ ਜਿਸ 'ਤੇ ਚੀਨੀ ਫ਼ੌਜੀਆਂ ਨੇ ਇਤਰਾਜ਼ ਉਠਾਇਆ ਸੀ। ਸਾਲ 2009 'ਚ ਉਸ ਵੇਲੇ ਭਾਰਤ ਤੇ ਚੀਨ 'ਚ ਥੋੜ੍ਹਾ ਤਣਾਅ ਵੀ ਬਣ ਗਿਆ ਸੀ ਜਦੋਂ ਚੀਨੀ ਫ਼ੌਜੀਆਂ ਨੇ ਕੌਮਾਂਤਰੀ ਸਰਹੱਦ ਦੇ ਨਿਯਮਾਂ ਨੂੰ ਤੋੜਦਿਆਂ ਭਾਰਤੀ ਸਰਹੱਦ ਅੰਦਰ ਬੁਰਜੀਆਂ ਨੂੰ ਰੰਗ-ਰੋਗਨ ਕੀਤਾ ਸੀ। ਇਸ ਵੇਲੇ ਚੀਨੀ ਫ਼ੌਜੀਆਂ ਨੇ ਭਾਰਤੀ ਹੱਦ ਦੇ ਡੇਢ ਕਿਲੋਮੀਟਰ ਅੰਦਰ ਤੱਕ ਆ ਕੇ ਬੁਰਜੀਆਂ ਨੂੰ ਰੋਗਨ ਕੀਤਾ ਸੀ। ਇਸ ਤੋਂ ਪਹਿਲਾਂ 21 ਜੂਨ 2009 ਨੂੰ ਚੀਨੀ ਫ਼ੌਜ ਦੇ ਹੈਲੀਕਾਪਟਰ ਚੁਮਾਰ ਖੇਤਰ 'ਚ ਭਾਰਤੀ ਹੱਦ ਅੰਦਰ ਦਾਖ਼ਲ ਹੋ ਗਏ ਸਨ ਤੇ ਕੁਝ ਮਿਆਦ ਪੁੱਗਿਆ ਭੋਜਨ ਸੁੱਟ ਕੇ ਗਏ ਸਨ। ਇਸ ਤੋਂ ਇਲਾਵਾ 2009 'ਚ ਚੀਨੀ ਫ਼ੌਜ ਨੇ ਲਦਾਖ 'ਚ ਸਰਹੱਦ ਦੇ ਦੂਜੇ ਪਾਸੇ ਕਰਾਕੋਰਮ 'ਚ ਉਸਾਰੀ ਦਾ ਕੰਮ ਸ਼ੁਰੂ ਕੀਤਾ ਸੀ।

# ਭਾਰਤ ਵਿਚ ਸਿਹਤ ਸੇਵਾਵਾਂ ਦਾ ਨਿਕਲਿਆ ਦਿਵਾਲਾ

## ਸਾਲ 2031 ਤਕ ਹੋਵੇਗੀ 10 ਲੱਖ ਡਾਕਟਰਾਂ ਦੀ ਕਮੀ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਦੇਸ਼ 'ਚ ਸਰਕਾਰੀ ਨੌਕਰੀਆਂ ਦੀ ਘਾਟ ਤੇ ਪ੍ਰਾਈਵੇਟ ਖੇਤਰ ਦੀ ਲੁੱਟ ਤੋਂ ਪ੍ਰੇਸ਼ਾਨ ਦੇ ਪੜ੍ਹਦੇ ਲਿਖੇ ਨੌਜਵਾਨ ਵਿਦੇਸ਼ਾਂ 'ਚ ਜਾਣ ਨੂੰ ਤਰਜੀਹ ਦੇ ਰਹੇ ਹਨ। ਇਸ ਰੁਝਾਨ ਨਾਲ ਦੇਸ਼ 'ਚ ਡਾਕਟਰਾਂ ਦੇ ਇੰਜੀਨੀਅਰਾਂ ਦੀ ਵੱਡੀ ਘਾਟ ਹੋਣ ਦੀ ਸੰਭਾਵਨਾ ਹੈ। ਉਚ ਪੜ੍ਹਾਈ ਮਹਿੰਗੀ ਹੋਣ ਕਾਰਨ ਅੱਜ-ਕੱਲ੍ਹ ਮੈਡੀਕਲ ਕਾਲਜਾਂ 'ਚ ਜਿੰਨੇ ਕੁ ਵਿਦਿਆਰਥੀ ਆ ਰਹੇ ਹਨ ਇਸ ਨਾਲ 2031 ਤਕ ਭਾਰਤ 'ਚ 9.54 ਲੱਖ ਡਾਕਟਰਾਂ ਦੀ ਘਾਟ ਹੋ ਜਾਵੇਗੀ। ਭਾਰਤ 'ਚ ਇਸ ਵੇਲੇ ਲੋਕਾਂ ਦੀ ਆਬਾਦੀ ਪਿੱਛੇ ਡਾਕਟਰਾਂ ਦੀ ਗਿਣਤੀ ਪੱਖੋਂ ਅਨੁਪਾਤ ਦੀ ਹਾਲਤ ਬੇਹੱਦ ਬਦਤਰ ਹੈ। ਭਾਰਤ 'ਚ 1700 ਲੋਕਾਂ ਪਿੱਛੇ ਇਕ ਡਾਕਟਰ ਹੈ ਜਦਕਿ ਜਰਮਨੀ 'ਚ 296 ਲੋਕਾਂ ਲਈ ਇਕ ਡਾਕਟਰ ਦਾ ਅਨੁਪਾਤ ਹੈ। ਇਸੇ ਤਰ੍ਹਾਂ ਮੈਡੀਕਲ ਕਾਲਜਾਂ 'ਚ ਪੜ੍ਹਾਉਣ ਵਾਲੇ ਅਧਿਆਪਕਾਂ ਦੀ ਕਮੀ ਨਾਲ ਵੀ ਭਾਰਤ ਨੂੰ ਜੂਝਣਾ ਪਵੇਗਾ। ਅਗਲੇ 30 ਸਾਲਾਂ 'ਚ 35,740 ਹੋਰ ਅਧਿਆਪਕਾਂ ਦੀ ਲੋੜ ਪਵੇਗੀ। ਇਸ ਵੇਲੇ ਮੈਡੀਕਲ ਕਾਲਜਾਂ 'ਚ 6340 ਅਧਿਆਪਕਾਂ ਦੀ ਕਮੀ ਹੈ।

ਮੈਡੀਕਲ ਕਾਲਜਾਂ 'ਚ ਅਨਾਟਮੀ ਤੇ ਫਿਜ਼ੀਓਲੋਜੀ ਜਿਹੇ ਅਹਿਮ ਵਿਸ਼ੇ ਪੜ੍ਹਾਉਣ ਵਾਲੇ ਅਧਿਆਪਕਾਂ ਦੀ ਇਸ ਵੇਲੇ 1000-1000 ਕਮੀ ਹੈ। 2031 ਤਕ ਇਹ ਥੁੜ ਹਰੇਕ ਵਰਗ 'ਚ 3000 ਤਕ ਹੋ ਜਾਵੇਗੀ। ਇਸ ਵੇਲੇ ਕਾਲਜਾਂ 'ਚ ਫੋਰੈਂਸਿਕ ਮੈਡੀਕਲ ਪੜ੍ਹਾਉਣ ਵਾਲੇ ਅਧਿਆਪਕਾਂ ਦੀਆਂ 1500 ਅਸਾਮੀਆਂ ਖਾਲੀ ਹਨ। 2031 ਤਕ ਇਹ ਘਾਟ 3500 ਹੋ ਜਾਵੇਗੀ। ਸਿਹਤ ਖੇਤਰ 'ਚ ਡਾਕਟਰਾਂ ਤੇ ਅਧਿਆਪਕਾਂ ਦੀ ਘਾਟ ਦੇ ਇਹ ਤੱਥ ਮੈਡੀਕਲ ਕੌਂਸਲ ਆਫ਼ ਇੰਡੀਆ ਦੇ ਬੋਰਡ ਆਫ਼ ਗਵਰਨਰਜ਼ ਨੇ ਸਾਹਮਣੇ ਲਿਆਂਦੇ ਹਨ। ਕੌਂਸਲ ਵੱਲੋਂ ਅੰਡਰ-ਗਰੈਜੂਏਸ਼ਨ ਡਾਕਟਰੀ ਸਿੱਖਿਆ ਤੇ ਇਸ 'ਚ ਸੁਧਾਰਾਂ ਦੇ ਮਨਸ਼ੇ ਨਾਲ ਇਕ ਵਰਕਿੰਗ ਗਰੁੱਪ ਕਾਇਮ ਕੀਤਾ ਗਿਆ ਸੀ। ਇਸ ਦੀ ਰਿਪੋਰਟ ਦੇ ਖੁਲਾਸੇ ਬੜੇ ਡਰਾਉਣੇ ਹਨ ਤੇ ਇਸ ਮੁਤਾਬਕ ਜਿਨ੍ਹਾਂ 12 ਦੇਸ਼ਾਂ ਦੀ ਤੁਲਨਾ ਕੀਤੀ ਗਈ ਹੈ ਉਨ੍ਹਾਂ 'ਚੋਂ ਭਾਰਤ ਕੇਵਲ ਸੋਮਾਲੀਆ ਤੇ ਪਾਕਿਸਤਾਨ ਤੋਂ ਅੱਗੇ ਹੈ। ਭਾਰਤ 'ਚ ਇਕ ਡਾਕਟਰ 1700 ਲੋਕਾਂ ਲਈ, ਸੋਮਾਲੀਆ ਤੇ ਪਾਕਿਸਤਾਨ 'ਚ ਇਕ ਡਾਕਟਰ



10,000 ਤੇ 1923 ਲੋਕਾਂ ਲਈ ਹਨ। ਇਹ ਅਨੁਪਾਤ ਮਿਸਰ 'ਚ 1484 ਪਿੱਛੇ ਇਕ, ਚੀਨ 'ਚ 1063 ਪਿੱਛੇ ਇਕ, ਕੋਰੀਆ 'ਚ 951 ਪਿੱਛੇ ਇਕ, ਬ੍ਰਾਜ਼ੀਲ 'ਚ 844 ਪਿੱਛੇ ਇਕ, ਸਿੰਗਾਪੁਰ 'ਚ 714ਪਿੱਛੇ ਇਕ, ਜਪਾਨ 'ਚ 606 ਪਿੱਛੇ ਇਕ, ਥਾਈਲੈਂਡ 'ਚ 500 ਪਿੱਛੇ ਇਕ, ਬਰਤਾਨੀਆ 'ਚ 469 ਪਿੱਛੇ ਇਕ, ਅਮਰੀਕਾ 'ਚ 350 ਪਿੱਛੇ ਇਕ ਤੇ ਜਰਮਨੀ 'ਚ 296 ਪਿੱਛੇ ਇਕ ਡਾਕਟਰ ਹੈ। ਆਬਾਦੀ ਵਾਧੇ ਦੀ ਦਰ ਦੇਖਦਿਆਂ 2031 'ਚ ਭਾਰਤ ਦੀ 1.54 ਅਰਬ ਆਬਾਦੀ ਤੇ 2041 ਤਕ 1.69 ਅਰਬ ਆਬਾਦੀ ਹੋ ਜਾਵੇਗੀ। ਐਮ.ਸੀ.ਆਈ. ਦਾ ਕਹਿਣਾ ਹੈ ਕਿ ਜੇਕਰ ਸਰਕਾਰ ਨੇ "ਸਭ ਲਈ ਸਿਹਤ" ਦਾ ਟੀਚਾ ਪੂਰਾ ਕਰਨਾ ਹੈ ਤਾਂ ਇਸ ਦੇ 1000 ਲੋਕਾਂ ਪਿੱਛੇ ਇਕ ਡਾਕਟਰ ਹੋਣਾ ਜ਼ਰੂਰੀ ਹੈ। ਵਰਤਮਾਨ ਕਾਲਜ ਇਹ ਟੀਚਾ ਪੂਰਾ ਨਹੀਂ ਕਰ ਸਕਣਗੇ ਜਦ ਤਕ ਕਿ ਮੈਡੀਕਲ ਕਾਲਜਾਂ 'ਚ ਦਾਖ਼ਲਾ ਲੈਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਦੁੱਗਣੀ ਨਹੀਂ ਕੀਤੀ ਜਾਂਦੀ।

ਭਾਰਤ 'ਚ 330 ਮੈਡੀਕਲ ਕਾਲਜ (ਵਿਸ਼ਵ 'ਚ ਸਭ ਤੋਂ ਵੱਧ) ਹਨ ਤੇ ਹਰ ਸਾਲ 35000 ਵਿਦਿਆਰਥੀ ਇਨ੍ਹਾਂ 'ਚ ਦਾਖ਼ਲਾ ਲੈਂਦੇ ਹਨ। ਇਸ ਕਮੀ ਦੀ ਪੂਰਤੀ ਲਈ ਐਮ.ਸੀ.ਆਈ. ਨੇ ਵਰਤਮਾਨ ਜ਼ਿਲ੍ਹਾ ਹਸਪਤਾਲਾਂ ਨੂੰ ਸਰਕਾਰੀ ਤੇ ਪ੍ਰਾਈਵੇਟ ਭਾਈਵਾਲੀ ਨਾਲ ਕਮਿਊਨਿਟੀ ਮੈਡੀਕਲ ਕਾਲਜਾਂ 'ਚ ਤਬਦੀਲ ਕਰਨ ਦਾ ਸੁਝਾਅ ਦਿੱਤਾ ਹੈ। ਇਹ ਕੰਮ ਤਿੰਨ ਸਾਲਾਂ 'ਚ ਕੀਤੇ ਜਾਣ ਲਈ ਕਿਹਾ ਹੈ ਤੇ ਪੰਜ ਸਾਲਾਂ 'ਚ ਘੱਟ ਸੇਵਾਵਾਂ ਵਾਲੇ ਖੇਤਰਾਂ 'ਚ ਮੈਡੀਕਲ ਕਾਲਜ ਤੇ ਹਸਪਤਾਲ ਬਣਾਏ ਜਾਣ ਦਾ ਸੁਝਾਅ ਹੈ। ਅਧਿਆਪਕਾਂ ਦੀ ਘਾਟ ਪੂਰੀ ਕਰਨ ਲਈ ਐਮ.ਸੀ.ਆਈ. ਨੇ ਦੂਹਰੀਆਂ ਨਿਯੁਕਤੀਆਂ ਤੇ ਸੇਵਾ-ਮੁਕਤ ਅਧਿਆਪਕਾਂ ਦੀਆਂ ਮੁੜ ਸੇਵਾਵਾਂ ਲੈਣ ਦੀ ਤਜਵੀਜ਼ ਦਿੱਤੀ ਹੈ।

# ਖੱਬਾ ਮੁਹਾਜ਼ ਤ੍ਰਿਣਮੂਲ ਕਾਂਗਰਸ ਦੀ ਚੜ੍ਹਤ ਤੋਂ ਘਬਰਾਇਆ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਇਸ ਵਰ੍ਹੇ ਕੇਰਲਾ ਤੇ ਪੱਛਮੀ ਬੰਗਾਲ 'ਚ ਹੋ ਰਹੀਆਂ ਵਿਧਾਨ ਸਭਾ ਚੋਣਾਂ 'ਚ ਸੀ.ਪੀ.ਐਮ. ਦੀ ਅਗਵਾਈ ਵਾਲੇ ਖੱਬੇ ਪੱਖੀ ਮੁਹਾਜ਼ ਦੀ ਦਾਲ ਗਲਦੀ ਨਜ਼ਰ ਨਹੀਂ ਆ ਰਹੀ। ਕੇਰਲਾ 'ਚ ਕਾਂਗਰਸ ਤੇ ਪੱਛਮੀ ਬੰਗਾਲ 'ਚ ਤ੍ਰਿਣਮੂਲ ਕਾਂਗਰਸ ਪਾਰਟੀਆਂ ਉਨ੍ਹਾਂ ਲਈ ਸਿਰਦਰਦੀ ਬਣੀਆਂ ਹੋਈਆਂ ਹਨ। ਇਸ ਲਈ ਖੱਬਾ ਫਰੰਟ ਤ੍ਰਿਣਮੂਲ ਕਾਂਗਰਸ ਦੀ ਚੜ੍ਹਤ ਤੋਂ ਬੁਰੀ ਤਰ੍ਹਾਂ ਘਬਰਾਇਆ ਹੋਇਆ ਹੈ। ਪਿਛਲੇ ਦਿਨੀਂ ਖੱਬੇ ਫਰੰਟ ਨੇ ਟੀ.ਡੀ.ਪੀ. ਤੇ ਜੇ.ਡੀ. (ਐਸ) ਨਾਲ ਰਲਕੇ ਗ੍ਰਹਿ ਮੰਤਰੀ ਪੀ. ਚਿਦੰਬਰਮ ਨੂੰ ਇਕ ਮੰਗ ਪੱਤਰ ਦਿੱਤਾ ਜਿਸ 'ਚ ਦੋਸ਼ ਲਾਇਆ ਗਿਆ ਹੈ ਕਿ ਪੱਛਮੀ ਬੰਗਾਲ 'ਚ ਮਾਓਵਾਦੀਆਂ ਤੇ ਤ੍ਰਿਣਮੂਲ ਕਾਂਗਰਸ ਵਿਚਾਲੇ ਗੰਢਤੁੱਪ ਹੈ।

ਚਿਦੰਬਰਮ ਨੂੰ ਮੰਗ ਪੱਤਰ ਸੌਂਪਣ ਮਗਰੋਂ ਸੀ.ਪੀ.ਐਮ. ਦੇ ਆਗੂ ਸੀਤਾਰਾਮ ਯੇਚੁਰੀ ਨੇ ਕਿਹਾ ਕਿ ਉਹ ਖੱਬੇ ਫਰੰਟ, ਟੀ.ਡੀ.ਪੀ. ਤੇ ਜੇ.ਡੀ. (ਐਸ) ਦੇ ਵਫ਼ਦ ਲੈ ਕੇ ਗ੍ਰਹਿ ਮੰਤਰੀ ਨੂੰ ਮਿਲੇ ਸਨ ਤੇ ਉਨ੍ਹਾਂ ਦਾ ਧਿਆਨ ਇਸ ਤੱਥ ਵੱਲ ਦਿਵਾਇਆ ਸੀ ਕਿ ਤ੍ਰਿਣਮੂਲ ਕਾਂਗਰਸ ਤੇ ਮਾਓਵਾਦੀਆਂ 'ਚ ਅਟੁੱਟ ਗੰਢਤੁੱਪ ਦੇ ਸਬੂਤ ਹਨ। ਉਨ੍ਹਾਂ ਕਿਹਾ ਕਿ ਹੁਣ ਤਕ ਉਨ੍ਹਾਂ ਦੀ ਪਾਰਟੀ ਜਾਂ ਫਰੰਟ ਜਦੋਂ ਵੀ ਇਹ ਮੁੱਦਾ ਉਠਾਉਂਦਾ ਹੈ ਤਾਂ ਉਨ੍ਹਾਂ ਨੂੰ ਇਹ ਦੱਸਿਆ ਜਾਂਦਾ ਰਿਹਾ ਹੈ ਕਿ ਸੀ.ਪੀ.ਐਮ. ਜਾਂ ਖੱਬਾ ਫਰੰਟ, ਤ੍ਰਿਣਮੂਲ ਕਾਂਗਰਸ ਵਿਰੁੱਧ ਦੋਸ਼ ਲਾ ਰਿਹਾ ਹੈ। ਹੁਣ ਇਸ ਮੰਗ ਪੱਤਰ ਨਾਲ ਟੀ.ਐਮ.ਸੀ. ਦੇ ਆਪਣੇ ਲੋਕ ਸਭਾ ਮੈਂਬਰਾਂ ਤੋਂ ਇਕੱਠੇ ਕੀਤੇ ਗਏ ਸਬੂਤ ਗ੍ਰਹਿ ਮੰਤਰੀ ਨੂੰ ਪੇਸ਼ ਕੀਤੇ ਗਏ ਹਨ। ਤ੍ਰਿਣਮੂਲ ਕਾਂਗਰਸ ਦੇ ਇਕ ਮੈਂਬਰ ਨੇ ਨੰਦੀਗਰਾਮ ਘਟਨਾ ਤੋਂ ਪਹਿਲਾਂ ਹੋਈਆਂ ਮੀਟਿੰਗਾਂ ਦੇ ਵਿਸਥਾਰਪੂਰਵਕ ਵੇਰਵਿਆਂ ਦੀ ਕਿਤਾਬ ਛਾਪੀ ਹੈ। ਕਬੀਰ ਸੁਮਨ ਨੇ ਕਿਤਾਬ 'ਚ ਦੱਸਿਆ ਹੈ ਕਿ ਤ੍ਰਿਣਮੂਲ ਤੇ ਮਾਓਵਾਦੀਆਂ ਦੇ ਆਪਸੀ ਤਾਲਮੇਲ ਸਦਕਾ ਕਿਵੇਂ ਨੰਦੀਗਰਾਮ



'ਚ ਜ਼ਮੀਨ ਵਿਰੋਧੀ ਮੁਹਿੰਮ ਕਿਵੇਂ ਸਫਲ ਹੋਈ ਸੀ।

ਨੰਦੀਗਰਾਮ ਅੰਦੋਲਨ ਦਾ ਹਵਾਲਾ ਦਿੰਦਿਆਂ ਸ੍ਰੀ ਯੇਚੁਰੀ ਨੇ ਕਿਹਾ ਕਿ ਕਿਉਂਕਿ ਉਦੋਂ ਤੋਂ ਲੈ ਕੇ ਹੁਣ ਤਕ ਇਹ ਗੱਠਜੋੜ (ਟੀ.ਐਮ.ਸੀ.-ਮਾਓਵਾਦੀ) ਜਾਰੀ ਹੈ ਤੇ ਫਿਰ ਇਕ ਮਾਓਵਾਦੀ ਆਗੂ ਨੇ ਖੁਦ ਗ੍ਰਾਫਿਕ ਵੇਰਵੇ ਦਿੰਦਿਆਂ ਦੱਸਿਆ ਸੀ ਕਿ ਕਿਵੇਂ ਉਹ ਤ੍ਰਿਣਮੂਲ ਨਾਲ ਰਲ ਕੇ ਕੰਮ ਕਰਦੇ ਰਹੇ ਹਨ ਤੇ ਭਵਿੱਖ 'ਚ ਵੀ ਕਰਦੇ ਰਹਿਣਗੇ।

ਯੇਚੁਰੀ ਨੇ ਤਾਂ ਇਸ ਗੱਠਜੋੜ ਨੂੰ ਦੇਸ਼ ਦੀ ਅੰਦਰੂਨੀ ਸੁਰੱਖਿਆ ਲਈ ਖਤਰਾ ਕਰਾਰ ਦਿੰਦਿਆਂ ਕਿਹਾ ਕਿ ਦੇਸ਼ ਦੇ ਪ੍ਰਧਾਨ ਮੰਤਰੀ ਵਾਰ-ਵਾਰ ਕਹਿ ਰਹੇ ਹਨ ਕਿ ਮਾਓਵਾਦੀ ਮੁਲਕ ਦੀ ਸੁਰੱਖਿਆ ਲਈ ਸਭ ਤੋਂ ਗੰਭੀਰ ਖਤਰਾ ਹਨ, ਜਦਕਿ ਹੁਣ ਉਸ ਦੇ ਕੇਂਦਰੀ ਮੰਤਰੀ ਮੰਡਲ 'ਚ ਹੀ ਮਾਓਵਾਦੀਆਂ ਦੇ ਭਾਈਵਾਲ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਗ੍ਰਹਿ ਮੰਤਰੀ ਨੇ ਉਨ੍ਹਾਂ ਨੂੰ ਭਰੋਸਾ ਦਿਵਾਇਆ ਹੈ ਕਿ ਇਹ ਗੰਭੀਰ ਮਸਲਾ ਹੈ ਤੇ ਇਸ 'ਤੇ ਉਹ ਜ਼ਰੂਰ ਨਜ਼ਰਸਾਨੀ ਕਰਨਗੇ।

ਸ੍ਰੀ ਯੇਚੁਰੀ ਨੇ ਕਿਹਾ ਕਿ ਇਹ ਟੀ.ਐਮ.ਸੀ. ਤੇ ਸੀ.ਪੀ.ਐਮ. ਵਿਚਾਲੇ ਜਾਂ ਖੱਬੇ ਫਰੰਟ ਜਾਂ ਹੋਰ ਧਰਮ ਨਿਰਪੱਖ ਪਾਰਟੀਆਂ ਵਿਚਾਲੇ ਕੋਈ ਮਸਲਾ ਨਹੀਂ ਹੈ। ਇਹ ਦੇਸ਼ ਦੀ ਅੰਦਰੂਨੀ ਸੁਰੱਖਿਆ ਨਾਲ ਜੁੜਿਆ ਹੋਇਆ ਮਸਲਾ ਹੈ। ਇਸ ਕਰਕੇ ਸਰਕਾਰ ਇਸ ਨੂੰ ਗੰਭੀਰਤਾ ਨਾਲ ਲਵੇ। ਏ.ਆਈ.ਏ.ਡੀ.ਐਮ.ਕੇ., ਆਰ.ਐਸ.ਪੀ. ਤੇ ਫਾਰਵਰਡ ਬਲਾਕ ਦੇ ਪ੍ਰਤੀਨਿਧ ਇਸ ਵਫ਼ਦ 'ਚ ਸ਼ਾਮਲ ਨਹੀਂ ਸਨ। ਉਨ੍ਹਾਂ ਕਿਹਾ ਕਿ ਸਾਰੀਆਂ ਗੈਰ-ਕਾਂਗਰਸੀ ਤੇ ਗੈਰ-ਭਾਜਪਾਈ ਧਰਮ ਨਿਰਪੱਖ ਪਾਰਟੀਆਂ ਉਨ੍ਹਾਂ ਦੇ ਨਾਲ ਹਨ ਪਰ ਕੁਝ ਪਾਰਟੀਆਂ ਨਹੀਂ ਆ ਸਕੀਆਂ। ਸ੍ਰੀ ਯੇਚੁਰੀ ਨੇ ਦੱਸਿਆ ਕਿ ਟੀ.ਡੀ.ਪੀ. ਤੇ ਜੇ.ਐਸ. (ਯੂ) ਦੇ ਮੈਂਬਰ ਇਥੇ ਹਾਜ਼ਰ ਸਨ। ਫਾਰਵਰਡ ਬਲਾਕ ਤੇ ਆਰ.ਐਸ.ਪੀ. ਦੇ ਮੈਂਬਰ ਵੀ ਉਨ੍ਹਾਂ ਦੇ ਨਾਲ ਹਨ ਪਰ ਉਹ ਵਫ਼ਦ 'ਚ ਸ਼ਾਮਲ ਨਹੀਂ ਹੋ ਸਕੇ ਜਦਕਿ ਮੰਗ ਪੱਤਰ 'ਤੇ ਉਨ੍ਹਾਂ ਦੇ ਦਸਤਖ਼ਤ ਕੀਤੇ ਸਨ।

# ਮਾਓਵਾਦੀਆਂ ਅੱਗੇ ਪੁਲਿਸ ਬੇਵੱਸ!

**ਨਵੀਂ ਦਿੱਲੀ:** ਮਾਓਵਾਦੀ ਖ਼ਿਲਾਫ਼ ਹਰ ਤਰ੍ਹਾਂ ਦੇ ਹੱਥਕੰਡੇ ਵਰਤਣ ਤੋਂ ਬਾਅਦ ਵੀ ਪੁਲਿਸ ਬੇਵੱਸ ਹੋ ਕੇ ਰਹਿ ਗਈ ਹੈ। ਇਹ ਦਾਅਵਾ ਕਿਸੇ ਹੋਰ ਵੱਲੋਂ ਨਹੀਂ ਕੀਤਾ ਗਿਆ ਬਲਕਿ ਛੱਤੀਸਗੜ੍ਹ ਸਰਕਾਰ ਨੇ ਖ਼ੁਦ ਸੁਪਰੀਮ ਕੋਰਟ ਵਿੱਚ ਇਸ ਗੱਲ ਨੂੰ ਸਵੀਕਾਰਿਆ ਹੈ। ਸਰਕਾਰ ਨੇ ਮੰਨਿਆ ਹੈ ਕਿ ਰਾਜ ਦੇ ਮਾਓਵਾਦੀ ਅਸਰ ਵਾਲੇ ਦਾਂਤੇਵਾੜਾ ਤੇ ਦੂਜੇ ਜ਼ਿਲ੍ਹਿਆਂ ਵਿਚ ਸੂਬਾਈ ਪੁਲਿਸ ਮਾਓਵਾਦੀਆਂ ਨਾਲ ਲੜਨ ਤੋਂ ਅਸਮਰੱਥ ਹੈ। ਗੌਰਤਲਬ ਹੈ ਕਿ ਦਾਂਤੇਵਾੜਾ ਜ਼ਿਲ੍ਹੇ ਵਿਚ 17 ਮਈ ਨੂੰ ਮਾਓਵਾਦੀ ਹਮਲੇ 'ਚ 76 ਸੀ.ਆਰ.ਪੀ.ਐਫ. ਜਵਾਨ ਮਾਰੇ ਜਾਣ ਤੋਂ ਬਾਅਦ ਹੀ ਸੁਰੱਖਿਆ ਏਜੰਸੀਆਂ ਦੇ ਹੌਸਲੇ ਪਸਤ ਹੋ ਗਏ ਸਨ।

ਰਾਜ ਸਰਕਾਰ ਵੱਲੋਂ ਪੇਸ਼ ਸੀਨੀਅਰ ਵਕੀਲ ਹਰੀਸ਼ ਸਾਲਵੇ ਨੇ ਸੁਪਰੀਮ ਕੋਰਟ ਦੇ ਜੱਜਾਂ ਜਸਟਿਸ ਸੁਦਰਸ਼ਨ ਰੈਡੀ ਤੇ ਜਸਟਿਸ ਐਸ.ਐਸ. ਨਿੱਝਰ ਦੇ ਡਿਵੀਜ਼ਨ ਬੈਂਚ ਅੱਗੇ ਮੰਨਿਆ ਕਿ ਇਨ੍ਹਾਂ ਇਲਾਕਿਆਂ ਵਿਚ ਲੋਕ ਅੱਗੇ ਆਉਣ ਲਈ ਤਿਆਰ ਨਹੀਂ ਹਨ ਭਾਵ ਉਹ ਪੁਲਿਸ ਦਾ ਸਾਥ ਨਹੀਂ ਦੇ ਰਹੇ। ਇੱਥੋਂ ਤੱਕ ਕਿ ਪੁਲਿਸ ਲਈ ਵੀ ਬਾਹਰ ਜਾ ਕੇ ਜਾਂਚ ਕਰਨੀ ਵੀ ਔਖੀ ਹੋਈ ਪਈ ਹੈ।

ਉਨ੍ਹਾਂ ਇਹ ਗੱਲ ਉਦੋਂ ਕਹੀ ਜਦੋਂ ਅਦਾਲਤ ਨੇ ਪੁੱਛਿਆ ਸੀ ਕਿ ਸਰਕਾਰ ਵੱਡੇ ਪੱਧਰ 'ਤੇ ਹੋਣ ਵਾਲੇ ਜ਼ੁਰਮਾਂ ਬਾਰੇ ਮਾਮਲਿਆਂ ਨੂੰ ਵੀ ਅਦਾਲਤਾਂ ਵਿਚ ਅੱਗੇ ਤੋਰਨ ਦੀ ਥਾਂ ਬੰਦ ਕਿਉਂ ਕਰ ਰਹੀ ਹੈ। ਉਨ੍ਹਾਂ ਅਦਾਲਤ ਦੇ ਹੋਰ ਦੱਸਿਆ ਕਿ ਉਨ੍ਹਾਂ ਨੂੰ ਬਹੁਤ ਮੁਸ਼ਕਲ ਪੇਸ਼ ਆ ਰਹੀ ਹੈ ਜੋ ਵੀ ਹੋ ਰਿਹਾ ਹੈ ਉਸ ਦੀ ਹਕੂਮਤ ਨੂੰ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ। ਗੌਰਤਲਬ ਹੈ ਕਿ ਅਦਾਲਤ ਸੀਨੀਅਰ ਵਕੀਲ ਅਸ਼ੋਕ ਦੇਸਾਈ ਵੱਲੋਂ ਲੋਕ ਹਿਤ ਪਟੀਸ਼ਨ ਦੀ ਸੁਣਵਾਈ ਕਰ ਰਹੀ ਸੀ ਜਿਨ੍ਹਾਂ ਨੇ ਲੋਕਾਂ ਦੀ ਹਥਿਆਰਬੰਦ ਮੁਹਿੰਮ ਸਲਵਾ ਜੁਡਮ ਨੂੰ ਖਤਮ ਕੀਤੇ ਜਾਣ ਦੀ ਮੰਗ ਕੀਤੀ ਹੈ। ਪਟੀਸ਼ਨਰ ਦਾ ਦੋਸ਼ ਹੈ ਕਿ ਇਹ ਮੁਹਿੰਮ ਰਾਜ ਸਰਕਾਰ ਨੇ ਮਾਓਵਾਦੀਆਂ ਖ਼ਿਲਾਫ਼ ਖੜ੍ਹੀ ਕੀਤੀ ਹੈ ਜਿਸ ਤਹਿਤ ਬੇਕਸੂਰ ਲੋਕਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

ਸ੍ਰੀ ਸਾਲਵੇ ਦੇ ਬਿਆਨ ਪਿੱਛੋਂ ਸ੍ਰੀ ਦੇਸਾਈ ਨੇ ਕਿਹਾ ਕਿ ਇਸ ਤਰ੍ਹਾਂ ਤਾਂ ਸਰਕਾਰ ਇਹ ਮੰਨ ਰਹੀ ਹੈ ਕਿ ਰਾਜ ਵਿਚ 'ਪ੍ਰਸ਼ਾਸਨ ਪੂਰੀ ਤਰ੍ਹਾਂ ਨਾਕਾਮ' ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਰਾਜ ਵਿਚ ਸਲਵਾ ਜੁਡਮ ਦੀ ਹਿੰਸਾ ਕਾਰਨ ਆਮ ਲੋਕਾਂ ਨੂੰ ਬਹੁਤ ਮੁਸ਼ਕਲਾਂ ਪੇਸ਼ ਆ ਰਹੀਆਂ ਹਨ ਜਦੋਂ ਕਿ ਕੇਂਦਰ ਤੇ ਰਾਜ ਸਰਕਾਰਾਂ ਦੇ ਸੁਰੱਖਿਆ ਦਸਤਿਆਂ ਦੀਆਂ ਜ਼ਿਆਦਤੀਆਂ ਇਸ ਤੋਂ ਵੱਖ ਹਨ।

ਇਸ ਘੰਟਾ ਭਰ ਚੱਲੀ ਸੁਣਵਾਈ ਦੌਰਾਨ ਅਦਾਲਤ ਨੇ ਸਰਕਾਰ ਨੂੰ ਹਦਾਇਤ ਕੀਤੀ ਕਿ ਸਲਾਮਤੀ ਦਸਤਿਆਂ ਵੱਲੋਂ ਸਕੂਲਾਂ ਉੱਤੇ ਕੀਤੇ ਹੋਏ ਕਬਜ਼ੇ ਨਾ ਹਟਾਏ ਜਾਣ ਦੀ ਸੂਰਤ ਵਿਚ ਉਸ ਖ਼ਿਲਾਫ਼ ਅਦਾਲਤ ਦੀ ਤੌਹੀਨ ਦੀ ਕਾਰਵਾਈ ਕੀਤੀ ਜਾ ਸਕਦੀ ਹੈ। ਅਦਾਲਤ ਨੇ ਅਜਿਹੇ 31 ਸਕੂਲਾਂ ਵਿਚੋਂ ਸਿਰਫ਼ 6 ਦੇ ਕਬਜ਼ੇ ਹੀ ਹਟਵਾ ਸਕਣ ਲਈ ਸਰਕਾਰ ਦੀ ਸਖ਼ਤ ਖਿਚਾਈ ਕੀਤੀ।

# ਕੈਨੇਡਾ 'ਚ ਵੱਡਾ ਪਰਵਾਸ ਘਪਲਾ ਬੇਨਕਾਬ

**ਟੋਰਾਂਟੋ:** ਕੈਨੇਡਾ ਪੁਲਿਸ ਨੇ ਪਰਵਾਸ ਬਾਰੇ ਸਲਾਹਕਾਰ ਏਜੰਸੀ ਚਲਾ ਰਹੇ ਅਹਿਮਦ ਅਲ ਅਖ਼ਾਲ, ਉਸ ਦੀ ਪਤਨੀ ਤੇ ਇਕ ਹੋਰ ਸਹਿਯੋਗੀ ਨੂੰ ਕਾਬੂ ਕਰਕੇ ਦੇਸ਼ ਦੇ ਹੁਣ ਤਕ ਦੇ ਸਭ ਤੋਂ ਵੱਡੇ ਪਰਵਾਸ ਘਪਲੇ ਨੂੰ ਬੇਨਕਾਬ ਕੀਤਾ ਹੈ।


ਕੈਨੇਡਾ ਦੀ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ (ਆਰ.ਸੀ.ਐਮ.ਪੀ.) ਨੇ ਦੇਸ਼ ਦੇ ਕਿਊਬਕ ਸੂਬੇ ਵਿਚ ਛਾਪਾ ਮਾਰ ਕੇ ਅਖ਼ਾਲ ਨੂੰ ਕਾਬੂ ਕੀਤਾ। ਇਹ ਵਿਅਕਤੀ ਬੜੀ ਚਲਾਕੀ ਨਾਲ ਮੱਧ ਪੂਰਬ ਦੇ ਸੈਂਕੜੇ ਲੋਕਾਂ ਨੂੰ ਕੈਨੇਡਾ ਦੀ ਨਾਗਰਿਕਤਾ ਦਿਵਾ ਚੁੱਕਿਆ ਹੈ। ਅਸਲ ਵਿਚ ਉਹ ਲੋਕ ਕੈਨੇਡਾ ਵਿਚ ਰਹਿੰਦੇ ਹੀ ਨਹੀਂ ਜਿਸ ਕਰਕੇ ਅਖ਼ਾਲ ਅਜਿਹੇ ਲੋਕਾਂ ਦੀ ਨਾਗਰਿਕਤਾ ਵਾਲੇ ਸਾਰੇ ਲਾਭ ਦੇ ਟੈਕਸ ਰਿਫੰਡ ਆਪ ਹੀ ਹੜੱਪ ਰਿਹਾ ਸੀ। ਇਹ ਰਕਮ ਲੱਖਾਂ ਡਾਲਰ ਬਣਦੀ ਹੈ।ਇਹ ਆਪਣੀ ਤਰ੍ਹਾਂ ਦਾ ਨਵਾਂ ਘਪਲਾ ਹੈ ਜੋ 1999 ਤੋਂ ਜਾਰੀ ਹੈ ਤੇ ਇਸ ਦੀ ਜਾਂਚ ਪਿਛਲੇ ਢਾਈ ਸਾਲਾਂ ਤੋਂ ਚੱਲ ਰਹੀ ਸੀ।

ਦੇਸ਼ ਦੇ ਨਾਗਰਿਕਤਾ ਤੇ ਪਰਵਾਸ ਮਹਿਕਮੇ ਦੀ ਨਜ਼ਰ ਵਿਚ ਇਹ ਘਪਲਾ ਉਦੋਂ ਸਾਹਮਣੇ ਆਇਆ ਜਦੋਂ ਉਸ ਨੇ ਦੇਖਿਆ ਕਿ ਦੇਸ਼ ਦੀ ਪੱਕੀ ਨਾਗਰਿਕਤਾ ਲਈ 320 ਵਿਅਕਤੀਆਂ ਵੱਲੋਂ ਜਿਹੜੀਆਂ ਅਰਜ਼ੀਆਂ ਦਿੱਤੀਆਂ ਗਈਆਂ ਹਨ, ਉਨ੍ਹਾਂ ਵਿਚ ਕੈਨੇਡਾ ਦੇ ਪਤੇ ਇਕੋ ਜਿਹੇ ਭਰੇ ਹੋਏ ਸਨ। ਜਾਂਚ ਦੌਰਾਨ ਸਾਹਮਣੇ ਆਇਆ ਕਿ ਇਨ੍ਹਾਂ 320 ਅਰਜ਼ੀਆਂ ਵਿਚੋਂ 260 ਅਖ਼ਾਲ ਨੇ ਜਮ੍ਹਾਂ ਕਰਵਾਈਆਂ ਸਨ। ਮਗਰੋਂ ਖੁਲਾਸਾ ਹੋਇਆ ਕਿ ਪੱਕੇ ਹੋਣ ਦੀ ਅਰਜ਼ੀ ਦੇਣ ਵਾਲਿਆਂ ਵਿਚ ਕੋਈ ਵੀ ਕੈਨੇਡਾ ਵਿਚ ਨਹੀਂ ਰਹਿ ਰਿਹਾ ਤੇ ਅਖ਼ਾਲ ਹੀ ਉਨ੍ਹਾਂ ਦੇ ਨਾਂ 'ਤੇ ਸਾਰੇ ਸਰਕਾਰੀ ਲਾਭ ਹੜੱਪ ਗਿਆ।

# ਅਪਰਾਧੀਆਂ ਵੱਲੋਂ ਭਾਰਤੀ ਸਿਆਸਤ ਹਾਈਜੈਕ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਭਾਰਤ ਦੀ ਸਿਆਸਤ 'ਚ ਅਸੂਲਾਂ ਨਾਲੋਂ ਪੈਸੇ ਦਾ ਬੋਲਬਾਲਾ ਹੈ। ਇਸ ਰੁਝਾਨ ਨਾਲ ਅਪਰਾਧੀ ਪਿਛੋਕੜ ਵਾਲੇ ਲੋਕਾਂ ਨੇ ਸਿਆਸਤ 'ਚ ਆਪਣਾ ਪੂਰਾ ਦਬਦਬਾ ਬਣਾ ਲਿਆ ਹੈ। ਇਸ ਵੇਲੇ ਲੋਕ ਸਭਾ ਦੇ 543 ਸੰਸਦ ਮੈਂਬਰਾਂ 'ਚੋਂ 162 'ਤੇ ਅਪਰਾਧਕ ਮਾਮਲੇ ਦਰਜ ਹਨ ਜਿਨ੍ਹਾਂ 'ਚੋਂ 76 'ਤੇ ਕਤਲ, ਫਿਰੌਤੀ ਤੇ ਜਬਰ ਜਨਾਹ ਵਰਗੇ ਗੰਭੀਰ ਦੋਸ਼ ਹਨ। ਇਸ ਤੋਂ ਪਿਛਲੀ ਲੋਕ ਸਭਾ 'ਚ 128 ਸੰਸਦ ਮੈਂਬਰ ਅਪਰਾਧਕ ਮਾਮਲਿਆਂ 'ਚ ਘਿਰੇ ਸਨ ਜਿਨ੍ਹਾਂ 'ਚੋਂ 58 'ਤੇ ਗੰਭੀਰ ਦੋਸ਼ ਸਨ। ਇਸ ਤਰ੍ਹਾਂ ਪੰਜਾਂ ਸਾਲਾਂ 'ਚ ਹੀ ਅਪਰਾਧੀ ਪਿਛੋਕੜ ਵਾਲੇ ਸਿਆਸੀ ਆਗੂਆਂ ਦੀ ਗਿਣਤੀ 'ਚ ਕਾਫ਼ੀ ਵਾਧਾ ਹੋ ਗਿਆ ਹੈ। ਹੁਣੇ ਹੀ ਬਿਹਾਰ ਵਿਧਾਨ ਸਭਾ 'ਚ ਚੁਣੇ ਗਏ 243 ਵਿਧਾਇਕਾਂ 'ਚੋਂ 141 'ਤੇ ਅਪਰਾਧਕ ਮਾਮਲੇ ਦਰਜ ਹਨ ਜੋ ਕਿ 59 ਫੀਸਦੀ ਬਣਦੇ ਹਨ।

ਇਸ ਸਿਆਸੀ ਦ੍ਰਿਸ਼ 'ਤੇ ਚਿੰਤਾ ਪ੍ਰਗਟ ਕਰਦਿਆਂ ਭਾਰਤ ਦੇ ਮੁੱਖ ਚੋਣ ਕਮਿਸ਼ਨਰ ਮੁੱਖ ਚੋਣ ਕਮਿਸ਼ਨਰ ਐਸ.ਵਾਈ. ਕੁਰੈਸ਼ੀ ਨੇ ਕਿਹਾ ਹੈ ਕਿ ਸਰਕਾਰ ਤੇ ਸੰਸਦ ਨੂੰ ਰਾਜਨੀਤੀ ਦੇ ਅਪਰਾਧੀਕਰਨ ਨੂੰ ਰੋਕਣ ਲਈ ਸਖ਼ਤ ਕਦਮ ਚੁੱਕਣੇ ਚਾਹੀਦੇ ਹਨ ਜਿਸ ਨਾਲ ਕਤਲ, ਜਬਰ-ਜਨਾਹ ਤੇ ਫਿਰੌਤੀ ਵਰਗੇ ਗੰਭੀਰ ਦੋਸ਼ਾਂ ਦਾ ਸਾਹਮਣਾ ਕਰ ਰਹੇ ਉਮੀਦਵਾਰ ਚੋਣ ਹੀ ਨਾ ਲੜ ਸਕਣ। ਚੋਣ ਕਮਿਸ਼ਨ ਨੇ ਗੰਭੀਰ ਦੋਸ਼ਾਂ ਦੇ ਮਾਮਲੇ 'ਚ ਦੋਸ਼ੀ ਠਹਿਰਾਏ ਜਾਣ ਵਾਲੇ ਸੰਸਦ



ਮੈਂਬਰਾਂ ਤੇ ਵਿਧਾਇਕਾਂ ਨੂੰ ਅਯੋਗ ਕਰਾਰ ਦੇਣ ਦੀ ਵੀ ਵੀ ਪੈਰਵੀ ਕੀਤੀ ਹੈ। ਚੋਣ ਕਮਿਸ਼ਨ ਨੇ ਕਿਹਾ ਕਿ ਲੋਕਾਂ ਦਾ ਲੋਕਤੰਤਰ 'ਚ ਵਿਸ਼ਵਾਸ ਵਧਾਉਣ ਤੇ ਚੋਣਾਂ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਇਸ ਮਾਮਲੇ ਨੂੰ ਗੰਭੀਰਤਾ ਨਾਲ ਵਿਚਾਰਿਆ ਜਾਣਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਮੌਜੂਦਾ ਕਾਨੂੰਨ ਮੁਤਾਬਕ ਕਿਸੇ ਵੀ ਵਿਅਕਤੀ ਨੂੰ ਦੋਸ਼ੀ ਕਰਾਰ ਦਿੱਤੇ ਜਾਣ ਤੋਂ ਬਾਅਦ ਹੀ ਚੋਣ ਲੜਨ ਤੋਂ ਰੋਕਿਆ ਜਾ ਸਕਦਾ ਹੈ। ਇਸ ਤਹਿਤ ਕੋਈ ਵਿਅਕਤੀ ਜੇਲ੍ਹ 'ਚ ਹੋਣ ਦੇ ਬਾਵਜੂਦ ਚੋਣ ਲੜ ਸਕਦਾ ਹੈ ਕਿਉਂਕਿ ਉਸ 'ਤੇ ਅਜੇ ਮੁਕੱਦਮਾ ਚੱਲ ਰਿਹਾ ਹੁੰਦਾ ਹੈ ਤੇ ਉਸ ਦਾ ਫ਼ੈਸਲਾ ਅਜੇ ਆਉਣਾ ਹੁੰਦਾ ਹੈ।

ਉਨ੍ਹਾਂ ਆਪਣੀ ਬੇਵੱਸੀ ਜ਼ਾਹਰ ਕਰਦੇ ਹੋਏ ਕਿਹਾ ਕਿ ਕਿਹਾ ਕਿ ਇਸ ਵੇਲੇ ਕਿਸੇ ਵਿਅਕਤੀ ਨੂੰ ਅਯੋਗ ਕਰਾਰ ਦੇਣ ਦਾ ਅਧਿਕਾਰ ਚੋਣ ਕਮਿਸ਼ਨਰ ਕੋਲ ਨਹੀਂ ਤੇ ਇਹ ਅਧਿਕਾਰ ਕੇਵਲ ਸੰਸਦ ਕੋਲ ਹੈ। ਉਨ੍ਹਾਂ ਕਿਹਾ ਕਿ ਚੋਣ ਕਮਿਸ਼ਨ ਨੇ ਸਿਫਾਰਸ਼ ਕੀਤੀ ਸੀ ਕਿ ਜਿਹੜੇ ਵਿਅਕਤੀ ਖ਼ਿਲਾਫ਼ ਕਤਲ, ਜਬਰ-ਜਨਾਹ ਤੇ ਫਿਰੌਤੀ ਵਰਗੇ ਗੰਭੀਰ ਦੋਸ਼ਾਂ ਤਹਿਤ ਮੁਕੱਦਮਾ ਚੱਲ ਰਿਹਾ ਹੈ ਤੇ ਉਸ ਨੂੰ 5 ਸਾਲ ਦੀ ਸਜ਼ਾ ਹੋਣ ਦੀ ਸੰਭਾਵਨਾ ਹੋਵੇ ਤਾਂ ਜਿੰਨਾ ਚਿਰ ਮੁਕੱਦਮਾ ਖਤਮ ਨਹੀਂ ਹੁੰਦਾ ਉਸ 'ਤੇ ਚੋਣ ਲੜਨ ਦੀ ਰੋਕ ਲਾ ਦੇਣੀ ਚਾਹੀਦੀ ਹੈ।

ਉਨ੍ਹਾਂ ਕਿਹਾ ਕਿ ਸੰਸਦੀ ਕਮੇਟੀ ਨੇ ਇਸ ਮਾਮਲੇ 'ਤੇ ਵਿਚਾਰ ਕਰਨ ਦੇ ਬਾਵਜੂਦ ਇਹ ਕਹਿ ਕੇ ਪ੍ਰਵਾਨਗੀ ਨਹੀਂ ਦਿੱਤੀ ਕਿ ਦੇਸ਼ ਦੇ ਕਾਨੂੰਨ ਤੇ ਸੰਵਿਧਾਨਕ ਮੁਤਾਬਕ ਜਿੰਨਾ ਚਿਰ ਕਿਸੇ ਨੂੰ ਸਜ਼ਾ ਨਹੀਂ ਮਿਲਦੀ ਓਨਾ ਚਿਰ ਉਹ ਨਿਰਦੋਸ਼ ਹੀ ਹੈ।

*To Advertise with us*
*Call: 847-359-0746*
*Fax:847-705-9388*
*e-mial:*
*punjabtimes1@sbcglobal.net*

# ਡਾ. ਅਮਰਜੀਤ ਸਿੰਘ ਕਾਂਗ ਨਹੀਂ ਰਹੇ

**ਚੰਡੀਗੜ੍ਹ:** ਕੁਰੂਕਸ਼ੇਤਰ ਯੂਨੀਵਰਸਿਟੀ ਦੇ ਡੀਨ ਯੂਨੀਵਰਸਿਟੀ ਇੰਸਟਰਕਸ਼ਨਜ਼, ਪੰਜਾਬੀ ਵਿਭਾਗ ਦੇ ਸਾਬਕਾ ਚੇਅਰਮੈਨ, ਸਾਹਿਤ ਰਤਨ ਨਾਲ ਸਨਮਾਨਤ ਪ੍ਰਸਿੱਧ ਆਲੋਚਕ ਪ੍ਰੋ. ਅਮਰਜੀਤ ਸਿੰਘ ਕਾਂਗ 11 ਜਨਵਰੀ ਨੂੰ ਚੰਡੀਗੜ੍ਹ



ਵਿਚ ਦਿਲ ਦਾ ਦੌਰਾ ਪੈਣ ਕਾਰਨ ਅਕਾਲ ਚਲਾਣਾ ਕਰ ਗਏ।

ਸ੍ਰੀ ਕਾਂਗ ਗੁਰਪੁਰਬ ਦੀ ਛੁੱਟੀ ਕਰਕੇ ਕੁਰੂਕਸ਼ੇਤਰ ਤੋਂ ਆਪਣੇ ਪਰਿਵਾਰ ਨੂੰ ਚੰਡੀਗੜ੍ਹ ਵਿਚ ਮਿਲਣ ਆਏ ਹੋਏ ਸਨ। ਉਨ੍ਹਾਂ ਨੂੰ ਦਿਲ ਦੀ ਤਕਲੀਫ ਘਰ ਵਿਚ ਹੀ ਹੋਈ। ਉਨ੍ਹਾਂ ਨੂੰ ਜਨਰਲ ਹਸਪਤਾਲ ਸੈਕਟਰ 16 ਵਿਚ ਦਾਖਲ ਕਰਾਇਆ ਗਿਆ ਜਿੱਥੇ ਉਨ੍ਹਾਂ ਨੇ ਆਖਰੀ ਸਾਹ ਲਿਆ। ਡਾ. ਕਾਂਗ ਨੇ ਕੁਰੂਕਸ਼ੇਤਰ ਯੂਨੀਵਰਸਿਟੀ ਵਿਚ 1979 ਵਿਚ ਲੈਕਚਰਾਰ ਵਜੋਂ ਨੌਕਰੀ ਸ਼ੁਰੂ ਕੀਤੀ ਸੀ। ਉਹ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਮੁਖੀ ਬਣ ਗਏ ਤੇ ਇਸ ਅਹੁਦੇ 'ਤੇ 16 ਸਾਲ ਜ਼ਿੰਮੇਵਾਰੀ ਨਿਭਾਈ। ਉਨ੍ਹਾਂ ਪੰਜਾਬੀ ਵਿਚ 30 ਤੋਂ ਵੱਧ ਪੁਸਤਕਾਂ ਲਿਖੀਆਂ। ਪੰਜਾਬੀ ਸਾਹਿਤ ਜਗਤ ਵਿਚ ਪਾਏ ਯੋਗਦਾਨ ਲਈ ਉਨ੍ਹਾਂ ਨੂੰ ਭਾਈ ਸੰਤੋਖ ਸਿੰਘ ਪੁਰਸਕਾਰ ਸਮੇਤ ਹੋਰ ਕਈ ਇਨਾਮ ਸਨਮਾਨ ਮਿਲੇ।

ਸਾਹਿਤ ਖੇਤਰ 'ਚ ਪ੍ਰਸਿੱਧ ਹਸਤੀ 59 ਸਾਲਾ ਪ੍ਰੋ. ਕਾਂਗ ਨੇ ਵੱਡੀ ਗਿਣਤੀ 'ਚ ਕਿਤਾਬਾਂ ਦਾ ਸੰਪਾਦਨ ਕੀਤਾ ਤੇ ਸਾਹਿਤ ਰਚਿਆ। ਉਨ੍ਹਾਂ ਵੱਲੋਂ ਲਿਖੀਆਂ ਪ੍ਰਮੁੱਖ ਕਿਤਾਬਾਂ 'ਚ 'ਮੱਧਕਾਲੀ ਸਾਹਿਤ ਚਿੰਤਨ', 'ਕਿੱਸਾ ਸੰਸਾਰ', 'ਮੱਧਕਾਲੀ ਪੰਜਾਬੀ ਸਾਹਿਤ ਵਿਵੇਕ', 'ਕਿੱਸਾ ਪਰਿਪੇਖ', 'ਵਾਰਿਸ ਕਾਵਿ ਪ੍ਰਵਚਨ' ਸ਼ਾਮਲ ਹਨ। ਉਹ ਆਪਣੇ ਪਿੱਛੇ ਪਤਨੀ ਜਸਪਾਲ ਕੌਰ ਕਾਂਗ (ਪ੍ਰੋਫੈਸਰ ਪੰਜਾਬ ਯੂਨੀਵਰਸਿਟੀ) ਤੋਂ ਇਲਾਵਾ ਦੋ ਪੁੱਤਰ ਤੇ ਇਕ ਪੁੱਤਰੀ ਛੱਡ ਗਏ ਹਨ। ਉਹ ਡਾ. ਕੁਲਬੀਰ ਸਿੰਘ ਕਾਂਗ ਦੇ ਛੋਟੇ ਭਰਾ ਅਤੇ ਕਹਾਣੀਕਾਰ ਮਨਿੰਦਰ ਕਾਂਗ ਦੇ ਚਾਚਾ ਜੀ ਸਨ।

# ਡਾ. ਨਾਹਲ ਦੀ ਸਿੱਖੀ 'ਚ ਧਰਮ ਤੇ ਰਾਜਨੀਤੀ 'ਤੇ ਪੁਸਤਕ ਰਿਲੀਜ਼

**ਚੰਡੀਗੜ੍ਹ:** ਅਮਰੀਕਾ ਦੇ ਪ੍ਰਸਿੱਧ ਸਿੱਖ ਵਿਦਵਾਨ ਅਤੇ ਇਤਿਹਾਸਕਾਰ ਡਾ. ਤਰਲੋਚਨ ਸਿੰਘ ਨਾਹਲ ਦੀ ਨਵੀਂ ਪੁਸਤਕ 'ਰਿਲੀਜਨ ਐਂਡ ਪਾਲਿਟਿਕਸ ਇਨ ਸਿੱਖਇਜ਼ਮ: ਦੀ ਖਾਲਸਾ ਪਰਸਪੈਕਟਿਵ" ਸਿੱਖ ਵਿਦਵਾਨਾਂ ਦੀ ਹਾਜ਼ਰੀ ਵਿਚ ਇਥੇ ਪ੍ਰੈਸ ਕਲੱਬ ਵਿਚ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਦੇ ਸਾਬਕਾ ਚੇਅਰਮੈਨ ਅਤੇ ਪੰਜਾਬੀ ਯੂਨੀਵਰਸਿਟੀ ਦੇ ਰਾਜਨੀਤੀ ਵਿਭਾਗ ਦੇ ਸਾਬਕਾ ਮੁਖੀ ਡਾ. ਕੇਹਰ ਸਿੰਘ ਵਲੋਂ ਰਿਲੀਜ਼ ਕੀਤੀ ਗਈ। ਇਸ ਮੌਕੇ ਪੰਥ ਦੇ ਸਿਰਮੌਰ ਵਿਦਵਾਨ ਡਾ. ਬਲਕਾਰ ਸਿੰਘ, ਡਾ. ਗੁਰਦਰਸ਼ਨ ਸਿੰਘ ਢਿੱਲੋਂ, ਡਾ. ਰਘਬੀਰ ਸਿੰਘ ਬੈਂਸ, ਡਾ. ਬਲਵਿੰਦਰ ਸਿੰਘ, ਪ੍ਰੋ. ਤਰਲੋਚਨ ਸਿੰਘ ਸੰਘਾ, ਸ. ਕਰਮਜੀਤ ਸਿੰਘ, (ਸਾਬਕਾ ਅਸਿਸਟੈਂਟ ਐਡੀਟਰ, ਪੰਜਾਬੀ ਟ੍ਰਿਬਿਊਨ), ਸ. ਗੁਰਸਾਗਰ ਸਿੰਘ (ਸਿੰਘ ਬ੍ਰਦਰਜ਼) ਅਤੇ ਅਨੇਕਾਂ ਪਤਵੰਤੇ ਸੱਜਣ ਅਤੇ ਪੱਤਰਕਾਰ ਹਾਜ਼ਰ ਸਨ।

ਇਸ ਤੋਂ ਇਕ ਦਿਨ ਪਹਿਲਾਂ ਇਸ ਪੁਸਤਕ ਦੀ ਇਕ ਕਾਪੀ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਭੇਟ ਕੀਤੀ ਗਈ



*ਖੱਬਿਉਂ ਸੱਜੇ-ਸ. ਕਰਮਜੀਤ ਸਿੰਘ, ਸ. ਜਸਪਾਲ ਸਿੰਘ ਢਿੱਲੋਂ, ਡਾ. ਤਰਲੋਚਨ ਸਿੰਘ ਨਾਹਲ ਤੇ ਡਾ. ਕੇਹਰ ਸਿੰਘ ਕਿਤਾਬ ਰਿਲੀਜ਼ ਕਰਦੇ ਹੋਏ ਅਤੇ (ਹੇਠਾਂ) ਖੱਬਿਉਂ ਸੱਜੇ-ਡਾ. ਬਲਵੰਤ ਸਿੰਘ ਢਿੱਲੋਂ, ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ, ਡਾ. ਤਰਲੋਚਨ ਸਿੰਘ ਨਾਹਲ ਅਤੇ ਡਾ. ਰਘਬੀਰ ਸਿੰਘ ਬੈਂਸ*



ਅਤੇ ਜਥੇਦਾਰ ਵਲੋਂ ਡਾ. ਨਾਹਲ ਦਾ ਸ੍ਰੀ ਹਰਮੰਦਰ ਸਾਹਿਬ ਸਮੂਹ ਵਿਖੇ ਸਿਰੋਪਾਉ ਨਾਲ ਸਨਮਾਨ ਕੀਤਾ ਗਿਆ।

ਇਹ ਪੁਸਤਕ ਡਾ. ਨਾਹਲ ਦੀ 26 ਸਾਲ ਦੀ ਮਿਹਨਤ ਦਾ ਫਲ ਹੈ ਜਿਸ ਸਬੰਧੀ ਇਤਿਹਾਸਕ ਸਮਗਰੀ ਉਹ 1984 ਤੋਂ ਹੀ ਇਕਤਰ ਕਰ ਰਹੇ ਸਨ। ਇਹ ਪੁਸਤਕ ਉਨ੍ਹਾਂ ਦੇ ਪੀ. ਐਚ. ਡੀ. ਦੇ ਥੀਸਿਸ 'ਮੀਰੀ ਐਂਡ ਪੀਰੀ: ਰਿਲੀਜਨ ਐਂਡ ਪੌਲਿਟਿਕਸ ਇਨ ਸਿੱਖਇਜ਼ਮ ਵਿਦ ਸਪੈਸ਼ਲ ਰੈਫਰੈਂਸ ਟੂ ਦੀ ਸਿੱਖ ਸਟਰਗਲ (1947-1997) 'ਤੇ ਆਧਾਰਤ ਹੈ ਜੋ ਉਨ੍ਹਾਂ ਨੇ 1999 ਵਿਚ ਅਮਰੀਕਾ ਦੇ ਜਗਤ ਪ੍ਰਸਿੱਧ ਵਿਦਵਾਨ ਅਤੇ ਇਤਿਹਾਸਕਾਰ ਸਵਰਗੀ ਡਾ. ਨੋਇਲ ਕਿੰਗ ਦੀ ਦੇਖ ਰੇਖ ਹੇਠ ਕੀਤੀ ਸੀ। ਤਕਰੀਬਨ 600 ਸਫੇ ਦੀ ਸਿੰਘ ਬ੍ਰਦਰਜ਼, ਅੰਮ੍ਰਿਤਸਰ ਵਲੋਂ ਛਾਪੀ ਇਸ ਪੁਸਤਕ ਵਿਚ ਡਾ. ਨਾਹਲ ਨੇ ਸਿੱਧ ਕੀਤਾ ਹੈ ਕਿ ਮੀਰੀ-ਪੀਰੀ ਦਾ ਸਿਧਾਂਤ ਅਸਲ ਵਿਚ ਗੁਰੂ ਨਾਨਕ ਦੇਵ ਜੀ ਦੀ ਹੀ ਦੇਣ ਹੈ। ਡਾ. ਨਾਹਲ ਨੇ ਸਿੱਖ ਸੰਘਰਸ਼ ਨੂੰ 1849 ਤੋਂ ਲੈ ਕੇ ਹੁਣ ਤੱਕ ਦੇ 14 ਪੜਾਵਾਂ ਵਿਚ ਵੰਡਿਆ ਹੈ ਅਤੇ ਸਿੱਖ ਸਟੇਟ ਦੀ ਮੰਗ ਸਬੰਧੀ ਡੂੰਘੀ ਖੋਜ ਕੀਤੀ ਹੈ। ਉਹ ਪਹਿਲੇ ਸਿੱਖ ਇਤਿਹਾਸਕਾਰ ਹਨ ਜਿਨ੍ਹਾਂ ਨੇ ਸ਼ਬਦ "ਖਾਲਿਸਤਾਨ" 1946 ਦੀਆਂ ਬ੍ਰਿਟਿਸ਼ ਸਰਕਾਰ ਦੀਆਂ ਖੁਫੀਆ ਫਾਈਲ਼ਾਂ ਵਿਚੋਂ ਲੱਭਿਆ ਹੈ ਅਤੇ ਸਾਬਤ ਕੀਤਾ ਹੈ ਕਿ ਸਿੱਖਾਂ ਵਿਚ ਸਿੱਖ ਰਾਜ ਨੂੰ ਮੁੜ ਸਥਾਪਤ ਕਰਨ ਦੀ ਇੱਛਾ ਹਮੇਸ਼ਾ ਹੀ ਰਹੀ ਹੈ ਜੋ ਕਿ 1921 ਦੇ ਸਮੇਂ ਵਿਚ ਵੀ ਕਾਫੀ ਪ੍ਰਬਲ ਸੀ ਅਤੇ ਸਿੱਖ ਸੰਘਰਸ਼ 1984 ਤੋਂ ਹੀ ਨਹੀਂ ਸ਼ੁਰੂ ਹੋਇਆ। ਇਸ ਪੁਸਤਕ ਵਿਚ ਨਿਰੰਕਾਰੀ ਕਾਂਡ (1978) ਅਤੇ 1984 ਦੇ ਸ੍ਰੀ ਦਰਬਾਰ ਸਾਹਿਬ ਤੇ ਹੋਏ ਹਮਲੇ ਬਾਰੇ ਭਰਪੂਰ ਜਾਣਕਾਰੀ ਦਿੱਤੀ ਗਈ ਹੈ। ਇਨ੍ਹਾਂ ਘਟਨਾਵਾਂ ਨਾਲ ਪ੍ਰਭਾਵਤ ਬਹੁਤ ਸਾਰੇ ਸਿੰਘਾਂ ਨਾਲ ਮੁਲਾਕਾਤਾਂ ਵੀ ਛਾਪੀਆਂ ਗਈਆਂ ਹਨ ਜੋ ਕਿ ਇਤਿਹਾਸਕ ਪੱਖ ਤੋਂ ਬਹੁਤ ਮਹਤਵਪੂਰਨ ਹਨ। ਇਸ ਤੋਂ ਇਲਾਵਾ ਇਸ ਪੁਸਤਕ ਵਿਚ ਅਨੇਕਾਂ ਨਵੇਂ ਇਤਿਹਾਸਕ ਦਸਤਾਵੇਜ਼ ਸ਼ਾਮਲ ਕੀਤੇ ਹਨ ਜੋ ਪਹਿਲਾਂ ਕਿਸੇ ਵੀ ਸਿੱਖ ਵਿਦਵਾਨ ਨੇ ਨਹੀਂ ਪੇਸ਼ ਕੀਤੇ। ਡਾ. ਨਾਹਲ ਨਾਲ ਸੰਪਰਕ ਫੋਨ 408-972-2400 ਰਾਹੀਂ ਕੀਤਾ ਜਾ ਸਕਦਾ ਹੈ।

## ਜਨਮ ਦਿਨ ਮੁਬਾਰਕ



**ਪਰਦੀਪ ਸਿੰਘ ਢੰਡ ਨੂੰ ਜਨਮ ਦਿਨ ਦੀ ਬਹੁਤ ਬਹੁਤ ਵਧਾਈ**

ਵਲੋਂ
ਦਰਸ਼ਨ ਸਿੰਘ ਢੰਡ ਤੇ
ਕਮਲਜੀਤ ਕੌਰ ਢੰਡ







# ਸਫਲ ਰਹੀ ਅਕਾਲੀ ਦਲ ਅੰਮ੍ਰਿਤਸਰ ਦੀ ਕੌਮਾਂਤਰੀ ਕਾਨਫਰੰਸ

**> 29 ਅਪਰੈਲ ਨੂੰ "ਨੈਸ਼ਨਲ ਖਾਲਿਸਤਾਨ ਡੇਅ" ਕਰਾਰ**
**> ਭਾਰਤ ਆਪਣੇ ਸੰਵਿਧਾਨ ਦਾ ਬੋਝ ਹੀ ਨਹੀਂ ਚੁੱਕ ਸਕਦਾ...ਇਮਾਨ ਸਿੰਘ ਮਾਨ**

**ਨਿਊ ਜਰਸੀ:** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵਲੋਂ ਇਥੇ "ਸਿੱਖ ਨਸਲਕੁਸ਼ੀ ਅਤੇ ਖਾਲਿਸਤਾਨ ਦੀ ਲੋੜ" ਵਿਸ਼ੇ ਉਤੇ ਕਰਵਾਈ ਗਈ ਕੌਮਾਂਤਰੀ ਕਾਨਫਰੰਸ ਵਿਚ ਵੱਖ ਵੱਖ ਬੁਲਾਰਿਆਂ ਨੇ ਜਿਥੇ ਭਾਰਤ ਅੰਦਰ ਸਿੱਖਾਂ ਨਾਲ ਹੋ ਰਹੇ 'ਨਿਰੰਤਰ ਵਿਤਕਰੇ' ਦੀ ਗੱਲ ਕੀਤੀ, ਉਥੇ ਸਿੱਖ ਨਸਲਕੁਸ਼ੀ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਦੀ ਮੰਗ ਵੀ ਕੀਤੀ। ਇਸ ਦੇ ਨਾਲ ਹੀ ਸਿੱਖਾਂ ਲਈ ਇਕ ਆਜ਼ਾਦ ਖਿੱਤੇ ਦੀ ਮੰਗ ਲਈ ਸੰਘਰਸ਼ ਜਾਰੀ ਰੱਖਣ ਦਾ ਤਹੱਈਆ ਕੀਤਾ ਗਿਆ। ਇਸ ਮੌਕੇ ਪਾਸ ਕੀਤੇ ਗਏ ਇਕ ਮਤੇ ਰਾਹੀਂ 29 ਅਪਰੈਲ 1986 ਦੇ ਖਾਲਿਸਤਾਨ ਦੇ ਐਲਾਨਨਾਮੇ ਦੇ ਆਧਾਰ 'ਤੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਸਮਰਪਿਤ ਹੁੰਦਿਆਂ ਹਰ ਸਾਲ 29 ਅਪਰੈਲ ਦੇ ਦਿਹਾੜੇ ਨੂੰ "ਨੈਸ਼ਨਲ ਖਾਲਿਸਤਾਨ ਡੇਅ" ਕਰਾਰ ਦਿੱਤਾ ਗਿਆ ਅਤੇ ਕੌਮਾਂਤਰੀ ਪੱਧਰ ਉਤੇ 29 ਅਪਰੈਲ ਨੂੰ "ਨੈਸ਼ਨਲ ਖਾਲਿਸਤਾਨ ਡੇਅ" ਮਨਾਉਣ ਦਾ ਫੈਸਲਾ ਕੀਤਾ ਗਿਆ।

ਇਹ ਵੀ ਮੰਗ ਕੀਤੀ ਗਈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆ ਰਹੀਆਂ ਚੋਣਾਂ ਵਿਚ ਭਾਰਤ ਤੋਂ ਬਾਹਰ ਵਸਦੇ ਸਿੱਖਾਂ ਨੂੰ ਨੁਮਾਇੰਦਗੀ ਦੇਣ ਦੇ ਉਪਰਾਲੇ ਕੀਤੇ ਜਾਣ।

ਕਾਨਫਰੰਸ ਦਾ ਅਰੰਭ ਗੁਰੂ ਚਰਨਾਂ ਵਿਚ ਅਰਦਾਸ ਦੇ ਰੂਪ ਵਿਚ "ਗਗਨ ਦਮਾਮਾ ਬਾਜਿਓ ਪਰਿਓ ਨਿਸ਼ਾਨੇ ਘਾਓ" ਦੇ ਗਾਇਨ ਨਾਲ ਹੋਇਆ। ਇਕ ਛੋਟੀ ਬੱਚੀ ਲਵਲੀਨ ਕੌਰ ਨੇ ਅਮਰੀਕਾ ਦਾ ਕੌਮੀ ਤਰਾਨਾ ਗਾਇਆ ਅਤੇ "ਗੌਡ ਬਲੈਸ ਅਮੈਰਿਕਾ" ਤੇ "ਖਾਲਿਸਤਾਨ ਜ਼ਿੰਦਾਬਾਦ" ਦੇ ਨਾਹਰੇ ਨਾਲ ਕਾਨਫਰੰਸ ਦਾ ਡੰਕਾ ਵੱਜਿਆ। ਸ. ਅਵਤਾਰ ਸਿੰਘ ਹੇਅਰ ਨੇ ਇਸ ਮੌਕੇ ਸਭ ਨੂੰ ਜੀ ਆਇਆਂ ਕਿਹਾ ਅਤੇ ਕਾਨਫਰੰਸ ਵਿਚ ਕੌਮ ਦੀ ਚੜ੍ਹਦੀ ਕਲਾ ਦੀ ਕਾਮਨਾ ਕੀਤੀ। ਕਾਨਫਰੰਸ ਸਰੋਤਿਆਂ ਦੀ ਹਾਜਰੀ ਅਤੇ ਵਖ ਵਖ ਬੁਲਾਰਿਆਂ ਵਲੋਂ ਗੰਭੀਰ ਚਰਚਾ ਦੇ ਪੱਖੋਂ ਆਪਣੇ ਮਿਸ਼ਨ ਵਿਚ ਸਫਲ ਰਹੀ।

ਇਸ ਕਾਨਫਰੰਸ ਵਿਚ ਉਚੇਚੇ ਤੌਰ 'ਤੇ ਪੰਜਾਬ ਤੋਂ ਪਹੁੰਚੇ ਸ. ਸਿਮਰਨਜੀਤ ਸਿੰਘ ਮਾਨ ਦੇ ਸਪੁੱਤਰ ਅਤੇ ਅਕਾਲੀ ਦਲ (ਅੰਮ੍ਰਿਤਸਰ) ਦੇ ਯੂਥ ਵਿੰਗ ਦੇ ਸਰਪ੍ਰਸਤ ਸ. ਇਮਾਨ ਸਿੰਘ ਮਾਨ ਨੇ ਹਾਜਰ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਖਾਲਿਸਤਾਨ ਬਾਰੇ ਤੁਹਾਡੇ ਵੱਲੋਂ ਵਿੱਢੀ ਲਹਿਰ ਸਿੱਖ ਕੌਮ ਦੀ ਆਜ਼ਾਦੀ ਲਈ ਚਾਹਤ ਦਾ ਪ੍ਰਗਟਾਵਾ ਹੈ। ਸ. ਮਾਨ ਨੇ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਸਿੱਖ ਕੌਮ ਦੀਆਂ ਕੁਰਬਾਨੀਆਂ ਅਤੇ ਸਿੱਖਾਂ ਦੀ ਹਿੰਦੁਸਤਾਨ ਦੀਆਂ ਵੱਖ ਵੱਖ ਸਰਕਾਰਾਂ ਵੱਲੋਂ ਕੀਤੀ ਨਸਲਕੁਸ਼ੀ ਬਾਬਤ ਦੱਸਦਿਆਂ ਕਿਹਾ ਕਿ ਜੇਕਰ ਸਿੱਖ ਕੌਮ ਇਸੇ ਤਰ੍ਹਾਂ ਬਿਨਾਂ ਕਿਸੇ ਠੋਸ ਪ੍ਰੋਗਰਾਮ ਦੇ ਸੈਂਟਰ ਵਲੋਂ ਪਾਈ ਬੁਰਕੀ ਵੱਲ ਵੇਖਦੀ ਰਹੀ ਤਾਂ ਕਦੇ ਵੀ ਉਸ ਦਾ ਆਪਣਾ ਘਰ ਬਣਾਉਣ ਦਾ ਸੁਪਨਾ ਪੂਰਾ ਨਹੀਂ ਹੋ ਸਕਣਾ। ਉਨ੍ਹਾਂ ਕਿਹਾ ਕਿ ਸ. ਸਿਮਰਨਜੀਤ ਸਿੰਘ ਮਾਨ ਨੇ ਹਿੰਦੁਸਤਾਨ ਦੀ ਧਰਤੀ 'ਤੇ ਰਹਿ ਕੇ "ਖਾਲਿਸਤਾਨ" ਦੀ ਆਵਾਜ਼ ਬੁਲੰਦ ਕਰਨ ਦਾ ਜੋ ਬੀੜਾ ਚੁੱਕਿਆ ਹੈ। ਸਾਰੀ ਕੌਮ ਨੂੰ ਇੱਕ ਜੁੱਟ ਹੋ ਕੇ ਉਨ੍ਹਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਕੌਮ ਲਈ ਆਪਣਾ ਘਰ ਬਣਾਉਣ ਦਾ ਸੁਪਨਾ ਸਾਕਾਰ ਕਰਨਾ ਚਾਹੀਦਾ ਹੈ।

ਸਿੱਖ ਨਸਲਕੁਸ਼ੀ ਦੀ ਗੱਲ ਕਰਦਿਆਂ ਉਨ੍ਹਾਂ ਆਖਿਆ ਕਿ ਨਵੰਬਰ 1984 ਦੀ ਸਿੱਖ ਨਸਲਕੁਸ਼ੀ ਲਈ ਕਾਂਗਰਸ ਭਾਜਪਾ ਨੂੰ ਜ਼ਿੰਮੇਵਾਰ ਠਹਿਰਾ ਰਹੀ ਹੈ ਅਤੇ ਭਾਜਪਾ ਕਾਂਗਰਸ ਨੂੰ ਜਦੋਂ ਕਿ ਹਕੀਕਤ ਵਿਚ ਇਨ੍ਹਾਂ ਦੋਹਾਂ ਪਾਰਟੀਆਂ ਅੰਦਰਲਾ ਹਿੰਦੂਵਾਦੀ ਅੰਸ਼ ਇਸ ਲਈ ਜ਼ਿੰਮੇਵਾਰ ਹੈ। ਸਾਡੇ ਵਾਸਤੇ ਇਹ ਦੋਵੇਂ ਇੱਕੋ ਰੂਹ ਦੇ ਦੋ ਵੱਖ ਵੱਖ ਚਿਹਰੇ ਹਨ। ਸਾਨੂੰ ਭੰਬਲਭੂਸੇ ਵਿਚ ਨਹੀਂ ਪੈਣਾ ਚਾਹੀਦਾ।

ਸ. ਮਾਨ ਨੇ ਕਿਹਾ ਕਿ ਭਾਰਤ ਵਿਚ ਸਿੱਖਾਂ ਦੀ ਨਸਲਕੁਸ਼ੀ ਇਸ ਦੇ ਹੀ ਕਾਨੂੰਨ ਦੇ ਉਲਟ ਹੈ। ਕਾਨੂੰਨ ਕਹਿੰਦਾ ਹੈ ਘੱਟ ਗਿਣਤੀਆਂ ਦੀ ਰਾਖੀ ਕਰੋ ਜਦੋਂ ਕਿ ਹਕੀਕਤ ਵਿਚ ਇਹ ਘੱਟ ਗਿਣਤੀ ਕੌਮ ਨੂੰ ਖਤਮ ਕਰਨ 'ਤੇ ਤੁਲੇ ਹੋਏ ਹਨ। ਬੜੇ ਜਜ਼ਬਾਤੀ ਹੁੰਦਿਆਂ ਸ. ਮਾਨ ਨੇ ਕਿਹਾ ਕਿ ਇਹ ਦੇਸ਼ ਆਪਣੇ ਸੰਵਿਧਾਨ ਦਾ ਬੋਝ ਹੀ ਨਹੀਂ ਚੁੱਕ ਸਕਦਾ, ਐਨਾ ਕਮਜ਼ੋਰ ਹੈ ਇਹ। ਸਾਨੂੰ ਆਪਣਾ ਦੇਸ਼ ਘੜਨਾ ਹੀ ਪੈਣਾ ਹੈ ਕਿਉਂਕਿ ਇਹ ਫੇਲ੍ਹ ਹੋ ਚੁੱਕਾ ਮੁਲਕ ਹੈ। ਅਖੀਰ ਵਿਚ ਉਨ੍ਹਾਂ ਖਾਲਿਸਤਾਨ ਦੇ 5 ਅਸਮਾਨ ਗੁੰਜਾਊ ਨਾਹਰੇ ਲਾ ਕੇ ਕੌਮੀ ਰੂਹਾਨੀਅਤ ਨੂੰ ਜੋਸ਼ ਪ੍ਰਦਾਨ ਕੀਤਾ।

ਨੌਜੁਆਨ ਕਾਨੂੰਨਦਾਨ ਅਜੀਤ ਸਿੰਘ ਹੇਅਰ ਨੇ ਇਸ ਮੌਕੇ ਨਸਲਕੁਸ਼ੀ ਦੀ ਵਿਆਖਿਆ ਕਰਦਿਆਂ ਦੱਸਿਆ ਕਿ ਕਿਸ ਤਰ੍ਹਾਂ ਪਿਛਲੇ ਸਮੇਂ ਵਿਚ ਯੋਜਨਾਬੱਧ ਢੰਗ ਨਾਲ ਭਾਰਤ ਵਿਚ ਸਿੱਖਾਂ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ ਗਈ। ਪੰਜਾਬੀ ਭਾਸ਼ਾ 'ਤੇ ਹਮਲੇ ਅਤੇ ਨੌਜੁਆਨਾਂ ਵਿਚ ਹਿੰਦੀ ਬੋਲਣ ਦੀ ਲੱਗੀ ਦੌੜ ਲਈ ਭਾਰਤੀ ਨਿਜ਼ਾਮ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਉਨ੍ਹਾਂ ਕਿਹਾ ਕਿ ਇਹ ਸਾਨੂੰ ਪੰਜਾਬੀ ਕਰਕੇ ਖਤਮ ਨਹੀਂ ਕਰਨਾ ਚਾਹੁੰਦਾ, ਬਲਕਿ ਸਿੱਖ ਹੋਣ ਕਰਕੇ ਖਤਮ ਕਰਨਾ ਚਾਹੁੰਦਾ ਹੈ।

ਅਕਾਲੀ ਦਲ (ਅੰਮ੍ਰਿਤਸਰ) ਦੇ ਕੌਮੀ ਜਨਰਲ ਸਕੱਤਰ ਅਜੀਤ ਸਿੰਘ ਆਲੋਅਰਖ ਨੇ ਕਿਹਾ ਕਿ ਪਾਰਟੀ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਸੰਨ 1984 ਤੋਂ ਸਿੱਖਾਂ ਦੀ ਆਜ਼ਾਦੀ ਲਈ ਅੱਗੇ ਹੋ ਕੇ ਲੜ ਰਹੇ ਹਨ ਅਤੇ ਉਨ੍ਹਾਂ ਨੂੰ ਕਾਂਗਰਸ ਅਤੇ ਅਕਾਲੀ ਸਰਕਾਰਾਂ ਵੇਲੇ ਅਨੇਕਾਂ ਕੇਸਾਂ ਦਾ ਸਾਹਮਣਾ ਕਰਦਿਆਂ ਤਸ਼ੱਦਦ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸ. ਆਲੋਆਰਖ ਨੇ ਕਿਹਾ ਕਿ ਜੋ ਸਾਡੇ ਵੀਰ ਸਿੱਖ ਕੌਮ ਦੀ ਨਸਲਕੁਸ਼ੀ ਕਰਨ ਵਾਲਿਆਂ ਨੂੰ ਏਅਰ ਪੋਰਟਾਂ ਤੇ ਰਸੀਵ ਕਰਨ ਜਾਂਦੇ ਹਨ, ਇਕ ਵਾਰੀ ਆਪਣੇ ਮਨਾਂ ਅੰਦਰ ਝਾਤ ਜਰੂਰ ਮਾਰਨ ਕਿ ਉਹ ਕੌਮ ਨਾਲ ਗੱਦਾਰੀ ਤਾਂ ਨਹੀਂ ਕਰ ਰਹੇ। ਇੱਕ ਪਾਸੇ ਸਿੱਖ ਬੀਬੀਆਂ ਜਿਨ੍ਹਾਂ ਨੂੰ 1984 ਵਿਚ ਹਿੰਦੁਸਤਾਨ ਦੀ ਧਰਤੀ ਉਤੇ ਵਿਧਵਾ ਬਣਾਇਆ ਗਿਆ ਅੱਜ ਵੀ ਵਿਧਵਾ ਕਲੋਨੀ, ਦਿੱਲੀ ਵਿਚ ਸਿੱਖ ਕੌਮ ਦੇ ਮੱਥੇ ਉਤੇ ਕਲੰਕ ਹੈ ਦੂਜੇ ਪਾਸੇ ਸਾਡੇ ਲੋਕ ਉਨ੍ਹਾਂ ਲੀਡਰਾਂ ਨਾਲ ਫੋਟੋਆਂ ਖਿਚਵਾਉਂਦੇ ਹਨ ਅਤੇ ਗੁਰਦੁਆਰਿਆਂ ਵਿਚ ਬੁਲਾ ਕੇ ਸਨਮਾਨਿਤ ਕਰਦੇ ਹਨ। ਸ. ਆਲੋਅਰਖ ਨੇ ਬਾਦਲ ਦਾ ਜਨਮ ਦਿਨ ਮਨਾਉਣ ਲਈ ਗੁਰੂ ਘਰਾਂ ਦੀਆਂ ਗੋਲਕਾਂ ਵਰਤੇ ਜਾਣ ਦਾ ਵਿਰੋਧ ਕਰਦਿਆਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਨੂੰ ਸੁਹਿਰਦ ਸਿੱਖਾਂ ਦੇ ਹੱਥਾਂ ਵਿਚ ਦੇਣ ਦੀ ਲੋੜ ਹੈ।

ਕੈਲੀਫੋਰਨੀਆ ਤੋਂ ਕਾਨਫਰੰਸ ਵਿਚ ਉਚੇਚੇ ਪਹੁੰਚੇ ਅਮਰੀਕਨ ਗੁਰਦੁਆਰਾ ਕੌਂਸਲ ਦੇ ਪ੍ਰਧਾਨ ਭਾਈ ਰਾਮ ਸਿੰਘ ਨੇ ਕਿਹਾ ਕਿ ਗੁਰਬਾਣੀ ਵਿਚ ਤਾਂ ਆਜ਼ਾਦੀ ਦੀ ਗੱਲ ਵਾਰ ਵਾਰ ਹੁੰਦੀ ਹੈ। "ਜੇ ਜੀਵੈ ਪਤਿ ਲੱਥੀ ਜਾਏ ਸਭ ਹਰਾਮ ਜੇਤਾ ਕਿਛ ਖਾਇ" ਭਾਵ ਅਸੀਂ ਅਜੇ ਵੀ ਗੁਲਾਮ ਹਾਂ, ਸਾਨੂੰ ਆਜ਼ਾਦੀ ਦੀ ਵਿਚਾਰ ਨੂੰ ਅੱਗੇ ਤੋਰਨਾ ਚਾਹੀਦਾ ਹੈ। ਖਾਲਿਸਤਾਨ ਦਾ ਸੰਕਲਪ ਬੜਾ ਸਰਲ ਹੈ ਜਿਵੇਂ ਜੇ ਜੱਟ ਦੇ ਦੋ ਪੁੱਤ ਹੋਣ ਤੇ ਬਾਪ ਇੱਕ ਨੂੰ ਜ਼ਿਆਦਾ ਜਾਇਦਾਦ ਦੇ ਦੇਵੇ ਤਾਂ ਉਥੇ ਛਿੱਤਰ ਖੜਕਣਾ ਹੀ ਖੜਕਣਾ ਹੈ। ਉਨ੍ਹਾਂ ਮਾਰਟਿਨ ਲੂਥਰ ਕਿੰਗ ਦੇ ਕਥਨ ਸਾਂਝੇ ਕਰਦਿਆਂ ਕਿਹਾ ਕਿ ਬੇਇਨਸਾਫੀ ਕਿਤੇ ਵੀ ਹੋਵੇ, ਹਰ ਥਾਂ ਇਨਸਾਫ ਲਈ ਖਤਰਾ ਹੈ।




ਇਮਾਨ ਸਿੰਘ ਮਾਨ



ਬੂਟਾ ਸਿੰਘ ਖੜੌਂਦ



ਸ. ਆਲੋਅਰਖ



ਜੀ ਐਸ ਔਲਖ



ਰਾਮ ਸਿੰਘ



ਰਜਭਿੰਦਰ ਬਦੇਸ਼ਾ



ਸੁਖਦੇਵ ਗਿੱਲ



ਐਸ ਹੰਸਰਾ

ਸ. ਰੇਸ਼ਮ ਸਿੰਘ ਬੇਕਰਜ਼ਫੀਲਡ, ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ ਵੈਸਟ ਕੋਸਟ ਨੇ ਸ. ਈਮਾਨ ਸਿੰਘ ਮਾਨ ਦੇ ਵਿਚਾਰਾਂ ਨਾਲ ਸਹਿਮਤ ਹੁੰਦਿਆਂ ਪੇਸ਼ਕਸ਼ ਕੀਤੀ ਕਿ ਆਉਣ ਵਾਲੇ ਸਮੇਂ ਅੰਦਰ ਕੈਲੀਫੋਰਨੀਆ ਦੀ ਧਰਤੀ ਉਤੇ ਇੱਕ ਇਤਿਹਾਸਿਕ ਇਕੱਠ ਕੀਤਾ ਜਾਵੇਗਾ ਜੋ ਕਿ ਗਦਰੀ ਬਾਬਿਆਂ ਦੀ ਤਰਜ਼ ਤੇ ਕੰਮ ਕਰੇਗਾ ਅਤੇ ਸਿੱਖ ਕੌਮ ਦਾ ਆਪਣਾ ਘਰ "ਖਾਲਿਸਤਾਨ" ਬਣਾਉਣ ਲਈ ਮੀਲ ਪੱਥਰ ਸਾਬਤ ਹੋਵੇਗਾ। ਉਨ੍ਹਾਂ ਕਿਹਾ ਕਿ ਸਿੱਖਾਂ ਨੂੰ ਪੈਰ ਪੈਰ ਉਤੇ ਬੇਇਨਸਾਫੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜਦੋ ਵੀ ਕੋਈ ਭਾਰਤੀ ਕੌਂਸਲਖਾਨੇ ਵਿਚ ਪਾਸਪੋਰਟ ਜਾਂ ਵੀਜ਼ਾ ਲੈਣ ਜਾਂਦਾ ਹੈ ਤਾਂ ਉਸ ਨੂੰ ਇਹ ਕਹਿ ਕੇ ਜ਼ਲੀਲ ਕੀਤਾ ਜਾਂਦਾ ਹੈ ਕਿ ਉਸ ਨੇ ਅਸਾਇਲਮ ਲਈ ਹੋਈ ਹੈ। ਜਦੋਂ ਉਹੀ ਵਿਅਕਤੀ 5-6 ਹਜ਼ਾਰ ਡਾਲਰ ਦੇ ਦਿੰਦਾ ਹੈ ਤਾਂ ਉਸ ਨੂੰ ਨਵਾਂ ਪਾਸਪੋਰਟ ਵੀ ਦਿੱਤਾ ਜਾਂਦਾ ਹੈ ਅਤੇ ਯੂ.ਐਸ. ਪਾਸਪੋਰਟ ਤੇ ਵੀਜ਼ਾ ਰਿਸ਼ਵਤ ਲੈ ਕੇ ਲਗਾ ਦਿੱਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ (ਅੰਮ੍ਰਿਤਸਰ) ਪਹਿਲਾਂ ਅਕਾਲੀ ਦਲ (ਮਾਨ) ਦੇ ਨਾ ਉਤੇ ਲੱਖਾਂ ਲੋਕਾਂ ਨੇ ਸਿਆਸੀ ਪਨਾਹ ਵੱਖ ਵੱਖ ਮੁਲਕਾਂ ਵਿਚ ਲੈ ਲਈ ਪਰ ਜਦੋਂ ਪਾਰਟੀ ਵੱਲੋਂ ਉਨ੍ਹਾਂ ਕੋਲ ਪਹੁੰਚ ਕਰ ਕੇ ਮੱਦਦ ਮੰਗੀ ਜਾਂਦੀ ਹੈ ਤਾਂ ਉਹ ਸ. ਮਾਨ ਅਤੇ ਪਾਰਟੀ ਦੇ ਖਿਲਾਫ ਬੋਲਣ ਲੱਗ ਜਾਂਦੇ ਹਨ। ਇਹ ਅਕ੍ਰਿਤਘਣਤਾ ਜੇਕਰ ਕੌਮ ਦੇ ਅੰਦਰੋ ਦੂਰ ਹੋ ਗਈ ਤਾਂ ਜਰੂਰ ਮੰਜ਼ਿਲ ਏ ਮਕਸੂਦ ਤੇ ਪਹੁੰਚਿਆ ਜਾ ਸਕਦਾ ਹੈ।

ਇੰਗਲੈਂਡ ਤੋਂ ਆਏ ਪੱਤਰਕਾਰ ਜਸਪਾਲ ਸਿੰਘ ਬੈਂਸ ਨੇ ਆਜ਼ਾਦੀ ਦੀ ਗੱਲ ਕਰਦਿਆਂ ਖਾਲਿਸਤਾਨ ਵਿਚ ਇਲਾਕੇ, ਵਸੋਂ, ਆਰਥਿਕਤਾ, ਸੰਵਿਧਾਨ, ਫੌਜ, ਪੁਲਿਸ ਅਤੇ ਨਿਆਂਪਾਲਿਕਾ ਦੇ ਪ੍ਰਬੰਧ ਦਾ ਜ਼ਿਕਰ ਕੀਤਾ। ਟੋਰਾਂਟੋ ਤੋਂ ਵਿਸ਼ੇਸ਼ ਤੌਰ 'ਤੇ ਪੁੱਜੇ ਸ. ਮਨੋਹਰ ਸਿੰਘ ਬੱਲ ਨੇ ਇਸ ਮੌਕੇ ਕਿਹਾ ਕਿ ਸਾਡੀ ਦਿੱਖ, ਸਾਡੇ ਸਰੂਪ, ਸਾਡੇ ਧਰਮ ਅਤੇ ਸਾਡੀ ਬੋਲੀ 'ਤੇ ਹਮਲੇ ਹੋ ਰਹੇ ਹਨ। ਭਾਰਤ ਦਾ ਸੰਵਿਧਾਨ ਸਾਡੀ ਹੋਂਦ ਤੋਂ ਇਨਕਾਰੀ ਹੈ। ਸਾਨੂੰ ਡਰ ਰਹਿਤ ਹੋ ਕੇ ਸਰਕਾਰ ਵਲੋਂ ਕੀਤੇ ਜਾ ਰਹੇ ਹਮਲਿਆਂ ਖਿਲਾਫ ਬੋਲਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਕੈਨੇਡੀਅਨ ਐਮ ਪੀ ਉਜਲ ਦੁਸਾਂਝ ਪਿਛਲੇ 26 ਸਾਲਾਂ ਤੋਂ ਸਿੱਖ ਕੌਮ ਤੇ ਸ਼ਬਦਾਂ ਦੇ ਬਾਣ ਕਸ ਰਿਹਾ ਹੈ ਪਰ ਪਿਛਲੇ 6 ਮਹੀਨਿਆਂ ਤੋਂ ਅਸੀਂ ਉਸ ਨੂੰ ਚੈਲਿੰਜ ਕੀਤਾ ਹੋਇਆ ਹੈ ਕਿ ਉਹ ਅਤੇ ਉਸ ਦੀ ਲਿਬਰਲ ਪਾਰਟੀ ਸਾਡੇ ਨਾਲ ਬੈਠ ਕੇ ਉਸ ਵਲੋਂ ਕੀਤੀ ਜਾ ਰਹੀ ਬਿਆਨਬਾਜ਼ੀ ਬਾਰੇ ਵਿਚਾਰਾਂ ਕਰਨ। ਹੁਣ ਤੱਕ ਉਨ੍ਹਾਂ ਵਲੋਂ ਅਜਿਹਾ ਨਹੀਂ ਕੀਤਾ ਗਿਆ। ਪਾਰਟੀ ਨੇ ਉਸ ਦਾ ਮੂੰਹ ਬੰਦ ਕੀਤਾ ਹੋਇਆ ਹੈ। ਉਨ੍ਹਾਂ ਉਤਰੀ ਅਮਰੀਕਾ ਵਿਚ ਸਿੱਖ ਭਾਈਚਾਰੇ ਦੀ ਅਗਵਾਈ ਲਈ ਕਿਸੇ ਸਾਰਥਕ ਅਦਾਰੇ ਦੀ ਲੋੜ ਉਤੇ ਜ਼ੋਰ ਦਿੰਦਿਆਂ ਕਿਹਾ ਕਿ ਸਾਡੇ ਕੋਲ ਗੁਰਦੁਆਰੇ ਹਨ ਪਰ ਮੁਸ਼ਕਲਾਂ ਹੱਲ ਕਰਵਾਉਣ ਲਈ ਸਾਡੇ ਕੋਲ ਇੰਤਜ਼ਾਮੀਆ ਢਾਂਚਾ ਨਹੀਂ ਹੈ। ਸਾਨੂੰ 50 ਅਜਿਹੇ ਵਿਅਕਤੀਆਂ ਦੀ ਲੋੜ ਹੈ ਜੋ ਕੌਮ ਦੇ ਕੰਮ ਕਰਨ ਲਈ ਹਮੇਸ਼ਾਂ ਤਿਆਰ ਹੋਣ।

ਇੰਗਲੈਂਡ ਤੋਂ ਆਏ ਮਾਸਟਰ ਅਵਤਾਰ ਸਿੰਘ ਨੇ ਪਿਛਲੇ ਲੰਮੇ ਸਮੇਂ ਤੋਂ ਸ. ਸਿਮਰਨਜੀਤ ਸਿੰਘ ਮਾਨ ਨਾਲ ਗੁਜ਼ਾਰੇ ਸਮੇਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਵਲੋਂ ਘਾਲੀ ਘਾਲਣਾ ਦਾ ਵਿਸਥਾਰ ਨਾਲ ਜ਼ਿਕਰ ਕੀਤਾ। ਫਰਾਂਸ ਤੋਂ ਆਏ ਭਾਈ ਚੈਨ ਸਿੰਘ ਨੇ ਆਜ਼ਾਦੀ ਲਈ ਸਿੱਖਾਂ ਦੀਆਂ ਕੁਰਬਾਨੀਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਸਾਡੀਆਂ ਕੁਰਬਾਨੀਆਂ ਦਾ ਕੋਈ ਮੁੱਲ ਨਹੀ ਪਿਆ।

ਵਾਸ਼ਿੰਗਟਨ ਡੀ ਸੀ ਤੋਂ ਕੌਂਸਲ ਆਫ ਖਾਲਿਸਤਾਨ ਦੇ ਪ੍ਰਧਾਨ ਡਾ. ਗੁਰਮੀਤ ਸਿੰਘ ਔਲਖ ਨੇ ਕਿਹਾ ਕਿ ਸੀ ਆਈ ਏ ਦੀ ਰਿਪੋਰਟ ਹੈ ਕਿ 2015 ਤੱਕ ਭਾਰਤ ਦਾ ਭਾਂਡਾ ਟੁੱਟ ਜਾਣਾ ਹੈ, ਇਸ ਲਈ 2015 ਤੱਕ ਖਾਲਿਸਤਾਨ ਆਜ਼ਾਦ ਹੋ ਜਾਣਾ ਹੈ। ਸ. ਔਲਖ ਨੇ ਕਿਹਾ ਕਿ ਹਰ ਗੁਰਦੁਆਰੇ ਵਿਚ ਅਰਦਾਸ ਤੋਂ ਬਾਅਦ ਖਾਲਿਸਤਾਨ ਦੇ ਪੰਜ ਨਾਹਰੇ ਲੱਗਣੇ ਚਾਹੀਦੇ ਹਨ ਤਾਂ ਕਿ ਇਹ ਆਜ਼ਾਦੀ ਦਾ ਸੰਘਰਸ਼ ਸਾਡੀ ਅਰਦਾਸ ਦਾ ਹਿੱਸਾ ਬਣ ਜਾਵੇ। ਉਨ੍ਹਾਂ ਖਾਲਿਸਤਾਨ ਜ਼ਿੰਦਾਬਾਦ ਦੇ 5 ਨਾਹਰੇ ਲਾ ਕੇ ਹਾਲ ਵਿਚ ਜਿੰਦਾਦਿਲੀ ਦਾ ਮਾਹੌਲ ਸਿਰਜ ਦਿੱਤਾ।

ਵਾਸ਼ਿੰਗਟਨ ਤੋਂ ਹੀ ਡਾ. ਪਰਮਜੀਤ ਸਿੰਘ ਅਜਰਾਵਤ ਨੇ ਕਿਹਾ ਕਿ ਪਿਛਲੇ 10 ਸਾਲਾਂ ਤੋਂ ਵਾਸ਼ਿੰਗਟਨ ਵਿਚ ਖਾਲਿਸਤਾਨ ਪ੍ਰੇਡ ਕੀਤੀ ਜਾ ਰਹੀ ਹੈ ਤੇ ਭਾਰਤ ਦੀ ਸਰਕਾਰ ਸਾਡਾ ਕੱਖ ਨਹੀਂ ਵਿਗਾੜ ਸਕੀ। ਉਨ੍ਹਾਂ ਆਪਣੀ ਪੁਸਤਕ ਵੀ ਸ. ਇਮਾਨ ਸਿੰਘ ਮਾਨ ਨੂੰ ਭੇਟ ਕੀਤੀ।

ਅੱਜ ਦੀ ਆਵਾਜ਼ ਰੇਡੀਓ ਦੇ ਸੰਚਾਲਕ ਸੁਖਦੇਵ ਸਿੰਘ ਗਿੱਲ ਨੇ ਇਸ ਮੌਕੇ ਕਿਹਾ ਕਿ ਨਸ਼ਲਕੁਸ਼ੀ ਕਰਨ ਵਾਲੇ ਸਮੇਂ ਦੇ ਜ਼ਾਲਮ ਹਾਕਮ ਇਹ ਭੁੱਲ ਜਾਂਦੇ ਹਨ ਕਿ ਜਿਸ ਕੌਮ ਨੂੰ ਮਾਰਨ ਦੀ ਸੋਚਣ ਲੱਗੇ ਹਨ ਇਸ ਨੂੰ ਖਤਮ ਕਰਨ ਵਾਲੇ ਖੁਦ ਵੀ ਖਤਮ ਹੋ ਜਾਣਗੇ। ਵੇਖਣ ਵਾਲੀ ਗੱਲ ਹੈ ਕਿ ਸਿਰਫ ਸਮਾਂ ਹੀ ਬਦਲਿਆ ਹੈ, ਚਿਹਰੇ ਮੋਹਰੇ ਬਦਲੇ ਹਨ, ਸਿੱਖਾਂ ਉਪਰ ਜ਼ੁਲਮ ਕਰਨ ਵਾਲੇ ਜ਼ਾਲਮਾਂ ਦੀ ਨੀਤੀ ਨਹੀਂ ਬਦਲੀ ਜਾਂ ਕਹਿ ਲਈਏ ਕਿ ਦਿੱਲੀ ਦੀ ਸੋਚ ਨਹੀਂ ਬਦਲੀ। ਉਨ੍ਹਾਂ ਇਸ ਗੱਲ ਉਤੇ ਜ਼ੋਰ ਦਿਤਾ ਕਿ ਖਾਲਿਸਤਾਨ ਦੀ ਪ੍ਰਾਪਤੀ ਲਈ ਜਥੇਬੰਦਕ ਏਕਾ, ਆਪਸੀ ਸਾਂਝ, ਹਮਖਿਆਲ ਜਥੇਬੰਦੀਆਂ ਨਾਲ ਮੰਜ਼ਿਲ ਦੀ ਪ੍ਰਾਪਤੀ ਲਈ ਸਾਂਝ ਬਹੁਤ ਜਰੂਰੀ ਹੈ। ਕਿਸੇ ਨੂੰ ਵੀ ਬਿਨਾਂ








ਵਜ੍ਹਾ ਗੱਦਾਰ ਕਹਿ ਕੇ ਕੌਮੀ ਸੰਘਰਸ਼ ਨਾਲੋ ਤੋੜਨਾ ਨਹੀ ਚਾਹੀਦਾ। ਸੁਖਦੇਵ ਸਿੰਘ ਗਿੱਲ ਨੇ ਕਿਹਾ ਕਿ ਇਹ ਕਾਨਫਰੰਸ ਸਿੱਖ ਕੌਮ ਦੀ ਨਸਲਕੁਸ਼ੀ ਵਾਲੇ ਕਾਤਲਾਂ ਦੀ ਲੰਮੇ ਸਮੇਂ ਤੱਕ ਦੀ ਨੀਂਦ ਹਰਾਮ ਕਰਦੀ ਰਹੇਗੀ।

ਟੋਰਾਂਟੋਂ ਤੋਂ ਪਹੁੰਚੇ ਸ. ਸੁਖਮਿੰਦਰ ਸਿੰਘ



ਹੰਸਰਾ ਨੇ ਕਿਹਾ ਕਿ ਸਿੱਖ ਨੂੰ ਗੁਰੂ ਨੇ ਸਿਧਾਂਤ ਬਖਸ਼ਿਆ ਹੈ ਕਿ 'ਚੂੰ ਕਰ ਅਜ਼ਹ ਹਮਾ ਹੀਲਤੇ ਦਰਗੁਸਤ ਹਲਾਲ ਅਸਰ ਬੁਰਦਨ ਬ ਸ਼ਮਸ਼ੀਰ ਦਸਤ।।" ਉਨ੍ਹਾਂ ਖਾਲਿਸਤਾਨ ਦੀ ਗੱਲ ਕਰਦਿਆਂ ਆਖਿਆ, "ਲੋਗ ਗੈਰੋਂ ਕੀ ਬਾਤ ਕਰਤੇ ਹੈਂ, ਹਮਨੇ ਅਪਨੇ ਭੀ ਆਜਮਾਏਂ ਹੈਂ, ਲੋਗ ਕਾਂਟੋਂ ਸੇ ਬਚ ਕਰ ਚਲਤੇ ਹੈਂ, ਹਮਨੇ ਫੂਲੋਂ ਸੇ ਜ਼ਖ਼ਮ ਖਾਏ ਹੈਂ।" ਅਸੀਂ ਇਸ ਬ੍ਰਾਹਮਣ ਨੂੰ ਫੁੱਲ ਸਮਝ ਕੇ ਸੰਨ '47 ਵਿਚ ਵਿਸ਼ਵਾਸ ਕਰ ਬੈਠੇ ਪਰ ਇਨ੍ਹਾਂ ਨੇ ਕੁੱਝ ਮਹੀਨੇ ਬਾਅਦ ਹੀ ਸਾਨੂੰ ਜ਼ਰਾਇਮਪੇਸ਼ਾ ਕਰਾਰ ਦੇਣ ਵਾਲਾ ਸਰਕੂਲਰ ਕੱਢ ਕੇ ਅਜਿਹੇ ਕੰਡੇ ਚੋਭੇ, ਜੋ ਅੱਜ ਵੀ ਸਾਨੂੰ ਚੀਸ ਦੇ ਰਹੇ ਹਨ।

ਸ. ਹੰਸਰਾ ਨੇ ਕਿਹਾ ਕਿ ਸਿੱਖ ਕੌਮ, ਇੱਕ ਆਜ਼ਾਦ ਕੌਮ ਹੈ। ਸਿੱਖ ਆਪਣੇ ਆਪ ਵਿਚ ਆਜ਼ਾਦ ਹਸਤੀ ਹੈ, ਇਸ ਨੂੰ ਗੁਲਾਮੀ ਕਬੂਲ ਨਹੀਂ ਹੈ। ਕੌਮਾਂ ਉਹੀ ਆਜ਼ਾਦੀ ਵੱਲ ਵੱਧ ਸਕਦੀਆਂ ਹਨ, ਜਿਹੜੀਆਂ ਆਪਣੇ ਜ਼ਿਹਨ ਵਿਚ ਆਜ਼ਾਦੀ ਦੇ ਫਲਸਫੇ ਨੂੰ ਉਕਰ ਲੈਂਦੀਆਂ ਹਨ।

ਉਨ੍ਹਾਂ ਮਿਸਾਲ ਦਿਤੀ ਕਿ ਕੈਨੇਡਾ ਵਿਚ ਕਿਊਬਿਕ ਨੂੰ ਆਜ਼ਾਦ ਕਰਵਾਉਣ ਲਈ ਜਦੋਜਹਿਦ ਚੱਲ ਰਹੀ ਹੈ। ਫਰਾਂਸੀਸੀਆਂ ਨੇ ਹਰ ਕਿਊਬਿਕ ਨਿਵਾਸੀ ਨੂੰ ਆਜ਼ਾਦੀ ਦੇ ਪ੍ਰਸਤਾਵ ਨਾਲ ਜੋੜਨ ਲਈ ਹਰ ਮੋਟਰ ਕਾਰ ਦੀ ਲਾਈਸੈਂਸ ਪਲੇਟ ਉਪਰ ਲਿੱਖ ਦਿੱਤਾ ਹੈ "ਝਇ ਮਏ ਸੋਵਇਨਸ" ਭਾਵ "ਮੈਨੂੰ ਯਾਦ ਹੈ।" ਫਰਾਂਸੀਸੀ ਲੋਕ ਹਰ ਰੋਜ਼ ਯਾਦ ਕਰਦੇ ਹਨ ਕਿ ਉਨ੍ਹਾਂ ਦਾ ਰਾਜ ਖੁੱਸਿਆ ਹੋਇਆ ਹੈ ਅਤੇ ਇੱਕ ਦਿਨ ਉਨ੍ਹਾਂ ਨੇ ਇਹ ਪ੍ਰਾਪਤ ਕਰਕੇ ਰਹਿਣਾ ਹੈ। ਸਿੱਖਾਂ ਨੂੰ ਵੀ ਇਹ ਗੱਲ ਚੇਤੇ ਰਖਣੀ ਚਾਹੀਦੀ ਹੈ।

ਕਾਨਫਰੰਸ ਦੇ ਅਖੀਰ ਵਿਚ ਜੈਕਾਰਿਆਂ ਦੀ ਗੂੰਜ ਨਾਲ 6 ਮਤੇ ਪਾਸ ਕੀਤੇ ਗਏ। ਇਨ੍ਹਾਂ ਮਤਿਆਂ ਵਿਚ ਅਕਾਲ ਤਖਤ ਵਲੋਂ ਸਿੱਖ ਕਤਲੇਆਮ ਨੂੰ "ਸਿੱਖ ਨਸਲਕੁਸ਼ੀ" ਘੋਸ਼ਿਤ ਕਰਨ ਦੀ ਪ੍ਰੋੜਤਾ ਕਰਦਿਆਂ ਇਨਸਾਫ ਲਈ ਜੱਦੋਜਹਿਦ ਜਾਰੀ ਰੱਖਣ ਦਾ ਪ੍ਰਣ ਲਿਆ ਗਿਆ। 29 ਅਪਰੈਲ 1986 ਦੇ ਖਾਲਿਸਤਾਨ ਦੇ ਐਲਾਨਨਾਮੇ ਦੇ ਆਧਾਰ ਤੇ ਇਸ ਦਿਹਾੜੇ ਨੂੰ "ਨੈਸ਼ਨਲ ਖਾਲਿਸਤਾਨ ਡੇਅ" ਕਰਾਰ ਦਿੰਦਿਆਂ ਕੌਮਾਂਤਰੀ ਪੱਧਰ 'ਤੇ "ਨੈਸ਼ਨਲ ਖਾਲਿਸਤਾਨ ਡੇਅ" ਵਜੋਂ ਮਨਾਉਣ ਦਾ ਫੈਸਲਾ ਲਿਆ ਗਿਆ, ਨਵੰਬਰ ਦੇ ਪਹਿਲੇ ਹਫਤੇ ਅੰਤਰਰਾਸ਼ਟਰੀ ਪੱਧਰ 'ਤੇ ਇੰਡੀਅਨ ਸਟੇਟ ਵਲੋਂ ਘੱਟ ਗਿਣਤੀ ਕੌਮਾਂ (ਸਿੱਖ, ਮੁਸਲਮਾਨ, ਈਸਾਈ ਅਤੇ ਕਸ਼ਮੀਰੀ) ਦੀ ਕੀਤੀ ਜਾ ਰਹੀ ਨਸ਼ਲਕੁਸ਼ੀ ਵਿਰੁੱਧ ਭਾਰਤੀ ਹਾਈ ਕਮਿਸ਼ਨਰਾਂ ਦੇ ਦਫਤਰਾਂ ਮੂਹਰੇ ਰੋਸ ਮੁਜਾਹਰੇ ਕਰਨ ਦਾ ਫੈਸਲਾ ਕੀਤਾ ਗਿਆ।

ਇਕ ਹੋਰ ਮਤੇ ਵਿਚ ਮੰਗ ਕੀਤੀ ਗਈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿਚ ਵਿਦੇਸ਼ਾਂ ਵਿਚ ਬੈਠੇ ਸਿੱਖਾਂ ਨੂੰ ਵੋਟ ਪਾਉਣ ਦਾ ਅਧਿਕਾਰ ਦਿੱਤਾ ਜਾਵੇ। ਇਕ ਵੱਖਰੇ ਮਤੇ ਵਿਚ ਵਿਦੇਸ਼ਾਂ ਦੀਆਂ ਯੂਨਿਟਾਂ ਵਲੋਂ ਸ. ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਵਿਚ ਪੂਰਨ ਭਰੋਸਾ ਪ੍ਰਗਟ ਕੀਤਾ ਗਿਆ ਅਤੇ ਪੰਜਾਬ ਅੰਦਰ ਖਾਲਿਸਤਾਨ ਦੀ ਲਹਿਰ ਨੂੰ ਜਮਹੂਰੀ ਢੰਗ ਨਾਲ ਹੁਲਾਰਾ ਦੇਣ ਲਈ ਧੰਨਵਾਦ ਕੀਤਾ ਗਿਆ। ਇਕ ਮਤੇ ਵਿਚ ਇਹ ਕਿਹਾ ਗਿਆ ਕਿ ਅਕਾਲੀ ਦਲ (ਅੰਮ੍ਰਿਤਸਰ) ਸਮਝਦਾ ਹੈ ਕਿ ਸਾਊਥ ਏਸ਼ੀਆ ਵਿਚ ਤਿੰਨ ਨਿਊਕਲੀਅਰ ਪਾਵਰਾਂ ਹਨ ਜਿਨ੍ਹਾਂ ਵਿਚ ਹਿੰਦੂ ਸਟੇਟ (ਭਾਰਤ), ਇਸਲਾਮਿਕ ਸਟੇਟ (ਪਾਕਿਸਤਾਨ) ਅਤੇ ਕਮਿਊਨਿਸ਼ਟ ਸਟੇਟ (ਚੀਨ) ਹੈ। ਅਗਰ ਇਨ੍ਹਾਂ ਦਰਮਿਆਨ ਕੋਈ ਜੰਗ ਛਿੜਦੀ ਹੈ ਤਾਂ ਪੰਜਾਬ ਅਤੇ ਸਿੱਖਾਂ ਦਾ ਘਾਣ ਹੋਵੇਗਾ। ਅਗਰ ਇਨ੍ਹਾਂ ਤਿੰਨ੍ਹਾਂ ਸਟੇਟਾਂ ਦਰਮਿਆਨ ਬਫਰ ਸਟੇਟ ਖਾਲਿਸਤਾਨ ਦੀ ਕਾਇਮੀ ਹੁੰਦੀ ਹੈ ਤਾਂ ਇਸ ਨਾਲ ਸਾਊਥ ਏਸ਼ੀਆ ਵਿਚ ਹਮੇਸ਼ਾਂ ਵਾਸਤੇ ਸ਼ਾਂਤੀ ਬਹਾਲ ਹੋ ਸਕਦੀ ਹੈ।

ਕੋਈ ਪੰਜ ਘੰਟੇ ਤੋਂ ਵੀ ਵੱਧ ਸਮਾਂ ਚੱਲੀ ਇਸ ਕਾਨਫਰੰਸ ਵਿਚ ਬੁਲਾਰਿਆਂ ਦੇ ਵਿਚਾਰ 800 ਤੋਂ ਵੱਧ ਸਰੋਤਿਆਂ ਨੇ ਬੜੇ ਤਹੱਮਲ ਨਾਲ ਸੁਣੇ। ਮੰਚ ਸੰਚਾਲਨ ਦੀ ਜ਼ਿੰਮੇਵਾਰੀ ਸ. ਰੁਪਿੰਦਰ ਸਿੰਘ ਬਾਠ ਅਤੇ ਸ. ਬੂਟਾ ਸਿੰਘ ਖੜੌਂਦ ਨੇ ਬੜੇ ਵਧੀਆ ਢੰਗ ਨਾਲ ਨਿਭਾਈ।



ਕਾਨਫਰੰਸ ਦੇ ਸਹਿਯੋਗੀਆਂ ਵਿਚ ਕਮਿੱਕਰ ਸਿੰਘ ਗਰੇਵਾਲ, ਮਲਕੀਤ ਸਿੰਘ ਹੇਅਰ, ਅਜੀਤ ਸਿੰਘ ਭੱਠਲ ਬੇਕਜ਼ਫੀਲਡ, ਜਗਤਾਰ ਸਿੰਘ ਵਿਰਕ ਜੁਆਇੰਟ ਸੈਕਟਰੀ ਯੂ ਕੇ, ਇੰਦਰ ਸਿੰਘ ਸੋਹਲ, ਐਗਜੈਕਟਿਵ ਮੈਂਬਰ ਯੂ ਕੇ, ਡਾ. ਬਲਜਿੰਦਰ ਸਿੰਘ ਢਿੱਲੋਂ ਸੈਰਾਕਿਊਸ, ਰਣਜੀਤ ਸਿੰਘ ਸੰਗੋਜਲਾ, ਜਰਨੈਲ ਸਿੰਘ ਗਰੇਵਾਲ, ਤਜਿੰਦਰ ਸਿੰਘ ਨਿਊ ਜਰਸੀ ਦੇ ਨਾਂ ਸ਼ਾਮਲ ਹਨ।

ਕਾਨਫਰੰਸ ਵਿਚ ਨਿਊ ਯਾਰਕ ਅਤੇ ਨਿਊ ਜਰਸੀ ਦੀਆਂ ਸਮੂਹ ਗੁਰਦੁਆਰਾ ਕਮੇਟੀਆਂ, ਸਮਾਜਿਕ ਸੰਸਥਾਵਾਂ, ਖੇਡ ਕਲੱਬਾਂ ਅਤੇ ਪੰਥਕ ਜਥੇਬੰਦੀਆਂ ਮੌਜੂਦ ਸਨ ਜਿਨ੍ਹਾਂ ਵਿਚ ਇੰਟਰਨੈਸ਼ਨਲ ਸਪੋਰਟਸ ਐਂਡ ਕਲਚਰਲ ਆਰਗੇਨਾਈਜੇਸ਼ਨ, ਸ਼ਹੀਦ ਕਰਤਾਰ ਸਿੰਘ ਸਰਾਭਾ ਸਪੋਰਟਸ ਕਲੱਬ, ਪੰਜਾਬੀ ਵਿਰਸਾ ਸਪੋਰਟਸ ਕਲੱਬ, ਭਗਤ ਰਵਿਦਾਸ ਵੈਲਫੇਅਰ ਸੁਸਾਇਟੀ, ਗੁਰਦੁਆਰਾ ਸਿੱਖ ਕਲਚਰ ਸੁਸਾਇਟੀ ਨਿਊ ਯਾਰਕ, ਧੰਨ ਧੰਨ ਬਾਬਾ ਬੁੱਢਾ ਸਾਹਿਬ ਸੁਸਾਇਟੀ, ਬਾਬਾ ਬੰਦਾ ਸਿੰਘ ਬਹਾਦਰ ਇੰਟਰਨੈਸ਼ਨਲ ਸਿੱਖ ਸੁਸਾਇਟੀ ਨਿਊ ਯਾਰਕ, ਪੰਥਕ ਸਿੱਖ ਸੁਸਾਇਟੀ ਨਿਊ ਯਾਰਕ, ਮਾਲਵਾ ਬ੍ਰਦਰਜ਼ ਐਸੋਸੀਏਸ਼ਨ, ਗੁਰਦੁਆਰਾ ਸੰਤ ਸਾਗਰ, ਅਮਰੀਕਨ ਸਿੱਖ ਐਸੋਸੀਏਸ਼ਨ, ਗੁਰਦੁਆਰਾ ਸਿੱਖ ਸੈਂਟਰ ਫਲੱਸ਼ਿੰਗ, ਭਾਈ ਲਾਲੋ ਸਿੱਖ ਸੇਵਾ ਮਿਸ਼ਨ ਆਦਿ ਸ਼ਾਮਲ ਸਨ।

ਇਸ ਤੋਂ ਇਲਾਵਾ ਨਿਊ ਜਰਸੀ ਦੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਗਲੈਨਰੌਕ, ਗੁਰਦੁਆਰਾ ਨਾਨਕ ਨਾਮ ਜਹਾਜ਼, ਗੁਰਦੁਆਰਾ ਸਿੰਘ ਸਭਾ ਕਾਰਟਰੇਟ, ਗੁਰਦੁਆਰਾ ਦਸ਼ਮੇਸ਼ ਦਰਬਾਰ ਕਾਰਟਰੇਟ, ਗੁਰਦੁਆਰਾ ਸਿੰਘ ਸਭਾ ਬਰਿੱਜਵਾਟਰ, ਗੁਰਦੁਆਰਾ ਸਿੰਘ ਸਭਾ ਲਾਰੈਂਸਵਿਲ, ਗੁਰਦੁਆਰਾ ਖਾਲਸਾ ਦਰਬਾਰ ਬਰਲਿੰਗਟਨ, ਗੁਰਦੁਆਰਾ ਵਾਈਨਲੈਂਡ, ਗੁਰਦੁਆਰਾ ਵੈਸਟ ਵਿੰਡਸਰ, ਗੁਰਦੁਆਰਾ ਅੱਪਰ ਡਰਬੀ, ਫਿਲਡੈਲਫੀਆ ਗੁਰਦੁਆਰਾ, ਗੁਰਦੁਆਰਾ ਸਿੰਘ ਸਭਾ ਫੇਅਰਫੈਕਸ, ਸਾਕਾ ਜਥੇਬੰਦੀ ਕਾਰਟਰੇਟ ਸ਼ਾਮਲ ਸਨ।

ਇਸ ਕਾਨਫਰੰਸ ਵਿਚ ਅਕਾਲੀ ਦਲ (ਅੰਮ੍ਰਿਤਸਰ) ਦੇ ਕਾਰਕੁਨਾਂ ਵਿਚ ਸੁਰਜੀਤ ਸਿੰਘ ਕੁਲਾਰ (ਪ੍ਰਧਾਨ ਯੂ ਐਸ ਏ), ਬੂਟਾ ਸਿੰਘ ਖੜੌਂਦ (ਕਨਵੀਨਰ), ਅਵਤਾਰ ਸਿੰਘ ਹੇਅਰ (ਪ੍ਰਧਾਨ ਨਿਊ ਜਰਸੀ), ਹਰਪਾਲ ਸਿੰਘ (ਪ੍ਰਧਾਨ ਨਿਊ ਯਾਰਕ), ਰਾਜਭਿੰਦਰ ਸਿੰਘ ਬਦੇਸ਼ਾ (ਸਲਾਹਕਾਰ), ਸਰਬਜੀਤ ਸਿੰਘ ਖਹਿਰਾ (ਉਪ ਪ੍ਰਧਾਨ), ਰਣਜੀਤ ਸਿੰਘ ਧਾਲੀਵਾਲ (ਉਪ ਪ੍ਰਧਾਨ), ਪ੍ਰੀਤਮ ਸਿੰਘ ਜੋਗਾ ਨੰਗਲ (ਪ੍ਰਧਾਨ ਯੂ ਐਸ ਏ-ਯੂਥ), ਤਰਸੇਮ ਸਿੰਘ ਖਾਲਸਾ (ਸੀਨੀਅਰ ਆਗੂ ਕੈਲੀਫੋਰਨੀਆ), ਮੱਖਣ ਸਿੰਘ ਕਲੇਰ (ਪ੍ਰਧਾਨ ਸ਼ਿਕਾਗੋ), ਇੰਦਰਪਾਲ ਸਿੰਘ ਸਿਆਟਲ, ਅਵਤਾਰ ਸਿੰਘ ਮਿਨਹਾਸ, ਰੁਪਿੰਦਰ ਸਿੰਘ ਬਾਠ (ਪ੍ਰਧਾਨ ਓਹਾਇਓ), ਪਰਮਜੀਤ ਸਿੰਘ ਸਿਆਟਲ, ਪਰਮਜੀਤ ਸਿੰਘ ਆਦਮਪੁਰ, ਅਮਨਵੀਰ ਸਿੰਘ, ਕੁਲਵਿੰਦਰ ਸਿੰਘ ਜੰਜੂਆ, ਦਲੀਪ ਸਿੰਘ ਬੈਲਫੋਰਸ, ਪਰਮਜੀਤ ਸਿੰਘ (ਫਲੱਸ਼ਿੰਗ) ਸ਼ਾਮਲ ਸਨ।







M.K. Nijjar DDS
Ruchi Nijjar DDS

Laser Dentistry
No shots, No Drill, No Pain.
Family Dentistry
Cosmetic Dentistry

Esthetic Crowns, Bridges & Dentures Teeth Whitening * Oral Surgery Root Canal Treatments
Treatments & Prevention of Gum Diseases New Patients & Children Welcome

510-794-7058
WWW.DRNIJJAR.COM
(Across From Washigton Hospital & Bart)
1895 Mowry Ave. Ste 104 Fremont



# ਖਾਲਸਾ ਪੰਥ ਦੇ ਬਾਨੀ, ਸਰਬੰਸਦਾਨੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਗਮਨ ਪੁਰਬ ਦੀ ਲੱਖ ਲੱਖ ਵਧਾਈ

## ਸਭਨਾਂ ਨੂੰ ਸਾਲ 2011 ਬਹੁਤ ਬਹੁਤ ਮੁਬਾਰਕ !




ਸੇਵਾ ਸਿਮਰਨ ਸੁਸਾਇਟੀ ਯੂਬਾ ਸਿਟੀ ਦੇ ਸੇਵਾਦਾਰ ਅਤੇ (ਹੇਠਾਂ) ਸੇਵਾ ਕਰਦੇ ਹੋਏ ਸੇਵਾਦਾਰ







ਵਲੋਂ

## ਸਮੂਹ ਸੇਵਾਦਰ, ਸੇਵਾ ਸਿਮਰਨ ਸੁਸਾਇਟੀ ਯੂਬਾ ਸਿਟੀ (ਕੈਲੀਫੋਰਨੀਆ)

## ਪਾਕਿ ਆਗੂ ਕੁਫ਼ਰ ਵਿਰੋਧੀ ਕਾਨੂੰਨ ਦੇ ਖ਼ਾਤਮੇ ਲਈ ਅੱਗੇ ਆਉਣ: ਪੋਪ

**ਵੈਟੀਕਨ ਸਿਟੀ:** ਪੋਪ ਬੈਨੇਡਿਕਟ 16ਵੇਂ ਨੇ ਪਾਕਿਸਤਾਨ ਨੂੰ ਸੱਦਾ ਦਿੱਤਾ ਹੈ ਕਿ ਉਹ ਪੰਜਾਬ ਦੇ ਗਵਰਨਰ ਸਲਮਾਨ ਤਾਸੀਰ ਦੀ ਹੱਤਿਆ ਤੋਂ ਬਾਅਦ 'ਕੁਫ਼ਰ (ਮਜ਼ਹਬੀ ਤੌਹੀਨ) ਵਿਰੋਧੀ ਕਾਨੂੰਨ' ਨੂੰ ਖ਼ਤਮ ਕਰੇ। ਉਨ੍ਹਾਂ ਪਾਕਿਸਤਾਨ ਦੇ ਆਗੂਆਂ ਨੂੰ ਬੇਇਨਸਾਫ਼ੀ ਅਤੇ ਹਿੰਸਾ ਵਿਰੁੱਧ ਆਵਾਜ਼ ਉਠਾਉਣ ਲਈ ਕਿਹਾ।

ਨਵੇਂ ਸਾਲ ਦੀ ਸ਼ੁਰੂਆਤ ਮੌਕੇ ਕਰਵਾਏ ਇਕ ਸਮਾਗਮ ਦੌਰਾਨ ਵਿਦੇਸ਼ੀ ਸਫ਼ੀਰਾਂ ਨਾਲ ਮੀਟਿੰਗ ਵਿਚ ਪੋਪ ਨੇ ਕਿਹਾ ਕਿ 'ਕੁਫ਼ਰ ਵਿਰੋਧੀ ਕਾਨੂੰਨ' ਧਾਰਮਿਕ ਆਜ਼ਾਦੀ ਵਿਚ ਅੜਿੱਕਾ ਪਾਉਂਦਾ ਹੈ।

## ਸ਼ੈਰੀ ਰਹਿਮਾਨ ਨੂੰ ਵੀ ਮਾਰਨ ਲਈ ਫ਼ਤਵਾ

**ਕਰਾਚੀ:** ਕੱਟੜਪੰਥੀਆਂ ਨੇ ਉਦਾਰਵਾਦੀ ਆਗੂ ਅਤੇ ਸਲਮਾਨ ਤਾਸੀਰ ਤੋਂ ਬਾਅਦ 'ਪਾਕਿਸਤਾਨ ਪੀਪਲਜ਼ ਪਾਰਟੀ' ਦੀ ਮੁੱਖ ਨੇਤਾ ਸ਼ੈਰੀ ਰਹਿਮਾਨ ਨੂੰ ਗੈਰ-ਮੁਸਲਿਮ ਐਲਾਨਦਿਆਂ ਫ਼ਤਵਾ ਜਾਰੀ ਕਰ ਦਿੱਤਾ ਹੈ। ਜ਼ਿਕਰਯੋਗ ਹੈ ਕਿ ਸ਼ੈਰੀ ਰਹਿਮਾਨ ਨੇ ਨਵੰਬਰ 2010 ਵਿਚ ਪਾਕਿਸਤਾਨ ਦੀ ਨੈਸ਼ਨਲ ਅਸੰਬਲੀ ਸਕੱਤਰੇਤ ਵਿਚ ਇਕ ਨਿੱਜੀ ਬਿੱਲ ਪੇਸ਼ ਕਰਕੇ 'ਕੁਫ਼ਰ ਵਿਰੋਧੀ ਕਾਨੂੰਨ' ਨੂੰ ਨਰਮ ਕਰਨ ਦੀ ਮੰਗ ਕੀਤੀ ਸੀ। ਇਹ ਫ਼ਤਵਾ ਕਰਾਚੀ ਦੀ ਸੁਲਤਾਨ ਮਸਜਿਦ ਦੇ ਮੌਲਵੀ ਮੁਨੀਰ ਅਹਿਮਦ ਸ਼ਕੀਰ ਨੇ ਜਾਰੀ ਕੀਤਾ ਹੈ।

## ਆਸੀਆ ਬੀਬੀ ਉਤੇ ਹਮਲੇ ਦਾ ਖ਼ਤਰਾ

**ਇਸਲਾਮਾਬਾਦ:** ਪਾਕਿਸਤਾਨ ਵਿਚ ਕੁਫ਼ਰ ਵਿਰੋਧੀ ਕਾਨੂੰਨ ਤਹਿਤ ਜੇਲ੍ਹ ਵਿਚ ਬੰਦ ਆਸੀਆ ਬੀਬੀ ਨੂੰ ਜੇਲ੍ਹ ਅੰਦਰੋਂ ਹੀ ਆਤਮਘਾਤੀ ਹਮਲੇ ਦਾ ਖ਼ਤਰਾ ਹੈ। ਦਹਿਸ਼ਤੀ ਜਥੇਬੰਦੀ 'ਮੋਆਵੀਆ ਗਰੁੱਪ' ਸ਼ੇਖ਼ੂਪੁਰ ਜੇਲ੍ਹ ਵਿਚ ਆਤਮਘਾਤੀ ਹਮਲਾ ਕਰਾਉਣ ਦੀਆਂ ਸਾਜ਼ਿਸ਼ਾਂ ਘੜ ਰਿਹਾ ਹੈ ਜਿੱਥੇ 45-ਸਾਲਾ ਆਸੀਆ ਬੀਬੀ ਬੰਦ ਹੈ।



ਤਾਸੀਰ ਦੀ ਹੱਤਿਆ ਤੋਂ ਬਾਅਦ ਅਤੇ ਖੁਫ਼ੀਆ ਏਜੰਸੀਆਂ ਦੀਆਂ ਰਿਪੋਰਟਾਂ ਨੂੰ ਧਿਆਨ ਵਿਚ ਰੱਖਦਿਆਂ ਜੇਲ੍ਹ ਅਧਿਕਾਰੀਆਂ ਨੇ ਸੁਰੱਖਿਆ ਵਧਾ ਦਿੱਤੀ ਹੈ।

## ਕਾਦਰੀ ਦੀ ਮੁਲਾਕਾਤ ਨਸ਼ਰ ਕਰਨ ਵਾਲੇ ਚੈਨਲਾਂ ਨੂੰ ਜੁਰਮਾਨਾ

**ਇਸਲਾਮਾਬਾਦ:** ਪਾਕਿਸਤਾਨ ਵਿਚ ਦੋ ਟੀ.ਵੀ. ਚੈਨਲਾਂ ਨੂੰ ਮਰਹੂਮ ਗਵਰਨਰ ਤਾਸੀਰ ਦੇ ਹਤਿਆਰੇ ਕਾਦਰੀ ਦੀ ਇੰਟਰਵਿਊ ਨਸ਼ਰ ਕਰਨ ਦੇ ਦੋਸ਼ ਵਿਚ 10 ਲੱਖ ਰੁਪਏ ਜੁਰਮਾਨਾ ਕੀਤਾ ਹੈ। ਪਾਕਿਸਤਾਨ ਇਲੈਕਟ੍ਰਾਨਿਕ ਰੈਗੂਲੇਟਰੀ ਅਥਾਰਟੀ ਨੇ 'ਸਮਾਂ' ਅਤੇ 'ਵਕਤ' ਨੂੰ ਮੁਮਤਾਜ਼ ਕਾਦਰੀ ਦੀ ਇੰਟਰਵਿਊ ਨਸ਼ਰ ਕਰਨ ਵਿਰੁੱਧ ਜੁਰਮਾਨਾ ਕੀਤਾ ਹੈ।

# ਸੱਚ ਨੂੰ ਸਜ਼ਾ




*'ਕੁਫ਼ਰ ਵਿਰੋਧੀ ਕਾਨੂੰਨ' ਮੁਤਾਬਕ ਹਜ਼ਰਤ ਮੁਹੰਮਦ ਸਾਹਿਬ ਦੀ ਤੌਹੀਨ ਕਰਨ ਵਾਲੇ ਨੂੰ ਮੌਤ ਦੀ ਸਜ਼ਾ ਨਿਸ਼ਚਿਤ ਕੀਤੀ ਗਈ ਹੈ। ਉਂਜ ਇਸ ਕਾਨੂੰਨ ਨੂੰ ਵਿਰੋਧੀਆਂ ਤੋਂ ਬਦਲਾ ਲੈਣ ਲਈ ਵਧੇਰੇ ਵਰਤਿਆ ਗਿਆ ਹੈ। ਇਸ ਵੇਲੇ ਪਾਕਿਸਤਾਨੀ ਜੇਲ੍ਹਾਂ ਵਿਚ 131 ਬੰਦੇ ਇਸ ਕਾਨੂੰਨ ਤਹਿਤ ਬੰਦ ਹਨ। ਇਨ੍ਹਾਂ ਵਿਚੋਂ ਜਿਨ੍ਹਾਂ 11 ਜਣਿਆਂ ਨੂੰ ਮੌਤ ਦੀ ਸਜ਼ਾ ਦਿੱਤੀ ਜਾ ਚੁੱਕੀ ਹੈ, ਉਨ੍ਹਾਂ ਵਿਚ ਈਸਾਈ ਔਰਤ ਅਤੇ 5 ਧੀਆਂ ਦੀ ਮਾਂ ਆਸੀਆ ਬੀਬੀ ਵੀ ਸ਼ਾਮਲ ਹੈ। ਇਹ ਉਹੀ ਆਸੀਆ ਬੀਬੀ ਹੈ ਜਿਸ ਦੇ ਹੱਕ ਵਿਚ ਲਹਿੰਦੇ ਪੰਜਾਬ ਦੇ ਗਵਰਨਰ ਸਲਮਾਨ ਤਾਸੀਰ ਨੇ ਹਾਅ ਦਾ ਨਾਅਰਾ ਮਾਰਿਆ ਸੀ। ਆਸੀਆ ਬੀਬੀ ਰੋਂਦੀ ਕੁਰਲਾਉਂਦੀ ਹੀ ਰਹਿ ਗਈ ਕਿ ਉਹ ਬੇਕਸੂਰ ਹੈ। ਉਸ ਦੀਆਂ ਕੁਝ ਗੁਆਂਢਣਾਂ ਨੇ ਉਸ ਤੋਂ ਬਦਲਾ ਲੈਣ ਲਈ ਉਸ ਉਤੇ ਦੋਸ਼ ਲਾਇਆ ਕਿ ਉਸ ਨੇ ਹਜ਼ਰਤ ਮੁਹੰਮਦ ਦੀ ਤੌਹੀਨ ਕੀਤੀ ਹੈ। ਉਸ ਦੀ ਹਰ ਫ਼ਰਿਆਦ ਅਣਸੁਣੀ ਰਹਿ ਗਈ। ਜਿਸ ਨੇ ਸੁਣੀ ਉਸ ਦੀ ਹੱਤਿਆ ਕਰ ਦਿੱਤੀ ਗਈ। ਇਹ ਉਹ ਪਾਕਿਸਤਾਨ ਤਾਂ ਨਹੀਂ ਜਿਸ ਦਾ ਤਸੱਵੁਰ ਕਾਇਦ-ਇ-ਆਜ਼ਮ ਮੁਹੰਮਦ ਅਲੀ ਜਿਨਾਹ ਨੇ ਕੀਤਾ ਸੀ!*

## ਤਾਸੀਰ ਦੀ ਹੱਤਿਆ ਲਈ ਮੌਲਵੀ ਨੇ ਉਕਸਾਇਆ ਸੀ

**ਇਸਲਾਮਾਬਾਦ:** ਲਹਿੰਦੇ ਪੰਜਾਬ ਦੇ ਗਵਰਨਰ ਸਲਮਾਨ ਤਾਸੀਰ ਦੀ ਹੱਤਿਆ ਦੇ ਮਾਮਲੇ ਵਿਚ ਜਾਂਚ ਏਜੰਸੀਆਂ ਨੇ ਪ੍ਰਧਾਨ ਮੰਤਰੀ ਯੂਸਫ਼ ਰਜ਼ਾ ਗਿਲਾਨੀ ਦੇ ਸੁਰੱਖਿਆ ਅਮਲੇ ਨਾਲ ਸਬੰਧਤ ਇਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਹੈ।

ਦੂਜੇ ਪਾਸੇ ਜਨਾਬ ਤਾਸੀਰ ਦੇ ਹੱਤਿਆਰੇ ਮੁਮਤਾਜ਼ ਕਾਦਰੀ ਨੇ ਤਫ਼ਤੀਸ਼ ਦੌਰਾਨ ਖੁਲਾਸਾ ਕੀਤਾ ਹੈ ਕਿ ਉਸ ਨੂੰ ਹੱਤਿਆ ਕਰਨ ਲਈ ਇਕ ਮੌਲਵੀ ਨੇ ਪ੍ਰੇਰਿਤ ਕੀਤਾ ਸੀ।

ਪੁਲਿਸ ਵੱਲੋਂ ਮੌਲਵੀ ਦੀ ਗ੍ਰਿਫ਼ਤਾਰੀ ਲਈ ਛਾਪੇ ਮਾਰੇ ਜਾ ਰਹੇ ਹਨ। ਕਾਦਰੀ ਦੇ ਇਸ ਖੁਲਾਸੇ ਤੋਂ ਬਾਅਦ ਪੁਲੀਸ ਮੌਲਵੀ ਦੀ ਗ੍ਰਿਫ਼ਤਾਰੀ ਲਈ ਥਾਂ-ਥਾਂ ਛਾਪੇ ਮਾਰ ਰਹੀ ਹੈ। ਯਾਦ ਰਹੇ ਕਿ ਕਾਦਰੀ ਨੇ ਸਦੀਕਾਬਾਦ ਵਿਚ ਆਪਣੇ ਘਰ ਨੇੜੇ 31 ਦਸੰਬਰ ਨੂੰ ਇਸ ਮੌਲਵੀ ਦੀ 'ਕੁਫ਼ਰ ਵਿਰੋਧੀ ਕਾਨੂੰਨ' ਬਾਰੇ ਤਕਰੀਰ ਸੁਣੀ ਸੀ। ਮਗਰੋਂ ਕਾਦਰੀ ਨੇ ਮੌਲਵੀ ਨਾਲ ਮੁਲਾਕਾਤ ਕੀਤੀ ਸੀ ਅਤੇ ਉਸ ਨੇ ਕਾਦਰੀ ਨੂੰ ਗਵਰਨਰ ਦੀ ਹੱਤਿਆ ਲਈ ਉਤਸ਼ਾਹਤ ਕੀਤਾ ਸੀ।

ਇਸ ਤੋਂ ਪਹਿਲਾਂ ਕਾਦਰੀ ਨੇ ਦਾਅਵਾ ਕੀਤਾ ਸੀ ਕਿ ਉਸ ਨੂੰ ਹੱਤਿਆ ਕਰਨ ਲਈ ਕਿਸੇ ਨੇ ਪ੍ਰੇਰਿਤ ਨਹੀਂ ਕੀਤਾ, ਸਗੋਂ ਸਲਮਾਨ ਤਾਸੀਰ ਵੱਲੋਂ 'ਕੁਫ਼ਰਾਂ ਖ਼ਿਲਾਫ਼ ਕਾਨੂੰਨ' ਦੀ ਆਲੋਚਨਾ ਕਰਨ ਕਾਰਨ ਉਸ ਨੂੰ ਗੁੱਸਾ ਸੀ।

ਉਧਰ, ਪੁਲਿਸ ਨੇ ਇਸ ਮਾਮਲੇ ਵਿਚ ਪਾਕਿਸਤਾਨ ਇਲੈਕਟ੍ਰਾਨਿਕ ਮੀਡੀਆ ਰੈਗੂਲੇਟਰੀ ਅਥਾਰਟੀ ਦੇ ਮੈਂਬਰ ਨੂੰ ਕਾਬੂ ਕੀਤਾ ਹੈ। ਇਹ ਕਾਦਰੀ ਦਾ ਮਿੱਤਰ ਹੈ ਅਤੇ ਇਨ੍ਹਾਂ ਦੋਵਾਂ ਵਿਚਾਲੇ 'ਕੁਫ਼ਰ ਵਿਰੋਧੀ ਕਾਨੂੰਨ' ਬਾਰੇ ਚਰਚਾ ਹੋਈ ਸੀ।

ਪੁਲਿਸ ਨੇ ਹੁਣ ਤੱਕ ਇਸ ਮਾਮਲੇ ਵਿਚ 30 ਪੁਲਿਸ ਮੁਲਾਜ਼ਮਾਂ ਸਣੇ 70 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ, ਜਿਨ੍ਹਾਂ ਵਿਚੋਂ ਕਈਆਂ ਨੂੰ ਪੁੱਛ-ਪੜਤਾਲ ਕਰ ਕੇ ਛੱਡ ਦਿੱਤਾ ਹੈ।

### ਤਾਸੀਰ ਕਤਲ ਕੇਸ ਦਾ ਫੈਸਲਾ ਸ਼ਰ੍ਹਾ ਮੁਤਾਬਕ ਕਰਨ: ਜਮਾਤ-ਉਦ-ਦਾਵਾ

**ਲਾਹੌਰ:** ਦਹਿਸ਼ਤੀ ਜਥੇਬੰਦੀ ਜਮਾਤ-ਉਦ-ਦਾਵਾ ਨੇ ਅਦਾਲਤ ਨੂੰ ਕਿਹਾ ਹੈ ਕਿ ਸਲਮਾਨ ਤਾਸੀਰ ਦੇ ਕਤਲ ਕੇਸ ਦਾ ਫੈਸਲਾ ਸ਼ਰੀਅਤ ਜਾਂ ਇਸਲਾਮੀ ਕਾਨੂੰਨਾਂ ਅਤੇ 'ਮੁਸਲਮਾਨਾਂ ਦੇ ਜਜ਼ਬਾਤ' ਨੂੰ ਧਿਆਨ ਵਿਚ ਰੱਖਦਿਆਂ ਕੀਤਾ ਜਾਵੇ।

ਜਮਾਤ-ਉਦ-ਦਾਵਾ ਦੇ ਆਗੂ ਮੌਲਾਨਾ ਅਮੀਰ ਹਮਜ਼ਾ ਜੋ ਤਹਿਰੀਕ-ਏ-ਹੁਰਮਤ-ਏ-ਰਸੂਲ ਦੇ ਕਨਵੀਨਰ ਵੀ ਹਨ, ਨੇ ਉਨ੍ਹਾਂ ਮੌਲਵੀਆਂ ਦੀ ਵੀ ਤਾਰੀਫ਼ ਕੀਤੀ ਹੈ ਜਿਨ੍ਹਾਂ ਨੇ ਤਾਸੀਰ ਦੀਆਂ ਅੰਤਮ ਰਸਮਾਂ ਲਈ ਨਮਾਜ਼ ਅਦਾ ਕਰਨ ਤੋਂ ਨਾਂਹ ਕਰ ਦਿੱਤੀ ਸੀ।

## ਤਾਸੀਰ ਦੇ ਕਤਲ ਲਈ ਸਾਜ਼ਿਸ਼ ਘੜੀ ਗਈ?

**ਇਸਲਾਮਾਬਾਦ:** ਪਾਕਿਸਤਾਨ ਦੇ ਸੂਬਾ ਪੰਜਾਬ ਦੇ ਗਵਰਨਰ ਸਲਮਾਨ ਤਾਸੀਰ ਨੂੰ ਕਤਲ ਕਰਨ ਦੇ ਦੋਸ਼ ਵਿਚ ਫੜੇ ਗਏ ਪੁਲੀਸ ਮੁਲਾਜ਼ਮ ਮਲਿਕ ਮੁਮਤਾਜ਼ ਹੁਸੈਨ ਕਾਦਰੀ ਨੂੰ ਵੀ.ਆਈ.ਪੀਜ਼ ਦੀ ਸੁਰੱਖਿਆ ਲਈ ਤਾਇਨਾਤ ਨਾ ਕਰਨ ਲਈ ਕਿਹਾ ਗਿਆ ਸੀ ਪਰ ਇਸ ਦੇ ਬਾਵਜੂਦ ਉਹ ਅਜਿਹੀ ਡਿਊਟੀ ਨਿਭਾਅ ਰਿਹਾ ਸੀ। ਕਾਦਰੀ ਦੇ ਕੱਟੜਪੰਥੀ ਵਿਚਾਰਾਂ ਕਾਰਨ ਉਸ ਨੂੰ ਅਹਿਮ ਵਿਅਕਤੀਆਂ ਦੀ ਸੁਰੱਖਿਆ ਤੋਂ ਲਾਂਭੇ ਰੱਖਣ ਲਈ ਕਿਹਾ ਗਿਆ ਸੀ। ਕਈ ਪੁਲੀਸ ਅਧਿਕਾਰੀਆਂ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ 18 ਮਹੀਨੇ ਪਹਿਲਾਂ ਕਾਦਰੀ ਨੂੰ ਰਾਵਲਪਿੰਡੀ ਪੁਲਿਸ ਦੀ ਵਿਸ਼ੇਸ਼ ਬਰਾਂਚ ਵਿਚੋਂ ਹਟਾ ਦਿੱਤਾ ਗਿਆ ਸੀ ਕਿਉਂਕਿ ਤਤਕਾਲੀ ਖੇਤਰੀ ਪੁਲਿਸ ਮੁਖੀ ਨਾਸਿਰ ਖ਼ਾਨ ਦੁਰਾਨੀ ਨੇ ਉਸ ਨੂੰ ਸੁਰੱਖਿਆ ਲਈ ਖ਼ਤਰਾ ਕਰਾਰ ਦਿੱਤਾ ਸੀ।



ਕਾਦਰੀ ਨੂੰ ਵੀ.ਆਈ.ਪੀਜ਼ ਸੁਰੱਖਿਆ ਲਈ ਤਾਇਨਾਤ ਨਾ ਕਰਨ ਦੀ ਸਿਫ਼ਾਰਸ਼ ਦੇ ਬਾਵਜੂਦ ਉਸ ਨੂੰ ਤਾਸੀਰ ਦਾ ਅੰਗ ਰੱਖਿਅਕ ਲਗਾ ਦਿੱਤਾ ਗਿਆ। ਉਸ ਦੀ ਤਾਇਨਾਤੀ ਸਬੰਧੀ ਜਾਂਚ ਕਰਤਾਵਾਂ ਨੇ ਰਾਵਲਪਿੰਡੀ ਪੁਲੀਸ ਨੂੰ ਇਸ ਦੀ ਜ਼ਿੰਮੇਵਾਰੀ ਤੈਅ ਕਰਨ ਲਈ ਕਿਹਾ ਹੈ। ਜਾਂਚ ਟੀਮ ਤਾਸੀਰ ਦੀ ਸੁਰੱਖਿਆ ਲਈ ਤਾਇਨਾਤ ਉਨ੍ਹਾਂ ਅੱਠ ਜਵਾਨਾਂ ਤੋਂ ਵੀ ਪੁੱਛ-ਪੜਤਾਲ ਕਰ ਰਹੀ ਹੈ ਜੋ ਕਾਦਰੀ ਵੱਲੋਂ ਗੋਲੀਆਂ ਚਲਾਉਣ ਦੇ ਬਾਵਜੂਦ ਕੋਲ ਖੜ੍ਹੇ ਰਹੇ। ਤਾਸੀਰ ਉਤੇ 27 ਗੋਲੀਆਂ ਚਲਾਈਆਂ ਗਈਆਂ।

ਕੁਝ ਰਿਪੋਰਟਾਂ ਮੁਤਾਬਕ ਕਾਦਰੀ ਨੇ ਅਸਾਲਟ ਦਾ ਖ਼ਾਲੀ ਮੈਗਜ਼ੀਨ ਬਦਲ ਕੇ ਵੀ ਗੋਲੀਆਂ ਚਲਾਈਆਂ। 26-ਸਾਲਾ ਕਾਦਰੀ ਨੇ ਆਪਣੇ ਸਾਥੀਆਂ ਨੂੰ ਤਾਸੀਰ ਦਾ ਕਤਲ ਕਰਨ ਮਗਰੋਂ ਆਤਮ-ਸਮਰਪਣ ਲਈ ਕਿਹਾ। ਜਾਂਚ ਟੀਮ ਇਸ ਮੁਲਜ਼ਮ ਦੇ ਪਿਛੋਕੜ ਬਾਰੇ ਪਤਾ ਲਾਉਣ ਵਿਚ ਵੀ ਜੁਟ ਗਈ ਹੈ ਤੇ ਉਸ ਦੇ ਗੁਆਂਢੀਆਂ, ਰਿਸ਼ਤੇਦਾਰਾਂ ਤੇ ਦੋਸਤਾਂ ਤੋਂ ਵੀ ਪੁੱਛ-ਪੜਤਾਲ ਕਰ ਰਹੀ ਹੈ।

ਕਾਦਰੀ ਪਿਛਲੇ ਸਮੇਂ ਦੌਰਾਨ ਕੱਟੜਪੰਥੀਆਂ ਵੱਲੋਂ ਕੀਤੀਆਂ ਰੈਲੀਆਂ ਵਿਚ ਵੀ ਗਿਆ। ਉਹ ਆਮ ਤੌਰ 'ਤੇ ਹਰੀ ਪੱਗ ਬੰਨ੍ਹਦਾ ਸੀ ਅਤੇ ਵਰਦੀ ਪਾਉਣ ਵੇਲੇ ਹੀ ਉਸ ਨੂੰ ਉਤਾਰਦਾ ਸੀ।

ਗਵਰਨਰ ਤਾਸੀਰ ਦੇ ਪੁੱਤਰ ਸ਼ਹਰਯਾਰ ਤਾਸੀਰ ਦੀ ਸ਼ਿਕਾਇਤ ਉਪਰ ਕੋਸਰ ਥਾਣੇ ਵਿਚ ਐਫ.ਆਈ.ਆਰ. ਦਰਜ ਕਰ ਲਈ ਗਈ ਹੈ ਜਿਸ ਵਿਚ ਕਿਹਾ ਗਿਆ ਹੈ ਕਿ ਉਸ ਦੇ ਪਿਤਾ ਨੂੰ ਮਾਰਨ ਦੀਆਂ ਧਮਕੀਆਂ ਮਿਲਦੀਆਂ ਰਹੀਆਂ ਸਨ। ਰਿਪੋਰਟ ਮੁਤਾਬਕ ਕਾਦਰੀ ਨੇ ਉਸ ਦੇ ਪਿਤਾ ਦਾ ਕਤਲ ਧਮਕੀਆਂ ਦੇਣ ਵਾਲੀਆਂ ਸਿਆਸੀ ਪਾਰਟੀਆਂ ਅਤੇ ਧਾਰਮਿਕ ਜਥੇਬੰਦੀਆਂ ਦੀ ਸ਼ਹਿ 'ਤੇ ਕੀਤਾ ਹੈ।

# ਮੇਰੇ ਅੱਬਾ ਦੇ ਕਾਤਲ ਜਿੱਤ ਨਹੀਂ ਸਕਣਗੇ: ਸ਼ਹਰਬਾਨੋ ਤਾਸੀਰ

ਸਤਾਈ!! ਇਹ ਗੋਲੀਆਂ ਦੀ ਗਿਣਤੀ ਹੈ ਜਿਹੜੀਆਂ ਮੇਰੇ ਅੱਬਾ ਸਲਮਾਨ ਤਾਸੀਰ ਦੇ ਸਰੀਰ ਵਿਚ ਉਤਾਰ ਦਿੱਤੀਆਂ ਗਈਆਂ। ਮਾਰਨ ਵਾਲਾ ਮੁਮਤਾਜ਼ ਕਾਦਰੀ ਉਨ੍ਹਾਂ ਦਾ ਹੀ ਰਾਖਾ ਸੁਰੱਖਿਆ ਮੁਲਾਜ਼ਮ ਸੀ ਜੋ ਗੋਲੀਆਂ ਮਾਰਨ ਪਿੱਛੋਂ ਹੱਸ ਰਿਹਾ ਸੀ। ਜਿਸ ਦਿਨ ਇਹ ਭਾਣਾ ਵਰਤਿਆ, ਉਸ ਦਿਨ ਮੇਰੇ ਭਰਾ ਸ਼ਹਰਯਾਰ ਦਾ 25ਵਾਂ ਜਨਮ ਦਿਨ ਸੀ।

ਮੁਮਤਾਜ਼ ਕਾਦਰੀ ਅਤੇ ਉਸ ਦੇ ਹਮਾਇਤੀਆਂ ਨੇ ਭਾਵੇਂ ਮਮੇਰੇ ਅੱਬਾ ਨੂੰ ਸਰੀਰਕ ਤੌਰ 'ਤੇ ਖ਼ਤਮ ਕਰ ਦਿੱਤਾ ਹੈ ਪਰ ਉਹ ਗ਼ਲਤਫ਼ਹਿਮੀ ਵਿਚ ਹਨ ਕਿ ਇਸ ਤਰ੍ਹਾਂ ਮੇਰੇ ਅੱਬਾ ਜਾਂ ਉਨ੍ਹਾਂ ਵਰਗੀਆਂ ਲੱਖਾਂ ਬੁਲੰਦ ਆਵਾਜ਼ਾਂ ਨੂੰ ਇਉਂ ਖ਼ਾਮੋਸ਼ ਕੀਤਾ ਜਾ ਸਕਦਾ ਹੈ ਜਿਹੜੇ ਪਾਕਿਸਤਾਨ ਨੂੰ ਕੱਟੜਪੰਥੀਆਂ ਦੇ ਚੁੰਗਲ ਵਿਚੋਂ ਕੱਢਣਾ ਚਾਹੁੰਦੇ ਹਨ ਅਤੇ ਜਿਨ੍ਹਾਂ ਦਾ ਕਾਇਦ-ਇ-ਆਜ਼ਮ ਮੁਹੰਮਦ ਅਲੀ ਜਿਨਾਹ ਵਾਂਗ ਧਰਮ-ਨਿਰਪੱਖਤਾ ਵਿਚ ਯਕੀਨ ਹੈ। ਮੇਰੇ ਅੱਬਾ ਦੀ ਜ਼ਿੰਦਗੀ, ਜੱਦੋਜਹਿਦ ਨਾਲ ਲਬਾਲਬ ਸੀ। ਉਨ੍ਹਾਂ ਆਪਣੇ ਲਈ ਆਪ ਰਸਤੇ ਬਣਾਏ। 1960ਵਿਆਂ ਜਦੋਂ ਜ਼ੁਲਫ਼ਿਕਾਰ ਅਲੀ ਭੁੱਟੋ ਨੇ 'ਪਾਕਿਸਤਾਨ ਪੀਪਲਜ਼ ਪਾਰਟੀ' ਕਾਇਮ ਕੀਤੀ, ਉਦੋਂ ਉਹ ਮੋਢੀ ਪੰਜ ਮੈਂਬਰਾਂ ਵਿਚੋਂ ਇਕ ਸਨ। ਆਜ਼ਾਦੀ ਅਤੇ ਜਮਹੂਰੀਅਤ ਵਿਚ ਯਕੀਨ ਦੇ ਇਲਜ਼ਾਮ ਵਿਚ ਉਨ੍ਹਾਂ ਨੂੰ ਜੇਲ੍ਹ ਅੰਦਰ ਡੱਕਿਆ ਗਿਆ ਅਤੇ ਡਾਢਾ ਤਸ਼ੱਦਦ ਢਾਹਿਆ ਗਿਆ। ਲਾਹੌਰ ਦੇ ਕਿਲੇ ਵਿਚ ਉਨ੍ਹਾਂ ਨੂੰ ਇਕੱਲਿਆਂ ਰੱਖਿਆ ਗਿਆ। ਦਿਨ ਵਿਚ ਇਕ ਡੰਗ ਹੀ ਰੋਟੀ ਦਿੱਤੀ ਜਾਂਦੀ ਸੀ। ਮੇਰੀ ਅੰਮੀ ਨੂੰ ਸੁਨੇਹਾ ਭੇਜ ਦਿੱਤਾ ਗਿਆ ਸੀ ਕਿ ਉਨ੍ਹਾਂ ਦੀ ਮੌਤ ਹੋ ਗਈ ਹੈ। ਉਸ ਵੇਲੇ ਮੇਰੀ ਅੰਮੀ 20 ਕੁ ਸਾਲਾਂ ਦੀ ਸੀ।

ਮੇਰੀ ਅੰਮਾ ਨੇ ਜਿਵੇਂ-ਕਿਵੇਂ ਉਸ ਸ਼ਖ਼ਸ ਨਾਲ ਰਾਬਤਾ ਕਾਇਮ ਕੀਤਾ ਜੋ ਮੇਰੇ ਅੱਬਾ ਦੀ ਕੋਠੜੀ ਦੀ ਸਫ਼ਾਈ ਕਰਦਾ ਸੀ ਅਤੇ ਉਸ ਰਾਹੀਂ ਸੁਨੇਹਾ ਅੰਦਰ ਭੇਜਿਆ। ਮਗਰੋਂ ਮੇਰੇ ਅੱਬਾ ਨੇ ਮੈਨੂੰ ਦੱਸਿਆ ਕਿ ਉਨ੍ਹਾਂ ਉਹ ਰੁੱਕਾ ਖਾ ਲਿਆ ਸੀ ਤਾਂ ਜੋ ਸਫ਼ਾਈ ਮੁਲਾਜ਼ਮ ਲਈ ਕੋਈ ਖ਼ਤਰਾ ਖੜ੍ਹਾ ਨਾ ਹੋਵੇ। ਔਖੇ ਸਮਿਆਂ ਦੌਰਾਨ ਜੂਝਦਿਆਂ ਮੇਰੇ ਅੱਬਾ ਅਕਸਰ ਕਿਹਾ ਕਰਦੇ ਸਨ ਕਿ ਉਹ ਕੋਈ ਲੱਕੜੀ ਨਹੀਂ ਹਨ ਕਿ ਆਸਾਨੀ ਨਾਲ ਬਲ-ਸੜ ਜਾਣਗੇ।

ਮੇਰੇ ਅੱਬਾ ਉਰਦੂ ਦੇ ਮਹਾਨ ਸ਼ਾਇਰ ਤੇ ਆਪਣੇ ਮਾਸੜ ਫ਼ੈਜ਼ ਅਹਿਮਦ ਫ਼ੈਜ਼ ਦੇ ਸ਼ਿਅਰ ਅਕਸਰ ਬੋਲਿਆ ਕਰਦੇ ਸਨ:

*ਸਲਮਾਨ ਤਾਸੀਰ ਦੀ ਧੀ ਸ਼ਹਰਬਾਨੋ ਤਾਸੀਰ ਦੀ ਕਲਮ ਤੋਂ*



**ਬੋਲ ਕਿ ਲਬ ਆਜ਼ਾਦ ਹੈਂ ਤੇਰੇ**
**ਬੋਲ ਜ਼ੁਬਾਂ ਅਬ ਤਕ ਤੇਰੀ ਹੈ।**

ਗਵਰਨਰ ਹੁੰਦਿਆਂ ਮੇਰੇ ਅੱਬਾ ਅਨਿਆਂ ਅਤੇ ਜ਼ਿਆਦਤੀਆਂ ਖ਼ਿਲਾਫ਼ ਬੋਲੇ; ਤੇ ਡਟ ਕੇ ਬੋਲੇ। ਉਨ੍ਹਾਂ ਲੋਕਾਂ ਨਾਲ ਡਟ ਕੇ ਖੜ੍ਹੇ ਜਿਨ੍ਹਾਂ ਨੂੰ ਉਨ੍ਹਾਂ ਦੀ ਲੋੜ ਸੀ। ਕਸ਼ਮੀਰ ਵਿਚ ਭੁਚਾਲ ਆਇਆ ਤਾਂ ਉਹ ਪੀੜਤਾਂ ਲਈ ਅਹੁੜ-ਪਹੁੜ ਕਰਨ ਲੱਗੇ। ਕ੍ਰਿਕਟ ਮੈਚ ਪਿੱਛੇ ਹੋਈ ਲੜਾਈ ਕਾਰਨ ਜਦੋਂ ਭੀੜ ਨੇ ਦੋ ਨੌਜਵਾਨਾਂ ਨੂੰ ਮਾਰ ਘੱਤਿਆ ਤਾਂ ਉਨ੍ਹਾਂ ਇਨ੍ਹਾਂ ਮੁੰਡਿਆਂ ਦੇ ਟੱਬਰਾਂ ਦੀ ਸਾਰ ਲਈ ਅਤੇ ਪੂਰੀ ਇਮਦਾਦ ਕੀਤੀ। ਇਹੀ ਨਹੀਂ, ਕੱਟੜਪੰਥੀਆਂ ਨੇ ਜਦੋਂ ਪਿਛਲੇ ਸਾਲ ਮਈ ਵਿਚ ਲਾਹੌਰ ਵਿਚ ਕੁਫ਼ਰ ਦਾ ਦੋਸ਼ ਲਾ ਕੇ ਅਹਿਮਦੀਆ ਜਮਾਤ ਦੇ 86 ਕਾਰਕੁਨਾਂ ਦੀ ਹੱਤਿਆ ਕੀਤੀ ਤਾਂ ਮੇਰੇ ਅੱਬਾ ਇਸ ਹਮਲੇ ਵਿਚ ਜ਼ਖ਼ਮੀ ਹੋਏ ਬੰਦਿਆਂ ਨੂੰ ਮਿਲਣ ਹਸਪਤਾਲ ਗਏ।

ਮੇਰੇ ਅੱਬਾ ਦਾ ਕਹਿਣਾ ਸੀ ਕਿ ਜਨਰਲ ਜ਼ਿਆ-ਉੱਲ-ਹੱਕ ਵੱਲੋਂ ਕੁਫ਼ਰ ਬਾਰੇ ਬਣਾਏ ਕਾਨੂੰਨ ਦੀ ਦੁਰਵਰਤੋਂ ਹੋ ਰਹੀ ਹੈ ਅਤੇ ਇਸ ਵਿਚ ਤਬਦੀਲੀ ਹੋਣੀ ਚਾਹੀਦੀ ਹੈ। ਉਨ੍ਹਾਂ ਦੇ ਇਨ੍ਹਾਂ ਵਿਚਾਰਾਂ ਨੂੰ ਹਜ਼ਰਤ ਮੁਹੰਮਦ ਖ਼ਿਲਾਫ਼ ਬੋਲਣਾ ਪ੍ਰਚਾਰਿਆ ਗਿਆ। ਇਹ ਸਰਾਸਰ ਜ਼ਿਆਦਤੀ ਸੀ। ਕੁਝ ਲੋਕਾਂ ਦਾ ਖ਼ਿਆਲ ਹੈ ਕਿ ਮੇਰੇ ਅੱਬਾ ਦੀ ਮੌਤ ਤੋਂ ਬਾਅਦ ਪਾਕਿਸਤਾਨ ਵਿਚ 'ਉਦਾਰ ਆਵਾਜ਼' ਦੀ ਸੰਘੀ ਘੁੱਟ ਦਿੱਤੀ ਜਾਵੇਗੀ। ਇਹ ਠੀਕ ਨਹੀਂ। ਮੇਰੇ ਅੱਬਾ ਦੀ ਆਵਾਜ਼ ਅਤੇ ਹੌਸਲੇ ਨੂੰ ਅੱਗੇ ਲਿਜਾਣ ਵਾਲੇ ਰੁਕਣ ਵਾਲੇ ਨਹੀਂ। ਸਾਬਕਾ ਪ੍ਰਧਾਨ ਮੰਤਰੀ ਚੌਧਰੀ ਸੁਜਾਤ ਹੁਸੈਨ ਅਤੇ ਇਮਰਾਨ ਖ਼ਾਨ ਨੇ ਵੀ ਕਿਹਾ ਹੈ ਕਿ ਕੁਫ਼ਰ ਵਾਲੇ ਕਾਨੂੰਨ ਵਿਚ ਸੋਧ ਜ਼ਰੂਰੀ ਹੈ।

ਇਹ ਬੋਲਣਾ ਲੱਗੇਗਾ ਤਾਂ ਥੋੜ੍ਹਾ ਅਵੱਲਾ ਹੀ, ਪਰ ਮੈਨੂੰ ਜਾਪਦਾ ਹੈ ਕਿ ਅੱਬਾ ਨੇ ਮੌਤ ਨੂੰ ਇਉਂ ਹੀ ਗਲੇ ਲਾਉਣਾ ਸੀ। ਉਨ੍ਹਾਂ ਦੀ ਯਾਦ ਖ਼ਾਤਰ ਸਾਨੂੰ ਭੈਅ ਮੁਕਤ ਹੋ ਕੇ ਨਵੇਂ ਪਾਕਿਸਤਾਨ ਦੀ ਉਸਾਰੀ ਲਈ ਡਟਣਾ ਚਾਹੀਦਾ ਹੈ ਅਤੇ ਅਨਿਆਂ ਖ਼ਿਲਾਫ਼ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ। ਦੁਸ਼ਮਣਾਂ ਦਾ ਡਰ ਕਾਹਦਾ! ਅਸੀਂ ਉਨ੍ਹਾਂ (ਦੁਸ਼ਮਣਾਂ) ਨੂੰ ਕਦੇ ਜਿੱਤਣ ਨਹੀਂ ਦਿਆਂਗੇ।

***(ਸ਼ਹਰਬਾਨੋ ਤਾਸੀਰ 'ਨਿਊਜ਼ਵੀਕ ਪਾਕਿਸਤਾਨ' ਲਈ ਬਤੌਰ ਰਿਪੋਰਟਰ ਕੰਮ ਕਰਦੀ ਹੈ)***

# ਵੱਖਰੇ ਤਿਲੰਗਾਨਾ ਸੂਬੇ ਬਾਰੇ ਗੋਲਮੋਲ ਰਿਪੋਰਟ ਪੇਸ਼

## ਸ੍ਰੀਕ੍ਰਿਸ਼ਨਾ ਕਮੇਟੀ ਦੀਆਂ ਸਿਫਾਰਸ਼ਾਂ ਤੋਂ ਲੋਕ ਨਿਰਾਸ਼

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਤਿਲੰਗਾਨਾ ਨੂੰ ਵੱਖਰੇ ਰਾਜ ਬਣਾਉਣ ਦਾ ਮਾਮਲਾ ਇਕ ਵਾਰ ਫਿਰ ਭਖ਼ ਗਿਆ ਹੈ। ਕੇਂਦਰ ਸਰਕਾਰ ਵੱਲੋਂ ਇਸ ਬਾਰੇ ਬਣਾਈ ਜਸਟਿਸ ਸ੍ਰੀਕ੍ਰਿਸ਼ਨਾ ਕਮੇਟੀ ਨੇ ਤਿਲੰਗਾਨਾ ਖਿੱਤੇ ਨੂੰ ਵਧੇਰੇ ਸੰਵਿਧਾਨਕ ਤੇ ਕਾਨੂੰਨੀ ਅਖ਼ਤਿਆਰ ਦੇਣ ਦੀ ਤਾਂ ਪੈਰਵੀ ਕੀਤੀ ਹੈ ਪਰ ਆਂਧਰਾ ਪ੍ਰਦੇਸ਼ ਨੂੰ ਇਕੱਠੇ ਰੱਖੇ ਜਾਣ ਨੂੰ 'ਸਰਵੋਤਮ ਹੱਲ' ਕਰਾਰ ਦਿੱਤਾ ਹੈ ਜਿਸ ਨਾਲ ਤਿਲੰਗਾਨਾ ਖਿੱਤੇ 'ਚ ਲੋਕ ਸੜਕਾਂ 'ਤੇ ਆ ਗਏ। ਉਂਞ ਕਮੇਟੀ ਨੇ ਅਜਿਹਾ ਸੰਭਵ ਨਾ ਰਹਿਣ ਦੀ ਸੂਰਤ 'ਚ ਇਸ ਨੂੰ ਸੂਬਾ ਬਣਾਏ ਜਾਣ ਦੀ ਮੰਗ ਨਾਲ ਨਜਿੱਠਣ ਲਈ ਵੱਖਰਾ ਰਾਜ ਕਾਇਮ ਕੀਤੇ ਜਾਣ ਨੂੰ 'ਦੂਜਾ ਸਰਵੋਤਮ ਹੱਲ' ਕਿਹਾ ਹੈ। ਉਧਰ ਤਿਲੰਗਾਨਾ ਰਾਸ਼ਟਰ ਸਮਿਤੀ (ਟੀ.ਆਰ.ਐਸ.) ਨੇ ਅੱਜ ਕਿਹਾ ਹੈ ਕਿ ਹੈਦਰਾਬਾਦ ਨੂੰ ਰਾਜਧਾਨੀ ਵਜੋਂ ਤੇ ਵੱਖਰੇ ਤਿਲੰਗਾਨਾ ਰਾਜ ਤੋਂ ਘੱਟ ਉਨ੍ਹਾਂ ਦੀ ਪਾਰਟੀ ਨੂੰ ਕੁਝ ਵੀ ਸਵੀਕਾਰ ਨਹੀਂ ਹੋਵੇਗਾ। ਉਨ੍ਹਾਂ ਨੇ ਸ੍ਰੀਕ੍ਰਿਸ਼ਨਾ ਕਮੇਟੀ ਦੀ ਰਿਪੋਰਟ ਅਸਲ 'ਚ ਖਾਰਜ ਹੀ ਕਰ ਦਿੱਤੀ ਹੈ।

ਇਸ ਰਿਪਰੋਟ ਦੇ ਵਿਰੋਧ 'ਚ ਹੈਦਰਾਬਾਦ ਤੇ ਨੌਂ ਤਿਲੰਗਾਨਾ ਜ਼ਿਲ੍ਹਿਆਂ 'ਚ ਸੰਘਰਸ਼ ਸ਼ੁਰੂ ਹੋ ਗਿਆ। ਉਸਮਾਨੀਆ ਯੂਨੀਵਰਸਿਟੀ ਜਾਇੰਟ ਐਕਸ਼ਨ ਕਮੇਟੀ ਤੇ ਤਿਲੰਗਾਨਾ ਜਾਇੰਟ ਐਕਸ਼ਨ ਕਮੇਟੀ ਵੱਲੋਂ ਵਿਦਿਆਰਥੀਆਂ 'ਤੇ ਪੁਲਿਸ ਫਾਈਰਿੰਗ ਤੇ ਰਿਪੋਰਟ ਦੇ ਵਿਰੋਧ 'ਚ ਦਿੱਤੇ ਬੰਦ ਦੇ ਸੱਦੇ ਨੂੰ ਪੂਰਾ ਹੁੰਗਾਰਾ ਮਿਲਿਆ ਤੇ ਦੁਕਾਨਾਂ, ਵਪਾਰਕ ਅਦਾਰੇ ਤੇ ਵਿਦਿਅਕ ਸੰਸਥਾਵਾਂ ਬੰਦ ਰਹੀਆਂ। ਪੁਲਿਸ ਨੇ ਰੈਲੀ ਕਰਨ ਦੀ ਕੋਸ਼ਿਸ਼ ਕਰਦੇ ਵਿਦਿਆਰਥੀਆਂ ਨੂੰ ਖਦੇੜਨ ਲਈ ਅੱਥਰੂ ਗੈਸ ਦੇ ਗੋਲੇ ਸੁੱਟੇ ਤੇ ਲਾਠੀਚਾਰਜ ਕੀਤਾ।



*ਵੱਖਰੇ ਤਿਲੰਗਾਨਾ ਸੂਬੇ ਲਈ ਸੰਘਰਸ਼ ਕਰ ਰਹੇ ਲੋਕ*

ਸੁਪਰੀਮ ਕੋਰਟ ਦੇ ਸਾਬਕਾ ਜੱਜ ਬੀ.ਐਨ. ਸ੍ਰੀਕ੍ਰਿਸ਼ਨਾ ਦੀ ਅਗਵਾਈ ਵਾਲੀ ਪੰਜ-ਮੈਂਬਰੀ ਕਮੇਟੀ ਵੱਲੋਂ ਇਸ ਮਾਮਲੇ ਦੇ ਹੱਲ ਲਈ ਸੁਝਾਏ ਗਏ ਛੇ ਤਰੀਕਿਆਂ ਵਿਚੋਂ ਇਹ ਦੋ ਤਰੀਕੇ ਹਨ। ਪਿਛਲੇ ਸਾਲ ਫਰਵਰੀ ਤੋਂ ਇਸ ਕਮੇਟੀ ਨੇ ਸਾਰੇ ਆਂਧਰਾ ਪ੍ਰਦੇਸ਼ 'ਚ ਇਸ ਬਾਰੇ ਵਿਆਪਕ ਸਲਾਹ ਮਸ਼ਵਰੇ ਕੀਤੇ ਸਨ। ਕਮੇਟੀ ਦਾ ਕਹਿਣਾ ਹੈ ਕਿ ਪੇਸ਼ ਕੀਤੇ ਗਏ ਚਾਰ ਹੋਰ ਹੱਲ ਵਿਹਾਰਕ ਨਹੀਂ ਹਨ ਜਿਨ੍ਹਾਂ 'ਚ ਹਾਲਤ ਜਿਉਂ ਦੀ ਤਿਉਂ ਰੱਖਣੀ ਜਾਂ ਸੂਬੇ ਨੂੰ ਸੀਮਾਂਧਰਾ ਤੇ ਤਿਲੰਗਾਨਾ 'ਚ ਵੰਡ ਕੇ ਹੈਦਰਾਬਾਦ ਨੂੰ ਕੇਂਦਰ ਸ਼ਾਸਤ ਬਣਾ ਕੇ ਦੋਵੇਂ ਰਾਜਾਂ ਦੀਆਂ ਆਪਣੀਆਂ-ਆਪਣੀਆਂ ਰਾਜਧਾਨੀਆਂ ਬਣਾਉਣਾ ਜਾਂ ਰਾਜ ਨੂੰ ਰਾਇਆਲਾ-ਤਿਲੰਗਾਨਾ ਤੇ ਤੱਟੀ ਆਂਧਰਾ 'ਚ ਵੰਡ ਕੇ ਹੈਦਰਾਬਾਦ ਨੂੰ ਪਹਿਲੇ ਹਿੱਸੇ 'ਚ ਸ਼ਾਮਲ ਕਰਨਾ ਤੇ ਜਾਂ ਫਿਰ ਸੀਮਾਂਧਰਾ ਤੇ ਤਿਲੰਗਾਨਾ 'ਚ ਰਾਜ ਦੀ ਵੰਡ ਕਰਕੇ, ਹੈਦਰਾਬਾਦ ਨੂੰ ਵੱਖਰੀ ਯੂ.ਟੀ. ਬਣਾਉਣਾ ਸ਼ਾਮਲ ਸੀ।

ਉਂਜ ਕਮੇਟੀ ਇਸ ਗੱਲੋਂ ਵੀ ਸੁਚੇਤ ਸੀ ਕਿ ਦੋਵੇਂ ਪਹਿਲੇ ਢੰਗ-ਤਰੀਕਿਆਂ ਦਾ ਵੀ ਵੱਖ-ਵੱਖ ਪਾਸਿਓਂ ਵਿਰੋਧ ਹੋ ਸਕਦਾ ਹੈ। ਕਮੇਟੀ ਦਾ ਇਹ ਵੀ ਮੰਨਣਾ ਹੈ ਕਿ ਤਿਲੰਗਾਨਾ ਨੂੰ ਸੂਬਾ ਬਣਾਏ ਜਾਣ ਦੀ ਖਿੱਤੇ 'ਚ ਮੰਗ ਭਾਵਨਾਤਮਿਕ ਤੌਰ 'ਤੇ ਵਧੇਰੇ ਹੈ ਤੇ ਮਹਿਸੂਸ ਕੀਤਾ ਗਿਆ ਕਿ ਹਾਲਤ ਨੂੰ ਜਿਉਂ ਦੀ ਤਿਉਂ ਖੜੋਤ 'ਚ ਰੱਖਣ ਨਾਲ ਮਾਓਵਾਦੀ ਲਹਿਰ ਨੂੰ ਵਧੇਰੇ ਹੁਲਾਰਾ ਮਿਲ ਸਕਦਾ ਹੈ। ਰਾਜ ਦੇ ਲੋਕਾਂ ਤੇ ਹੋਰਾਂ ਵੱਲੋਂ ਬੜੀ ਸ਼ਿੱਦਤ ਨਾਲ ਉਡੀਕੀ ਜਾ ਰਹੀ ਇਹ ਰਿਪੋਰਟ 8 ਜਨਵਰੀ ਨੂੰ ਗ੍ਰਹਿ ਮੰਤਰਾਲੇ ਵੱਲੋਂ ਜਨਤਕ ਕੀਤੀ ਗਈ। ਇਸ ਮੌਕੇ ਗ੍ਰਹਿ ਮੰਤਰੀ ਪੀ. ਚਿਦੰਬਰਮ ਨੇ ਰਾਜ ਦੀਆਂ ਵੱਖ-ਵੱਖ ਸਿਆਸੀ ਪਾਰਟੀਆਂ ਦੇ ਆਗੂਆਂ ਨਾਲ ਮੁਲਾਕਾਤ ਕੀਤੀ। ਆਂਧਰਾ ਪ੍ਰਦੇਸ਼ ਨੂੰ ਵੰਡਣ ਤੋਂ ਗੁਰੇਜ਼ ਕਰਨ ਦੀ ਸਲਾਹ ਦਿੰਦਿਆਂ ਕਮੇਟੀ ਨੇ ਸਿਫਾਰਸ਼ ਕੀਤੀ ਹੈ ਕਿ ਤਿਲੰਗਾਨਾ ਖਿੱਤੇ ਦੇ ਸਮਾਜਕ-ਆਰਥਿਕ ਵਿਕਾਸ ਤੇ ਸਿਆਸੀ ਸਸ਼ਕਤੀਕਰਨ ਲਈ ਸੰਵਿਧਾਨਕ ਤੇ ਕਾਨੂੰਨੀ ਉਪਰਾਲੇ ਕੀਤੇ ਜਾਣ ਤੇ ਉੱਚ ਅਧਿਕਾਰਾਂ ਵਾਲੀ ਤਿਲੰਗਾਨਾ ਰੀਜਨਲ ਕੌਂਸਲ ਕਾਇਮ ਕੀਤੀ ਜਾਵੇ ਜਿਸ ਦਾ ਮੁਖੀ ਕੈਬਨਿਟ ਰੈਂਕ ਦੇ ਕੇ ਕਿਸੇ ਵਿਧਾਇਕ ਨੂੰ ਬਣਾਇਆ ਜਾਵੇ। ਇਸ 461 ਸਫ਼ਿਆਂ ਦੀ ਰਿਪੋਰਟ 'ਚ ਕਿਹਾ ਗਿਆ ਹੈ ਕਿ ਰਾਜ ਦੇ ਤਿੰਨੇ ਖਿੱਤਿਆਂ ਦੇ ਹਿੱਤ ਲਈ ਤਾਂ ਇਹੀ ਹੋਣਾ ਚਾਹੀਦਾ ਹੈ ਕਿ ਸੂਬੇ ਦੀ ਵੰਡ ਨਾ ਹੋਵੇ ਕਿਉਂਕਿ ਇਹ ਮੁੱਦੇ ਦਾ ਸਹੀ ਤੇ ਸੁਚਾਰੂ ਹੱਲ ਸਾਬਤ ਨਹੀਂ ਹੋਵੇਗਾ।

ਇਸ ਤੋਂ ਇਲਾਵਾ ਮਸਲੇ ਦੇ ਹੱਲ ਲਈ ਦੂਜੇ ਚੰਗੇ ਬਦਲ ਤਹਿਤ ਤਿਲੰਗਾਨਾ ਤੇ ਸੀਮਾਂਧਰਾ ਨੂੰ ਵੱਖਰੇ-ਵੱਖਰੇ ਸੂਬੇ ਬਣਾ ਕੇ ਹੈਦਰਾਬਾਦ ਨੂੰ ਤਿਲੰਗਾਨਾ ਦੀ ਰਾਜਧਾਨੀ ਬਣਾਏ ਜਾਣ ਦਾ ਸੁਝਾਅ ਹੈ। ਕਮੇਟੀ ਦਾ ਕਹਿਣਾ ਹੈ ਕਿ ਇਸ ਹੱਲ ਤਹਿਤ ਆਂਧਰਾ ਪ੍ਰਦੇਸ਼ ਦੀ ਦੋ ਰਾਜਾਂ 'ਚ ਵੰਡ ਹੋ ਜਾਏਗੀ ਤੇ ਅੰਤ੍ਰਿਮ ਹੈਦਰਾਬਾਦ 'ਚ ਉਦੋਂ ਤੱਕ ਦੋਵੇਂ ਰਾਜਾਂ ਤਿਲੰਗਾਨਾ ਤੇ ਸੀਮਾਂਧਰਾ ਦੀ ਰਾਜਧਾਨੀ ਰਹੇਗੀ ਜਦੋਂ ਤੱਕ ਸੀਮਾਂਧਰਾ ਲਈ ਵੱਖਰੀ ਰਾਜਧਾਨੀ ਨਹੀਂ ਬਣ ਜਾਂਦੀ। ਵੱਖਰਾ ਤਿਲੰਗਾਨਾ ਸੂਬਾ ਬਣਨ ਨਾਲ ਰਾਜ ਦੇ ਲੋਕਾਂ ਨੂੰ ਭੇਦਭਾਵ ਹੋਣ ਦਾ ਗਿਲਾ ਨਹੀਂ ਰਹੇਗਾ ਤੇ ਉਨ੍ਹਾਂ ਦੀਆਂ ਭਾਵਨਾਵਾਂ ਵੀ ਸ਼ਾਂਤ ਹੋ ਜਾਣਗੀਆਂ। ਕਮੇਟੀ ਦਾ ਕਹਿਣਾ ਹੈ ਕਿ ਤਿਲੰਗਾਨਾ ਖੇਤਰ ਦੇ ਦੌਰੇ ਦੌਰਾਨ ਬਹੁਗਿਣਤੀ ਲੋਕਾਂ ਨੇ ਵੱਖਰੇ ਰਾਜ ਦੀ ਹਮਾਇਤ ਕੀਤੀ ਸੀ ਜਦਕਿ ਇਕ ਵੱਡਾ ਵਰਗ ਇਸ ਪ੍ਰਤੀ ਉਦਾਸੀਨ ਰਿਹਾ ਸੀ ਤੇ ਕੁਝ ਕੁ ਵਰਗ ਇਸ ਦੇ ਖ਼ਿਲਾਫ਼ ਭੁਗਤੇ ਸਨ।

### ਕੇਂਦਰ ਵਿਹਾਰਕ ਤੇ ਸੁਖਾਵੇਂ ਹੱਲ ਦਾ ਇੱਛੁਕ: ਚਿਦੰਬਰਮ

**ਨਵੀਂ ਦਿੱਲੀ:** ਗ੍ਰਹਿ ਮੰਤਰੀ ਪੀ. ਚਿਦੰਬਰਮ ਨੇ ਕਿਹਾ ਹੈ ਕਿ ਤਿਲੰਗਾਨਾ ਨੂੰ ਸੂਬੇ ਦਾ ਦਰਜਾ ਦਿੱਤੇ ਜਾਣ ਦੀ ਮੰਗ ਦਾ ਕੇਂਦਰ 'ਨਿਆਂਪੂਰਨ, ਸਨਮਾਨਯੋਗ ਤੇ ਵਿਹਾਰਕ ਹੱਲ' ਲੱਭਣਾ ਚਾਹੁੰਦਾ ਹੈ ਜਿਹੜਾ ਸਾਰੀਆਂ ਧਿਰਾਂ ਨੂੰ ਵੀ ਪ੍ਰਵਾਨ ਹੋਵੇ।

ਆਂਧਰਾ ਪ੍ਰਦੇਸ਼ ਦੀਆਂ ਵੱਖ-ਵੱਖ ਪਾਰਟੀਆਂ ਦੇ ਆਗੂਆਂ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਸ੍ਰੀ ਚਿਦੰਬਰਮ ਨੇ ਉਨ੍ਹਾਂ ਨੂੰ ਜਸਟਿਸ ਬੀ.ਐਨ. ਕ੍ਰਿਸ਼ਨਾ ਦੀ ਰਿਪੋਰਟ ਦੀਆਂ ਕਾਪੀਆਂ ਵੀ ਦਿੱਤੀਆਂ ਤੇ ਅਪੀਲ ਕੀਤੀ ਕਿ ਉਹ ਕਮੇਟੀ ਦੀਆਂ ਸਿਫਾਰਸ਼ਾਂ ਨੂੰ ਖੁੱਲ੍ਹੇ ਦਿਮਾਗ ਨਾਲ ਪੜ੍ਹ ਕੇ ਨਿਰਪੱਖ ਰਾਇ ਦੇਵੇ।

### ਭਾਰਤ ਵੱਲੋਂ ਸੁਰੱਖਿਆ ਕੌਂਸਲ 'ਚ ਪੱਕੀ ਸੀਟ ਲਈ ਭੱਜ-ਦੌੜ ਸ਼ੁਰੂ

**ਨਵੀਂ ਦਿੱਲੀ:** ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਦਾ ਅਸਥਾਈ ਮੈਂਬਰ ਬਣਨ ਪਿਛੋਂ ਭਾਰਤ ਨੇ ਹੁਣ ਪੱਕੀ ਸੀਟ ਲਈ ਆਪਣੀ ਦਾਅਵੇਦਾਰੀ ਨੂੰ ਮਜ਼ਬੂਤ ਕਰਨ ਲਈ ਭੱਜਦੌੜ ਸ਼ੁਰੂ ਕਰ ਦਿੱਤੀ ਹੈ। ਇਸ ਲਈ ਭਾਰਤ ਹੁਣ ਛੇਤੀ ਤੋਂ ਛੇਤੀ ਸੁਰੱਖਿਆ ਕੌਂਸਲ ਦੇ ਵਿਸਤਾਰ ਦੀ ਉਡੀਕ 'ਚ ਹੈ।

ਰੂਸ ਤੇ ਬਰਤਾਨੀਆ ਦੇ ਅਧਿਕਾਰੀ ਇਸ ਮਹੀਨੇ ਭਾਰਤ ਆ ਰਹੇ ਹਨ। ਉਹ ਜਿਥੇ ਸੰਯੁਕਤ ਰਾਸ਼ਟਰ ਦੇ ਵੱਖ-ਵੱਖ ਪੱਖਾਂ 'ਤੇ ਗੱਲਬਾਤ ਕਰਨਗੇ ਉੱਥੇ ਸੁਰੱਖਿਆ ਕੌਂਸਲ ਦੇ ਵਿਸਥਾਰ ਬਾਰੇ ਵੀ ਚਰਚਾ ਹੋਵੇਗੀ। ਰੂਸ ਦੇ ਅਧਿਕਾਰੀ 18 ਜਨਵਰੀ ਨੂੰ ਤੇ ਬਰਤਾਨਵੀ ਅਧਿਕਾਰੀ 31 ਜਨਵਰੀ ਨੂੰ ਨਵੀਂ ਦਿੱਲੀ ਪੁੱਜ ਰਹੇ ਹਨ।

ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ

ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਹਿਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗ਼ਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।

ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ
ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ

ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖਸ਼ ਇਲਾਜ ਕੀਤਾ ਜਾਂਦਾ ਹੈ।

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।

ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।

Surajvanshi Pharmacy (R)
MANUFACTURE & EXPORTER OF HERBAL PRODUCTS
25, New Model Town, Jalandhar (Punjab) INDIA.
Contact : Dr. Shweat Oberoi E-mail : shweat077@yahoo.com
Mobile : 98155-33933 Fax : 0091-181-5062627

Quik Signs
Signs * Graphics * Wraps
ਅਸੀਂ ਹਰ ਸਾਈਜ਼ ਦੇ ਸਾਈਨ
ਹਰ ਸਟੇਟ ਵਿੱਚ ਮੇਲ ਵੀ ਕਰਦੇ ਹਾਂ

ਬੈਨਰ, ਬਿਜ਼ਨਸ ਕਾਰਡ, ਵਿਆਹ ਦੇ ਕਾਰਡ,
ਲੋਗੋ ਡਿਜ਼ਾਇਨ, ਫੁੱਲ ਕਲਰ ਪਿੰਟਿੰਗ, ਮੈਗਨੈਟਿਕ ਸਾਈਨ,
ਸਟੋਰਾਂ ਦਾ ਸਾਈਨ, ਕਲਰ ਪੋਸਟਰ ਅਤੇ ਹਰ ਤਰ੍ਹਾਂ ਦੀ ਪ੍ਰਿੰਟਿੰਗ ਲਈ ਮਿਲੋ।

ਅਸੀਂ ਹਰ ਤਰਾਂ ਦੇ ਸਾਈਨ ਬਣਾਉਂਦੇ ਹਾਂ ਅਤੇ ਪੁਰਾਣੇ ਸਾਈਨਾਂ ਦੀ ਰਿਪੇਅਰ ਵੀ ਕਰਦੇ ਹਾਂ

Specialized in English, Spanish, Hindi & Punjabi

*661-703-8795
tanjit5020@yahoo.com
*661-900-7357
manmit5020@yahoo.com
WWW.QUIKSIGNS.US

# ਤੰਬਾਕੂ ਦਾ ਵੱਧ ਨੁਕਸਾਨ ਝੱਲ ਰਹੇ ਨੇ 'ਨਾ ਪੀਣ ਵਾਲੇ'

**ਹਰਜਿੰਦਰ ਦੁਸਾਂਝ ਯੂਬਾ ਸਿਟੀ***

ਧਰਤੀ ਦੀ ਧਰਾਤਲ ਉਤੇ ਜਿਹੜੀ ਬਨਸਪਤੀ ਹੈ, ਉਸ ਕੋਲ ਉਸ ਦੇ ਪਿੱਤਰੀ ਭੂਗੋਲਿਕ ਖਿੱਤੇ ਦੀ ਬਦੌਲਤ ਗੁਣ-ਔਗੁਣ, ਰੰਗ-ਰੂਪ ਤੇ ਬਣਤਰ ਹੈ। ਸਮੁੱਚੇ ਤੌਰ 'ਤੇ ਬਨਸਪਤੀ ਤੋਂ ਬਿਨਾਂ ਜੀਵਾਂ ਦਾ ਜੀਵਨ ਸੰਭਵ ਨਹੀਂ ਪਰ ਬਨਸਪਤੀ ਵਿਚ ਬਹੁਤ ਸਾਰੀਆਂ ਕਿਸਮਾਂ ਹਨ ਜਿਨ੍ਹਾਂ ਨੂੰ ਵਰਤਣ ਜਾਂ ਛੋਹਣ ਨਾਲ ਜੀਵਾਂ ਦੇ ਸਰੀਰ ਉਤੇ ਮਾੜਾ ਅਸਰ ਪੈਂਦਾ ਹੈ। ਮਨੁੱਖ ਦੂਸਰੇ ਜੀਵਾਂ ਨਾਲੋਂ ਇਸ ਗੱਲੋਂ ਉੱਤਮ ਹੈ। ਉਹ ਆਪਣੀ ਤੀਖਣ ਬੁੱਧੀ ਨਾਲ ਸੌਖਿਆਂ ਹੀ ਪਰਖ ਸਕਦਾ ਹੈ ਕਿ ਕਿਹੜੇ ਰੁੱਖਾਂ ਜਾਂ ਜੜ੍ਹੀ-ਬੂਟੀਆਂ ਦਾ ਉਸ ਨੂੰ ਫ਼ਾਇਦਾ ਅਤੇ ਕਿਹੜੀਆਂ ਦਾ ਨੁਕਸਾਨ ਹੈ। ਭੰਗ, ਪੋਸਤ ਅਤੇ ਤੰਬਾਕੂ ਵਰਗੇ ਅਜਿਹੇ ਪੌਦੇ ਹਨ ਜਿਨ੍ਹਾਂ ਦੀ ਵਰਤੋਂ ਗੁਣਕਾਰੀ ਵੀ ਹੈ ਅਤੇ ਲਤ ਪੈਣ 'ਤੇ ਬੀਮਾਰੀ ਵੀ ਹੈ।

ਤੰਬਾਕੂ ਦੁਨੀਆਂ ਦੀਆਂ ਮਹਿੰਗੀਆਂ ਤੇ ਕਮਾਊ ਫ਼ਸਲਾਂ ਵਿਚੋਂ ਹੈ। ਅਮਰੀਕਾ ਵਰਗੇ ਦੇਸ਼ ਵਿਚ ਇਸ ਨੂੰ ਲੋਹੜੇ ਦੀ ਸਬਸਿਡੀ ਮਿਲਦੀ ਸੀ। ਇਹ ਸਰਕਾਰੀ ਸਹਾਇਤਾ ਤੰਬਾਕੂ ਨੂੰ ਰਾਸ਼ਟਰਪਤੀ ਬਿਲ ਕਲਿੰਟਨ ਦੇ ਵੇਲੇ ਉਸ ਵਕਤ ਬੰਦ ਹੋਈ ਜਦੋਂ ਕਣਕ ਉਤਪਾਦਕ, ਆਰਥਿਕ ਮੰਦਹਾਲੀ ਵਿਚ ਖ਼ੁਦਕੁਸ਼ੀਆਂ ਕਰ ਰਹੇ ਸਨ ਕਿਉਂਕਿ ਉਸ ਵਕਤ 'ਕਰਨਾਲ ਬੰਟ' (ਕੁੰਗੀ) ਦੀ ਬੀਮਾਰੀ ਨੇ ਹਜ਼ਾਰਾਂ ਏਕੜ ਕਣਕ ਤਬਾਹ ਕਰ ਦਿੱਤੀ ਸੀ। ਕਣਕ ਉਤਪਾਦਕ ਸਰਕਾਰੀ ਸਹਾਇਤਾ (ਸਬਸਿਡੀ ਜਾਂ ਬੋਨਸ) ਦੀ ਮੰਗ ਕਰ ਰਹੇ ਸਨ। ਉਹ ਤਰਕ ਦੇ ਰਹੇ ਸਨ ਕਿ ਅਨਾਜ ਪੈਦਾ ਕਰਨ ਵਾਲਾ ਕਿਸਾਨ ਮਰ ਰਿਹਾ ਹੈ ਅਤੇ ਜ਼ਹਿਰ ਉਗਾਉਣ ਵਾਲਾ ਮੌਜਾਂ ਮਾਣ ਰਿਹਾ ਹੈ। ਯਾਦ ਰਹੇ, ਰਾਸ਼ਟਰਪਤੀ ਕਲਿੰਟਨ ਦਾ ਹਮ-ਸਾਥੀ ਉਪ ਰਾਸ਼ਟਰਪਤੀ ਅਲ ਗੋਰ ਤੰਬਾਕੂ ਪੈਦਾ ਕਰਨ ਵਾਲੇ ਰਾਜਸੀ ਘਰਾਣੇ ਦਾ ਫ਼ਰਜ਼ੰਦ ਹੈ। ਉਸ ਦੀ ਉਸ ਵਕਤ ਕਾਫ਼ੀ ਆਲੋਚਨਾ ਵੀ ਹੋਈ ਸੀ। ਉਸ ਦਾ ਪਿਉ ਉਦੋਂ ਸੈਨੇਟਰ ਰਿਹਾ ਜਦੋਂ ਤੰਬਾਕੂ ਉਤਪਾਦਕਾਂ ਦੀ ਅਮਰੀਕਾ ਵਿਚ ਤੂਤੀ ਬੋਲਦੀ ਸੀ।

ਖ਼ੈਰ, ਪਿਛਲੇ ਸਮੇਂ ਤੋਂ ਹੋਈਆਂ ਖੋਜਾਂ ਦੇ ਆਧਾਰ 'ਤੇ ਲੋਕਾਂ ਵਿਚ ਆਈ ਨਵੀਂ ਚੇਤਨਾ ਅਤੇ ਨਵੇਂ ਬਣੇ ਕਾਨੂੰਨਾਂ ਨੇ ਸਿਗਰਟਨੋਸ਼ੀ ਅਤੇ ਤੰਬਾਕੂ ਦੀ ਹੋਰ ਵਰਤੋਂ ਉਤੇ ਕਾਫ਼ੀ ਠੱਲ੍ਹ ਪਾਈ ਹੈ। ਹੁਣ ਤੰਬਾਕੂ ਵਰਤਣ ਵਾਲਿਆਂ ਦਾ ਗਰਾਫ਼ ਲਗਾਤਾਰ ਥੱਲੇ ਡਿੱਗਦਾ ਆ ਰਿਹਾ ਹੈ। ਤੰਬਾਕੂ ਸਬੰਧੀ ਹੋ ਰਹੀਆਂ ਨਵੀਆਂ ਖੋਜਾਂ ਤਹਿਤ ਹੀ ਇਕ ਨਵੀਂ ਰਿਪੋਰਟ ਸਾਹਮਣੇ ਆਈ ਹੈ ਜਿਸ ਨੂੰ ਨਾਂ ਦਿੱਤਾ ਗਿਆ ਹੈ, 'ਥਰਡ ਹੈਂਡ ਸਮੋਕਿੰਗ।'

'ਸੈਕਿੰਡ ਹੈਂਡ ਸਮੋਕਿੰਗ' ਦਾ ਤਾਂ ਬਹੁਤੀ ਲੋਕਾਈ ਨੂੰ ਪਤਾ ਹੈ ਕਿ ਜੇਕਰ ਤੁਸੀਂ ਤੰਬਾਕੂਨੋਸ਼ੀ ਨਹੀਂ ਕਰਦੇ ਪਰ ਤੁਸੀਂ ਕਿਸੇ ਸਿਗਰਟ, ਹੁੱਕਾ, ਚਿਲਮ ਜਾਂ ਕਿਸੇ ਹੋਰ ਤਰ੍ਹਾਂ ਤੰਬਾਕੂ ਪੀ-ਖਾ ਰਹੇ ਜਾਂ ਖਾ ਕੇ ਥੁੱਕ ਰਹੇ ਬੰਦੇ ਦੇ ਨੇੜੇ ਖੜ੍ਹੇ ਹੋ, ਹਵਾ ਰਾਹੀਂ ਜਿਹੜੇ ਤੰਬਾਕੂ ਦੇ ਅੰਸ਼ ਤੁਹਾਡੇ ਅੰਦਰ ਜਾਂਦੇ ਹਨ, ਉਹ ਤੁਹਾਨੂੰ ਪੀਣ ਵਾਲੇ ਨਾਲੋਂ ਵੀ ਜ਼ਿਆਦਾ ਨੁਕਸਾਨ ਕਰਦੇ ਹਨ। ਅੱਠ-ਦਸ ਸਾਲ ਪਹਿਲਾਂ ਆਸਟਰੇਲੀਆ ਦਾ ਇਕ ਨਾਗਰਿਕ ਬੱਸ ਵਿਚ ਰੋਜ਼ਾਨਾ ਸਫ਼ਰ ਕਰ ਕੇ ਕੰਮ ਉਤੇ ਜਾਂਦਾ ਸੀ। ਉਹ ਬੱਸ ਡਰਾਈਵਰ ਦਾ ਭਾਈਬੰਦ ਬਣ ਗਿਆ ਅਤੇ ਅਕਸਰ ਉਸ ਦੇ ਨਾਲ ਹੀ ਸੀਟ ਉਤੇ ਬੈਠਦਾ। ਦਿਲ ਦਾ ਚੰਗਾ ਡਰਾਈਵਰ 'ਚੇਨ ਸਮੋਕਰ' (ਲਗਾਤਾਰ ਸਿਗਰਟਨੋਸ਼ੀ ਕਰਨ ਵਾਲਾ) ਸੀ। ਕੁਝ ਸਮੇਂ ਪਿੱਛੋਂ ਜਿਹੜਾ ਬੰਦਾ ਚੇਨ ਸਮੋਕਰ ਡਰਾਈਵਰ ਕੋਲ ਬੈਠ ਕੇ ਰੋਜ਼ਾਨਾ ਸਫ਼ਰ ਕਰਦਾ ਸੀ, ਉਸ ਨੂੰ ਕੈਂਸਰ ਹੋ ਗਿਆ। ਉਸ ਬੰਦੇ ਦੀ ਔਰਤ ਨੇ ਅਦਾਲਤ ਦਾ ਦਰਵਾਜ਼ਾ ਜਾ ਖੜਕਾਇਆ ਕਿ ਉਸ ਦੇ ਪਤੀ ਨੂੰ ਕੈਂਸਰ ਉਸ ਚੇਨ ਸਮੋਕਰ ਡਰਾਈਵਰ ਕਰਕੇ ਹੋਇਆ ਹੈ, ਕਿਉਂਕਿ ਉਸ ਦਾ ਪਤੀ ਸਿਗਰਟ ਨਹੀਂ ਸੀ ਪੀਂਦਾ ਅਤੇ ਜਿਹੜਾ ਧੂੰਆਂ ਸਫ਼ਰ ਦੌਰਾਨ ਉਸ ਦੇ ਅੰਦਰ ਜਾਂਦਾ ਰਿਹਾ, ਉਸ ਨੇ ਹੀ ਉਸ ਦੇ ਪਤੀ ਨੂੰ ਫੇਫੜਿਆਂ ਦਾ ਕੈਂਸਰ ਲਾਇਆ। ਜੱਜ ਇਸ ਗੱਲ ਨਾਲ ਸਹਿਮਤ ਹੋ ਗਿਆ। ਬੱਸ ਕੰਪਨੀ ਨੂੰ ਭਾਰੀ ਜੁਰਮਾਨਾ ਅਤੇ ਉਸ ਦੇ ਇਲਾਜ ਦਾ ਖ਼ਰਚਾ ਪਾ ਦਿੱਤਾ। ਬੱਸ ਕੰਪਨੀ ਨੇ ਸਿਗਰਟਾਂ ਬਣਾਉਣ ਵਾਲੀ ਕੰਪਨੀ ਉਤੇ ਕੇਸ ਕਰ ਦਿੱਤਾ ਜਿਸ ਬਾਰੇ ਜ਼ਿਕਰ ਕਿਸੇ ਅਗਲੇ ਲੇਖ ਵਿਚ ਕਰਾਂਗੇ। ਇਹ ਤਾਂ ਸੀ 'ਸੈਕਿੰਡ ਹੈਂਡ ਸਮੋਕਿੰਗ'।

ਹੁਣ ਨਵੀਂ ਖੋਜ ਨੇ ਨਵੇਂ ਤੱਥਾਂ ਦੇ ਆਧਾਰ ਉਤੇ 'ਥਰਡ ਹੈਂਡ ਸਮੋਕ' ਭਾਵ ਤੀਜੇ ਦਰਜੇ ਦੀ ਤੰਬਾਕੂਨੋਸ਼ੀ ਬਾਰੇ ਦੱਸਿਆ ਹੈ ਕਿ ਜਿਹੜਾ ਬੰਦਾ ਤੰਬਾਕੂ ਦਾ ਸੇਵਨ ਕਰਦਾ ਹੈ, ਉਸ ਦੇ ਕੱਪੜਿਆਂ, ਵਾਲਾਂ ਅਤੇ ਜਿਥੇ ਉਹ ਰਹਿੰਦਾ ਹੈ, ਉਥੋਂ ਦੇ ਫ਼ਰਨੀਚਰ ਵਗੈਰਾ ਵਿਚ ਤੰਬਾਕੂ ਦੇ ਹਾਨੀਕਾਰਕ ਤੱਤ ਪਏ ਰਹਿੰਦੇ ਹਨ; ਜਿਹੜੇ ਤੰਬਾਕੂ ਨਾ ਵਰਤਣ ਵਾਲਿਆਂ, ਖ਼ਾਸ ਕਰਕੇ ਛੋਟੇ ਬੱਚਿਆਂ ਦੀ ਸਿਹਤ ਖ਼ਰਾਬ ਕਰਨ ਲਈ ਕਾਫ਼ੀ ਹੁੰਦੇ ਹਨ। ਤਾਜ਼ਾ ਛਪੀਆਂ ਰਿਪੋਰਟਾਂ ਵਿਚ ਦੱਸਿਆ ਗਿਆ ਹੈ ਕਿ ਜੇਕਰ ਕੋਈ ਬੰਦਾ ਸਿਰਫ਼ ਸਿਗਰਟ ਮੁਕਾ ਕੇ ਤੁਹਾਡੇ ਨਾਲ ਹੱਥ ਮਿਲਾ ਲਿਫ਼ਟ (ਐਲੀਵੇਟਰ) ਜਾਂ ਕਾਰ ਵਿਚ ਸ਼ਾਮਲ ਹੁੰਦਾ ਹੈ, ਤਾਂ ਤੰਬਾਕੂ ਦੇ ਤੱਤਾਂ ਦੀ ਰਹਿੰਦ-ਖੂੰਹਦ ਜਿਹੜੀ ਉਹ ਆਪਣੇ ਨਾਲ ਲੈ ਕੇ ਆਉਂਦਾ ਹੈ, ਉਹ ਤੰਬਾਕੂ ਰਹਿਤ ਸੱਜਣਾਂ ਦੀ ਸਿਹਤ ਲਈ ਖ਼ਤਰਨਾਕ ਸਾਬਤ ਹੋ ਸਕਦੀ ਹੈ। ਤੰਬਾਕੂ ਦੇ ਕਸ਼ ਲਾ ਕੇ ਹਟਦਿਆਂ ਹੀ ਜੇਕਰ ਕੋਈ ਮਿੱਤਰ-ਦੋਸਤ ਜਾਂ ਰਿਸ਼ਤੇਦਾਰ ਜੱਫ਼ੀ ਪਾ ਕੇ ਮਿਲਦਾ ਹੈ ਤਾਂ ਇਹ ਤੰਬਾਕੂ ਨਾ ਪੀਣ ਵਾਲੇ ਲਈ ਹੋਰ ਵੀ ਘਾਤਕ ਹੋ ਸਕਦਾ ਹੈ। ਤੰਬਾਕੂਨੋਸ਼ੀ ਕਰਵਾਉਣ ਵਾਲੇ ਜਿਸ ਘਰ ਵਿਚ ਰਹਿੰਦੇ ਹਨ, ਉਸ ਬਾਰੇ ਖੋਜ ਕਾਰਜ ਚੱਲ ਰਹੇ ਹਨ ਪਰ ਬਰਕਲੇ, ਕੈਲੀਫੋਰਨੀਆ ਦੀ ਨੈਸ਼ਨਲ ਲਾਰੈਂਸ ਲੈਬਾਰਟਰੀ ਦੀਆਂ ਅਗੇਤਰੀਆਂ ਖੋਜ ਰਿਪੋਰਟਾਂ ਵਿਚ ਦੱਸਿਆ ਗਿਆ ਹੈ ਕਿ ਜਿਸ ਘਰ ਜਾਂ ਅਪਾਰਟਮੈਂਟ ਵਿਚ ਸਿਗਰਟਨੋਸ਼ੀ ਵਾਲੇ ਲੋਕ ਰਹਿੰਦੇ ਹਨ, ਉਥੇ ਨਿਕੋਟੀਨ ਦੀ ਮਾਤਰਾ ਹਵਾ ਵਿਚ ਵਧੇਰੇ ਰਹਿੰਦੀ ਹੈ ਜਿਹੜੀ ਬੱਚਿਆਂ ਅਤੇ ਸਿਗਰਟਨੋਸ਼ੀ ਨਾ ਕਰਨ ਵਾਲਿਆਂ ਲਈ ਚੰਗੀ ਨਹੀਂ। ਸਿਗਰਟਨੋਸ਼ੀ ਕਰਨ ਵਾਲਿਆਂ ਨਾਲ ਰਹਿਣ ਵਾਲੇ ਦੂਜੇ ਲੋਕਾਂ ਦੇ ਖ਼ੂਨ ਨਮੂਨੇ ਵੀ ਜਾਂਚੇ ਗਏ ਜਿਨ੍ਹਾਂ ਤੋਂ ਪਤਾ ਲੱਗਾ ਹੈ ਕਿ ਉਨ੍ਹਾਂ ਦੇ ਖ਼ੂਨ ਵਿਚ ਮੈਟੋਬੋਲਾਇਜ਼ ਨਿਕੋਟੀਨ ਵਧੇਰੇ ਹੈ।



ਯੂਨੀਵਰਸਿਟੀ ਆਫ਼ ਕੈਲੀਫੋਰਨੀਆ, ਸਾਨ ਫ਼ਰਾਂਸਿਸਕੋ ਦੀ ਡਾ. ਸੂਜ਼ਨ ਚਿੱਕ ਜਿਹੜੀ ਕੰਮ-ਧੰਦਿਆਂ ਅਤੇ ਵਾਤਾਵਰਨ ਦੀ ਖ਼ਰਾਬੀ ਨਾਲ ਪੈਦਾ ਹੁੰਦੇ ਰੋਗਾਂ ਦੇ ਇਲਾਜ ਕਰਨ ਵਾਲੇ ਵਿਭਾਗ ਦੀ ਪ੍ਰੋਫੈਸਰ ਹੈ, ਦਾ ਕਹਿਣਾ ਹੈ ਕਿ ਹਵਾ ਵਿਚ ਕੀ ਹੈ, ਉਸ ਦਾ ਸਾਡੀ ਸਿਹਤ ਨਾਲ ਸਿੱਧਾ ਸਬੰਧ ਹੈ। ਉਨ੍ਹਾਂ ਦੇ ਵਿਸ਼ੇ ਦਾ ਅਹਿਮ ਚੈਪਟਰ ਵੀ ਇਹੋ ਹੈ। ਉਹ ਪਿਛਲੇ ਸਮੇਂ ਤੋਂ ਹਵਾ ਵਿਚ ਨਿਕੋਟੀਨ ਦੀ ਮਾਤਰਾ ਬਾਰੇ ਖੋਜ ਵੀ ਕਰ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਸੈਕਿੰਡ ਹੈਂਡ ਸਮੋਕਿੰਗ ਤਾਂ ਸਾਬਤ ਹੋ ਚੁੱਕੀ ਹੈ ਕਿ ਇਸ ਨਾਲ ਸਡਨ ਇਨਫ਼ੈਂਟ ਡੈੱਥ ਸਿੰਡਰੋਮ, ਐਲਰਜੀ, ਰੈਸਪੀਰੇਟਰੀ ਏਲਮਿੰਟਰ ਤੇ ਐਸਥਮਾ ਵਰਗੇ ਰੋਗਾਂ ਦਾ ਖ਼ਤਰਾ ਵਧ ਜਾਂਦਾ ਹੈ ਪਰ ਥਰਡ ਹੈਂਡ ਸਮੋਕਿੰਗ ਕਿੰਨੀ ਖ਼ਤਰਨਾਕ ਹੈ, ਇਸ ਬਾਰੇ ਠੋਸ ਜਾਣਕਾਰੀ ਨਹੀਂ। ਫਿਰ ਵੀ ਲੋਕਾਂ ਨੂੰ ਇਸ ਦੇ ਖ਼ਤਰਿਆਂ ਤੋਂ ਸਾਵਧਾਨ ਕਰਨ ਲਈ ਕਾਫ਼ੀ ਤੱਥ ਸਾਡੇ ਕੋਲ ਹਨ। ਵਾਤਾਵਰਣ ਵਿਚ ਥਰਡ ਹੈਂਡ ਤੰਬਾਕੂ ਤੱਤਾਂ ਦਾ ਕਿੰਨਾ ਮਾੜਾ ਅਸਰ ਪੈ ਰਿਹਾ ਹੈ, ਇਸ ਬਾਰੇ ਠੋਸ ਜਾਣਕਾਰੀ ਅਜੇ ਆਉਣੀ ਬਾਕੀ ਹੈ। ਇਸੇ ਹੀ ਯੂਨੀਵਰਸਿਟੀ ਦੇ ਬੱਚਿਆਂ ਦੇ ਰੋਗਾਂ ਬਾਰੇ ਵਿਭਾਗ ਦੀ ਪ੍ਰੋਫੈਸਰ ਟਾਂਸਕੀ, ਜਿਸ ਨੇ ਛੋਟੇ ਬੱਚਿਆਂ ਉਤੇ ਥਰਡ ਹੈਂਡ ਸਮੋਕਿੰਗ ਦੇ ਪ੍ਰਭਾਵਾਂ ਬਾਰੇ ਪਹਿਲਾ ਖੋਜ ਪਰਚਾ ਲਿਖਿਆ ਹੈ, ਦਾ ਕਹਿਣਾ ਹੈ ਕਿ ਹੁਣ ਲੋਕਾਂ ਨੂੰ ਥਰਡ ਹੈਂਡ ਸਮੋਕਿੰਗ ਤੋਂ ਸੁਚੇਤ ਹੋ ਜਾਣਾ ਚਾਹੀਦਾ ਹੈ। ਉਸ ਦਾ ਕਹਿਣਾ ਹੈ ਕਿ ਵਿਗਿਆਨੀ ਭਾਵੇਂ ਇਸ ਬਾਰੇ ਹੋਰ ਖੋਜਾਂ ਕਰ ਰਹੇ ਹਨ ਪਰ ਬੱਚਿਆਂ ਉਤੇ ਪੈਂਦੇ ਮਾੜੇ ਪ੍ਰਭਾਵਾਂ ਬਾਰੇ ਮਾਪਿਆਂ ਨੂੰ ਖ਼ਬਰਦਾਰ ਕਰਨ ਲਈ ਉਨ੍ਹਾਂ ਕੋਲ ਕਾਫ਼ੀ ਠੋਸ ਆਧਾਰ ਅਤੇ ਸਬੂਤ ਹਨ। ਹਾਰਵਰਡ ਯੂਨੀਵਰਸਿਟੀ ਦੇ ਬੱਚਿਆਂ ਦੇ ਰੋਗਾਂ ਬਾਰੇ ਵਿਭਾਗ ਦੇ ਪ੍ਰੋਫੈਸਰ ਡਾ. ਜੌਨਾਥਨ ਨੇ ਆਪਣੇ ਲੀਡ ਪੇਪਰ ਵਿਚ ਲਿਖਿਆ ਹੈ ਕਿ ਸਮਝ ਲੈਣਾ ਚਾਹੀਦਾ ਹੈ ਕਿ ਧੂੰਆਂ ਕਿਧਰੇ ਨਹੀਂ ਜਾਂਦਾ। ਇਹ ਕਿਧਰੇ ਬੱਚਿਆਂ ਦੇ ਸਰੀਰ ਵਿਚ ਜਾ ਸਕਦਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜਿਹੜੇ ਮਾਪੇ ਸਿਗਰਟ ਪੀਂਦੇ ਹਨ, ਉਹ ਘਰੋਂ ਬਾਹਰ ਸਿਗਰਟ ਪੀਣ ਪਿੱਛੋਂ ਨਹਾ-ਧੋ ਕੇ ਅਤੇ ਕੱਪੜੇ ਬਦਲ ਕੇ ਹੀ ਆਪਣੇ ਬੱਚਿਆਂ ਕੋਲ ਜਾਣ।

ਇਹ ਵੀ ਇਤਫ਼ਾਕ ਹੀ ਹੈ ਕਿ ਜਦੋਂ ਮੈਂ ਇਹ ਸਤਰਾਂ ਉਲੀਕ ਰਿਹਾ ਸਾਂ ਤਾਂ ਅਮਰੀਕਾ ਦੇ ਟੈਕਸਸ ਰਾਜ ਦੀ ਫ਼ੈਡਰਲ ਕੋਰਟ ਨੇ ਅਹਿਮ ਫ਼ੈਸਲਾ ਸੁਣਾਉਂਦਿਆਂ ਇਕ ਸਿਗਰਟ ਕੰਪਨੀ ਨੂੰ ਕਰੋੜਾਂ ਡਾਲਰ ਦਾ ਜੁਰਮਾਨਾ ਅਦਾ ਕਰਨ ਦਾ ਹੁਕਮ ਸੁਣਾਇਆ ਹੈ। ਇਹ ਕੰਪਨੀ ਹੁਣ ਉਪਰਲੀ ਅਦਾਲਤ ਵਿਚ ਅਪੀਲ ਕਰ ਰਹੀ ਹੈ। ਕੰਪਨੀ ਉਤੇ ਦੋਸ਼ ਹੈ ਕਿ ਉਸ ਦੇ ਕਾਰਿੰਦਿਆਂ ਅਤੇ ਉਸ ਕੰਪਨੀ ਦੀਆਂ ਸਿਗਰਟਾਂ ਪਸੰਦ ਕਰਨ ਵਾਲਿਆਂ ਨੇ ਕਈ ਸਾਲ ਪਹਿਲਾਂ ਦਸ ਤੋਂ ਪੰਦਰਾਂ ਸਾਲਾਂ ਦੇ ਬੱਚਿਆਂ ਨੂੰ ਚਾਕਲੇਟ ਅਤੇ ਮਿੱਠੀਆਂ ਗੋਲੀਆਂ ਦੇ ਲਾਲਚ ਨਾਲ ਸਿਗਰਟ ਪੀਣ ਲਾਇਆ ਸੀ ਜਿਨ੍ਹਾਂ ਵਿਚ ਕਈ ਬਾਅਦ ਵਿਚ ਕੈਂਸਰ ਦੇ ਮਰੀਜ਼ ਬਣੇ। ਯਾਦ ਰਹੇ, ਹੁਣ ਕੋਈ ਵੀ ਸਿਗਰਟ ਕੰਪਨੀ ਬੱਚਿਆਂ ਨੂੰ ਲੁਭਾਉਣ ਦੀ ਇਸ਼ਤਿਹਾਰਬਾਜ਼ੀ ਨਹੀਂ ਕਰ ਸਕਦੀ ਅਤੇ ਨਾ ਹੀ ਕਾਰਟੂਨਾਂ ਤੇ ਬੱਚਿਆਂ ਦੇ ਪਸੰਦ ਆਉਣ ਵਾਲੇ ਹੋਰ ਤਰੀਕਿਆਂ ਨਾਲ ਸਿਗਰਟਾਂ ਦੀਆਂ ਡੱਬੀਆਂ ਬਣਾ ਸਕਦੀ ਹੈ। ਸਿਗਰਟਾਂ ਦੇ ਨਵੇਂ ਸ਼ੌਕੀਆ ਪਿਅੱਕੜਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਤੰਬਾਕੂ ਉਤਪਾਦਾਂ ਵਿਚ ਕਈ ਅਜਿਹੇ ਰਸਾਇਣਕ ਪਦਾਰਥ ਵਰਤੇ ਜਾਂਦੇ ਹਨ ਜਿਹੜੇ ਉਨ੍ਹਾਂ ਦੀ ਆਦਤ ਨੂੰ ਹੋਰ ਪੱਕੀ ਕਰਨ ਵਿਚ ਸਹਾਈ ਹੁੰਦੇ ਹਨ।

ਤੰਬਾਕੂ ਦੀ ਵਰਤੋਂ ਪੰਜਾਬੀਆਂ ਖਾਸ ਕਰ ਸਿੱਖਾਂ ਵਿਚ ਕੋਹੜ ਸਮਝੀ ਜਾਂਦੀ ਸੀ ਪਰ ਹੁਣ ਸਾਡੀ ਅਗਲੀ ਪੀੜ੍ਹੀ ਵੀ ਇਸ ਵਿਚ ਗਰਕ ਹੁੰਦੀ ਜਾ ਰਹੀ ਹੈ। ਸਿਗਰਟਾਂ ਦੀ ਵਰਤੋਂ ਕਰਨ ਵਾਲਿਆਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਸਿਗਰਟਨੋਸ਼ੀ ਆਪਣੇ ਸਕੇ-ਸਬੰਧੀਆਂ ਨੂੰ ਰੋਗ ਲਾਉਣ ਦੇ ਬਰਾਬਰ ਹੈ। ਰਾਸ਼ਟਰਪਤੀ ਬਰਾਕ ਓਬਾਮਾ ਸਿਗਰਟਨੋਸ਼ੀ ਕਰਦੇ ਹਨ ਜਾਂ ਕਰਦੇ ਸੀ, ਪਰ ਉਨ੍ਹਾਂ ਆਪਣੇ ਚੋਣ ਪ੍ਰਚਾਰ ਵਿਚ ਵਾਅਦਾ ਕੀਤਾ ਸੀ ਕਿ ਉਹ ਛੇਤੀ ਹੀ ਇਸ ਬੀਮਾਰੀ ਤੋਂ ਨਿਜਾਤ ਪਾਉਣਗੇ ਅਤੇ ਅਮਰੀਕੀ ਸਮਾਜ ਨਾਲ ਵਾਅਦਾ ਕਰਦੇ ਹਨ ਕਿ ਉਹ 'ਵ੍ਹਾਈਟ ਹਾਊਸ' ਅੰਦਰ ਕਦੇ ਸਿਗਰਟ ਨਹੀਂ ਪੀਣਗੇ।


*ਫ਼ੋਨ: 530-301-1753


ਕੈਲੀਫੋਰਨੀਆ ਵਿਚ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ

ਟਰੱਕਾਂ ਨਾਲ ਸਬੰਧਤ ਹਰ ਤਰ੍ਹਾਂ ਦਾ ਪੇਪਰ ਵਰਕ
ਅਤੇ ਇੰਸ਼ੋਰੈਂਸ ਇਕ ਹੀ ਦਫਤਰ ਵਿਖੇ

ਗਲੋਬਲ ਮਲਟੀਸਰਵਿਸ ਲੈਥਰੋਪ ਵਾਲਿਆਂ ਵਲੋਂ ਤੁਹਾਡੀ ਸਹੂਲਤ ਨੂੰ ਧਿਆਨ ਵਿਚ ਰੱਖਦਿਆਂ ਇੰਸ਼ੋਰੈਂਸ ਸੇਵਾਵਾਂ ਸ਼ੁਰੂ
ਮਿੱਟੀ ਵਾਲੇ ਅਤੇ ਲੋਕਲ ਟਰੱਕਾਂ ਲਈ ਖਾਸ ਰਿਆਇਤ

ਪਿਛਲੇ ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



RAM Commercial Insurance
High Five Plaza #204
19625 Harlan Rd Lathrop CA 95330
Exactly on I-5 and Luise Exit Opposite to Dennis Restaurant

Global Multi Services

ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:

*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.



Rajinder Singh
Insurance Lic No. 0G73739

Financing Available For Buying Trucks

Cell:(510) 557-6988, Ph:209-982-9996

ਵਿਸ਼ਲੇਸ਼ਣ

# ਪੰਜਾਬ ਦੇ ਕਰਜ਼ਾਈ ਹੋਣ ਦੇ ਅਸਲੀ ਕਾਰਨ

**ਪ੍ਰੀਤਮ ਸਿੰਘ***

ਜੇ ਸਾਲ 2010 'ਤੇ ਨਜ਼ਰ ਮਾਰੀਏ ਤਾਂ ਇਹ ਕਹਿਣਾ ਠੀਕ ਹੋਵੇਗਾ ਕਿ ਪੰਜਾਬ ਦੀ ਸਿਆਸਤ ਵਿਚ ਮਨਪ੍ਰੀਤ ਸਿੰਘ ਬਾਦਲ ਦਾ ਵਿੱਤ ਮੰਤਰੀ ਦੇ ਅਹੁਦੇ ਤੋਂ ਹਟਣਾ ਅਤੇ ਅਕਾਲੀ ਦਲ (ਬਾਦਲ) ਨਾਲੋਂ ਅਲੱਗ ਹੋਣਾ ਇਸ ਸਾਲ ਦੀ ਸਭ ਤੋਂ ਮਹੱਤਵਪੂਰਨ ਘਟਨਾ ਹੈ। ਸ. ਮਨਪ੍ਰੀਤ ਸਿੰਘ ਬਾਦਲ ਦੇ ਅਕਾਲੀ ਦਲ (ਬਾਦਲ) ਨਾਲੋਂ ਟੁੱਟਣ ਦੇ ਕਈ ਕਾਰਨ ਹੋ ਸਕਦੇ ਹਨ, ਜਿਨ੍ਹਾਂ ਵਿਚੋਂ ਇਕ ਸ. ਸੁਖਬੀਰ ਸਿੰਘ ਬਾਦਲ ਨਾਲ ਮੁਕਾਬਲੇਬਾਜ਼ੀ ਵੀ ਹੋ ਸਕਦਾ ਹੈ। ਪਰ ਜੋ ਮਸਲਾ ਖੁੱਲ੍ਹੇਆਮ ਮਨਪ੍ਰੀਤ ਸਿੰਘ ਬਾਦਲ ਨੇ ਸਾਹਮਣੇ ਲਿਆਂਦਾ ਹੈ, ਉਹ ਹੈ ਪੰਜਾਬ ਸਿਰ ਕਰਜ਼ਾ ਅਤੇ ਇਸ ਕਰਜ਼ੇ ਨੂੰ ਘਟਾਉਣ ਲਈ ਪੰਜਾਬ ਸਰਕਾਰ ਨੂੰ ਸਬਸਿਡੀਆਂ ਦੀ ਨੀਤੀ ਖ਼ਤਮ ਕਰਨੀ ਚਾਹੀਦੀ ਹੈ। ਅਸੀਂ ਇਸ ਲੇਖ ਵਿਚ ਇਨ੍ਹਾਂ ਦੋ ਮੁੱਦਿਆਂ ਬਾਰੇ ਵਿਚਾਰ ਕਰਾਂਗੇ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਪੰਜਾਬ ਸਿਰ ਕਰਜ਼ਾ ਇਕ ਬੜਾ ਮਹੱਤਵਪੂਰਨ ਮਸਲਾ ਹੈ ਅਤੇ ਮਨਪ੍ਰੀਤ ਦਾ ਇਸ ਨੂੰ ਚੁੱਕਣਾ ਸ਼ਲਾਘਯੋਗ ਹੈ ਪਰ ਨਾਲ ਹੀ ਇਹ ਕਹਿਣਾ ਵੀ ਜ਼ਰੂਰੀ ਹੈ ਕਿ ਇਸ ਕਰਜ਼ੇ ਦੇ ਕਾਰਨਾਂ ਅਤੇ ਇਸ ਨੂੰ ਘਟਾਉਣ ਬਾਰੇ ਉਸ ਦੀ ਸੋਚ ਬੜੀ ਪੇਤਲੀ ਹੈ। ਉਸ ਨੇ ਇਸ ਗੱਲ 'ਤੇ ਬੜਾ ਜ਼ੋਰ ਦਿੱਤਾ ਹੈ ਕਿ ਸਰਕਾਰੀ ਵਜ਼ੀਰ ਅਤੇ ਅਫ਼ਸਰ ਸਰਕਾਰੀ ਅਹੁਦਿਆਂ ਦੀ ਦੁਰਵਰਤੋਂ ਕਰਦੇ ਹਨ ਅਤੇ ਆਪਣੇ ਕਈ ਜ਼ਾਤੀ ਕਿਸਮ ਦੇ ਖਰਚੇ (ਸਫ਼ਰ ਤੇ ਪਰਿਵਾਰਾਂ ਦੇ ਇਲਾਜ ਵਗੈਰਾ) ਸਰਕਾਰੀ ਖਰਚੇ ਵਿਚ ਪਾ ਕੇ ਸਰਕਾਰ ਦਾ ਖਰਚਾ ਵਧਾਉਂਦੇ ਹਨ। ਇਸ ਦੇ ਨਾਲ ਹੀ ਉਸ ਨੇ ਪੰਜਾਬ ਸਰਕਾਰ ਦੀ ਸਬਸਿਡੀਆਂ ਦੀ ਨੀਤੀ (ਕਿਸਾਨਾਂ ਨੂੰ ਮੁਫ਼ਤ ਬਿਜਲੀ ਅਤੇ ਜਨਤਾ ਨੂੰ ਹੋਰ ਸਰਕਾਰੀ ਸਹੂਲਤਾਂ) ਦੀ ਵੀ ਨੁਕਤਾਚੀਨੀ ਕੀਤੀ ਹੈ। ਇਨ੍ਹਾਂ ਖਰਚਿਆਂ ਕਰਕੇ ਮਨਪ੍ਰੀਤ ਮੁਤਾਬਿਕ ਸਰਕਾਰ ਦਾ ਖਰਚ ਆਮਦਨ ਨਾਲੋਂ ਵਧ ਜਾਂਦਾ ਹੈ ਅਤੇ ਸਰਕਾਰ ਵਿੱਤੀ ਸੰਕਟ ਵਿਚ ਹੋਣ ਕਰਕੇ ਕੰਮਕਾਜ ਨੂੰ ਚਲਦਾ ਰੱਖਣ ਲਈ ਕੇਂਦਰ ਤੋਂ ਕਰਜ਼ਾ ਲੈਂਦੀ ਹੈ ਅਤੇ ਇਹ ਕਰਜ਼ਾ ਅਤੇ ਇਸ ਉਪਰ ਵਿਆਜ ਹਰ ਸਾਲ ਵਧ ਰਿਹਾ ਹੈ। ਇਹ ਸਮਝਣ ਲਈ ਕਿ ਇਹ ਸੋਚ ਕਿੰਨੀ ਕੁ ਦਰੁਸਤ ਹੈ? ਸਾਨੂੰ ਕੇਂਦਰ ਦੇ ਵਰਤਾਰੇ ਬਾਰੇ ਵੀ ਸਮਝਣ ਦੀ ਲੋੜ ਹੈ।

ਕੀ ਅਸੀਂ ਕਹਿ ਸਕਦੇ ਹਾਂ ਕਿ ਕੇਂਦਰ ਸਰਕਾਰ ਦੇ ਵਜ਼ੀਰ ਅਤੇ ਅਫ਼ਸਰ ਆਪਣੇ ਅਹੁਦਿਆਂ ਦੀ ਦੁਰਵਰਤੋਂ ਨਹੀਂ ਕਰਦੇ ਅਤੇ ਆਪਣੇ ਕਈ ਜ਼ਾਤੀ ਕਿਸਮ ਦੇ ਖਰਚ ਸਰਕਾਰੀ ਖਰਚੇ ਵਿਚ ਨਹੀ ਪਾਉਂਦੇ? ਕੀ ਕੇਂਦਰ ਸਬਸਿਡੀਆਂ 'ਤੇ ਪੈਸਾ ਨਹੀਂ ਖਰਚ ਕਰਦਾ? ਕੇਂਦਰ ਸਰਕਾਰ ਬਾਰੇ ਥੋੜ੍ਹਾ ਜਿਹਾ ਗਿਆਨ ਰੱਖਣ ਵਾਲਾ ਵਿਅਕਤੀ ਵੀ ਇਹ ਵਿਸ਼ਵਾਸ ਨਾਲ ਕਹਿ ਸਕਦਾ ਹੈ ਕਿ ਕੇਂਦਰ ਦੇ ਵਜ਼ੀਰ ਅਤੇ ਅਫ਼ਸਰ ਰਾਜ ਸਰਕਾਰਾਂ ਦੇ ਮੰਤਰੀਆਂ ਅਤੇ ਵਜ਼ੀਰਾਂ ਨਾਲੋਂ ਵੀ ਕਈ ਗੁਣਾ ਜ਼ਿਆਦਾ ਅਹੁਦੇ ਦੀ ਦੁਰਵਰਤੋਂ ਕਰਦੇ ਹਨ ਅਤੇ ਖ਼ਜ਼ਾਨੇ ਦੀ ਲੁੱਟ ਕਰਦੇ ਹਨ। ਇਥੇ ਇਹ ਕਹਿਣਾ ਵੀ ਜ਼ਰੂਰੀ ਹੈ ਕਿ ਨਾ ਤਾਂ ਕੇਂਦਰ ਅਤੇ ਨਾ ਹੀ ਰਾਜਾਂ ਵਿਚ ਸਾਰੇ ਵਜ਼ੀਰ ਅਤੇ ਅਫ਼ਸਰ ਭ੍ਰਿਸ਼ਟ ਹਨ ਪਰ ਇਸ ਵਿਚ ਕੋਈ ਸ਼ੱਕ ਨਹੀਂ ਕਿ ਸਰਕਾਰੀ ਅਹੁਦਿਆਂ ਦੀ ਦੁਰਵਰਤੋਂ ਦਾ ਸਿਆਸੀ ਸੱਭਿਆਚਾਰ ਕੇਂਦਰ ਅਤੇ ਰਾਜਾਂ ਵਿਚ ਇਕੋ ਤਰ੍ਹਾਂ ਦਾ ਹੈ। ਇਸੇ ਤਰ੍ਹਾਂ ਸਬਸਿਡੀਆਂ 'ਤੇ ਵੀ ਕੇਂਦਰ ਸਰਕਾਰ ਬਹੁਤ ਖਰਚ ਕਰਦੀ ਹੈ।

ਹੁਣ ਸਵਾਲ ਉਠਦਾ ਹੈ ਕਿ ਜੇ ਰਾਜ ਸਰਕਾਰਾਂ ਆਪਣੇ ਵਜ਼ੀਰਾਂ ਅਤੇ ਅਫ਼ਸਰਾਂ ਦੀ ਫਜ਼ੂਲ-ਖਰਚੀ ਅਤੇ ਸਬਸਿਡੀਆਂ ਕਰਕੇ ਘਾਟੇ ਵਿਚ ਆ ਜਾਂਦੀਆਂ ਹਨ ਅਤੇ ਕਰਜ਼ਾਈ ਹੋ ਜਾਂਦੀਆਂ ਹਨ ਤਾਂ ਕੇਂਦਰ ਸਰਕਾਰ ਅਜਿਹੀ ਫਜ਼ੂਲ-ਖਰਚੀ ਅਤੇ ਸਬਸਿਡੀਆਂ ਕਰਕੇ ਘਾਟੇ ਵਿਚ ਕਿਉਂ ਨਹੀਂ ਆਉਂਦੀ ਅਤੇ ਕਰਜ਼ਾਈ ਕਿਉਂ ਨਹੀਂ ਹੁੰਦੀ? ਇਸ ਬੁਝਾਰਤ ਦਾ ਹੱਲ ਲੱਭਣ ਲਈ ਸਾਨੂੰ ਭਾਰਤ ਦੇ ਸੰਵਿਧਾਨ ਵਿਚ ਅੰਕਿਤ ਕੇਂਦਰ-ਰਾਜ ਸਬੰਧਾਂ ਅਤੇ ਪਿਛਲੇ 60 ਸਾਲਾਂ ਵਿਚ ਭਾਰਤ ਦੇ ਵਿਕਾਸ ਦੀ ਦਿਸ਼ਾ ਬਾਰੇ ਜਾਣਨਾ ਜ਼ਰੂਰੀ ਹੈ। ਮੇਰੀ ਭਾਰਤੀ ਫੈਡਰਲ ਢਾਂਚੇ 'ਤੇ ਕੀਤੀ ਖੋਜ ਇਹ ਸਾਬਤ ਕਰਦੀ ਹੈ ਕਿ ਸੰਵਿਧਾਨ ਵਿਚ ਕੇਂਦਰ ਨੂੰ ਬਹੁਤ ਜ਼ਿਆਦਾ ਤਾਕਤਾਂ ਦਿੱਤੀਆਂ ਗਈਆਂ ਹਨ ਅਤੇ ਰਾਜਾਂ ਦੇ ਆਮਦਨ ਦੇ ਸਾਧਨ ਬਹੁਤ ਥੋੜ੍ਹੇ ਹਨ। ਉਹ ਟੈਕਸ ਜਿਨ੍ਹਾਂ ਨੂੰ ਵਧਾਉਣ ਦੀ ਸਮਰੱਥਾ ਜ਼ਿਆਦਾ ਹੈ, ਕੇਂਦਰ ਕੋਲ ਹਨ ਅਤੇ ਜਿਨ੍ਹਾਂ ਨੂੰ ਵਧਾਉਣ ਦੀ ਸਮਰੱਥਾ ਘੱਟ ਹੈ, ਰਾਜਾਂ ਕੋਲ ਛੱਡ ਦਿੱਤੇ ਗਏ ਹਨ। ਸੰਵਿਧਾਨ ਬਹੁਤ ਕੇਂਦਰ-ਪੱਖੀ ਹੈ ਇਸੇ ਕਰਕੇ ਸੰਵਿਧਾਨ ਘੜਦੇ ਸਮੇਂ ਹੋਈ ਬਹਿਸ ਵਿਚ ਪੰਜਾਬ ਦੇ ਦੋ ਨੁਮਾਇੰਦਿਆਂ ਸ. ਹੁਕਮ ਸਿੰਘ ਅਤੇ ਸ. ਭੁਪਿੰਦਰ ਸਿੰਘ ਮਾਨ ਨੇ ਸਾਫ਼ ਕਹਿ ਦਿੱਤਾ ਸੀ ਕਿ ਇਹ ਸੰਵਿਧਾਨ ਉਨ੍ਹਾਂ ਨੂੰ ਮਨਜ਼ੂਰ ਨਹੀਂ ਹੈ ਅਤੇ ਉਹ ਇਸ ਨੂੰ ਪਾਸ ਕਰਨ ਲਈ ਦਸਤਖ਼ਤ ਨਹੀਂ ਕਰਨਗੇ। ਸ. ਹੁਕਮ ਸਿੰਘ ਨੇ ਆਪਣੇ ਵਿਚਾਰ ਇਸ ਤਰ੍ਹਾਂ ਪੇਸ਼ ਕੀਤੇ ਸਨ:

"ਇਹ ਭੁਲੇਖਾ ਨਹੀਂ ਹੋਣਾ ਚਾਹੀਦਾ ਕਿ ਸਿੱਖ ਕੌਮ ਨੇ ਇਸ ਸੰਵਿਧਾਨ ਨੂੰ ਮੰਨ ਲਿਆ ਹੈ। ਮੈਂ ਬੜੇ ਜ਼ੋਰ ਨਾਲ ਆਪਣਾ ਰੋਸ ਰਿਕਾਰਡ ਕਰਵਾਉਣਾ ਚਾਹੁੰਦਾ ਹਾਂ। ਮੇਰੀ ਕੌਮ ਇਸ ਇਤਿਹਾਸਕ ਦਸਤਾਵੇਜ਼ ਨੂੰ ਨਹੀਂ ਮੰਨ ਸਕਦੀ... ਇਸ ਸੰਵਿਧਾਨ ਦੀ ਹਰ ਧਾਰਾ ਇਲਾਕਿਆਂ ਦੀ ਆਜ਼ਾਦੀ ਖੋਂਹਦੀ ਹੈ ਅਤੇ ਪ੍ਰਾਂਤਾਂ ਨੂੰ ਗ਼ੈਰ-ਜ਼ਿੰਮੇਵਾਰ ਬਣਾਉਂਦੀ ਹੈ... ਘੱਟ-ਗਿਣਤੀਆਂ ਅਤੇ ਖ਼ਾਸ ਕਰਕੇ ਸਿੱਖਾਂ ਨੂੰ ਨਜ਼ਰਅੰਦਾਜ਼ ਕੀਤਾ ਗਿਆ ਹੈ। ਪ੍ਰਾਂਤਕ ਇਕਾਈਆਂ ਨੂੰ ਏਨਾ ਕਮਜ਼ੋਰ ਕਰ ਦਿੱਤਾ ਗਿਆ ਹੈ ਕਿ ਉਹ ਮਿਊਂਸਪਲ ਬੋਰਡ ਬਣ ਕੇ ਰਹਿ ਗਏ ਹਨ।" (*Constituent Assembly Debates, Vol XI, 21 November 1949, p 7537*)

ਸ. ਭੁਪਿੰਦਰ ਸਿੰਘ ਮਾਨ ਨੇ ਕਿਹਾ ਸੀ, "ਮੈਂ ਆਪਣਾ ਫਰਜ਼ ਨਹੀਂ ਨਿਭਾ ਰਿਹਾ ਹੋਵਾਂਗਾ ਜੇ ਇਸ ਸੰਵਿਧਾਨ ਬਾਰੇ ਮੇਰੀ ਆਪਣੀ ਕੌਮ ਪੂਰਬੀ ਪੰਜਾਬ ਦੇ ਸਿੱਖਾਂ ਦੀਆਂ ਭਾਵਨਾਵਾਂ ਬਾਰੇ ਨਹੀਂ ਦੱਸਾਂਗਾ। ਉਨ੍ਹਾਂ ਦੀਆਂ ਭਾਵਨਾਵਾਂ ਇਹ ਹਨ ਕਿ ਉਹ ਇਸ ਸੰਵਿਧਾਨ ਨੂੰ ਪੂਰੀ ਤਰ੍ਹਾਂ ਮਨਜ਼ੂਰੀ ਨਹੀਂ ਦੇ ਸਕਦੇ।" (*Constituent Assembly Debates, ਜਿਵੇਂ ਉਪਰ, ਸਫ਼ਾ 722*)

ਸੰਵਿਧਾਨ ਦੇ ਇਸ ਕੇਂਦਰ-ਪੱਖੀ ਢਾਂਚੇ ਦੀ ਆਲੋਚਨਾ ਦੱਖਣੀ ਭਾਰਤ ਦੇ ਨੁਮਾਇੰਦਿਆ ਅਤੇ ਸਮਾਜਵਾਦੀ ਵਿਚਾਰਾਂ ਵਾਲੇ ਪ੍ਰੋਫੈਸਰ ਸਕਸੈਨਾ ਅਤੇ ਸ੍ਰੀ ਏ. ਵੀ. ਕਾਮਥ ਨੇ ਵੀ ਕੀਤੀ ਸੀ।

ਸੰਵਿਧਾਨ ਨੂੰ ਏਨਾ ਜ਼ਿਆਦਾ ਕੇਂਦਰ-ਮੁਖੀ ਬਣਾਉਣ ਵਿਚ ਸਭ ਤੋਂ ਜ਼ਿਆਦਾ ਰੋਲ ਪੰਡਿਤ



ਨਹਿਰੂ ਅਤੇ ਸ੍ਰੀ ਪਟੇਲ ਦਾ ਹੈ ਜੋ ਇਸ ਗੱਲ ਨੂੰ ਮੰਨਣ ਤੋਂ ਇਨਕਾਰੀ ਸਨ ਕਿ ਭਾਰਤ ਇਕ ਬਹੁਕੌਮੀ ਦੇਸ਼ ਹੈ। ਉਹ ਇਸ ਗੱਲ 'ਤੇ ਤੁਲੇ ਹੋਏ ਸਨ ਕਿ ਬਹੁਕੌਮੀ ਭਾਵਨਾਵਾਂ ਨੂੰ ਕਮਜ਼ੋਰ ਕਰਨਾ ਹੈ ਅਤੇ ਸਾਰੇ ਭਾਰਤੀਆਂ ਨੂੰ ਇਕੋ ਕੌਮ ਵਿਚ ਢਾਲਣਾ ਹੈ। ਉਨ੍ਹਾਂ ਦੀ ਸੋਚ ਸੀ ਕਿ ਬਹੁਕੌਮੀ ਭਾਵਨਾਵਾਂ ਨੂੰ ਕਮਜ਼ੋਰ ਕਰਨ ਲਈ ਅਤੇ ਉਨ੍ਹਾਂ ਵਿਚੋਂ ਇਕੋ ਕੌਮ ਪੈਦਾ ਕਰਨ ਲਈ ਕੇਂਦਰ ਦਾ ਰਾਜਨੀਤਕ ਤੇ ਆਰਥਿਕ ਤੌਰ 'ਤੇ ਮਜ਼ਬੂਤ ਹੋਣਾ ਬਹੁਤ ਜ਼ਰੂਰੀ ਹੈ। ਸ. ਹੁਕਮ ਸਿੰਘ, ਭੁਪਿੰਦਰ ਸਿੰਘ ਮਾਨ, ਦੱਖਣੀ ਭਾਰਤ ਦੇ ਨੁਮਾਇੰਦੇ ਤੇ ਸਮਾਜਵਾਦੀ ਸੋਚ ਦੇ ਨੁਮਾਇੰਦੇ ਨਹਿਰੂ ਦੀ ਕੇਂਦਰ-ਪੱਖੀ ਸੋਚ ਦੇ ਇਸੇ ਕਰਕੇ ਵਿਰੋਧੀ ਸਨ ਕਿ ਇਹ ਪ੍ਰਾਂਤਾਂ ਨੂੰ ਕਮਜ਼ੋਰ ਕਰਨ ਵਾਲੀ ਵਿਚਾਰਧਾਰਾ ਸੀ।

ਨਹਿਰੂ ਦੀ ਇਹ ਕੇਂਦਰ-ਮੁਖੀ ਸੋਚ ਭਾਰਤੀ ਸੰਵਿਧਾਨ ਦਾ ਆਧਾਰ ਬਣੀ ਅਤੇ ਬਾਅਦ ਵਿਚ ਪੰਜ ਸਾਲਾ ਯੋਜਨਾ ਵਾਲੀ ਆਰਥਿਕ ਨੀਤੀ ਦਾ ਆਧਾਰ ਬਣੀ। ਮੈਂ ਆਪਣੀ ਕਈ ਸਾਲਾਂ ਦੀ ਖੋਜ 'ਤੇ ਆਧਾਰਿਤ ਕਿਤਾਬ (*Federalism, Nationalism and Development : India and the Punjab Economy (London/New York : Routledge, 2008)*) ਵਿਚ ਭਾਰਤ ਤੇ ਪੰਜਾਬ ਦੀ ਆਰਥਿਕਤਾ ਦੇ ਤਿੰਨ ਖੇਤਰਾਂ ਸਰਕਾਰੀ ਆਰਥਿਕ ਪ੍ਰਬੰਧ, ਖੇਤੀ ਅਤੇ ਉਦਯੋਗ ਦਾ ਡੂੰਘਾਈ ਵਿਚ ਅਧਿਐਨ ਕੀਤਾ ਹੈ। ਮੈਂ ਇਸ ਸਿੱਟੇ 'ਤੇ ਪੁੱਜਿਆ ਹਾਂ ਕਿ ਜਿੰਨਾ ਕੇਂਦਰ-ਪੱਖੀ ਸੰਵਿਧਾਨ ਸੀ, ਉਸ ਤੋਂ ਵੀ ਜ਼ਿਆਦਾ ਕੇਂਦਰ-ਪੱਖੀ ਪੰਜ ਸਾਲਾ ਯੋਜਨਾਵਾਂ 'ਤੇ ਆਧਾਰਿਤ ਭਾਰਤ ਦਾ ਆਰਥਿਕ ਵਿਕਾਸ ਮਾਡਲ ਸੀ। ਮੈਂ ਆਪਣੇ ਦੋਸਤ ਲੰਦਨ ਸਕੂਲ ਆਫ ਇਕਨਾਮਿਕਸ ਦੇ ਅਤੇ ਹਾਊਸ ਆਫ ਲਾਰਡਜ਼ ਦੇ ਮੈਂਬਰ ਪ੍ਰੋ. ਮੇਘਨਾਥ ਦੇਸਾਈ ਨਾਲ ਵੀ ਇਸ ਗੱਲੋਂ ਸਹਿਮਤ ਹਾਂ ਕਿ ਭਾਰਤੀ ਸੰਵਿਧਾਨ ਵਿਚ ਤਬਦੀਲੀ ਕਰਨਾ ਬੜਾ ਆਸਾਨ ਹੈ ਅਤੇ ਤਬਦੀਲੀ ਦੀ ਸ਼ਕਤੀ ਕੇਂਦਰ ਨੇ ਆਪਣੇ ਕੋਲ ਰੱਖੀ ਹੋਈ ਹੈ। ਸਵਰਗੀ ਜਸਟਿਸ ਰਣਜੀਤ ਸਿੰਘ ਸਰਕਾਰੀਆ ਜਿਨ੍ਹਾਂ ਨੇ ਕੇਂਦਰ-ਰਾਜ ਸਬੰਧਾਂ ਬਾਰੇ ਕਮਿਸ਼ਨ ਦੀ ਰਿਪੋਰਟ ਲਿਖੀ ਸੀ, ਨਾਲ ਮੈਂ ਕਈ ਲੰਮੀਆਂ ਬੈਠਕਾਂ ਕੀਤੀਆਂ ਸਨ। ਉਨ੍ਹਾਂ ਆਪਣੀ ਰਿਪੋਰਟ ਵਿਚ ਲਿਖਿਆ ਹੈ, ਜਿਸ ਨਾਲ ਮੈਂ ਸਹਿਮਤ ਹਾਂ ਕਿ ਸੰਵਿਧਾਨ ਵਿਚ ਹੋਈਆਂ ਤਬਦੀਲੀਆਂ ਦੀ ਮੁੱਖ ਦਿਸ਼ਾ ਕੇਂਦਰ ਦੇ ਹੱਕ ਵਿਚ ਜਾਂਦੀ ਹੈ। ਭਾਵ ਭਾਰਤੀ ਸੰਵਿਧਾਨ, ਪੰਜ ਸਾਲਾ ਯੋਜਨਾਵਾਂ ਦੇ ਮਾਡਲ ਅਤੇ ਸੰਵਿਧਾਨਕ ਤਰਮੀਮਾਂ ਕਰਕੇ ਕੇਂਦਰ ਆਰਥਿਕ ਤੇ ਰਾਜਨੀਤਕ ਪੱਖੋਂ ਹੋਰ ਤਾਕਤਵਰ ਹੋਇਆ ਹੈ ਅਤੇ ਰਾਜ ਸਰਕਾਰਾਂ ਹੋਰ ਕਮਜ਼ੋਰ ਹੋਈਆਂ ਹਨ। ਮੈਂ ਸਿਰਫ਼ ਇਕ ਉਦਾਹਰਣ ਦਿਆਂਗਾ ਕਿ ਕਿਵੇਂ ਸੰਵਿਧਾਨਕ ਤਰਮੀਮਾਂ ਕਰਕੇ ਕੇਂਦਰ ਨੇ ਆਪਣੇ-ਆਪ ਨੂੰ ਹੋਰ ਵੀ ਤਾਕਤਵਰ ਬਣਾ ਲਿਆ ਹੈ ਅਤੇ ਰਾਜਾਂ ਨੂੰ ਕਮਜ਼ੋਰ ਕਰ ਦਿੱਤਾ ਹੈ। ਸੰਵਿਧਾਨ ਮੁਤਾਬਿਕ ਆਮਦਨ ਟੈਕਸ ਕੇਂਦਰ ਸਰਕਾਰ ਇਕੱਠਾ ਕਰਦੀ ਹੈ ਅਤੇ ਉਸ ਵਿਚੋਂ ਇਕ ਫਾਰਮੂਲੇ ਦੇ ਆਧਾਰ 'ਤੇ ਇਕ ਹਿੱਸਾ ਆਪਣੇ ਕੋਲ ਰੱਖ ਕੇ ਬਾਕੀ ਰਾਜਾਂ ਨੂੰ ਵੰਡ ਦਿੰਦੀ ਹੈ। ਜਦੋਂ ਉਦਯੋਗਿਕ ਵਿਕਾਸ ਹੋਣਾ ਸ਼ੁਰੂ ਹੋਇਆ ਤਾਂ ਵੱਡੇ ਉਦਯੋਗਪਤੀਆਂ ਦੀ ਆਮਦਨ 'ਤੇ ਲਾਇਆ ਟੈਕਸ ਵਧਣ ਲੱਗਾ। ਕੇਂਦਰ ਨੇ ਬੜੀ ਚੁਸਤੀ ਨਾਲ ਸੰਵਿਧਾਨ ਵਿਚ ਤਰਮੀਮ ਕਰ ਦਿੱਤੀ ਅਤੇ ਉਦਯੋਗਿਕ ਇਕਾਈਆਂ 'ਤੇ ਲੱਗਣ ਵਾਲੇ ਟੈਕਸ ਨੂੰ ਇਕ ਅਲੱਗ ਟੈਕਸ ਦਾ ਨਾਂ ਕਾਰਪੋਰੇਸ਼ਨ ਟੈਕਸ ਦੇ ਦਿੱਤਾ ਅਤੇ ਇਸ ਤੋਂ ਹੋਣ ਵਾਲੀ ਸਾਰੀ ਆਮਦਨ ਕੇਂਦਰ ਨੇ ਆਪਣੇ ਹੱਥ ਲੈ ਲਈ। ਇਸ ਕਰਕੇ ਰਾਜ ਸਰਕਾਰਾਂ ਕਾਰਪੋਰੇਸ਼ਨ ਟੈਕਸ ਦੇ ਵਧਣ ਦੇ ਬਾਵਜੂਦ ਇਸ ਵਿਚੋਂ ਕੋਈ ਫਾਇਦਾ ਨਾ ਖੱਟ ਸਕੀਆਂ।

ਸੂਬਾਈ ਹਿੱਤਾਂ ਦੇ ਵਿਰੁਧ ਹੈ ਸ਼ਕਤੀਆਂ ਦਾ ਕੇਂਦਰੀਕਰਨ: ਹੁਣ ਹਾਲਾਤ ਇਹ ਹਨ ਕਿ ਵਿਕਾਸ ਵਿਚ ਆਈ ਤੇਜ਼ੀ ਨਾਲ ਕੇਂਦਰ ਕੋਲ ਬਹੁਤ ਆਮਦਨ ਹੋ ਗਈ ਹੈ। ਏਨੀ ਕਿ ਕਈ ਵਾਰ ਕਈ ਸਕੀਮਾਂ ਲਈ ਰੱਖਿਆ ਪੈਸਾ ਪੂਰੇ ਦਾ ਪੂਰਾ ਖਰਚ ਹੀ ਨਹੀਂ ਹੁੰਦਾ। ਦੂਜੇ ਪਾਸੇ ਰਾਜਾਂ ਕੋਲ ਆਮਦਨ ਦੇ ਸਰੋਤ ਘੱਟ ਹਨ ਅਤੇ ਖਰਚ ਜਿਵੇਂ ਵਿੱਦਿਆ, ਸਿਹਤ ਅਤੇ ਜਨਤਕ ਸਹੂਲਤਾਂ, ਸੜਕਾਂ ਵਗੈਰਾ ਉਤੇ ਖਰਚਾ ਵਧ ਰਿਹਾ ਹੈ। ਰਾਜਾਂ ਦੇ ਘਾਟੇ ਦਾ ਵੱਡਾ ਕਾਰਨ ਉਨ੍ਹਾਂ ਦੇ ਆਮਦਨ ਦੇ ਸਰੋਤਾਂ ਦਾ ਘਟਣਾ ਅਤੇ ਖਰਚਾਂ ਦਾ ਵਧਣਾ ਹੈ। ਇਹ ਮੁੱਖ ਕਾਰਨ ਹੈ ਪੰਜਾਬ ਦੇ ਸਰਕਾਰੀ ਕਰਜ਼ੇ ਦੇ ਵਧਣ ਦਾ। ਸਿਰਫ਼ ਪੰਜਾਬ ਹੀ ਨਹੀਂ ਬਾਕੀ ਰਾਜ ਵੀ ਕਰਜ਼ੇ ਥੱਲੇ ਹਨ। ਪੰਜਾਬ ਦੇ ਕੇਸ ਵਿਚ ਇਕ ਫ਼ਰਕ ਹੈ ਕਿ ਪੰਜਾਬ ਵਿਚ ਖਾੜਕੂ ਲਹਿਰ ਨੂੰ ਦਬਾਉਣ ਲਈ ਕੀਤੇ ਸੁਰੱਖਿਆ ਖਰਚਿਆਂ ਦਾ ਵੱਡਾ ਹਿੱਸਾ ਵੀ ਪੰਜਾਬ ਸਿਰ ਮੜ੍ਹ ਦਿੱਤਾ ਗਿਆ ਹੈ। ਇਹ ਦੂਹਰੀ ਮਾਰ ਹੈ। ਇਕ ਤਾਂ ਪੰਜਾਬ ਦੀ ਕਮਾਈ ਕਰਨ ਵਾਲੀ ਜਵਾਨੀ ਦਾ ਇਕ ਤਕੜਾ ਹਿੱਸਾ ਖ਼ਤਮ ਕਰ ਦਿੱਤਾ ਗਿਆ ਅਤੇ ਉਸ ਦਾ ਵੀ ਪੰਜਾਬੀ ਆਰਥਿਕਤਾ ਨੂੰ ਨੁਕਸਾਨ ਹੋਇਆ, ਦੂਸਰਾ ਉਸ ਜਵਾਨੀ ਨੂੰ ਖ਼ਤਮ ਕਰਨ ਲਈ ਕੀਤਾ ਖਰਚਾ ਵੀ ਪੰਜਾਬ ਸਿਰ ਮੜ੍ਹ ਦਿੱਤਾ ਗਿਆ।

ਜੇ ਪੰਜਾਬ ਸਿਰ ਚੜ੍ਹੇ ਕਰਜ਼ੇ ਦੀ ਜੜ੍ਹ ਤੱਕ ਜਾਣਾ ਹੈ ਤਾਂ ਕੇਂਦਰ-ਰਾਜ ਸਬੰਧਾਂ ਨੂੰ ਸਮਝਣ ਦੀ ਲੋੜ ਹੈ। ਇਸ ਪੱਖੋਂ ਮਨਪ੍ਰੀਤ ਸਿੰਘ ਬਾਦਲ ਨੇ ਕਿਸੇ ਡੂੰਘੀ ਸੋਚ ਦਾ ਪ੍ਰਗਟਾਵਾ ਨਹੀਂ ਕੀਤਾ। ਉਸ ਨੇ ਕੇਂਦਰ-ਰਾਜ ਸਬੰਧਾਂ ਬਾਰੇ ਕੇਂਦਰ ਦੀ ਕੋਈ ਨੁਕਤਾਚੀਨੀ ਨਹੀਂ ਕੀਤੀ।

ਇਸ ਪੱਖੋਂ ਪੰਜਾਬ ਦੀ ਕਾਂਗਰਸ ਪਾਰਟੀ ਵੀ ਖੋਖਲੀ ਹੈ। ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਦੇ ਨਹਿਰੀ ਪਾਣੀਆਂ ਦੇ ਮਸਲੇ 'ਤੇ ਬੜਾ ਦਲੇਰੀ ਭਰਿਆ ਕਦਮ ਚੁੱਕਿਆ ਸੀ। ਉਸ ਦੇ ਇਸ ਲੰਮੀ ਸੋਚ ਵਾਲੇ ਕੰਮ ਦਾ ਪੰਜਾਬੀਆਂ ਨੇ ਬਹੁਤ ਸਵਾਗਤ ਕੀਤਾ ਸੀ ਅਤੇ ਕੇਂਦਰੀ ਤਾਕਤਾਂ ਨੇ ਉਸ ਦੀ ਬਹੁਤ ਨੁਕਤਾਚੀਨੀ ਕੀਤੀ ਸੀ ਪਰ ਅਮਰਿੰਦਰ ਸਿੰਘ ਦੀ ਇਹ ਇਤਿਹਾਸਕ ਅਤੇ ਰਾਜਨੀਤਕ ਮਜਬੂਰੀ ਹੈ ਕਿ ਉਹ ਇਕ ਅਜਿਹੀ ਪਾਰਟੀ ਵਿਚ ਹੈ ਜੋ ਸ਼ੁਰੂ ਤੋਂ ਲੈ ਕੇ ਹੁਣ ਤੱਕ ਕੇਂਦਰ ਨੂੰ ਹੀ ਹੋਰ ਮਜ਼ਬੂਤ ਕਰ ਰਹੀ ਹੈ। ਇਸ ਕਰਕੇ ਕੋਈ ਇਕ ਲੀਡਰ ਭਾਵੇਂ ਚੰਗਾ ਹੀ ਹੋਵੇ ਪਰ ਕਾਂਗਰਸ ਤੋਂ ਰਾਜਾਂ ਦੇ ਅਧਿਕਾਰ ਵਧਾਉਣ ਵਾਲੀ ਨੀਤੀ ਅਪਨਾਉਣ ਬਾਰੇ ਕੋਈ ਉਮੀਦ ਨਹੀਂ ਕੀਤੀ ਜਾ ਸਕਦੀ।

ਅਕਾਲੀ ਦਲ (ਬਾਦਲ) ਨੇ ਭਾਰਤੀ ਜਨਤਾ ਪਾਰਟੀ (ਭਾਜਪਾ) ਨਾਲ ਸਾਂਝ ਪਾ ਕੇ ਅਕਾਲੀ ਦਲ ਦੀ ਰਵਾਇਤੀ ਤੇ ਸਹੀ ਨੀਤੀ ਜੋ ਰਾਜਾਂ ਲਈ ਵੱਧ ਅਧਿਕਾਰ ਮੰਗਦੀ ਹੈ, ਨੂੰ ਕਮਜ਼ੋਰ ਕਰ ਲਿਆ ਹੈ। ਭਾਜਪਾ ਵੀ ਕਾਂਗਰਸ ਵਾਂਗ ਕੇਂਦਰੀਕਰਨ ਦੀ ਪੁਜਾਰੀ ਹੈ। ਜਿੰਨਾ ਚਿਰ ਅਕਾਲੀ ਦਲ (ਬਾਦਲ) ਭਾਜਪਾ ਨਾਲ ਜੁੜਿਆ ਰਹੇਗਾ, ਉਦੋਂ ਤੱਕ ਉਨ੍ਹਾਂ ਤੋਂ ਕੋਈ ਉਮੀਦ ਨਹੀਂ ਰੱਖੀ ਜਾ ਸਕਦੀ ਕਿ ਉਹ ਰਾਜਾਂ ਨੂੰ ਵੱਧ ਅਧਿਕਾਰ ਬਾਰੇ ਕੋਈ ਲਹਿਰ ਜਾਂ ਅੰਦੋਲਨ ਕਰਨਗੇ।

ਪੰਜਾਬ ਦੀਆ ਖੱਬੀਆਂ ਪਾਰਟੀਆਂ ਜਿਨ੍ਹਾਂ

(ਬਾਕੀ ਅਗਲੇ ਸਫੇ 'ਤੇ)

# ਸਹੀ ਅਰਥਾਂ 'ਚ ਲੋਕਰਾਜ ਨਹੀਂ ਆਇਆ ਅਜੇ

**ਡਾ. ਰਣਜੀਤ ਸਿੰਘ**

ਕਿਸੇ ਵੀ ਲੋਕਰਾਜ ਨੂੰ ਲੋਕਾਂ ਦਾ ਰਾਜ ਉਦੋਂ ਹੀ ਆਖਿਆ ਜਾ ਸਕਦਾ ਹੈ ਜਦੋਂ ਉਸ ਵਿਚ ਲੋਕਾਂ ਦੇ ਹੱਕਾਂ ਦੀ ਰਾਖੀ ਹੋਵੇ ਅਤੇ ਉਨ੍ਹਾਂ ਨੂੰ ਮੁਢਲੀਆਂ ਲੋੜਾਂ ਨਸੀਬ ਹੋਣ। ਜਿਸ ਲੋਕਰਾਜ ਵਿਚ ਲੋਕਾਂ ਦੀ ਥਾਂ 'ਤੇ ਕੁਰਸੀ ਦੀ ਕਦਰ ਹੁੰਦੀ ਹੈ, ਉਹ ਸਹੀ ਅਰਥਾਂ ਵਿਚ ਲੋਕਰਾਜ ਨਹੀਂ ਹੈ। ਅਸਲ ਵਿਚ ਲੋਕਰਾਜ ਦੀ ਸਥਾਪਨਾ ਦਾ ਮੁੱਖ ਮੰਤਵ ਹੀ ਲੋਕਾਂ ਦਾ ਰਾਜ ਸਥਾਪਿਤ ਕਰਕੇ ਉਨ੍ਹਾਂ ਦੇ ਹੱਕਾਂ ਦੀ ਰਾਖੀ ਕਰਨਾ ਹੈ ਤੇ ਸਮਾਜਿਕ ਬਰਾਬਰੀ ਲਈ ਯਤਨ ਕਰਨਾ ਹੈ। ਸੰਸਾਰ ਵਿਚ ਧਰਮਾਂ ਦੀ ਹੋਂਦ ਦਾ ਵੀ ਮੁੱਖ ਕਾਰਨ ਲੋਕ ਹੱਕਾਂ ਦੀ ਰਾਖੀ ਕਰਨਾ ਹੀ ਹੈ। ਸਾਰੇ ਧਰਮ ਸੱਚ, ਹੱਕ ਤੇ ਸਮਾਜਿਕ ਬਰਾਬਰੀ ਦਾ ਪਾਠ ਹੀ ਪੜ੍ਹਾਉਂਦੇ ਹਨ। ਇਹ ਵੱਖਰੀ ਗੱਲ ਹੈ ਕਿ ਤਾਕਤਵਰ ਅਤੇ ਜਾਬਰ ਲੋਕਾਂ ਨੇ ਧਰਮ ਦੀ ਵਰਤੋਂ ਵੀ ਆਪਣੇ ਸੁਆਰਥਾਂ ਲਈ ਕੀਤੀ। ਸਮਾਜ ਦੇ ਅਸੂਲ, ਕਾਇਦੇ ਕਾਨੂੰਨ ਤੇ ਕਦਰਾਂ-ਕੀਮਤਾਂ ਦੀ ਹੋਂਦ ਵੀ ਸਮਾਜਿਕ ਬਰਾਬਰੀ ਲਈ ਹੀ ਹੈ।

ਸਮੇਂ-ਸਮੇਂ ਪੀਰਾਂ, ਪੈਗ਼ੰਬਰਾਂ, ਅਵਤਾਰਾਂ ਤੇ ਗੁਰੂਆਂ ਨੇ ਵੀ ਮਨੁੱਖੀ ਹੱਕਾਂ ਦੀ ਰਾਖੀ ਲਈ ਮੁਹਿੰਮਾਂ ਚਲਾਈਆਂ। ਸੰਸਾਰ ਵਿਚ ਮਨੁੱਖੀ ਹੱਕਾਂ ਦੀ ਰਾਖੀ ਲਈ ਅੱਜ ਤੋਂ ਕੋਈ ਪੰਜ ਸਦੀਆਂ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਮੁਹਿੰਮ ਚਲਾਈ। ਉਨ੍ਹਾਂ ਸਦੀਆਂ ਤੋਂ ਲਿਤਾੜੀ ਜਾ ਰਹੀ ਲੋਕਾਈ ਨੂੰ ਆਪਣੇ ਹੱਕਾਂ ਦੀ ਰਾਖੀ ਲਈ ਘੋਲ ਕਰਨ ਲਈ ਪ੍ਰੇਰਿਤ ਕੀਤਾ। ਸਿੱਖ ਗੁਰੂਆਂ ਨੇ ਕੋਈ ਦੋ ਸਦੀਆਂ ਦੀ ਘਾਲਣਾ ਪਿੱਛੋਂ ਨਿਮਾਣੇ, ਲਿਤਾੜੇ ਤੇ ਦੁਰਕਾਰੇ ਲੋਕਾਂ ਵਿਚ ਅਜਿਹੀ ਦਲੇਰੀ ਭਰੀ ਕਿ ਉਹ ਆਪਣੇ ਹੱਕਾਂ ਦੀ ਰਾਖੀ ਲਈ ਸੰਘਰਸ਼ ਦੇ ਰਾਹ ਤੁਰ ਪਏ। ਦਸਮੇਸ਼ ਪਿਤਾ ਨੇ ਖ਼ਾਲਸੇ ਦੀ ਸਿਰਜਣਾ ਕਰਕੇ ਸੰਸਾਰ ਵਿਚੋਂ ਉਚ-ਨੀਚ, ਜਾਤਪਾਤ, ਅਮੀਰ-ਗਰੀਬ ਦੇ ਭੇਦ ਨੂੰ ਮਿਟਾ ਦਿੱਤਾ। ਇਹ ਆਪਣੇ-ਆਪ ਵਿਚ ਮਹਾਨ ਇਨਕਲਾਬ ਸੀ। ਕਿਰਤੀਆਂ ਨੇ ਸੰਤ-ਸਿਪਾਹੀਆਂ ਦੇ ਰੂਪ ਵਿਚ ਜਦੋਂ ਹਥਿਆਰ ਚੁੱਕੇ ਤਾਂ ਉਨ੍ਹਾਂ ਨੇ ਮੌਕੇ ਦੀ ਸ਼ਾਹੀ ਜ਼ਾਲਮ ਫ਼ੌਜ ਦੇ ਛੱਕੇ ਛੁਡਾ ਦਿੱਤੇ ਤੇ ਸੰਸਾਰ ਵਿਚ ਪਹਿਲਾ ਲੋਕਰਾਜ ਸਥਾਪਿਤ ਕੀਤਾ।

ਸਾਡਾ ਦੇਸ਼ 26 ਜਨਵਰੀ, 1950 ਵਿਚ ਲੋਕਰਾਜ ਬਣਿਆ ਅਤੇ ਇਸੇ ਦਿਨ ਇਸ ਵਿਚ ਸੰਵਿਧਾਨ ਲਾਗੂ ਕੀਤਾ ਗਿਆ। ਇਸ ਸੰਵਿਧਾਨ ਅਨੁਸਾਰ ਸਾਰੇ ਨਾਗਰਿਕਾਂ ਨੂੰ ਬਿਨਾਂ ਕਿਸੇ ਭੇਦਭਾਵ ਦੇ ਹੱਕ ਦਿੱਤੇ ਗਏ ਹਨ ਪਰ ਅਮਲੀ ਰੂਪ ਵਿਚ ਅਜੇ ਵੀ ਵਿਤਕਰੇ ਭਰਪੂਰ ਅਮਲ ਜਾਰੀ ਹਨ। ਇਕ ਸਰਵੇਖਣ ਅਨੁਸਾਰ ਸੰਸਾਰ ਦੇ 88 ਗਰੀਬ ਦੇਸ਼ਾਂ ਵਿਚ ਭਾਰਤ ਦਾ 66ਵਾਂ ਨੰਬਰ ਹੈ। ਸਰਕਾਰੀ ਅੰਕੜਿਆਂ ਅਨੁਸਾਰ ਦੇਸ਼ ਦੀ ਵੱਸੋਂ ਦਾ 30 ਫੀਸਦੀ ਹਿੱਸਾ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਿਹਾ ਹੈ। ਦੇਸ਼ ਦੀ ਅੱਧੀ ਵਸੋਂ ਨੂੰ ਰੱਜਵੀਂ ਰੋਟੀ ਨਸੀਬ ਨਹੀਂ ਹੁੰਦੀ ਤੇ ਇਹ ਅਨਪੜ੍ਹ ਵੀ ਹੈ। ਪੰਜ ਸਾਲ ਤੋਂ ਘੱਟ ਉਮਰ ਦੇ ਦੇਸ਼ ਦੇ ਅੱਧੇ ਬੱਚੇ ਭੁੱਖਮਰੀ ਦੇ ਸ਼ਿਕਾਰ ਹਨ ਜਿਸ ਕਰਕੇ ਉਨ੍ਹਾਂ ਦਾ ਮਾਨਸਿਕ ਅਤੇ ਸਰੀਰਕ ਵਿਕਾਸ ਢੁਕਵੇਂ ਰੂਪ 'ਚ ਨਹੀਂ ਹੋ ਰਿਹਾ। ਅੱਧੇ ਲੋਕਾਂ ਕੋਲ ਆਪਣੇ ਘਰ ਨਹੀਂ ਹਨ। ਵਸੋਂ ਦਾ 15 ਫੀਸਦੀ ਤੋਂ ਵੀ ਘੱਟ ਹਿੱਸਾ ਅੰਗਰੇਜ਼ੀ ਵਿਚ ਮੁਹਾਰਤ ਰੱਖਦਾ ਹੈ ਅਤੇ ਇਸੇ ਹਿੱਸੇ ਦਾ ਸਰਕਾਰੀ ਨੌਕਰੀਆਂ, ਕਾਰੋਬਾਰ, ਸਨਅਤ ਆਦਿ ਉਤੇ ਕਬਜ਼ਾ ਹੈ। ਦੇਸ਼ ਦੀ ਤਿੰਨ-ਚੌਥਾਈ ਦੌਲਤ ਉਤੇ ਵਸੋਂ ਦੇ ਇਕ-ਚੌਥਾਈ ਹਿੱਸੇ ਦਾ ਕਬਜ਼ਾ ਹੈ।

ਰਿਸ਼ਵਤ ਦਾ ਹਰ ਪਾਸੇ ਬੋਲਬਾਲਾ ਹੈ। ਗਰੀਬ ਦੀ ਕੋਈ ਕਦਰ ਜਾਂ ਸੁਣਵਾਈ ਨਹੀਂ ਹੈ। ਮਨੁੱਖੀ ਹੱਕਾਂ ਦਾ ਬਹੁਤਾ ਘਾਣ ਸਰਕਾਰੀ-ਤੰਤਰ ਵੱਲੋਂ ਹੀ ਕੀਤਾ ਜਾ ਰਿਹਾ ਹੈ। ਇਹ ਮਨੁੱਖੀ ਫਿਤਰਤ ਹੈ ਕਿ ਤਕੜਾ ਹਮੇਸ਼ਾ ਕਮਜ਼ੋਰ ਨੂੰ ਦਬਾਉਣ ਦਾ ਯਤਨ ਕਰਦਾ ਹੈ। ਇਸੇ ਲਈ ਹੀ ਸਮਾਜਿਕ ਕਦਰਾਂ-ਕੀਮਤਾਂ, ਕਾਨੂੰਨ ਅਤੇ ਧਰਮ ਹੋਂਦ ਵਿਚ ਆਏ। ਇਸੇ ਕਰਕੇ ਹੀ ਇਹ ਅਖਾਣ ਵੀ ਬਣੇ ਹੋਣਗੇ ਕਿ 'ਤਕੜੇ ਦਾ ਸੱਤੀਂ ਵੀਹੀਂ ਸੌ' ਜਾਂ 'ਜਿਸ ਦੀ ਲਾਠੀ ਉਸੇ ਦੀ ਮੱਝ' ਆਦਿ। ਮਨੁੱਖੀ ਅਧਿਕਾਰਾਂ ਦੀ ਰਾਖੀ ਉਦੋਂ ਹੀ ਹੁੰਦੀ ਹੈ ਜਦੋਂ ਕਾਨੂੰਨ ਦੀ ਪਾਲਣਾ ਯਕੀਨੀ ਬਣਾਈ ਜਾਵੇ, ਸਮਾਜੀ ਕਦਰਾਂ-ਕੀਮਤਾਂ ਉਤੇ ਪਹਿਰਾ ਦਿੱਤਾ ਜਾਵੇ ਅਤੇ ਧਰਮਾਂ ਦੇ ਸਹੀ ਅਰਥ ਸਮਝਾਏ ਜਾਣ। ਸਕਤੇ ਦੇ ਜਬਰ ਨੂੰ ਰੋਕਣਾ ਪੁਲਿਸ ਦੀ ਜ਼ਿੰਮੇਵਾਰੀ ਹੈ ਪਰ ਬਹੁਤੀ ਵਾਰ ਪੁਲਿਸ ਵੱਲੋਂ ਸਕਤੇ ਦਾ ਸਾਥ ਹੀ ਦਿੱਤਾ ਜਾਂਦਾ ਹੈ। ਅੱਜ ਦੇ ਸਮੇਂ ਹੱਕਾਂ ਦੇ ਘਾਣ ਵਿਚ ਕਮੀ ਹੋਣ ਦੀ ਥਾਂ ਵਾਧਾ ਹੀ ਹੋ ਰਿਹਾ ਹੈ। ਸਾਡੇ ਦੇਸ਼ ਵਿਚ ਅਮੀਰ ਤੇ ਗਰੀਬ ਵਿਚ ਪਾੜਾ ਘੱਟ ਹੋਣ ਦੀ ਥਾਂ ਹੋਰ ਵਧ ਰਿਹਾ ਹੈ।

ਆਬਾਦੀ ਵਿਚ ਤੇਜ਼ੀ ਨਾਲ ਹੋ ਰਹੇ ਵਾਧੇ ਨੇ ਇਸ ਵਿਚ ਹੋਰ ਵੀ ਵਾਧਾ ਕੀਤਾ ਹੈ। ਸੰਯੁਕਤ ਰਾਸ਼ਟਰ ਵੱਲੋਂ ਮਨੁੱਖੀ ਵਸੀਲਿਆਂ ਦੇ ਵਿਕਾਸ ਸਬੰਧੀ ਹੁਣੇ ਹੀ ਆਪਣੀ ਰਿਪੋਰਟ ਜਾਰੀ ਕੀਤੀ ਗਈ ਹੈ। ਇਸ ਅਨੁਸਾਰ 169 ਦੇਸ਼ਾਂ ਦੀ ਸੂਚੀ ਵਿਚ ਭਾਰਤ ਦਾ 119ਵਾਂ ਸਥਾਨ ਹੈ। ਇਹ ਸੂਚੀ 20 ਸਾਲਾਂ ਪਿੱਛੋਂ ਜਾਰੀ ਹੋਈ ਹੈ ਤੇ ਭਾਰਤ ਪਿਛਲੇ ਦੋ ਦਹਾਕਿਆਂ ਵਿਚ ਆਪਣੇ ਮਨੁੱਖੀ ਵਿਕਾਸ ਵਿਚ ਕੋਈ ਵਿਸ਼ੇਸ਼ ਪ੍ਰਗਤੀ ਨਹੀਂ ਕਰ ਸਕਿਆ। ਮਨੁੱਖੀ ਵਸੀਲਿਆਂ ਅਤੇ ਮਨੁੱਖੀ ਅਧਿਕਾਰਾਂ ਦਾ ਆਪਸ ਵਿਚ ਅਨਿੱਖੜਵਾਂ ਸਬੰਧ ਹੈ। ਲੋਕਰਾਜ ਵਿਚ ਲੋਕ ਹੱਕਾਂ ਦੀ ਰਾਖੀ ਕਰਨ ਤੇ ਉਨ੍ਹਾਂ ਦੀਆਂ ਮੁਢਲੀਆਂ ਲੋੜਾਂ ਦੀ ਪੂਰਤੀ ਵੱਲ ਧਿਆਨ ਦੇਣ ਦੀ ਜ਼ਿੰਮੇਵਾਰੀ ਲੋਕ ਆਗੂਆਂ ਦੀ ਹੈ ਪਰ ਬਹੁਤੇ ਨੇਤਾ ਕੇਵਲ ਆਪਣੇ ਨਿੱਜੀ ਹਿਤਾਂ ਦੀ ਰਾਖੀ ਦਾ ਹੀ ਧਿਆਨ ਰੱਖਦੇ ਹਨ। ਲੋਕਾਂ ਨਾਲ ਹੋ ਰਹੇ ਧੱਕੇ ਦੀ ਉਨ੍ਹਾਂ ਨੂੰ ਕੋਈ ਚਿੰਤਾ ਨਹੀਂ ਹੈ। ਪਾਰਲੀਮੈਂਟ ਅਤੇ ਰਾਜਾਂ ਦੀਆਂ ਅਸੰਬਲੀਆਂ ਵਿਚ ਮਨੁੱਖੀ ਹੱਕਾਂ ਬਾਰੇ ਸ਼ਾਇਦ ਹੀ ਕਦੇ ਬਹਿਸ ਹੋਈ ਹੋਵੇ। ਇਨ੍ਹਾਂ ਦੇ ਬਹੁਤੇ ਮੈਂਬਰ ਕੇਵਲ ਉਹ ਮੁੱਦੇ ਹੀ ਉਠਾਉਂਦੇ ਹਨ ਜਿਨ੍ਹਾਂ ਨਾਲ ਲੋਕਾਂ ਦੀਆਂ ਭਾਵਨਾਵਾਂ ਨੂੰ ਭੜਕਾ ਕੇ ਉਨ੍ਹਾਂ ਦੀਆਂ ਵੋਟਾਂ ਪ੍ਰਾਪਤ ਕੀਤੀਆਂ ਜਾ ਸਕਣ। ਉਹ ਸਮਝਦੇ ਹਨ ਕਿ ਗਰੀਬ ਅਤੇ ਅਨਪੜ੍ਹ ਲੋਕਾਂ ਦੀਆਂ ਵੋਟਾਂ ਪ੍ਰਾਪਤ ਕਰਨੀਆਂ ਸੌਖੀਆਂ ਹਨ। ਲੋਕ ਹੱਕਾਂ ਦੀ ਰਾਖੀ ਲਈ ਬਣਾਏ ਗਏ ਕਾਨੂੰਨਾਂ ਦੀ ਸਖ਼ਤੀ ਨਾਲ ਪਾਲਣਾ ਕੀਤੀ ਜਾਵੇ। ਮੁਕੱਦਮਿਆਂ ਦੇ ਫ਼ੈਸਲੇ ਤੇਜ਼ੀ ਨਾਲ ਹੋਣ। ਸਵੈ-ਸੇਵੀ ਸੰਸਥਾਵਾਂ ਲੋਕਾਂ ਨੂੰ ਜਾਗਰੂਕ ਅਤੇ ਸੰਗਠਿਤ ਕਰਨ ਤਾਂ ਜੋ ਉਹ ਖ਼ੁਦ ਆਪਣੇ ਹੱਕਾਂ ਦੀ ਰਾਖੀ ਕਰ ਸਕਣ। ਧਰਮ ਦਾ ਮੁੱਖ ਮੰਤਵ ਲੋਕਾਂ ਨੂੰ ਸੱਚਾ-ਸੁੱਚਾ ਜੀਵਨ ਜਿਊਣ ਅਤੇ ਦੂਜਿਆਂ ਦੇ ਹੱਕਾਂ ਦਾ ਸਤਿਕਾਰ ਕਰਨ ਲਈ ਪ੍ਰੇਰਨਾ ਦੇਣਾ ਹੈ। ਧਾਰਮਿਕ ਆਗੂ ਲੋਕਾਂ ਦੀਆਂ ਭਾਵਨਾਵਾਂ ਨਾਲ ਖੇਡਣ ਦੀ ਥਾਂ ਲੋਕਾਂ ਨੂੰ ਸਹੀ ਅਰਥਾਂ ਵਿਚ ਧਾਰਮਿਕ ਬਣਾਉਣ। ਜਦੋਂ ਤੱਕ ਦੇਸ਼ ਵਿਚ ਲੋਕਾਂ ਦੇ ਹੱਕਾਂ ਦੀ ਰਾਖੀ ਨਹੀਂ ਹੁੰਦੀ, ਉਦੋਂ ਤੱਕ ਇਥੋਂ ਦਾ ਮਨੁੱਖੀ ਵਿਕਾਸ ਨਹੀਂ ਹੋ ਸਕਦਾ।

# ਐਚ.ਆਈ.ਵੀ. ਅਤੇ ਏਡਜ਼ ਦਾ ਹਊਆ

***ਐਚ.ਆਈ.ਵੀ. ਅਤੇ ਏਡਜ਼ ਦੇ ਭੈਅ ਨਾਲ ਬੰਦਾ ਮੌਤ ਤੋਂ ਵੀ ਪਹਿਲਾਂ ਮਰਨ ਕੰਢੇ ਪੁੱਜ ਜਾਂਦਾ ਹੈ। ਹੁਣ ਇਹ ਤੱਥ ਸਾਹਮਣੇ ਆਏ ਹਨ ਕਿ ਐਚ.ਆਈ.ਵੀ. ਅਤੇ ਸੈਕਸ ਨਾਲ ਏਡਜ਼ ਨਹੀਂ ਹੁੰਦੀ। ਇਸ ਲੇਖ ਵਿਚ ਐਚ.ਆਈ.ਵੀ. ਅਤੇ ਏਡਜ਼ ਬਾਰੇ ਪ੍ਰਚਾਰ ਦੇ ਅਸਲ ਕਾਰਨਾਂ ਦੀ ਨਿਸ਼ਾਨਦੇਹੀ ਕੀਤੀ ਗਈ ਹੈ ਕਿ ਕਿਸ ਤਰ੍ਹਾਂ ਨਿਰੋਲ ਵਪਾਰ ਖ਼ਾਤਰ ਇਸ ਨੂੰ ਹਊਆ ਬਣਾ ਕੇ ਪੇਸ਼ ਕੀਤਾ ਗਿਆ ਹੈ। ਲੋਕਾਂ ਦੀ ਜਾਨ ਅਤੇ ਪੈਸੇ ਦੇ ਸਿਰ ਉਤੇ ਕਿਸ ਤਰ੍ਹਾਂ ਕੁਝ ਲੋਕ ਅਤੇ ਕੰਪਨੀਆਂ ਮੋਟੀ ਕਮਾਈ ਕਰ ਰਹੀਆਂ ਹਨ। -ਸੰਪਾਦਕ***

**ਡਾ. ਦਲਜੀਤ ਸਿੰਘ ਅੰਮ੍ਰਿਤਸਰ***

ਪਿਛਲੀ ਸਦੀ ਦੇ ਅੱਸੀਵਿਆਂ ਦੇ ਸ਼ੁਰੂ ਤੋਂ ਇਕ ਭਿਆਨਕ ਮਹਾਂਮਾਰੀ ਦੇ ਸੰਕੇਤ ਪ੍ਰੈਸ ਅਤੇ ਟੀ.ਵੀ. ਉਤੇ ਆਉਣੇ ਸ਼ੁਰੂ ਹੋਏ। ਪਹਿਲਾਂ ਆਇਆ ਕਿ ਇਹ ਰੋਗ ਕੇਵਲ ਸਮਲਿੰਗੀ ਰੁਚੀਆਂ ਵਾਲੀ ਨਰ-ਸ਼੍ਰੇਣੀ ਵਿਚ ਹੀ ਦੇਖਣ ਵਿਚ ਆਇਆ ਹੈ, ਸਾਧਾਰਨ ਨਰ-ਮਾਦਾ ਰਿਸ਼ਤੇ ਵਾਲਿਆਂ ਵਿਚ ਨਹੀਂ। ਫਿਰ ਕਿਹਾ ਗਿਆ ਕਿ ਇਸ ਦਾ ਅਮਰੀਕਨ ਕਾਲੇ ਲੋਕਾਂ ਵਿਚ ਖਿਲਾਰ ਦਾ ਮੁੱਖ ਕਾਰਨ ਹੈ- ਇਕੋ ਹੀ ਸੂਈ ਨਾਲ ਕਈ ਲੋਕਾਂ ਦਾ ਨਸ਼ੇ ਦੇ ਟੀਕੇ ਲਗਾਉਣਾ। ਫਿਰ ਦੱਸਿਆ ਗਿਆ ਕਿ ਨਰ ਜਾਂ ਮਾਦਾ ਦੋਹਾਂ ਵੱਲੋਂ ਇਹ ਰੋਗ ਖਿਲਰ ਸਕਦਾ ਹੈ। ਅਖ਼ੀਰ ਉਤੇ ਆਇਆ ਕਿ ਵੇਸਵਾਵਾਂ ਇਸ ਰੋਗ ਨੂੰ ਖਿਲਾਰਨ ਦਾ ਬਹੁਤ ਵੱਡਾ ਕਾਰਨ ਹਨ।

ਏਡਜ਼ (AIDS) ਦਾ ਪੂਰਾ ਮਤਲਬ ਹੈ Acquired Immune Deficiency Syndrome ਭਾਵ ਸਰੀਰ ਦੀ ਰੱਖਿਆ ਪ੍ਰਣਾਲੀ ਹਾਰ ਜਾਣੀ; ਇੰਨੀ ਮਰਨਾਊ ਹੋ ਜਾਣੀ ਕਿ ਰੋਗੀ ਸਰੀਰ ਬੈਕਟੀਰੀਆ, ਵਾਇਰਸ ਜਾਂ ਫੰਗਸ/ਉੱਲੀ ਨਾਲ ਗ੍ਰਸਤ ਹੋ ਕੇ ਰੋਜ਼-ਬ-ਰੋਜ਼ ਨਿਘਰਦਾ ਜਾਵੇ ਅਤੇ ਅੰਤ ਵਿਚ ਉਸ ਨੂੰ ਬੇਵਕਤ ਮੌਤ ਆ ਜਾਵੇ।

ਸਾਇੰਸਦਾਨਾਂ ਵੱਲੋਂ ਏਡਜ਼ ਦੇ ਕਾਰਨ ਲੱਭਣ ਦੇ ਯਤਨ ਸ਼ੁਰੂ ਹੋ ਗਏ। ਜੇ ਕੋਈ ਬੈਕਟੀਰੀਆ ਜਾਂ ਫੰਗਸ ਇਸ ਦਾ ਕਾਰਨ ਹੁੰਦਾ ਤਾਂ ਦਿਨਾਂ ਵਿਚ ਹੀ ਲੱਭ ਜਾਣਾ ਸੀ; ਕੋਈ ਅਜਿਹਾ ਹਮਲਾਵਰ ਨਹੀਂ ਲੱਭਿਆ ਜਿਸ ਦੀ ਵਾਕਫ਼ੀ ਪਹਿਲਾਂ ਨਹੀਂ ਸੀ, ਇਸ ਲਈ ਏਡਜ਼ ਦੀ ਵਾਇਰਸ ਲੱਭਣ ਵੱਲ ਯਤਨ ਸ਼ੁਰੂ ਹੋ ਗਏ।

ਪਾਸਚਰ ਇੰਸਟੀਚਿਊਟ, ਪੈਰਿਸ ਅੰਦਰ ਕੰਮ ਕਰਦਿਆਂ ਫ੍ਰਾਂਸਵਾ-ਬਰੇ-ਸਨੂਜ਼ੀ ਅਤੇ ਲੂਕ ਮੋਨਟਾਨੀਅਰ ਨੇ 1983 ਈ. ਵਿਚ ਨਵੀਂ ਵਾਇਰਸ ਏਡਜ਼ ਦੇ ਰੋਗੀਆਂ ਅੰਦਰ ਲੱਭੀ ਜਿਸ ਦਾ ਨਾਂ ਐਚ.ਆਈ.ਵੀ. ਰੱਖਿਆ ਗਿਆ। ਇਸ ਵਾਇਰਸ ਦਾ ਇਕ ਨਮੂਨਾ ਅਮਰੀਕਾ ਅੰਦਰ ਵਾਸ਼ਿੰਗਟਨ ਸਥਿਤ ਰਾਬਰਟ ਗੈਲੋ ਨੂੰ ਪ੍ਰੋੜ੍ਹਤਾ ਲਈ ਭੇਜਿਆ ਗਿਆ। ਗੈਲੋ ਨੇ ਕੁਝ ਹੀ ਚਿਰ ਪਿੱਛੋਂ ਉਸ ਨਮੂਨੇ ਨੂੰ ਆਪਣਾ ਕਹਿ ਕੇ ਐਲਾਨ ਕਰ ਦਿੱਤਾ ਕਿ ਏਡਜ਼ ਦਾ ਕਾਰਨ ਐਚ.ਆਈ.ਵੀ. ਵਾਇਰਸ, ਉਸ ਨੇ ਲੱਭੀ ਹੈ ਅਤੇ ਉਸ ਨੂੰ ਲੋਕਾਂ ਅੰਦਰ ਲੱਭਣ ਲਈ ਇਕ ਟੈਸਟ ਵੀ ਪੈਦਾ ਕਰ ਲਿਆ ਗਿਆ ਹੈ। ਇਸ ਉਤੇ ਫ਼ਰਾਂਸ ਅਤੇ ਅਮਰੀਕਾ ਅੰਦਰ ਕਾਨੂੰਨੀ ਜੰਗ ਸ਼ੁਰੂ ਹੋ ਗਈ ਜਿਸ ਵਿਚ ਅਮਰੀਕਾ ਦੇ ਪ੍ਰਧਾਨ ਅਤੇ ਫ਼ਰਾਂਸ ਦੇ ਪ੍ਰਧਾਨ ਮੰਤਰੀ ਨੇ ਆਪੋ-ਆਪਣੀਆਂ ਧਿਰਾਂ ਨੂੰ ਥਾਪੜਾ ਦੇਣਾ ਸ਼ੁਰੂ ਕਰ ਦਿੱਤਾ। ਅੰਤ 1987 ਵਿਚ ਇਹ ਫ਼ੈਸਲਾ ਹੋਇਆ ਕਿ ਦੋਹਾਂ ਧਿਰਾਂ ਨੂੰ ਬਰਾਬਰ ਦਾ ਮੰਨ ਲਿਆ ਜਾਵੇ। ਸਾਰੇ ਫ਼ਸਾਦ ਦੀ ਜੜ੍ਹ ਐਚ.ਆਈ.ਵੀ. ਟੈਸਟਾਂ ਵਿਚੋਂ ਹੋਣ ਵਾਲੀ ਕਮਾਈ ਸੀ, ਜਿਸ ਨੇ ਅਰਬਾਂ ਡਾਲਰਾਂ ਤਕ ਪਹੁੰਚਣਾ ਸੀ।

ਸਾਲ 2008 ਵਿਚ ਫ਼ਰਾਂਸੀਸੀ ਖੋਜੀਆਂ ਨੂੰ ਐਚ.ਆਈ.ਵੀ. ਵਾਇਰਸ ਲੱਭਣ ਲਈ ਨੋਬਲ ਪੁਰਸਕਾਰ ਮਿਲਿਆ। ਅਮਰੀਕਨ ਖੋਜੀ ਨੂੰ ਨਜ਼ਰਅੰਦਾਜ਼ ਕਰ ਦਿੱਤਾ ਗਿਆ।

20-22 ਸਾਲਾਂ ਤੋਂ ਏਡਜ਼ ਨੂੰ ਲੈ ਕੇ ਬੇਅੰਤ ਪ੍ਰਚਾਰ ਕੀਤਾ ਗਿਆ ਹੈ ਕਿ ਇਸ ਰੋਗੀ ਦੀ ਪਰਲੋ ਨਾਲ ਦੁਨੀਆਂ ਦੀ ਅਧਿਓਂ ਵੱਧ ਆਬਾਦੀ ਨੇ ਉਡ-ਪੁਡ ਜਾਣਾ ਹੈ, ਆਦਿ। ਇਸ ਤੋਂ ਬਚਣ ਲਈ ਕਿਹਾ ਗਿਆ ਕਿ ਐਚ.ਆਈ.ਵੀ. ਟੈਸਟ ਕਰਵਾਉਣਾ ਜ਼ਰੂਰੀ ਹੈ ਅਤੇ ਜਿਸ ਕਿਸੇ ਦੇ ਅੰਦਰ ਵੀ ਐਚ.ਆਈ.ਵੀ. ਐਂਟੀਬਾਡੀ ਲੱਭੇ, ਇਲਾਜ ਐਂਟੀਰੀਟਰੋਵਾਇਰਲ ਦਵਾਈਆਂ ਨਾਲ ਕੀਤਾ ਜਾਵੇ। ਐਚ.ਆਈ.ਵੀ. ਰੀਟਰੋਵਾਇਰਸ ਹੈ। ਹਰ ਖ਼ੂਨ ਦੀ ਬੋਤਲ ਇਸ ਵਾਇਰਸ ਲਈ ਟੈਸਟ ਕੀਤੀ ਜਾਵੇ। ਹਰ ਟੈਸਟ ਪਿੱਛੇ ਗੈਲੋ ਨੂੰ ਕਮਿਸ਼ਨ ਜਾਂਦਾ ਹੈ। ਇਲਾਜ ਕਰਨ ਲਈ ਵਰਤੀ ਜਾਂਦੀ ਦਵਾਈ ਬਣਾਉਣ ਵਾਲੀ 'ਵੈਲਕਮ' ਕੰਪਨੀ ਰਾਕਫ਼ੈਲਰ ਦੀ ਮਲਕੀਅਤ ਹੈ। ਰਾਕਫ਼ੈਲਰ ਪਰਿਵਾਰ ਦੁਨੀਆਂ ਅੰਦਰ ਨਵਾਂ ਨਿਜ਼ਾਮ ਲਿਆਉਣ ਵਿਚ ਕਈ ਸ਼ਕਤੀਆਂ ਨਾਲ ਸਾਂਝੀਵਾਲ ਹੈ।

ਏਡਜ਼ ਦੇ ਹਊਏ ਦਾ ਦੂਜਾ ਪਾਸਾ ਕੀ ਹੈ? ਉਹ ਹੈ: ਐਚ.ਆਈ.ਵੀ. ਨਾਲ ਏਡਜ਼ ਨਹੀਂ ਹੁੰਦੀ। ਐਚ.ਆਈ.ਵੀ. ਨਾਲ ਕੋਈ ਹੋਰ ਰੋਗ ਵੀ ਨਹੀਂ ਹੁੰਦਾ। 'ਕੈਦੀ' ਸਾਇੰਸੀ ਅਦਾਰਿਆਂ ਵੱਲੋਂ ਐਚ.ਆਈ.ਵੀ. ਹੀ ਏਡਜ਼ ਦਾ ਇਕਮਾਤਰ ਕਾਰਨ ਦੱਸ ਕੇ ਜਨਤਾ ਨੂੰ ਭੁਚਲਾਇਆ ਗਿਆ ਹੈ। ਐਚ.ਆਈ.ਵੀ. ਇੰਨੀ ਕਮਜ਼ੋਰ ਵਾਇਰਸ ਹੈ ਕਿ ਸਰੀਰ ਦੀ ਰੋਗ-ਰੋਕੂ ਸ਼ਕਤੀ ਨੂੰ ਉਖਾੜ ਨਹੀਂ ਸਕਦੀ। ਏਡਜ਼ ਦਾ ਰੋਗ ਸੈਕਸ ਰਾਹੀਂ ਨਹੀਂ ਹੁੰਦਾ।

ਵਾਇਰਸ ਦੋ ਕਿਸਮ ਦੀ ਹੁੰਦੀ ਹੈ। ਜੇ ਹਵਾਈ ਜਹਾਜ਼ ਦੀ ਮਿਸਾਲ ਲਈਏ ਤਾਂ ਇਕ ਵਾਇਰਸ ਉਹ ਹੈ ਜਿਸ ਨੂੰ ਕਹਿ ਸਕਦੇ ਹਾਂ ਕਿ 'ਪਾਇਲਟ' ਜਾਂ ਜਹਾਜ਼ ਚਾਲਕ ਹੈ ਜੋ ਟਾਕਰਾ ਕਰਦੇ ਸੈਲ ਦੀ ਬੀਮਾਰੀ ਵਾਲੇ ਪਾਸੇ ਮੁਹਾਰ ਮੋੜ ਦਿੰਦਾ ਹੈ, ਭਾਵ ਬੀਮਾਰ ਕਰਦਾ ਹੈ। ਅਜਿਹਾ ਕਰਨ ਵਿਚ ਵਾਇਰਸ ਨੂੰ ਜ਼ਿਆਦਾ ਦੇਰ ਨਹੀਂ ਲੱਗਦੀ। ਦੂਜੀ ਵਾਇਰਸ ਹੈ ਕਿ ਕਿਸੇ ਸਵਾਰੀ ਵਾਂਗ, ਜੋ ਸੈਲ ਉਤੇ ਸਵਾਰ ਰਹਿੰਦੀ ਹੈ, ਉਸ ਉਤੇ ਜਿਊਂਦੀ ਹੈ ਪਰ ਵਾਰ ਕਰ ਕੇ ਬੀਮਾਰ ਨਹੀਂ ਕਰਦੀ। ਐਚ.ਆਈ.ਵੀ. ਇਕ 'ਸਵਾਰੀ' ਵਾਇਰਸ ਹੈ, ਬੀਮਾਰੀ ਵਾਇਰਸ ਨਹੀਂ ਹੈ।

ਐਚ.ਆਈ.ਵੀ. ਨੂੰ ਇੰਨਾ ਭਿਅੰਕਰ ਕਿਵੇਂ ਬਣਾ ਦਿੱਤਾ ਗਿਆ? ਇੰਜ ਉਦੋਂ ਹੋਇਆ ਜਦੋਂ ਅਮਰੀਕਨ ਡਾਕਟਰ ਗੈਲੋ ਨੇ ਇਹ ਐਲਾਨ ਕੀਤਾ ਕਿ ਐਚ.ਆਈ.ਵੀ. ਹੀ ਏਡਜ਼ ਦਾ ਕਾਰਨ ਹੈ। ਹੁਣ ਗੈਲੋ ਉਤੇ ਇਲਜ਼ਾਮ ਲੱਗ ਚੁੱਕੇ ਹਨ ਕਿ ਉਸ ਨੇ ਆਪਣੇ ਕਿੱਤੇ ਵਿਚ ਜਾਣਦੇ-ਬੁੱਝਦੇ ਹੋਏ ਗ਼ਲਤ ਕੀਤਾ ਹੈ। ਉਸ ਦੇ ਨਾਲ ਕੰਮ ਕਰਦੇ ਦੋ ਅਫ਼ਸਰਾਂ ਨੂੰ ਸਜ਼ਾਵਾਂ ਵੀ ਹੋ ਚੁੱਕੀਆਂ ਹਨ।

ਹਰ ਸਾਲ ਕਰੋੜਾਂ ਲੋਕਾਂ ਦਾ ਐਚ.ਆਈ.ਵੀ. ਐਂਟੀਬਾਡੀ ਟੈਸਟ ਹੁੰਦਾ ਹੈ। ਇਹ 'ਟੈਸਟ' ਗੈਲੋ ਦਾ ਪੇਟੈਂਟ ਹੈ ਅਤੇ ਹਰ ਟੈਸਟ ਪਿੱਛੇ ਉਸ ਨੂੰ ਕਮਿਸ਼ਨ ਮਿਲਦਾ ਹੈ। ਲੂਕ ਮੋਨਟਾਨੀਅਰ ਜਿਸ ਨੇ ਸ਼ੁਰੂ ਵਿਚ ਗੈਲੋ ਦੀ "ਐਚ.ਆਈ.ਵੀ. ਏਡਜ਼ ਦਾ ਕਾਰਨ" ਦੇ ਵਿਚ ਹਾਂ ਮਿਲਾਈ ਸੀ, 1989 ਵਿਚ ਮੰਨਿਆ "ਐਚ.ਆਈ.ਵੀ. ਵਿਚ ਸਮਰੱਥਾ ਨਹੀਂ ਕਿ ਉਹ ਰੋਗ-ਰੋਕੂ ਇਮਿਊਨ ਪ੍ਰਣਾਲੀ ਨੂੰ ਇੰਜ ਤਬਾਹ ਕਰ ਦੇਵੇ, ਜੈਸਾ ਕਿ ਏਡਜ਼ ਦੇ ਰੋਗੀਆਂ ਵਿਚ ਵੇਖਿਆ ਜਾਂਦਾ ਹੈ।" ਯਾਦ ਰਹੇ ਕਿ ਮੋਨਟਾਨੀਅਰ ਨੂੰ ਐਚ.ਆਈ.ਵੀ. ਵਾਇਰਸ ਲੱਭਣ ਉਤੇ ਨੋਬਲ ਇਨਾਮ ਮਿਲਿਆ ਹੋਇਆ ਹੈ। ਪੰਜ ਸੌ ਤੋਂ ਵੱਧ ਸਾਇੰਸਦਾਨ ਮੋਨਟਾਨੀਅਰ ਦੇ ਇਸ ਬਿਆਨ ਦੀ ਪ੍ਰੋੜ੍ਹਤਾ ਕਰਦੇ ਹਨ।

ਡਾ. ਰਾਬਰਟ ਵਿਲਨਰ ਨੇ ਕਿਤਾਬ ਲਿਖੀ ਹੈ ਜਿਸ ਦਾ ਨਾਂ ਹੈ, 'ਦਾ ਡੈਡਲੀ ਡਿਸੈਪਸ਼ਨ।' ਉਸ ਨੇ ਡਟ ਕੇ ਕਿਹਾ ਹੈ ਕਿ ਐਚ.ਆਈ.ਵੀ. ਨਾਲ ਕਦਾਚਿਤ ਏਡਜ਼ ਨਹੀਂ ਹੋ ਸਕਦੀ। ਸਬੂਤ ਦੇ ਹੱਕ ਵਿਚ ਸਪੇਨ ਅੰਦਰ ਇਕ ਟੈਲੀਵਿਜ਼ਨ ਗੱਲਬਾਤ ਸਮੇਂ ਉਸ ਨੇ ਸਭ ਦੇ ਸਾਹਮਣੇ ਆਪਣੇ ਆਪ ਨੂੰ ਐਚ.ਆਈ.ਵੀ. ਵਾਇਰਸ ਦਾ ਟੀਕਾ ਲਗਾਇਆ। ਇੰਨਾ ਸਵੈ-ਵਿਸ਼ਵਾਸ ਸੀ ਉਸ ਦਾ!

ਸੋ ਚੰਗੀ ਖ਼ਬਰ ਇਹ ਹੈ ਕਿ ਐਚ.ਆਈ.ਵੀ., ਏਡਜ਼ ਦਾ ਰੋਗ ਨਹੀਂ ਕਰਦੀ। ਮਾੜੀ ਖ਼ਬਰ ਇਹ ਹੈ ਕਿ ਉਡਾਰੀ ਲਵਾਉਣ ਵਾਲੇ ਨਸ਼ੇ ਅਤੇ ਏ.ਜ਼ੈਡ.ਟੀ. ਦਵਾਈ ਨਾਲ ਏਡਜ਼ ਦੇ ਇਲਾਜ ਹੀ ਏਡਜ਼ ਕਰਦੇ ਹਨ। ਏਡਜ਼ ਦਾ ਅਰਥ ਹੈ ਸਰੀਰ ਦੀ ਰੋਗਾਂ ਦਾ ਟਾਕਰਾ ਕਰਨ ਦੀ ਸ਼ਕਤੀ ਦਾ ਵਿਨਾਸ਼। ਕਹਿੰਦਾ-ਕਹਾਉਂਦਾ ਏ.ਜ਼ੈਡ.ਟੀ. ਨਾਲ ਇਲਾਜ ਰੋਗ-ਟਾਕਰਾ ਸ਼ਕਤੀ ਸਗੋਂ ਖੋਹ ਲੈਂਦਾ ਹੈ, ਭਾਵ ਏਡਜ਼ ਕਰਦਾ ਹੈ। ਏ.ਜ਼ੈਡ.ਟੀ. ਦਾ ਇਲਾਜ ਜ਼ਿੰਦਗੀ ਬਖ਼ਸ਼ਦਾ ਨਹੀਂ, ਬਲਕਿ ਖੋਂਹਦਾ ਹੈ। ਕਹਾਣੀ ਇੰਜ ਬਣਦੀ ਹੈ:

ਜ਼ੋਰਦਾਰ ਪ੍ਰਚਾਰ ਨਾਲ ਮੈਡੀਕਲ ਦੁਨੀਆਂ ਅਤੇ ਲੋਕਾਂ ਨੂੰ ਮਨਾਇਆ ਜਾ ਚੁੱਕਾ ਹੈ, ਕਿ ਐਚ.ਆਈ.ਵੀ. (ਜੋ 'ਯਾਤਰੂ' ਵਾਇਰਸ ਹੈ ਅਤੇ ਕੁਝ ਵੀ ਨਹੀਂ ਕਰਦੀ) ਏਡਜ਼ ਦਾ ਕਾਰਨ ਹੈ, ਰੋਗ ਦੀ ਪਛਾਣ ਅਤੇ 'ਇਲਾਜ' ਦੀ ਮਿੱਥ ਇਸੇ ਦੇ ਉਦਾਲੇ-ਪੁਦਾਲੇ ਚੱਲਦੀ ਹੈ। ਡਾਕਟਰ ਕਹਿੰਦਾ ਹੈ: "ਭਈ ਤੇਰਾ ਐਚ.ਆਈ.ਵੀ. ਟੈਸਟ ਪਾਜ਼ਿਟਿਵ ਨਿਕਲਿਆ ਹੈ।" ਇਥੇ ਇਹ ਸਾਫ਼ ਤੌਰ 'ਤੇ ਸਮਝ ਲੈਣਾ ਚਾਹੀਦਾ ਹੈ ਕਿ ਟੈਸਟ ਦਰਅਸਲ ਇਹ ਤੈਅ ਕਰਦਾ ਹੈ ਕਿ ਸਰੀਰ ਅੰਦਰ ਐਚ.ਆਈ.ਵੀ. ਦਾ ਟਾਕਰਾ ਕਰਨ ਵਾਲੀ ਐਂਟੀਬਾਡੀ ਹੈ। ਕੋਈ ਵੀ ਟੈਸਟ ਐਚ.ਆਈ.ਵੀ. ਵਾਇਰਸ ਦੀ ਹੋਂਦ ਦਾ ਟੈਸਟ ਨਹੀਂ ਕਰਦਾ।

ਏਡਜ਼ ਦਾ ਹਊਆ/ਪ੍ਰਚਾਰ ਇੰਨਾ ਜ਼ੋਰਦਾਰ ਹੈ ਕਿ ਐਚ.ਆਈ.ਵੀ. ਪਾਜ਼ਿਟਿਵ ਸੁਣਦਿਆਂ ਹੀ ਇਨਸਾਨ ਦੇ ਹੋਸ਼-ਓ-ਹਵਾਸ਼ ਉਡ ਜਾਂਦੇ ਹਨ ਅਤੇ ਝੱਟ ਹੀ ਮੰਨ ਲਿਆ ਜਾਂਦਾ ਹੈ ਕਿ ਮੌਤ ਦਾ ਫ਼ੰਧਾ ਗਲ ਵਿਚ ਪੈ ਗਿਆ ਹੈ। ਕੁੱਲ ਟੱਬਰ ਸੋਗ ਵਿਚ ਡੁੱਬ ਜਾਂਦਾ ਹੈ। ਰਿਸ਼ਤੇ ਤਬਾਹ ਹੋ ਜਾਂਦੇ ਹਨ। ਕਈ ਆਤਮਘਾਤ ਕਰ ਲੈਂਦੇ ਹਨ। ਮੌਤ ਦੇ ਸਹਿਮ ਕਾਰਨ ਉਨ੍ਹਾਂ ਨੂੰ ਜੋ ਵੀ ਇਲਾਜ ਪੇਸ਼ ਕੀਤਾ ਜਾਵੇ, ਉਹਨੂੰ ਮੰਨਦਿਆਂ ਦੇਰ ਨਹੀਂ ਲੱਗਦੀ।



ਇਲਾਜ ਵੀ ਉਹ ਜਿਸ ਬਾਰੇ ਪ੍ਰਚਾਰ ਕਹਿੰਦਾ ਹੈ: ਏ.ਜ਼ੈਡ.ਟੀ. ਹੀ ਇਕਮਾਤਰ ਇਲਾਜ ਹੈ ਜੋ ਸਰਾਸਰ ਝੂਠ ਹੈ। ਜਿਵੇਂ ਪਹਿਲਾਂ ਦੱਸਿਆ ਗਿਆ ਹੈ, ਇਹ ਖੇਡ ਰਾਕਫ਼ੈਲਰਾਂ ਦੀ ਹੈ। ਉਨ੍ਹਾਂ ਦੀ ਆਪਣੀ 'ਵੈਲਕਮ' ਕੰਪਨੀ, ਏ.ਜ਼ੈਡ.ਟੀ. ਬਣਾਉਂਦੀ ਹੈ। ਏ.ਜ਼ੈਡ.ਟੀ. ਉਨ੍ਹਾਂ ਦਾ ਪੇਟੈਂਟ ਹੈ, ਹੋਰ ਕੋਈ ਬਣਾ ਨਹੀਂ ਸਕਦਾ। ਜੇ ਸੱਚਮੁਚ ਏਡਜ਼ ਖ਼ਤਮ ਕਰਨ ਵਿਚ ਇਹ ਦਵਾਈ ਸਹਾਇਕ ਹੁੰਦੀ ਤਾਂ ਕੁੱਲ ਦੁਨੀਆਂ ਅੰਦਰ ਐਸਪ੍ਰੀਨ ਵਾਂਗ ਬਣਾ ਕੇ ਨਿਹਾਇਤ ਸਸਤੀ ਵੇਚੀ ਜਾ ਸਕਦੀ ਸੀ ਪਰ ਰਾਕਫ਼ੈਲਰਾਂ ਦਾ ਕੰਮ ਦਾਨ ਕਰਨਾ ਨਹੀਂ ਹੈ, ਲੁੱਟਣਾ ਹੈ ਅਤੇ ਜੇ ਇਲਾਜ ਹੀ ਮੌਤ ਦਾ ਕਾਰਨ ਬਣੇ ਤਾਂ ਉਨ੍ਹਾਂ ਦੀ ਬਲਾ ਨੂੰ! ਏਡਜ਼ ਦਾ ਹਊਆ ਐਨ ਉਸੇ ਤਰ੍ਹਾਂ ਹੈ ਜਿਵੇਂ ਅਮਰੀਕਾ ਦਾ ਇਰਾਕ ਵਿਚ ਕਥਿਤ 'ਲੋਕ-ਮਾਰੂ' ਹਥਿਆਰ ਮੁਕਾਉਣ ਅਤੇ 'ਲੋਕਰਾਜ' ਸਥਾਪਤ ਕਰਨ ਲਈ ਹਮਲਾ। ਇਰਾਕ ਉਤੇ ਹਮਲਾ, ਉਥੋਂ ਦੇ ਚੌਦਾਂ ਲੱਖ ਲੋਕਾਂ ਦਾ ਕਤਲ ਅਤੇ ਬੇਅੰਤ ਹੋਰਾਂ ਦਾ ਉਜਾੜਾ ਤਾਂ ਨਜ਼ਰ ਆ ਹੀ ਜਾਂਦਾ ਹੈ। ਇਸ ਦੇ ਟਾਕਰੇ ਵਿਚ ਏਡਜ਼ ਦੇ ਹਊਏ ਰਾਹੀਂ ਕੁੱਲ ਦੁਨੀਆਂ ਦੇ ਉਤੇ ਧਾਵਾ ਬੋਲਿਆ ਜਾ ਚੁੱਕੈ ਜੋ ਵਿਖਾਈ ਨਹੀਂ ਦੇਣਾ। ਜ਼ੋਰਦਾਰ ਲੁੱਟ ਜਾਰੀ ਹੈ- ਪਹਿਲਾਂ ਟੈਸਟ ਨਾਲ ਅਤੇ ਪਿੱਛੋਂ ਮੌਤ ਵਰਗੇ ਇਲਾਜ ਨਾਲ।

ਹੁਣ ਏ.ਜ਼ੈਡ.ਟੀ. ਬਾਰੇ ਕੁਝ ਜਾਣ ਲਈਏ। ਇਹ ਦਵਾਈ ਕੈਂਸਰ ਦੇ ਇਲਾਜ ਲਈ ਬਣਾਈ ਗਈ ਸੀ, ਪਰ ਪਤਾ ਲੱਗਿਆ ਕਿ ਇਹ ਅਤਿਅੰਤ ਜ਼ਹਿਰੀਲੀ ਸੀ। ਇਹ ਸੈਲਾਂ ਦਾ ਕਤਲ ਕਰਦੀ ਹੈ, ਸੈਲ ਭਾਵੇਂ ਕੋਈ ਵੀ ਹੋਣ- ਸਿਹਤਮੰਦ ਜਾਂ ਕੈਂਸਰ ਵਾਲੇ। ਸਵਾਲ ਉਠਦਾ ਸੀ ਕਿ ਏ.ਜ਼ੈਡ.ਟੀ. ਨਾਲ ਸਰੀਰ ਦੇ ਬੇਅੰਤ ਸਿਹਤਮੰਦ ਸੈਲਾਂ ਦੀ ਤਬਾਹੀ (ਅਤੇ ਮੌਤ) ਪਹਿਲਾਂ ਹੋਵੇਗੀ ਜਾਂ ਕੈਂਸਰ ਸੈਲਾਂ ਦੀ? ਜਵਾਬ ਸਾਫ਼ ਸੀ। ਇਸੇ ਲਈ ਇਸ ਦੀ ਵਰਤੋਂ ਕੈਂਸਰ ਰੋਗੀਆਂ ਲਈ ਨਹੀਂ ਹੋਈ। ਹੁਣ ਉਸੇ ਹੀ ਦਵਾਈ ਨਾਲ ਐਚ.ਆਈ.ਵੀ. ਦਾ 'ਇਲਾਜ' ਹੋ ਰਿਹਾ ਹੈ। ਇਹ ਦਵਾਈ ਸਰੀਰ ਦੀ ਇਮਿਊਨ ਟਾਕਰਾ ਸ਼ਕਤੀ ਮਾਰ ਮੁਕਾਉਂਦੀ ਹੈ ਭਾਵ ਏਡਜ਼ ਦਾ ਰੋਗ ਪੈਦਾ ਕਰਦੀ ਹੈ, ਐਚ.ਆਈ.ਵੀ. ਦਾ ਇਲਾਜ ਨਹੀਂ ਕਰਦੀ।

ਏਡਜ਼ ਕੀ ਹੈ? ਇਹ ਹੈ ਰੋਗਾਂ ਦਾ ਟਾਕਰਾ ਕਰਨ ਵਾਲੀ ਇਮਿਊਨ ਸ਼ਕਤੀ ਦੀ ਤੋੜ-ਫੋੜ। ਇਹ ਹਾਲਤ ਬੇਅੰਤ ਕਾਰਨਾਂ ਤੋਂ ਪੈਦਾ ਹੁੰਦੀ ਹੈ ਜਿਨ੍ਹਾਂ ਵਿਚ 'ਸੈਕਸ' ਉਕਾ ਹੀ ਸ਼ਾਮਲ ਨਹੀਂ। 'ਸੈਕਸ' ਨੂੰ ਕਾਰਨ ਦੱਸ ਕੇ ਨਿਰੋਧ ਦੀ ਸਨਅਤ ਨੇ ਬੇਅੰਤ ਕਮਾਈ ਕੀਤੀ ਹੈ ਅਤੇ ਕਰ ਰਹੇ ਹਨ। ਸੈਕਸ ਵੀ ਅਤਿਅੰਤ ਖਤਰਨਾਕ, ਰੱਬ ਦਾ ਕਹਿਰ ਬਣਾ ਦਿੱਤਾ ਗਿਐ।

ਏਡਜ਼ ਨਾਲ ਮੌਤਾਂ ਕਿਉਂ ਹੋ ਰਹੀਆਂ ਨੇ? ਹੋਇਆ ਇਹ ਹੈ ਕਿ ਜਿਹੜਾ ਵੀ ਸਰੀਰ ਦੀ ਕਿਸੇ ਵੀ ਇਮਿਊਨ ਟਾਕਰਾ-ਸ਼ਕਤੀ ਦੀ ਕਮਜ਼ੋਰੀ ਨਾਲ ਮਰਦਾ ਹੈ, ਉਹ ਇਕ ਲੰਮੇ-ਚੌੜੇ ਅਰਥਾਂ ਵਾਲੇ ਲਫ਼ਜ਼ 'ਏਡਜ਼' ਦੇ ਘੇਰੇ ਵਿਚ ਆ ਜਾਂਦਾ ਹੈ। ਰੋਗ ਪਛਾਣ ਅੰਦਰ ਵੀ ਇਸ ਦੀ ਰੱਜ ਕੇ ਦੁਰਵਰਤੋਂ ਕੀਤੀ ਜਾਂਦੀ ਹੈ। ਜਿਵੇਂ ਪਹਿਲਾਂ ਦੱਸਿਆ ਗਿਆ ਹੈ ਕਿ ਐਚ.ਆਈ.ਵੀ. ਵਾਇਰਸ ਨਾਲ ਕੋਈ ਰੋਗ ਉਤਪੰਨ ਨਹੀਂ ਹੁੰਦਾ ਪਰ ਜੇ ਕੋਈ ਐਚ.ਆਈ.ਵੀ. ਪਾਜ਼ਿਟਿਵ ਹੋਵੇ ਅਤੇ ਟੀ.ਬੀ., ਨਮੋਨੀਆ ਜਾਂ ਹੋਰ ਪੰਜਾਹ ਵੱਖਰੀਆਂ ਬੀਮਾਰੀਆਂ ਵਿਚੋਂ ਕਿਸੇ ਇਕ ਨਾਲ ਮਰ ਜਾਵੇ, ਤਦ ਮੌਤ ਦੇ ਕਾਰਨ ਦੀ ਰੋਗ-ਪਛਾਣ 'ਏਡਜ਼' ਕਰਕੇ ਮੰਨੀ ਜਾਂਦੀ ਹੈ। ਐਚ.ਆਈ.ਵੀ. ਟੈਸਟ ਨੈਗੇਟਿਵ ਹੋਵੇ ਤਾਂ ਮੌਤ ਦਾ ਕਾਰਨ ਉਹੀ ਬੀਮਾਰੀਆਂ ਦੱਸੀਆਂ ਜਾਂਦੀਆਂ ਹਨ, ਏਡਜ਼ ਨਹੀਂ। ਬੀਮਾਰੀਆਂ ਦੇ ਅੰਕੜੇ ਇੰਜ ਤੋੜੇ-ਮਰੋੜੇ ਜਾਂਦੇ ਹਨ ਕਿ ਜਾਪੇ ਐਚ.ਆਈ.ਵੀ. ਪਾਜ਼ਿਟਿਵ ਹੀ ਏਡਜ਼ ਦੇ ਕਾਰਨ ਮਰਦੇ ਹਨ। ਇਹ ਸਰਾਸਰ ਝੂਠ ਹੈ।

ਏਡਜ਼ ਹੈ ਇਮਿਊਨ ਟਾਕਰਾ ਸ਼ਕਤੀ ਦੀ ਕਮਜ਼ੋਰੀ। ਬੇਅੰਤ ਲੋਕ ਅਜਿਹੀ ਏਡਜ਼ ਤੋਂ ਮਰਦੇ ਹਨ ਜੋ ਐਚ.ਆਈ.ਵੀ. ਪਾਜ਼ਿਟਿਵ ਨਹੀਂ। ਏਡਜ਼ ਬਲਾ ਦੀ ਪਰਲੋ ਦੀਆਂ ਭਵਿੱਖਬਾਣੀਆਂ ਸੱਚ ਸਾਬਤ ਨਹੀਂ ਹੋਈਆਂ। ਦੁਨੀਆਂ ਅੰਦਰ ਬੇਅੰਤ ਲੋਕ ਹਨ ਜਿਨ੍ਹਾਂ ਅੰਦਰ ਐਚ.ਆਈ.ਵੀ. ਐਂਟੀਬਾਡੀ ਹੈ ਪਰ ਉਨ੍ਹਾਂ ਕਦੇ ਟੈਸਟ ਨਹੀਂ ਕਰਵਾਇਆ ਅਤੇ ਪੂਰਨ ਸਿਹਤ ਨਾਲ ਜ਼ਿੰਦਗੀ ਮਾਣ ਰਹੇ ਹਨ। ਉਨ੍ਹਾਂ ਨੂੰ ਨਾ ਏਡਜ਼ ਹੋਈ ਹੈ ਅਤੇ ਨਾ ਹੀ ਹੋਵੇਗੀ। ਕਾਰਨ? ਐਚ.ਆਈ.ਵੀ. ਦਾ ਏਡਜ਼ ਨਾਲ ਕੋਈ ਸਬੰਧ ਨਹੀਂ ਹੈ।

ਕੋਈ ਵੀ ਤੱਤ ਜਿਸ ਦੇ ਨਾਲ ਇਮਿਊਨ ਸ਼ਕਤੀ ਨੂੰ ਸੱਟ ਲੱਗੇ, ਏਡਜ਼ ਦਾ ਕਾਰਨ ਬਣ ਸਕਦੀ ਹੈ। ਸਭ ਤੋਂ ਵੱਡਾ ਕਾਰਨ ਹਨ ਨਸ਼ੀਲੀਆਂ ਦਵਾਈਆਂ। ਅਮਰੀਕਾ ਅੰਦਰ ਸਮਲਿੰਗੀ ਸੈਕਸ ਵਾਲੇ, ਨਸ਼ਿਆਂ ਦੀ ਵਰਤੋਂ ਕਰਦੇ ਹਨ ਜਿਨ੍ਹਾਂ ਨੂੰ ਸਹੀ ਸੋਚ ਵਾਲੇ ਡਾਕਟਰ, ਏਡਜ਼ ਦਾ ਕਾਰਨ ਮੰਨਦੇ ਹਨ। ਜੋ ਵੇਸਵਾਵਾਂ ਨਸ਼ਿਆਂ ਦੀ ਵਰਤੋਂ ਕਰਦੀਆਂ ਹਨ, ਉਹ ਏਡਜ਼ ਦਾ ਸ਼ਿਕਾਰ ਹੁੰਦੀਆਂ ਹਨ। ਏਡਜ਼ ਦਾ ਪ੍ਰਸਾਰ ਨਸ਼ਿਆਂ ਦੇ ਵਪਾਰ ਨਾਲ ਜੁੜਿਆ ਹੋਇਆ ਹੈ। ਦੁਨੀਆਂ ਦੇ ਕੁੱਲ ਨਸ਼ਾ ਪ੍ਰਸਾਰ ਵਿਚ ਅਮਰੀਕੀ ਖੁਫ਼ੀਆ ਏਜੰਸੀ ਸੀ.ਆਈ.ਏ. ਦਾ ਹਮੇਸ਼ਾ ਵੱਡਾ ਹੱਥ ਰਿਹਾ ਹੈ। ਭਾਰਤ ਦੇ ਕੁੱਲ ਉਤਰ-ਪੂਰਬੀ ਇਲਾਕਿਆਂ ਅੰਦਰ 'ਏਡਜ਼' ਦਾ ਕਹਿਰ ਕਿਹਾ ਜਾਂਦਾ ਹੈ। ਕਾਰਨ ਨਸ਼ੇ ਦੇ ਟੀਕੇ ਦੱਸੇ ਜਾਂਦੇ ਹਨ। ਜ਼ੋਰ ਨਸ਼ੇ ਦੀ ਸਾਂਝੀ ਵਰਤੀ ਜਾਂਦੀ ਸੂਈ ਉਤੇ ਦਿੱਤਾ ਜਾਂਦਾ ਹੈ, ਪਈ ਸੂਈ ਹੀ ਏਡਜ਼ ਖਿਲਾਰਦੀ ਹੈ। ਨਸ਼ੇ ਹੀ ਏਡਜ਼ ਦਾ ਕਾਰਨ ਹਨ, ਏਧਰ ਧਿਆਨ ਦੇਣ ਦੀ ਲੋੜ ਹੈ।

ਗ਼ਰੀਬਾਂ ਦੀ ਇਮਿਊਨ ਸ਼ਕਤੀ ਨੂੰ ਖੋਰਾ ਲੱਗਦਾ ਹੈ, ਮਾੜੀ ਖ਼ੁਰਾਕ, ਭੈੜਾ ਪਾਣੀ ਅਤੇ ਰੋਜ਼-ਬ-ਰੋਜ਼ ਛੋਟੀਆਂ-ਵੱਡੀਆਂ ਬੀਮਾਰੀਆਂ ਅੰਦਰ ਫਸੇ ਰਹਿਣ ਕਾਰਨ। ਅਜਿਹੀ ਏਡਜ਼ ਤੋਂ ਬੇਅੰਤ ਲੋਕ ਅਫ਼ਰੀਕਾ, ਭਾਰਤ ਸਮੇਤ ਕਈ ਏਸ਼ੀਆਈ ਦੇਸ਼ਾਂ ਅਤੇ ਲਾਤੀਨੀ ਅਮਰੀਕਾ ਵਿਚ ਪੀੜਤ ਹੋ ਕੇ ਮਰ ਰਹੇ ਹਨ ਪਰ ਉਨ੍ਹਾਂ ਕੋਲ ਕੋਈ ਦੌਲਤ ਨਹੀਂ ਜਿਨ੍ਹਾਂ ਨੂੰ ਡਾਕਟਰੀ ਪੇਸ਼ਾ ਜਾਂ ਦਵਾਈ ਕੰਪਨੀਆਂ ਲੁੱਟ ਲੈਣ। ਅਜਿਹੇ ਲੋਕਾਂ ਦੀਆਂ ਮੌਤਾਂ ਦੀ ਕਦੇ ਉਘ-ਸੁੱਘ ਨਹੀਂ ਨਿਕਲਦੀ।

ਬੇਅੰਤ ਲੋਕ ਜਿਨ੍ਹਾਂ ਦਾ ਐਚ.ਆਈ.ਵੀ. ਪਾਜ਼ਿਟਿਵ ਆਇਆ ਹੈ, ਐਵੇਂ ਹੀ ਸਹਿਮ ਨਾਲ ਮਰੇ ਪਏ ਹਨ ਕਿ ਏਡਜ਼ ਦੇ ਰੋਗ ਨੇ ਕਿਸੇ ਵੀ ਦਿਨ ਘੇਰ ਲੈਣਾ ਹੈ। ਏ.ਜ਼ੈਡ.ਟੀ. ਦਾ ਇਲਾਜ ਮਾਰੂ ਹੈ। ਇਸ ਨਾਲ ਇਕ ਵੀ ਰੋਗੀ ਠੀਕ ਨਹੀਂ ਹੋਇਆ। ਏਸ ਮਹਿੰਗੀ ਦਵਾਈ ਨਾਲ ਲੋਕਾਂ ਦੇ ਘਰ ਖ਼ਾਲੀ ਅਤੇ ਕੰਪਨੀਆਂ ਅਤੇ ਰਾਕਫ਼ੈਲਰ ਦੇ ਕੋਠੇ ਮਾਲੋ-ਮਾਲ ਹੋਏ ਹਨ।

ਐਚ.ਆਈ.ਵੀ. ਦੀ ਖੋਜ ਪਿੱਛੇ ਨੋਬਲ ਪੁਰਸਕਾਰ ਜੇਤੂ ਡਾ. ਲੂਕ ਮੋਨਟਾਨੀਅਰ ਦਾ ਕੀ ਕਹਿਣਾ ਹੈ, "ਸਾਡੇ ਸਰੀਰ ਅੰਦਰ ਜਿੰਨੀ ਵਾਰ ਚਾਹੋ, ਐਚ.ਆਈ.ਵੀ. ਪਾ ਦਿਉ, ਜੇ ਸਾਡੀ ਇਮਿਊਨ ਪ੍ਰਣਾਲੀ ਸਹੀ ਹੈ, ਤਾਂ ਇਨਫ਼ੈਕਸ਼ਨ ਹੋ ਹੀ ਨਹੀਂ ਸਕਦੀ। ਸਾਡਾ ਇਮਿਊਨ ਸਿਸਟਮ ਕੁਝ ਸਾਤਿਆਂ ਵਿਚ ਐਚ.ਆਈ.ਵੀ. ਵਿਰੋਧੀ ਐਂਟੀਬਾਡੀ ਤਿਆਰ ਕਰ ਦਿੰਦਾ ਹੈ।"

ਐਚ.ਆਈ.ਵੀ. ਪਾਜ਼ਿਟਿਵ ਹੋਣਾ, ਕਿਸੇ ਵੀ ਬੀਮਾਰੀ ਦਾ ਸੂਚਕ ਨਹੀਂ, ਸਮੇਤ ਏਡਜ਼ ਦੇ। ਐਚ.ਆਈ.ਵੀ. ਪਾਜ਼ਿਟਿਵ ਦੇ ਨਾਂ ਉਤੇ ਸਮਾਜ ਦੇ ਅੰਦਰ ਅਰੋਗੀ ਚੰਗੇ-ਭਲੇ ਲੋਕਾਂ ਨਾਲ ਵਿਤਕਰਾ ਕੀਤਾ ਜਾਂਦਾ ਹੈ। ਸਿਹਤ ਵਿਭਾਗ ਦੇ ਕਾਰਿੰਦਿਆਂ, ਅਫ਼ਸਰਾਂ ਅਤੇ ਵਜ਼ੀਰਾਂ ਨੂੰ ਜਗਾਉਣ ਦੀ ਲੋੜ ਹੈ। ਐਚ.ਆਈ.ਵੀ. ਅਤੇ ਏਡਜ਼ ਨੂੰ ਸਹੀ ਢੰਗ ਨਾਲ ਸਮਝਣ ਅਤੇ ਵਿਚਾਰਨ ਦੀ ਲੋੜ ਹੈ। ਐਚ.ਆਈ.ਵੀ. ਪਾਜ਼ਿਟਿਵ ਹੋਣਾ ਕਿਸੇ ਰੋਗ ਦਾ ਸੂਚਕ ਨਹੀਂ ਹੈ। ਕੀ ਇਸ ਟੈਸਟ ਉਤੇ ਪਾਬੰਦੀ ਨਹੀਂ ਲੱਗਦੀ ਚਾਹੀਦੀ? ਐਚ.ਆਈ.ਵੀ. ਪਾਜ਼ਿਟਿਵ ਦਾ ਲੇਬਲ ਅਤੇ ਖ਼ੌਫ਼ ਹਰ ਬੰਦੇ ਉਤੋਂ ਉਤਾਰ ਨਹੀਂ ਦੇਣਾ ਚਾਹੀਦਾ?

***ਡਾ. ਦਲਜੀਤ ਸਿੰਘ ਅੱਖਾਂ ਦੇ ਮਾਹਿਰ ਡਾਕਟਰ ਹਨ।***

# ਪੰਜਾਬ ਦੇ ਕਰਜ਼ਾਈ ਹੋਣ ਦੇ ਅਸਲੀ ਕਾਰਨ

ਦਾ ਕਿਸੇ ਵਕਤ ਚੰਗਾ ਸਿਆਸੀ ਆਧਾਰ ਸੀ, ਹੁਣ ਬਹੁਤ ਕਮਜ਼ੋਰ ਹੋ ਗਈਆਂ ਹਨ। ਇਨ੍ਹਾਂ ਦੀ ਕੇਂਦਰ-ਰਾਜ ਸਬੰਧਾਂ ਬਾਰੇ ਸੋਚ ਵੀ ਧੁੰਦਲੀ ਹੈ। ਸੀ. ਪੀ. ਆਈ. (ਐਮ) ਨੂੰ ਬੰਗਾਲ ਦੇ ਤਜਰਬੇ ਤੋਂ ਕੁਝ ਅਹਿਸਾਸ ਹੋਇਆ ਹੈ ਕਿ ਭਾਰਤ ਦੇ ਸਿਆਸੀ ਅਤੇ ਆਰਥਿਕ ਢਾਂਚੇ ਵਿਚ ਰਾਜਾਂ ਕੋਲ ਕਿੰਨੇ ਘੱਟ ਅਧਿਕਾਰ ਹਨ ਪਰ ਫਿਰ ਵੀ ਖੱਬੀਆਂ ਪਾਰਟੀਆਂ ਨੇ ਕੇਂਦਰ-ਰਾਜ ਸਬੰਧਾਂ ਨੂੰ ਬਦਲਣ ਬਾਰੇ ਕੋਈ ਵੱਡੀ ਸਿਆਸੀ ਮੁਹਿੰਮ ਚਲਾਉਣ ਦਾ ਸੰਕੇਤ ਨਹੀਂ ਦਿੱਤਾ।


ਪੰਜਾਬ ਅਤੇ ਭਾਰਤ ਵਿਚ ਇਕ ਤੀਜੇ ਬਦਲ ਦੀ ਲੋੜ ਹੈ ਜੋ ਕੇਂਦਰੀਕਰਨ ਦੀ ਵਿਚਾਰਧਾਰਾ ਨਾਲ ਜੁੜੀਆਂ ਦੋਵਾਂ ਪਾਰਟੀਆਂ-ਕਾਂਗਰਸ ਅਤੇ ਭਾਜਪਾ ਦੀਆਂ ਵਿਰੋਧੀ ਸ਼ਕਤੀਆਂ ਨੂੰ ਲਾਮਬੰਦ ਕਰਕੇ ਇਕ ਮੰਚ 'ਤੇ ਲਿਆ ਸਕੇ। ਅਜਿਹੇ ਤੀਜੇ ਬਦਲ ਦੇ ਸਿਆਸੀ ਪ੍ਰੋਗਰਾਮ ਵਿਚ ਸੰਵਿਧਾਨ ਨੂੰ ਬਦਲਣ ਅਤੇ ਰਾਜਾਂ ਨੂੰ ਵੱਧ ਅਧਿਕਾਰ ਦੇ ਕੇ ਭਾਰਤ ਦੇ ਰਾਜਸੀ ਅਤੇ ਆਰਥਿਕ ਪ੍ਰਬੰਧ ਦਾ ਵਿਕੇਂਦਰੀਕਰਨ ਕਰਨਾ ਮਹੱਤਵਪੂਰਨ ਮੁੱਦਾ ਹੋਣਾ ਚਾਹੀਦਾ ਹੈ।

ਜਿਸ ਤਰ੍ਹਾਂ ਦਾ ਤੀਜੇ ਬਦਲ ਦਾ ਸੁਝਾਅ ਇਥੇ ਪੰਜਾਬ ਲਈ ਦਿੱਤਾ ਗਿਆ ਹੈ, ਉਸੇ ਤਰ੍ਹਾਂ ਦੇ ਬਦਲ ਦੀ ਲੋੜ ਹਰ ਪ੍ਰਾਂਤ ਵਿਚ ਹੈ। ਪ੍ਰਾਂਤਾਂ ਵਿਚ ਉਭਰੇ ਤੀਜੇ ਬਦਲ ਇਕ ਸਾਂਝਾ ਫਰੰਟ ਬਣਾ ਕੇ ਕੇਂਦਰ ਤੋਂ ਤਾਕਤਵਰ ਹੋ ਸਕਦੇ ਹਨ ਅਤੇ ਸੰਵਿਧਾਨ ਬਦਲ ਸਕਦੇ ਹਨ। ਹੁਣ ਦੇ ਸੰਵਿਧਾਨ ਵਿਚੋਂ ਰਾਜਾਂ ਲਈ ਕੋਈ ਉਮੀਦ ਨਹੀਂ ਰੱਖੀ ਜਾ ਸਕਦੀ। ਜਦੋਂ ਰਾਜਾਂ ਕੋਲ ਵੱਧ ਅਧਿਕਾਰ ਹੋਣਗੇ, ਆਮਦਨ ਹੋਵੇਗੀ ਤੇ ਲੋੜ ਅਨੁਸਾਰ ਉਨ੍ਹਾਂ ਵਿਚ ਵਾਧਾ ਹੋਵੇਗਾ ਤਾਂ ਉਨ੍ਹਾਂ ਦੀ ਜ਼ਿੰਮੇਵਾਰੀ ਤੇ ਪੁੱਛ-ਪੜਤਾਲ ਵੀ ਵਧੇਗੀ। ਅਜਿਹੀ ਪੁੱਛ-ਪੜਤਾਲ ਦੀ ਕਾਨੂੰਨੀ ਵਿਵਸਥਾ ਕਰਕੇ ਸਹੀ ਸਰਕਾਰੀ ਖਰਚਾਂ ਦਾ ਮਸਲਾ ਵੀ ਨਿਪਟਾਇਆ ਜਾ ਸਕਦਾ ਹੈ। ਸਰਕਾਰੀ ਕਰਜ਼ੇ ਵੀ ਘੱਟ ਕੀਤੇ ਜਾ ਸਕਦੇ ਹਨ। ਕੇਂਦਰ-ਰਾਜ ਸਬੰਧਾਂ ਨੂੰ ਬਦਲਣਾ ਰਾਜਾਂ ਦੀ ਇਤਿਹਾਸਕ ਲੋੜ ਹੈ।

***ਪ੍ਰੀਤਮ ਸਿੰਘ ਆਕਸਫੋਰਡ ਬਰੁਕਸ ਯੂਨੀਵਰਸਿਟੀ ਵਿਚ ਅਰਥਸ਼ਾਸਤਰ ਦੇ ਅਧਿਆਪਕ ਹਨ। ਪੰਜਾਬ ਦੀ ਆਰਥਕਤਾ 'ਚ ਉਨ੍ਹਾਂ ਦੀ ਡੂੰਘੀ ਦਿਲਚਸਪੀ ਹੈ।***

# ਜੁਝਾਰੂ ਲੋਕਾਂ ਦੇ ਵਿਹੜੇ ਦਾ ਫੁੱਲ ਕਬੀਰ 'ਸੁਮਨ'

**ਪ੍ਰੋ. ਕੁਲਵੰਤ ਸਿੰਘ ਰੋਮਾਣਾ**




ਪ੍ਰੋ. ਰੋਮਾਣਾ

ਲਗਪਗ ਪਿਛਲੇ 20 ਸਾਲਾਂ ਤੋਂ ਉਹ ਪੱਛਮੀ ਬੰਗਾਲ ਦੇ ਲੋਕ-ਪੱਖੀ ਸਭਿਆਚਾਰਕ ਖੇਤਰ ਵਿਚ ਸਰਗਰਮ ਹੈ। ਉਹ ਖੁਦ ਹੀ ਗੀਤਕਾਰ ਹੈ, ਖੁਦ ਹੀ ਸੰਗੀਤਕਾਰ ਤੇ ਖੁਦ ਹੀ ਗਾਇਕ ਪਰ ਇਸ ਦੇ ਨਾਲ ਉਹ ਲੇਖਕ ਵੀ ਹੈ, ਪੱਤਰਕਾਰ ਵੀ, ਰੇਡੀਓ ਤੇ ਟੀ.ਵੀ. ਹੋਸਟ ਵੀ ਹੈ ਅਤੇ ਇਸ ਤੋਂ ਵੀ ਅੱਗੇ ਉਹ ਮੈਂਬਰ ਪਾਰਲੀਮੈਂਟ ਵੀ ਹੈ। ਇਹ ਕਬੀਰ 'ਸੁਮਨ' ਕਿਸੇ ਵੇਲੇ ਕਬੀਰ 'ਚਟੋਪਾਧਿਆਏ' ਹੁੰਦਾ ਸੀ ਪਰ ਜਦੋਂ ਇਕ ਮੂਲਵਾਦੀ ਹਿੰਦੂ ਸੰਗਠਨ ਦੇ ਕੁਝ ਕਾਰਕੁਨਾਂ ਨੇ ਆਸਟਰੇਲੀਅਨ ਈਸਾਈ ਮਿਸ਼ਨਰੀ ਗ੍ਰਾਹਮ ਸਟੇਨ ਨੂੰ ਉਸ ਦੇ ਦੋ ਬੱਚਿਆਂ ਸਮੇਤ ਜ਼ਿੰਦਾ ਜਲਾ ਦਿੱਤਾ ਤਾਂ ਕਬੀਰ ਚਟੋਪਾਧਿਆਏ ਨੂੰ ਆਪਣੇ ਹਿੰਦੂ ਹੋਣ ਕਾਰਨ ਨਮੋਸ਼ੀ ਅਤੇ ਕਚਿਆਣ ਮਹਿਸੂਸ ਹੋਣ ਲੱਗ ਪਈ। ਇਸ ਨਮੋਸ਼ੀ ਅਤੇ ਆਪਣੀ ਹਿੰਦੂ ਪਛਾਣ ਤੋਂ ਖਹਿੜਾ ਛੁਡਵਾਉਣ ਲਈ ਉਸ ਨੇ ਇਸਲਾਮ ਅਪਨਾ ਲਿਆ ਅਤੇ ਕਬੀਰ 'ਚਟੋਪਾਧਿਆਏ' ਤੋਂ ਉਹ ਕਬੀਰ 'ਸੁਮਨ' ਬਣ ਗਿਆ। ਉਸ ਨੇ ਪੰਜ ਸ਼ਾਦੀਆਂ ਕਰਵਾਈਆਂ। ਇਕ ਦੇ ਟੁੱਟਣ ਬਾਅਦ ਅਗਲੀ ਸ਼ਾਦੀ ਕਰਵਾਉਂਦਾ ਗਿਆ। ਉਸ ਦੀ ਪੰਜਵੀਂ ਅਤੇ ਵਰਤਮਾਨ ਪਤਨੀ ਬੰਗਲਾਦੇਸ਼ੀ ਗਾਇਕਾ ਸ਼ਬੀਨਾ ਜਾਸਮੀਨ ਹੈ। ਇਸ ਬਾਰੇ ਉਸ ਦਾ ਕਹਿਣਾ ਹੈ ਕਿ ਨਾ ਤਾਂ ਉਹ ਮਰਦ-ਔਰਤ ਵਿਚਕਾਰ ਹਿੰਸਾ ਜਾਂ ਬੋਲ-ਕਬੋਲ ਦੇ ਹੱਕ ਵਿਚ ਹੈ ਅਤੇ ਨਾ ਹੀ ਔਰਤ ਨੂੰ ਬੰਧੂਆ ਬਣਾ ਕੇ ਜਾਂ ਆਪ ਬੰਧੂਆ ਬਣ ਕੇ ਰਹਿਣ ਦੇ ਹੱਕ ਵਿਚ ਹੈ। ਇਹੋ ਕਾਰਨ ਹੈ ਕਿ ਭਾਰਤੀ ਵਿਆਹ ਦਾ ਅਦਾਰਾ ਉਸ ਲਈ ਵਧੀਆ ਸਾਬਤ ਨਹੀਂ ਹੋਇਆ।

ਕਬੀਰ ਨੇ ਕਲਕੱਤਾ ਯੂਨੀਵਰਸਿਟੀ ਤੋਂ ਅੰਗਰੇਜ਼ੀ ਸਾਹਿਤ ਦੀ ਬੀ.ਏ. ਆਨਰਜ਼ ਅਤੇ ਫ਼ਰਾਂਸੀਸੀ ਭਾਸ਼ਾ ਦਾ ਡਿਪਲੋਮਾ ਪਾਸ ਕੀਤਾ। ਕੁਝ ਸਮੇਂ ਲਈ ਉਸ ਨੇ ਬੈਂਕ ਦੀ ਨੌਕਰੀ ਵੀ ਕੀਤੀ ਅਤੇ ਆਲ ਇੰਡੀਆ ਰੇਡੀਓ 'ਤੇ ਬਰਾਡਕਾਸਟਰ ਵੀ ਰਿਹਾ। 1975 ਵਿਚ ਉਹ ਜਰਮਨੀ ਚਲਾ ਗਿਆ ਜਿਥੇ ਉਹ ਪਹਿਲਾਂ ਵੀ ਫੁਲ ਤੋੜਨ ਦਾ ਕੰਮ ਕਰ ਚੁੱਕਾ ਸੀ। ਕੁਝ ਲੋਕ ਕਹਿੰਦੇ ਹਨ ਕਿ ਨਕਸਲਬਾੜੀ ਲਹਿਰ ਦਾ ਹਮਾਇਤੀ ਅਤੇ ਹਮਦਰਦ ਹੋਣ ਕਰਕੇ ਉਸ ਨੂੰ ਐਮਰਜੈਂਸੀ ਦੌਰਾਨ ਜੇਲ੍ਹ ਵਿਚ ਬੰਦ ਕੀਤੇ ਜਾਣ ਦਾ ਡਰ ਸੀ ਜਿਸ ਕਾਰਨ ਉਹ ਜਰਮਨੀ ਦੌੜ ਗਿਆ ਪਰ ਕਬੀਰ ਦੱਸਦਾ ਹੈ ਕਿ ਉਹ ਜਰਮਨੀ ਤਾਂ ਜੇਲ੍ਹ ਜਾਣ ਦੇ ਡਰੋਂ ਹੀ ਗਿਆ ਸੀ ਪਰ ਨਕਸਲਬਾੜੀ ਲਹਿਰ ਦਾ ਹਮਾਇਤੀ ਹੋਣ ਕਰਕੇ ਨਹੀਂ ਸਗੋਂ ਪਹੁੰਚ ਵਾਲੇ ਕਾਂਗਰਸੀ ਪਰਿਵਾਰ ਨਾਲ ਨਿਜੀ ਮਤਭੇਦਾਂ ਕਾਰਨ।

ਜਰਮਨੀ ਵਿਚ ਉਸ ਨੂੰ ਵਾਇਸ ਆਫ਼ ਜਰਮਨੀ ਰੇਡੀਓ ਦੇ ਬੰਗਲਾ ਭਾਸ਼ਾ ਵਿਭਾਗ ਵਿਚ ਬਰਾਡਕਾਸਟਰ ਦੀ ਨੌਕਰੀ ਮਿਲ ਗਈ ਜਿਥੇ ਉਹ 1979 ਤਕ ਕੰਮ ਕਰਦਾ ਰਿਹਾ। ਫਿਰ ਉਹ ਅਮਰੀਕਾ ਪਹੁੰਚ ਗਿਆ ਅਤੇ ਵਾਇਸ ਆਫ਼ ਅਮੈਰਿਕਾ ਦੇ ਬੰਗਲਾ ਭਾਸ਼ਾ ਵਿਭਾਗ ਵਿਚ ਰੇਡੀਓ ਬਰਾਡਕਾਸਟਰ ਲੱਗ ਗਿਆ, ਤੇ 1986 ਤਕ ਇਥੇ ਨੌਕਰੀ ਕਰਦਾ ਰਿਹਾ। ਉਸ ਤੋਂ ਬਾਅਦ ਉਹ ਨਿਕਾਰਾਗੂਆ ਪਹੁੰਚ ਗਿਆ ਜਿਥੇ ਦੇ ਸੈਂਡੀਨਿਸਟਾ ਇਨਕਲਾਬ ਦੌਰਾਨ ਪੱਤਰਕਾਰੀ ਕਰਦਾ ਰਿਹਾ। ਉਥੇ ਦੇ ਆਪਣੇ ਤਜਰਬਿਆਂ ਦੇ ਆਧਾਰ 'ਤੇ ਉਸ ਨੇ ਬੰਗਾਲੀ ਭਾਸ਼ਾ ਵਿਚ 'ਮੁਕਤੋ ਨਿਕਾਰਾਗੂਆ' (ਨਿਕਾਰਾਗੂਆ ਦੀ ਆਜ਼ਾਦੀ) ਕਿਤਾਬ ਵੀ ਲਿਖੀ।

1990 ਵਿਚ ਉਹ ਵਾਪਸ ਭਾਰਤ ਪਰਤ ਆਇਆ ਅਤੇ ਪੂਰੀ ਤਰ੍ਹਾਂ ਗੀਤ-ਸੰਗੀਤ ਨੂੰ ਸਮਰਪਿਤ ਹੋ ਗਿਆ। ਹੁਣ ਤਕ ਉਸ ਦੀਆਂ 20 ਤੋਂ ਵਧੇਰੇ ਐਲਬਮਾਂ ਆ ਚੁੱਕੀਆਂ ਹਨ। ਬੰਗਾਲ ਵਿਚ ਉਸ ਨੇ ਨਵੀਂ ਲੀਹ ਦੇ ਗੀਤ-ਸੰਗੀਤ ਦੀ ਰੀਤ ਸ਼ੁਰੂ ਕੀਤੀ। ਬੰਗਾਲੀ ਵਿਚ ਇਸ ਨੂੰ 'ਜੀਬਨ ਮੁਖੀ ਗਾਨ' ਕਿਹਾ ਜਾਂਦਾ ਹੈ ਕਿਉਂਕਿ ਉਸ ਨੇ ਆਪਣੇ ਗੀਤ-ਸੰਗੀਤ ਰਾਹੀਂ ਦਬੇ-ਕੁਚਲੇ ਲੋਕਾਂ ਦੀ ਗੱਲ ਕੀਤੀ। ਉਸ ਨੇ ਸਿਰਫ਼ ਲੋਕਾਂ ਦੇ ਦੁੱਖਾਂ ਦੇ ਗੀਤ ਹੀ ਨਹੀਂ ਗਾਏ, ਉਹ ਉਨ੍ਹਾਂ ਦੇ ਦੁੱਖਾਂ ਵਿਚ ਸ਼ਰੀਕ ਵੀ ਹੋਇਆ। ਉਹ ਲਾਲਗੜ੍ਹ ਦੇ ਲੋਕਾਂ ਵਿਚ ਵਿਚਰਿਆ, ਉਨ੍ਹਾਂ ਦੇ ਜੀਵਨ ਨੂੰ ਆਪਣੇ ਗੀਤਾਂ ਦਾ ਹਿੱਸਾ ਬਣਾਇਆ। ਇਸੇ ਸਮੇਂ ਦੌਰਾਨ ਆਈ ਉਸ ਦੀ ਐਲਬਮ 'ਛਤਰਧਾਰ ਗਾਨ' ਬੰਗਾਲ ਦੇ ਜੰਗਲੀ ਤੇ ਕਬਾਇਲੀ ਲੋਕਾਂ ਦੇ ਜੀਵਨ ਦਾ ਹਿੱਸਾ ਬਣ ਗਈ। ਇਸ ਐਲਬਮ ਵਿਚ ਕਬੀਰ ਨੇ ਲਾਲਗੜ੍ਹ ਵਿਚ ਪੁਲਿਸ ਜ਼ੁਲਮਾਂ ਖ਼ਿਲਾਫ਼ ਬਣੀ ਲੋਕ ਕਮੇਟੀ (ਪੀ.ਸੀ.ਪੀ.ਏ.) ਦੇ ਕਨਵੀਨਰ ਛਤਰਧਾਰ ਮਹਾਤੋ ਦੇ ਕੰਮਾਂ ਅਤੇ ਬਹਾਦਰੀ ਦਾ ਗੁਣ-ਗਾਇਨ ਕੀਤਾ ਹੈ ਜੋ ਅੱਜ ਕੱਲ੍ਹ ਕਈ ਕੇਸਾਂ ਵਿਚ ਜੇਲ੍ਹ ਵਿਚ ਬੰਦ ਹੈ। ਇਸ ਐਲਬਮ ਦੇ ਗੀਤਾਂ ਰਾਹੀਂ ਕਬੀਰ ਬੜਾ ਸਾਧਾਰਨ ਜਿਹਾ ਸਵਾਲ ਪੁੱਛਦਾ ਕਿ ਕੀ ਇਹ ਜਲ, ਜੰਗਲ ਅਤੇ ਖਾਣ-ਪਦਾਰਥ ਸਰਕਾਰ ਦੀ ਮਲਕੀਅਤ ਹਨ ਜਾਂ ਕੰਪਨੀਆਂ ਦੀ ਜਾਂ ਭ੍ਰਿਸ਼ਟ ਅਫ਼ਸਰਸ਼ਾਹੀ ਅਤੇ ਪੁਲਿਸ ਦੀ ਜਾਇਦਾਦ ਹਨ ਜਾਂ ਇਨਕਲਾਬੀ ਲੋਕਾਂ ਦੀ ਮਲਕੀਅਤ ਹਨ।



ਕਬੀਰ ਸੁਮਨ

ਅੱਜ ਕੱਲ੍ਹ ਉਹ ਭਾਰਤੀ ਪਾਰਲੀਮੈਂਟ ਦਾ ਲੋਕਾਂ ਵੱਲੋਂ ਚੁਣਿਆ ਹੋਇਆ ਮੈਂਬਰ ਹੈ। ਪਾਰਲੀਮਾਨੀ ਸਿਆਸਤ ਵਿਚ ਉਸ ਦੇ ਆਉਣ ਦਾ ਸਬੱਬ ਇਸ ਤਰ੍ਹਾਂ ਬਣਿਆ ਕਿ ਨੰਦੀਗ੍ਰਾਮ ਤੇ ਸਿੰਗੂਰ ਦੇ ਕਿਸਾਨ ਅੰਦੋਲਨਾਂ ਵਿਚ ਮਾਓਵਾਦੀ ਮਮਤਾ ਬੈਨਰਜੀ ਦੀ ਡਟ ਕੇ ਮਦਦ ਕਰ ਰਹੇ ਸਨ। ਕਬੀਰ ਦੀ ਮਾਓਵਾਦੀਆਂ ਨਾਲ ਹਮਦਰਦੀ ਹੋਣ ਕਰਕੇ ਉਹ ਵੀ ਆਪਣੇ ਗੀਤਾਂ ਰਾਹੀਂ ਇਸ ਸੰਘਰਸ਼ ਦੀ ਹਮਾਇਤ 'ਤੇ ਆ ਗਿਆ। ਇਸੇ ਦੌਰਾਨ ਉਸ ਦੀਆਂ ਦੋ ਐਲਬਮਾਂ 'ਨੰਦੀਗ੍ਰਾਮ' ਤੇ 'ਪ੍ਰਤੀਰੋਧ' ਕਿਸਾਨਾਂ ਅਤੇ ਸੰਘਰਸ਼ ਕਰ ਰਹੇ ਹੋਰ ਲੋਕਾਂ ਵਿਚ ਬੜੀਆਂ ਹਰਮਨ ਪਿਆਰੀਆਂ ਹੋਈਆਂ ਤੇ ਕਬੀਰ ਇਕ ਤਰ੍ਹਾਂ ਨਾਲ ਲੋਕ ਗਾਇਕ ਦੇ ਤੌਰ 'ਤੇ ਹੀ ਜਾਣਿਆ ਜਾਣ ਲੱਗਾ। ਉਸ ਤੋਂ ਬਾਅਦ ਜਦੋਂ ਪਾਰਲੀਮੈਂਟ ਦੀਆਂ ਚੋਣਾਂ ਆਈਆਂ ਤਾਂ ਮਮਤਾ ਬੈਨਰਜੀ ਨੇ ਕਬੀਰ ਦੀ ਲੋਕਪ੍ਰਿਯਤਾ ਦਾ ਲਾਹਾ ਲੈਣ ਲਈ ਉਸ ਨੂੰ ਜਾਦਵਪੁਰ ਤੋਂ ਟਿਕਟ ਦੇ ਦਿੱਤੀ ਅਤੇ ਕਬੀਰ ਸੁਮਨ ਸੀ.ਪੀ.ਐਮ. ਦੇ ਵਿਰੋਧੀ ਉਮੀਦਵਾਰ ਨੂੰ 54,000 ਵੋਟਾਂ ਦੇ ਫ਼ਰਕ ਨਾਲ ਹਰਾ ਕੇ ਕਾਮਯਾਬ ਹੋਇਆ ਪਰ ਪਾਰਲੀਮੈਂਟ ਮੈਂਬਰ ਬਣਨ ਤੋਂ ਕੁਝ ਮਹੀਨੇ ਬਾਅਦ ਹੀ ਉਸ ਦਾ ਮਮਤਾ ਬੈਨਰਜੀ ਅਤੇ ਉਸ ਦੀ ਪਾਰਟੀ ਤੋਂ ਮੋਹ ਭੰਗ ਹੋ ਗਿਆ। ਉਹ ਸ਼ਿਕਾਇਤ ਕਰਨ ਲੱਗਾ ਕਿ ਨਾ ਹੀ ਪਾਰਟੀ ਕਾਰਕੁਨ ਉਸ ਨੂੰ ਲੋਕਲ ਪੱਧਰ 'ਤੇ ਆਜ਼ਾਦੀ ਨਾਲ ਕੰਮ ਕਰਨ ਦਿੰਦੇ ਹਨ ਅਤੇ ਨਾ ਹੀ ਵੱਡੇ ਲੀਡਰ ਉਸ ਨੂੰ ਪਾਰਲੀਮੈਂਟ ਵਿਚ ਮਨ ਦੀ ਗੱਲ ਕਹਿਣ ਦਿੰਦੇ ਹਨ। ਉਦਾਹਰਣ ਵਜੋਂ ਉਹ ਪਾਰਲੀਮੈਂਟ ਵਿਚ ਅਪਰੇਸ਼ਨ ਗਰੀਨ ਹੰਟ ਦੇ ਖ਼ਿਲਾਫ਼ ਬੋਲਣਾ ਚਾਹੁੰਦਾ ਸੀ ਪਰ ਮਮਤਾ ਬੈਨਰਜੀ ਨੇ ਵਰਜ ਦਿੱਤਾ। ਉਸ ਨੂੰ ਮਾਓਵਾਦੀਆਂ ਦੀ ਖੁੱਲ੍ਹੀ ਹਮਾਇਤ ਕਰਨ ਤੋਂ ਵੀ ਡੱਕਿਆ ਗਿਆ। ਉਸ ਦੀ ਐਲਬਮ 'ਛਤਰਧਾਰ ਗਾਨ' ਨੂੰ ਵੀ ਪਾਰਟੀ ਲਈ ਨੁਕਸਾਨਦੇਹ ਸਮਝਿਆ ਗਿਆ। ਉਸ ਨੂੰ ਲੱਗਾ ਕਿ ਪਾਰਟੀ ਉਸ ਦੀ ਪਛਾਣ ਖੋਹ ਰਹੀ ਹੈ। ਨਤੀਜਾ ਇਹ ਹੋਇਆ ਕਿ ਉਸ ਨੇ ਮਾਰਚ 2010 ਵਿਚ ਤ੍ਰਿਣਮੂਲ ਕਾਂਗਰਸ (ਟੀ.ਐਮ.ਸੀ.) ਤੋਂ ਅਸਤੀਫ਼ਾ ਦੇ ਦਿੱਤਾ ਅਤੇ ਜਲਦੀ ਹੀ ਪਾਰਲੀਮੈਂਟ ਤੋਂ ਵੀ ਅਸਤੀਫ਼ਾ ਦੇਣ ਦਾ ਐਲਾਨ ਕਰ ਦਿੱਤਾ ਜਿਸ ਨੂੰ ਮਹਾਂਸ਼ਵੇਤਾ ਦੇਵੀ ਦੇ ਕਹਿਣ 'ਤੇ ਉਸ ਨੇ ਰੋਕ ਲਿਆ। ਟੀ.ਐਮ.ਸੀ. ਨੇ ਵੀ ਪਾਰਟੀ ਛੱਡ ਦੇਣ 'ਤੇ ਉਸ ਦੇ ਪਾਰਲੀਮੈਂਟ ਮੈਂਬਰ ਬਣੇ ਰਹਿਣ ਤੋਂ ਕੋਈ ਇਤਰਾਜ਼ ਨਹੀਂ ਕੀਤਾ।

ਇਸ ਸਾਰੇ ਘਟਨਾਕ੍ਰਮ ਦਾ ਕਬੀਰ ਸੁਮਨ ਨੇ ਇੰਕਸ਼ਾਫ਼ ਇਸ ਤਰ੍ਹਾਂ ਕੀਤਾ ਹੈ ਕਿ ਉਹ ਮੈਂਬਰ ਪਾਰਲੀਮੈਂਟ ਇਸ ਲਈ ਬਣਿਆ ਸੀ ਕਿ ਉਹ ਭਾਰਤ ਸਰਕਾਰ ਵਿਚ ਆਪਣੇ ਲੋਕਾਂ ਦੀ ਆਵਾਜ਼ ਬਣ ਕੇ ਗੂੰਜੇਗਾ ਪਰ ਮਮਤਾ ਦੀ ਟੀ.ਐਮ.ਸੀ. ਵਿਚ ਆਪਸੀ ਖਿੱਚੋਤਾਣ, ਭ੍ਰਿਸ਼ਟਾਚਾਰ ਤੇ ਲੁੱਕ-ਲਪੇਟ ਇੰਨੀ ਜ਼ਿਆਦਾ ਹੈ ਕਿ ਇਸ ਪਾਰਟੀ ਅੰਦਰ ਉਸ ਦਾ ਦਮ ਘੁਟਣ ਲੱਗ ਪਿਆ। ਉਸ ਨੂੰ ਮਮਤਾ ਬੈਨਰਜੀ ਵਿਚ ਬੇਲਾਗ, ਲੋਕ-ਹਿਤੈਸ਼ੀ ਅਤੇ ਲੋਕਤੰਤਰੀ ਲੀਡਰ ਹੋਣ ਦੀ ਉਮੀਦ ਨਜ਼ਰ ਆਈ ਸੀ ਪਰ ਜਦੋਂ ਹੀ ਉਹ ਮੈਂਬਰ ਪਾਰਲੀਮੈਂਟ ਬਣੀ ਅਤੇ ਫਿਰ ਰੇਲਵੇ ਮੰਤਰੀ, ਤਾਂ ਉਹ ਵੀ ਬੰਗਾਲ ਦੀ ਸੀ.ਪੀ.ਐਮ. ਦੇ ਲੀਡਰਾਂ ਵਾਂਗ ਨਿਰਦਈ ਤੇ ਸਵਾਰਥੀ ਸਿੱਧ ਹੋਈ। ਕਬੀਰ ਦਾ ਕਹਿਣਾ ਹੈ ਕਿ ਉਹ ਨਾ ਹੀ ਇਨ੍ਹਾਂ ਪਾਰਲੀਮੈਂਟਰੀ ਲੀਡਰਾਂ ਵਾਂਗ ਜਿਉਂ ਸਕਦਾ ਹੈ ਅਤੇ ਨਾ ਹੀ ਇਨ੍ਹਾਂ ਵਰਗੀ ਬੋਲੀ ਬੋਲ ਸਕਦਾ ਹੈ। ਉਸ ਨੇ ਦੱਸਿਆ ਕਿ ਉਸ ਨੇ ਆਪਣੇ ਪਹਿਲੇ 10 ਮਹੀਨਿਆਂ ਵਿਚ ਆਪਣੇ ਹਲਕੇ ਵਿਚ ਪਾਣੀ ਦੀ ਥੁੜ੍ਹ ਮਾਰੇ ਇਲਾਕਿਆਂ ਵਿਚ 40 ਖੂਹ ਲਗਵਾਏ। ਇਸ ਕੰਮ ਨੂੰ ਸਿਰੇ ਚਾੜ੍ਹਨ ਲਈ ਉਸ ਦੇ ਇਲਾਕੇ ਵਿਚ ਬਣੀਆਂ ਟੀ.ਐਮ.ਸੀ. ਦੀਆਂ ਪੰਚਾਇਤਾਂ ਬਿਲਕੁਲ ਵੀ ਇਤਬਾਰਯੋਗ ਨਹੀਂ ਸਨ। ਮਮਤਾ ਬੈਨਰਜੀ ਚਾਹੁੰਦੀ ਸੀ ਕਿ ਇਹ ਰਾਸ਼ੀ ਇਨ੍ਹਾਂ ਪੰਚਾਇਤਾਂ ਰਾਹੀਂ ਖ਼ਰਚੀ ਜਾਵੇ ਪਰ ਉਸ ਨੇ ਮਮਤਾ ਦੀ ਇਕ ਨਹੀਂ ਸੁਣੀ ਅਤੇ ਸਾਰਾ ਕੰਮ ਨਿਰਸਵਾਰਥ ਸਵੈ-ਸੇਵੀ ਸੰਸਥਾਵਾਂ ਰਾਹੀਂ ਕਰਵਾਇਆ। ਉਸ ਦੀ ਸਮਝ ਹੈ ਕਿ ਇਥੇ ਸਭ ਛੋਟੇ-ਵੱਡੇ ਲੀਡਰ ਆਪਣਾ ਸਵਾਰਥ ਪੂਰਦੇ ਹਨ, ਲੋਕਾਂ ਬਾਰੇ ਕੋਈ ਨਹੀਂ ਸੋਚਦਾ।

ਪਿਛਲੇ ਦਿਨੀਂ ਉਸ ਦੀ ਕਿਤਾਬ ਛਪ ਕੇ ਆਈ ਹੈ ਜਿਹੜੀ ਉਸ ਨੇ ਨੰਦੀਗ੍ਰਾਮ ਤੇ ਸਿੰਗੂਰ ਦੇ ਆਪਣੇ ਤਜਰਬਿਆਂ ਦੇ ਆਧਾਰ 'ਤੇ ਲਿਖੀ ਹੈ। ਇਹ ਕਿਤਾਬ ਉਸ ਨੇ ਮਾਓਵਾਦੀ ਨੇਤਾ ਕਿਸ਼ਨਜੀ ਨੂੰ ਸਮਰਪਿਤ ਕੀਤੀ ਹੈ। ਕਿਤਾਬ ਵਿਚ ਉਸ ਨੇ ਦੱਸਿਆ ਹੈ ਕਿ ਕਿਵੇਂ ਇਹ ਦੋਵੇਂ ਕਿਸਾਨੀ ਘੋਲ ਮਮਤਾ ਬੈਨਰਜੀ ਨੇ ਮਾਓਵਾਦੀਆਂ ਨਾਲ ਇਕਜੁੱਟ ਹੋ ਕੇ ਲੜੇ ਹਨ ਅਤੇ ਇਹ ਇਕਜੁੱਟਤਾ ਅੱਜ ਵੀ ਕਾਇਮ ਹੈ। ਕਬੀਰ ਸੁਮਨ ਦੀ ਇਸ ਕਿਤਾਬ ਨੇ ਵੀ ਮਮਤਾ ਬੈਨਰਜੀ ਲਈ ਮੁਸ਼ਕਲ ਖੜ੍ਹੀ ਕਰ ਦਿੱਤੀ ਹੈ। ਲੰਘੀ 4 ਜਨਵਰੀ ਨੂੰ ਸੀਤਾ ਰਾਮ ਯੈਚੁਰੀ ਖੱਬੇ ਫਰੰਟ ਵਿਚ ਸ਼ਾਮਲ ਪਾਰਟੀਆਂ ਦਾ ਵਫ਼ਦ ਲੈ ਕੇ ਭਾਰਤ ਦੇ ਗ੍ਰਹਿ ਮੰਤਰੀ ਪੀ. ਚਿਦੰਬਰਮ ਨੂੰ ਮਿਲਿਆ ਹੈ ਅਤੇ ਕਿਹਾ ਹੈ ਕਿ ਇਕ ਪਾਸੇ ਤਾਂ ਦੇਸ਼ ਦਾ ਪ੍ਰਧਾਨ ਮੰਤਰੀ ਕਹਿ ਰਿਹਾ ਹੈ ਕਿ ਮਾਓਵਾਦੀ ਦੇਸ਼ ਦੀ ਅੰਦਰੂਨੀ ਸੁਰੱਖਿਆ ਲਈ ਸਭ ਤੋਂ ਵੱਡਾ ਖ਼ਤਰਾ ਹੈ, ਦੂਜੇ ਪਾਸੇ ਤੁਹਾਡੀ ਸਰਕਾਰ ਵਿਚ ਹੀ ਵੱਡੀ ਭਾਈਵਾਲ ਪਾਰਟੀ ਤ੍ਰਿਣਾਮੂਲ ਕਾਂਗਰਸ ਉਨ੍ਹਾਂ ਹੀ ਮਾਓਵਾਦੀਆਂ ਨਾਲ ਘਿਉ-ਖਿਚੜੀ ਹੈ। ਯੈਚੁਰੀ ਨੇ ਅੱਗੇ ਕਿਹਾ ਹੈ ਕਿ ਇਹ ਇਲਜ਼ਾਮ ਵਿਰੋਧੀ ਧਿਰ ਨਹੀਂ ਲਾ ਰਹੀ ਸਗੋਂ ਤੁਹਾਡੀ ਹੀ ਇਸ ਭਾਈਵਾਲ ਪਾਰਟੀ ਦੀ ਸੀਟ ਤੋਂ ਜਿੱਤ ਕੇ ਆਏ ਪਾਰਲੀਮੈਂਟ ਮੈਂਬਰ ਕਬੀਰ ਸੁਮਨ ਦੀ ਲਿਖਤ ਬੋਲ ਰਹੀ ਹੈ। ਗ੍ਰਹਿ ਮੰਤਰੀ ਨੇ ਵਫ਼ਦ ਨੂੰ ਭਰੋਸਾ ਦਿੱਤਾ ਹੈ ਕਿ ਮਾਮਲੇ ਦੀ ਘੋਖ ਕਰ ਕੇ ਕਾਰਵਾਈ ਕੀਤੀ ਜਾਵੇਗੀ। ਦੂਜੇ ਪਾਸੇ, ਕਬੀਰ ਨੇ ਕਿਹਾ ਹੈ ਕਿ "ਮੈਨੂੰ ਸੱਚ ਬੋਲਣ ਤੋਂ ਕੋਈ ਨਹੀਂ ਰੋਕ ਸਕਦਾ। ਪਾਰਲੀਮੈਂਟ ਵਿਚ ਨਾ ਸਹੀ, ਘੱਟੋ-ਘੱਟ ਮੈਂ ਆਪਣੇ ਗੀਤਾਂ ਤੇ ਲਿਖਤਾਂ ਵਿਚ ਤਾਂ ਸੱਚ ਬੋਲ ਹੀ ਸਕਦਾ ਹਾਂ।"



ਕਬੀਰ ਸੁਮਨ ਅਤੇ ਮਮਤਾ ਬੈਨਰਜੀ

## ਰਾਜਨੀਤੀ ਤੇ ਇਨਕਲਾਬ ਬਾਰੇ ਕਬੀਰ ਸੁਮਨ ਦੇ ਵਿਚਾਰ

*ਕੁਝ ਸਮਾਂ ਪਹਿਲਾਂ ਪੱਤਰਕਾਰ ਅਰੂਪ ਚੱਕਰਵਰਤੀ ਨਾਲ ਹੋਈ ਕਬੀਰ ਦੀ ਇਕ ਮੁਲਾਕਾਤ ਦੇ ਕੁਝ ਅੰਸ਼*

**ਅਰੂਪ: ਤੁਹਾਨੂੰ ਪਾਰਟੀ ਕਿਉਂ ਛੱਡਣੀ ਪਈ?**

**ਕਬੀਰ:** ਮੇਰੀ ਜ਼ਬਾਨ ਮੇਰੀ ਹੈ ਅਤੇ ਮੇਰੀ ਆਵਾਜ਼ ਮੇਰੀ ਹੈ। ਮੈਂ ਇਹ ਕਿਸੇ ਨੂੰ ਵੀ ਤੋਹਫ਼ੇ ਦੇ ਤੌਰ 'ਤੇ ਨਹੀਂ ਦਿੱਤੀਆਂ ਹੋਈਆਂ। ਵੇਖੋ...ਮੈਂ ਜਿਹੜਾ ਸੱਚਾਈ ਬੋਲਣ ਦਾ ਆਦੀ ਹਾਂ, ਮੈਂ ਪਾਰਲੀਮੈਂਟ ਵਿਚ ਕੁਝ ਵੀ ਨਹੀਂ ਬੋਲ ਸਕਿਆ। ਹਾਂ, ਯੂ.ਪੀ.ਏ. ਦੇ ਮੈਂਬਰਾਂ ਨਾਲ ਸਰਕਾਰੀ ਸੀਟਾਂ 'ਤੇ ਬੈਠ ਕੇ ਮੈਨੂੰ ਇਹ ਜ਼ਰੂਰ ਪਤਾ ਲੱਗ ਗਿਆ ਹੈ ਕਿ ਇਹ ਸਿਸਟਮ ਚੱਲਦਾ ਕਿਵੇਂ ਹੈ। ਚੋਣਾਂ ਵਿਚ ਜਿੱਤ ਕੇ ਆਏ ਲੋਕਾਂ ਨੂੰ ਸਭ ਕੁਝ ਮਿਲ ਜਾਂਦਾ ਹੈ ਪਰ ਜਿਨ੍ਹਾਂ ਦੀਆਂ ਵੋਟਾਂ ਲੈ ਕੇ ਇਹ ਲੋਕ ਇੰਨਾ ਕੁਝ ਹਾਸਲ ਕਰਦੇ ਹਨ, ਉਹ ਵੋਟਰ ਲੋਕ ਉਵੇਂ ਹੀ ਭੁੱਖੇ ਅਤੇ ਲਾਚਾਰ ਬੈਠੇ ਹਨ। ਸਿਆਸੀ ਨੇਤਾ ਲੋਕਾਂ ਨੂੰ ਝੂਠੇ ਤੇ ਫੋਕੇ ਵਾਅਦਿਆਂ ਬਿਨਾਂ ਕੁਝ ਵੀ ਨਹੀਂ ਦਿੰਦੇ। ਮੇਰੀ ਜ਼ਮੀਰ ਮੈਨੂੰ ਲਾਲਗੜ੍ਹ ਛੱਡਣ ਦੀ ਇਜਾਜ਼ਤ ਨਹੀਂ ਦਿੰਦੀ।

**ਅਰੂਪ: ਤੁਸੀਂ ਪਾਰਟੀ ਛੱਡਣ ਦਾ ਫ਼ੈਸਲਾ ਤਾਂ ਨਵੰਬਰ 2009 ਵਿਚ ਹੀ ਕਰ ਲਿਆ ਸੀ ਪਰ ਇਹ ਚਾਰ-ਪੰਜ ਮਹੀਨੇ ਦੇਰ ਕਿਉਂ ਕਰ ਦਿੱਤੀ?**

**ਕਬੀਰ:** ਮੈਂ ਆਖ਼ਰੀ ਕੋਸ਼ਿਸ਼ ਕਰ ਕੇ ਵੇਖਣਾ ਚਾਹੁੰਦਾ ਸੀ।

**ਅਰੂਪ: ਤੁਸੀਂ ਕਿਹਾ ਹੈ ਕਿ ਟੀ.ਐਮ.ਸੀ. ਵਿਚ ਕਮੀਨੇ ਤੇ ਭ੍ਰਿਸ਼ਟ ਨੇਤਾਵਾਂ ਦੀ ਭਰਮਾਰ ਹੈ। ਕੀ ਤੁਸੀਂ ਅੱਜ ਵੀ ਆਪਣੇ ਇਸ ਬਿਆਨ 'ਤੇ ਕਾਇਮ ਹੋ?**

**ਕਬੀਰ:**ਅਸਲ ਵਿਚ ਮੈਂ ਅਜੇ ਇਸ ਬਿਆਨ ਬਾਰੇ ਕੋਈ ਗੱਲ ਨਹੀਂ ਕਰਨਾ ਚਾਹੁੰਦਾ ਅਤੇ ਨਾ ਹੀ ਉਨ੍ਹਾਂ ਨੇਤਾਵਾਂ ਬਾਰੇ।

**ਅਰੂਪ: ਕੀ ਪਾਰਟੀ ਵਿਚ ਕਿਸੇ ਪੱਧਰ 'ਤੇ ਤੁਹਾਡੇ ਸ਼ੰਕੇ ਤੇ ਤਕਲੀਫ਼ਾਂ ਨੂੰ ਨਿਵਾਰਨ ਦੀ ਕੋਸ਼ਿਸ਼ ਕੀਤੀ ਗਈ?**

**ਕਬੀਰ:** ਮੈਨੂੰ ਇਸ ਦੀ ਰਤਾ ਵੀ ਪ੍ਰਵਾਹ ਨਹੀਂ ਹੈ।

**ਅਰੂਪ: ਤੁਹਾਡੀ ਪਾਰਟੀ ਪ੍ਰਧਾਨ ਮਮਤਾ ਬੈਨਰਜੀ ਪਾਰਟੀ ਵਿਚ ਭ੍ਰਿਸ਼ਟਾਚਾਰ ਬਾਰੇ ਤੁਹਾਡੇ ਉਠਾਏ ਸਵਾਲਾਂ ਬਾਰੇ ਕੀ ਕਹਿੰਦੀ ਹੈ?**

**ਕਬੀਰ:** ਉਸ ਨੇ ਮੇਰੇ ਇਸ ਸਵਾਲ ਦਾ ਕੋਈ ਜਵਾਬ ਨਹੀਂ ਦਿੱਤਾ। ਉਹ ਕਹਿੰਦੀ ਹੈ ਕਿ ਮੈਨੂੰ ਸਿਰਫ਼ ਗਾਉਣਾ ਚਾਹੀਦਾ ਹੈ। ਪਾਰਟੀ ਅੰਦਰਲੀਆਂ ਬੁਰਾਈਆਂ ਬਾਰੇ ਸੋਚਣਾ ਮੇਰਾ ਕੰਮ ਨਹੀਂ ਹੈ।

**ਅਰੂਪ: ਪਤਾ ਲੱਗਾ ਹੈ ਕਿ ਮਮਤਾ ਨੇ ਉੱਘੀ ਸਮਾਜ ਸੇਵਕ ਮਹਾਸ਼ਵੇਤਾ ਦੇਵੀ ਦੀ ਡਿਊਟੀ, ਤੁਹਾਨੂੰ ਪਾਰਟੀ ਵਿਚ ਵਾਪਸ ਲਿਆਉਣ ਲਈ ਲਾਈ ਸੀ। ਗੱਲ ਬਣੀ ਕਿ ਨਹੀਂ?**

**ਕਬੀਰ:**ਇਹ ਵੇਖਣਾ ਅਤੇ ਜਾਣਨਾ ਤੁਹਾਡਾ ਪੱਤਰਕਾਰਾਂ ਦਾ ਕੰਮ ਹੈ।

**ਅਰੂਪ: ਇਕ ਵਾਰ ਤੁਸੀਂ ਕਿਹਾ ਸੀ ਕਿ ਤੁਸੀਂ ਇਥੇ ਸਭ ਤੋਂ ਵੱਧ ਮਾਰਕਸਵਾਦੀ ਹੋ ਅਤੇ ਤੁਸੀਂ ਮਮਤਾ ਬੈਨਰਜੀ ਨਾਲ ਰਲ ਕੇ ਚੱਲਣ ਬਾਰੇ ਕਦੇ ਸੋਚਿਆ ਵੀ ਨਹੀਂ ਸੀ। ਕੀ ਕਾਰਨ ਬਣਿਆ ਕਿ ਤੁਸੀਂ ਉਸ ਦੇ ਨਾਲ ਹੋ ਤੁਰੇ?**

**ਕਬੀਰ:** ਅੱਜ ਵੀ ਮੇਰਾ ਮਾਰਕਸਵਾਦ, ਮਾਓਵਾਦ ਅਤੇ ਇਨਲਕਾਬ ਵਿਚ ਪੱਕਾ ਵਿਸ਼ਵਾਸ ਹੈ। ਮੈਂ ਤਬਦੀਲੀ ਚਾਹੁੰਦਾ ਹਾਂ ਅਤੇ ਚਾਹੁੰਦਾ ਹਾਂ ਕਿ ਦੱਬੇ-ਕੁਚਲੇ ਲੋਕ ਇਸ ਤਬਦੀਲੀ ਲਈ ਲੜਨ। ਮੈਂ ਸੋਚਿਆ ਤਾਂ ਇਹ ਸੀ ਕਿ ਸ਼ਾਇਦ ਮਮਤਾ ਬੈਨਰਜੀ ਹੀ ਇਹ ਤਬਦੀਲੀ ਲੈ ਆਵੇ।

**ਅਰੂਪ: ਮਮਤਾ ਨਾਲ ਕੰਮ ਕਰ ਕੇ ਕਿਵੇਂ ਮਹਿਸੂਸ ਹੋਇਆ?**

**ਕਬੀਰ:** ਮੈਂ ਇਸ ਸਵਾਲ ਦਾ ਜਵਾਬ ਨਹੀਂ ਦੇਣਾ ਚਾਹੁੰਦਾ।

**ਅਰੂਪ: ਤੁਸੀਂ ਕਿਧਰੇ ਇਸ ਗੱਲੋਂ ਤਾਂ ਨਹੀਂ ਡਰਦੇ ਕਿ ਤੁਹਾਡੇ ਅਸਤੀਫ਼ੇ ਕਾਰਨ ਖੱਬਿਆਂ ਨੂੰ ਟੀ.ਐਮ.ਸੀ. ਦੀ ਆਲੋਚਨਾ ਕਰਨ ਦਾ ਚੰਗਾ ਮੌਕਾ ਮਿਲ ਜਾਵੇਗਾ।**

**ਕਬੀਰ:**ਮੇਰੀ ਇਸ ਗੱਲ ਵਿਚ ਉੱਕਾ ਹੀ ਕੋਈ ਦਿਲਚਸਪੀ ਨਹੀਂ ਕਿ ਜੇ ਦੋ ਧਿਰਾਂ ਵੱਡੀ ਕੁਰਸੀ ਲਈ ਆਪਸ ਵਿਚ ਖਹਿਬੜਦੀਆਂ ਹਨ ਤਾਂ ਉਹ ਕੀ ਕਹਿੰਦੀਆਂ ਹਨ ਜਾਂ ਕੀ ਕਰਦੀਆਂ ਹਨ।

**ਅਰੂਪ: ਕੀ ਕਬੀਰ ਸੁਮਨ ਦਾ ਕੋਈ ਸਿਆਸੀ ਭਵਿੱਖ ਹੈ?**

**ਕਬੀਰ:** ਸਿਆਸਤ ਮੇਰੇ ਲਈ ਕੌਫ਼ੀ ਦਾ ਕੱਪ ਨਹੀਂ ਹੈ। ਮੈਂ ਲੋਕਾਂ ਵਿਚ ਸਰਗਰਮ ਰਹਿਣ ਵਾਲਾ ਬੰਦਾ ਹਾਂ।

**ਅਰੂਪ: ਆਖ਼ਰੀ ਸਵਾਲ, ਕੀ ਤੁਸੀਂ ਹਥਿਆਰਬੰਦ ਯੁੱਧ ਦੀ ਹਮਾਇਤ ਕਰਦੇ ਹੋ?**

**ਕਬੀਰ:** ਹਥਿਆਰਬੰਦ ਯੁੱਧ, ਭੁੱਖ ਅਤੇ ਲਾਚਾਰੀ ਵਿਚੋਂ ਜਨਮਦਾ ਹੈ। ਸਾਲਾਂ-ਬੱਧੀ ਤੰਗੀਆਂ, ਤੁਰਸ਼ੀਆਂ ਤੇ ਤਕਲੀਫ਼ਾਂ ਬਰਦਾਸ਼ਤ ਕਰਨ ਬਾਅਦ ਹੀ ਅਜਿਹੇ ਹਾਲਾਤ ਬਣਦੇ ਹਨ। ਸਾਡੇ ਆਦਿਵਾਸੀ ਅਤੇ ਜੰਗਲਵਾਸੀ ਲੋਕ 1947 ਤੋਂ ਹੀ ਇਹ ਸਭ ਕੁਝ ਸਹਿ ਰਹੇ ਹਨ। ਜੇ ਉਹ ਹਥਿਆਰ ਨਹੀਂ ਚੁੱਕਣਗੇ ਤਾਂ ਹੋਰ ਕੌਣ ਚੁੱਕੇਗਾ!..

# ਵਿਸ਼ਵ ਸਿੱਖ ਸੰਮੇਲਨ

**ਡਾ. ਗੁਰਨਾਮ ਕੌਰ**



ਡਾ. ਗੁਰਨਾਮ ਕੌਰ

ਪੰਜਾਬ ਦੇ ਸੰਤਾਪ ਦੇ ਦਿਨਾਂ ਤੋਂ ਬਾਅਦ ਵਿਸ਼ਵ ਸਿੱਖ ਸੰਮੇਲਨ ਦਾ ਵਿਚਾਰ ਤਪਸ਼ ਦੇ ਦਿਨਾਂ ਵਿਚ ਠੰਡੀ ਫ਼ੁਆਰ ਦੇ ਨਰਮ ਨਰਮ ਛਿੱਟਿਆਂ ਵਰਗਾ ਸੀ। ਇਹ ਵਲੂੰਧਰੇ ਹਿਰਦਿਆਂ ਵਿਚ ਇਕ ਆਸ ਦੀ ਕਿਰਨ ਜਗਾਉਣ ਵਾਂਗ ਸੀ। ਅਕਾਲੀਆਂ ਨੇ ਕਿਉਂਕਿ ਕੁੱਝ ਜਥੇਬੰਦੀਆਂ ਦੇ ਕਹਿਣ ਉਤੇ ਆਮ ਚੋਣਾਂ ਦਾ ਬਾਈਕਾਟ ਕੀਤਾ ਸੀ ਅਤੇ ਕਾਂਗਰਸ ਪਾਰਟੀ ਨੂੰ ਪੰਜ ਸਾਲ ਵਾਸਤੇ ਪੰਜਾਬ ਦੀ ਹਕੂਮਤ ਥਾਲੀ ਵਿਚ ਪਾ ਕੇ ਦੇ ਦਿੱਤੀ ਸੀ, ਇਸ ਲਈ ਪੰਜਾਬ ਉਤੇ ਬੇਅੰਤ ਸਿੰਘ ਦੀ ਅਗਵਾਈ ਵਿਚ ਕਾਂਗਰਸ ਦਾ ਰਾਜ ਸੀ। ਜੇ ਚੋਣਾਂ ਦਾ ਬਾਈਕਾਟ ਨਾ ਕੀਤਾ ਹੁੰਦਾ ਤਾਂ ਪੰਜਾਬ ਤ੍ਰਾਸਦੀ ਤੋਂ ਬਾਅਦ ਕਾਂਗਰਸ ਦੇ ਹੱਥ ਹਕੂਮਤ ਆਉਣੀ ਸੰਭਵ ਨਹੀਂ ਸੀ। ਸਾਰਾ ਸਿੱਖ ਜਗਤ ਅਲੱਗ ਅਲੱਗ ਧੜਿਆਂ ਵਿਚ ਵੰਡਿਆ ਹੋਇਆ ਬਿਖ਼ਰਿਆ ਫਿਰਦਾ ਸੀ। ਸਿੱਖ ਮਨਾਂ ਵਿਚ ਇਹ ਖਦਸ਼ਾ ਸੀ ਕਿ ਪੰਜਾਬ ਦੀ ਕਾਂਗਰਸ ਸਰਕਾਰ ਵੱਲੋਂ ਵਿਸ਼ਵ ਸਿੱਖ ਸੰਮੇਲਨ ਦੇ ਰਾਹ ਵਿਚ ਰੋੜੇ ਅਟਕਾਏ ਜਾਣਗੇ ਅਤੇ ਹੋ ਸਕਦਾ ਹੈ ਕਿ ਥਾਂ ਥਾਂ ਪੁਲਿਸ ਨਾਕੇ ਲਾ ਕੇ ਵਿਸ਼ਵ ਸਿੱਖ ਸੰਮੇਲਨ ਵਿਚ ਸ਼ਾਮਲ ਹੋਣ ਤੋਂ ਰੋਕਿਆ ਜਾਵੇ। ਇਸ ਪੱਖ ਤੋਂ ਮੈਂ ਸਮਝਦੀ ਹਾਂ ਕਿ ਉਸ ਵੇਲੇ ਦੇ ਮੁੱਖ ਮੰਤਰੀ ਬੇਅੰਤ ਸਿੰਘ ਨੇ ਦੂਰ-ਅੰਦੇਸ਼ੀ ਤੋਂ ਕੰਮ ਲੈਂਦਿਆਂ ਕੋਈ ਅੜਿਕਾ ਖੜ੍ਹਾ ਨਹੀਂ ਕੀਤਾ। ਹੋ ਸਕਦਾ ਹੈ ਸਿੱਖਾਂ ਵਿਚ ਆਮ ਕਰਕੇ ਅਤੇ ਅਕਾਲੀਆਂ ਵਿਚ ਖਾਸ ਕਰਕੇ ਅਨੇਕ ਧੜੇਬੰਦੀਆਂ ਨੂੰ ਦੇਖਦੇ ਹੋਏ ਉਸ ਨੂੰ ਏਡੀ ਵੱਡੀ ਗਿਣਤੀ ਵਿਚ ਇਕੱਠ ਹੋ ਜਾਣ ਦੀ ਆਸ ਵੀ ਨਾ ਹੋਵੇ? ਏਡੀ ਵੱਡੀ ਗਿਣਤੀ ਵਿਚ ਇਕ ਮੰਚ ਤੇ ਦੁਨੀਆਂ ਭਰ ਵਿਚੋਂ ਸਿੱਖਾਂ ਦੀ ਸ਼ਮੂਲੀਅਤ ਦੀ ਆਸ ਸ਼ਾਇਦ ਸੰਮੇਲਨ ਦਾ ਸੁਪਨਾ ਲੈਣ ਵਾਲਿਆਂ ਨੂੰ ਵੀ ਨਾ ਹੋਵੇ। ਵੱਖ ਵੱਖ ਸਿੱਖ ਅਦਾਰਿਆਂ ਨੇ ਦੇਸ਼-ਵਿਦੇਸ਼ ਵਿਚੋਂ ਸੰਮੇਲਨ ਨੂੰ ਕਾਮਯਾਬ ਬਣਾਉਣ ਲਈ ਤਨ, ਮਨ ਅਤੇ ਧਨ ਨਾਲ ਸੇਵਾ ਕੀਤੀ। ਅੰਮ੍ਰਿਤਸਰ ਦੇ ਬਹੁਤ ਸਾਰੇ ਸਿੱਖ ਹੋਟਲ ਮਾਲਕਾਂ ਨੇ ਮਹਿਮਾਨਾਂ ਨੂੰ ਠਹਿਰਾਉਣ ਦੀ ਜ਼ਿੰਮੇਵਾਰੀ ਓਟੀ। ਕਾਲਜਾਂ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਮਹਿਮਾਨ ਘਰ ਵਿਦਵਾਨਾਂ ਲਈ ਰਾਖਵੇਂ ਕਰ ਦਿੱਤੇ ਗਏ। ਪੂਰੇ ਪੰਜ ਦਿਨ ਸਿੱਖ ਕੌਮ ਨੂੰ ਦਰਪੇਸ਼ ਮਸਲਿਆਂ ਦੀ ਨਿਸ਼ਾਨਦੇਹੀ ਕਰਨ ਅਤੇ ਉਨ੍ਹਾਂ ਨੂੰ ਹੱਲ ਕਰਨ ਦੇ ਢੰਗ-ਤਰੀਕਿਆਂ ਲਈ ਸੈਮੀਨਾਰਾਂ ਵਿਚ ਲਿਖਤੀ ਪਰਚਿਆਂ ਅਤੇ ਭਾਸ਼ਣਾਂ ਰਾਹੀਂ ਵਿਚਾਰ-ਚਰਚੇ ਚਲਦੇ ਰਹੇ।

ਦੂਸਰੇ ਪਾਸੇ ਰੱਬੀ ਬਾਣੀ ਦਾ ਕੀਰਤਨ ਪ੍ਰਵਾਹ ਸੰਗਤਾਂ ਨੂੰ ਲਗਾਤਾਰ ਨਿਹਾਲ ਕਰ ਰਿਹਾ ਸੀ। ਗੁਰਬਾਣੀ ਨੂੰ ਗੁਰੂਆਂ ਨੇ ਗੁਰੂ ਦਾ ਦਰਜ਼ਾ ਦਿੱਤਾ ਹੈ, 'ਪਰਚਾ ਸਬਦ ਕਾ' ਰਾਹੀਂ ਔਖੇ ਸਮਿਆਂ ਵਿਚ ਸ਼ਬਦ ਗੁਰੂ ਤੋਂ ਅਗਵਾਈ ਲੈਣ ਦੀ ਪ੍ਰੇਰਨਾ ਕੀਤੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ, ਸ਼ਬਦ ਗੁਰੂ ਦੀ ਸਿੱਖਿਆ ਅਨੁਸਾਰ ਲਏ ਫੈਸਲੇ ਹੀ ਸਮੁੱਚੀ ਕੌਮ ਨੂੰ ਸਹੀ ਸੇਧ ਦੇ ਸਕਦੇ ਹਨ ਅਤੇ ਸੰਕਟ ਵਿਚੋਂ ਕੱਢਣ ਲਈ ਸਹਾਈ ਹੁੰਦੇ ਹਨ। ਸ਼ਬਦ ਗੁਰੂ ਦੀ ਅਗਵਾਈ ਤੋਂ ਬਾਹਰ ਕੀਤੇ ਫੈਸਲੇ ਸਿਰਫ ਤੇ ਸਿਰਫ ਸਿਆਸੀ ਹਿਤਾਂ ਦੀ ਪੂਰਤੀ ਹੀ ਕਰਦੇ ਹਨ, ਉਨ੍ਹਾਂ ਦਾ ਸਮੁੱਚੀ ਕੌਮ ਦੀ ਤਕਦੀਰ ਨਾਲ ਦੂਰ ਦਾ ਵੀ ਵਾਸਤਾ ਨਹੀਂ ਹੁੰਦਾ। ਉਹ ਸਿਰਫ ਸਿਆਸੀ ਰੋਟੀਆਂ ਸੇਕਣ ਦੇ ਹੀ ਕੰਮ ਆਉਂਦੇ ਹਨ। ਇਹ ਸਿਆਸੀ ਹਿੱਤ ਹੀ ਹਨ ਜਿਨ੍ਹਾਂ ਕਾਰਨ ਅੱਜ ਸਿੱਖ ਕੌਮ ਅਨੇਕ ਦਲਾਂ ਵਿਚ ਵੰਡੀ ਹੋਈ ਹੈ। ਹਰ ਧੜਾ ਆਪਣੇ ਆਪ ਨੂੰ ਵੱਧ ਸਿੱਖ ਹਿਤੈਸ਼ੀ ਦੱਸਣ ਦੀ ਕੋਸ਼ਿਸ਼ ਕਰਦਾ ਹੈ ਅਤੇ ਦੂਸਰਿਆਂ ਨੂੰ ਵਿੱਕੇ ਹੋਏ, ਸਰਕਾਰੀ ਅਤੇ ਹੋਰ ਪਤਾ ਨਹੀਂ ਕੀ ਕੀ ਹੋਣ ਦਾ ਫ਼ਤਵਾ ਦਿੰਦਾ ਹੈ। ਵਿਸ਼ਵ ਸਿੱਖ ਸੰਮੇਲਨ ਵਿਚ ਵਿਚਰਦਿਆਂ ਮਹਿਸੂਸ ਹੁੰਦਾ ਸੀ ਕਿ ਹਮੇਸ਼ਾਂ ਦੀ ਤਰ੍ਹਾਂ ਕੌਮ ਆਪਣੇ ਪਿੰਡੇ ਤੇ ਲੱਗੇ ਫੱਟਾਂ ਵਿਚੋਂ ਉਭਰ ਆਈ ਹੈ ਅਤੇ ਆਪਣੇ ਜ਼ਖਮਾਂ ਤੇ ਆਪ ਮਲ੍ਹਮ ਲਾਉਣ ਦੇ ਹਮੇਸ਼ਾ ਦੀ ਤਰ੍ਹਾਂ ਸਮਰੱਥ ਹੈ। ਇਸ ਨੂੰ ਕਿਸੇ ਦੇ ਰਹਿਮੋ-ਕਰਮ ਦੀ ਜ਼ਰੂਰਤ ਨਹੀਂ ਹੈ। ਲੋੜ ਹੈ ਤਾਂ ਬੱਸ ਕਿਸੇ ਸਿਆਣੇ ਆਗੂ ਦੀ ਜੋ ਕੌਮੀ ਜਜ਼ਬਾਤ ਦੀ ਸਹੀ ਤਰਜ਼ਮਾਨੀ ਕਰਦਾ ਹੋਵੇ ਅਤੇ ਕੌਮ ਦੇ ਪੁਨਰ-ਸੁਰਜੀਤੀ ਦੇ ਉਤਸ਼ਾਹ ਨੂੰ ਸੰਭਾਲ ਸਕਦਾ ਹੋਵੇ। ਸੰਸਾਰ ਭਰ ਤੋਂ ਇਕੱਠੇ ਹੋਏ ਸਿੱਖ ਦਾਨਿਸ਼ਮੰਦਾਂ ਨੇ ਕਾਫੀ ਸਾਰੇ ਮਤੇ ਪਾਸ ਕੀਤੇ, ਜਿਨ੍ਹਾਂ ਦੀ ਲਿਸਟ ਤਾਂ ਇਸ ਵੇਲੇ ਮੇਰੇ ਕੋਲ ਨਹੀਂ ਹੈ ਪਰ ਜੋ ਸਾਰ-ਤੱਤ ਵਿਚ ਵਿਚਾਰਾਂ ਸਾਹਮਣੇ ਆਈਆਂ ਉਹ ਇਸ ਪ੍ਰਕਾਰ ਸਨ:

ਵੱਖ ਵੱਖ ਮੁਲਕਾਂ ਵਿਚੋਂ ਕੌਮ ਦੀ ਨੁਮਾਇੰਦਗੀ ਕਰਨ ਵਾਲੇ ਗੁਰੂ ਸੋਚ ਨੂੰ ਅਪਨਾਏ ਦਾਨਿਸ਼ਮੰਦ ਸਿੱਖ ਚੁਣ ਕੇ ਇਕ ਵਰਲਡ ਸਿੱਖ ਕੌਂਸਲ ਬਣਾਈ ਜਾਵੇ ਜੋ ਸਮੇਂ ਸਮੇਂ ਤੇ ਸਿੱਖ ਜਗਤ ਨੂੰ ਪੇਸ਼ ਆਉਣ ਵਾਲੀਆਂ ਸਮੱਸਿਆਵਾਂ ਤੇ ਵਿਚਾਰ ਕਰਕੇ ਉਨ੍ਹਾਂ ਨੂੰ ਸੁਲਝਾਉਣ ਲਈ ਸੁਝਾਅ ਦੇ ਸਕੇ। ਦੂਸਰਾ ਮਹੱਤਵਪੂਰਨ ਵਿਚਾਰ ਸੀ ਕਿ ਇਕ ਵਿਸ਼ਵ ਸਿੱਖ ਯੂਨੀਵਰਸਿਟੀ ਦੀ ਸਥਾਪਨਾ ਕੀਤੀ ਜਾਵੇ ਜਿਥੇ ਆਧੁਨਿਕ ਢੰਗ ਤਰੀਕਿਆਂ ਅਨੁਸਾਰ ਸਿੱਖ ਫ਼ਲਸਫ਼ੇ, ਸਭਿਆਚਾਰ, ਇਤਿਹਾਸ ਆਦਿ ਤੇ ਸਹੀ ਸਿੱਖ ਸੰਦਰਭ ਵਿਚ ਖੋਜ ਕੀਤੀ ਜਾ ਸਕੇ ਅਤੇ ਸਿੱਖਿਆ ਦਿੱਤੀ ਜਾਵੇ। ਇੰਗਲੈਂਡ ਨਿਵਾਸੀ ਜਸਟਿਸ ਮੋਤਾ ਸਿੰਘ ਵਰਗੇ ਸੁਲਝੇ ਹੋਏ ਸਿੱਖ ਵਿਦਵਾਨਾਂ ਦੀ ਰਾਇ ਨਾਲ ਇਹ ਮਤਾ ਵੀ ਪਾਸ ਕੀਤਾ ਗਿਆ ਕਿ



*ਭਾਈ ਮਨਜੀਤ ਸਿੰਘ (ਐਨ ਸੱਜੇ) ਤੇ ਹੋਰ ਸਿੱਖ ਆਗੂ*

ਚੋਣਵੇਂ ਵਿਦਵਾਨਾਂ ਦੀ ਇਕ ਸਲਾਹਕਾਰ ਕਮੇਟੀ ਬਣਾਈ ਜਾਵੇ ਜੋ ਅਕਾਲ ਤਖ਼ਤ ਤੇ ਪੇਸ਼ ਹੋਣ ਵਾਲੇ ਮਸਲਿਆਂ ਤੇ ਚੰਗੀ ਤਰ੍ਹਾਂ ਵਿਚਾਰ ਚਰਚਾ ਕਰਕੇ ਉਨ੍ਹਾਂ ਦਾ ਸਮਾਧਾਨ ਕਰਨ ਹਿਤ ਅਕਾਲ ਤਖ਼ਤ ਦੀ ਸਹਾਇਕ ਹੋਵੇ। ਉਤਸ਼ਾਹ ਇੱਥੋਂ ਤੱਕ ਸੀ ਕਿ ਵਿਸ਼ਵ ਸਿੱਖ ਯੂਨੀਵਰਸਿਟੀ ਦੀ ਸਥਾਪਨਾ ਹਿਤ ਸ੍ਰੀ ਅਨੰਦਪੁਰ ਸਾਹਿਬ ਵਿਖੇ ਬਹੁਤ ਛੇਤੀ ਸੌ ਏਕੜ ਜ਼ਮੀਨ ਵੀ ਦੇਖ ਲਈ ਗਈ ਸੀ। ਇਕ ਮਤਾ ਇਹ ਵੀ ਸੀ ਕਿ ਸਿੱਖਾਂ ਦੀ ਇਕ ਆਪਣੀ ਅਖ਼ਬਾਰ ਚਾਲੂ ਕੀਤੀ ਜਾਵੇ ਜੋ ਸਿੱਖ ਵਿਚਾਰਧਾਰਾ ਨੂੰ ਸਮਰਪਿਤ ਹੋਵੇ ਅਤੇ ਸਿੱਖ ਨਜ਼ਰੀਏ ਦੀ ਸਹੀ ਤਰਜ਼ਮਾਨੀ ਕਰਦੀ ਹੋਵੇ। ਆਮ ਲੋਕਾਂ, ਖਾਸ ਕਰਕੇ ਸਿੱਖ ਭਾਈਚਾਰੇ ਤੋਂ ਬਾਹਰਲੇ ਲੋਕਾਂ ਤੱਕ ਸਿੱਖ ਧਰਮ ਦੀ ਸਹੀ ਤਸਵੀਰ ਪਹੁੰਚਾਉਣ ਲਈ ਸਿੱਖ ਅਖ਼ਬਾਰ ਦਾ ਹੋਣਾ ਬਹੁਤ ਜ਼ਰੂਰੀ ਵੀ ਹੈ ਕਿਉਂਕਿ ਵਿਅਕਤੀਗਤ ਅਖ਼ਬਾਰਾਂ ਆਪਣੇ ਨਿਜੀ ਹਿਤਾਂ ਨਾਲ ਜੁੜੀਆਂ ਹੋਈਆਂ ਹੀ ਨਜ਼ਰ ਆਈਆਂ ਹਨ ਜਿਨ੍ਹਾਂ ਨੇ ਆਪਸ ਵਿਚ ਜੋੜਨ ਦੀ ਥਾਂ ਧੜੇਬੰਦੀ ਮਜ਼ਬੂਤ ਕਰਨ ਵਿਚ ਹੀ ਭੂਮਿਕਾ ਨਿਭਾਈ ਹੈ। ਇਹ ਅਸੀਂ ਸਾਰਿਆਂ ਨੇ ਖ਼ਾਲਸੇ ਦੇ ਤਿੰਨ ਸੌ ਸਾਲਾ ਜਸ਼ਨਾਂ ਵੇਲੇ ਦੇਖਿਆ ਹੀ ਹੈ ਕਿ ਕਿਵੇਂ ਇਕ ਅਖ਼ਬਾਰ ਨੇ ਸਿਰਫ਼ ਇਕ ਅਕਾਲੀ ਧੜੇ, ਬਲਕਿ ਇਕ ਅਕਾਲੀ ਲੀਡਰ ਦੇ ਹਿਤਾਂ ਦੀ ਖ਼ਾਤਰ ਨਾਂਹਵਾਚਕ ਰੋਲ ਨਿਭਾਇਆ, ਜਿਸ ਨੇ ਭਾਈਚਾਰੇ ਨੂੰ ਇਸ ਮਹਾਨ ਇਤਿਹਾਸਕ ਈਵੈਂਟ ਨੂੰ ਮਨਾਉਣ ਲਈ ਇਕੱਠੇ ਕਰਨ ਦੀ ਥਾਂ ਦੁਫਾੜ ਕੀਤਾ ਅਤੇ ਸੰਸਾਰ ਭਰ ਦੇ ਮਜ਼ਾਕ ਦਾ ਹਿੱਸਾ ਬਣਾਇਆ।

ਇਨ੍ਹਾਂ ਸੰਕਟ ਦੀਆਂ ਘੜੀਆਂ ਵਿਚ ਅਕਾਲ ਤਖ਼ਤ ਦੀ ਛੱਤਰ-ਛਾਇਆ ਹੇਠ ਸਿੱਖ ਜਗਤ ਨੂੰ ਇਕੱਠੇ ਕਰਨ ਲਈ ਭਾਈ ਮਨਜੀਤ ਸਿੰਘ ਨੇ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਹੁੰਦਿਆਂ ਪੂਰੀ ਸੁਹਿਰਦਤਾ ਅਤੇ ਇਮਾਨਦਾਰੀ ਨਾਲ ਉਪਰਾਲੇ ਕੀਤੇ ਭਾਵੇਂ ਬਹੁਤਾ ਕੁੱਝ ਪਿੱਛੋਂ ਆ ਕੇ ਅਕਾਲੀ ਲੀਡਰਾਂ ਦੀ ਸੌੜੀ ਸਿਆਸਤ ਦੀ ਭੇਟ ਚੜ੍ਹ ਗਿਆ ਕਿਉਂਕਿ ਸਿਆਸੀ ਲੀਡਰਾਂ ਨੂੰ, ਭਾਵੇਂ ਉਹ ਕਿਸੇ ਵੀ ਪਾਰਟੀ ਦੇ ਹੋਣ ਭਾਈਚਾਰੇ ਜਾਂ ਜਨਤਾ ਦੇ ਹਿਤਾਂ ਨਾਲੋਂ ਆਪਣੇ ਨਿਜੀ ਸਿਆਸੀ ਹਿਤ ਜ਼ਿਆਦਾ ਪਿਆਰੇ ਹੁੰਦੇ ਹਨ। ਇਸ ਦਾ ਅੰਦਾਜ਼ਾ ਲਾਉਣਾ ਕੋਈ ਬਹੁਤਾ ਔਖਾ ਨਹੀਂ ਹੈ।

ਕੌਮ ਨੂੰ ਦੁਖਾਂਤ ਵਿਚੋਂ ਉਭਾਰਨ ਲਈ

## ਰੰਗ-ਬੇਰੰਗ

ਖ਼ਾਲਸਾ ਮਾਰਚ ਦਾ ਆਯੋਜਨ ਕਰਨਾ ਵੀ ਅਕਾਲ ਤਖ਼ਤ ਦਾ ਜਥੇਦਾਰ ਹੁੰਦਿਆਂ ਭਾਈ ਮਨਜੀਤ ਸਿੰਘ ਅਤੇ ਉਨ੍ਹਾਂ ਦੀਆਂ ਕੋਸ਼ਿਸ਼ਾਂ ਸਦਕਾ ਅਕਾਲ ਤਖ਼ਤ ਨਾਲ ਜੁੜੀ ਵਿਦਵਾਨਾਂ ਦੀ ਕਮੇਟੀ ਦਾ ਵਿਚਾਰ ਸੀ। ਖ਼ਾਲਸਾ ਮਾਰਚ ਅੰਮ੍ਰਿਤਸਰ ਤੋਂ ਸ਼ੁਰੂ ਹੋ ਕੇ ਤਖਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਪਹੁੰਚਣਾ ਸੀ। ਮਾਰਚ ਸ਼ੁਰੂ ਕਰਨ ਤੋਂ ਪਹਿਲੀ ਰਾਤ ਭਾਈ ਮਨਜੀਤ ਸਿੰਘ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਵਿਦਵਾਨਾਂ ਨਾਲ ਵਿਚਾਰ-ਚਰਚਾ ਵਿਚ ਰੁੱਝੇ ਹੋਏ ਸਨ ਜਦੋਂ ਸ. ਮਨਜੀਤ ਸਿੰਘ ਕਲਕੱਤਾ ਨੇ ਆ ਕੇ ਦੱਸਿਆ, "ਸਿੰਘ ਸਾਹਿਬ! ਮਾਰਚ ਸ਼ੁਰੂ ਹੋਣ ਵਾਲੀ ਥਾਂ ਤੇ ਹਾਲੇ ਤੱਕ ਕੋਈ ਵੀ ਨਹੀਂ ਪਹੁੰਚਿਆ। ਜਾਪਦਾ ਹੈ ਮਾਰਚ ਬਹੁਤਾ ਸਫ਼ਲ ਨਹੀਂ ਹੋਣਾ।" ਭਾਈ ਮਨਜੀਤ ਸਿੰਘ ਉਦੋਂ ਹੀ ਮੀਟਿੰਗ ਛੱਡ ਕੇ ਉਠ ਖੜ੍ਹੇ ਹੋਏ ਅਤੇ ਆਪਣੇ ਇਕ-ਦੋ ਸਾਥੀਆਂ ਨੂੰ ਨਾਲ ਲੈ ਕੇ ਸ. ਕਲਕੱਤਾ ਨਾਲ ਮਾਰਚ ਸ਼ੁਰੂ ਕਰਨ ਵਾਲੀ ਥਾਂ ਤੇ ਪਹੁੰਚ ਗਏ। ਉਨ੍ਹਾਂ ਨੂੰ ਵੀ ਲੱਗਿਆ ਕਿ ਸ਼ਾਇਦ ਮਾਰਚ ਇਕੱਲਿਆਂ ਹੀ ਚੰਦ ਸਿੰਘਾਂ ਨਾਲ ਰਲ ਕੇ ਕਰਨਾ ਪਵੇ। ਇਸ ਤੋਂ ਪਹਿਲਾਂ ਪੰਜਾਬ ਦੀ ਕਾਂਗਰਸ ਸਰਕਾਰ ਵੱਲੋਂ ਵੀ ਮਾਰਚ ਨਾ ਕਰਨ ਲਈ ਸੁਨੇਹੇ ਪਹੁੰਚਾਏ ਗਏ ਸਨ ਪਰ ਭਾਈ ਮਨਜੀਤ ਸਿੰਘ ਆਪਣੇ ਇਰਾਦੇ ਦੇ ਪੱਕੇ ਸਨ। ਗੁਰੂ ਆਪ ਅੰਗ ਸੰਗ ਸਹਾਈ ਹੋਏ ਅਤੇ ਇਕ ਘੰਟੇ ਦੇ ਵਿਚ ਵਿਚ ਸੰਗਤ ਇਕੱਠੀ ਹੋਣੀ ਸ਼ੁਰੂ ਹੋ ਗਈ। ਦੇਖਦੇ ਦੇਖਦੇ ਸੰਗਤ ਬੱਸਾਂ, ਵੈਨਾਂ, ਕਾਰਾਂ ਅਤੇ ਟਰਾਲੀਆਂ ਵਿਚ ਪਹੁੰਚਣੀ ਸ਼ੁਰੂ ਹੋ ਗਈ। ਦਿੱਲੀ ਤੱਕ ਤੋਂ ਸੰਗਤ ਆਪਣੀਆਂ ਗੱਡੀਆਂ ਲੈ ਕੇ ਪਹੁੰਚ ਗਈ। ਜਿਥੋਂ ਜਿਥੋਂ ਮਾਰਚ ਲੰਘਦਾ ਗਿਆ ਸੰਗਤ ਬੜੇ ਉਤਸ਼ਾਹ ਵਿਚ ਨਾਲ ਰਲਦੀ ਗਈ। ਜਿਹੜੀ ਸੰਗਤ ਨਾਲ ਨਹੀਂ ਵੀ ਤੁਰੀ ਉਸ ਨੇ ਥਾਂ ਥਾਂ ਮਾਰਚ ਦਾ ਸੁਆਗਤ ਕੀਤਾ ਅਤੇ ਲੰਗਰ ਛਕਾਇਆ। ਇਸ ਮਾਰਚ ਨੇ ਸਿੱਖ ਸੰਗਤ ਦੇ ਮਨਾਂ ਵਿਚ ਇਕ ਨਵਾਂ ਉਤਸ਼ਾਹ ਭਰਿਆ। ਇਸ ਤਰ੍ਹਾਂ ਪੂਰੀ ਸਫਲਤਾ ਨਾਲ ਮਾਰਚ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਪਹੁੰਚਿਆ। ਇੱਥੇ ਹੀ ਵੱਖ ਵੱਖ ਅਕਾਲੀ ਦਲਾਂ ਵਿਚ ਵੰਡੇ ਹੋਏ ਲੀਡਰਾਂ ਨੇ ਸ਼ਾਇਦ ਆਪਣੇ ਅਸਤੀਫ਼ੇ ਸੌਂਪ ਦਿੱਤੇ ਤਾਂਕਿ ਸਾਰੇ ਦਲ ਇਕ ਅਕਾਲੀ ਦਲ ਵਿਚ ਇਕੱਠੇ ਹੋ ਸਕਣ (ਸ਼ਾਇਦ ਇਕ ਲੀਡਰ ਨੇ ਅਸਤੀਫ਼ਾ ਨਹੀਂ ਸੀ ਸੌਂਪਿਆ)। ਭਾਈ ਮਨਜੀਤ ਸਿੰਘ ਲਈ ਇਹ ਸਾਰਾ ਕੁੱਝ ਕਰ ਸਕਣਾ ਇਸ ਲਈ ਸੰਭਵ ਹੋ ਸਕਿਆ ਕਿਉਂਕਿ ਉਸ ਵੇਲੇ ਦੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਪ੍ਰਧਾਨ ਦੇ ਤੌਰ ਤੇ ਆਪਣੀ ਇਕ ਸੁਤੰਤਰ ਰਾਇ ਸੀ। ਤਾਕਤ ਖਿਲਰੀ ਹੋਣ ਅਤੇ ਸੱਤਾ ਤੋਂ ਬਾਹਰ ਹੋਣ ਕਰਕੇ ਅਕਾਲੀ ਦਲ ਦੇ ਪ੍ਰਧਾਨ ਦਾ ਸ਼੍ਰੋਮਣੀ ਕਮੇਟੀ ਅਤੇ ਉਸ ਦੇ ਪ੍ਰਧਾਨ ਤੇ ਅੱਜ ਵਾਂਗ ਹੁਕਮ ਨਹੀਂ ਸੀ ਚਲਦਾ ਕਿ ਵੋਟਾਂ ਦੇ ਜੋੜ ਤੋੜ ਨੂੰ ਸਾਹਮਣੇ ਰੱਖ ਕੇ ਅਕਾਲ ਤਖ਼ਤ ਤੋਂ ਹੋਏ ਫ਼ੈਸਲਿਆਂ ਦੀਆਂ ਇਸ ਤਰ੍ਹਾਂ ਧੱਜੀਆਂ ਉਡਾਈਆਂ ਜਾਣ ਜਾਂ ਸਮੁੱਚੀ ਸਿੱਖ ਸੰਗਤ ਦੀਆਂ ਭਾਵਨਾਵਾਂ ਵੱਲੋਂ ਬੇਪਰਵਾਹ ਹੋ ਕੇ ਕੁੱਝ ਡੇਰਿਆਂ ਦੀਆਂ ਵੋਟਾਂ ਖ਼ਾਤਰ ਅਕਾਲ ਤਖ਼ਤ ਤੋਂ ਹੋਏ ਫ਼ੈਸਲੇ ਬਦਲ ਦਿੱਤੇ ਜਾਣ ਜਿਵੇਂ ਨਾਨਕਸ਼ਾਹੀ ਕੈਲੰਡਰ ਦਾ ਬਿਕ੍ਰਮੀਕਰਣ ਕੀਤਾ ਹੈ। ਕੀ ਇਹ ਸੰਭਵ ਹੈ ਕਿ ਕੋਈ ਮਹਾਂਪੁਰਸ਼ ਸਾਲ ਵਿਚ ਦੋ ਵਾਰ ਜਨਮ ਲਵੇ ਜਿਵੇਂ ਪੋਹ ਸੁਦੀ ਸਤਵੀਂ ਦਸਵੇਂ ਪਾਤਿਸ਼ਾਹ ਦੇ ਜਨਮ ਦਿਵਸ ਨਾਲ ਕਰ ਰਹੀ ਹੈ? ਇਹ ਸੋਚਣ ਵਾਲੀ ਗੱਲ ਹੈ। ਸਮਾਂ ਮੰਗ ਕਰਦਾ ਹੈ ਕਿ ਸਿੱਖ ਸੰਗਤਾਂ ਸਿਰ ਜੋੜ ਕੇ ਬੈਠਣ ਅਤੇ ਇਸ ਗੱਲ ਦਾ ਕੋਈ ਨਾ ਕੋਈ ਹੱਲ ਜ਼ਰੂਰ ਲੱਭਿਆ ਜਾਵੇ ਕਿ ਸ਼੍ਰੋਮਣੀ ਕਮੇਟੀ ਦੀ ਆਪਣੀ ਸੁਤੰਤਰ ਹੋਂਦ ਹੋਵੇ ਅਤੇ ਅਕਾਲ ਤਖ਼ਤ ਤੋਂ ਹੋਣ ਵਾਲੇ ਫ਼ੈਸਲੇ ਸਿਆਸੀ ਲੀਡਰਾਂ ਦੀ ਮਰਜ਼ੀ ਮੁਤਾਬਿਕ ਨਾ ਬਦਲੇ ਜਾ ਸਕਣ। ਇਹ ਤਾਂ ਹੀ ਸੰਭਵ ਹੈ ਜੇ ਅਕਾਲ ਤਖ਼ਤ ਦਾ ਜਥੇਦਾਰ ਆਪਣੇ ਅਹੁਦੇ ਉਤੇ ਬਣੇ ਰਹਿਣ ਲਈ ਸੱਤਾਧਾਰੀ ਅਕਾਲੀ ਦਲ ਦਾ ਮੁਥਾਜ ਨਾ ਹੋਵੇ। ਸ਼੍ਰੋਮਣੀ ਕਮੇਟੀ ਲਈ ਚੁਣੇ ਜਾਣ ਵਾਲੇ ਮੈਂਬਰ ਕਿਸੇ ਸਿਆਸੀ ਪਾਰਟੀ ਦੇ ਮੈਂਬਰ ਨਹੀਂ ਹੋਣੇ ਚਾਹੀਦੇ ਕਿਉਂਕਿ ਸਿਆਸੀ ਲੋਕਾਂ ਵੱਲੋਂ ਆਮ ਤੌਰ ਤੇ ਇਸ ਨੂੰ ਅਸੈਂਬਲੀ ਜਾਂ ਪਾਰਲੀਮੈਂਟ ਤੱਕ ਪਹੁੰਚਣ ਲਈ ਪੌੜੀ ਦੇ ਪਹਿਲੇ ਡੰਡੇ ਵੱਜੋਂ ਸਮਝਿਆ ਜਾਂਦਾ ਹੈ।

ਸਿੱਖ ਜਗਤ ਦਾ ਇਹ ਉਤਸ਼ਾਹ ਹੀ ਸੀ ਕਿ ਸੰਤਾਪ ਦੇ ਇਸ ਚੱਕਰ ਤੋਂ ਬਾਅਦ ਜਦੋਂ ਲੋਕ ਸਭਾ ਦੀਆਂ ਚੋਣਾ ਆਈਆਂ ਤਾਂ ਬਹੁਤੇ ਉਮੀਦਵਾਰ ਉਹ ਖੜ੍ਹੇ ਕੀਤੇ ਗਏ ਜਿਹੜੇ ਜੇਲ੍ਹਾਂ ਵਿਚ ਬੰਦ ਸਨ ਅਤੇ ਸਾਰੀਆਂ ਸੀਟਾਂ ਉਤੇ ਇਹ ਉਮੀਦਵਾਰ ਜਿੱਤੇ। ਸੋਚਣ ਵਾਲੀ ਗੱਲ ਇਹ ਹੈ ਕਿ ਕੀ ਇਨ੍ਹਾਂ ਨੇ ਸਿੱਖਾਂ ਦੀਆਂ ਭਾਵਨਾਵਾਂ ਦਾ ਧਿਆਨ ਰੱਖਦੇ ਹੋਏ ਆਪਣੇ ਸੇਵਾ ਕਾਲ ਵਿਚ, ਲੋਕ ਸਭਾ ਦੇ ਮੈਂਬਰ ਹੋਣ ਦੇ ਨਾਤੇ ਆਪਣੀ ਜ਼ਿੰਮੇਵਾਰੀ ਨਿਭਾਈ? ਕਦੇ ਸਿੱਖਾਂ ਜਾਂ ਪੰਜਾਬ ਨਾਲ ਸਬੰਧਿਤ ਮਸਲਿਆਂ ਨੂੰ ਪਾਰਲੀਮੈਂਟ ਦੇ ਸੈਸ਼ਨਾਂ ਦੌਰਾਨ ਉਠਾਉਣ ਦੀ ਕੋਸ਼ਿਸ਼ ਕੀਤੀ? ਨੇਤਾ ਲੋਕ ਕਹਿੰਦੇ ਕੁੱਝ ਹੋਰ ਹਨ ਅਤੇ ਕਮਾਉਂਦੇ ਕੁੱਝ ਹੋਰ ਹਨ। ਉਹ ਆਪਣੇ ਕਾਜ ਪ੍ਰਤੀ ਸੁਹਿਰਦ ਨਹੀਂ ਹਨ, ਸਿਰਫ ਵੋਟਾਂ ਲੈਣ ਲਈ ਉਸ ਨੂੰ ਵਰਤਦੇ ਹਨ। ਅੱਜ ਵਿਸ਼ਵ ਸਿੱਖ ਕੌਂਸਲ ਦਾ ਵਿਚਾਰ ਕਿਧਰੇ ਸੱਤਾ ਤੇ ਕਾਬਜ ਅਕਾਲੀ ਦਲ ਦੇ ਲੀਡਰਾਂ ਦੇ ਪੈਰਾਂ ਦੀ ਧੂੜ ਵਿਚ ਗੁਆਚ ਗਿਆ ਹੈ, ਸਿੱਖ ਯੂਨੀਵਰਸਿਟੀ ਬਾਰੇ ਅਖ਼ਬਾਰਾਂ ਵਿਚ ਪੜ੍ਹਦੇ ਹਾਂ, ਸ਼ਾਇਦ ਇਸ ਦਾ ਵਜ਼ੂਦ ਕਿਤੇ ਫ਼ਤਿਹਗੜ੍ਹ ਸਾਹਿਬ ਦੇ ਆਸ ਪਾਸ ਨਜ਼ਰ ਆ ਜਾਵੇ। ਅਕਾਲ ਤਖ਼ਤ ਦੀ ਸਲਾਹਕਾਰ ਕਮੇਟੀ ਦਾ ਕੀ ਬਣਨਾ ਸੀ ਅਤੇ ਅਕਾਲ ਤਖ਼ਤ ਦੀ ਪਾਵਨਤਾ ਸਿੱਖ ਸੰਗਤਾਂ ਦੇ ਮਨਾਂ ਵਿਚ ਕਿਵੇਂ ਘਰ ਕਰੇਗੀ ਜਦੋਂ ਉਥੋਂ ਹੋਣ ਵਾਲੇ ਫ਼ੈਸਲਿਆਂ ਨੂੰ ਹੀ ਸੱਤਾ ਦੇ ਭੁੱਖੇ ਲੀਡਰਾਂ ਦੀ ਮਰਜ਼ੀ ਮੁਤਾਬਕ ਬਦਲ ਦਿੱਤਾ ਜਾਂਦਾ ਹੈ। ਇਸ ਦਾ ਇਕ ਕਾਰਨ ਸਿੱਖ ਜਗਤ ਦਾ ਵੰਡਿਆ ਹੋਣਾ ਵੀ ਹੈ ਅਤੇ ਚੇਤੰਨਤਾ ਦੀ ਘਾਟ ਵੀ। ਇਹ ਸਾਰੀਆਂ ਗੱਲਾਂ ਕਿਸੇ ਹੋਰ ਸਮੇਂ ਵਿਚਾਰਾਂਗੇ।

ਭਾਈ ਮਨਜੀਤ ਸਿੰਘ ਨੇ ਪੁਰਾਣੇ ਸਿੰਘ ਸਭਾ ਦੇ ਕਰਤਿਆਂ ਧਰਤਿਆਂ ਦੀ ਤਰ੍ਹਾਂ ਸਿੱਖ ਸਿਧਾਂਤਾਂ ਦੇ ਉਲਟ ਪ੍ਰਚੱਲਤ ਹੋ ਚੁੱਕੀਆਂ ਰਸਮਾਂ ਦੀ ਵਿਰੋਧਤਾ ਵੀ ਕੀਤੀ ਅਤੇ ਉਨ੍ਹਾਂ ਨੂੰ ਦੂਰ ਕਰਨ ਦੀ ਕੋਸ਼ਿਸ਼ ਵੀ। ਇਹ ਵੱਖਰੀ ਗੱਲ ਹੈ ਕਿ ਜਿਵੇਂ ਜਥੇਦਾਰ ਵੇਦਾਂਤੀ ਤੋਂ ਬਾਅਦ ਨਾਨਕਸ਼ਾਹੀ ਕੈਲੰਡਰ ਦਾ ਭੋਗ ਪਾ ਦਿੱਤਾ ਗਿਆ, ਇਸੇ ਤਰ੍ਹਾਂ ਭਾਈ ਮਨਜੀਤ ਸਿੰਘ ਰਾਹੀਂ ਲਾਗੂ ਕੀਤੇ ਪ੍ਰਬੰਧਾਂ ਨੂੰ ਹਟਾ ਦਿੱਤਾ ਗਿਆ ਜਾਂ ਇਉਂ ਕਹਿਣਾ ਚਾਹੀਦਾ ਹੈ ਕਿ ਜਥੇਦਾਰ ਸਾਹਿਬਾਨ ਨੂੰ ਬਦਲਿਆ ਹੀ ਉਦੋਂ ਜਾਂਦਾ ਹੈ ਜਦੋਂ ਉਨ੍ਹਾਂ ਦੇ ਕੀਤੇ ਫੈਸਲੇ ਬਦਲਨੇ ਹੁੰਦੇ ਹਨ।

(ਚਲਦਾ...)

## ਸੋਚ ਗੁਰੂ ਗੋਬਿੰਦ ਸਿੰਘ ਦੀ

*-ਦੀਪ ਮੰਗਲੀ ਨਿਊ ਯਾਰਕ, ਫੋਨ:917-254-6768*

ਸੋਚ ਜੇ ਗੁਰੂ ਗੋਬਿੰਦ ਸਿੰਘ ਦੀ ਹਰ ਸਿੱਖ ਅਪਨਾ ਲੈਂਦਾ,
ਜਾਤ-ਪਾਤ ਦੇ ਭਰਮ-ਭੁਲੇਖੇ ਦਿਲੋਂ ਮਿਟਾ ਲੈਂਦਾ।
ਭੁੱਲ ਜਾਂਦਾ ਉਹ ਜੱਟ ਜਾਂ ਮਜ਼੍ਹਬੀ ਕੀ ਰਵਿਦਾਸੀ ਨੇ,
ਬਸ ਇਕ ਬਾਜ਼ਾਂ ਵਾਲੇ ਦਾ ਉਹ ਇਹ ਸਿੱਖ ਅਖਵਾ ਲੈਂਦਾ।
ਏਕਤਾ ਦੀ ਫਿਰ ਸਾਡੇ ਵਿਚ ਤਾਸੀਰ ਕੀ ਹੋਣੀ ਸੀ,
ਜ਼ਰਾ ਸੋਚੋ ਫਿਰ ਅੱਜ ਖ਼ਾਲਸੇ ਦੀ ਤਸਵੀਰ ਕੀ ਹੋਣੀ ਸੀ।

ਸੋਚ ਉਨ੍ਹਾਂ ਦੀ ਤੋਂ ਜੇਕਰ ਰੱਤੀ ਭਰ ਅਸੀਂ ਸਿਖਦੇ,
ਸਿੰਘ ਛੱਡ ਕੇ ਅਸੀਂ ਨਾਮ ਪਿੱਛੇ ਕਦੇ ਗੋਤ ਨਾ ਫਿਰ ਲਿਖਦੇ।
ਤਾਂ ਹੀ ਤਾਂ ਅੱਜ ਬਿਖਰੇ ਹਾਂ ਅਸੀਂ ਮਣਕਿਆਂ ਦੇ ਵਾਂਗ,
ਸੋਚ ਉਨ੍ਹਾਂ ਦੀ ਸੀ ਸਾਂਝਾ ਪਰਿਵਾਰ ਅਸੀਂ ਦਿਖਦੇ।
ਸਮਝ ਲੈਂਦੇ ਤਾਂ ਫਿਰ ਸਾਡੀ ਲਿਆਕਤ ਕੀ ਹੋਣੀ ਸੀ,
ਜ਼ਰਾ ਸੋਚੋ ਪੰਥ ਦੀ ਦੁਨੀਆਂ 'ਤੇ ਤਾਕਤ ਕੀ ਹੋਣੀ ਸੀ।

ਕਹਿਣ ਨੂੰ ਬੇਸ਼ੱਕ ਉਨ੍ਹਾਂ ਦੇ ਅਸੀਂ ਸਿੱਖ ਕਹਾਉਂਦੇ ਆਂ,
ਪਰ ਸੋਚ ਉਨ੍ਹਾਂ ਦੀ ਨਾਲ ਕਿਤੇ ਵੀ ਨਜ਼ਰ ਨਾ ਆਉਂਦੇ ਆਂ।
ਵੱਖਰਾ ਇਕ ਸਰੂਪ ਤਾਂ ਸਾਨੂੰ ਦਿੱਤਾ ਗੁਰੂਆਂ ਨੇ,
ਪਰ ਮਨ ਅੰਦਰ ਦੇ ਸਿੱਖ ਨੂੰ ਦੇਖੋ ਕਦ ਸਮਝਾਉਂਦੇ ਆਂ।
ਜੇ ਸਮਝ ਲਈਏ ਕੋਈ ਐਡੀ ਕੌਮ ਮਹਾਨ ਕੀ ਹੋਵੇਗੀ,
ਜ਼ਰਾ ਸੋਚੋ ਫਿਰ ਸਿੱਖ ਧਰਮ ਦੀ ਜੱਗ 'ਤੇ ਸ਼ਾਨ ਕੀ ਹੋਵੇਗੀ!

## ਸਿਆਣਿਆਂ ਦਾ ਕਿਹਾ

(1) ਪੁਰਾਣੇ ਸੰਤ ਮਹਾਤਮਾ ਦੀ ਝੁੱਗੀ ਝੌਂਪੜੀ ਕੋਲ ਸਿਆਸੀ ਲੀਡਰ ਆਪ ਚਲ ਕੇ ਜਾ ਕੇ ਅਸ਼ੀਰਵਾਦ ਪ੍ਰਾਪਤ ਕਰਦੇ ਸਨ ਪਰ ਅੱਜ ਦੇ ਸਿੱਖ ਸੰਤ ਵਿਦੇਸ਼ਾਂ ਦਾ ਵੀਜ਼ਾ ਲਵਾਉਣ ਲਈ ਟੁੱਚੇ ਜਿਹੇ ਮੰਤਰੀਆਂ ਤੇ ਅਫਸਰਾਂ ਦੀ ਜੁੱਤੀ ਦੇ ਤਲਵੇ ਚੱਟਣ ਤਾਈਂ ਜਾਂਦੇ ਹਨ?

(2) ਹੁਣ ਸਿੱਖਾਂ ਦੇ ਸਿਰ 'ਤੇ ਹੌਕਿਆਂ ਦੀ ਪੰਡ, ਬੁੱਲਾਂ 'ਤੇ ਸਿਕਰੀ ਅਤੇ ਹੱਥਾਂ ਦੀਆਂ ਤਲੀਆਂ 'ਤੇ ਹੰਝੂਆਂ ਦੀ ਲੱਪ ਹੈ। ਪੱਲੇ ਲਾਸ਼ਾਂ ਨੇ ਭਰਾਵਾਂ, ਪੁੱਤਾਂ, ਮਿੱਤਰਾਂ ਤੇ ਮਾਪਿਆਂ ਦੀਆਂ।

(3) ਪੰਜਾਬ ਵਿਚ ਜੇ ਗੱਲ ਪੰਜਾਬੀ ਭਾਸ਼ਾ ਦੀ ਚੱਲੀ ਤਾਂ ਹਿੰਦੂਆਂ ਨੇ ਆਪਣੀ ਬੋਲੀ ਹਿੰਦੀ ਲਿਖਵਾ ਦਿੱਤੀ। ਜੇ ਗੱਲ ਪਾਣੀਆਂ ਦੀ ਚੱਲੀ ਤਾਂ ਇਨ੍ਹਾਂ ਨੇ ਕਿਹਾ ਪਾਣੀ ਕਿਤੇ ਬਾਹਰ ਥੋੜ੍ਹੀ ਜਾਣਾ ਹੈ ਭਾਰਤ ਵਿਚ ਹੀ ਤਾਂ ਰਹਿਣਾ ਹੈ। ਜੇ ਗੱਲ ਚੰਡੀਗੜ੍ਹ ਦੀ ਚੱਲੀ ਤਾਂ ਕਿਹਾ ਇਹ ਕੇਂਦਰ ਸ਼ਾਸ਼ਤ ਹੀ ਰਹੇ, ਜੇ ਸਿੱਖਾਂ ਨੇ ਕਿਹਾ ਕਿ ਦਰਬਾਰ ਸਾਹਿਬ ਤੋਂ ਸ਼ਬਦ ਕੀਰਤਨ ਰਿਲੇਅ ਕਰੋ ਤਾਂ ਇਨ੍ਹਾਂ ਨੇ ਕਿਹਾ ਕਾਸ਼ੀ ਤੇ ਹਰਦੁਆਰ ਤੋਂ ਵੀ ਕਰੋ। ਜੇ ਸਿੱਖਾਂ ਨੇ ਕਿਹਾ ਕਿ ਅੰਮ੍ਰਿਤਸਰ ਸ਼ਹਿਰ ਵਿਚ ਬੀੜੀ ਸਿਗਰਟ 'ਤੇ ਪਾਬੰਦੀ ਲਾਈ ਜਾਵੇ ਤਾਂ ਇਨ੍ਹਾਂ ਸੋਟੀਆਂ 'ਤੇ ਸਿਗਰਟਾਂ ਦੀਆਂ ਡੱਬੀਆਂ ਟੰਗ ਕੇ ਜਲੂਸ ਕੱਢਿਆ ਤੇ ਨਾਅਰੇ ਲਗਾਏ-ਬੀੜੀ ਸਿਗਰਟ ਪੀਏਂਗੇ ਐਸ਼ ਸੇ ਜੀਏਂਗੇ। ਜੇ ਸਿੱਖਾਂ ਨੇ ਕਿਹਾ ਸਿੱਖ ਇੱਕ ਵੱਖਰੀ ਕੌਮ ਹੈ ਤਾਂ ਇਹ ਕਹਿੰਦੇ ਹਨ ਕਿ ਨਹੀਂ ਇਹ ਤਾਂ ਹਿੰਦੂਆਂ ਦਾ ਹੀ ਇੱਕ ਅੰਗ ਹਨ। ਸਿੱਖ ਧਰਮ, ਸਿੱਖ ਸੱਭਿਆਚਾਰ, ਸਿੱਖ ਸੰਘਰਸ਼ ਦੀ ਵਿਰੋਧਤਾ ਪੰਜਾਬੀ ਹਿੰਦੂਆਂ ਨੇ ਬੜੀ ਮਿਹਨਤ ਨਾਲ ਕੀਤੀ ਹੈ। ਇਸੇ ਵਿਰੋਧਤਾ ਨੇ ਹੀ ਹੁਣ ਖਾਲਿਸਤਾਨ ਬਣਾਉਣਾ ਹੈ।

(4) ਪੰਜਾਬ ਦੇ ਹਿੰਦੂ ਨੇ ਤਾਂ ਇਹ ਵੀ ਸਹੁੰ ਖਾ ਲਈ ਹੈ ਕਿ ਉਸ ਨੇ ਭਾਰਤ ਦੀ ਹਰ ਜਾਇਜ਼ ਨਾਜਾਇਜ਼ ਗੱਲ ਨੂੰ ਠੀਕ ਹੀ ਕਹਿਣਾ ਹੈ ਪਰ ਹਰ ਹਾਲ ਸਿੱਖੀ ਦਾ ਵਿਰੋਧ ਹੀ ਕਰਨਾ ਹੈ।

(5) ਜਿਨ੍ਹਾਂ ਸੰਤਾਂ ਨੇ ਸਰਕਾਰ ਨੂੰ ਦਬਕ ਕੇ ਸਿੱਖੀ ਦਾ ਬਚਾਅ ਕਰਨਾ ਸੀ ਉਹ ਆਪ ਬ੍ਰਾਹਮਣ ਰੂਪ ਹੋ ਲੋਕਾਂ ਨੂੰ ਲੁੱਟਣ ਤੇ ਗੁੰਮਰਾਹ ਕਰਨ ਲਈ ਲੰਗੋਟ ਲਾਈ ਫਿਰਦੇ ਨੇ।

(6) ਹਕੂਮਤ ਦਾ ਸਤਾਇਆ ਬਾਗੀ, ਸਮਾਜ ਦਾ ਸਤਾਇਆ ਫਿਲਾਸਫਰ, ਪਰਿਵਾਰ ਦਾ ਸਤਾਇਆ ਸਾਧ ਬਣਦਾ ਹੈ।

(7) ਤੁਸੀਂ ਮੁਸੀਬਤ ਦੇ ਪੰਛੀ ਨੂੰ ਆਪਣੇ ਸਿਰ ਉਤੋਂ ਦੀ ਉਡਾਰੀ ਮਾਰਨ ਲਗੇ ਨੂੰ ਨਹੀਂ ਰੋਕ ਸਕਦੇ ਪਰ ਸਿਰ 'ਤੇ ਆਲਣਾ ਪਾਉਣ ਤੋਂ ਤਾਂ ਰੋਕ ਹੀ ਸਕਦੇ ਹੋ।

(8) ਇੱਕ ਦਿਨ ਇੱਕ ਜੱਟ ਮੂੰਹ ਸਵੇਰੇ ਹੀ ਸਾਧ ਦੇ ਡੇਰੇ ਚਲਾ ਗਿਆ ਤੇ ਕਿਹਾ, ਗੱਲ ਸੁਣ ਬਈ ਸਾਧਾ, ਅੱਜ ਸਵੇਰੇ ਸਵੇਰੇ ਤੂੰ ਮੇਰੇ ਮੱਥੇ ਲੱਗਾ ਅਤੇ ਮੈਂ ਤੇਰੇ। ਅੱਜ ਜਾਂ ਤਾਂ ਮੈਂ ਵੀ ਦੁੱਧ ਮਲਾਈਆਂ ਛਕੂੰ ਤੇ ਬੀਬੀਆਂ ਮੇਰੀਆਂ ਵੀ ਲੱਤਾਂ ਘੁੱਟਣਗੀਆਂ ਤੇ ਜਾਂ ਤੂੰ ਵੀ ਮੇਰੇ ਨਾਲ ਵਾਹਣਾਂ ਵਿਚ ਧੱਕੇ ਖਾਵੇਂਗਾ ਤੇ ਧੁੱਪੇ ਮਰੇਂਗਾ। ਦੇਖ ਲਾ ਹੁਣ ਜਿਦਾਂ ਕਰਨੀ ਆਂ। ਸਾਧ ਨੂੰ ਅੱਗੋਂ ਗੱਲ ਨਾ ਆਵੇ।

(9) ਮੱਛੀ ਪਾਣੀ ਵਿਚ ਹਜ਼ਾਰਾਂ ਅੰਡੇ ਦਿੰਦੀ ਹੈ ਪਰ ਕਿਸੇ ਨੂੰ ਕੰਨੋ ਕੰਨ ਖਬਰ ਨਹੀਂ ਹੁੰਦੀ। ਬਸ ਇਹ ਹੀ ਕੰਮ ਕਰਨ ਦਾ ਤਰੀਕਾ ਬ੍ਰਾਹਮਣ ਦਾ ਹੈ। ਉਸ ਨੇ ਕਈ ਧਰਮ ਗ੍ਰੰਥਾਂ ਵਿਚ ਰਲਾ ਪਾਇਆ ਪਰ ਕਿਸੇ ਨੂੰ ਵੀ ਪਤਾ ਨਾ ਲੱਗਾ।

(10) ਖਾਲਿਸਤਾਨ ਦੀ ਪ੍ਰਾਪਤੀ ਲਈ ਧਰਮ ਯੁੱਧ ਦੇ ਵਾਰਸਾਂ ਲਈ ਇਹ ਖੁੱਲੀ ਚੁਣੌਤੀ ਆਣ ਖੜੀ ਹੈ ਕਿ ਧਰਮ ਯੁੱਧ ਲੜਨ ਦੇ ਨਾਲ ਨਾਲ ਉਹ ਧਰਮ ਯੁੱਧ ਦੇ ਚਰਿੱਤਰ ਦੀ ਰਖਵਾਲੀ ਲਈ ਵੀ ਅੱਗੇ ਆਉਣ।

(11) ਜਦੋਂ ਕਿਸੇ ਖਿਤੇ 'ਚ ਫੌਜ ਗਸ਼ਤ ਕਰਦੀ ਹੈ ਤਾਂ ਸਮਝ ਲਵੋ ਕਿ ਉਥੇ ਕੋਈ ਅਥਾਨਕ ਲਹਿਰ ਉਠ ਖੜੋਤੀ ਹੈ।

(12) ਹਿੰਸਾ ਦੀ ਰਾਜਨੀਤੀ ਅਤੇ ਰਾਜਨੀਤੀ ਦੀ ਹਿੰਸਾ ਦੇ ਭੇੜ ਵਿਚ ਪੰਜਾਬ 1947 ਤੋਂ ਪਿਸ ਰਿਹਾ ਹੈ।

(13) ਬੰਦੂਕ ਦੀ ਨੋਕ 'ਤੇ ਕਿਸੇ ਨੂੰ ਦੇਸ਼ ਭਗਤ ਬਣਾਉਣਾ ਔਖਾ ਹੈ।

(14) ਪੰਜਾਬ ਚ ਵੋਟਾਂ ਦੇ ਡੱਬੇ ਸਿਰਫ ਇਸ ਲਈ ਤੁਹਾਨੂੰ ਉਡੀਕ ਰਹੇ ਹਨ ਤਾਂ ਕਿ ਤੁਹਾਡੇ ਗਭਰੂ ਪੁੱਤਰਾਂ ਦੇ ਹੱਤਿਆਰਿਆਂ ਨੂੰ ਹੋਰ ਕਤਲਾਂ ਲਈ ਲਾਇਸੈਂਸ ਮਿਲ ਸਕੇ।

(15) ਭਾਰਤੀ ਸੰਵਿਧਾਨ ਦੀ ਕਸਮ ਦਾ ਕੀ ਹੈ ਇਹ ਤਾਂ ਪਾਣੀ ਤਰ੍ਹਾਂ ਪੀਤੀ ਜਾਂਦੀ ਹੈ।

***ਪੇਸ਼ਕਾਰ-ਪਰਮਜੀਤ ਸਿੰਘ ਦਾਖਾ***

# ਅਕਾਲੀ ਨਜ਼ਰੀਏ ਦਾ ਨਿਰਮਲ ਸਰੂਪ ਜੁਝਾਰੂ ਲਹਿਰ ਕੋਲ ਹੀ ਸੀ

## ਅਜਮੇਰ ਸਿੰਘ ਦੀਆਂ ਪੁਸਤਕਾਂ ਬਾਰੇ ਡਾ. ਬਲਕਾਰ ਸਿੰਘ ਤੇ ਹਰਪਾਲ ਸਿੰਘ ਪੰਨੂੰ ਦੇ ਦੋਸ਼ਾਂ ਦੇ ਜਵਾਬ

***ਸ. ਅਜਮੇਰ ਸਿੰਘ ਹੋਰਾਂ ਦੀਆਂ 20ਵੀਂ ਸਦੀ ਦੀ ਸਿੱਖ ਰਾਜਨੀਤੀ ਦੀ ਨਿਰਖ-ਪਰਖ ਕਰਦੀਆਂ ਬਹੁਤ ਹੀ ਜਜ਼ਬੇ ਅਤੇ ਮਿਹਨਤ ਨਾਲ ਲਿਖੀਆਂ ਤਿੰਨੇ ਪੁਸਤਕਾਂ ਸਿੱਖ ਕੌਮ, ਪੰਜਾਬੀ ਕੌਮ, ਸਿੱਖ ਧਰਮ ਅਤੇ ਸਿੱਖਾਂ ਦੀ ਪਾਤਸ਼ਾਹੀ ਦੇ ਰੁਲ ਜਾਣ ਵਰਗੇ ਸਾਡੇ ਭਾਈਚਾਰੇ ਦੀ ਭਵਿੱਖੀ ਹੋਣੀ ਨਾਲ ਜੁੜੇ ਹੋਏ ਅਨੇਕਾਂ ਅਹਿਮ ਮੁੱਦਿਆਂ ਨਾਲ ਸਬੰਧਤ ਹਨ। ਇਨ੍ਹਾਂ ਪੁਸਤਕਾਂ ਬਾਰੇ ਡਾ. ਪ੍ਰੇਮ ਸਿੰਘ ਦੀ ਟਿੱਪਣੀ ਨਾਲ ਸ਼ੁਰੂ ਹੋਈ ਬਹਿਸ ਜਾਰੀ ਹੈ। ਸਾਡੇ ਸਾਥੀ ਅਤੇ ਸੀਨੀਅਰ ਪੱਤਰਕਾਰ ਸ. ਕਰਮਜੀਤ ਸਿੰਘ ਚੰਡੀਗੜ੍ਹ ਨੇ ਇਸ ਬਹਿਸ ਵਿਚ ਸ਼ਾਮਲ ਹੁੰਦਿਆਂ ਸਾਨੂੰ ਇਹ ਲੰਮਾ ਲੇਖ ਭੇਜਿਆ ਹੈ ਜਿਸ ਦੀ ਦੂਜੀ ਕਿਸ਼ਤ ਅਸੀਂ ਇਸ ਵਾਰ ਛਾਪਣ ਦੀ ਖੁਸ਼ੀ ਲੈ ਰਹੇ ਹਾਂ। ਇਸ ਸਬੰਧੀ ਹੋਰ ਲਿਖਤਾਂ ਦੀ ਵੀ ਸਾਨੂੰ ਉਡੀਕ ਰਹੇਗੀ। ਫਿਰ ਸਪਸ਼ਟ ਕਰ ਦਈਏ ਕਿ ਲੇਖ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। -ਸੰਪਾਦਕ***

**ਕਰਮਜੀਤ ਸਿੰਘ***

...ਤੇ ਅੱਜ ਆਲੋਚਨਾ ਦੀ ਆਲੋਚਨਾ ਹੋਵੇਗੀ ਅਤੇ ਆਲੋਚਨਾ ਦੇ ਘੇਰੇ ਵਿਚ ਉਹ ਸੱਜਣ ਵੀ ਆਉਣਗੇ ਜਿਨ੍ਹਾਂ ਨੇ ਅਜਮੇਰ ਸਿੰਘ ਦੀਆਂ ਰਚਨਾਵਾਂ ਦੀ ਰਾਖੀ ਕਰਦਿਆਂ ਵਿਰੋਧੀਆਂ ਨਾਲ ਹੋਈ ਸ਼ਬਦਾਂ ਦੀ ਇਸ ਜੰਗ ਵਿਚ ਕੁਝ ਹਾਰਾਂ ਵੀ ਖਾਧੀਆਂ ਹਨ। ਇਨ੍ਹਾਂ ਤਿੰਨਾਂ ਕਿਤਾਬਾਂ ਦਾ ਸਾਂਝਾ ਲੱਛਣ ਇਹ ਹੈ ਕਿ ਇਕ ਤਾਂ ਇਨ੍ਹਾਂ ਵਿਚ ਠੋਸ ਤੱਥਾਂ ਤੇ ਵਿਚਾਰਧਾਰਕ ਜਜ਼ਬਿਆਂ ਦਾ ਮਿਲਨ ਹੈ ਅਤੇ ਦੂਜਾ ਬੋਲੀ ਦੀ ਖ਼ੂਬਸੂਰਤੀ ਨੇ ਇਨ੍ਹਾਂ ਕਿਤਾਬਾਂ ਨੂੰ ਪੜ੍ਹਨਯੋਗ ਅਤੇ ਮੰਨਣਯੋਗ ਵੀ ਬਣਾ ਦਿੱਤਾ ਹੈ। ਦੂਜੇ ਸ਼ਬਦਾਂ ਵਿਚ ਇਕ ਹਿਸਾਬ ਨਾਲ ਡੂੰਘੇ ਅਹਿਸਾਸਾਂ ਦੀ ਇਕ ਗ਼ੈਰ-ਜਥੇਬੰਦਕ ਲਹਿਰ ਵੀ ਪੈਦਾ ਕੀਤੀ ਹੈ ਅਤੇ ਇਸ ਲਹਿਰ ਨੇ ਜਥੇਬੰਦਕ ਵੀ ਬਣ ਜਾਣਾ ਹੈ ਬਸ਼ਰਤਿ ਨੌਜਵਾਨ ਬੁੱਧੀਜੀਵੀ ਅਤੇ ਜੁਝਾਰੂ ਲਹਿਰ ਦੇ ਸਮਰਥਕ ਤੇ ਹਮਦਰਦ ਇਨ੍ਹਾਂ ਪੁਸਤਕਾਂ ਦੀ ਰੂਹ ਤਕ ਉਤਰ ਜਾਣ ਦੇ ਇਰਾਦੇ ਧਾਰਨ ਕਰ ਲੈਣ। ਸ਼ਾਇਦ ਇਹ ਫੈਸਲਾ ਦੇਣ ਵਿਚ ਸਾਡੀ ਝੋਲੀ ਇਲਜ਼ਾਮਾਂ ਨਾਲ ਭਰ ਸਕਦੀ ਹੈ ਕਿ ਇਹ ਪੁਸਤਕਾਂ ਰੂਹ ਦੀ ਸਾਂਝ ਵਿਚੋਂ ਪੈਦਾ ਹੋਈਆਂ ਹਨ। ਇਨ੍ਹਾਂ ਪੁਸਤਕਾਂ ਦੇ ਪ੍ਰਭਾਵ ਤੇ ਘੇਰੇ ਬਾਰੇ ਕੁਝ ਠੋਸ ਗਵਾਹੀਆਂ ਇਹ ਹਨ ਕਿ ਪਹਿਲੀ ਪੁਸਤਕ ਦੀਆਂ 4 ਐਡੀਸ਼ਨਾਂ, ਦੂਜੀ ਪੁਸਤਕ ਦੀਆਂ 3 ਐਡੀਸ਼ਨਾਂ ਛਪ ਚੁੱਕੀਆਂ ਹਨ ਅਤੇ ਤੀਜੀ ਦੀ ਦੂਜੀ ਐਡੀਸ਼ਨ ਵੀ ਛਪਣ ਜਾ ਰਹੀ ਹੈ। ਇਕ ਨਿੱਗਰ ਗਵਾਹੀ ਇਹ ਵੀ ਹੈ ਕਿ ਅਜਮੇਰ ਸਿੰਘ ਨੇ ਆਪਣੀਆਂ ਲਿਖਤਾਂ ਵਿਚ ਠੋਸ ਤੇ ਪਰਮਾਣਿਕ ਸਰੋਤਾਂ ਦੀ ਵਰਤੋਂ ਕੀਤੀ ਹੈ। ਉਸ ਨੇ ਸਰਕਾਰੀ ਸਰੋਤਾਂ ਵਿਚ ਕਹਿਣੀ ਤੇ ਕਰਨੀ ਦਾ ਫ਼ਰਕ ਅਤੇ ਅਕਾਲੀਆਂ ਦੀ ਕਹਿਣੀ ਤੇ ਕਰਨੀ ਵਿਚਕਾਰ ਡੂੰਘੇ ਫਾਸਲਿਆਂ ਦੀ ਪਹਿਚਾਣ ਨੂੰ ਦਲੀਲਾਂ ਨਾਲ ਕੁਝ ਇਸ ਅੰਦਾਜ਼ ਤੇ ਸੁਰ ਵਿਚ ਪੇਸ਼ ਕੀਤਾ ਹੈ ਕਿ ਅਗਲੀ ਵੱਡੀ ਜੰਗ ਲਈ ਸਿਧਾਂਤਕ ਤਿਆਰੀ ਦਾ ਸਾਮਾਨ ਤਿਆਰ ਹੋ ਗਿਆ ਹੈ। ਉਹ ਸਿੱਖੀ ਸਿਧਾਂਤਾਂ ਮੁਤਾਬਕ ਸਿੱਖ ਜਦੋਜਹਿਦ ਨੂੰ ਲਗਾਤਾਰ ਚਲ ਰਹੀ 'ਨਿਤ ਜੰਗ' ਦੇ ਰੂਪ ਵਿਚ ਵੇਖਦਾ ਹੈ। ਇਹ ਵਿਲੱਖਣ ਨਜ਼ਰੀਆ ਪਹਿਲੀ ਵਾਰ ਖ਼ਾਲਸਾਈ ਨਜ਼ਰੀਆ ਬਣ ਕੇ ਪੇਸ਼ ਹੋਇਆ ਹੈ। ਉਹ ਕੰਮਾਂ ਧੰਦਿਆਂ ਦੀ ਰਾਜਨੀਤੀ ਵਿਚ ਗਲ ਗਲ ਡੁੱਬੀ ਕੌਮ ਨੂੰ ਬਾਹਰ ਕੱਢਣ ਲਈ ਇਕ ਯਤਨ ਕਰਦਾ ਹੈ ਤਾਂ ਜੋ ਇਹ ਕੌਮ ਦਰਿਆ ਬਣ ਕੇ ਆਪਣੀ ਤਰਜ਼ੇ-ਜ਼ਿੰਦਗੀ ਵਿਚ ਰਵਾਨਗੀ ਦਾ ਪੈਗਾਮ ਲੈ ਕੇ ਆਵੇ। ਉਸ ਨੂੰ ਇਹ ਅਹਿਸਾਸ ਹੈ ਕਿ ਗਾਰੇ ਵਿਚ ਖੁੱਭੇ ਪੈਰ ਕਦੇ ਵੀ ਕੋਈ ਮਹਾਨ ਅਤੇ ਵੱਡਾ ਰਾਜਨੀਤਕ ਨ੍ਰਿਤ ਪੇਸ਼ ਨਹੀਂ ਕਰ ਸਕਦੇ।

ਜੇ ਸਿੱਖਾਂ ਦੇ ਰਾਜਨੀਤਕ ਦਰਦ ਦੇ ਇਤਿਹਾਸ ਦੀ ਗੱਲ ਕਰਨੀ ਹੋਵੇ ਤਾਂ ਇਹ ਸ਼ਗਨ ਵੀ ਪਹਿਲੀ ਵਾਰ ਹੋਇਆ ਹੈ, ਜਦੋਂ ਅਜਮੇਰ ਸਿੰਘ ਦੀਆਂ ਕਿਤਾਬਾਂ ਉਤੇ ਇਕ ਵਿਆਪਕ ਬਹਿਸ ਛਿੜੀ ਹੈ। ਹਾਲਾਂਕਿ ਇਸ ਸੱਚ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਹ ਬਹਿਸ ਅਜੇ ਓਸ ਤਰ੍ਹਾਂ ਦੀ ਮਹਾਨ ਬਹਿਸ ਨਹੀਂ ਬਣ ਸਕੀ ਜਿਸ ਤਰ੍ਹਾਂ ਦੀ ਬਹਿਸ ਸੱਠਵਿਆਂ ਵਿਚ ਰੂਸ ਤੇ ਚੀਨ ਦਰਮਿਆਨ ਸਿਧਾਂਤਕ ਵਖਰੇਵਿਆਂ ਨੂੰ ਲੈ ਕੇ ਹੋਈ ਸੀ। ਸਿਰਦਾਰ ਕਪੂਰ ਸਿੰਘ ਦੀ ਇਤਿਹਾਸਕ ਰਚਨਾ 'ਸਾਚੀ ਸਾਖੀ' ਸਿੱਖ ਕੌਮ ਦੇ ਰਾਜਨੀਤਕ ਦਰਦ ਦਾ ਇਕ ਇਤਿਹਾਸ ਜ਼ਰੂਰ ਹੈ, ਪਰ ਇਹ ਪੁਸਤਕ ਵੀ ਅਜੇ ਤਕ ਇਕ ਭਖਵੀਂ ਬਹਿਸ ਦੇ ਰੂਪ ਵਿਚ ਪੇਸ਼ ਨਹੀਂ ਹੋ ਸਕੀ। ਫਿਰ ਵੀ ਅਜਮੇਰ ਸਿੰਘ ਦੀਆਂ ਪੁਸਤਕਾਂ ਉਤੇ ਜੇ ਬਹਿਸ ਨੇ ਵਿਆਪਕ ਰੂਪ ਅਖ਼ਤਿਆਰ ਕੀਤਾ ਹੈ ਅਤੇ ਕਰ ਰਹੀ ਹੈ ਤਾਂ ਜ਼ਰੂਰ ਇਨ੍ਹਾਂ ਲਿਖਤਾਂ ਵਿਚ ਕੋਈ ਵੱਡੀ ਤੇ ਗੰਭੀਰ ਗੱਲ ਹੈ ਜਾਂ ਫਿਰ ਇੰਜ ਵੀ ਕਹਿ ਸਕਦੇ ਹਾਂ ਕਿ ਖ਼ਾਲਸਾ ਪੰਥ ਦੀ ਚੇਤਨਾ ਦਾ ਪੱਧਰ ਉਚਾ ਹੋਇਆ ਹੈ ਅਤੇ ਉਹ ਬੀਤੇ ਵਿਚ ਹੋਈਆਂ ਹਾਰਾਂ ਤੇ ਜਿੱਤਾਂ ਦਾ ਠੀਕ ਠੀਕ ਵਿਸ਼ਲੇਸ਼ਣ ਵੇਖਣ ਲਈ ਉਤਾਵਲੇ ਹਨ।

ਸਿੱਖ ਵਿਦਵਾਨ ਡਾ. ਹਰਪਾਲ ਸਿੰਘ ਪੰਨੂੰ ਵਲੋਂ ਅਜਮੇਰ ਸਿੰਘ ਦੀਆਂ ਪੁਸਤਕਾਂ ਦੀ ਆਲੋਚਨਾ ਬਾਰੇ ਕੁਝ ਟਿੱਪਣੀਆਂ ਕਰਨ ਤੋਂ ਪਹਿਲਾਂ ਪੰਨੂੰ ਦੀ ਵਾਰਤਕ ਬਾਰੇ ਕੁਝ ਕਹਿਣਾ ਬਣਦਾ ਹੈ। ਉਸ ਦੀ ਵਾਰਤਕ ਦੀ ਖ਼ੂਬਸੂਰਤੀ ਨੇ ਪਾਠਕਾਂ ਦੇ ਹਰ ਵਰਗ ਨੂੰ ਆਪਣੇ ਵੱਲ ਖਿੱਚਿਆ ਹੈ। ਉਸ ਵਿਚ ਜਜ਼ਬੇ ਨੂੰ ਤਰਕ ਵਿਚ ਤੇ ਤਰਕ ਨੂੰ ਜਜ਼ਬੇ ਵਿਚ ਪਲਟ ਦੇਣ ਦਾ ਹੁਨਰ ਹੈ ਅਤੇ ਉਹ ਸਹਿਜ ਸੁਭਾਅ ਹੀ ਆਪਣੀ ਗੱਲ ਮਨਾ ਵੀ ਲੈਂਦਾ ਹੈ। ਇਕ ਹੋਰ ਬਰਕਤ ਵੀ ਉਸ ਵਿਚ ਹੈ। ਉਹ ਦਰਸ਼ਨ, ਸਾਹਿਤ, ਕਲਾ, ਸੰਗੀਤ ਤੇ ਸਿਆਸਤ ਦੀਆਂ ਗੱਲਾਂ ਦਾ ਆਪਣੇ ਹੀ ਅੰਦਾਜ਼ ਵਿਚ ਸਹਿਜ-ਮਿਲਾਪ ਵੀ ਕਰਦਾ ਹੈ। 'ਗੌਤਮ ਤੋਂ ਤਾਸਕੀ ਤਕ' ਪੁਸਤਕ ਵਿਚ ਮਹਾਨ ਹਸਤੀਆਂ ਦੀਆਂ ਜੀਵਨੀਆਂ ਵਿਚ ਇਨ੍ਹਾਂ ਤਮਾਮ ਰੰਗਾਂ ਦੇ ਵੰਨ-ਸਵੰਨੇ ਮੇਲੇ ਲੱਗੇ ਹੋਏ ਹਨ। ਬਰੀਕ ਤੋਂ ਬਰੀਕ ਗੱਲ ਨੂੰ ਸੌਖੇ ਸ਼ਬਦਾਂ ਵਿਚ ਸਮਝਾਉਣ ਦੀ ਜਾਚ ਵੀ ਉਸ ਤੋਂ ਜ਼ਰੂਰ ਸਿੱਖਣੀ ਚਾਹੀਦੀ ਹੈ। ਇੰਜ ਉਚੀ ਢੇਰੀ ਉਤੇ ਬੈਠਣ ਦਾ ਅਣ-ਐਲਾਨਿਆ ਸਨਮਾਨ ਉਸ ਨੂੰ ਹਾਸਲ ਹੋ ਚੁੱਕਾ ਹੈ। ਇਸ ਨਾਲ ਸੁਭਾਵਕ ਹੀ ਇਹੋ ਜਿਹੀ ਢੇਰੀ 'ਤੇ ਬੈਠਾ ਹਰ ਵਿਅਕਤੀ ਵੱਡੀ ਤਾਕਤ ਤੇ ਅਧਿਕਾਰ ਦਾ ਮਾਲਕ ਬਣ ਜਾਂਦਾ ਹੈ। ਪਰ ਉਹ ਸ਼ਾਇਦ ਭੁਲਦਾ ਹੈ ਕਿ ਤਾਕਤ ਦੀ ਇਸ ਬਖ਼ਸ਼ਿਸ਼ ਨਾਲ ਘਮੰਡ ਦੀ ਇਕ ਪਰਤ ਵੀ ਚੁੱਪ-ਚਪੀਤੇ ਹਮਲਾ ਕਰਨ ਲਈ ਸ਼ਹਿ ਲਾ ਕੇ ਬੈਠੀ ਹੁੰਦੀ ਹੈ। ਇਸੇ ਲਈ ਉਚੀ ਢੇਰੀ 'ਤੇ ਬੈਠਾ ਇਹ ਵਿਦਵਾਨ ਅਜਮੇਰ ਸਿੰਘ ਦੀਆਂ ਲਿਖਤਾਂ ਦੀ ਪੜਚੋਲ ਕਰਨ ਲਗਿਆਂ ਕਾਫ਼ੀ ਹੇਠਾਂ ਨੂੰ ਤਿਲਕਦਾ ਨਜ਼ਰ ਆਉਂਦਾ ਹੈ। ਪਰ ਆਪਣੀ ਵਾਰਤਕ ਲਈ ਉਹ ਜੋ ਮਾਪਦੰਡ ਵਰਤਦਾ ਹੈ, ਜੇ ਉਹ ਮਾਪਦੰਡ ਇਤਿਹਾਸਕ ਲਿਖਤਾਂ ਦੀ ਪੜਚੋਲ ਕਰਨ ਲੱਗਿਆਂ ਵਰਤਿਆ ਜਾਵੇ ਤਾਂ ਅਜਿਹੀ ਲਿਖਤ ਦਾ ਪ੍ਰਭਾਵ ਬਹੁਤੀ ਵਾਰੀ ਹਾਸੋਹੀਣਾ ਹੀ ਹੋ ਨਿਬੜਦਾ ਹੈ। ਕੁਝ ਇਸ ਤਰ੍ਹਾਂ ਦਾ ਅਹਿਸਾਸ ਪ੍ਰੋ. ਪੰਨੂੰ ਕਰਵਾ ਰਹੇ ਹਨ।

ਡਾ. ਪੰਨੂੰ ਨੇ ਅਜਮੇਰ ਸਿੰਘ ਦੀਆਂ ਲਿਖਤਾਂ ਵਿਚ ਇਕ ਦੋਸ਼ ਇਹ ਲੱਭਿਆ ਹੈ ਕਿ ਉਸ ਨੇ ਇਨ੍ਹਾਂ ਲਿਖਤਾਂ ਵਿਚ 'ਨਹੀਂ ਛੱਡਿਆ ਸਾਧ ਤੇ ਸੰਤ ਮੀਆਂ'। ਦੂਜੇ ਸ਼ਬਦਾਂ ਵਿਚ ਅਜਮੇਰ ਸਿੰਘ ਨੇ ਉਘੀਆਂ ਸਿੱਖ ਹਸਤੀਆਂ ਦੀਆਂ ਭਿਆਨਕ ਕਮਜ਼ੋਰੀਆਂ ਨੂੰ ਛੋਟ ਕਿਉਂ ਨਹੀਂ ਦਿੱਤੀ? ਹਾਲਾਂਕਿ ਅਜਿਹਾ ਦੋਸ਼ ਲਾਉਂਦਿਆਂ ਉਹ ਆਪ ਵੀ ਇਸੇ ਦੋਸ਼ ਦੇ ਹਿੱਸੇਦਾਰ ਹੋ ਗਏ ਹਨ ਜਦੋਂ ਉਨ੍ਹਾਂ ਨੇ ਅਜਮੇਰ ਸਿੰਘ ਦੀ ਆਲੋਚਨਾ ਕਰਦਿਆਂ ਆਪਣੇ ਹੀ ਲੇਖ ਵਿਚ ਪਹਿਲਾਂ ਕਪੂਰ ਸਿੰਘ ਦੀ ਸਿਫ਼ਤ ਕੀਤੀ ਤੇ ਫਿਰ ਉਸ ਉਤੇ ਹਮਲਾ ਕੀਤਾ। ਵੈਸੇ ਅਵਤਾਰ ਸਿੰਘ (ਯੂ.ਕੇ.) ਦਾ ਜਵਾਬ ਚੁੱਪ ਕਰਾਉਣ ਦੀ ਤਾਕਤ ਰਖਦਾ ਹੈ ਕਿ ਸਿਧਾਂਤਕ ਥਿੜਕਣਾਂ ਦਾ ਸ਼ਿਕਾਰ ਹੋਏ ਇਨ੍ਹਾਂ 'ਸੰਤਾਂ' ਕੋਲ ਸੰਤਗਿਰੀ ਦਾ ਰੁਤਬਾ ਪਰਖ ਦੀਆਂ ਘੜੀਆਂ ਵਿਚ ਖੁਸ ਗਿਆ ਸੀ ਜਾਂ ਉਨ੍ਹਾਂ ਨੇ ਆਪ ਹੀ ਖੁਸ ਜਾਣ ਦਿੱਤਾ ਸੀ। ਜੇ ਅਜਮੇਰ ਸਿੰਘ ਨੇ ਸਮੁੱਚੇ ਸਿੱਖ ਪੰਥ ਨੂੰ ਸਿਧਾਂਤਕ ਥਿੜਕਣਾਂ ਦੀ ਇਹ ਯਾਦ ਕਰਵਾਈ ਹੈ ਤਾਂ ਇਹ ਇਨ੍ਹਾਂ ਹਸਤੀਆਂ ਨੂੰ ਛੁਟਿਆਉਣਾ ਨਹੀਂ ਸਗੋਂ ਭਵਿੱਖ ਦੇ ਲੀਡਰਾਂ ਨੂੰ ਇਹੋ ਜਿਹੀਆਂ ਥਿੜਕਣਾਂ ਤੋਂ ਬਚਾ ਕੇ ਰੱਖਣਾ ਹੈ। ਉਸ ਨੇ ਇਹ ਪਵਿੱਤਰ ਗੁਨਾਹ ਕਰਕੇ ਕਿਨਾਰੇ 'ਤੇ ਰਹਿ ਗਏ ਸੱਚ ਦੇ ਕੁਝ ਹਿੱਸੇ ਬਹਿਸ ਦੇ ਕੇਂਦਰ ਵਿਚ ਲੈ ਆਂਦੇ ਹਨ। ਡਾ. ਪੰਨੂੰ ਅਜਮੇਰ ਸਿੰਘ ਦੀ ਸੁੱਚੀ ਭਾਵਨਾ ਨੂੰ ਆਪਣੀ ਸੁੱਚੀ ਭਾਵਨਾ ਦੀ ਰੌਸ਼ਨੀ ਵਿਚ ਰੱਖ ਕੇ ਬੁੱਝਣ ਵਿਚ ਕਿੱਥੇ ਕਮਜ਼ੋਰ ਰਹੇ ਜਾਂ ਅਵੇਸਲੇ ਰਹੇ, ਇਸ ਦਾ ਜਵਾਬ ਤਾਂ ਉਹ ਹੀ ਦੇ ਸਕਦੇ ਹਨ।

ਉਚੀ ਢੇਰੀ ਤੋਂ ਹੇਠਾਂ ਵਲ ਤਿਲਕਣ ਦੀ ਇਕ ਹੋਰ ਗਵਾਹੀ ਉਨ੍ਹਾਂ ਓਦੋਂ ਦੇ ਦਿੱਤੀ ਜਦੋਂ ਉਨ੍ਹਾਂ ਨੇ ਅਜਮੇਰ ਸਿੰਘ ਦੀ ਕਰੜੀ ਘਾਲਣਾ ਤੇ 'ਮਿਹਨਤ' ਨਾਲ ਤਿਆਰ ਕੀਤੀਆਂ ਪੁਸਤਕਾਂ ਨੂੰ ਮੈਕਲਾਊਡ ਦੀ 'ਮਿਹਨਤ' ਵਿਚ ਲੁਕੇ ਮੰਦੇ ਇਰਾਦਿਆਂ ਨਾਲ ਜੋੜ ਕੇ ਵੇਖਣ ਦਾ ਅਜੀਬੋਗਰੀਬ ਫੈਸਲਾ ਦੇ ਦਿੱਤਾ। ਮੈਕਲਾਊਡ ਦੀਆਂ ਲਿਖਤਾਂ ਬਾਰੇ ਸਿੱਖ ਵਿਦਵਾਨਾਂ ਵਿਚ ਇਸ ਨੁਕਤੇ ਵਿਚ ਸਰਬ ਸਹਿਮਤੀ ਹੈ ਕਿ ਮੈਕਲਾਊਡ ਦੀ 'ਮਿਹਨਤ' ਸਿੱਖੀ ਦੀਆਂ ਜੜ੍ਹਾਂ ਖੋਖਲੀਆਂ ਕਰਦੀ ਹੈ ਜਦਕਿ ਅਜਮੇਰ ਸਿੰਘ ਦੀ 'ਮਿਹਨਤ' ਨੇ ਸਿੱਖੀ ਦੀਆਂ ਜੜ੍ਹਾਂ ਨੂੰ ਮਜ਼ਬੂਤ ਕੀਤਾ ਹੈ। ਜੇ ਪੰਨੂੰ ਨੂੰ ਇਹ ਲਗਦਾ ਹੈ ਕਿ ਅਜਮੇਰ ਸਿੰਘ ਨੇ ਸਿੱਖੀ ਦੀਆਂ ਜੜ੍ਹਾਂ ਨੂੰ ਖੋਖ਼ਲਾ ਕੀਤਾ ਹੈ ਤਾਂ ਉਸ ਦੀਆਂ ਲਿਖਤਾਂ ਦੇ ਸਮੁੱਚ ਨੂੰ ਧਿਆਨ ਵਿਚ ਰੱਖ ਕੇ ਪੰਨੂੰ ਨੂੰ ਜਵਾਬ ਦੇਣਾ ਬਣਦਾ ਹੈ। ਵੈਸੇ ਸਾਡਾ ਯਕੀਨ ਹੈ ਕਿ ਜਿਸ ਹਿਸਾਬ ਨਾਲ ਪੰਨੂੰ ਨੇ ਲਿਖਤਾਂ ਦੀ ਪੜਚੋਲ ਕੀਤੀ ਹੈ, ਉਸ ਤੋਂ ਅਜਮੇਰ ਸਿੰਘ ਦੀਆਂ ਲਿਖਤਾਂ ਦੇ ਪੱਕੇ ਵਿਰੋਧੀ ਵੀ ਹਰਪਾਲ ਸਿੰਘ ਪੰਨੂੰ ਨੂੰ ਆਪਣੇ ਗੱਠਜੋੜ ਵਿਚ ਸ਼ਾਮਲ ਕਰਨ ਤੋਂ ਗੁਰੇਜ਼ ਕਰਨਗੇ।

ਕੀ ਡਾ. ਪੰਨੂੰ ਕਿਸੇ 'ਵਿਸ਼ੇਸ਼ ਕਾਹਲ' ਵਿਚ ਅਜਮੇਰ ਸਿੰਘ ਦੀਆਂ ਲਿਖ਼ਤਾਂ ਉਤੇ ਟਿੱਪਣੀ ਕਰਨ ਲਈ ਮਜਬੂਰ ਹੋਏ ਜਾਂ ਉਨ੍ਹਾਂ ਨੇ ਮਨ ਮੌਜ ਵਿਚ ਇਹ ਟਿੱਪਣੀਆਂ ਕੀਤੀਆਂ? ਇਉਂ ਲਗਦਾ ਹੈ ਕਿ ਇਤਿਹਾਸਕ ਲਿਖ਼ਤਾਂ ਦੀ ਪੜਚੋਲ ਕਰਨ ਲੱਗਿਆਂ ਜਿਹੜੀ ਸਾਵਧਾਨੀ, ਜਿਹੜੀ ਚੌਕਸੀ ਤੇ ਜਿਹੜੀ ਜ਼ਿੰਮੇਵਾਰੀ ਦੀ ਲੋੜ ਤੇ ਸ਼ਰਤ ਹੁੰਦੀ ਹੈ, ਪੰਨੂੰ ਸਾਹਿਬ ਉਹ ਸ਼ਰਤ ਹਾਰ ਗਏ ਹਨ।

ਹੁਣ ਡਾ. ਬਲਕਾਰ ਸਿੰਘ ਬਾਰੇ ਕੁਝ ਕਹਿਣਾ

**ਵਿਚਾਰ-ਚਰਚਾ**

ਹੈ ਜਿਨ੍ਹਾਂ ਨੇ 'ਵੀਹਵੀਂ ਸਦੀ ਦੀ ਰਾਜਨੀਤੀ' ਬਾਰੇ ਵੱਡਾ ਇਤਰਾਜ਼ ਇਹ ਉਠਾਇਆ ਹੈ ਕਿ ਭਾਵੇਂ ਕਿਤਾਬ ਦਾ ਸਿਰਲੇਖ ਸਿੱਖ ਰਾਜਨੀਤੀ ਨਾਲ ਸੰਬੰਧਤ ਹੈ ਪਰ ਇਸ ਵਿਚੋਂ 'ਅਕਾਲੀ ਪ੍ਰਸੰਗ' ਗਾਇਬ ਹੈ। ਉਨ੍ਹਾਂ ਨੇ ਇਹ ਸਲਾਹ ਵੀ ਦਿੱਤੀ ਹੈ ਕਿ ਇਸ ਕਿਤਾਬ ਨੂੰ 'ਅਕਾਲੀ ਦ੍ਰਿਸ਼ਟੀ ਤੋਂ ਬਿਲਕੁਲ ਨਾ ਵੇਖਿਆ ਜਾਏ'। 'ਬਿਲਕੁਲ ਨਾ' ਦੇ ਸ਼ਬਦਾਂ ਦੀ ਵਰਤੋਂ ਕਰਕੇ ਤਾਂ ਉਨ੍ਹਾਂ ਨੇ ਅਕਾਲੀ ਦ੍ਰਿਸ਼ਟੀ ਤੋਂ ਵੇਖਣ ਦੀ ਇਕ ਤਰ੍ਹਾਂ ਨਾਲ ਪਾਬੰਦੀ ਹੀ ਲਾ ਦਿੱਤੀ ਹੈ। ਪਰ ਡਾ. ਸਾਹਿਬ ਨੇ ਸਾਨੂੰ ਅਕਾਲੀ ਦ੍ਰਿਸ਼ਟੀ ਉਤੇ ਵਿਚਾਰ ਕਰਨ ਦੀ ਪ੍ਰੇਰਨਾ, ਉਤਸ਼ਾਹ ਤੇ ਬਲ ਤਾਂ ਦਿੱਤਾ ਹੀ ਹੈ, ਹਾਲਾਂਕਿ ਉਨ੍ਹਾਂ ਨੇ ਖੁਦ ਵੀ 'ਅਕਾਲੀ ਦ੍ਰਿਸ਼ਟੀ' ਦੀ ਸਿਧਾਂਤਕ ਵਿਆਖਿਆ ਨਹੀਂ ਕੀਤੀ। ਉਂਜ 'ਅਕਾਲੀ ਦ੍ਰਿਸ਼ਟੀ' ਦੇ ਸੰਕਲਪ ਨੂੰ ਲਗਾਤਾਰ ਕੇਂਦਰ ਵਿਚ ਰੱਖ ਕੇ ਖੁਦ ਅਕਾਲੀਆਂ ਨੇ ਵੀ ਇਸ ਉਤੇ ਨਾ ਕਦੇ ਭਖਵੀਂ ਬਹਿਸ ਕੀਤੀ ਅਤੇ ਨਾ ਹੀ ਬਹਿਸ ਨੂੰ ਕਿਸੇ ਸਿੱਟੇ ਉਤੇ ਪਹੁੰਚਾਇਆ ਹੈ। ਪਰ ਫਿਲਹਾਲ ਇਸ ਵਿਸ਼ੇ 'ਤੇ ਅਸੀਂ ਕੋਈ ਫਤਵਾ ਨਹੀਂ ਦੇਣਾ ਚਾਹੁੰਦੇ ਅਤੇ ਇਸ ਬਾਰੇ ਵਿਚਾਰ ਕਿਸੇ ਅਗਲੀ ਬਹਿਸ ਲਈ ਰਾਖਵਾਂ ਰਖਦੇ ਹਾਂ।

ਤਾਂ ਫਿਰ ਕੀ ਹੈ ਅਕਾਲੀ ਨਜ਼ਰੀਆ? ਸਾਡਾ ਵਿਸ਼ਵਾਸ ਹੈ ਕਿ 'ਰਾਜ ਕਰੇਗਾ ਖ਼ਾਲਸਾ' ਜਾਂ 'ਖ਼ਾਲਸਾ ਜੀ ਦੇ ਬੋਲਬਾਲੇ' ਅਕਾਲੀ ਵੀਰਾਂ ਦੀ ਮੰਜ਼ਿਲ ਹੈ। ਡਾ. ਬਲਕਾਰ ਸਿੰਘ ਸਮੇਤ ਅਕਾਲੀ ਇਸ ਤੋਂ ਇਨਕਾਰ ਨਹੀਂ ਕਰ ਸਕਦੇ ਕਿਉਂਕਿ ਰੋਜ਼ਾਨਾ ਅਰਦਾਸ ਵਿਚ ਇਹੋ ਤਾਂਘ ਉਨ੍ਹਾਂ ਦੀ ਹੈ ਅਤੇ ਕਿਸੇ ਨਿਰਮਲ ਸਰੂਪ ਵਿਚ ਇਹੋ ਤਾਂਘ ਸਾਡੀ ਹੈ। ਇਸ ਮੰਜ਼ਿਲ ਨੂੰ ਹਾਸਲ ਕਰਨ ਲਈ ਜਿਸ ਮਾਰਗ ਉਤੇ ਅਸਾਂ ਤੁਰਨਾ ਹੈ ਉਸ ਨੂੰ ਪੰਥਕ ਮਾਰਗ ਕਿਹਾ ਜਾਂਦਾ ਹੈ। 'ਕਿਉ ਚਾਲਹਿ ਮਾਰਗਿ ਪੰਥਾ' ਵਿਚ ਵੀ ਬੇਨਤੀ ਰੂਪ ਵਿਚ ਗੁਰੂ ਗ੍ਰੰਥ ਸਾਹਿਬ ਕੋਲੋਂ ਪੰਥਕ ਮਾਰਗ ਉਤੇ ਚੱਲਣ ਦੇ ਢੰਗ ਤਰੀਕੇ ਪੁੱਛੇ ਗਏ ਹਨ। ਸੋ ਹੋਇਆ ਇੰਜ ਕਿ ਇਤਿਹਾਸ ਦੇ ਇਕ ਦੌਰ ਵਿਚ ਖ਼ਾਲਸਾ ਪੰਥ ਨੇ ਗੁਰੂ ਅਰਜਨ ਦੇਵ ਜੀ ਦੇ ਉਪਦੇਸ਼ਾਂ ਉਤੇ ਚਲਦਿਆਂ ਉਹ ਮਾਰਗ ਅਖ਼ਤਿਆਰ ਕੀਤਾ ਜਿਸ ਵਿਚ ਸ਼ਾਂਤੀ ਦਾ ਸਿੱਖ ਸੰਕਲਪ ਲੁਕਿਆ ਹੋਇਆ ਹੈ। ਅਕਾਲੀ ਭਰਾਵਾਂ ਨੇ ਇਸ ਮਾਰਗ ਦੀ ਅਗਵਾਈ ਕੀਤੀ ਅਤੇ ਕੁਰਬਾਨੀਆਂ ਦੀ ਇਕ ਝੜੀ ਲਾ ਦਿੱਤੀ। ਕੁਰਬਾਨੀਆਂ ਦੇ ਇਸ ਦੌਰ ਵਿਚ ਆਜ਼ਾਦੀ ਦੀ ਜਾਂ ਵੱਖਰੇ ਸਿੱਖ ਰਾਜ ਦੀ ਮੰਗ ਵੀ ਕੀਤੀ ਗਈ ਤੇ ਇਸ ਸੰਬੰਧ ਵਿਚ ਮਤੇ ਵੀ ਪਾਸ ਕੀਤੇ ਗਏ। ਡਾ. ਬਲਕਾਰ ਸਿੰਘ ਸਹਿਮਤ ਹੋਣਗੇ ਕਿ ਇਸ ਨਜ਼ਰੀਏ ਨੂੰ ਹੀ 'ਅਕਾਲੀ ਪ੍ਰਸੰਗ' ਕਿਹਾ ਜਾਣਾ ਚਾਹੀਦਾ ਹੈ। ਜਾਂ ਕੀ 'ਅਕਾਲੀ ਪ੍ਰਸੰਗ' ਉਹ ਹੈ ਜਿਸ ਵਿਚ ਆਜ਼ਾਦੀ ਦੀ ਰੀਝ ਦੀ ਪੂਰਤੀ ਲਈ ਸਮੁੱਚੀ ਸਿੱਖ ਜਦੋਜਹਿਦ ਨੂੰ ਗਾਂਧੀ ਦੇ ਕੌਮੀ ਨਜ਼ਰੀਏ ਨਾਲ ਜੋੜ ਦਿੱਤਾ ਗਿਆ ਸੀ? ਜਗ ਜਾਣਦਾ ਹੈ ਕਿ ਪਿਛਲੇ 'ਅਕਾਲੀ ਪ੍ਰਸੰਗ' ਦੇ ਭਿਆਨਕ ਨਤੀਜੇ ਸਾਡੇ ਸਾਹਮਣੇ ਆ ਚੁੱਕੇ ਹਨ, ਜਦਕਿ ਪਹਿਲੇ 'ਅਕਾਲੀ ਪ੍ਰਸੰਗ' ਨੂੰ ਅਕਾਲੀ ਪੂਰੀ ਤਰ੍ਹਾਂ ਛੱਡ ਹੀ ਚੁੱਕੇ ਹਨ। ਇਹ ਦੋਵੇਂ ਕੌੜੀਆਂ ਸੱਚਾਈਆਂ ਸਾਧਾਰਣ ਪਾਠਕਾਂ ਨੂੰ ਵੀ ਨਜ਼ਰ ਆਉਂਦੀਆਂ ਹਨ। ਅਜਮੇਰ ਸਿੰਘ ਨੇ ਇਨ੍ਹਾਂ ਦੋਹਾਂ ਅਕਾਲੀ ਪ੍ਰਸੰਗਾਂ ਦਾ ਭਰਪੂਰ ਨਿਖੇੜਾ ਕੀਤਾ ਹੈ। ਉਸ ਨੇ ਪਹਿਲੇ 'ਅਕਾਲੀ ਪ੍ਰਸੰਗ' ਦੀ ਆਲੋਚਨਾਤਮਕ ਮਹਿਮਾ ਕੀਤੀ ਹੈ ਜਦਕਿ ਦੂਜੇ ਅਕਾਲੀ ਪ੍ਰਸੰਗ ਉਤੇ ਡਟ ਕੇ ਹਮਲੇ ਕੀਤੇ ਹਨ ਅਤੇ ਕੀਤੇ ਜਾਣੇ ਚਾਹੀਦੇ ਸਨ। ਡਾ. ਬਲਕਾਰ ਸਿੰਘ ਲਈ ਇਹ ਦੱਸਣਾ ਬਣਦਾ ਹੈ ਕਿ ਆਖ਼ਰਕਾਰ ਉਹ 'ਅਕਾਲੀ ਨਜ਼ਰੀਏ' ਦੀ ਰੂਪ-ਰੇਖਾ, ਉਸ ਦੀ ਨੁਹਾਰ ਤੇ ਮੂੰਹ-ਮੱਥਾ ਕਿਸ ਤਰ੍ਹਾਂ ਦਾ ਸਿਰਜਦੇ ਹਨ? ਜਾਂ ਕੀ ਉਹ ਆਪਣੇ ਕਿਸੇ ਨਜ਼ਰੀਏ ਨੂੰ ਹੀ ਅਕਾਲੀ ਨਜ਼ਰੀਏ ਉਤੇ ਠੋਸ ਕੇ ਅਕਾਲੀ ਵੀਰਾਂ ਦੀ ਮੰਜ਼ਿਲ ਤੇ ਜੁਝਾਰੂ ਵੀਰਾਂ ਦੀ ਮੰਜ਼ਿਲ ਵਿਚਕਾਰ ਟਕਰਾਓ ਦੀ ਸਥਿਤੀ ਪੈਦਾ ਕਰਨਾ ਚਾਹੁੰਦੇ ਹਨ।

ਭਲਾ 'ਖਾੜਕੂ ਪਸੰਗ' ਕੀ ਹੈ? ਜੇ ਪੰਥਕ ਮਾਰਗ ਦੀ ਪਹਿਚਾਣ ਲਈ ਡੂੰਘੀ ਨੀਝ ਦਾ ਓਟ ਆਸਰਾ ਲਿਆ ਜਾਵੇ ਤਾਂ ਜੁਝਾਰੂ ਵੀਰਾਂ ਨੇ 'ਅਕਾਲੀ ਪ੍ਰਸੰਗ' ਦੀ ਉਸੇ ਮੰਜ਼ਿਲ ਨੂੰ ਵੱਖਰੇ ਰੂਪ ਵਿਚ ਅੱਗੇ ਤੋਰਿਆ। ਜਾਂ ਇੰਜ ਕਹਿ ਲਵੋ ਕਿ ਉਨ੍ਹਾਂ ਨੇ ਸ਼ਾਂਤੀ ਮਾਰਗ ਦੇ ਦੂਜੇ ਰੂਪ ਦੀ ਤਿੱਖੀ ਲਿਸ਼ਕੋਰ ਦੇ ਨਜ਼ਾਰੇ ਸਾਡੇ ਸਾਹਮਣੇ ਪੇਸ਼ ਕੀਤੇ। ਜਾਗਦੀ ਹੋਈ ਦੁਨੀਆਂ ਨੇ ਇਕ ਵਾਰ ਮੁੜ ਵੇਖਿਆ ਕਿ ਪੰਜਾਬ ਦੀ ਸਰਜ਼ਮੀਨ 'ਤੇ ਮੀਰੀ ਤੇ ਪੀਰੀ ਦੇ ਸੰਗਮ ਦੀ ਰਵਾਇਤ ਨੂੰ ਭਰਪੂਰ ਸੰਪੂਰਨਤਾ ਦੀ ਬਖ਼ਸ਼ਿਸ਼ ਹਾਸਲ ਹੋਈ। ਇਹ ਮੁਕਾਮ ਅਜਮੇਰ ਸਿੰਘ ਨੂੰ ਹੀ ਹਾਸਲ ਹੋ ਸਕਿਆ ਕਿ ਉਸ ਨੇ ਇਕ ਪਾਸੇ ਅਕਾਲੀਆਂ ਦੇ ਸ਼ਾਂਤੀ-ਮਾਰਗ ਦੀ ਪ੍ਰਸ਼ੰਸਾ ਤਾਂ ਕੀਤੀ ਪਰ ਨਾਲ ਹੀ ਉਨ੍ਹਾਂ ਵਲੋਂ ਕਦੇ ਮੰਜ਼ਿਲ ਦੀ ਰਸਮੀ ਰੀਝ ਰੱਖਣ ਲਈ, ਕਦੇ ਇਸ ਤੋਂ ਮੂੰਹ ਫੇਰਨ ਲਈ ਤੇ ਕਦੇ ਇਸ ਦਾ ਵਿਰੋਧ ਕਰਨ ਲਈ ਜੋ ਦੁਬਿਧਾ ਦੀ ਖ਼ਤਰਨਾਕ ਬਿਮਾਰੀ ਫੈਲਾਈ, ਉਸ ਨੂੰ ਲੱਕੋਂ ਫੜ ਲਿਆ। ਲੱਕੋਂ ਹੀ ਨਹੀਂ ਫੜਿਆ ਸਗੋਂ ਢਾਹ ਕੇ ਸਾਹ ਲਿਆ। ਇਸ ਪ੍ਰਾਪਤੀ ਵਿਚ ਲੁਕੀ ਫਤਿਹ ਦਾ ਕੋਈ ਦ੍ਰਿਸ਼ ਵੀ ਗੁਰੂ ਗ੍ਰੰਥ ਸਾਹਿਬ ਵਿਭਾਗ ਦੀ ਉਚੀ ਪੌੜੀ 'ਤੇ ਬੈਠੇ ਸਾਡੇ ਇਸ ਵਿਦਵਾਨ ਦੀਆਂ ਨਜ਼ਰਾਂ ਤੋਂ ਮਹਿਰੂਮ ਕਿਉਂ ਹੈ? ਉਸ ਨੂੰ ਸਿਧਾਂਤ ਰੂਪ ਵਿਚ ਖਾੜਕੂ ਨਜ਼ਰੀਏ ਤੇ ਅਕਾਲੀ ਨਜ਼ਰੀਏ ਇਕੋ ਹੀ ਸਿੱਕੇ ਦੇ ਦੋ ਪਹਿਲੂ ਕਿਉਂ ਨਜ਼ਰ ਨਹੀਂ ਆਉਂਦੇ? ਅਕਾਲੀ ਨਜ਼ਰੀਏ ਵਿਚੋਂ 'ਖ਼ਾਲਸਾ ਜੀ ਦੇ ਬੋਲਬਾਲੇ' ਦੀ ਭੁਲਾ ਦਿੱਤੀ ਗਈ ਮੰਜ਼ਿਲ ਨੂੰ ਜੁਝਾਰੂ ਰੂਪ ਵਿਚ ਯਾਦ ਕਰਵਾਉਣ ਵਾਲੀ ਖਾੜਕੂ ਲਹਿਰ ਕਿਹੜੇ ਪਹਿਲੂ ਤੋਂ ਅਕਾਲੀ ਰਾਜਨੀਤੀ ਜਾਂ ਅਕਾਲੀ ਨਜ਼ਰੀਏ ਨਾਲੋਂ ਵੱਖਰੀ ਹੈ?

ਹਾਂ, ਬਹਿਸ ਇਸ ਨੁਕਤੇ ਉਤੇ ਹੋ ਸਕਦੀ ਹੈ ਅਤੇ ਹੋਣੀ ਵੀ ਚਾਹੀਦੀ ਹੈ ਕਿ ਖਾੜਕੂ ਰਾਜਨੀਤੀ ਨੇ ਜਮਹੂਰੀ ਰਾਜਨੀਤੀ ਦਾ ਕੋਈ ਮੰਚ ਕਿਉਂ ਨਾ ਸਥਾਪਿਤ ਕੀਤਾ? ਜਾਂ ਖਾੜਕੂ ਰਾਜਨੀਤੀ ਕਦੋਂ ਕਦੋਂ ਗੁਰੂ ਗ੍ਰੰਥ ਸਾਹਿਬ-ਰਾਜਨੀਤੀ ਤੋਂ ਦੂਰ ਦੂਰ ਹੋਈ ਅਤੇ ਕਿਉਂ ਹੋਈ? ਜਾਂ ਖਾੜਕੂ ਰਾਜਨੀਤੀ ਨੇ ਆਪਣੀ ਮੰਜ਼ਿਲ ਨੂੰ ਅੱਗੇ ਵਧਾਉਣ ਲਈ ਰਵਾਇਤੀ ਅਕਾਲੀ ਰਾਜਨੀਤੀ ਨਾਲ ਸਾਂਝ ਪਾਉਣ ਵਾਸਤੇ ਜਾਂ ਉਸ ਦੀ ਆਲੋਚਨਾ ਕਰਨ ਲਈ ਸਿਧਾਂਤਕ-ਸਾਵਧਾਨੀ ਤੇ ਸਿਧਾਂਤਕ-ਇਕਾਗਰ ਚਿਤ ਹੋਣ ਦੇ ਅਸੂਲ ਕਿਸ ਹੱਦ ਤੱਕ ਲਾਗੂ ਕੀਤੇ? ਜਾਂ ਉਹ ਕਿਹੜੇ ਹਾਲਾਤ ਸਨ ਜਿਨ੍ਹਾਂ ਨੇ ਖਾੜਕੂ ਲਹਿਰ ਨੂੰ ਆਪਣੀਆਂ ਹੱਦਾਂ ਮਿੱਥਣ ਲਈ ਮਜਬੂਰ ਕਰ ਦਿੱਤਾ? ਜਾਂ ਸੰਤ ਜਰਨੈਲ ਸਿੰਘ ਦੇ ਪਿੱਛੋਂ ਟਕਸਾਲ ਵਿਚ ਲੀਡਰਸ਼ਿਪ ਦੀ ਉਹ ਕਤਾਰ ਉਭਰ ਕੇ ਸਾਹਮਣੇ ਕਿਉਂ ਨਾ ਆ ਸਕੀ ਜੋ ਖ਼ਾਲਸਾ ਰਾਜ ਦੀ ਮੰਜ਼ਿਲ ਵਲ ਅੱਗੇ ਕਦਮ ਪੁੱਟਦੀ ਅਤੇ ਜਿਸ ਦੀ ਹਾਲਾਤ ਮੁਤਾਬਕ ਬੇਹੱਦ ਲੋੜ ਵੀ ਸੀ? ਜਾਂ ਚੋਣਾਂ ਦੇ ਬਾਈਕਾਟ ਬਾਰੇ ਖਾੜਕੂਆਂ ਦਾ ਫੈਸਲਾ ਵਕਤ ਮੁਤਾਬਕ ਕਿਸ ਹੱਦ ਤਕ ਠੀਕ, ਢੁੱਕਵਾਂ ਤੇ ਇਤਿਹਾਸਕ ਸੀ? ਇਹ ਤੇ ਇਹੋ ਜਿਹੇ ਅਣਗਿਣਤ ਸਵਾਲ ਅਜਮੇਰ ਸਿੰਘ ਅੱਗੇ ਕੀਤੇ ਜਾਂਦੇ ਤਾਂ ਬਹਿਸ ਨੂੰ ਨਿਸ਼ਚੇ ਹੀ ਇਕ ਸਾਰਥਕ ਦਿਸ਼ਾ ਮਿਲਦੀ ਅਤੇ ਘਟਨਾਵਾਂ ਨੂੰ ਵੇਖਣ ਵਾਲੇ ਇਤਿਹਾਸਕ ਨਜ਼ਰੀਏ ਵਿਚ ਵਿਕਾਸ ਵੀ ਹੁੰਦਾ ਤੇ ਵਿਗਾਸ ਵੀ। ਪਰ ਨਾਲ ਹੀ ਇਹ ਕਹਿਣਾ ਵੀ ਬਣਦਾ ਹੈ ਕਿ ਇਹੋ ਜਿਹੇ ਸਵਾਲਾਂ ਦੇ ਜਵਾਬ ਦੇਣ ਲਈ ਅਜੇ ਇਹੋ ਜਿਹੇ ਵਿਸ਼ੇ ਤਾਂ ਛੇੜੇ ਜਾਣੇ ਹਨ ਅਤੇ ਨਿਸ਼ਚੇ ਹੀ ਅਗਲੀਆਂ ਲਿਖਤਾਂ ਵਿਚ ਅਜਮੇਰ ਸਿੰਘ ਵਲੋਂ ਦਿੱਤੇ ਜਾਣੇ ਚਾਹੀਦੇ ਹਨ।

ਕੀ ਅਜਮੇਰ ਸਿੰਘ ਦੀਆਂ ਲਿਖਤਾਂ ਵਿਚ ਗੁਰਮਤਿ-ਪ੍ਰਸੰਗ ਗੈਰਹਾਜ਼ਰ ਹੈ ਜਿਵੇਂ ਕਿ ਡਾ. ਬਲਕਾਰ ਸਿੰਘ ਨੇ ਦਾਅਵਾ ਕੀਤਾ ਹੈ? ਇਉਂ ਲਗਦਾ ਹੈ ਕਿ ਇਹ ਦਾਅਵਾ ਕਰਨ ਸਮੇਂ ਡਾ. ਬਲਕਾਰ ਸਿੰਘ ਅਜਮੇਰ ਸਿੰਘ ਦੇ ਰਾਜਨੀਤਕ ਪਿਛੋਕੜ ਨੂੰ ਧਿਆਨ ਵਿਚ ਰੱਖ ਰਹੇ ਹਨ, ਜਦੋਂ ਅਜਮੇਰ ਸਿੰਘ ਨਕਸਲੀ ਲਹਿਰ ਦੇ ਚੋਟੀ ਦੇ ਆਗੂਆਂ ਵਿਚੋਂ ਇਕ ਸੀ। ਇਉਂ ਲਗਦਾ ਹੈ ਜਿਵੇਂ ਡਾ. ਬਲਕਾਰ ਸਿੰਘ ਦੇ ਮਨ ਅੰਦਰ ਲੁਕੀ ਈਰਖਾ ਦੀ ਇਕ ਪਰਤ ਨੇ ਉਨ੍ਹਾਂ ਨੂੰ ਅਜਿਹਾ ਦੋਸ਼ ਲਾਉਣ ਲਈ ਮਨਾ ਲਿਆ ਹੈ, ਕਿਉਂਕਿ ਉਨ੍ਹਾਂ ਨੂੰ ਲਗਦਾ ਹੈ ਕਿ ਉਹ ਅਜਿਹਾ ਕਰਕੇ ਸਿੱਖ ਪੰਥ ਵਿਚ ਅਜਮੇਰ ਸਿੰਘ ਦੀਆਂ ਲਿਖਤਾਂ ਦੀ ਸਰਬਵਿਆਪਕ ਪ੍ਰਵਾਨਗੀ ਅੱਗੇ ਸਵਾਲੀਆ ਨਿਸ਼ਾਨ ਲਾਉਣ ਵਿਚ ਕਾਮਯਾਬ ਹੋ ਜਾਣਗੇ। ਪਰ ਡਾ. ਬਲਕਾਰ ਸਿੰਘ ਇਸ ਹਕੀਕਤ ਨੂੰ ਤਾਂ ਸਮਝਦੇ ਹੀ ਹਨ ਕਿ ਮਨੁੱਖਾਂ ਵਿਚ ਬਦਲਣ ਦੀਆਂ ਸੰਭਾਵਨਾਵਾਂ ਲੁਕੀਆਂ ਰਹਿੰਦੀਆਂ ਹਨ। ਕੋਈ ਵੱਡੀ ਘਟਨਾ ਜਾਂ ਕੋਈ ਵੱਡਾ ਸਾਕਾ ਬੰਦੇ ਨੂੰ, ਪਰ ਉਹ ਬੰਦਾ ਹੋਵੇ ਸਹੀ, ਸਿਰ ਤੋਂ ਲੈ ਕੇ ਪੈਰਾਂ ਤੱਕ ਬਦਲ ਦਿੰਦਾ ਹੈ। ਦਰਬਾਰ ਸਾਹਿਬ ਉਤੇ ਲੱਗੀਆਂ ਗੋਲੀਆਂ ਦੇ ਨਿਸ਼ਾਨ, ਅਕਾਲ ਤਖ਼ਤ ਦੀ ਬਰਬਾਦੀ ਇਕ ਇਹੋ ਜਿਹੀ ਘਟਨਾ ਹੈ ਜਿਸ ਨੇ ਡਾ. ਬਲਕਾਰ ਸਿੰਘ ਸਮੇਤ ਸਿੱਖਾਂ ਨੂੰ ਪੂਰੀ ਤਰ੍ਹਾਂ ਹਿਲਾ ਦਿੱਤਾ ਸੀ। ਪਰ ਇਹ ਵੀ ਸੱਚ ਹੈ ਕਿ ਡਾ. ਬਲਕਾਰ ਸਿੰਘ ਦਾ

***ਇਹ ਮੁਕਾਮ ਅਜਮੇਰ ਸਿੰਘ ਨੂੰ ਹੀ ਹਾਸਲ ਹੋ ਸਕਿਆ ਕਿ ਉਸ ਨੇ ਇਕ ਪਾਸੇ ਅਕਾਲੀਆਂ ਦੇ ਸ਼ਾਂਤੀ-ਮਾਰਗ ਦੀ ਪ੍ਰਸ਼ੰਸਾ ਤਾਂ ਕੀਤੀ ਪਰ ਨਾਲ ਹੀ ਉਨ੍ਹਾਂ ਵਲੋਂ ਕਦੇ ਮੰਜ਼ਿਲ ਦੀ ਰਸਮੀ ਰੀਝ ਰੱਖਣ ਲਈ, ਕਦੇ ਇਸ ਤੋਂ ਮੂੰਹ ਫੇਰਨ ਲਈ ਤੇ ਕਦੇ ਇਸ ਦਾ ਵਿਰੋਧ ਕਰਨ ਲਈ ਜੋ ਦੁਬਿਧਾ ਦੀ ਖ਼ਤਰਨਾਕ ਬਿਮਾਰੀ ਫੈਲਾਈ, ਉਸ ਨੂੰ ਲੱਕੋਂ ਫੜ ਲਿਆ। ਲੱਕੋਂ ਹੀ ਨਹੀਂ ਫੜਿਆ ਸਗੋਂ ਢਾਹ ਕੇ ਸਾਹ ਲਿਆ।***

***(ਬਾਕੀ ਅਗਲੇ ਸਫੇ 'ਤੇ)***

ਵਿਚਾਰ-ਚਰਚਾ

# (ਅ)ਕਾਲੀ ਦਲ, ਸਿੱਖ ਅਤੇ ਅਨੁਵਾਦ ਦੀ ਰਾਜਨੀਤੀ

***ਸ. ਅਜਮੇਰ ਸਿੰਘ ਹੋਰਾਂ ਦੀਆਂ 20ਵੀਂ ਸਦੀ ਦੀ ਸਿੱਖ ਰਾਜਨੀਤੀ ਦੀ ਨਿਰਖ-ਪਰਖ ਕਰਦੀਆਂ ਬਹੁਤ ਹੀ ਜਜ਼ਬੇ ਅਤੇ ਮਿਹਨਤ ਨਾਲ ਲਿਖੀਆਂ ਤਿੰਨੇ ਪੁਸਤਕਾਂ ਸਿੱਖ ਕੌਮ, ਪੰਜਾਬੀ ਕੌਮ, ਸਿੱਖ ਧਰਮ ਅਤੇ ਸਿੱਖਾਂ ਦੀ ਪਾਤਸ਼ਾਹੀ ਦੇ ਰੁਲ ਜਾਣ ਵਰਗੇ ਸਾਡੇ ਭਾਈਚਾਰੇ ਦੀ ਭਵਿੱਖੀ ਹੋਣੀ ਨਾਲ ਜੁੜੇ ਹੋਏ ਅਨੇਕਾਂ ਅਹਿਮ ਮੁੱਦਿਆਂ ਨਾਲ ਸਬੰਧਤ ਹਨ। ਇਨ੍ਹਾਂ ਪੁਸਤਕਾਂ ਬਾਰੇ ਡਾ. ਪ੍ਰੇਮ ਸਿੰਘ ਦੀ ਟਿੱਪਣੀ ਨਾਲ ਸ਼ੁਰੂ ਹੋਈ ਬਹਿਸ ਜਾਰੀ ਹੈ। ਇਸੇ ਬਹਿਸ ਦੇ ਸਿਲਸਿਲੇ ਵਿਚ ਸਿੱਖ ਵਿਚਾਰਵਾਨ ਸ. ਪ੍ਰਭਸ਼ਰਨਦੀਪ ਸਿੰਘ ਦਾ ਇਹ ਲੇਖ ਅਸੀਂ ਛਾਪ ਰਹੇ ਹਾਂ। ਇਸ ਸਬੰਧੀ ਹੋਰ ਲਿਖਤਾਂ ਦੀ ਵੀ ਸਾਨੂੰ ਉਡੀਕ ਰਹੇਗੀ। ਫਿਰ ਸਪਸ਼ਟ ਕਰ ਦਈਏ ਕਿ ਲੇਖ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਜਾਂ ਅਸਹਿਮਤ ਹੋਣਾ ਜ਼ਰੂਰੀ ਨਹੀਂ ਹੈ। -ਸੰਪਾਦਕ***

**ਪ੍ਰਭਸ਼ਰਨਦੀਪ ਸਿੰਘ***

ਪੰਜਾਬ ਟਾਈਮਜ਼ ਵਿਚ ਸ. ਅਜਮੇਰ ਸਿੰਘ ਦੀ ਕਿਤਾਬ ਬਾਰੇ ਭਰਵੀਂ ਚਰਚਾ, ਜੋ ਕਿ ਪੰਜਾਬੀ ਕਾਮਰੇਡਾਂ ਦੇ ਸੁਭਾਅ ਮੁਤਾਬਕ ਬਹੁਤੀ ਵਾਰ ਚਰਚਾ ਨਾ ਰਹਿ ਕੇ ਨਿੱਜੀ ਗੁੱਭ-ਗੁਹਾਟ ਕੱਢਣ ਵੱਲ ਉਲਰ ਜਾਂਦੀ ਰਹੀ ਹੈ, ਨਿਰੰਤਰ ਜਾਰੀ ਹੈ। ਸ. ਅਜਮੇਰ ਸਿੰਘ ਜਿਨ੍ਹਾਂ ਨੇ ਸਖਤ ਮਿਹਨਤ ਤੇ ਸਿਦਕ ਦਿਲੀ ਨਾਲ਼ ਸਿੱਖ ਸਿਆਸਤ ਵਿਚਲੇ ਰੁਝਾਨਾਂ ਦੀ ਪੜਤਾਲ਼ ਕੀਤੀ ਹੈ, ਇਸ ਉਪਰਾਲੇ ਲਈ ਵਧਾਈ ਦੇ ਹੱਕਦਾਰ ਹਨ। ਇਸ ਦੇ ਨਾਲ਼ ਹੀ ਉਹ ਸਿੱਖ ਸਿਆਸਤ ਸਬੰਧੀ ਇਕ ਸੰਵਾਦ, ਜੋ ਕਿ ਕਾਮਰੇਡਾਂ ਦੀ ਖੱਪ-ਪਾਊ ਬਿਰਤੀ ਵਾਲ਼ੀ ਲੇਖਣੀ ਦੀ ਭਰਮਾਰ ਦੇ ਬਾਵਜੂਦ ਹਮੇਸ਼ਾ ਸੰਜੀਦਾ ਪ੍ਰਵਾਹ ਵਿਚ ਪਲਟਣ ਦੀ ਸੰਭਾਵਨਾ ਰੱਖਦਾ ਹੈ, ਨੂੰ ਉਤਸ਼ਾਹਿਤ ਕਰਨ ਲਈ ਵੀ ਧੰਨਵਾਦ ਦੇ ਹੱਕਦਾਰ ਹਨ। ਮੌਜੂਦਾ ਬਹਿਸ ਕੁੱਝ ਅਹਿਮ ਨੁਕਤਿਆਂ ਬਾਰੇ ਬੁਨਿਆਦੀ ਸਮਝ ਤੇ ਇਕ ਤਰੋ-ਤਾਜ਼ਾ ਪਹੁੰਚ ਦੀ ਮੰਗ ਕਰਦੀ ਹੈ: ਕੁੱਝ ਧਾਰਨਾਵਾਂ ਬਾਰੇ ਮੁੜ ਵਿਚਾਰ ਦੀ ਮੰਗ, ਜਿਹੜੀਆਂ ਕਿ ਕੱਚੀ ਦਾਰਸ਼ਨਿਕ ਤੇ ਸਿਆਸੀ ਸਮਝ ਦੀ ਪੈਦਾਇਸ਼ ਹੋਣ ਦੇ ਬਾਵਜੂਦ ਅੰਤਮ ਅਸਲੀਅਤਾਂ ਦੇ ਤੌਰ 'ਤੇ ਸਥਾਪਤ ਹੋ ਗਈਆਂ ਹਨ। ਵਿਚਾਰ ਵਿਚ ਹਿੱਸਾ ਲੈਣ ਦੇ ਜਤਨ ਵਜੋਂ ਮੈਂ ਆਪਣੀ ਗੱਲ ਡਾ. ਬਲਕਾਰ ਸਿੰਘ ਦੇ ਲੇਖਾਂ ਤੋਂ ਸ਼ੁਰੂ ਕਰਨੀ ਚਾਹਾਂਗਾ।

ਡਾ. ਬਲਕਾਰ ਸਿੰਘ ਨੇ ਸ. ਅਜਮੇਰ ਸਿੰਘ ਵੱਲੋਂ ਅਕਾਲੀਆਂ ਬਾਰੇ ਲਈ ਪਹੁੰਚ ਤੇ ਟਿੱਪਣੀ ਕਰਦਿਆਂ ਕਿਹਾ ਹੈ, "ਅਕਾਲੀ ਅਤੇ ਅਕਾਲੀਅਤ ਵਿਚ ਓਨਾ ਕੁ ਫਰਕ ਤਾਂ ਹੈ, ਜਿੰਨਾ ਕੁ ਸਿਧਾਂਤ ਅਤੇ ਅਮਲ ਵਿਚ ਅਕਸਰ ਰਹਿ ਜਾਂਦਾ ਹੈ।" ਡਾ. ਸਾਹਿਬ ਦੀ ਇਸ ਫੈਸਲਾਨੁਮਾ ਟਿੱਪਣੀ ਤੋਂ ਸੁਆਲ ਪੈਦਾ ਹੁੰਦਾ ਹੈ ਕਿ ਅਕਾਲੀਅਤ ਦਾ ਸਿਧਾਂਤਕ ਆਧਾਰ ਕੀ ਹੈ? ਇਸ ਦਾ ਜੁਆਬ ਦਿੰਦਿਆਂ ਡਾ. ਸਾਹਿਬ ਆਖਦੇ ਹਨ ਕਿ ਇਹ ਸਿੰਘ ਸਭਾ ਲਹਿਰ ਦੀ ਸੁਜੱਗਤਾ ਨੇ ਪੈਦਾ ਕੀਤਾ। ਹੁਣ ਵਿਚਾਰਨ ਵਾਲ਼ਾ ਨੁਕਤਾ ਹੈ ਕਿ ਅਕਾਲੀ ਲਹਿਰ ਦੇ ਸਿਧਾਂਤਕ ਆਧਾਰ ਸਿੰਘ ਸਭਾ ਬਿਰਤਾਂਤ ਦੀ ਬੁਨਿਆਦ ਅਸਲ ਵਿਚ ਕੀ ਹੈ? ਡਾ. ਸਾਹਿਬ ਇਸ ਦਾ ਕੋਈ ਜੁਆਬ ਨਹੀਂ ਦਿੰਦੇ ਜਾਂ ਸ਼ਾਇਦ ਜੁਆਬ ਦੇਣ ਦੀ ਲੋੜ ਨਹੀਂ ਸਮਝਦੇ। ਇਹ ਤਾਂ ਉਹ ਖੁਦ ਹੀ ਸਪੱਸ਼ਟ ਕਰ ਸਕਦੇ ਹਨ ਕਿ ਇਸ ਦੀ ਵਜ੍ਹਾ ਉਨ੍ਹਾਂ ਵੱਲੋਂ ਸਿੰਘ ਸਭਾ ਲਹਿਰ ਦੀ ਆਧੁਨਿਕਤਾਵਾਦੀ ਪਹੁੰਚ ਨੂੰ ਪ੍ਰਣਾਏ ਹੋਣਾ ਹੈ ਜਾਂ ਪਿਛਲੀ ਸਦੀ ਵਿਚ ਪ੍ਰਚਲਤ ਹੋਈਆਂ ਸਿੱਖੀ ਦੀਆਂ ਵਿਆਖਿਆ ਪ੍ਰਣਾਲੀਆਂ ਪ੍ਰਤੀ ਕਿਸੇ ਮੌਲਿਕ ਤੇ ਆਲੋਚਨਾਤਮਕ ਪਹੁੰਚ ਦੀ ਘਾਟ ਹੈ। ਇਸ ਨੁਕਤੇ 'ਤੇ ਆਪਣੀ ਰਾਇ ਸਾਂਝੀ ਕਰਨ ਲਈ ਅਕਾਲੀ ਦਲ ਦੀ ਸਿਧਾਂਤਕ ਬੁਨਿਆਦ ਸਿੰਘ ਸਭਾ ਲਹਿਰ ਦੀ ਪਹੁੰਚ ਸਬੰਧੀ ਵਿਚਾਰ ਤੋਂ ਆਪਣੀ ਗੱਲ ਸ਼ੁਰੂ ਕਰਨੀ ਚਾਹਾਂਗਾ।

ਸਿੰਘ ਸਭਾ ਲਹਿਰ ਉਸ ਵਰਤਾਰੇ ਦਾ ਨਾਂ ਹੈ ਜਿਸ ਨੂੰ ਕੈਲੀ ਓਲਿਵਰ "ਮਨੋਵਿਗਿਆਨਕ ਪਸਾਰੇ ਦੇ ਬਸਤੀਕਰਨ" ਦਾ ਨਾਂ ਦਿੰਦੀ ਹੈ। ਇਹ ਉਹ ਦਸ਼ਾ ਹੈ ਜਦੋਂ ਲੋਕ ਆਪਣਾ ਇਕ ਗੁਲਾਮ ਜਾਂ ਸਬਜੈਕਟ ਦੇ ਰੂਪ ਵਿਚ ਰੂਪਾਂਤਰਣ ਸਵੀਕਾਰ ਕਰ ਲੈਂਦੇ ਹਨ ਅਤੇ ਇਸ ਨੂੰ ਆਪਣੀ ਹੋਣੀ ਤਸਲੀਮ ਕਰਦੇ ਹੋਏ ਇਕ ਖਾਸ ਤਰਜ਼ ਵਿਚ ਪਰਿਭਾਸ਼ਤ ਸੁੰਗੜੇ ਹੋਏ ਦਾਇਰੇ ਵਿਚ ਹੀ ਵਿਚਰਨ ਨੂੰ ਪਹਿਲੀ ਤੇ ਆਖਰੀ ਚੋਣ ਮੰਨ ਲੈਂਦੇ ਹਨ। ਅਜਿਹਾ ਮਾਨਸਿਕ ਧਰਾਤਲ ਤਿਆਰ ਕਰਨਾ ਯੂਰਪੀ ਬਸਤੀਵਾਦੀ ਬਿਰਤਾਂਤ ਦਾ ਸਪੱਸ਼ਟ ਤੇ ਲੋੜੀਂਦਾ ਲਕਸ਼ ਸੀ। ਇਹ ਇਕ ਅਨੁਵਾਦ ਦਾ ਪ੍ਰਵਾਹ ਸੀ ਜਿਸ ਵਿਚ ਕਿਸੇ ਕੌਮ ਦੇ ਧਰਮ-ਗ੍ਰੰਥਾਂ, ਇਤਿਹਾਸ, ਕਦਰਾਂ-ਕੀਮਤਾਂ, ਸੰਕਲਪਾਂ ਤੇ ਸਰੋਤਾਂ ਦਾ ਅਨੁਵਾਦ ਸ਼ਾਮਲ ਸੀ। ਅਨੁਵਾਦ ਦਾ ਇਹ ਸਿਲਸਿਲਾ ਜੋ ਮਹਿਜ਼ ਲਿਖਤਾਂ ਦਾ ਅਨੁਵਾਦ ਨਾ ਹੋ ਕੇ ਸੱਭਿਆਚਾਰਕ ਅਨੁਵਾਦ ਸੀ, ਬਸਤੀਵਾਦੀਆਂ ਦੀ ਸਿੱਧੀ ਰਾਜਨੀਤੀ ਤੋਂ ਪ੍ਰੇਰਿਤ ਸੀ ਕਿ ਜਿਨ੍ਹਾਂ ਲੋਕਾਂ ਦੀ ਧਰਤੀ 'ਤੇ ਕਬਜ਼ਾ ਕੀਤਾ ਹੈ, ਉਨ੍ਹਾਂ ਦੇ ਮਾਨਸਿਕ ਧਰਾਤਲ ਦੇ ਹਰ ਖੂੰਜੇ ਵੀ ਆਪਣੀ ਮੋਹਰ ਲਾਉਣੀ ਹੈ ਤਾਂ ਕਿ ਸੰਸਾਰ ਪੱਛਮੀ ਕਦਰਾਂ ਕੀਮਤਾਂ ਦੀ ਵੱਖੋ ਵੱਖਰੇ ਪ੍ਰਸੰਗਾਂ ਵਿਚ ਵਿਆਖਿਆ ਕਰਦਾ ਹੋਇਆ ਉਨ੍ਹਾਂ ਦੀ ਇਜਾਰੇਦਾਰੀ ਨੂੰ ਹੀ ਮੁੜ-ਮੁੜ ਸਥਾਪਤ ਕਰੀ ਜਾਏ। ਅਨੁਵਾਦ ਦੀ ਇਹ ਰਾਜਨੀਤੀ ਸਿਰਫ ਅਜਿਹਾ ਵਰਤਾਰਾ ਨਹੀਂ ਕਿ ਸਿੰਘ ਸਭਾ ਨੇ ਅੰਗਰੇਜ਼ੀ ਰਾਜ ਵਿਚ ਸਿੱਖਾਂ ਨੂੰ ਦਰਪੇਸ਼ ਚੁਣੌਤੀਆਂ, ਜੋ ਕਿ ਈਸਾਈ ਪਾਦਰੀਆਂ ਤੇ ਆਰੀਆ ਸਮਾਜੀਆਂ ਦੀ ਘੁਸਪੈਠ ਦਾ ਨਤੀਜਾ ਸਨ, ਦੇ ਦਰਪੇਸ਼ ਹਾਲਾਤ ਦੀ ਨਜ਼ਾਕਤ ਨੂੰ ਭਾਂਪਦਿਆਂ ਸਿੱਖੀ ਦੀ ਆਧੁਨਿਕ ਤਰਜ਼ ਤੇ ਪੁਨਰ ਵਿਆਖਿਆ ਕਰ ਦਿੱਤੀ। ਅਸਲੀਅਤ ਇਹ ਹੈ ਅਨੁਵਾਦ ਇਕ ਘਟਨਾ ਹੈ ਜੋ ਸਿੰਘ ਸਭਾ ਲਹਿਰ ਦੇ ਪੈਦਾ ਹੋਣ ਤੋਂ ਪਹਿਲਾਂ, ਟਰੰਪ ਵੱਲੋਂ ਗੁਰਬਾਣੀ ਦਾ ਅਨੁਵਾਦ ਸ਼ੁਰੂ ਕਰਨ ਤੋਂ ਵੀ ਪਹਿਲਾਂ, ਜੇ ਸਿੱਖਾਂ ਵਿਚ ਨਹੀਂ ਤਾਂ ਘੱਟੋ-ਘੱਟ ਦੱਖਣ ਏਸ਼ੀਆਈ ਖਿੱਤੇ ਵਿਚ ਘਟ ਚੁੱਕੀ ਸੀ। ਸਿੱਖ ਬਸਤੀਵਾਦੀ ਅਨੁਵਾਦ ਦੀ ਲਪੇਟ ਵਿਚ ਆਉਣ ਵਾਲੇ ਆਖਰੀ ਲੋਕ ਸਨ। ਸਿੰਘ ਸਭਾ ਲਹਿਰ ਦੇ ਕਰਤੇ-ਧਰਤੇ ਤਾਂ ਅਨਿੰਨ ਸਿੱਖ ਹੋਣ ਦੇ ਬਾਵਜੂਦ, ਜਾਣੇ-ਅਣਜਾਣੇ ਵਿਚ, ਅਨੁਵਾਦ ਦੇ ਇਸ ਅਮਲ ਵਿਚੋਂ ਪੈਦਾ ਕੀਤੇ ਗਏ ਮਾਨਸਿਕ ਧਰਾਤਲ ਦੀ ਨੁਮਾਇੰਦਗੀ ਕਰਦੇ ਸਨ, ਕਿਉਂਕਿ ਇਸ ਮਾਨਸਿਕ ਧਰਾਤਲ ਦਾ ਬਸਤੀਕਰਨ ਪਹਿਲਾਂ ਹੀ ਹੋ ਚੁੱਕਾ ਸੀ, ਕਿਉਂਕਿ ਬਸਤੀਵਾਦੀ ਬਿਰਤਾਂਤ ਤੋਂ ਵੱਖਰੀ ਪਹੁੰਚ ਇਸ ਮਾਨਸਿਕਤਾ ਦੇ ਤਸੱਵਰ ਵਿਚ ਹੀ ਨਹੀਂ ਸੀ, ਇਸ ਲਈ ਇਸ ਦੌਰ ਦੇ ਸਿੱਖ ਵਿਦਵਾਨਾਂ ਨੇ (ਭਾਈ ਵੀਰ ਸਿੰਘ ਤੇ ਪ੍ਰੋ. ਪੂਰਨ ਸਿੰਘ ਨੂੰ ਛੱਡ ਕੇ) ਧਰਮ, ਰਾਜਨੀਤੀ ਤੇ ਕੌਮ ਆਦਿਕ ਬਾਰੇ ਬਸਤੀਵਾਦੀ ਧਾਰਨਾਵਾਂ ਹੀ ਪੁਨਰ ਸਥਾਪਤ ਕੀਤੀਆਂ।

ਇੱਥੇ ਮੈਂ ਇਹ ਸਪੱਸ਼ਟ ਕਰ ਦਿਆਂ ਕਿ ਸਿੰਘ ਸਭਾ ਦੇ ਸੰਚਾਲਕ ਨੇਕ ਸਿੱਖ ਤੇ ਬੜੇ ਪ੍ਰਤੀਬਧ ਬੰਦੇ ਸਨ ਜੋ ਕਿ ਆਪਣੇ ਕਾਜ ਨੂੰ ਤਨੋਂ-ਮਨੋਂ ਸਮਰਪਿਤ ਸਨ। ਉਹ ਬੱਸ ਇਸ ਗੱਲ ਪ੍ਰਤੀ ਸੁਚੇਤ ਨਹੀਂ ਸਨ ਕਿ ਇਹ ਕਾਜ ਉਨ੍ਹਾਂ ਦਾ ਆਪਣਾ ਸੀ ਜਾਂ ਬਾਕਾਇਦਾ ਗਿਣੇ ਮਿਥੇ ਤਰੀਕੇ ਨਾਲ਼ ਉਨ੍ਹਾਂ ਦੇ ਗਲ਼ ਮੜ੍ਹਿਆ ਗਿਆ ਸੀ। ਭਾਵੇਂ ਕਿ ਅਸੀਂ ਅੱਜ ਤੱਕ ਸਿੰਘ ਸਭਾ ਦੇ ਦੇਣਦਾਰ ਹਾਂ, ਤਾਂ ਵੀ ਇਸ ਵਰਤਾਰੇ ਨੂੰ ਨਵੇਂ ਸਿਰਿਓਂ ਸਮਝਣ ਦੀ ਲੋੜ ਹੈ। ਸਿੰਘ ਸਭਾ ਦੇ ਦੌਰ ਵਿਚ ਸਿੱਖੀ ਦੀ ਵਿਆਖਿਆ ਦੇ ਸਥਾਪਤ ਹੋਏ ਦਾਰਸ਼ਨਿਕ ਆਧਾਰ, ਉਸ ਤੋਂ ਬਾਅਦ ਦੇ ਦੌਰ ਦੇ ਇਤਿਹਾਸ, ਰਾਜਨੀਤੀ, ਧਰਮ ਦੇ ਸਰੂਪ ਨੂੰ ਵਾਰ ਵਾਰ ਤੇ ਵੱਖ ਵੱਖ ਤਰੀਕਿਆਂ ਨਾਲ਼ ਗੰਭੀਰ ਰੂਪ ਵਿਚ ਪ੍ਰਭਾਵਿਤ ਕਰਦੇ ਆ ਰਹੇ ਹਨ। ਇਸ ਲਈ ਅੱਜ ਦੀ ਸਥਿਤੀ ਦੇ ਦਰਪੇਸ਼ ਹੁੰਦਿਆਂ ਇਹ ਕਦੇ ਵੀ ਅੱਖੋਂ ਪਰੋਖੇ ਨਹੀਂ ਕੀਤੇ ਜਾ ਸਕਦੇ।

ਸਿੰਘ ਸਭਾ ਲਹਿਰ ਤੋਂ ਅਗਲੇ ਦੌਰ ਵਿਚ, ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਰੂਪ ਵਿਚ, ਸਿੱਖ ਸੰਸਥਾਵਾਂ ਦਾ ਆਧੁਨਿਕੀਕਰਨ ਵਾਕਈ ਸਿੱਖ ਮਾਨਸਿਕਤਾ ਨੂੰ ਨਵੇਂ ਸਾਂਚੇ ਵਿਚ ਢੱਲਣ ਵਿਚ ਕਾਮਯਾਬ ਰਿਹਾ। ਬਸਤੀਵਾਦੀ ਹਾਕਮ ਅੰਗਰੇਜ਼ ਦਾ ਮਨਸ਼ਾ ਹੀ ਇਹ ਸੀ ਕਿ ਸਿੱਖਾਂ ਦੀਆਂ ਪਰੰਪਰਕ ਸੰਸਥਾਵਾਂ ਅਪ੍ਰਸੰਗਕ ਬਣਾ ਦਿੱਤੀਆਂ ਜਾਣ। ਪੱਛਮੀ ਤਰਜ਼ ਦੀਆਂ ਸਿਆਸੀ ਪਾਰਟੀਆਂ ਸਥਾਪਤ ਕਰਕੇ ਲੋਕਾਂ ਨੂੰ ਬਾਕਾਇਦਾ ਅੰਗਰੇਜ਼ੀ ਹਕੂਮਤ ਦੇ ਅਮਲ ਵਿਚ ਹਿੱਸੇਦਾਰ ਬਣਾਇਆ ਜਾਏ ਜਿਸ ਤਹਿਤ ਸੰਘਰਸ਼ ਦਾ ਅਰਥ ਸਿਰਫ ਅੰਗਰੇਜ਼ੀ ਹਕੂਮਤ ਤੋਂ ਕੁੱਝ ਮੰਗਾਂ ਮੰਨਵਾਉਣ ਤੱਕ ਸੀਮਤ ਹੋਵੇ। ਲੋਕ ਅੰਗਰੇਜ਼ੀ ਹਕੂਮਤ ਨੂੰ ਇਕ ਅਟੱਲ ਹਕੀਕਤ ਦੇ ਤੌਰ 'ਤੇ ਮਾਨਤਾ ਦੇ ਕੇ ਹੋਰ ਕਿਸੇ ਬਦਲ ਬਾਰੇ ਸੋਚਣ ਦੀ ਜੁਰਅਤ ਵੀ ਨਾ ਕਰਨ।

ਗੁਰਦੁਆਰਾ ਸੁਧਾਰ ਲਹਿਰ ਦੇ ਭਰਵੇਂ ਵੇਗ ਵਿਚੋਂ ਉਭਰ ਕੇ ਸਾਹਮਣੇ ਆਈ ਆਧੁਨਿਕ ਤਰਜ਼ ਦੀ ਪਹਿਲੀ ਸਿੱਖ ਸਿਆਸੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਇਹ ਹੀ ਸਪੱਸ਼ਟ ਕਰਦੀ ਹੈ ਕਿ ਸਿੰਘ ਸਭਾ ਲਹਿਰ ਦੌਰਾਨ, ਇਸ ਦੇ ਸੰਚਾਲਕਾਂ ਦੀ ਸੁਹਿਰਦਤਾ ਦੇ ਬਾਵਜੂਦ, ਗੁਰਮਤਿ ਦੀ ਜਿਹੜੀ ਵਿਆਖਿਆ ਸਾਹਮਣੇ ਆਈ ਉਹ ਸਿੱਖੀ ਦਾ ਆਧੁਨਿਕ ਮੁਹਾਵਰੇ ਵਿਚ ਕੀਤਾ ਗਿਆ ਅਨੁਵਾਦ ਸੀ। ਸ਼੍ਰੋਮਣੀ ਅਕਾਲੀ ਦਲ ਇਸ ਅਨੁਵਾਦ ਦਾ, ਬਿਰਤਾਂਤ ਤੋਂ ਬਾਅਦ, ਵਰਤਾਰੇ ਵਜੋਂ ਸਾਹਮਣੇ ਆਇਆ ਰੂਪ ਸੀ ਜੋ ਸਿੱਖ ਰਵਾਇਤਾਂ ਦੀ ਨਹੀਂ ਬਲਕਿ ਪੱਛਮੀ ਜਮਹੂਰੀਅਤ ਦੇ ਨਮੂਨੇ ਦੀ ਤਰਜਮਾਨੀ ਕਰਦਾ ਸੀ। ਨਿਰਲੱਜਤਾ ਨੂੰ ਰੂਪਮਾਨ ਕਰਨ ਵਾਲ਼ਾ ਇਹ ਵਰਤਾਰਾ ਉਘੜ ਕੇ ਸਾਹਮਣੇ ਤਾਂ ਗੁਰਦੁਆਰਾ ਐਕਟ ਨੂੰ ਪ੍ਰਵਾਨ ਕਰਨ ਵੇਲ਼ੇ ਹੀ ਆ ਗਿਆ ਸੀ ਪਰ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਵੱਲੋਂ ਪਾਸ ਕੀਤਾ ਗਿਆ ਬੱਬਰ ਅਕਾਲੀਆਂ ਦੇ ਹਥਿਆਰਬੰਦ ਸੰਘਰਸ਼ ਦੀ ਨਿਖੇਧੀ ਕਰਨ ਵਾਲ਼ਾ ਮਤਾ ਇਸ ਵਰਤਾਰੇ ਦੀ ਸਿਖਰ ਸੀ। ਇਹ ਸਿਰਫ ਇਕ ਜਮਹੂਰੀਅਤ ਨੂੰ ਪ੍ਰਣਾਈ ਹੋਈ ਪਾਰਟੀ ਵੱਲੋਂ ਹਥਿਆਰਬੰਦ ਸੰਘਰਸ਼ ਦੇ ਖਿਲਾਫ ਲਿਆ ਗਿਆ ਪੈਂਤੜਾ ਨਹੀਂ ਸੀ, ਇਸ ਦਾ ਅਰਥ ਤਾਂ ਇਹ ਸੀ ਕਿ ਅਕਾਲੀ ਸਿਰਫ ਨਾਂ ਦੇ ਹੀ ਅਕਾਲੀ ਰਹਿ ਗਏ ਸਨ, ਅਸਲ ਵਿਚ ਉਨ੍ਹਾਂ ਦੀ ਚੇਤਨਾ ਕਾਲ਼ ਦੇ ਪ੍ਰਭਾਵ ਤਹਿਤ ਚੱਲਣ ਲੱਗੀ ਸੀ। (ਅ)ਕਾਲੀ ਸਿੱਖੀ ਦੀ ਆਧੁਨਿਕ ਵਿਆਖਿਆ ਨੂੰ ਅਮਲ ਵਿਚ ਢਾਲ਼ ਰਹੇ ਸਨ। ਉਹ ਸਿੱਖ ਅਮਲ ਨੂੰ ਵਕਤ ਦੀਆਂ ਮਜਬੂਰੀਆਂ ਦਾ ਮੁਥਾਜ ਬਣਾਉਂਦੇ ਹੋਏ ਉਸ ਦੀਆਂ ਹੱਦਾਂ ਨਿਸਚਿਤ ਕਰ ਰਹੇ ਸਨ। ਅਜਿਹੀ ਪਹੁੰਚ ਲਈ ਅੰਗਰੇਜ਼ੀ ਹਕੂਮਤ, ਬਸਤੀਵਾਦੀ ਬਿਰਤਾਂਤ, ਕੌਮਵਾਦ ਅਤੇ ਪੱਛਮੀ ਜਮਹੂਰੀਅਤ ਸਭ ਅਬਦਲ ਹਕੀਕਤਾਂ ਸਨ ਜਿਨ੍ਹਾਂ ਦੇ ਘੇਰੇ ਵਿਚ ਰਹਿ ਕੇ ਹੀ ਕਿਸੇ ਕਿਸਮ ਦੇ ਸੰਘਰਸ਼ ਜਾਂ ਵਿਰੋਧ ਦੀ ਸੰਭਾਵਨਾ ਚਿਤਵੀ ਜਾ ਸਕਦੀ ਸੀ। ਕੇਵਲ ਅਕਾਲ ਦੀ ਸੱਤਾ ਪ੍ਰਵਾਨ ਕਰਕੇ, ਵਕਤ ਦੇ ਹਾਕਮਾਂ ਨੂੰ ਕੂੜ ਦਾ ਬਿਨਸਨਹਾਰਾ ਰੂਪ ਜਾਣਦੇ ਹੋਏ, ਖਾਲਸੇ ਦੀ ਫਤਿਹ ਨੂੰ ਵਾਹਿਗੁਰੂ ਜੀ ਦੀ ਫਤਿਹ ਮੰਨ ਕੇ ਇਸ ਵਿਚ ਅਟੱਲ ਨਿਸਚਾ ਰੱਖਣਾ ਇਨ੍ਹਾਂ ਨਵੇਂ (ਅ)ਕਾਲੀਆਂ ਦੇ ਤਸੱਵਰ ਵਿਚੋਂ ਹੀ ਬਾਹਰ ਸੀ। ਇਨ੍ਹਾਂ ਵਿਚੋਂ ਬਹੁਤਿਆਂ ਦੀ ਭਾਵਨਾ ਦੀ ਸ਼ੁੱਧਤਾ 'ਤੇ ਸ਼ੱਕ ਨਾ ਵੀ ਕਰੀਏ, ਤਾਂ ਵੀ ਮਸਲਾ ਇਹ ਹੈ ਕਿ ਇਸ ਵਰਗ ਦੇ ਮਾਨਸਿਕ ਧਰਾਤਲ ਦਾ ਬਸਤੀਕਰਨ ਹੋ ਚੁੱਕਾ ਸੀ ਜਿਸ ਦੀ ਸ਼ੁਰੂਆਤ ਇਸ ਲਹਿਰ ਦੇ ਚੱਲਣ ਤੋਂ ਬਹੁਤ ਪਹਿਲਾਂ ਹੀ ਹੋ ਚੁੱਕੀ ਸੀ। ਇਹ ਥੀਸਿਸ ਉਤਰ-ਬਸਤੀਵਾਦੀ ਬਿਰਤਾਂਤ ਵਿਚ, ਬਹੁਤ ਸਾਰੀਆਂ ਧਿਰਾਂ ਨਾਲ਼ ਸਬੰਧਤ ਵਿਦਵਾਨਾਂ ਵੱਲੋਂ, ਬਹੁਤ ਸਾਰੇ ਪਹਿਲੂਆਂ ਤੋਂ ਕੀਤੇ ਗਏ ਅਧਿਐਨ ਵਿਚ, ਚੰਗੀ ਤਰ੍ਹਾਂ ਸਥਾਪਤ ਕੀਤਾ ਜਾ ਚੁੱਕਾ ਹੈ। ਸਿੱਖ ਪ੍ਰਸੰਗ ਵਿਚ ਡਾ. ਅਰਵਿੰਦਪਾਲ ਸਿੰਘ ਮੰਡੇਰ ਦੀ ਪਿਛਲੇ ਵਰ੍ਹੇ ਛਪੀ ਕਿਤਾਬ Religion and Specter of the Westies ਸਾਰੇ ਬਿਰਤਾਂਤ 'ਤੇ ਨਵੀਂ ਰੋਸ਼ਨੀ ਪਾਉਂਦੀ ਹੈ।

ਦੂਜੇ ਪਾਸੇ ਡਾ. ਬਲਕਾਰ ਸਿੰਘ ਕਹਿ ਰਹੇ ਹਨ ਕਿ ਅਕਾਲੀਅਤ ਕੋਈ ਆਦਰਸ਼ ਸਿਧਾਂਤਕ ਪਹੁੰਚ ਹੈ ਅਤੇ ਅਜੋਕੇ (ਅ)ਕਾਲੀਆਂ ਦਾ ਅਮਲ ਹੀ ਇਸ ਤੋਂ ਵੱਖਰਾ ਹੈ। ਡਾ. ਸਾਹਿਬ ਸਪੱਸ਼ਟ ਕਰ ਦੇਣ ਤਾਂ ਉਨ੍ਹਾਂ ਦੀ ਮਿਹਰਬਾਨੀ ਪਰ ਮੇਰੇ ਲਈ ਉਨ੍ਹਾਂ ਦੇ ਇਸ ਦਾਅਵੇ ਦੀ ਕੋਈ ਵੀ ਤੁਕ ਬਣਾਉਣੀ ਔਖੀ ਹੈ। ਮੇਰੀ ਇਹ ਜਾਣਨ ਵਿਚ ਦਿਲਚਸਪੀ ਹੈ ਕਿ ਡਾ. ਬਲਕਾਰ ਸਿੰਘ ਆਧੁਨਿਕਤਾਵਾਦੀ ਪਹੁੰਚ ਦੇ ਆਲੋਚਨਾਤਮਕ ਅਧਿਐਨ ਦੀ ਘਾਟ ਕਰਕੇ ਲਕੀਰ ਦੇ ਫਕੀਰ ਹੋ ਕੇ ਇਸ ਦੀ ਪੈਰਵਾਈ ਕਰ ਰਹੇ ਹਨ ਜਾਂ ਉਤਰ-ਬਸਤੀਵਾਦੀ ਬਿਰਤਾਂਤ ਨਾਲ ਉਨ੍ਹਾਂ ਦੀ ਕੋਈ ਖਾਸ ਅਸਹਿਮਤੀ ਹੈ।

ਡਾ. ਬਲਕਾਰ ਸਿੰਘ ਆਪਣੀ ਗੱਲ ਅੱਗੇ ਤੋਰਦੇ ਹੋਏ ਜਾਂ ਆਪਣੇ ਕਾਰਟੀਜ਼ਿਅਨ ਦਵੰਦ ਨੂੰ ਹੋਰ ਉਜਾਗਰ ਕਰਦੇ ਹੋਏ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਥਾਂ ਨਿਸਚਿਤ ਕਰਨ ਦੀ ਕੋਸ਼ਿਸ਼ ਕਰਦੇ ਹਨ। ਉਨ੍ਹਾਂ ਨੂੰ ਸੰਤਾਂ ਦੇ ਪੰਥਕ ਜਾਂ ਸ਼ਹੀਦ ਹੋਣ ਤੇ ਕੋਈ ਇਤਰਾਜ਼ ਨਹੀਂ ਪਰ ਉਨ੍ਹਾਂ ਵੱਲੋਂ ਨਿਭਾਈ ਭੂਮਿਕਾ ਦੀ ਸਿਆਸੀ ਦਲੀਲ ਬਣਾਉਣ ਵਿਚ ਮੁਸ਼ਕਲ ਪੇਸ਼ ਆ ਰਹੀ ਹੈ। ਡਾ. ਬਲਕਾਰ ਸਿੰਘ ਦੀ ਸਮੁੱਚੀ ਪਹੁੰਚ ਦੇ ਪ੍ਰਸੰਗ ਵਿਚ ਵੇਖਿਆਂ ਅਜਿਹੀ ਸਮੱਸਿਆ ਕੋਈ ਹੈਰਾਨੀ ਵਾਲ਼ੀ ਗੱਲ ਨਹੀਂ। ਉਹ ਆਪਣੀ ਸਾਰੀ ਦਲੀਲ ਬਸਤੀਵਾਦੀ ਬਿਰਤਾਂਤ ਦੇ ਘੇਰੇ ਵਿਚ ਹੀ ਬੁਣ ਰਹੇ ਹਨ। ਜਿਵੇਂ ਕਿ ਅਸੀਂ ਸਪੱਸ਼ਟ ਕਰ ਚੁੱਕੇ ਹਾਂ, ਸ਼੍ਰੋਮਣੀ ਅਕਾਲੀ ਦਲ ਸਿੱਖਾਂ ਦੀ ਸਮੁੱਚੀ ਸਥਿਤੀ ਤੋਂ ਅਲਹਿਦਗੀ ਵਿਚ ਚੱਲਣ ਵਾਲਾ ਕੋਈ ਅੱਡਰਾ ਵਰਤਾਰਾ ਨਹੀਂ। ਇਹ ਸਿੰਘ ਸਭਾ ਲਹਿਰ ਦੇ ਅਨੁਭਵ ਵਿਚਲੇ ਅਨੁਵਾਦ ਦਾ ਅਮਲ ਵਿਚ ਢਲ ਜਾਣ ਦਾ ਨਤੀਜਾ ਹੈ। ਸ਼੍ਰੋਮਣੀ ਅਕਾਲੀ ਦਲ ਅੱਜ ਤੱਕ ਨਾ ਇਸ ਬਿਰਤਾਂਤ ਦੇ ਘੇਰੇ ਨੂੰ ਤੋੜ ਸਕਿਆ ਹੈ ਤੇ ਨਾ ਹੀ ਇਸ ਨੇ ਸਿੱਖਾਂ ਨੂੰ ਕਿਸੇ ਤਣ ਪੱਤਣ ਲਾਉਣ ਦੀ ਕੋਈ ਆਸ ਵਿਖਾਈ ਹੈ। ਦੂਜੇ ਪਾਸੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦਾ ਸਫਰ ਸ਼ੁਰੂ ਹੀ ਕਿਸੇ ਹੋਰ ਪੜਾਅ ਤੋਂ ਹੁੰਦਾ ਹੈ। ਸਿੱਖੀ ਦੀ ਜਿਹੜੀ ਵਿਆਖਿਆ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਕੋਲ਼ ਹੈ, ਉਸ ਬਾਰੇ ਸਾਡੇ ਸਾਰਿਆਂ ਦੇ ਬਹੁਤ ਸਾਰੇ ਨਜ਼ਰੀਏ ਤਾਂ ਹੋ ਸਕਦੇ ਹਨ ਪਰ ਇਕ ਗੱਲ ਜ਼ਰੂਰ ਹੈ ਕਿ ਉਹ ਵਿਆਖਿਆ ਬਸਤੀਵਾਦੀ ਪ੍ਰਵਾਹ ਦੇ ਵਿਚੋਂ ਦੀ ਹੋ ਕੇ ਨਹੀਂ ਆਈ।

ਇਸ ਵਿਆਖਿਆ ਪ੍ਰਣਾਲੀ ਦੀ ਇਹ ਵੱਡੀ ਪ੍ਰਾਪਤੀ ਹੈ ਕਿ ਇਸ ਨੇ ਆਪਣੇ ਆਪ ਨੂੰ ਕਿਸੇ ਵੀ ਬਸਤੀਵਾਦੀ ਪ੍ਰਭਾਵ ਤੋਂ ਮੁਕਤ ਰੱਖਿਆ ਤੇ ਸਿੱਖ ਦੀ ਆਜ਼ਾਦ ਹਸਤੀ ਨੂੰ ਜਿਉਂਦਿਆਂ ਰੱਖਣ ਦਾ ਸਬੱਬ ਬਣੀ। ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਉਸ ਆਜ਼ਾਦ ਹਸਤੀ ਦਾ ਪ੍ਰਚੰਡ ਰੂਪ ਜ਼ਾਹਰ ਕਰਦੇ ਹਨ। ਸੰਤਾਂ ਨੇ ਸਥਾਪਤੀ ਦੇ ਕਿਸੇ ਬਿਰਤਾਂਤ ਨੂੰ ਮਾਨਤਾ ਦਿੱਤੇ ਬਗੈਰ ਕਿਸੇ ਪ੍ਰਚਲਤ ਸਿਆਸੀ ਮੁਹਾਵਰੇ ਦੇ ਘੇਰੇ ਵਿਚ ਵਿਚਰਨ ਦੀ ਬਜਾਏ ਸਿੱਖ ਸੰਦਰਭ ਨੂੰ ਆਪਣੇ ਅਹਿਸਾਸ ਵਿਚ ਪਾਲਿਆ ਤੇ ਉਸ ਦੀ ਸਾਰਥਕਤਾ ਦਾ ਦਮ ਭਰਦਿਆਂ ਸਿੱਖਾਂ ਦੀ ਲਹਿਰ ਨੂੰ ਇਕ ਵੱਖਰਾ ਮੁਹਾਵਰਾ ਮੁਹੱਈਆ ਕਰਵਾਇਆ। ਬਿਨਾਂ ਸ਼ੱਕ ਮੂਲ ਰੂਪ ਵਿਚ ਇਹ ਸਿਆਸੀ ਚਿੰਤਨ ਨਹੀਂ ਸੀ ਤੇ ਸਿਆਸੀ ਬਿਰਤਾਂਤ ਪੈਦਾ ਕਰਨਾ ਇਸ ਦਾ ਮੂਲ ਮਨੋਰਥ ਨਹੀਂ ਸੀ। ਇਹ ਤਾਂ ਉਹ ਵਰਤਾਰਾ ਸੀ ਜੋ ਆਪਣੇ ਹੋਣ ਵਿਚ ਚਿੰਤਨ ਤੇ ਗਿਆਨ ਦੀਆਂ ਸੀਮਾਵਾਂ ਨਿਸਚਿਤ ਕਰਦਾ ਸੀ ਤੇ ਚੱਲ ਰਹੇ ਬਿਰਤਾਂਤਾਂ ਨੂੰ ਮਾਨਤਾ ਦੇਣ ਦੀ ਮਜਬੂਰੀ ਨੂੰ ਬੇਤੁਕੀ ਤੇ ਬੇਅਣਖ ਪਹੁੰਚ ਮੰਨਦਾ ਸੀ। ਸੰਤਾਂ ਵੱਲੋਂ ਉਭਾਰ ਕੇ ਲਿਆਂਦਾ ਗਿਆ ਮੁਹਾਵਰਾ, ਅਨੁਵਾਦ ਦੀਆਂ ਪਰੰਪਰਾਵਾਂ ਨੂੰ ਅਹਿਸਾਸ ਨਾਲ ਪਾਰ ਕਰਨ ਵਾਲਾ, ਕਾਲ ਦੇ ਕਹਿਰਵਾਨ ਵੇਗ ਨੂੰ ਤੁੱਛ ਸਮਝਣ ਵਾਲਾ, ਸਿੱਖ ਆਪੇ ਨੂੰ ਇਸ ਦੀ ਨਿਰਮਲਤਾ ਵਿਚ ਵੇਖਣ ਦੀ ਨਜ਼ਰ ਰੱਖਣ ਵਾਲਾ, ਚੜ੍ਹਦੀ ਕਲਾ ਦੀ ਅਵਸਥਾ ਨੂੰ ਰੂਪਮਾਨ ਕਰਨ ਵਾਲਾ ਮੁਹਾਵਰਾ ਸੀ। ਇਹ ਕੇਵਲ ਸਿਆਸੀ ਬਿਰਤਾਂਤ ਹੈ ਹੀ ਨਹੀਂ ਸੀ। ਸਿੱਖੀ ਵਿਚ ਧਰਮ ਤੇ ਸਿਆਸਤ ਦੋ ਅੱਡ ਅੱਡ ਇਕਾਈਆਂ ਨਹੀਂ ਹਨ, ਸਗੋਂ ਧਰਮ ਦੀ ਜ਼ਿੰਦਗੀ ਦੇ ਕੁੱਲ ਪਹਿਲੂਆਂ ਨੂੰ ਕਲਾਵੇ ਵਿਚ ਲੈਣ ਵਾਲੀ ਪਹੁੰਚ ਵਿਚੋਂ ਸਿਆਸਤ ਇਕ ਪ੍ਰਗਟਾਵੇ ਦੇ ਰੂਪ ਵਿਚ ਹੀ ਸਾਹਮਣੇ ਆਉਂਦੀ ਹੈ। ਠੀਕ ਇਸੇ ਤਰ੍ਹਾਂ ਸੰਤਾਂ ਨੇ ਸਿੱਖੀ ਦੀ ਅਨੁਵਾਦਾਂ ਵਿਚ ਗੁੰਮ ਕੀਤੀ ਸੁਰ ਇਸ ਦੀ ਤਾਜ਼ਗੀ ਵਿਚ ਅਨੁਭਵ ਕਰਕੇ ਜਜ਼ਬਾਤ ਦੀ ਸ਼ਿੱਦਤ ਦੀ ਹਰ ਸਿਖਰ ਨੂੰ ਛੂਹਣ ਵਾਲਾ ਇਕ ਅਲਾਪ ਲਿਆ ਜਿਸ ਨੇ ਪੰਥ ਦੀ ਸੁਰਤ ਵਿਚ ਸਲਾਮਤ ਪਰ ਡੂੰਘੀਆਂ ਦੱਬੀਆਂ ਸੁਰਾਂ ਦੇ ਪ੍ਰਗਟਾਅ ਤੇ ਵਿਗਾਸ ਲਈ ਨਵੇਂ ਦਿਸਹੱਦਿਆਂ ਦੀ ਦੱਸ ਪਾਈ। ਧਰਮ ਦਾ ਰੰਗ ਇਸ ਦੇ ਪੂਰੇ ਜਲਾਲ ਵਿਚ ਉਜਾਗਰ ਕੀਤਾ ਗਿਆ। ਸਿਆਸੀ ਬਿਰਤਾਂਤ ਇਸ ਦੇ ਨਤੀਜੇ ਦੇ ਤੌਰ 'ਤੇ ਜ਼ਾਹਰ ਹੋ ਗਿਆ।

ਇਸ ਅਹਿਸਾਸ ਦੀ ਬਿਰਤਾਂਤ ਦੇ ਰੂਪ ਵਿਚ ਇਕ ਪੇਸ਼ਕਾਰੀ ਲਗਭਗ ਉਸੇ ਦੌਰ ਵਿਚ ਪ੍ਰੋ. ਹਰਿੰਦਰ ਸਿੰਘ ਮਹਿਬੂਬ ਦੀ 'ਸਹਿਜੇ ਰਚਿਓ ਖਾਲਸਾ' ਦੇ ਰੂਪ ਵਿਚ ਸਾਹਮਣੇ ਆਈ ਹੈ। 'ਸਹਿਜੇ ਰਚਿਓ ਖਾਲਸਾ' ਦੇ ਰੂਪ ਵਿਚ ਆਏ ਇਸ ਬਿਰਤਾਂਤ ਨਾਲ ਸਹਿਮਤੀ ਰੱਖੀਏ ਜਾਂ ਅਸਹਿਮਤੀ ਪਰ ਇਹ ਬਿਨਾਂ ਸ਼ੱਕ ਗੰਭੀਰ ਦਾਰਸ਼ਨਿਕ ਬਿਰਤਾਂਤ ਹੈ ਜੋ ਭਵਿੱਖ ਦੇ ਸਿੱਖ ਚਿੰਤਨ ਲਈ ਨਜ਼ਰਅੰਦਾਜ਼ ਕਰਨਾ ਸੰਭਵ ਨਹੀਂ ਹੋਵੇਗਾ ਭਾਵੇਂ ਨਵਾਂ ਸਿੱਖ ਚਿੰਤਨ ਇਸ ਨਾਲੋਂ ਅਸਲੋਂ ਹੀ ਵੱਖਰੇ ਨੁਕਤਿਆਂ ਤੋਂ ਸ਼ੁਰੂ ਹੁੰਦਾ ਹੈ।

ਇਸ ਤਰ੍ਹਾਂ ਸੰਤਾਂ ਵੱਲੋਂ ਲਾਈ ਜਾਗ ਦੇ ਸਿੱਟੇ ਵਜੋਂ ਨਵਾਂ ਸਿੱਖ (ਸਿਆਸੀ) ਚਿੰਤਨ ਪੈਦਾ ਹੋ ਰਿਹਾ ਹੈ ਪਰ ਇਸ ਨੂੰ ਪੜ੍ਹਨ ਤੇ ਸਮਝਣ ਲਈ ਡਾ. ਬਲਕਾਰ ਸਿੰਘ ਨੂੰ ਆਪਣੇ ਕਾਰਟੀਜ਼ਿਅਨ ਦਵੰਦ ਤੋਂ ਮੁਕਤੀ ਹਾਸਲ ਕਰਨ ਦੀ ਲੋੜ ਪਵੇਗੀ। ਬਸਤੀਵਾਦੀ ਬਿਰਤਾਂਤ ਦੀ ਸਰਦਾਰੀ ਵੇਲਾ ਵਿਹਾ ਚੁੱਕੀ ਹੈ। ਲੋਕਾਂ ਦੇ ਆਜ਼ਾਦ ਆਪੇ ਵਿਚੋਂ ਉਮ੍ਹਲਦੀਆਂ ਆਜ਼ਾਦ ਤਰੰਗਾਂ ਨੇ ਆਪਣੇ ਦਿਸਹੱਦੇ ਤਲਾਸ਼ ਹੀ ਲੈਣੇ ਹਨ।

**prabhsharandeep@gmail.com*

# ਅਕਾਲੀ ਨਜ਼ਰੀਏ ਦਾ ਨਿਰਮਲ ਸਰੂਪ ਜੁਝਾਰੂ ਲਹਿਰ ਕੋਲ ਹੀ ਸੀ

ਹਿਲ ਜਾਣਾ ਆਰਜ਼ੀ ਸੀ ਜਦਕਿ ਅਜਮੇਰ ਸਿੰਘ ਦਾ ਹਿਲ ਜਾਣਾ ਅਤੇ ਗੁਰੂ ਵਲ ਮੁੜਨਾ, ਗੁਰੂ-ਸਿਧਾਂਤ ਦੀ ਬਖਸ਼ਿਸ਼ ਸੀ। ਇਹ ਸੁੱਚਾ ਜਜ਼ਬਾ ਉਸ ਦੀਆਂ ਕਿਤਾਬਾਂ ਵਿਚੋਂ ਲੁਕਵੇਂ ਤੇ ਪ੍ਰਗਟ ਰੂਪ ਵਿਚ ਨਜ਼ਰ ਵੀ ਆਉਂਦਾ ਹੈ।

ਬਿਨਾਂ ਸ਼ੱਕ ਲਹਿਰਾਂ ਦਾ ਵਿਸ਼ਲੇਸ਼ਣ ਕਰਨ ਸਮੇਂ ਕਮਿਊਨਿਸਟ ਆਗੂਆਂ ਕੋਲ ਇਕ ਵਿਸ਼ੇਸ ਜੁਗਤ ਦੀ ਸੌਗਾਤ ਹੁੰਦੀ ਹੈ। ਉਹ ਸਮੁੱਚੀ ਜ਼ਿੰਦਗੀ ਵਿਚ ਘਟਣ ਵਾਲੇ ਸਮਾਜਕ, ਆਰਥਿਕ, ਧਾਰਮਿਕ ਤੇ ਰਾਜਨੀਤਕ ਵਰਤਾਰਿਆਂ ਨੂੰ ਬਾਹਰਮੁਖੀ ਨਜ਼ਰੀਏ ਤੋਂ ਵੇਖਦੇ ਤੇ ਪਰਖਦੇ ਹਨ। ਕਿਸੇ ਸਮੇਂ ਅਜਮੇਰ ਸਿੰਘ ਵੀ ਇਸੇ ਨਜ਼ਰੀਏ ਦਾ ਉਪਾਸ਼ਕ ਸੀ ਅਤੇ ਹੈਰਾਨੀ ਵਾਲੀ ਗੱਲ ਤਾਂ ਇਹ ਹੈ ਕਿ 'ਸਹਿਜੇ ਰਚਿਓ ਖ਼ਾਲਸਾ' ਦੇ ਉਘੇ ਪੰਥਕ ਲੇਖਕ ਇਕ ਦੌਰ ਵਿਚ ਏਸੇ ਹੀ ਨਜ਼ਰੀਏ ਦੇ ਉਪਾਸ਼ਕ ਸਨ। ਫ਼ਰਕ ਕੇਵਲ ਇਤਨਾ ਹੈ ਕਿ ਹਰਿੰਦਰ ਸਿੰਘ ਮਹਿਬੂਬ ਦਰਬਾਰ ਸਾਹਿਬ ਦੇ ਸਾਕੇ ਤੋਂ ਕਈ ਸਾਲ ਪਹਿਲਾਂ ਖ਼ਾਲਸਾ ਪੰਥ ਦੇ ਇਤਿਹਾਸ ਦੇ ਨਕਸ਼ੇ ਤੋਂ ਅਲੋਪ ਹੋ ਜਾਣ ਦੇ ਖ਼ਤਰਿਆਂ ਨੂੰ ਮਹਿਸੂਸ ਕਰ ਚੁੱਕੇ ਸਨ ਜਦਕਿ ਅਜਮੇਰ ਸਿੰਘ ਵਿਚ ਇਸ ਅਹਿਸਾਸ ਦਾ ਜਨਮ ਦਰਬਾਰ ਸਾਹਿਬ ਦੇ ਸਾਕੇ ਪਿੱਛੋਂ ਹੋਇਆ। ਪਰ ਨਾਲ ਹੀ ਇਹ ਤੱਥ ਵੀ ਚੇਤੇ ਰੱਖਣ ਵਾਲਾ ਹੈ ਕਿ ਅਜਮੇਰ ਸਿੰਘ ਦਾ ਪਿਛੋਕੜ ਨਿਰੋਲ ਸਿੱਖੀ ਦੇ ਮਾਹੌਲ ਨਾਲ ਜੁੜਿਆ ਹੋਇਆ ਸੀ। ਉਨ੍ਹਾਂ ਦੇ ਜੱਦੀ ਪਿੰਡ ਵਿਚ ਉਨ੍ਹਾਂ ਦੇ ਘਰ ਨੂੰ 'ਸਿੱਖਾਂ ਦਾ ਘਰ' ਕਿਹਾ ਜਾਂਦਾ ਹੈ ਜਿੱਥੇ ਸਿੱਖੀ ਦੀਆਂ ਕਦਰਾਂ ਕੀਮਤਾਂ ਦਾ ਇਕ ਜਿਉਂਦਾ ਜਾਗਦਾ ਮਾਹੌਲ ਹੀ ਨਹੀਂ ਸੀ ਸਗੋਂ ਇਸ ਘਰ ਵਿਚ ਵਸਣ ਵਾਲੇ ਜੀਅ ਅਕਾਲੀ ਲਹਿਰਾਂ ਵਿਚ ਭਰਪੂਰ ਹਿੱਸਾ ਪਾਉਂਦੇ ਰਹੇ ਸਨ। ਇਹ ਵਿਰਸਾ ਵੀ ਕਿਸੇ ਨਾ ਕਿਸੇ ਤਰ੍ਹਾਂ ਅਜਮੇਰ ਸਿੰਘ ਵਿਚ ਮੌਜੂਦ ਸੀ। ਜੇ ਉਸ ਦੀਆਂ ਤਿੰਨਾਂ ਪੁਸਤਕਾਂ ਨੂੰ ਵਿਕਾਸ ਦੇ ਨਜ਼ਰੀਏ ਤੋਂ ਵੇਖਿਆ ਜਾਵੇ ਤਾਂ ਇਹ ਸਾਫ਼ ਜ਼ਾਹਿਰ ਹੋਵੇਗਾ ਕਿ ਗੁਰਮਤਿ ਦਾ ਰਾਜਨੀਤਕ ਪ੍ਰਸੰਗ ਦੂਜੀ ਤੇ ਤੀਜੀ ਕਿਤਾਬ ਵਿਚ ਵਧੇਰੇ ਨਿਖਰ ਕੇ ਸਾਹਮਣੇ ਆਇਆ ਹੈ। ਪਰ ਆਲੋਚਕਾਂ ਨੇ ਜੇ ਉਸਦੀਆਂ ਲਿਖਤਾਂ ਦਾ ਵਿਸ਼ਲੇਸ਼ਣ ਕਰਨਾ ਹੀ ਹੈ ਤਾਂ ਲੇਖਕ ਦੀ ਰੂਹ ਵਿਚ ਲੁਕੇ ਰਾਜਨੀਤਕ ਦਰਦ ਦੀ ਪਹਿਚਾਣ ਜ਼ਰੂਰ ਕਰ ਲੈਣੀ ਚਾਹੀਦੀ ਹੈ। ਮਹਾਨ ਫ਼ਿਲਾਸਫ਼ਰ ਨਿਤਸ਼ੇ (1844-1900) ਨੇ ਆਲੋਚਕਾਂ ਬਾਰੇ ਟਿੱਪਣੀ ਕਰਦਿਆਂ ਇਕ ਥਾਂ ਲਿਖਿਆ ਹੈ ਕਿ "ਕੀੜੇ ਇਸ ਕਰਕੇ ਡੰਗ ਨਹੀਂ ਮਾਰਦੇ ਕਿ ਉਨ੍ਹਾਂ ਅੰਦਰ ਕੋਈ ਮੰਦਾ ਇਰਾਦਾ ਲੁਕਿਆ ਹੁੰਦਾ ਹੈ ਬਲਕਿ ਉਹ ਜਿਊਣ ਲਈ ਅਜਿਹਾ ਕਰਦੇ ਹਨ। ਆਲੋਚਕਾਂ ਦੀ ਬਿਰਤੀ ਵੀ ਕੁਝ ਇਸ ਤਰ੍ਹਾਂ ਦੀ ਹੁੰਦੀ ਹੈ, ਉਹ ਸਾਡਾ ਖ਼ੂਨ ਮੰਗਦੇ ਹਨ ਪਰ ਸਾਡਾ ਦਰਦ ਨਹੀਂ ਜਾਣਦੇ।" ਜੇ ਅਜਮੇਰ ਸਿੰਘ ਦੇ ਆਲੋਚਕ ਦਰਦ ਨੂੰ ਜਾਣੇ ਤੋਂ ਬਿਨਾਂ ਖ਼ੂਨ ਮੰਗਣਗੇ ਤਾ ਉਨ੍ਹਾਂ ਨੂੰ ਸ਼ਾਇਦ ਕੁਝ ਵੀ ਹਾਸਲ ਨਹੀਂ ਹੋਣ ਲੱਗਾ ਅਤੇ ਖ਼ੂਨ ਕਰਨ ਨਾਲ ਇਤਿਹਾਸ ਉਨ੍ਹਾਂ ਉਤੇ ਕਤਲ ਦਾ ਇਲਜ਼ਾਮ ਵੀ ਲਾਏਗਾ।

**...ਬਾਕੀ ਅਗਲੇ ਅੰਕ ਵਿਚ।**

**ਫੋਨ:91-99150-91063*

# ਬਾਬਾ ਰਾਮ ਸਿੰਘ ਬਾਰੇ ਪੜ੍ਹਦਿਆਂ

## ਪੁਸਤਕ ਚਰਚਾ

**ਸਵਰਨ ਸਿੰਘ ਵਿਰਕ**

ਪੰਜਾਬ ਉਤੇ ਅੰਗਰੇਜ਼ਾਂ ਦਾ ਕਬਜ਼ਾ ਹੋਣ ਬਾਅਦ, ਦੇਸ਼ ਭਗਤ ਪੰਜਾਬੀਆਂ ਨੇ ਇਸ ਨੂੰ ਤਨੋਂ ਤੇ ਮਨੋਂ ਪ੍ਰਵਾਨ ਨਹੀਂ ਕੀਤਾ। ਭਾਈ ਮਹਾਰਾਜ ਸਿੰਘ ਦੀ ਅਗਵਾਈ ਹੇਠ ਕੁਝ ਵਰ੍ਹੇ ਇਕ ਲਹਿਰ ਸਰਗਰਮ ਰਹੀ ਜਿਸ ਦੀਆਂ ਯੋਜਨਾਵਾਂ ਸਿਰੇ ਨਾ ਚੜ੍ਹੀਆਂ। ਅਖ਼ੀਰ 1849 ਵਿਚ ਉਨ੍ਹਾਂ ਦੀ ਗ੍ਰਿਫ਼ਤਾਰੀ ਅਤੇ ਮੁੜ ਸਿੰਗਾਪੁਰ ਵਿਚ ਨਜ਼ਰਬੰਦੀ ਤੋਂ ਬਾਅਦ ਪੰਜਾਬੀ ਜਨਤਾ ਦਾ ਅਸੰਤੁਸ਼ਟ ਭਾਗ, ਨਵੀਂ ਲਹਿਰ ਦੀ ਖੋਜ ਵਿਚ ਸੀ। ਇਹ ਲਹਿਰ ਸਤਿਗੁਰੂ ਰਾਮ ਸਿੰਘ ਜੀ ਦੀ ਅਗਵਾਈ ਵਿਚ ਚੱਲਣ ਵਾਲੀ ਨਾਮਧਾਰੀ ਜਾਂ ਕੂਕਾ-ਲਹਿਰ ਸੀ ਜਿਸ ਦਾ ਘੇਰਾ ਅਟਕ ਤੋਂ ਜਮਨਾ ਦਰਿਆਵਾਂ ਦੇ ਵਿਚਕਾਰਲਾ ਇਲਾਕਾ ਸੀ। ਲਹਿਰ ਦਾ ਸਰੂਪ ਧਾਰਮਿਕ ਸੀ ਅਤੇ ਇਸ ਦੀ ਗਿਰੀ ਰਾਜਨੀਤਕ ਸੀ। ਮਨੋਰਥ ਸਿੱਖ ਜੀਵਨ ਜਾਚ ਵਿਚ ਆਈਆਂ ਕੁਰੀਤੀਆਂ ਨੂੰ ਦੂਰ ਕਰ ਕੇ, ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਦੁਆਰਾ ਸਾਜੇ ਸਿੱਖ ਖ਼ਾਲਸਾ ਪੰਥ ਨੂੰ ਮੁੜ ਇਸ ਦੇ ਪੁਰਾਤਨ ਸਰੂਪ ਵਿਚ ਕਾਇਮ ਕਰ ਕੇ, ਬਸਤੀਵਾਦੀ ਅੰਗਰੇਜ਼ ਸਰਕਾਰ ਦਾ ਬਿਸਤਰਾ ਗੋਲ ਕਰਨਾ ਸੀ।

ਜੂਝਣ ਵਾਲੇ ਲੋਕ, ਸਤਿਗੁਰੂ ਰਾਮ ਸਿੰਘ ਜੋ ਲਹਿਰ ਦੇ ਮਹਾਂ ਨਾਇਕ ਸਨ, ਦੇ ਇਰਦ-ਗਿਰਦ 'ਸੰਤ ਖ਼ਾਲਸੇ' ਦੇ ਰੂਪ ਵਿਚ ਜੁੜੇ ਗਏ ਅਤੇ ਸਰਕਾਰਪ੍ਰਸਤ, ਜਗੀਰਦਾਰ, ਭੂ-ਸਵਾਮੀ, ਸ਼ਾਹੂਕਾਰ, ਪੁਰੋਹਿਤ-ਪੁਜਾਰੀ ਵਰਗ ਇਸ ਲਹਿਰ ਦਾ ਵਿਰੋਧ ਕਰਨ ਲਈ 'ਮਲੇਛ ਖ਼ਾਲਸਾ' ਬਣ ਕੇ ਟੱਕਰਿਆ। ਇਹ ਲਹਿਰ ਮੁੱਖ ਤੌਰ 'ਤੇ ਸ਼ਾਂਤਮਈ ਸੀ ਪਰ ਕੁਝ ਖਾੜਕੂ ਸਿੰਘ ਵੀ ਆਪਣੇ ਨਿਸ਼ਾਨੇ ਤਕ ਛੇਤੀ ਪੁੱਜਣ ਲਈ ਇਸ ਵਿਚ ਸਰਗਰਮ ਹੋ ਗਏ। ਸਰਕਾਰ ਦੀਆਂ ਕਠੋਰ ਦੰਡਾਤਮਕ ਕਾਰਵਾਈਆਂ ਕਾਰਨ, ਸਤਿਗੁਰੂ ਰਾਮ ਸਿੰਘ ਜੀ ਨੂੰ ਪੰਜਾਬ ਵਿਚ (1857-1872) ਪੰਦਰਾਂ ਕੁ ਸਾਲ ਹੀ ਕੰਮ ਕਰਨ ਦਾ ਮੌਕਾ ਮਿਲਿਆ। ਇਸ ਵਿਚੋਂ ਵੀ ਸਾਢੇ ਤਿੰਨ ਕੁ ਵਰ੍ਹੇ (1863-66) ਉਹ ਆਪਣੇ ਪਿੰਡ ਭੈਣੀ ਸਾਹਿਬ ਵਿਚ ਨਜ਼ਰਬੰਦ ਰਹੇ। ਫਿਰ ਉਨ੍ਹਾਂ ਨੂੰ ਨਿਕਟੀ ਸੂਬਿਆਂ ਸਮੇਤ ਅਲਾਹਾਬਾਦ, ਰੰਗੂਨ ਅਤੇ ਮੌਰਮਈ ਟਾਪੂ ਦੀ ਕੈਦ ਵਿਚ 29 ਨਵੰਬਰ, 1884 ਤਕ ਰੱਖਿਆ ਗਿਆ। ਉਨ੍ਹਾਂ ਦੇ ਉਚੇ-ਸੁੱਚੇ ਕਿਰਦਾਰ ਅਤੇ ਸੰਘਰਸ਼ਸ਼ੀਲਤਾ ਤੋਂ ਨਾ ਸਿਰਫ਼ ਪੰਜਾਬ ਦੇ ਆਮ ਲੋਕ ਸਗੋਂ ਉਨ੍ਹਾਂ ਦੇ ਵਿਰੋਧੀ ਅੰਗਰੇਜ਼ ਵੀ ਪ੍ਰਭਾਵਤ ਸਨ। ਸਤਿਗੁਰੂ ਰਾਮ ਸਿੰਘ ਜਾਂ ਉਨ੍ਹਾਂ ਦੀ ਲਹਿਰ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ। ਹੁਣ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੀ ਨਾਮਧਾਰੀ ਗੁਰੂ ਰਾਮ ਸਿੰਘ ਚੇਅਰ ਦੇ ਮੁਖੀ ਡਾ. ਜੋਗਿੰਦਰ ਸਿੰਘ ਵੱਲੋਂ ਸਤਿਗੁਰੂ ਰਾਮ ਸਿੰਘ ਜੀ ਦੀ ਜੀਵਨ ਕਥਾ ਲਿਖੀ ਗਈ ਹੈ ਜੋ ਨੈਸ਼ਨਲ ਬੁੱਕ ਟਰਸਟ ਨੇ ਛਾਪੀ ਹੈ।

ਇਸ ਪੁਸਤਕ ਵਿਚ ਸਰਕਾਰੀ ਦਸਤਾਵੇਜ਼ਾਂ, ਨਾਮਧਾਰੀ ਦਰਬਾਰ ਅਤੇ ਉਨ੍ਹਾਂ ਦੁਆਰਾ ਛਪਦੇ ਪੱਤਰ-ਪਤ੍ਰਿਕਾਵਾਂ, ਨਾਮਧਾਰੀ ਲੇਖਕਾਂ ਦੀਆਂ ਪੁਸਤਕਾਂ ਅਤੇ ਕੂਕਿਆਂ ਬਾਰੇ ਹੁਣ ਤਕ ਪੁਸਤਕਾਂ ਖੋਜ-ਪੱਤਰਾਂ ਅਤੇ ਰਸਾਲਿਆਂ ਆਦਿ ਵਿਚ ਪ੍ਰਕਾਸ਼ਤ ਦੇਸ਼ੀ-ਵਿਦੇਸ਼ੀ ਵਿਦਵਾਨਾਂ ਦੀ ਭਰਪੂਰ ਸਮੱਗਰੀ ਹੈ, ਦੀ ਭਰਪੂਰ ਵਰਤੋਂ ਕੀਤੀ ਗਈ ਹੈ।

200 ਤੋਂ ਵੱਧ ਸਫ਼ਿਆਂ 'ਤੇ ਫੈਲੀ ਇਸ ਪੁਸਤਕ ਨੂੰ ਛੇ ਅਧਿਆਵਾਂ ਵਿਚ ਵੰਡਿਆ ਗਿਆ ਹੈ। ਪਹਿਲਾ ਅਧਿਆਏ 'ਨਾਮਧਾਰੀ ਗੁਰੂ ਦੇ ਸਮਕਾਲੀਆਂ' ਬਾਰੇ ਹੈ। ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰੀਆਂ ਵਿਚ 60% ਸਿੱਖ ਸਨ, ਇਕ-ਚੌਥਾਈ ਹਿੰਦੂ ਅਤੇ ਦਰਜਨ ਭਰ ਮੁਸਲਮਾਨ ਸਨ। ਇਹ ਸਾਰੇ ਅੰਮ੍ਰਿਤਸਰ, ਲਾਹੌਰ, ਗੁੱਜਰਾਂਵਾਲਾ, ਸਿਆਲਕੋਟ ਅਤੇ ਗੁਰਦਾਸਪੁਰ ਜ਼ਿਲ੍ਹਿਆਂ ਦੇ ਸਨ। ਇਨ੍ਹਾਂ ਸਿੱਖਾਂ ਵਿਚੋਂ ਬਹੁਗਿਣਤੀ ਜੱਟਾਂ ਅਤੇ ਹਿੰਦੂਆਂ ਵਿਚੋਂ ਇਨ੍ਹਾਂ ਜ਼ਿਲ੍ਹਿਆਂ ਦੇ ਬ੍ਰਾਹਮਣਾਂ, ਖੱਤਰੀਆਂ ਦੀ ਸੀ। ਰਣਜੀਤ ਸਿੰਘ ਦੇ ਅਹਿਲਕਾਰ ਮੁਸਲਮਾਨਾਂ ਵਿਚੋਂ ਜ਼ਿਆਦਾ ਸਨ। ਨਵੇਂ ਪ੍ਰਬੰਧਕੀ ਢਾਂਚੇ ਨੇ ਸਿੱਖ ਸਰਦਾਰਾਂ ਦੀ ਚੜ੍ਹਤ ਬਹੁਤ ਘਟਾ ਦਿੱਤੀ। ਸੈਨਾ ਅਤੇ ਪੁਲਿਸ ਵਿਚ ਹੁਣ ਸਿੱਖਾਂ ਦੀ ਬਜਾਏ ਮੁਸਲਮਾਨਾਂ ਦਾ ਬੋਲਬਾਲਾ ਹੋ ਗਿਆ। ਸਿੱਖਾਂ ਦੀ ਆਰਥਿਕਤਾ ਅਤੇ ਖ਼ਾਲਸਾ ਦਰਬਾਰ ਦੀ ਸੈਨਾ ਟੁੱਟਣ ਨਾਲ ਸੱਟ ਵੱਜੀ। ਈਸਾਈ ਮਿਸ਼ਨਰੀ ਸਰਗਰਮ ਹੋਏ। ਆਖ਼ਰੀ ਨਾਬਾਲਗ ਸਿੱਖ ਮਹਾਰਾਜਾ ਦਲੀਪ ਸਿੰਘ ਨੂੰ ਈਸਾਈ ਬਣਾਉਣ ਨਾਲ ਰੋਸ ਫੈਲਣਾ ਲਾਜ਼ਮੀ ਸੀ।

1857 ਦੇ ਪਹਿਲੇ ਕੌਮੀ ਵਿਦਰੋਹ ਸਮੇਂ ਸਿੱਖ ਸਰਦਾਰਾਂ ਅਤੇ ਜਗੀਰਦਾਰ ਤਬਕੇ ਨੂੰ ਜਗੀਰਾਂ ਅਤੇ ਸੈਨਿਕ ਅਹੁਦਿਆਂ ਨਾਲ ਨਿਵਾਜ਼ ਕੇ ਅੰਗਰੇਜ਼ਾਂ ਨੇ ਇਨ੍ਹਾਂ ਨੂੰ ਆਪਣੇ ਰਾਜ ਦੀ ਰਾਖੀ ਲਈ ਵਰਤਿਆ। 1860 ਦੇ ਨੇੜੇ-ਤੇੜੇ ਇਨ੍ਹਾਂ ਵਿਚੋਂ ਕੁਝ ਸਰਦਾਰ ਆਨਰੇਰੀ ਮੈਜਿਸਟਰੇਟ ਬਣਾਏ ਗਏ। ਇਨ੍ਹਾਂ ਪ੍ਰਲੋਭਨਾਂ ਕਰਕੇ ਸਿੱਖਾਂ ਦੀਆਂ ਅੰਗਰੇਜ਼ਾਂ ਨਾਲ ਹੋਈਆਂ ਜੰਗਾਂ ਸਮੇਂ ਉਨ੍ਹਾਂ ਦਾ ਵਿਰੋਧ ਕਰਨ ਵਾਲੇ ਸਿੱਖ ਸਰਦਾਰ ਵੀ ਅੰਗਰੇਜ਼ ਸੱਤਾ ਨਾਲ ਜੁੜਨ ਵਿਚ ਭਲਾ ਸਮਝਣ ਲੱਗੇ। ਨਵੇਂ ਕਾਨੂੰਨ ਅਨੁਸਾਰ ਇਤਿਹਾਸਕ ਸਿੱਖ-ਗੁਰਦੁਆਰਿਆਂ ਦੀਆਂ ਜ਼ਮੀਨਾਂ ਪੁਜਾਰੀਆਂ ਦੇ ਨਾਂ ਲੁਆਉਣ ਕਾਰਨ ਇਹ ਸਿੱਖ ਪੁਰੋਹਿਤ ਵਰਗ ਵੀ ਅੰਗਰੇਜ਼ ਭਗਤ ਹੋ ਗਿਆ। ਸਿੱਖ ਤਖ਼ਤਾਂ ਦੇ ਸਰਬਰਾਹ ਸਰਕਾਰ ਦੁਆਰਾ ਥਾਪੇ ਜਾਣ ਕਾਰਨ ਉਨ੍ਹਾਂ ਦੇ ਹੱਥਠੋਕੇ ਬਣ ਗਏ।

ਪ੍ਰੋਫੈਸਰ ਸਾਹਿਬ ਅਜਿਹੇ ਨਕਲੀ ਧਰਮ ਮੁਖੀਆਂ ਦੀ ਬਜਾਏ, ਭਾਈ ਬੀਰ ਸਿੰਘ ਨੌਰੰਗਾਬਾਦੀ ਦੇ ਚੇਲੇ, ਦੇਸ਼ ਭਗਤ ਭਾਈ ਮਹਾਰਾਜ ਸਿੰਘ ਦੀ ਖਾੜਕੂ ਪਰੰਪਰਾ ਅਤੇ ਗੁਰੂ ਬਾਲਕ ਸਿੰਘ ਦੀ ਜਗਿਆਸੀ-ਅਭਿਆਸੀ ਪਰੰਪਰਾ ਦੇ ਵਾਰਿਸ ਸਤਿਗੁਰੂ ਰਾਮ ਸਿੰਘ ਨੂੰ ਮੰਨਦੇ ਹਨ। ਇਸ ਅਧਿਆਏ ਵਿਚ ਲੇਖਕ ਨੇ ਉਸ ਸਮੇਂ ਦੇ ਪੰਜਾਬ ਦੇ ਸਾਰੇ ਹੀ ਪ੍ਰਸਿੱਧ ਸਿੱਖ ਡੇਰਿਆਂ ਅਤੇ ਸੰਤਾਂ-ਬਾਬਿਆਂ ਦਾ ਵੇਰਵਾ ਦਿੱਤਾ ਹੈ ਜਿਨ੍ਹਾਂ ਤੋਂ ਚੱਲਣ ਵਾਲੀਆਂ ਕਈ ਟਕਸਾਲਾਂ ਅੱਜ ਵੀ ਸੇਵਾ ਅਤੇ ਸਿੱਖੀ ਪ੍ਰਚਾਰ ਵਿਚ ਸਰਗਰਮ ਹਨ। ਇਸ ਦੁਆਰਾ ਸਤਿਗੁਰੂ ਰਾਮ ਸਿੰਘ ਦੇ ਸਮੇਂ ਦੇ ਪੰਜਾਬ ਵਿਚ ਸਿੱਖੀ ਵਾਯੂਮੰਡਲ ਨੂੰ ਸਮਝਣ ਵਿਚ ਸਪਸ਼ਟ ਸਮਝ ਬਣਦੀ ਹੈ। ਗਿਆਨੀ ਗਿਆਨ ਸਿੰਘ ਦੇ ਹਵਾਲੇ ਨਾਲ ਉਹ ਖ਼ਾਲਸਾ-ਸਿੱਖ, ਉਦਾਸੀ, ਨਿਰਮਲੇ, ਕੂਕਾ-ਸਿੱਖ ਅਤੇ ਨਿਹੰਗ ਸਿੰਘਾਂ ਨੂੰ ਪੰਥਕ ਪਰਿਵਾਰ ਵਿਚ ਹੀ ਗਿਣਦਾ ਹੈ। ਨਾਮਧਾਰੀ, ਗੁਰ ਸਿੱਖ ਰਹਿਤ ਮਰਿਆਦਾ ਅਤੇ ਪਰੰਪਰਾ ਦੇ ਧਾਰਨੀ ਦੱਸੇ ਗਏ ਹਨ।

'ਸਮਾਜਿਕ ਪ੍ਰਿਸ਼ਠਭੂਮੀ' ਵਾਲੇ ਅਧਿਆਏ ਵਿਚ ਸਤਿਗੁਰੂ ਰਾਮ ਸਿੰਘ ਦੇ ਵਡੇਰੇ, ਬੰਗਲੌਰ ਤੋਂ ਅਲਵਰ ਅਤੇ ਅਲਵਰ ਤੋਂ ਪੰਜਾਬ ਦੇ ਪਿੰਡ ਵੱਡੀ ਲਲਤੋਂ ਵਿਚ ਆਏ ਦੱਸੇ ਹਨ। ਬੰਗਲੌਰ ਵਾਲੀ ਗੱਲ ਦੇ ਸਬੰਧ ਵਿਚ ਪ੍ਰੋਫੈਸਰ ਸਾਹਿਬ ਦੇ ਸਰੋਤ ਨੂੰ ਟਪਲਾ ਲੱਗਾ ਹੈ। ਨਾਮਧਾਰੀ ਪਰੰਪਰਾ ਵਿਚ ਮੇਰਠ ਵੱਲੋਂ ਆਉਣ ਦਾ ਜ਼ਿਕਰ ਵੀ ਹੁੰਦਾ ਹੈ। ਸਤਿਗੁਰੂ ਜੀ ਦੇ ਵਡੇਰੇ ਸਿੱਖੀ ਦੇ ਘੇਰੇ ਵਿਚ, ਬਾਗੜੀਆਂ ਦੇ ਭਾਈ ਪਰਿਵਾਰ ਦੇ ਪੁਰਖ਼ਿਆਂ ਦੁਆਰਾ ਲਿਆਂਦੇ ਲਿਖੇ ਗਏ ਹਨ। ਬਚਪਨ ਵਿਚ ਸਤਿਗੁਰੂ ਜੀ ਕੁਝ ਸਮਾਂ ਬਿਲਗੇ ਦੀ ਧਰਮਸ਼ਾਲਾ ਵਿਚ ਵੀ ਪੜ੍ਹਦੇ ਰਹੇ ਪਰ ਉਨ੍ਹਾਂ ਨੂੰ ਸਕੂਨ ਗੁਰੂ ਬਾਲਕ ਸਿੰਘ ਦੁਆਰਾ ਦੱਸੇ ਨਾਮ ਤੋਂ ਹੀ ਮਿਲਿਆ।

ਪਰਿਵਾਰਕ ਰਾਜਗੀਰੀ ਦਾ ਕੰਮ ਸਿੱਖਣ ਬਾਅਦ ਆਪ ਨੇ ਲੁਧਿਆਣਾ ਬਣ ਰਹੇ ਚਰਚ ਦੀ ਉਸਾਰੀ ਵੀ ਕੀਤੀ ਅਤੇ ਈਸਾਈ ਮੱਤ ਦੀਆਂ ਸਾਦਾ ਸਿੱਖਿਆਵਾਂ ਵੱਲ ਰੁਚਿਤ ਵੀ ਹੋਏ। ਇਸ ਤੋਂ ਉਹ ਸਿੱਖ ਧਰਮ ਦੀਆਂ ਮੂਲ ਸਿੱਖਿਆਵਾਂ ਨੂੰ ਸ਼ੁੱਧ ਰੂਪ ਵਿਚ ਸਮਝਣ ਲਈ ਗਹਿਰਾ ਅਧਿਐਨ, ਚਿੰਤਨ ਤੇ ਮਨਨ ਕਰਦੇ ਰਹੇ। ਫ਼ੌਜੀ ਨੌਕਰੀ ਸਮੇਂ ਵੀ ਵਿਹਲੇ ਸਮੇਂ ਉਹ ਨਾਮ ਸਿਮਰਨ ਵਿਚ ਜੁਟ ਜਾਂਦੇ। ਕੁਦਰਤ ਦੇ ਕਾਨੂੰਨਾਂ ਦੀ ਗਹਿਰੀ ਸਮਝ




ਕਾਰਨ ਹੀ ਉਹ ਸਿੱਖ ਰਾਜ ਦੇ ਪਤਨ ਬਾਰੇ ਭਵਿੱਖਬਾਣੀਆਂ ਕਰਨ ਦੇ ਯੋਗ ਹੋਏ। ਡਾਕਟਰ ਸਾਹਿਬ ਮੁਤਾਬਕ ਮੁਦਕੀ ਦੀ ਲੜਾਈ ਸਮੇਂ ਦਰਿਆ ਵਿਚ ਬੰਦੂਕ ਸੁੱਟਣੀ ਆਪ ਜੀ ਦੀ ਦੂਰ-ਦ੍ਰਿਸ਼ਟੀ ਦਾ ਪ੍ਰਮਾਣ ਸੀ, ਨਾ ਕਿ ਦੇਸ਼ ਭਗਤੀ ਦਾ ਅਭਾਵ। ਗੁਰੂ ਬਾਲਕ ਸਿੰਘ ਦੇ ਤਿੰਨ ਪਿਆਰੇ ਚੇਲੇ ਦੱਸੇ ਗਏ ਹਨ: (1) ਹਜਰੋ ਸਾਹਿਬ ਵਿਚ ਕਾਹਨ ਸਿੰਘ ਜੋ ਬਾਅਦ ਵਿਚ ਮਹੰਤ ਬਣੇ (2) ਅੰਮ੍ਰਿਤਸਰ ਵਿਚ ਲਾਲ ਸਿੰਘ ਅਤੇ (3) ਭੈਣੀ ਸਾਹਿਬ ਵਿਚ (ਸਤਿਗੁਰੂ) ਰਾਮ ਸਿੰਘ। ਸਰਕਾਰੀ ਰਿਕਾਰਡ ਵਿਚ ਇਹ ਤਿੰਨੇ ਨਾਮ ਹਨ ਪਰ ਅੰਮ੍ਰਿਤਸਰ ਵਾਲਾ ਲਾਲ ਸਿੰਘ, ਮੁੜ ਕੇ ਪ੍ਰਗਟ ਨਹੀਂ ਹੁੰਦਾ। ਕਿਤੇ ਇਹ ਆਪ ਦੁਆਰਾ ਸਾਜੇ ਪੰਜਾਂ ਪਿਆਰਿਆਂ ਵਿਚੋਂ ਇਕ, ਭਾਈ ਲਾਭ ਸਿੰਘ ਰਾਗੀ ਹੀ ਤਾਂ ਨਹੀਂ ਸੀ ਜੋ ਅੰਮ੍ਰਿਤਸਰ ਵਿਚ ਲੰਮਾ ਸਮਾਂ ਰਹੇ?

ਤੀਜਾ ਕਾਂਡ 'ਨਾਮਧਾਰੀ ਮੱਤ ਦੀ ਰਣਨੀਤੀ ਅਤੇ ਸੰਗਠਨ' ਵਿਚ ਵਿਸਥਾਰ ਸਹਿਤ ਬਿਆਨ ਹੈ। ਡਾ. ਗੰਡਾ ਸਿੰਘ ਅਤੇ ਉਨ੍ਹਾਂ ਦੇ ਕੁਝ ਹਮਖ਼ਿਆਲ ਨਾਮਧਾਰੀ ਮੱਤ ਨੂੰ ਧਾਰਮਿਕ ਸੁਧਾਰਕ, ਚੌਖਟੇ ਵਿਚ ਹੀ ਵੇਖਦੇ ਹਨ ਜਦੋਂ ਕਿ ਫ਼ੌਜਾ ਸਿੰਘ ਬਾਜਵਾ ਅਤੇ ਐਮ.ਐਮ. ਆਹਲੂਵਾਲੀਆ ਇਸ ਨੂੰ ਖ਼ਾਲਸਾ ਰਾਜ ਨੀ ਪੁਨਰ-ਸਥਾਪਨਾ ਵੱਲ ਸੇਧਿਤ ਦੱਸਦੇ ਹਨ। ਪ੍ਰੋ. ਜੋਗਿੰਦਰ ਸਿੰਘ ਇਸ ਦੇ ਤਿੰਨ ਪੜਾਅ ਦੱਸਦੇ ਹਨ- ਪਹਿਲਾ ਗੁਰੂ ਬਾਲਕ ਸਿੰਘ (1785-1862) ਦੇ ਅਧੀਨ ਨਾਮ ਸਿਮਰਨ ਵਾਲਾ ਸਹਿਜਧਾਰੀ ਸਿੱਖ-ਭਾਈਚਾਰਾ, ਫਿਰ ਅਪਰੈਲ 1847 ਤੋਂ ਬਾਅਦ ਸਤਿਗੁਰੂ ਰਾਮ ਸਿੰਘ ਦੀ ਅਗਵਾਈ ਵਿਚ ਤਿਆਰ-ਬਰ-ਤਿਆਰ ਖ਼ਾਲਸਾ ਅਤੇ ਫਿਰ ਤੀਜੇ ਪੜਾਅ ਵਿਚ ਅੰਗਰੇਜ਼ਾਂ ਨੂੰ ਕੱਢ ਕੇ ਆਪਣਾ ਸੁਤੰਤਰ ਰਾਜ ਕਾਇਮ ਕਰਨ ਵੱਲ ਵਧਣਾ।

ਭਾਈ ਰਾਇ ਸਿੰਘ ਮਧੀਰ (ਫ਼ਿਰੋਜ਼ਪੁਰ) ਨੂੰ ਸ੍ਰੀ ਹਜ਼ੂਰ ਸਾਹਿਬ ਭੇਜ ਕੇ ਸਤਿਗੁਰੂ ਰਾਮ ਸਿੰਘ ਨੇ ਗੁਰੂ ਗੋਬਿੰਦ ਸਿੰਘ ਵਾਲੀ, ਸਿੱਖ ਜੀਵਨ ਜਾਚ ਲਈ ਰਹਿਤ ਮਰਿਆਦਾ, ਉਥੋਂ ਮੰਗਵਾ ਕੇ ਆਪਣੇ ਪੰਥ ਵਿਚ ਲਾਗੂ ਕੀਤੀ। ਆਪ ਨੇ ਪਰਿਵਾਰ ਸਮੇਤ ਖੰਡੇ ਦਾ ਅੰਮ੍ਰਿਤ ਬਾਬਾ ਜਵਾਹਰ ਸਿੰਘ (ਬਾਅਦ ਵਿਚ ਥਾਪੇ ਮੁਖੀ ਸੂਬੇ) ਤੋਂ ਛਕਿਆ। ਮਾਈਆਂ ਨੂੰ ਮਰਿਆਦਾ ਧਾਰਨ ਕਰਵਾਉਣ, ਅੰਮ੍ਰਿਤ ਛਕਾਉਣ ਤੇ ਅਨੰਦ ਪ੍ਰਥਾ ਵਿਆਹ ਲਈ ਲਾਗੂ ਕਰਵਾਉਣ ਬਾਅਦ 1863 ਵਿਚ ਆਪ ਸਰਕਾਰੀ ਨਿਗਰਾਨੀ ਹੇਠ ਆ ਗਏ। ਗੁਰਬਾਣੀ-ਕੀਰਤਨ ਲਈ ਪਿੰਡਾਂ ਵਿਚ ਨਾਮਧਾਰੀਆਂ ਦੀਆਂ ਆਪਣੀਆਂ ਧਰਮਸ਼ਾਲਾਵਾਂ ਬਣਾਈਆਂ ਗਈਆਂ। ਪੰਜਾਬ ਦੇ ਭਿੰਨ-ਭਿੰਨ ਜ਼ਿਲਿਆਂ/ਇਲਾਕਿਆਂ ਲਈ ਰਾਗੀ/ਢਾਡੀ ਜਥੇ ਨੀਅਤ ਕਰ ਕੇ ਦਿਨਾਂ ਵਿਚ ਹੀ ਸਿੱਖੀ ਬਾਗ਼ ਦੀਆਂ ਰੌਣਕਾਂ ਮਹਿਕਾਂ ਵੰਡਣ ਲੱਗੀਆਂ। ਤੇਜ਼ੀ ਨਾਲ ਪ੍ਰਚਾਰ ਦੌਰੇ ਅਰੰਭੇ ਗਏ। ਸਿੱਖ ਦਰਬਾਰ ਦੇ ਪੁਰਾਣੇ ਸੈਨਿਕ ਅਤੇ ਵੱਖ ਵੱਖ ਭੇਖ਼ਾਂ ਦੇ ਸਾਧੂ-ਸੰਤ, ਉਨ੍ਹਾਂ ਦੇ ਮੁਖੀ, ਗੁਰਮਤਿ ਜੀਵਨ-ਜਾਚ ਅਤੇ ਮੁਕਤੀ ਸੰਗਰਾਮ ਨਾਲ ਜੁੜਨ ਲਈ ਭੈਣੀ ਸਾਹਿਬ ਵੱਲ ਵਹੀਰਾਂ ਘੱਤ ਤੁਰੇ। ਸਤਿਗੁਰੂ ਜੀ ਦੇ ਦੌਰਿਆਂ ਵਿਚ 100 ਤੋਂ 500 ਤਕ ਦੀ ਸੰਗਤ ਨਾਲ ਹੁੰਦੀ। ਫਿਰ ਹਜ਼ਾਰਾਂ ਸੰਗਤਾਂ ਨੂੰ ਸੰਬੋਧਤ ਹੋਣ ਲਈ ਆਪ ਨੇ ਸਿੱਖ/ਹਿੰਦੂ ਤੀਰਥਾਂ ਦੇ ਵੱਡੇ ਪੁਰਬਾਂ ਸਮੇਂ ਜਾਣਾ ਅਰੰਭਿਆ ਤਾਂ ਜੋ ਆਪਦੇ ਪਰਿਵਾਰ ਦਾ ਘੇਰਾ ਹੋਰ ਵੱਡਾ ਹੋ ਸਕੇ। ਦੂਜੇ ਪਾਸੇ, ਦੀਵਾਲੀ 1862 ਦੀ ਅੰਮ੍ਰਿਤਸਰ ਯਾਤਰਾ ਸਮੇਂ ਤੋਂ ਹੀ ਸਿੱਖ ਪੁਰੋਹਿਤ ਵਰਗ ਨੇ ਆਪ ਦੀ ਅਰਦਾਸ ਨਾ ਕਰ ਕੇ ਸੱਤਾਧਾਰੀਆਂ ਨੂੰ ਖ਼ੁਸ਼ ਕਰਨ ਲਈ ਸਿੱਖੀ ਦੀ ਮੁੱਖ ਧਾਰਾ ਵਿਚੋਂ ਕੂਕਿਆਂ ਨੂੰ ਲਾਂਭੇ ਕਰਨ ਦਾ ਮੁੱਢ ਬੰਨ੍ਹਿਆ। ਇਸ ਗੱਲ ਦਾ ਪ੍ਰਗਟਾਵਾ ਸਤਿਗੁਰੂ ਜੀ ਦੇ ਹੁਕਮਨਾਮਿਆਂ ਵਿਚੋਂ ਵੀ ਮਿਲਦਾ ਹੈ। ਇਸੇ ਸਾਲ ਮਾਘੀ ਦੇ ਮੇਲੇ 'ਤੇ ਮੁਕਤਸਰ ਜਾਣ ਸਮੇਂ ਟਿਬੀ ਸਾਹਿਬ ਵੱਲ ਲਾਠੀ, ਸਫ਼ਾਜੰਗ, ਸਲੋਤਰ, ਹੋਰ ਕੁਝ ਨਹੀਂ ਤਾਂ ਜਵਾਰ ਦੇ ਟਾਂਡੇ ਹੀ ਮੋਢਿਆਂ 'ਤੇ ਹਥਿਆਰਾਂ ਵਾਂਗ ਟਿਕਾ ਕੇ, ਧਾਵੇ ਦੀ ਸ਼ਕਲ 'ਤੇ ਹੱਲਾ ਕਰਨ ਦੀ ਕਾਰਵਾਈ ਨੂੰ ਅੰਗਰੇਜ਼ ਅਧਿਕਾਰੀਆਂ ਨੇ ਸ਼ੱਕ ਦੀ ਉਸ ਨਜ਼ਰ ਨਾਲ ਵੇਖਣਾ ਅਰੰਭਿਆ ਜਿਸ 'ਤੇ ਦੋਹਾਂ ਧਿਰਾਂ ਵਿਚ ਬੋਲ-ਬੁਲਾਰਾ ਵੀ ਹੋਇਆ ਅਤੇ ਨਾਮਧਾਰੀ ਤੇ ਸਰਕਾਰੀ ਹਾਕਮਾਂ ਦੇ 90 ਸਾਲ ਦੇ ਲੰਬੇ ਵੈਰ ਦਾ ਮੁੱਢ ਵੀ ਬੱਝ ਗਿਆ। ਇਸੇ ਮਾਘੀ 'ਤੇ ਪਰਿਕਰਮਾ ਵਿਚ ਲੁੱਚੇ-ਲਫ਼ੰਗਿਆਂ ਨੂੰ ਗੰਦੀਆਂ ਦੋ-ਅਰਥੀ ਬੋਲੀਆਂ ਪਾਉਣ ਅਤੇ ਅਸ਼ਲੀਲ ਹਰਕਤਾਂ ਕਰਨ ਤੋਂ ਕੂਕੇ ਸਿੰਘਾਂ ਨੇ ਚੰਗਾ ਸੋਧਾ ਵੀ ਲਾਇਆ। ਇਸ ਘਟਨਾ ਨੂੰ ਲੋਕ ਗੀਤਾਂ ਨੇ ਸਾਂਭ ਲਿਆ:

"ਕੂਕੇ ਗੌਣ ਲੱਗਣ ਨਾ ਦਿੰਦੇ, ਮੇਲਾ ਮੁਖ਼ਸਰ ਦਾ"

ਇਸਤਰੀ ਜਾਤੀ ਪ੍ਰਤੀ ਸਤਿਗੁਰੂ ਰਾਮ ਸਿੰਘ ਦੇ ਉਪਕਾਰਾਂ ਨੇ, ਆਪ ਨੂੰ ਵਿਸ਼ਵ ਦੇ ਚੋਟੀ ਦੇ ਸਮਾਜ ਸੁਧਾਰਕਾਂ ਦੀ ਕਤਾਰ ਵਿਚ ਖੜ੍ਹਾ ਕਰ ਦਿੱਤਾ। 'ਨੜੀ-ਮਾਰ' ਅਤੇ 'ਕੁੜੀ-ਮਾਰ' ਨਾਲ ਕਿਸੇ ਕਿਸਮ ਦਾ ਮੇਲ-ਜੋਲ ਨਾ ਰੱਖਣ ਵਾਲੀ, ਸਿੱਖ ਰਹਿਤਨਾਮਿਆਂ ਦੀ ਸਿੱਖਿਆ, ਆਪ ਨੇ ਆਪਣੇ ਸਾਜੇ ਸੰਤ-ਖ਼ਾਲਸੇ ਅਤੇ ਅੱਖਰ ਅੱਖਰ ਲਾਗੂ ਕਰ ਵਿਖਾਈ। ਵਿਦੇਸ਼ੀ ਮਾਲ ਅਤੇ ਸੰਸਥਾਵਾਂ ਦਾ ਬਾਈਕਾਟ, ਸਵਦੇਸ਼ੀ ਦਾ ਪ੍ਰਚਾਰ, ਧਰਮਸ਼ਾਲਾਵਾਂ ਵਿਚ ਨਿਯੁਕਤ ਗ੍ਰੰਥੀ ਸਿੰਘ ਦੁਆਰਾ ਬੱਚਿਆਂ ਨੂੰ ਗੁਰਮੁਖੀ ਅੱਖਰਾਂ ਅਤੇ ਗੁਰਬਾਣੀ ਦੇ ਪਾਠ ਦੀ ਸਿੱਖਿਆ ਦਿੱਤੀ ਜਾਂਦੀ। ਨਾਮਧਾਰੀ ਸਿੰਘਾਂ ਦੇ ਆਪਣੇ ਡਾਕ ਸਿਸਟਮ ਦੀ ਸਫ਼ਲਤਾ ਤੋਂ ਵੀ ਵਿਦੇਸ਼ੀ ਹਾਕਮ ਭੈਅਭੀਤ ਹੋਏ। ਉਹ ਖੁੱਲ੍ਹਮ-ਖੁੱਲ੍ਹਾ ਪ੍ਰਚਾਰ ਕਰਦੇ ਸਨ ਕਿ ਜਦੋਂ ਵੀ ਉਨ੍ਹਾਂ ਦੀ ਗਿਣਤੀ ਤਸੱਲੀਬਖ਼ਸ਼ ਹੋ ਗਈ, ਇਹ ਸਾਰੀ ਧਰਤੀ ਉਨ੍ਹਾਂ ਦੀ ਹੋਵੇਗੀ। ਮੜ੍ਹੀ-ਮਸਾਣਾਂ, ਦੇਵੀ-ਦੁਆਰੇ, ਕਬਰਾਂ-ਸਮਾਧਾਂ, ਮਾੜੀਆਂ, ਥਾਨ ਆਦਿ ਪੁਰਾਣੀ ਮਾਨਤਾ ਦੇ ਚਿੰਨ੍ਹਾਂ ਨੂੰ ਪੰਜਾਬ ਦੇ ਕੂਕਾ ਪ੍ਰਭਾਵ ਵਾਲੇ ਜ਼ਿਲਿਆਂ ਵਿਚ 1866 ਵਿਚ ਢਹਿ-ਢੇਰੀ ਕਰਨ ਦਾ ਕਾਰਜ ਵੀ ਕੂਕਿਆਂ ਨੇ ਅਰੰਭਿਆ। ਆਪਣੀ ਨਿਰਭੈਤਾ ਦਾ ਪ੍ਰਗਟਾਵਾ ਪੁਰਾਣੇ ਮਨਾਉਤ ਕੇਂਦਰਾਂ ਅਤੇ ਸਰਕਾਰੀ ਕਾਨੂੰਨ ਪ੍ਰਤੀ ਬੇਰੁਖ਼ੀ ਰਾਹੀਂ ਕੀਤਾ। ਬਹੁਤਿਆਂ 'ਤੇ ਮੁਕੱਦਮੇ ਵੀ ਚੱਲੇ।

1867 ਵਿਚ ਤਕਰੀਬਨ ਸਾਢੇ ਤਿੰਨ ਸਾਲ ਦੀ ਪਾਬੰਦੀ ਬਾਅਦ ਨਾਮਧਾਰੀ ਸਤਿਗੁਰੂ ਅਤੇ ਸੰਗਤਾਂ ਦੇ ਇਕੱਠ ਤੋਂ ਸਰਕਾਰੀ ਪਾਬੰਦੀਆਂ ਸਰਕਾਰ ਨੇ ਇਸ ਕਰਕੇ ਚੁੱਕੀਆਂ ਕਿ ਰੋਕਾਂ ਦੇ ਬਾਵਜੂਦ ਇਹ ਪੰਥ ਇਨ੍ਹਾਂ ਸਾਲਾਂ ਵਿਚ ਵਧਦਾ ਜਾ ਰਿਹਾ ਹੈ ਕਿਉਂਕਿ ਕੂਕਾ ਗੁਰੂ ਤੋਂ ਸਰਕਾਰ ਨੂੰ ਮਾਲੂਮ ਹੋਣ ਵਾਲਾ ਭਾਰੀ ਖ਼ਤਰਾ ਆਮ ਲੋਕਾਂ ਨੂੰ ਉਨ੍ਹਾਂ ਵੱਲ ਖਿੱਚ ਰਿਹਾ ਹੈ। ਇਸ ਵਰ੍ਹੇ ਆਨੰਦਪੁਰ ਸਾਹਿਬ ਵਿਚ ਮਾਰਚ ਦੇ ਮਹੀਨੇ ਸਰਕਾਰੀ ਰਿਕਾਰਡ ਮੁਤਾਬਕ 8000 ਕੂਕਿਆਂ ਸਣੇ ਸਤਿਗੁਰੂ ਜੀ ਪੁੱਜੇ। ਨਾਮਧਾਰੀ ਸਰੋਤ ਇਹ ਗਿਣਤੀ 20 ਤੋਂ 25 ਹਜ਼ਾਰ ਦੱਸਦੇ ਹਨ।

ਸਮਾਜਿਕ-ਧਾਰਮਿਕ ਸੁਧਾਰਾਂ ਦੇ ਪ੍ਰਚਾਰ ਲਈ ਸੂਬਿਆਂ ਦੀ ਸਥਾਪਨਾ ਬਹੁਤ ਮਹੱਤਵਪੂਰਨ ਕਦਮ ਸੀ ਜਿਨ੍ਹਾਂ ਦੀ ਸੰਖਿਆ 6 ਸੀ ਅਤੇ ਫੇਰ 22 ਹੋ ਗਈ। ਸੂਬਿਆਂ ਤੋਂ ਅੱਗੇ ਨਾਇਬ-ਸੂਬੇ ਜਥੇਦਾਰ, ਗ੍ਰੰਥੀ ਅਤੇ ਸਥਾਨਕ ਸੰਗਤ ਸੀ। ਦਰਅਸਲ ਇਨ੍ਹਾਂ ਵਿਚੋਂ ਬਹੁਤ ਸਾਰੇ ਸੂਬੇ ਉਦਾਸੀ, ਨਿਰਮਲੇ, ਬੈਰਾਗੀ, ਨਿਹੰਗ ਆਦਿ ਫ਼ਿਰਕਿਆਂ ਦੇ ਮੁਖੀ, ਬਹੁਤ ਸਾਰੇ ਸਿੱਖ ਦਰਬਾਰ ਦੇ ਪੂਰਵ ਸੈਨਿਕ ਅਤੇ ਕਈ 1857 ਦੇ ਪਹਿਲੇ ਅਸਫ਼ਲ ਵਿਦਰੋਹ ਵਿਚ ਭਾਗ ਲੈਣ ਵਾਲੇ ਸੂਰਬੀਰ ਸਨ। ਇਸ ਲਈ ਕੂਕਾ ਲਹਿਰ ਨੂੰ ਵਿਆਪਕ ਪ੍ਰਭਾਵਸ਼ਾਲੀ ਲੋਕ ਲਹਿਰ ਬਣਾਉਣ ਵਿਚ ਇਨ੍ਹਾਂ ਲੋਕ-ਨਾਇਕਾਂ ਦੀ ਸਰਗਰਮ ਭੂਮਿਕਾ ਇਤਿਹਾਸ ਵਿਚ ਉਘਾ ਸਥਾਨ ਘੇਰਦੀ ਹੈ। ਸੂਬਿਆਂ ਦੀ ਗਿਣਤੀ ਸਰਕਾਰੀ ਰਿਕਾਰਡ ਮੁਤਾਬਕ ਕਈ ਵਾਰ 40 ਤਕ ਵੀ ਪੁੱਜ ਜਾਂਦੀ। ਡਾਕਟਰ ਸਾਹਿਬ 1867 ਤਕ ਕੂਕਿਆਂ ਵਿਚ ਸਰਗਰਮ ਕਾਰਕੁਨਾਂ ਦੀ ਸੰਖਿਆ ਦਸਤਾਵੇਜ਼ਾਂ ਦੇ ਆਧਾਰ 'ਤੇ 110 ਤਕ ਲਿਖਦੇ ਹਨ।

ਇਸੇ ਸਾਲ ਅਕਤੂਬਰ ਮਹੀਨੇ ਸ੍ਰੀ ਅੰਮ੍ਰਿਤਸਰ ਦੀ ਦੀਵਾਲੀ ਦੇ ਸਮੇਂ ਵੀ ਸਤਿਗੁਰੂ ਜੀ ਦਾ ਪੂਰਾ ਇਕ ਮਹੀਨਾ ਇਥੇ ਠਹਿਰਨ ਦਾ ਲੇਖਕ ਨੇ ਜ਼ਿਕਰ ਕੀਤਾ ਹੈ। ਇਥੇ ਮਹਾਰਾਜਾ ਰਣਜੀਤ ਸਿੰਘ ਦੇ ਕੋੜਮੇ ਦੇ ਸ੍ਰੀ ਸ਼ਮਸ਼ੇਰ ਸਿੰਘ ਅਤੇ ਸ੍ਰੀ ਠਾਕਰ ਸਿੰਘ ਸੰਧਾਵਾਲੀਏ ਭਰਾਵਾਂ ਦਾ, ਸਤਿਗੁਰੂ ਜੀ ਨੂੰ ਭੇਟਾ ਸਹਿਤ ਮਿਲਣ ਦਾ ਜ਼ਿਕਰ ਹੈ ਜਿਸ ਨੂੰ ਜ਼ਿਮੀਂਦਾਰਾਂ ਉਤੇ ਲਹਿਰ ਦਾ ਵਧਦਾ ਪ੍ਰਭਾਵ ਦੱਸਿਆ ਹੈ। ਇਹ ਸ੍ਰੀ ਠਾਕੁਰ ਸਿੰਘ ਬਾਅਦ ਵਿਚ ਰੂਸ, ਮਹਾਰਾਜਾ ਦਲੀਪ ਸਿੰਘ ਅਤੇ ਕੂਕਾ ਸਬੰਧਾਂ ਵਿਚਾਲੇ, ਜੋ ਅੰਗਰੇਜ਼ਾਂ ਦੇ ਖ਼ਿਲਾਫ਼ ਬਣਾਏ ਜਾ ਰਹੇ ਸਨ, ਇਕ ਮਹੱਤਵਪੂਰਨ ਕੜੀ ਸੀ। ਪ੍ਰੋ. ਸਾਹਿਬ ਅੰਗਰੇਜ਼ ਅਧਿਕਾਰੀਆਂ ਦੁਆਰਾ ਲਹਿਰ ਅਤੇ ਇਸ ਦੇ ਆਗੂਆਂ ਦੇ ਚਰਿੱਤਰ ਹਨਨ ਦੀਆਂ ਸਰਕਾਰੀ ਰਿਪੋਰਟਾਂ, ਜੋ ਲਿਖਦੀਆਂ ਸਨ ਕਿ ਕੂਕਿਆਂ ਦੀ ਸੰਖਿਆ 1868 ਵਿਚ ਘਟਣੀ ਸ਼ੁਰੂ ਹੋ ਗਈ, ਨੂੰ ਇਹ ਕਹਿ ਕੇ ਰੱਦ ਕਰਦੇ ਹਨ ਕਿ ਫਰਵਰੀ 1869 ਵਿਚ ਹੀ ਤਾਂ ਮੁਕਤਸਰ ਇਲਾਕੇ ਦੇ ਕੂਕਿਆਂ ਤੇ ਭਾਈ ਮਸਤਾਨ ਸਿੰਘ ਥਰਾਜਵਾਲਾ ਦੀ ਅਗਵਾਈ ਵਿਚ ਅੰਗਰੇਜ਼ ਸਰਕਾਰ ਵਿਰੁਧ ਖੁੱਲ੍ਹੀ ਬਗ਼ਾਵਤ ਦਾ ਐਲਾਨ ਹੀ ਨਹੀਂ ਕੀਤਾ ਸਗੋਂ ਪੁਲਿਸ ਅਧਿਕਾਰੀਆਂ ਨੂੰ ਘੋੜਿਆਂ ਤੋਂ ਲਾਹ ਕੇ ਉਨ੍ਹਾਂ ਦੀਆਂ ਵਰਦੀਆਂ ਵੀ ਪਾੜ ਸੁੱਟੀਆਂ ਅਤੇ ਖ਼ਾਲਸਾ ਰਾਜ ਦਾ ਐਲਾਨ ਕਰ ਦਿੱਤਾ ਸੀ। ਇਹ ਨਿਸ਼ਾਨੀਆਂ ਲਹਿਰ ਘਟਣ ਦੀਆਂ ਨਹੀਂ ਸਗੋਂ ਉਗਰ ਰੂਪ ਧਾਰਨ ਕਰਨ ਦੀਆਂ ਸਨ। ਜੰਮੂ-ਕਸ਼ਮੀਰ ਦੇ ਸੈਨਿਕਾਂ ਦੀ ਕੂਕਾ ਰੈਜੀਮੈਂਟ ਕਾਇਮ ਹੋਣਾ ਅਤੇ ਫੇਰ ਅਗਲੇ ਵਰ੍ਹੇ ਦੀਆਂ ਸਰਦੀਆਂ ਵਿਚ ਦੋ ਮਹੱਤਵਪੂਰਨ ਕੂਕਾ ਸੂਬਿਆਂ ਦਾ ਨੇਪਾਲ ਸਰਕਾਰ ਪਾਸ ਮਿਸ਼ਨ ਭੇਜਣਾ ਅਤੇ ਹੈਦਰਾਬਾਦ, ਗਵਾਲੀਅਰ, ਬਨਾਰਸ, ਲਖਨਊ ਆਦਿ ਰਿਆਸਤਾਂ ਵਿਚ ਅਤੇ ਰੂਸ ਦੇ ਏਸ਼ੀਆਈ ਇਲਾਕੇ ਵਿਚ ਆਗਾਮੀ ਸਮੇਂ, ਕੂਕਾ-ਦੂਤ ਭੇਜਣੇ ਲਹਿਰ ਦੇ ਕੌਮਾਂਤਰੀ ਪਸਾਰ ਦੇ ਲੱਛਣ ਸਨ। ਕੂਕਿਆਂ ਨਾਲ ਰਣਨੀਤਕ ਸਬੰਧ ਕਾਇਮ ਕਰ ਕੇ ਨੇਪਾਲ ਦਾ ਰਾਣਾ ਜੰਗ ਬਹਾਦਰ ਭਾਰਤ-ਚੀਨ ਸਬੰਧਾਂ ਦੇ ਪ੍ਰਸੰਗ ਵਿਚ ਅੰਗਰੇਜ਼ਾਂ 'ਤੇ ਕੂਟਨੀਤਕ ਦਬਾਅ ਬਣਾ ਰਿਹਾ ਸੀ।

ਪੁਸਤਕ ਦਾ ਚੌਥਾ ਅਧਿਆਏ ਹੈ 'ਨਾਮਧਾਰੀ ਗੁਰੂ ਦੀਆਂ ਖ਼ਾਲਸਾ ਰਾਜ ਲਈ ਭਾਰੀ ਕੋਸ਼ਿਸ਼ਾਂ: ਇਕ ਸਰਕਾਰੀ ਨਿਰਣਾ।' ਸਰਕਾਰੀ ਰਿਪੋਰਟਾਂ ਮੁਤਾਬਕ 1863 ਤਕ ਉਨ੍ਹਾਂ ਦੀ ਨਾ ਸਿਰਫ਼ ਸਿੱਖ ਸੰਗਤਾਂ ਵਿਚ ਮਾਨਤਾ ਕਾਇਮ ਹੋ ਗਈ ਸਗੋਂ ਪੈਰੋਕਾਰਾਂ ਦੀ ਸੰਖਿਆ 40,000 ਤਕ ਪੁੱਜ ਗਈ ਜੋ 1866 ਵਿਚ 60,000 ਹੋ ਗਈ ਸਤਿਗੁਰੂ ਰਾਮ ਸਿੰਘ ਸਮਝਦੇ ਹਨ ਕਿ ਜਿਵੇਂ ਜਿਵੇਂ ਉਨ੍ਹਾਂ ਦੁਆਰਾ ਸਾਜੇ 'ਸੰਤ ਖ਼ਾਲਸੇ' ਦੀ ਗਿਣਤੀ ਵਧੇਗੀ, ਉਹ 'ਮਲੇਛ ਖ਼ਾਲਸੇ' ਨੂੰ ਕੱਜ ਕੇ 'ਖ਼ਾਲਸਾ ਰਾਜ' ਮੁੜ ਕਾਇਮ ਕਰ ਲੈਣਗੇ। 'ਕੂਕਾ ਰੈਜੀਮੈਂਟ' ਕਸ਼ਮੀਰ ਵਿਚ 1857 ਦੇ ਵਿਦਰੋਹੀ ਸਿਪਾਹੀ ਅਤੇ ਅਜੀਟਨ ਤਾਰਾ ਸਿੰਘ ਮਿਸਰੀ ਗਿਆਨੀ ਵਰਗੇ, ਸਿੱਖ ਰਾਜ ਸਮੇਂ ਕਸ਼ਮੀਰ ਦੇ ਗਵਰਨਰ ਕਰਨਲ ਮੀਹਾਂ ਸਿੰਘ ਦੇ ਭਤੀਜੇ ਵੀ ਸਨ ਅਤੇ ਅਨੇਕਾਂ ਪੁਰਾਣੇ ਸੈਨਿਕ ਅਤੇ ਭਾਈ ਮਹਾਰਾਜ ਸਿੰਘ ਦੇ ਨਾਲ ਅੰਗਰੇਜ਼ਾਂ ਵਿਰੁਧ ਲੜਨ ਵਾਲੇ ਸਿਪਾਹੀ ਵੀ ਸਨ। ਮਹਾਰਾਜਾ ਪਟਿਆਲਾ ਨਰਿੰਦਰ ਸਿੰਘ ਦੇ ਨਿਕਟ ਸਬੰਧੀ ਸ. ਮੰਗਲ ਸਿੰਘ ਪੁਰੇ ਦਾ ਕੂਕਾ ਬਣਨਾ, ਬਹੁਤ ਸਾਰੇ ਉਘੇ ਸਿੱਖ ਘਰਾਣਿਆਂ ਦੇ ਸਰਦਾਰਾਂ-ਜਗੀਰਦਾਰਾਂ ਨੂੰ ਸਤਿਗੁਰੂ ਰਾਮ ਸਿੰਘ ਦੇ ਮਿਸ਼ਨ ਵੱਲ ਆਕਰਸ਼ਿਤ ਕਰਨ ਵਾਲੀ ਵੱਡੀ ਘਟਨਾ ਸੀ। ਇਸੇ ਤਰ੍ਹਾਂ ਰਾਜਾ ਸ਼ਿਵਰਾਜ ਸਿੰਘ ਕਾਸ਼ੀਪੁਰ ਨੂੰ ਅੰਗਰੇਜ਼ਾਂ ਨੇ ਦੇਸ਼ ਵਿਚੋਂ ਨਿਕਲੇ 1857 ਗ਼ਦਰੀ ਸੂਰਮਿਆਂ ਅਤੇ ਭਾਈ ਕਿਸ਼ਨ ਸਿੰਘ ਗ੍ਰੰਥਗੜ੍ਹ (ਅੰਮ੍ਰਿਤਸਰ) ਜਿਹੇ ਖ਼ਤਰਨਾਕ ਕੂਕਾ ਵਿਦਰੋਹੀਆਂ ਦੀ ਭਾਲ ਵਿਚ ਨੇਪਾਲ ਭੇਜਿਆ ਸੀ।

ਇਸੇ ਸਮੇਂ 4 ਨਵੰਬਰ 1871 ਨੂੰ ਅੰਬਾਲਾ

> ***ਇਹ.ਗਦਰੀ ਬਾਬੇ ਸਨ ਜਿਨ੍ਹਾਂ ਨੇ ਪਹਿਲਾਂ-ਪਹਿਲ ਕੂਕਾ ਲਹਿਰ ਵਿਚ ਪ੍ਰਭੂ-ਭਗਤੀ ਅਤੇ ਦੇਸ਼-ਭਗਤੀ (ਲੋਕ-ਭਗਤੀ) ਨੂੰ ਜੋੜਿਆ। ਸ਼ਹੀਦੇ-ਆਜ਼ਮ ਭਗਤ ਸਿੰਘ ਨੇ ਗੁਰੂ ਰਾਮ ਸਿੰਘ ਅਤੇ ਕੂਕਾ ਲਹਿਰ ਦੇ ਸਾਮਰਾਜ ਵਿਰੋਧੀ ਵਿਚਾਰਾਂ ਦੀ ਪ੍ਰਸ਼ੰਸਾ ਕਰਦਿਆਂ ਇਸ ਨੂੰ ਪੰਜਾਬ ਵਿਚ ਪਹਿਲੀ ਆਜ਼ਾਦੀ ਸੰਗਰਾਮ ਦੀ ਲਹਿਰ ਆਖਿਆ।...ਗਦਰੀ ਸੂਰਮਿਆਂ ਅਤੇ ਸਮਾਜਵਾਦੀ ਕ੍ਰਾਂਤੀਕਾਰੀਆਂ ਨੇ ਉਨ੍ਹਾਂ ਦੇ ਪ੍ਰੋਗਰਾਮ ਵਿਚ ਸਾਮਰਾਜ ਵਿਰੋਧੀ ਤੱਤ ਲੱਭ ਲਏ।***

*(ਅਗਲੇ ਸਫੇ 'ਤੇ ਜਾਰੀ)*

ਦੇ ਕਾਰਜਕਾਰੀ ਕਮਿਸ਼ਨਰ ਮੈਕਨੇਬ ਅਤੇ ਡੀ.ਆਈ.ਜੀ. ਲਾਹੌਰ ਰੇਂਜ ਮਿਸਟਰ ਮੈਕ ਐਂਡਰੀਊ ਨੇ 20 ਨਵੰਬਰ 1871 ਨੂੰ ਕੂਕਾ ਸੰਗਠਨ, ਨਿਸ਼ਾਨਿਆਂ ਤੇ ਗਤੀਵਿਧੀਆਂ ਬਾਰੇ ਪੰਜਾਬ ਸਰਕਾਰ ਨੂੰ ਦੋ ਰਿਪੋਰਟਾਂ ਭੇਜੀਆਂ ਜਿਨ੍ਹਾਂ ਦਾ ਲਬੋ-ਲੁਬਾਬ ਇਹ ਸੀ ਕਿ ਮੁਲਕ ਵਿਚ ਅਮਨ-ਅਮਾਨ ਅਤੇ ਆਪਣਾ ਰਾਜ ਪ੍ਰਬੰਧ ਕਾਇਮ ਰੱਖਣ ਲਈ ਗੁਰੂ ਰਾਮ ਸਿੰਘ ਨੂੰ ਉਸ ਦੇ ਪੈਰੋਕਾਰਾਂ ਨਾਲੋਂ ਅਲੱਗ-ਥਲੱਗ ਕਰਨ ਲਈ ਤੁਰੰਤ ਦੇਸ਼ ਬਦਰ ਕੀਤਾ ਜਾਵੇ। ਨਾਮਧਾਰੀ ਗੁਰੂ ਅਤੇ ਉਸ ਦੇ ਪੈਰੋਕਾਰਾਂ ਦੁਆਰਾ ਮੁਲਕ ਵਿਚ ਆਮ ਵਿਦਰੋਹ ਦੀਆਂ ਕਨਸੋਆਂ ਫ਼ਿਰੰਗੀ ਹਾਕਮਾਂ ਦੇ ਕੰਨਾਂ ਵਿਚ ਦਿਨ-ਰਾਤ ਗੂੰਜਣ ਲੱਗ ਪਈਆਂ।

ਇਤਿਹਾਸ ਦੀ ਰੂਹ ਨਾਲ ਸਹੀ ਪਛਾਣ ਸਥਾਪਤ ਕਰਦਿਆਂ ਲੇਖਕ ਨੋਟ ਕਰਦਾ ਹੈ ਕਿ ਜਿਥੇ ਫ਼ਾਂਸੀਆਂ, ਤੋਪਾਂ ਨਾਲ ਸ਼ਹੀਦ ਕਰਨ, ਜਾਇਦਾਦ ਜ਼ਬਤੀਆਂ, ਦੇਸ਼ ਨਿਕਾਲੇ, ਕੈਦਾਂ, ਤਲਾਸ਼ੀਆਂ, ਪੰਜ ਜਾਂ ਇਸ ਤੋਂ ਵੱਧ ਕੂਕਿਆਂ ਦੇ ਇਕੱਠੇ ਸਰਕਾਰੀ ਧਾਰਮਿਕ ਰਸਮਾਂ 'ਤੇ ਪਾਬੰਦੀ, ਕੂਕਾ ਕੇਂਦਰ 'ਤੇ ਪੁਲਿਸ ਚੌਕੀ ਦਾ ਬਿਠਾਉਣਾ ਜਿਹੀਆਂ ਸਖ਼ਤ ਤੇ ਵਹਿਸ਼ੀ ਸਰਕਾਰੀ ਕਾਰਵਾਈਆਂ ਦੀ ਸਿੱਖਾਂ ਦੇ ਪੁਰੋਹਿਤ ਵਰਗ ਨੇ ਹਿੱਕ ਠੋਕ ਕੇ ਹਮਾਇਤ ਕੀਤੀ, ਉਥੇ ਉਸ ਸਮੇਂ ਦੇਸ਼ ਵਿਚ ਛਪਣ ਵਾਲੀਆਂ ਅਖ਼ਬਾਰਾਂ (ਆਮ ਤੌਰ 'ਤੇ ਅੰਗਰੇਜ਼ੀ) ਨੇ ਇਹਨੂੰ ਅਸਭਿਅਕ ਤੇ ਵਹਿਸ਼ੀ ਕਾਰਵਾਈ ਕਹਿ ਕੇ ਨਿੰਦਿਆ। ਨਤੀਜੇ ਵਜੋਂ ਐਲ. ਕਾਵਨ (ਡਿਪਟੀ ਕਮਿਸ਼ਨਰ, ਲੁਧਿਆਣਾ) ਨੇ ਨੌਕਰੀ ਤੋਂ ਬਰਤਰਫ਼ ਅਤੇ ਕਮਿਸ਼ਨਰ ਫੋਰਸਿੱਥ ਨੂੰ ਨਿਆਇਕ ਸ਼ਕਤੀਆਂ ਖੋਹ ਕੇ ਅਵਧ ਦਾ ਕਮਿਸ਼ਨਰ ਲਾ ਦਿੱਤਾ। ਸਤਿਗੁਰੂ ਰਾਮ ਸਿੰਘ ਵੀ ਇਕ ਹੁਕਮਨਾਮੇ ਵਿਚ ਲਿਖਦੇ ਹਨ ਕਿ ਪੰਜਾਬ ਦੇ ਰਾਜਿਆਂ ਨੇ ਅੰਗਰੇਜ਼ ਸਰਕਾਰ ਨੂੰ ਲਿਖਿਆ ਕਿ ਜੇ ਇਹ (ਸਤਿਗੁਰੂ ਰਾਮ ਸਿੰਘ) ਵਾਪਸ ਪੰਜਾਬ ਆ ਗਿਆ ਤਾਂ "ਨਾ ਸਾਨੂੰ ਛੱਡੇਗਾ, ਨਾ ਹੀ ਤੁਹਾਨੂੰ।"

ਪੁਸਤਕ ਦਾ ਪੰਜਵਾਂ ਕਾਂਡ ਹੈ 'ਨਾਮਧਾਰੀ ਗੁਰੂ ਦਾ ਦੇਸ਼ ਨਿਕਾਲਾ: ਉਨ੍ਹਾਂ ਦੀਆਂ ਸਮਾਜਕ-ਸਿਆਸੀ ਯੋਜਨਾਵਾਂ ਦਾ ਪ੍ਰਗਟਾਵਾ।' 1872 ਵਿਚ ਬਿਨਾਂ ਮੁਕੱਦਮਾ ਚਲਾਏ ਸਤਿਗੁਰੂ ਜੀ ਅਤੇ ਪ੍ਰਮੁੱਖ ਸੂਬਿਆਂ ਨੂੰ ਰੰਗੂਨ (ਬਰਮਾ, ਹੁਣ ਨਾਂ ਯਾਂਗੋਨ) ਅਤੇ ਹੋਰਨੀਂ ਥਾਈਂ ਭੇਜ ਦਿੱਤਾ ਗਿਆ। ਅਜੇ ਮਲੌਦ ਅਤੇ ਮਾਲੇਰਕੋਟਲਾ ਦੀਆਂ ਘਟਨਾਵਾਂ, ਜਿਨ੍ਹਾਂ ਦੀ ਆੜ ਹੇਠ ਆਪ ਨੂੰ ਇਹ ਸਖ਼ਤ ਸਜ਼ਾ ਦਿੱਤੀ ਗਈ ਸੀ, ਵਿਚ ਆਪ ਦੀ ਸ਼ਮੂਲੀਅਤ ਦੀ ਸਰਕਾਰ ਨੇ ਪੁਸ਼ਟੀ ਵੀ ਨਹੀਂ ਕੀਤੀ ਸੀ। ਫੋਰਸਿਥ ਆਪਣੀ ਲਿਖਤ ਵਿਚ ਇਹ ਵੀ ਮੰਨਦਾ ਸੀ ਕਿ ਅੰਮ੍ਰਿਤਸਰ ਜਾਂ ਰਾਇਕੋਟ ਸਾਕਿਆਂ ਵਿਚ ਸ਼ਾਮਲ ਕੂਕੇ, ਜਦੋਂ ਆਪ ਪਾਸ ਘਟਨਾ ਦੀ ਪ੍ਰਵਾਨਗੀ ਲਈ ਆਏ, ਸਤਿਗੁਰੂ ਜੀ ਨੇ ਮਨਜ਼ੂਰੀ ਨਹੀਂ ਦਿੱਤੀ। ਮਾਲੇਰਕੋਟਲਾ ਸਾਕੇ ਬਾਰੇ ਤਾਂ ਆਪਣੇ-ਆਪਣੇ ਮਿਲਟਰੀ ਅਟੈਚੀ ਸੂਬਾ ਲੱਖਾ ਸਿੰਘ ਨੂੰ ਪੁਲਿਸ ਦੇ ਛੋਟੇ ਤੋਂ ਵੱਡੇ ਤਕ ਜ਼ਿਲਾ ਅਧਿਕਾਰੀਆਂ ਪਾਸ ਅਗਾਊਂ ਭੇਜ ਦਿੱਤਾ ਸੀ ਕਿ ਮਸਤਾਨੇ ਸਾਥੋਂ ਬੇਕਾਬੂ ਹਨ। ਸਤਿਗੁਰੂ ਜੀ ਪਰਪੱਕ ਵਿਦਰੋਹ ਦੀਆਂ ਹਾਲਤਾਂ ਤੋਂ ਪਹਿਲਾਂ ਹੋਣ ਵਾਲੀ ਕਿਸੇ ਵੀ ਛੇੜਛਾੜ ਨੂੰ ਹਰ ਹੀਲੇ ਟਾਲਣਾ ਚਾਹੁੰਦੇ ਸਨ। ਫਿਰ ਸਰਕਾਰ ਦੀ ਢਿੱਲ ਇਕ ਜਾਲ ਸੀ ਜਿਸ ਵਿਚ ਉਹ ਕੂਕਾ-ਮੁਖੀ ਅਤੇ ਉਸ ਦੇ ਸਹਿਯੋਗੀਆਂ ਨੂੰ ਫਸਾਉਣਾ ਚਾਹੁੰਦੀ ਸੀ। ਖੁੱਲ੍ਹੀ ਅਦਾਲਤ ਵਿਚ ਮੁਕੱਦਮਾ ਸਿਰੇ ਨਾ ਲੱਗਣ ਤੋਂ ਘਬਰਾਈ ਸਰਕਾਰ ਨੇ ਆਪ ਸਭ ਲਈ 1818 ਦੇ ਰੈਗੂਲੇਸ਼ਨ ਤਿੰਨ ਦਾ ਸਹਾਰਾ ਲਿਆ। ਸੂਬਿਆਂ ਲਈ ਕਮਿਸ਼ਨਰ ਮੈਕਨਬ ਨੇ ਅਲਾਹਾਬਾਦ ਦੀ ਸੰਖੇਪ ਕਾਰਵਾਈ ਬਾਅਦ ਇਕ ਸਾਲ ਤੋਂ ਉਮਰ ਭਰ ਕੈਦ ਅਤੇ ਪੰਜਾਬ ਤੋਂ ਬਾਹਰ ਰੱਖਣ ਦੀਆਂ ਸਜ਼ਾਵਾਂ ਤਜਵੀਜ਼ ਕੀਤੀਆਂ। ਸ. ਮੰਗਲ ਸਿੰਘ ਬਿਸ਼ਨਪੁਰਾ ਨੂੰ ਸਵਾ ਕੁ ਸਾਲ ਬਾਅਦ ਅਲਾਹਾਬਾਦ ਤੋਂ ਹੀ ਰਿਹਾਅ ਕਰ ਦਿੱਤਾ ਗਿਆ।

ਸਤਿਗੁਰੂ ਜੀ ਨੂੰ ਰੰਗੂਨ, ਆਖ਼ਰੀ ਮੁਗ਼ਲ ਬਾਦਸ਼ਾਹ ਬਹਾਦਰਸ਼ਾਹ ਜ਼ਫ਼ਰ ਵਾਲੇ ਬੰਗਲੇ ਵਿਚ ਰੱਖਿਆ ਗਿਆ। ਪੰਜਾਬ ਵਿਚਲੇ ਸਿੱਖ ਸੇਵਕਾਂ, ਘਰ-ਪਰਿਵਾਰ ਵਾਲਿਆਂ ਨਾਲ ਚਿੱਠੀ ਪੱਤਰ ਦੀ ਪੂਰੀ ਮਨਾਹੀ ਕੀਤੀ ਗਈ ਪਰ 96 ਕੂਕੇ ਆਪ ਪਾਸੋਂ ਭਿੰਨ-ਭਿੰਨ ਸਮੇਂ ਹੁਕਮਨਾਮੇ ਲੈ ਕੇ ਆਏ ਜਿਨ੍ਹਾਂ ਤੋਂ ਆਪ ਦੇ ਸਬੰਧ ਵਿਚ ਬਹੁਤ ਕੀਮਤੀ ਜਾਣਕਾਰੀ ਮਿਲਦੀ ਹੈ। ਇਹ ਕੂਕੇ ਭੇਸ ਬਦਲ ਕੇ ਸਰਕਾਰੀ ਕਰਮਚਾਰੀਆਂ ਤੋਂ ਚੋਰੀ-ਛਿਪੇ ਆਪ ਨਾਲ ਖ਼ਤ-ਪੱਤਰਾਂ ਦਾ ਲੈਣ-ਦੇਣ ਕਰਦੇ। ਕਈਆਂ ਨੂੰ ਰੰਗੂਨ ਯਾਤਰਾ ਜਾਂ ਫਿਰ ਮਰਗੋਈ ਟਾਪੂ ਤਕ ਪੁੱਜਣ ਲਈ ਆਪਣੀਆਂ ਸਿੰਘਣੀਆਂ ਦੇ ਗਹਿਣੇ-ਗੱਟੇ ਜਾਂ ਆਪਣੀਆਂ ਜ਼ਮੀਨ-ਜਾਇਦਾਦਾਂ ਵੇਚਣੀਆਂ ਪਈਆਂ ਜਾਂ ਪੈਸੇ ਲੋਕਾਂ ਤੋਂ ਮੰਗ ਕੇ ਵੀ ਆਉਣਾ ਪਿਆ। ਸਰਕਾਰੀ ਖ਼ਰਚ ਦੇ ਮਾਮਲੇ ਵਿਚ ਸਤਿਗੁਰੂ ਜੀ ਦਾ ਰੁਤਬਾ ਇਕ ਛੋਟੇ ਜ਼ਿਮੀਂਦਾਰ ਵਾਲਾ ਸੀ। ਇਹ ਕਾਰਵਾਈ ਸਰਕਾਰ ਨੇ ਕੂਕਾ ਲਹਿਰ ਨੂੰ ਆਗੂ-ਰਹਿਤ ਕਰਨ ਲਈ ਹੀ ਕੀਤੀ ਸੀ। ਸਰਕਾਰ ਦੀ ਸਖ਼ਤੀ ਦੀ ਨੀਤੀ ਕੂਕਿਆਂ ਨੂੰ ਸਮਾਜਕ ਤੇ ਸਿਆਸੀ ਤੌਰ 'ਤੇ ਨਿਖੇੜਨ ਲਈ ਵੀ ਸੀ। ਸਤਿਗੁਰੂ ਜੀ ਅਤੇ ਕੂਕੇ ਸਿੱਖਾਂ ਵਿਚਾਲੇ ਪੱਤਰ-ਵਿਹਾਰ ਨਾ ਰੁਕਣ ਤੋਂ ਵੀ ਸਰਕਾਰ ਪ੍ਰੇਸ਼ਾਨ ਸੀ। 'ਇਸ ਨਾਲੋਂ ਪੱਤਰ-ਵਿਹਾਰ ਤੁਰੰਤ ਰੋਕਿਆ ਜਾਵੇ' ਕਹਿੰਦਿਆਂ ਫ਼ਿਰੰਗੀ ਸਰਕਾਰ ਨੇ ਸਤਿਗੁਰੂ ਜੀ ਨੂੰ ਬਹੁਤ ਖ਼ਤਰਨਾਕ ਵਿਅਕਤੀ (ਉਨ੍ਹਾਂ ਦੇ ਰਾਜ ਲਈ) ਲਿਖਿਆ ਹੈ। ਕੂਕਿਆਂ ਦੁਆਰਾ ਸਤਿਗੁਰੂ ਜੀ ਦੀ ਰਿਹਾਈ ਲਈ ਵੱਡੀ ਗਿਣਤੀ ਵਿਚ ਲਿਖੇ ਅਰਜ਼ੀ ਪੱਤਰਾਂ ਤੋਂ ਵੀ ਸਰਕਾਰ ਭੈਅਭੀਤ ਸੀ ਕਿ ਕੂਕੇ ਅਜੇ ਦਬੇ ਨਹੀਂ ਅਤੇ ਗੁਰੂ ਵਿਚ ਅਟੁੱਟ ਵਿਸ਼ਵਾਸ ਸਰਕਾਰ ਦੀ ਬੇਚੈਨੀ ਦਾ ਕਾਰਨ ਸੀ।

1877-78 ਦੇ ਅਫ਼ਗ਼ਾਨ ਯੁੱਧ ਸਮੇਂ ਕੂਕਿਆਂ ਦੀਆਂ ਸਰਗਰਮੀਆਂ ਵਧ ਗਈਆਂ। ਸੂਬਾ ਬਿਸ਼ਨ ਸਿੰਘ ਕਾਬਲਵਾਲਾ ਅਤੇ ਸੂਬਾ ਗੁਰਚਰਨ ਸਿੰਘ ਚੱਕ ਰਾਮਦਾਸ, ਦੋ ਕੂਕਾ ਦੂਤ ਕੁਝ ਹੋਰ ਸਾਥੀਆਂ ਸਮੇਤ ਰੰਗੂਨ-ਮਰਗੋਈ ਵਿਚ ਕੈਦ ਸਤਿਗੁਰੂ ਰਾਮ ਸਿੰਘ ਅਤੇ ਰੂਸੀ ਤੁਰਕਿਸਤਾਨ ਦੇ ਹਾਕਮਾਂ ਰਾਹੀਂ ਰੂਸੀ ਸਰਕਾਰ ਨਾਲ ਕੂਟਨੀਤਕ ਸਬੰਧ ਜੋੜਨ ਦੇ ਆਹਰ ਵਿਚ ਸਨ ਤਾਂ ਜੋ ਰੂਸੀ ਸੈਨਾ ਦੀ ਮਦਦ ਨਾਲ ਬਿੱਲਿਆਂ ਨੂੰ ਇਥੋਂ ਖਦੇੜਿਆ ਜਾ ਸਕੇ। 29 ਨਵੰਬਰ 1885 ਨੂੰ ਸਰਕਾਰ ਨੇ ਮਰਗਈ ਵਿਚ ਸਤਿਗੁਰੂ ਰਾਮ ਸਿੰਘ ਦੇ ਅਕਾਲ ਚਲਾਣੇ ਦੀ ਖ਼ਬਰ ਫੈਲਾ ਕੇ ਕੂਕਿਆਂ ਸਬੰਧੀ ਸਾਰੀਆਂ ਮੁਸ਼ਕਲਾਂ ਤੋਂ ਛੁਟਕਾਰਾ ਪਾਉਣਾ ਚਾਹਿਆ ਪਰ ਉਦੋਂ ਤੋਂ ਲੈ ਕੇ ਹੁਣ ਤਕ ਕੂਕੇ ਸਿੰਘ ਇਸ ਘਟਨਾ 'ਤੇ ਵਿਸ਼ਵਾਸ ਕਰਨ ਲਈ ਤਿਆਰ ਨਹੀਂ ਹਨ। ਨਾਮਧਾਰੀ ਲੇਖਕਾਂ ਨੇ ਦਲੀਲਾਂ ਸਹਿਤ ਇਸ ਪਰਲੋਕ ਗਮਨ ਵਾਲੀ ਖ਼ਬਰ ਨੂੰ ਨਿਰਮੂਲ ਸਿੱਧ ਕੀਤਾ ਹੈ ਜਿਨ੍ਹਾਂ ਦਾ ਜ਼ਿਕਰ ਲੇਖਕ ਆਪਣੀ ਪੁਸਤਕ ਵਿਚ ਕਰਦਾ ਹੈ।

ਸਤਿਗੁਰੂ ਰਾਮ ਸਿੰਘ ਦੇ ਹੁਕਮਨਾਮਿਆਂ ਬਾਰੇ ਕਿਹਾ ਗਿਆ ਹੈ: "ਸਤਿਗੁਰੂ ਰਾਮ ਸਿੰਘ ਖ਼ਾਲਸਾ ਰਾਜ ਦੀ ਪੁਨਰ ਸਥਾਪਨਾ ਅਤੇ ਵਿਤਕਰੇ 'ਤੇ ਸ਼ੋਸ਼ਣ ਮੁਕਤ ਸਮਾਜਕ ਵਿਵਸਥਾ ਚਾਹੁੰਦੇ ਸਨ।" ਸਿੱਖ ਇਤਿਹਾਸ ਅਤੇ ਧਰਮ ਦੇ ਪ੍ਰਸੰਗ ਵਿਚ ਵੀ ਇਨ੍ਹਾਂ ਦੀ ਸਮੱਗਰੀ ਅਰਥ-ਭਰਪੂਰ ਹੈ। ਬੇਸ਼ੱਕ ਨਾਮਧਾਰੀ ਗੁਰੂ ਖ਼ਾਲਸਾ ਰਾਜ ਦੀ ਪੁਨਰ-ਸਥਾਪਨਾ ਚਾਹੁੰਦੇ ਸਨ ਪਰ ਇਹ ਖ਼ਾਲਸਾ ਰਾਜ ਸਿੱਖ ਮਿਸਲਾਂ ਜਾਂ ਮਹਾਰਾਜਾ ਰਣਜੀਤ ਸਿੰਘ ਵਾਲਾ ਨਾ ਹੋ ਕੇ ਉਹ ਸਿੱਖ ਰਾਜ ਹੋਣਾ ਸੀ ਜੋ 18ਵੀਂ ਸਦੀ ਦੇ ਸਿੱਖ ਧਰਮ ਗ੍ਰੰਥ 'ਪ੍ਰੇਮ ਸੁਮਾਰਗ' ਵਿਚ ਚਿਤਰਿਆ ਸੀ। ਇਸ ਤਰ੍ਹਾਂ ਦੀ ਹੀ ਦ੍ਰਿਸ਼ਟੀ 'ਸੌ ਸਾਖੀ' ਵਿਚ ਮਿਲਦੀ ਸੀ।

ਪੁਸਤਕ ਦਾ ਆਖਰੀ ਕਾਂਡ ਹੈ 'ਨਾਮਧਾਰੀ ਨਜ਼ਰੀਏ ਤੋਂ ਨਾਮਧਾਰੀ ਗੁਰੂ ਰਾਮ ਸਿੰਘ ਨੂੰ ਯਾਦ ਕਰਨਾ।' ਇਸ ਪ੍ਰਸੰਗ ਵਿਚ ਵਿਦਵਾਨ ਲੇਖਕ ਨੇ ਭਾਈ ਚੰਦਾ ਸਿੰਘ, ਨਿਹਾਲ ਸਿੰਘ ਆਦਿ ਦੇ ਉਨੀਵੀਂ ਸਦੀ ਦੇ ਅੰਤਿਮ ਦੋ ਦਹਾਕਿਆਂ ਵਿਚ ਉਪਲਬਧ ਸਤਿਗੁਰੂ ਰਾਮ ਸਿੰਘ ਦੇ ਵਿਛੋੜੇ ਵਿਚ ਲਿਖੇ ਗਏ ਬਾਰਾਂਮਾਂਹ ਦੇ ਜ਼ਿਕਰ ਤੋਂ ਸ਼ੁਰੂ ਕੀਤਾ ਹੈ। ਫਿਰ ਉਹ ਗੁਰੂ ਹਰਗੋਬਿੰਦ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਦੀ ਸੂਰਬੀਰਤਾ ਨੂੰ ਉਜਾਗਰ ਕਰਦੇ 'ਗੁਰ-ਬਿਲਾਸਾਂ' ਦੀ ਸ਼ੈਲੀ ਵਿਚ ਵਾਰਤਕ ਅਤੇ ਬ੍ਰਿਜ ਭਾਸ਼ਾ ਦੀ ਕਵਿਤਾ ਵਿਚ ਲਿਖੇ ਗਏ 'ਸਤਿਗੁਰੂ ਬਿਲਾਸ' ਕ੍ਰਿਤ ਭਾਈ ਸੰਤੋਖ ਸਿੰਘ ਬਾਹੋਵਾਲ ਅਤੇ 'ਸਤਿਗੁਰੂ ਬਿਲਾਸ ਪਾਤਸ਼ਾਹੀ ਬਾਰ੍ਹਵੀਂ' ਰਚਿਤ ਸੰਤ ਧਿਆਨ ਸਿੰਘ ਕਾਦਰਾਬਾਦੀ ਦਾ ਬਹੁਪੱਖੀ ਸਾਹਿਤਕ, ਸਮਾਜਕ, ਧਾਰਮਿਕ, ਰਾਜਨੀਤਕ, ਸਭਿਆਚਾਰਕ ਨਜ਼ਰੀਏ ਤੋਂ ਵਿਸ਼ਲੇਸ਼ਣ ਪੇਸ਼ ਕਰਦਾ ਹੈ।

ਸਤਿਗੁਰੂ ਜੀ ਦੇ ਹੁਕਮਨਾਮਿਆਂ ਦੀ ਪਿਛਲੇ ਕਾਂਡ ਵਿਚ ਵਿਸਤ੍ਰਿਤ ਚਰਚਾ ਹੋ ਚੁੱਕੀ ਹੈ। ਬਾਰਾਂਮਾਂਹ ਭਾਈ ਚੰਦਾ ਸਿੰਘ ਕੂਕਾ ਲਹਿਰ ਦੇ ਕੌਮਾਂਤਰੀ ਸਬੰਧਾਂ ਦੇ ਤਾਣੇ-ਪੇਟੇ ਨੂੰ ਵੀ ਛੋਂਹਦਾ ਹੈ। ਸਤਿਗੁਰੂ ਪ੍ਰਤਾਪ ਸਿੰਘ ਦੇ ਸਮਕਾਲੀ-ਲੇਖਕਾਂ ਸੰਤ ਧਿਆਨ ਸਿੰਘ ਆਲਮ, ਸੰਤ ਇੰਦਰ ਸਿੰਘ ਚੱਕਰਵਰਤੀ ਦੇ ਜ਼ਿਕਰ ਨਾਲ ਪ੍ਰੋ. ਜੋਗਿੰਦਰ ਸਿੰਘ ਪੁਰਾਤਨ ਲੇਖਕਾਂ ਦੀ ਹੀ ਸ਼੍ਰੇਣੀ ਵਿਚ ਆਉਂਦੇ ਗਿਆਨੀ ਕਾਲਾ ਸਿੰਘ ਨੰਗਲ ਅਤੇ ਸੰਤ ਬਿਸ਼ਨ ਸਿੰਘ ਹਿਸਟੋਰੀਅਨ ਦੀਆਂ ਕੁਝ ਉਨ੍ਹਾਂ ਰਚਨਾਵਾਂ 'ਤੇ ਝਾਤ ਪਾਉਂਦਾ ਹੈ ਜੋ ਨਾਮਧਾਰੀਆਂ ਬਾਰੇ ਆਧਾਰਭੂਤ ਸਮੱਗਰੀ ਮੁਹੱਈਆ ਕਰਵਾਉਂਦੀਆਂ ਹਨ। ਵੀਹਵੀਂ ਸਦੀ ਵਿਚ ਕੁਝ ਗ਼ੈਰ-ਨਾਮਧਾਰੀ ਲੇਖਕਾਂ ਨਾਹਰ ਸਿੰਘ, ਫ਼ੌਜਾ ਸਿੰਘ, ਐਮ.ਐਮ. ਆਹਲੂਵਾਲੀਆ, ਡਬਲਿਊ. ਐਚ. ਮੈਕਲੌਡ ਦੀਆਂ ਮੁੱਲਵਾਨ ਲਿਖਤਾਂ ਨੂੰ ਆਪਣੇ ਕਲੇਵਰ ਵਿਚ ਲੈਂਦਿਆਂ ਇਹ ਵਿਕਸਿਤ ਹੁੰਦੇ ਸੰਕਲਪਾਂ ਨੂੰ ਵੀ ਸੁੰਦਰ ਢੰਗ ਨਾਲ ਪੇਸ਼ ਕਰਦਾ ਹੈ। ਲੇਖਕ ਦਾ ਨਜ਼ਰੀਆ ਹੈ ਕਿ ਇਹ ਗ਼ਦਰੀ ਬਾਬੇ ਸਨ ਜਿਨ੍ਹਾਂ ਨੇ ਪਹਿਲਾਂ-ਪਹਿਲ ਕੂਕਾ ਲਹਿਰ ਵਿਚ ਪ੍ਰਭੂ-ਭਗਤੀ ਅਤੇ ਦੇਸ਼-ਭਗਤੀ ਨੂੰ ਜੋੜਿਆ। ਸ਼ਹੀਦੇ-ਆਜ਼ਮ ਭਗਤ ਸਿੰਘ ਨੇ ਗੁਰੂ ਰਾਮ ਸਿੰਘ ਅਤੇ ਕੂਕਾ ਲਹਿਰ ਦੇ ਸਾਮਰਾਜ ਵਿਰੋਧੀ ਵਿਚਾਰਾਂ ਦੀ ਪ੍ਰਸ਼ੰਸਾ ਕਰਦਿਆਂ ਇਸ ਨੂੰ ਪੰਜਾਬ ਵਿਚ ਪਹਿਲੀ ਆਜ਼ਾਦੀ ਸੰਗਰਾਮ ਦੀ ਲਹਿਰ ਆਖਿਆ। ਲੇਖਕ ਨੇ ਪ੍ਰੋ. ਜਸਵੰਤ ਸਿੰਘ ਜੱਸ ਦੀ ਲਿਖੀ ਗੁਰੂ ਰਾਮ ਸਿੰਘ ਦੀ ਜੀਵਨੀ ਨੂੰ ਪਹਿਲੀ ਸਫ਼ਲ ਜੀਵਨੀ ਦੀ ਸੰਗਿਆ ਦਿੱਤੀ ਹੈ। ਮੈਕਲੌਡ ਨੇ ਲਹਿਰ ਨੂੰ ਪੰਜਾਬ ਦੇ ਕਿਸਾਨੀ ਸੰਕਟ ਨਾਲ ਜੋੜ ਕੇ ਇਸ ਨੂੰ ਕਿਸਾਨਾਂ ਅਤੇ ਦਸਤਕਾਰਾਂ ਦੀ ਲਹਿਰ ਦਾ ਨਾਂ ਦਿੱਤਾ ਹੈ।

ਨਾਮਧਾਰੀ ਅਤੇ ਸਮਕਾਲੀ ਲੇਖਕ ਵੀਹਵੀਂ ਸਦੀ ਦੇ ਤੀਜੇ ਦਹਾਕੇ ਵਿਚ ਸਤਿਗੁਰੂ ਰਾਮ ਸਿੰਘ ਨੂੰ ਸਵਦੇਸ਼ੀ ਅਤੇ ਅਸਹਿਯੋਗ ਅੰਦੋਲਨ ਦੇ ਮੋਢੀ ਦੇ ਰੂਪ ਵਿਚ ਚੇਤੇ ਕਰਦੇ ਹਨ। 'ਗ਼ਦਰੀ ਸੂਰਮਿਆਂ' ਅਤੇ 'ਸਮਾਜਵਾਦੀ ਕ੍ਰਾਂਤੀਕਾਰੀਆਂ' ਨੇ ਉਨ੍ਹਾਂ ਦੇ ਪ੍ਰੋਗਰਾਮ ਵਿਚ ਸਾਮਰਾਜ ਵਿਰੋਧੀ ਤੱਤ ਲੱਭ ਲਏ। ਇਨ੍ਹਾਂ ਲੋਕਾਂ ਦੀਆਂ ਲਿਖਤਾਂ ਨੂੰ ਅਗੇਤੀ ਛਾਲ ਦੱਸਦਿਆਂ ਪ੍ਰੋ. ਸਾਹਿਬ ਸਿੱਟਾ ਕੱਢਦੇ ਹਨ ਕਿ ਇਸ ਕਾਰਨ 'ਖ਼ਾਲਸਾ ਰਾਜ' ਦੇ ਮਦਾਹ ਹੋਣ ਵਾਲੀ ਸਤਿਗੁਰੂ ਜੀ ਦੀ ਸ਼ਖ਼ਸੀਅਤ ਕੌਮੀ-ਨਾਇਕ ਦੀ ਉਚ ਪਦਵੀ 'ਤੇ ਪੁੱਜ ਜਾਂਦੀ ਹੈ।

# ਸ਼ਹਿਰੀ ਸਭਿਆਚਾਰ ਨੇ ਉੜਾ ਦਿੱਤੇ ਭਾਸ਼ਾ ਦੇ ਰੰਗ

**ਡੇਵਿਡ ਐਲਿਨ ਲੌਂਗਫ਼ੈਲੋ**

ਅਸੁਭਾਵਕਵਾਦ ਅਤੇ ਪ੍ਰਾਕ੍ਰਿਤੀਵਾਦ ਹੋਂਦ ਦੇ ਦੋ ਵਿਰੋਧੀ ਪਹਿਲੂ ਹਨ। ਇਕ ਖ਼ੁਸ਼ਬੂਦਾਰ ਵਾਸਤਵਿਕਤਾ ਦਾ ਪ੍ਰਤੀਬਿੰਬ ਹੈ ਅਤੇ ਦੂਸਰਾ ਕਾਗ਼ਜ਼ ਦੇ ਫੁੱਲਾਂ ਦੀ ਖ਼ੁਸ਼ਬੋ ਵਰਗਾ। ਜਿਵੇਂ ਕਿਸੇ ਚਲ-ਚਿੱਤਰ ਦੀ ਇੰਦਰਜਾਲ ਰੂਪੀ ਕਾਲਪਨਿਕ ਦੁਨੀਆਂ ਦੀ ਝਲਕ ਕਿਸੇ ਪਲਾਸਟਿਕ ਦੀ ਰੀਲ ਵਿਚ ਕੈਦ ਕੀਤੀ ਹੋਵੇ ਅਤੇ ਮਨੋਰੰਜਨ ਤੋਂ ਬਾਅਦ ਵਾਸਤਵਿਕਤਾ ਨੂੰ ਅਹਿਸਾਸ ਵਿਚ ਭੋਗਣ ਲਈ ਮਜਬੂਰ ਹੋ ਜਾਈਏ। ਗ਼ੁੱਸੇ ਦੀ ਚਰਮ-ਸੀਮਾ ਵਿਚ ਕਿਸੇ ਦੀ ਬੁੱਲ੍ਹਾਂ ਦੀ ਥਰਥਰਾਹਟ ਵਿਚੋਂ ਕਿਰਦੇ ਅਣਸੁਖਾਵੇਂ ਬੋਲ 'ਚੱਲ ਓਏ ਦਫ਼ਾ ਹੋ' ਸੁਣਨ ਵਾਲੇ ਨੇ ਸੁਣ ਲਏ, ਪਰ ਵੇਦਨਾ ਦਾ ਸੰਤਾਪ ਉਸ ਨੇ ਇਨ੍ਹਾਂ ਬੋਲਾਂ ਕਾਰਨ ਕਿੰਨਾ ਹੰਢਾਇਆ, ਸਿਰਫ਼ ਆਪਣੇ ਲੱਗੀ ਸੱਟ ਤੋਂ ਹੀ ਪਤਾ ਲੱਗਦਾ ਹੈ। ਦੂਜੇ ਦੇ ਲੱਗੀ ਕੌਣ ਜਾਣਦਾ ਹੈ!

ਕੋਈ ਵੀ ਭਾਸ਼ਾ ਖੇਤਰਵਾਦ ਦੀ ਕੈਦ ਵਿਚ ਰਹਿ ਕੇ ਵਿਕਾਸਸ਼ੀਲ ਨਹੀਂ ਹੋ ਸਕਦੀ ਕਿਉਂਕਿ ਲੋਕ ਗਤੀਸ਼ੀਲਤਾ ਕਾਰਨ ਨਵੀਨ ਭਾਸ਼ਾ-ਪੱਖੀ ਹੋ ਜਾਂਦੇ ਹਨ ਅਤੇ ਭਾਸ਼ਾ ਦਾ ਸੰਚਾਲਨ ਨਾ ਹੋਣ ਕਾਰਨ ਪੁਰਾਣੇ ਸ਼ਬਦ ਵਰਤੋਂ ਵਿਚ ਨਾ ਆਉਣ ਕਰਕੇ ਆਪਣੇ ਅਰਥ ਗੁਆ ਬੈਠਦੇ ਹਨ। ਮਿਸਾਲ ਵਜੋਂ ਸੂਫ਼ੀ ਕਾਵਿ ਵਿਚ 'ਚੀਣੇ' ਦੇ ਸੰਦਰਭ ਵਿਚ ਬਥੇਰੀਆਂ ਕਵਿਤਾਵਾਂ ਹਨ: 'ਚੀਣਾ ਇੰਜ ਛੜੀਂਦਾ ਯਾਰ, ਚੀਣਾ...ਅੰਬਾਂ ਵਾਲੀ ਬਗੀਚੀ ਸੁਣੀਂਦੀ, ਖੱਤੀ ਵਾਲਾ ਬਾਜ...'

ਕੀ ਕਵਿਤਾ ਪੜ੍ਹਨ ਵਾਲੇ ਵਿਦਿਆਰਥੀ ਨੂੰ ਚੀਣੇ ਦਾ ਪਤਾ ਹੈ? ਸੁਰਾਘਾਤ, ਸ਼ੁੱਧ ਉਚਾਰਨ ਦੀ ਬੰਦਸ਼, ਮੂੰਹ ਵਿਚੋਂ ਨਿਕਲੀ ਸ਼ਬਦ-ਧੁਨੀ ਵਿਚ ਉਤਰਾ-ਚੜ੍ਹਾਅ ਦਾ ਤਰੰਨਮ, ਸਵਰ-ਚਿੰਨ੍ਹਾਂ ਦਾ ਤੁਲਨਾਤਮਿਕ ਅਧਿਐਨ ਹੈ। ਅਸੀਂ ਸਿਰਫ਼ ਭਾਸ਼ਾ ਦਾ ਵਹਾਉ ਸੁਣ ਕੇ ਸਹਿਜ ਹੀ ਮਾਲਵੇ, ਦੁਆਬੇ ਜਾਂ ਮਾਝੇ ਦਾ ਪਤਾ ਲੈ ਲੈਂਦੇ ਹਾਂ। ਮਿਸਾਲ ਵਜੋਂ 'ਮੀਂਹ ਬਰਸੇ, ਬਿਜਲੀ ਕੜਕੇ, ਪਹਿਰ ਦੇ ਤੜਕੇ ਗੁਰਾਂ ਨੇ ਜਾਣਾ ਹੈ।' ਕਿੱਥੋਂ ਦੇ ਲੋਕ ਅਜਿਹੇ ਸ਼ਬਦ ਗਾਉਂਦੇ ਹਨ? ਸਿਰਫ਼ ਬੋਲਚਾਲ ਤੋਂ ਕਿਸੇ ਵਿਅਕਤੀ ਦੇ ਮਲਵਈ, ਦੁਆਬੀਆ ਜਾਂ ਮਝੈਲ ਹੋਣ ਦਾ ਸਹਿਜੇ ਹੀ ਅੰਦਾਜ਼ਾ ਲਗਾ ਸਕਦੇ ਹਾਂ। ਪੰਜਾਬੀ ਹੀ ਨਹੀਂ, ਲਗਪਗ ਹਰ ਭਾਸ਼ਾ ਦਾ ਇਹੋ ਹਾਲ ਹੈ। ਅੰਗਰੇਜ਼ੀ ਭਾਸ਼ਾ ਵਿਚ ਇਹੋ ਜਿਹੀਆਂ ਗੁੰਝਲਾਂ ਹੋਰ ਵੀ ਔਖੀਆਂ ਹਨ।

ਲੰਡਨ ਦੇ ਨੇੜੇ-ਤੇੜੇ ਰਹਿਣ ਵਾਲਿਆਂ ਨੂੰ ਕੌਕਨੇ (cockney) ਕਿਹਾ ਜਾਂਦਾ ਹੈ। ਇਸ ਦਾ ਸ਼ਬਦੀ ਅਰਥ ਘੁਮੰਡੀ, ਸ਼ੇਖ਼ੀਖ਼ੋਰ, ਫ਼ੂਕਬਾਜ਼, ਪਾਟੇਖ਼ਾਨ ਜਾਂ ਨਾਢੂਖ਼ਾਨ ਹੈ। ਲੰਡਨ ਵਰਗੇ ਕੌਸਮੋਪੋਲੀਟਨ ਸ਼ਹਿਰਾਂ ਦੀ ਭਾਸ਼ਾ ਟਕਸਾਲੀ, ਮਿੱਠੀ ਅਤੇ ਸਿਨੇਮਾ ਦੇ ਵਾਰਤਾਲਾਪ ਦੀ ਤਰ੍ਹਾਂ ਦਿਲ-ਟੁੰਬਵੀਂ ਹੈ। ਮਿਸਾਲ ਵਜੋਂ ਸੁਹਿਰਦ ਰਤਾ ਗ਼ੌਰ ਨਾਲ ਵੇਖਣ ਕਿ 'ਵਾਖਰੂ' ਅਤੇ 'ਵਾਹਿਗੁਰੂ' ਕਿੱਥੋਂ-ਕਿੱਥੋਂ ਦੇ ਲੋਕ ਕਹਿਣ ਦੇ ਆਦੀ ਹਨ? ਕੁਝ ਹੋਰ ਉਦਾਹਰਣਾਂ: "ਮੈਂ ਬੋਲ ਮਾਰਿਆ ਤਾ ਪਰ ਤੁਸੀਂ ਠਹਿਰੇ ਨਹੀਂ, ਮੈਂ ਬੁਲਾਇਆ" ਆਦਿ। ਬਰਮਿੰਘਮ ਸ਼ਹਿਰ ਬਟਾਲਾ ਦੀ ਤਰ੍ਹਾਂ ਹੀ ਦੇਗ਼ ਦਾ ਸ਼ਹਿਰ ਹੈ। ਵੱਢ-ਖਾਣੀ, ਲੱਠ-ਮਾਰ ਅਤੇ ਦਿਮਾਗ਼ ਦੀਆਂ ਰਗਾਂ ਵਿਚ ਖੌਰੂ ਪਾਉਣ ਵਾਲੀ ਹੈ। ਇਥੋਂ ਦੀ ਅੰਗਰੇਜ਼ੀ ਦਾ ਉਚਾਰਨ ਅਤੇ ਭਾਸ਼ਾ ਦਾ ਵਹਿਣ ਆਪਣੀ ਹੀ ਕਿਸਮ ਦਾ ਹੈ। 43ਏ. ਡੀ. ਵਿਚ ਇੰਗਲੈਂਡ ਉਤੇ ਰੋਮਨ ਲੋਕਾਂ ਦਾ ਕਬਜ਼ਾ ਹੋ ਚੁੱਕਾ ਸੀ। ਇਥੋਂ ਦੇ ਪੁਰਾਣੇ ਵਸਨੀਕ 'ਸੈਲਟ' (celt) ਸਨ। ਸੈਲਟ ਜ਼ਿਆਦਾਤਰ ਖੇਤੀਬਾੜੀ ਕਰਨ ਵਾਲੇ ਅਤੇ ਕਿਰਤੀ-ਕਾਮੇ ਸਨ। ਪੰਜਾਬੀ ਵਾਂਗ ਇਨ੍ਹਾਂ ਲੋਕਾਂ ਦੀ ਭਾਸ਼ਾ, ਲੋਕ ਬੋਲੀਆਂ ਅਤੇ ਗੀਤਾਂ ਨਾਲ ਗੁੰਦੀ ਰਹੀ ਹੈ। ਸੈਲਟ ਲੋਕਾਂ 'ਤੇ ਲੋਕ-ਚੇਤਨਾ ਭਾਰੂ ਸੀ ਕਿਉਂਕਿ ਉਹ ਲੋਕ ਪਰੰਪਰਾਵਾਦੀ ਸਨ। ਰੋਮਨ ਲੋਕਾਂ ਦੇ ਆਉਣ ਨਾਲ ਲੈਟਿਨ ਭਾਸ਼ਾ ਨੂੰ ਸਰਕਾਰੀ ਅਤੇ ਦਫ਼ਤਰੀ ਭਾਸ਼ਾ ਦਾ ਦਰਜਾ ਮਿਲ ਗਿਆ। ਰੋਮਨ ਲੋਕਾਂ ਨੇ ਬਿਲਡਿੰਗਾਂ, ਸੜਕਾਂ ਅਤੇ ਸਰਕਾਰੀ ਭਵਨਾਂ ਦਾ ਨਿਰਮਾਣ ਕੀਤਾ। ਬਹੁਤ ਸਾਰੇ ਰੋਮਨ ਸ਼ਬਦ ਅੰਗਰੇਜ਼ੀ ਵਿਚ ਸਮਾ ਗਏ। ਕਲਾ, ਕਾਵਿ, ਚਿੱਤਰਕਾਰੀ ਅਤੇ ਸਾਹਿਤ ਉਤੇ ਰੋਮਨ ਪ੍ਰਭਾਵ ਦੀ ਗਵਾਹੀ ਇਤਿਹਾਸ ਭਰਦਾ ਹੈ।

ਫਿਰ ਰੋਮਨ ਲੋਕਾਂ ਨੂੰ ਕਈ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਗਿਆ। ਜਿਉਂ-ਜਿਉਂ ਪ੍ਰੇਸ਼ਾਨੀਆਂ ਵਧਦੀਆਂ ਗਈਆਂ, ਰੋਮਨ ਆਪਣੀ ਸਿਆਸੀ ਪਕੜ ਤੋਂ ਵਾਂਝੇ ਹੁੰਦੇ ਗਏ। ਨਵੇਂ ਧਾੜਵੀ ਆਪਣੀ ਕਿਸਮਤ ਅਜ਼ਮਾਉਣ ਲਈ ਸੰਘਰਸ਼ ਕਰਨ ਲੱਗ ਪਏ। ਇਸ ਨੂੰ ਸਮਝਣਾ ਹੋਰ ਵੀ ਦਿਲਚਸਪ ਹੋਵੇਗਾ, ਜੇਕਰ ਅਸੀਂ ਆਪਣੇ ਦੇਸ਼ ਦਾ ਪ੍ਰਾਚੀਨ ਸਿਆਸੀ ਢਾਂਚਾ ਸਮਝਣ ਦੀ ਕੋਸ਼ਿਸ਼ ਕਰੀਏ। ਕਿਸੇ ਵੇਲੇ ਅਰਬ, ਫ਼ਰਾਂਸੀਸੀ, ਅੰਗਰੇਜ਼ ਅਤੇ ਪੁਰਤਗਾਲੀ ਧਾੜਵੀ ਬਣ ਕੇ ਹਿੰਦੁਸਤਾਨ ਵੱਲ ਆਏ ਅਤੇ ਕਾਬਜ਼ ਹੋਣ ਦੀ ਕੋਸ਼ਿਸ਼ ਕਰਨ ਲੱਗ ਪਏ। ਪੰਜਾਬੀ ਭਾਸ਼ਾ ਦਾ ਰੰਗ-ਰੂਪ ਬਦਲ ਕੇ ਨਵੇਂ ਸ਼ਬਦ ਬੋਲੇ ਜਾਣ ਲੱਗ ਪਏ। ਦੇਗ਼, ਤੇਗ, ਫ਼ਤਿਹ, ਮਦਰਸਾ, ਤਅਲੀਮ (ਤਾਲੀਮ), ਹੁੱਕਾ, ਤਕੀਆ ਸਭ ਅਰਬੀ ਦੇ ਸ਼ਬਦ ਹਨ। ਚਪੜਾਸੀ, ਪੀਅਨ, ਤਾਲਾ, ਚਾਬੀ, ਕੁੰਡਾ ਆਦਿ ਪੁਰਤਗਾਲੀ ਸ਼ਬਦ ਹਨ। ਫ਼ਰੈਂਚ ਭਾਸ਼ਾ ਦੇ ਸ਼ਬਦ ਆਪਣਾ ਮੂਲ ਰੂਪ ਗੁਆ ਕੇ ਭ੍ਰਿਸ਼ਟ ਰੂਪ ਵਿਚ ਪ੍ਰਚੱਲਤ ਹੋ ਗਏ। ਪੀਅਨ ਨਾਂ ਦਾ ਸ਼ਬਦ ਅੰਗਰੇਜ਼ੀ ਵਿਚ ਨਹੀਂ। ਜਿਸ ਨੂੰ ਆਫ਼ਿਸ ਬੁਆਏ ਕਹਿੰਦੇ ਹਨ, ਇਹ ਪੁਰਤਗਾਲੀਆਂ ਦੀ ਦੇਣ ਹੈ। ਬ੍ਰਿਟਿਸ਼ ਸਾਮਰਾਜ ਦਾ ਕੰਟਰੋਲ ਰੋਮਨਾਂ ਦੇ ਹੱਥੋਂ ਛੁੱਟ ਗਿਆ। ਡੈਨਮਾਰਕ ਅਤੇ ਉਤਰੀ ਜਰਮਨੀ ਤੋਂ ਆਏ ਲੋਕ ਕਾਬਜ਼ ਹੋ ਗਏ। ਇਹ ਲੋਕ ਸ਼ਾਂਤੀ ਦੇ ਪੁਜਾਰੀ ਸਨ, ਜੰਗ ਨਹੀਂ ਸਨ ਚਾਹੁੰਦੇ। ਇਨ੍ਹਾਂ ਲੋਕਾਂ ਦਾ ਮੁੱਖ ਕਿੱਤਾ ਖੇਤੀਬਾੜੀ ਸੀ। ਇਸ ਲਈ ਕਿਸਾਨ, ਕਿਰਤੀ ਅਤੇ ਕਾਮਿਆਂ ਦੇ ਪ੍ਰਭਾਵ ਕਾਰਨ ਅੰਗਰੇਜ਼ੀ ਦਾ ਵਿਕਾਸ ਹੁਣ ਨਵੇਂ ਰੂਪ ਵਿਚ ਹੋਇਆ। ਪੁਰਾਣੇ ਸੈਲਟ ਕਬੀਲੇ ਉਤਰ ਵੱਲ ਕੂਚ ਕਰ ਗਏ ਜਿਸ ਨੂੰ ਅੱਜ ਕੱਲ੍ਹ ਸਕਾਟਲੈਂਡ, ਵੇਲਜ਼ ਅਤੇ ਆਇਰਲੈਂਡ ਕਿਹਾ ਜਾਂਦਾ ਹੈ। ਜਰਮਨ ਕਬੀਲਿਆਂ ਨੇ ਅੰਗਰੇਜ਼ੀ ਦਾ ਜੋ ਰੂਪ ਅਪਨਾਇਆ, ਉਸ ਨੂੰ ਐਂਗਲੋ-ਸੈਕਸਨ ਜਾਂ ਪੁਰਾਣੀ ਅੰਗਰੇਜ਼ੀ ਕਿਹਾ ਜਾਂਦਾ ਹੈ।

ਈਰਖਾ ਦੇ ਸਾੜੇ ਯੂਰਪ ਦੇ ਧਾੜਵੀਆਂ ਨੇ ਫਿਰ ਹੱਲਾ ਬੋਲਣਾ ਅਰੰਭ ਕਰ ਦਿੱਤਾ। ਹੁਣ ਫਿਰ ਡੇਨਜ਼ ਕਾਬਜ਼ ਹੋ ਗਏ, ਜੋ ਹੱਦ ਦਰਜੇ ਦੇ ਲੜਾਕੇ, ਗ਼ੁੱਸੇਖ਼ੋਰ ਅਤੇ ਭਾਂਤੂ ਕਿਸਮ ਦੇ ਲੋਕ ਸਨ। ਜੰਗਲੀ ਨਾਚ ਦਾ ਤਾਂਡਵ ਕਰ ਕੇ ਲੋਕਾਂ ਦੀ ਨੀਂਦ ਖ਼ਰਾਬ ਕਰਨਾ ਉਨ੍ਹਾਂ ਦੇ ਖ਼ੂਨ ਵਿਚ ਸੀ। ਇਨ੍ਹਾਂ ਨੇ ਦੇਸ਼ ਦੇ ਮੁੱਖ ਕਸਬਿਆਂ ਨੂੰ ਅੱਗ ਲਗਾ ਦਿੱਤੀ। ਪਾਦਰੀਆਂ ਅਤੇ ਭਿਖ਼ਸ਼ੂਆਂ ਦੇ ਮੱਠ ਜੋ ਕਦੇ ਤਹਿਜ਼ੀਬ ਤੇ ਸਿੱਖਿਆ ਦਾ ਕੇਂਦਰ ਰਹੇ ਸਨ, ਢਾਹ ਦਿੱਤੇ। ਹਿੰਸਾ ਦੀ ਲਹਿਰ ਜਿਹੀ ਚੱਲੀ। ਲੋਕਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕਰਦੇ-ਕਰਦੇ ਅੰਗਰੇਜ਼ੀ ਭਾਸ਼ਾ ਦੇ ਵਿਕਾਸ ਵਿਚ ਗਿਰਾਵਟ ਆ ਗਈ। ਗਾਲ੍ਹੀ-ਗਲੋਚ ਦੇ ਕਠੋਰ ਸ਼ਬਦ ਆਮ ਬੋਲੇ ਜਾਣ ਲੱਗ ਪਏ।

ਹੁਣ ਇਸ ਸਮੱਸਿਆ ਨੂੰ ਸਮਝਣ ਲਈ ਤਾਜ਼ਾ ਮਿਸਾਲ ਇਰਾਕ ਦੀ ਲਵੋ। ਇਰਾਕ ਵਿਚ ਤਿੰਨ ਕਬੀਲੇ ਵੱਸਦੇ ਹਨ: ਸੁੰਨੀ, ਸ਼ੀਆ ਤੇ ਕੁਰਦ। ਸੁੰਨੀ ਅਤੇ ਸ਼ੀਆ ਸ਼ਹਿਰਾਂ ਵਿਚ ਜ਼ਿੰਦਗੀ ਬਸਰ ਕਰਦੇ ਹਨ। ਤਿੰਨੋਂ ਇਰਾਕੀ ਭਾਸ਼ਾ ਬੋਲਦੇ ਹਨ ਪਰ ਬੋਲਣ ਦਾ ਸੁਰਾਘਾਤ ਰਤਾ ਵੱਖਰਾ ਹੈ। ਕੁਰਦ ਲੜਾਕੇ, ਝਗੜਾਲੂ, ਕਠੋਰ-ਚਿੱਤ, ਦਇਆਹੀਣ ਤੇ ਬੇਰਹਿਮ ਲੋਕ ਹਨ ਪਰ ਵੋਟਾਂ ਵਿਚ ਸਿਆਸੀ ਪਲਟੀ ਮਾਰਨਾ ਉਨ੍ਹਾਂ ਦਾ ਪੈਂਤੜਾ ਹੈ। ਕਿਸੇ ਵੇਲੇ ਮੈਸੋਪੋਟਾਮੀਆ ਕਹਿਲਾਉਣ ਵਾਲਾ ਤਹਿਜ਼ੀਬ ਦਾ ਮਰਕਜ਼ ਅੱਜ ਜੰਗਲ ਰਾਜ ਦਾ ਗੜ੍ਹ ਹੈ। ਠੀਕ ਇਸੇ ਤਰ੍ਹਾਂ ਡੇਨਜ਼ (danes) ਸਨ। 878 ਏ.ਡੀ. ਵਿਚ ਬਾਦਸ਼ਾਹ ਅਲਫ਼ਰੈਡ ਨੇ ਇਕ ਸੰਧੀ ਰਾਹੀਂ ਡੇਨਜ਼ ਨੂੰ ਇੰਗਲੈਂਡ ਦੇ ਬਾਸ਼ਿੰਦੇ ਮੰਨ ਲਿਆ ਅਤੇ ਰਾਜ ਦਾ ਵੱਖਰਾ ਭਾਗ ਉਨ੍ਹਾਂ ਨੂੰ ਦੇ ਦਿੱਤਾ।

ਇਥੇ ਜ਼ਿਕਰਯੋਗ ਹੈ ਕਿ ਗਿਆਰ੍ਹਵੀਂ ਸਦੀ ਤਕ ਅੰਗਰੇਜ਼ੀ ਭਾਸ਼ਾ ਦਾ ਕੋਈ ਵਿਕਾਸ ਨਾ ਹੋ ਸਕਿਆ। ਅੰਗਰੇਜ਼ੀ ਹੋਰ 300 ਸਾਲਾਂ ਤਕ ਇੰਗਲੈਂਡ ਦੀ ਰਾਜ ਭਾਸ਼ਾ ਜਾਂ ਦਫ਼ਤਰੀ ਭਾਸ਼ਾ ਨਾ ਬਣ ਸਕੀ, ਦਫ਼ਤਰੀ ਭਾਸ਼ਾ ਫ਼ਰੈਂਚ ਸੀ। ਅਖ਼ੀਰ ਇਕ ਬਦਲਾਓ ਆ ਗਿਆ ਕਿ ਡੇਨਜ਼ ਨੇ 1066 ਏ.ਡੀ. ਤਕ ਸਾਰੇ ਇੰਗਲੈਂਡ 'ਤੇ ਫ਼ਤਿਹ ਹਾਸਲ ਕਰ ਲਈ। ਬਸ ਫਿਰ ਕੀ ਸੀ, ਅੰਗਰੇਜ਼ੀ ਦਾ ਵਿਕਾਸ ਹੋਣਾ ਅਰੰਭ ਹੋ ਗਿਆ। ਪਰਸ਼ੀਆ ਅਤੇ ਪਸ਼ਤੋ ਮੇਲ ਦਾ ਸ਼ਬਦ ਹੈ 'ਘਾਠ' ਜਿਸ ਦਾ ਮਤਲਬ ਰੈਗੀ raggy, millet ਜਾਂ ਇਕ ਤਰ੍ਹਾਂ ਦੀ ਜਵਾਰ ਤੋਂ ਹੈ। ਜਦੋਂ ਅਸੀਂ ਕਹਿੰਦੇ ਹਾਂ ਕਿ ਫ਼ਰੀਦਾ ਰੋਟੀ ਮੇਰੀ 'ਕਾਠ' ਦੀ, ਤਾਂ ਕੋਈ ਮਤਲਬ ਨਹੀਂ ਨਿਕਲਦਾ। ਕੀ ਫ਼ਰੀਦ ਸਾਹਿਬ ਲੱਕੜ ਜਾਂ ਕਾਠ ਦੀ ਰੋਟੀ ਗਲ਼ ਵਿਚ ਫਸਾ ਕੇ ਰੱਖਦੇ ਸਨ? ਕੀ ਇਹ ਮੁਮਕਿਨ ਹੈ? ਤਰਕ ਪੱਖੋਂ ਇਸ ਦਾ ਮਤਲਬ ਹੈ ਕਿ ਸਾਦੀ ਦਸਾਂ ਨਹੁੰਆਂ ਦੀ ਕਿਰਤ ਵਿਚੋਂ ਕਮਾਈ ਹੋਈ ਰੋਟੀ ਹੀ ਮੇਰੀ ਭੁੱਖ ਸ਼ਾਂਤ ਕਰਨ ਲਈ ਕਾਫ਼ੀ ਹੈ। ਜਿਹੜੇ ਭਾਰੀ ਖ਼ੁਰਾਕ ਖਾਂਦੇ ਹਨ, ਉਹੀ ਪ੍ਰੇਸ਼ਾਨੀ ਬਰਦਾਸ਼ਤ ਕਰਦੇ ਹਨ। ਇਸ ਤਰ੍ਹਾਂ ਭਾਈ ਲਾਲੋ ਦੇ ਕੋਧਰੇ ਨੂੰ ਵੀ 'ਜਾਦੂ ਦੇ ਅਸਰ ਵਾਲਾ ਅਨਾਜ' ਕਹੋਗੇ।

ਸ਼ਹਿਰੀ ਲੋਕ ਭਾਸ਼ਾ ਨੂੰ ਬਹੁਤ ਨਜ਼ਾਕਤ ਨਾਲ ਬੋਲਦੇ ਹਨ, ਜਿਸ ਵਿਚ ਓਪਰਾਪਣ ਜਾਂ ਬਨਾਉਟੀ ਰੰਗ-ਸਾਜ਼ੀ ਸਾਫ਼ ਨਜ਼ਰ ਆਉਂਦੀ ਹੈ। ਇਸ ਦਾ ਕਾਰਨ ਉਨ੍ਹਾਂ ਦਾ ਪੇਸ਼ਾ, ਰਹਿਣ-ਸਹਿਣ ਅਤੇ ਜ਼ਮੀਰ ਨੂੰ ਗਹਿਣੇ ਪਾ ਕੇ ਪੈਸਾ ਕਮਾਉਣ ਦਾ ਢੰਗ ਵੀ ਹੈ। ਪਹਿਲੀ ਗੱਲ ਤਾਂ ਇਹ ਕਿ ਮੈਂ ਸ਼ਹਿਰਾਂ ਵਿਚ ਬਹੁਤ ਘੱਟ ਟਾਵੇਂ-ਟੱਲੇ ਨੂੰ ਹੀ ਪੰਜਾਬੀ ਕਿਤਾਬਾਂ ਪੜ੍ਹਦੇ ਤੱਕਿਆ ਹੈ। ਕਹਾਣੀਆਂ, ਨਾਵਲ ਜਾਂ ਰਸਾਲਿਆਂ ਦੀ ਵਿਕਰੀ ਸਿਰਫ਼ ਪੇਂਡੂ ਖੇਤਰ ਤਕ ਹੀ ਸੀਮਤ ਹੈ। ਸਵੇਰੇ-ਸਵੇਰੇ ਮੈਂ ਦੇਖਦਾ ਹਾਂ ਕਿ ਗੁਰਸਿੱਖ ਲੋਕ ਵੀ ਹਿੰਦੀ ਦਾ ਅਖ਼ਬਾਰ ਪੜ੍ਹ ਕੇ ਖ਼ੁਸ਼ੀ ਮਹਿਸੂਸ ਕਰਦੇ ਹਨ। ਇਸ ਦਾ ਦੋਸ਼ ਕੁਝ ਕਵੀਆਂ ਅਤੇ ਕੁਝ ਲੇਖਕਾਂ 'ਤੇ ਵੀ ਹੈ।

ਕਿਸੇ ਵੇਲੇ ਪੰਜ-ਚਾਰ ਪੰਜਾਬੀ ਗਾਣੇ ਬਹੁਤ ਮਸ਼ਹੂਰ ਹੋਏ। ਇਨ੍ਹਾਂ ਵਿਚੋਂ ਇਕ 'ਕੁੱਟ ਕੁੱਟ ਬਾਜਰਾ ਮੈਂ ਕੋਠੇ ਉਤੇ ਪਾਨੀ ਆਂ' ਅਤੇ ਦੂਜਾ 'ਅੜੀ ਵੇ ਅੜੀ, ਲੱਗੀ ਸਾਉਣ ਦੀ ਝੜੀ' ਹੈ। ਸਿੱਧੀ-ਸਾਦੀ ਪੰਜਾਬੀ ਭਾਸ਼ਾ ਜੋ ਆਪਣੇਪਨ ਦੀ ਝਲਕ ਮਾਰਦੀ ਹੈ, ਨੂੰ ਸ਼ਹਿਰੀ ਲੋਕ ਗਵਾਰਾਂ ਦੀ ਭਾਸ਼ਾ ਕਹਿੰਦੇ ਹਨ। ਲੁਧਿਆਣਾ ਕਿਸੇ ਵੇਲੇ ਪੰਜਾਬ ਦੀ ਸਭਿਆਚਾਰਕ ਰਾਜਧਾਨੀ ਸੀ ਪਰ ਆਬਾਦੀ ਦੀ ਹਿਲਜੁਲ ਨਾਲ ਪੰਜਾਬੀ ਵੀ ਭੋਜਪੁਰੀ ਵਾਂਗ ਹੁੰਦੀ ਜਾ ਰਹੀ ਹੈ। ਰੀਤੀ-ਰਿਵਾਜਾਂ ਵਿਚ ਤਬਦੀਲੀ, ਤਿੱਥ-ਤਿਉਹਾਰਾਂ ਵਿਚ ਬਦਲਾਓ, ਨਵੇਂ ਤੋਂ ਨਵੇਂ ਤਿਉਹਾਰ, ਆਦਿ ਪੰਜਾਬੀ ਸਭਿਆਚਾਰ ਨੂੰ ਧੁੰਦਲਾ ਕਰ ਰਹੇ ਹਨ। ਹੇਠਾਂ ਮਿਸਾਲ ਦਿੰਦਾ ਹਾਂ:

ਹੇਠ ਜੰਡੋਰੇ ਬੈਠੀਏ ਨੀ
ਮੈਨੂੰ ਦਿਸਦੀ ਮੰਦੇ ਹਾਲ
ਪਾਟੇ ਤੇਰੇ ਕੱਪੜੇ
ਗਲ਼ ਵਿਚ ਖੁੱਲ੍ਹੇ ਵਾਲ
ਅੱਜ ਕੀ ਝੌਲਾ ਬਗ ਗਿਆ
ਕੀ ਪੈ ਗਿਆ ਨਵਾਂ ਬੁਆਲ
ਤੈਨੂੰ ਯਾਰ ਦਿਖਾਲੀ ਦੇ ਗਿਆ
ਲੁੱਟ ਲੈ ਧਨ ਮਾਲ।

ਇਹ ਪੇਂਡੂ ਰੰਗ ਵਿਚ ਰੰਗਿਆ ਮਿਰਜ਼ਾ ਹੈ ਜੋ ਸ਼ਹਿਰਾਂ ਵਿਚ ਪ੍ਰਚੱਲਤ ਨਹੀਂ, ਜੇ ਹੈ ਵੀ ਤਾਂ ਕੋਈ ਸਮਝਦਾ ਨਹੀਂ। ਇਸ ਦੇ ਕਸੂਰਵਾਰ ਕੁਝ ਫ਼ਿਲਮਾਂ ਵਾਲੇ ਵੀ ਹਨ ਜੋ ਮੂਲ ਰੂਪ ਦੀ ਸ਼ਕਲ ਵਿਗਾੜ ਕੇ ਆਪਣੇ ਹੀ ਹੋਛੇਪਣ ਦਾ ਭੁਲਾਂਦਰਾ ਜਿਹਾ ਚੜ੍ਹਾਅ ਦਿੰਦੇ ਹਨ। ਇਸੇ ਤਰ੍ਹਾਂ ਬਾਬੇ ਬੁੱਲ੍ਹੇ ਸ਼ਾਹ ਦੀਆਂ ਕਾਫੀਆਂ ਕਾਫ਼ੀ ਹੱਦ ਤਕ ਵਿਗਾੜੀਆਂ ਜਾ ਚੁੱਕੀਆਂ ਹਨ। ਪੰਜਾਬੀ ਦੀ ਕੋਈ ਸਭਿਆਚਾਰਕ ਸੁਸਾਇਟੀ ਅਜਿਹੀ ਹੋਣੀ ਚਾਹੀਦੀ ਹੈ ਜੋ ਅਜਿਹਾ ਕਰਨ ਤੋਂ ਰੋਕੇ।

## ਕਹਾਣੀ

# ਢੋਇਆ ਹੋਇਆ ਬੂਹਾ

**ਕਰਤਾਰ ਸਿੰਘ ਦੁੱਗਲ**

ਮੁੜ-ਮੁੜ ਉਹ ਕਹਿ ਰਿਹਾ ਸੀ-ਮੈਂ ਕੱਲ੍ਹ ਨਹੀਂ ਤੇ ਪਰਸੋਂ ਮੁੜ ਆਵਾਂਗਾ। ਦਿੱਲੀ ਕਿਹੜੀ ਦੂਰ ਹੈ? ਮੈਂ ਥੋਹ ਕੜਿੱਲੇ ਤੇ ਮਰਨ ਜਾ ਰਿਹਾ ਹਾਂ। ਹਰ ਵਾਰ ਉਹ ਇਹ ਕਹਿੰਦਾ ਤੇ ਉਹ ਅੱਗੋਂ ਹੱਸ ਛੱਡਦੀ, ਫਿੱਕੀ ਜਿਹੀ ਹਾਸੀ।

ਉਹਦੇ ਸੁਫ਼ਨਿਆਂ ਦਾ ਦੇਸ ਪਾਕਿਸਤਾਨ ਬਣ ਰਿਹਾ ਸੀ। ਦੁਰਦਾਨਾ ਨੂੰ ਇਹ ਸੋਚ ਕੇ ਨਸ਼ਾ ਜਿਹਾ ਚੜ੍ਹ ਜਾਂਦਾ। ਕਾਇਦੇ-ਆਜ਼ਮ ਦੀ ਦੀਵਾਨੀ, ਕਈ ਵਰ੍ਹਿਆਂ ਦੀ ਜਦੋ-ਜਹਿਦ ਤੋਂ ਬਾਅਦ ਉਨ੍ਹਾਂ ਨੂੰ ਕਾਮਯਾਬੀ ਹੋਈ ਸੀ। ਕਾਲਜ ਦੇ ਜ਼ਮਾਨੇ ਤੋਂ ਉਹ ਮੁਸਲਿਮ ਲੀਗ ਦੀ ਵਾਲੰਟੀਅਰ ਭਰਤੀ ਹੋ ਗਈ ਸੀ। ਦਿਨ-ਰਾਤ ਪਾਕਿਸਤਾਨ ਲਈ ਪ੍ਰਾਪੇਗੰਡਾ ਕਰਨਾ, ਦਿਨ-ਰਾਤ ਪਾਕਿਸਤਾਨ ਲਈ ਚੰਦਾ ਇੱਕਠਾ ਕਰਨਾ, ਦਿਨ-ਰਾਤ ਪਾਕਿਸਤਾਨ ਲਈ ਕੁਰਬਾਨੀਆਂ ਦੇਣ ਲਈ ਲੋਕਾਂ ਨੂੰ ਤਿਆਰ ਕਰਨਾ। ਹਰ ਜਲਸੇ ਵਿਚ ਦੁਰਦਾਨਾ ਸ਼ਾਮਲ ਹੁੰਦੀ, ਪਾਕਿਸਤਾਨ ਲਈ ਹਰ ਮੁਜ਼ਾਹਿਰੇ ਵਿਚ ਉਹ ਹਿੱਸਾ ਲੈਂਦੀ। 'ਪਾਕਿਸਤਾਨ ਜ਼ਿੰਦਾਬਾਦ' 'ਕਾਇਦੇ-ਆਜ਼ਮ ਜ਼ਿੰਦਾਬਾਦ' ਦੇ ਨਾਅਰੇ ਲਾ ਲਾ ਕੇ ਉਹਦਾ ਸੰਘ ਬਹਿ ਜਾਂਦਾ ਅਤੇ ਕਿਤਨੇ ਕਿਤਨੇ ਵੇਲੇ ਫਿਰ ਲੂਣ ਤੇ ਕੋਸੇ ਪਾਣੀ ਦੇ ਗ਼ਰਾਰੇ ਕਰਦੀ ਰਹਿੰਦੀ, ਨਾਲ ਦੇ ਫ਼ਲੈਟ ਵਿਚ ਰਹਿ ਰਹੇ ਡਾ. ਅਸ਼ੋਕ ਤੋਂ ਗੋਲੀਆਂ ਲੈ ਕੇ ਖਾਂਦੀ ਰਹਿੰਦੀ। ਸਾਰਾ ਸਾਰਾ ਦਿਨ ਗਲੀਆਂ ਮੁਹੱਲਿਆਂ ਵਿਚ ਫਿਰ ਫਿਰ ਕੇ ਮੁਸਲਮ ਲੀਗ ਦੇ ਪੈਗ਼ਾਮ ਨੂੰ ਘਰ-ਘਰ ਪਹੁੰਚਾਂਦੀ। ਜਦੋਂ ਥੱਕੀ ਹਾਰੀ ਘਰ ਮੁੜਦੀ ਤਾਂ ਆਪਣੇ ਗੁਆਂਢੀ ਡਾ. ਦੀ ਇਕ ਖ਼ੁਰਾਕ ਤੇ ਉਹ ਚੰਗੀ ਭਲੀ ਹੋ ਜਾਂਦੀ। ਖ਼ੁਸ਼-ਖ਼ੁਸ਼, ਚਹਿਕ ਰਹੀ, ਹਰ ਵੇਲੇ ਕਿਸੇ ਨਾ-ਕਿਸੇ ਗ਼ਜ਼ਲ ਦਾ ਸ਼ਿਅਰ ਗੁਣ-ਗੁਣਾ ਰਹੀ। ਜਾਂ ਫਿਰ ਜਦੋਂ ਉਸ ਨੂੰ ਵਕਤ ਮਿਲਦਾ ਸਜਣ ਲੱਗ ਪੈਂਦੀ। ਸਜਣ ਦੀ ਸ਼ੌਕੀਨ, ਘੰਟਿਆਂ-ਬੱਧੀ ਸ਼ਿੰਗਾਰ ਮੇਜ਼ ਦੇ ਸਾਹਮਣੇ ਬੈਠੀ ਰਹਿੰਦੀ।

ਸੋਹਣੀ ਵੀ ਕਿਤਨੀ ਸੀ ਦੁਰਦਾਨਾ। ਉਹਦੇ ਹੁਸਨ ਵੱਲ ਵੇਖਿਆ ਨਾ ਜਾਂਦਾ। ਜਦੋਂ ਦੀ ਇੱਕ ਬੱਚੀ ਦੀ ਮਾਂ ਬਣੀ ਸੀ, ਹੋਰ ਸੋਹਣੀ ਲੱਗਣ ਲੱਗ ਪਈ ਸੀ।

"ਸਾਡੀ ਧੀ ਦੀ ਸ਼ਕਲ ਉਚੜੀ-ਪੁਚੜੀ ਡਾ. ਅਸ਼ੋਕ ਤੇ ਹੈ।" ਇਕ ਦਿਨ ਆਪਣੀ ਬੱਚੀ ਨੂੰ ਕੁੱਛੜ ਲਈ ਉਸ ਨੂੰ ਪਿਆਰ ਕਰ ਰਹੇ, ਦੁਰਦਾਨਾ ਦੇ ਖਾਵੰਦ ਲਤੀਫ਼ ਨੇ ਉਹਨੂੰ ਕਿਹਾ।

"ਕੀ ਮਤਲਬ?" ਦੁਰਦਾਨਾ ਦਾ ਤ੍ਰਾਹ ਨਿਕਲ ਗਿਆ।

"ਓਸ ਵਰਗੀ ਸੋਹਲ-ਅੰਗੀ, ਗੋਰੀ-ਗੋਰੀ, ਪਾਨ ਵਰਗਾ ਮੂੰਹ, ਬਿੱਲੀਆਂ ਅੱਖੀਆਂ।"

"ਆਹੋ, ਆਹੋ, ਮੈਂ ਤੇ ਕਦੀ ਖਿਆਲ ਹੀ ਨਹੀਂ ਕੀਤਾ।" ਦੁਰਦਾਨਾ ਨੇ ਆਪਣੀ ਬੱਚੀ ਦੇ ਚਿਹਰੇ ਵੱਲ ਵੇਖਦੇ ਹੋਏ ਕਿਹਾ।

"ਜੇ ਤੈਨੂੰ ਇਸ ਬੱਚੀ ਦੀ ਆਸ ਸਾਡੇ ਇਸ ਫਲੈਟ ਵਿਚ ਆਉਣ ਤੋਂ ਕਈ ਮਹੀਨੇ ਪਹਿਲੇ ਪਿੰਡੀ ਵਿਚ ਨਾ ਲੱਗੀ ਹੁੰਦੀ..."

"ਤਾਂ ਤੁਹਾਨੂੰ ਮੇਰੇ ਚਲਨ 'ਤੇ ਸ਼ੱਕ ਹੋਣ ਲੱਗ ਪੈਂਦਾ।" ਦੁਰਦਾਨਾ ਨੇ ਆਪਣੇ ਖ਼ਾਵੰਦ ਦਾ ਫ਼ਿਕਰਾ ਪੂਰਾ ਕੀਤਾ ਅਤੇ ਫੇਰ ਦੋਵੇਂ ਹੱਸਣ ਲੱਗ ਪਏ। ਹੱਸਦੇ-ਹੱਸਦੇ ਆਪਣੀ ਬੱਚੀ ਨੂੰ ਪਿਆਰ ਕਰਦੇ ਰਹੇ।

ਡਾ. ਅਸ਼ੋਕ ਨਾਲ ਸੱਚਮੁੱਚ ਦੁਰਦਾਨਾ ਦਾ ਬੜਾ ਜੋੜ ਸੀ। ਆਮ ਔਰਤਾਂ ਵਾਂਗ ਉਸ ਨੂੰ 'ਭਾਈ ਸਾਹਿਬ' 'ਭਾਈ ਸਾਹਿਬ' ਨਹੀਂ ਕਹਿੰਦੀ ਸੀ ਪਰ ਆਪਣੇ ਗੁਆਂਢੀ ਨੂੰ ਦਿਲੋਂ ਚਾਹੁੰਦੀ ਸੀ ਤੇ ਡਾ. ਅਸ਼ੋਕ ਵੀ ਦੁਰਦਾਨਾ ਦਾ ਮੁਤਵਾਲਾ ਸੀ। ਉਹਦੀ ਹਰ ਲੋੜ ਦਾ, ਹਰ ਫ਼ਰਮਾਇਸ਼ ਦਾ ਖ਼ਿਆਲ ਰੱਖਦਾ। ਦੁਨੀਆਂ ਭਰ ਦੀਆਂ ਟਾਨਿਕਾਂ ਲਿਆ-ਲਿਆ ਕੇ ਉਹਨੂੰ ਅਤੇ ਉਹਦੀ ਬੱਚੀ ਨੂੰ ਖੁਆਂਦਾ ਰਹਿੰਦਾ। ਜਿਤਨੀ ਵਾਰ ਵਿਦੇਸ਼ ਜਾਂਦਾ, ਦੁਰਦਾਨਾ ਤੇ ਉਹਦੇ ਘਰ ਵਾਲੇ ਲਈ ਢੇਰਾਂ ਸੁਗਾਤਾਂ ਲੈ ਕੇ ਆਉਂਦਾ। ਉਨ੍ਹਾਂ ਦੀ ਬੱਚੀ ਤਾਂ ਰਹਿੰਦੀ ਹੀ ਡਾ. ਅਸ਼ੋਕ ਦੇ ਫ਼ਲੈਟ ਵਿਚ ਸੀ। ਛੜਾ-ਛਾਂਡ ਨੌਜੁਆਨ, ਜਦੋਂ ਉਹਨੂੰ ਵਿਹਲ ਹੁੰਦੀ ਬੇਬੀ ਨੂੰ ਬੁਲਾ ਕੇ ਉਸ ਨਾਲ ਖੇਡਣ ਲੱਗ ਪੈਂਦਾ।

ਅੱਜ ਕੱਲ੍ਹ ਦੁਰਦਾਨਾ ਪਾਕਿਸਤਾਨ ਦੇ ਕਾਇਮ ਹੋਣ ਦੇ ਜਸ਼ਨਾਂ ਦੀ ਤਿਆਰੀ ਵਿਚ ਜੁੱਟੀ ਹੋਈ ਸੀ। ਜਲਸੇ-ਜਲੂਸ, ਗਲੀ-ਮੁਹੱਲਿਆਂ ਦੀ ਆਰਾਇਸ਼, ਨਾਚ-ਗਾਣਿਆਂ ਦੀਆਂ ਮਹਿਫ਼ਲਾਂ। ਇਹ ਫੈਸਲਾ ਹੋਇਆ ਸੀ, ਸਭ ਮਸੀਤਾਂ ਨੂੰ ਰੰਗਦਾਰ ਬਿਜਲੀ ਦੇ ਲਾਟੂਆਂ ਨਾਲ ਸਜਾਇਆ ਜਾਏ, ਤੇ ਮਸੀਤਾਂ ਢੇਰ ਸਾਰੀਆਂ ਸਨ ਤੇ ਰੰਗਦਾਰ ਲਾਟੂ ਪੂਰੇ ਨਹੀਂ ਪੈ ਰਹੇ ਸਨ। ਹਿੰਦੂ ਦੁਕਾਨਦਾਰਾਂ ਨੇ ਬਲਬਾਂ ਦੇ ਬੰਬ ਬਣਾ ਕੇ ਫ਼ਿਰਕੂ ਫ਼ਸਾਦਾਂ ਦੇ ਦੌਰਾਨ, ਬਲਬ ਮੁਕਾ ਛੱਡੇ ਸਨ ਤੇ ਦੁਰਦਾਨਾ ਕਹਿੰਦੀ, ਢਾਕੇ ਤੋਂ ਉਹ ਲੋਕ ਬਲਬ ਮੰਗਵਾ ਰਹੇ ਸਨ। ਰੰਗਦਾਰ ਬਲਬਾਂ ਦਾ ਹਵਾਈ ਜਹਾਜ਼ ਭਰ ਕੇ ਪੂਰਬੀ ਬੰਗਾਲ ਤੋਂ ਆ ਰਿਹਾ ਸੀ। 'ਇਸੇ ਲਈ ਤੇ ਅਸੀਂ ਪਾਕਿਸਤਾਨ ਬਣਾਇਆ ਏ ਤਾਂ ਜੋ ਹਿੰਦੂ ਦੀ ਅਜਾਰੇਦਾਰੀ ਖ਼ਤਮ ਕੀਤੀ ਜਾਏ,' ਮੁੜ ਮੁੜ ਦੁਰਦਾਨਾ ਕਹਿੰਦੀ ਅਤੇ ਕਈ ਵਾਰ ਇੰਜ ਹਿੰਦੂ ਕੌਮ ਦੇ ਖ਼ਿਲਾਫ਼ ਬੋਲ ਰਹੀ ਜਦੋਂ ਉਹ ਡਾ. ਅਸ਼ੋਕ ਦੇ ਮੂੰਹ ਵੱਲ ਵੇਖਦੀ, ਉਹਦੀ ਜ਼ਬਾਨ ਲੜਖੜਾ ਜਾਂਦੀ। ਅਸ਼ੋਕ ਵੀ 'ਤੇ ਹਿੰਦੂ ਸੀ।

ਅਸ਼ੋਕ ਦੀ ਗੱਲ ਹੋਰ ਸੀ। ਅਸ਼ੋਕ ਤੇ ਉਸ ਤਰ੍ਹਾਂ ਦੇ ਲੋਕਾਂ ਵਿਚੋਂ ਸੀ ਜਿਨ੍ਹਾਂ 'ਤੇ ਕੋਈ ਜਾਨ ਵੀ ਦੇ ਸਕਦਾ ਹੈ। ਅਸ਼ੋਕ ਵਰਗੇ ਗੁਆਂਢੀ ਵਿਰਲੇ ਹੀ ਕੋਈ ਹੁੰਦੇ ਨੇ। ਦੋ ਫ਼ਲੈਟ ਸਨ ਪਰ ਜਿਵੇਂ ਘਰ ਇੱਕੋ ਹੀ ਹੋਵੇ। ਕਈ ਕਈ ਵੇਲੇ ਇਕੋ ਹੀ ਥਾਂ ਪੱਕਦਾ। ਇਕੋ ਮੇਜ਼ 'ਤੇ ਬੈਠ ਕੇ ਉਹ ਖਾਂਦੇ ਪੀਂਦੇ। ਦੁਰਦਾਨਾ ਦੀ ਬੇਬੀ ਡਾ. ਚਾਚਾ ਦੀ ਦੀਵਾਨੀ ਸੀ। ਫ਼ਲੈਟ ਵੀ ਦੋ ਨਾਂ-ਮਾਤਰ ਹੀ ਸਨ, ਅਸਲ ਵਿਚ ਘਰ ਇੱਕੋ ਸੀ। ਕਿਰਾਇਆ ਵਧੇਰੇ ਲੈਣ ਲਈ ਮਾਲਕ-ਮਕਾਨ ਨੇ ਦੋ ਹਿੱਸਿਆਂ ਵਿਚ ਉਸ ਨੂੰ ਵੰਡ ਛੱਡਿਆ ਸੀ।

ਤੇ ਡਾ. ਅਸ਼ੋਕ ਨੂੰ ਉਹ ਦਿਨ ਕਦੀ ਨਹੀਂ ਵਿਸਰ ਸਕਦਾ ਸੀ: ਸਾਰਾ ਦਿਨ ਉਹ ਲੋਕ ਬੈਠੇ ਪਾਕਿਸਤਾਨ ਬਾਰੇ ਬਹਿਸ ਕਰਦੇ ਕਰਦੇ ਝੱਗੋ-ਝੱਗ ਹੋ ਰਹੇ ਸਨ। ਦੁਰਦਾਨਾ ਕਹਿੰਦੀ, 'ਪਾਕਿਸਤਾਨ ਬਣ ਕੇ ਰਹੇਗਾ, ਭਾਵੇਂ ਲਹੂ ਦੀਆਂ ਨਦੀਆਂ ਵਹਾਣੀਆਂ ਪੈਣ। ਪਾਕਿਸਤਾਨ ਵਿਚ ਵਸ ਰਹੇ ਹਰ ਹਿੰਦੂ ਦੀ ਲਾਸ਼ ਨੂੰ ਰੋਂਦ ਕੇ ਭਾਵੇਂ ਸਾਨੂੰ ਲੰਘਣਾ ਪਏ, ਅਸੀਂ ਆਪਣੀ ਮੰਜ਼ਲ 'ਤੇ ਪੁੱਜ ਕੇ ਰਹਾਂਗੇ।' ਇੰਜ ਬਹਿਸ ਕਦੀ-ਕਦੀ ਬਦਮਗਜ਼ੀ ਦੀ ਹੱਦ ਤੀਕ ਵੀ ਅਪੜ ਜਾਂਦੀ। ਇੰਜ ਜਦੋਂ ਦੁਰਦਾਨਾ ਲੱਖ-ਲੱਖ ਸਲ੍ਹਵਾਤਾਂ ਸੁਣਾ ਰਹੀ ਸੀ ਹਿੰਦੂ-ਸਿੱਖ ਲੀਡਰਾਂ ਨੂੰ ਜਿਹੜੇ ਪਾਕਿਸਤਾਨ ਦੇ ਬਣਾਏ ਜਾਣ ਦੇ ਖ਼ਿਲਾਫ ਸਨ, ਰੇਡੀਓ 'ਤੇ ਖ਼ਬਰ ਆਈ ਕਿ ਪੋਠੋਹਾਰ ਵਿਚ ਫ਼ਿਰਕੂ ਫ਼ਸਾਦ ਭੜਕ ਉਠੇ ਸਨ ਅਤੇ ਅਸ਼ੋਕ ਹੋਰਾਂ ਦਾ ਪਿੰਡ ਉਨ੍ਹਾਂ ਪਿੰਡ ਵਿਚੋਂ ਸੀ ਜਿਹੜੇ ਫ਼ਸਾਦੀਆਂ ਨੇ ਸਾੜ ਕੇ ਸੁਆਹ ਕਰ ਦਿੱਤੇ ਸਨ।

ਦੁਰਦਾਨਾ ਨੇ ਸੁਣਿਆ ਤੇ ਉਹਦੇ ਸੋਤਰ ਸੁੱਕ ਗਏ। ਵੱਢੋ ਤਾਂ ਜਿਵੇਂ ਲਹੂ ਦੀ ਬੂੰਦ ਨਾ ਹੋਵੇ। ਉਹਦੀ ਸਮਝ ਵਿਚ ਨਹੀਂ ਆ ਰਿਹਾ ਸੀ ਕਿ ਕੀ ਕਰੇ, ਕੀ ਨਾ ਕਰੇ। ਫੇਰ ਉਸ ਟੈਲੀਫੋਨ ਫੜਿਆ ਤੇ ਹੇਠ ਉਤੇ, ਹਰ ਆਪਣੇ ਜਾਣ-ਪਛਾਣ ਵਾਲੇ ਨੂੰ ਟੈਲੀਫੋਨ ਕਰਨੇ ਸ਼ੁਰੂ ਕਰ ਦਿੱਤੇ ਤੇ ਜਦੋਂ ਤੀਕ ਉਹਨੂੰ ਇਹ ਖ਼ਬਰ ਨਾ ਮਿਲ ਚੁੱਕੀ ਕਿ ਅਸ਼ੋਕ ਦੇ ਮਾਪੇ ਰਾਜੀ-ਖ਼ੁਸ਼ੀ ਰਾਵਲਪਿੰਡੀ ਸ਼ਹਿਰ ਪੁੱਜ ਗਏ ਸਨ, ਉਸ ਸਾਹ ਨਹੀਂ ਲਿਆ। ਮੁੜ-ਮੁੜ ਕਹਿੰਦੀ, ਮੈਂ ਆਪ ਚਲੀ ਜਾਵਾਂਗੀ। ਮੈਂ ਉਨ੍ਹਾਂ ਨੂੰ ਕਦੀ ਵੇਖਿਆ ਨਹੀਂ ਪਰ ਮੈਂ ਉਨ੍ਹਾਂ ਨੂੰ ਟੋਲ ਲਵਾਂਗੀ। ਉਨ੍ਹਾਂ ਦਾ ਘਰ ਦਾ ਲੁੱਟਿਆ ਸਾਰਾ ਮਾਲ ਵਾਪਸ ਕਰਾਵਾਂਗੀ।

ਦੁਰਦਾਨਾ ਦਾ ਖ਼ਾਵੰਦ ਹੈਰਾਨ ਹੁੰਦਾ, ਇਕ ਪਾਸੇ ਤਾਂ ਉਹ ਪਾਕਿਸਤਾਨ ਬਣਾਉਣ ਲਈ ਲੱਖਾਂ ਹਿੰਦੂਆਂ ਦਾ ਲਹੂ ਵਹਾਉਣ ਲਈ ਤਿਆਰ ਸੀ, ਦੂਜੇ ਪਾਸੇ ਇਕ ਹਿੰਦੂ ਨੂੰ ਕੰਡੇ ਦੀ ਚੋਭ ਉਸ ਨੂੰ ਇੰਜ ਪ੍ਰੇਸ਼ਾਨ ਕਰ ਰਹੀ ਸੀ।

ਤੇ ਹੁਣ ਜਦੋਂ ਦਾ ਅਗਸਤ ਚੜ੍ਹਿਆ ਸੀ, ਅਸ਼ੋਕ ਦਿੱਲੀ ਜਾਣ ਲਈ ਤਿਆਰ ਹੋ ਰਿਹਾ ਸੀ। ਸਰਕਾਰੀ ਮੁਲਾਜ਼ਮ, ਉਸ ਆਰਜ਼ੀ ਤੌਰ 'ਤੇ ਹਿੰਦੁਸਤਾਨ ਦੀ ਨੌਕਰੀ ਲਈ ਆਪਣੀ ਮਰਜ਼ੀ ਜ਼ਾਹਿਰ ਕੀਤੀ ਸੀ। ਤਿੰਨ ਮਹੀਨੇ ਵਿਚ ਉਹ ਆਪਣਾ ਫੈਸਲਾ ਬਦਲ ਸਕਦਾ ਸੀ। ਜੇ ਹਾਲਾਤ ਸਾਜ਼ਗਾਰ ਹੋਏ ਤਾਂ ਉਹ ਤਿੰਨ ਮਹੀਨਿਆਂ ਤੋਂ ਬਾਅਦ ਪਾਕਿਸਤਾਨ ਸਰਕਾਰ ਦੀ ਨੌਕਰੀ ਪ੍ਰਵਾਨ ਕਰ ਲਵੇਗਾ ਅਤੇ ਅਸ਼ੋਕ ਨੂੰ ਰਤੀ ਭਰ ਵੀ ਸ਼ੱਕ ਨਹੀਂ ਸੀ ਕਿ ਉਹ ਤਿੰਨ ਮਹੀਨਿਆਂ ਬਾਅਦ ਲਾਹੌਰ ਮੁੜ ਆਵੇਗਾ। ਤਿੰਨ ਮਹੀਨੇ ਕਿਉਂ, ਉਹ ਤੇ ਅਗਲੇ ਦਿਨ ਵਾਪਸ ਆ ਜਾਵੇਗਾ। ਦਿੱਲੀ ਦੇ ਹਸਪਤਾਲ ਵਿਚ ਚਾਰਜ ਲੈ ਕੇ ਉਹ ਛੁੱਟੀ ਦੀ ਅਰਜ਼ੀ ਪਾ ਦੇਵੇਗਾ। ਤੇ ਛੁੱਟੀ ਦੇ ਦਿਨ ਲਾਹੌਰ ਗੁਜ਼ਾਰੇਗਾ। ਹੁਣ ਜਦੋਂ ਉਹਦੇ ਜਾਣ ਦਾ ਦਿਨ ਨੇੜੇ ਆ ਗਿਆ ਸੀ, ਉਹ ਦੁਰਦਾਨਾ ਦੀ ਬੇਬੀ ਨੂੰ ਕੁੱਛੜ ਚੁੱਕੀ ਮੁੜ-ਮੁੜ ਕਹਿੰਦਾ, 'ਮੈਂ ਕੱਲ੍ਹ ਨਹੀਂ ਤੇ ਪਰਸੋਂ ਮੁੜ ਆਵਾਂਗਾ। ਦਿੱਲੀ ਕਿਹੜੀ ਦੂਰ ਹੈ। ਮੈਂ ਥੋਹ ਕੜਿੱਲੇ ਹੀ ਤੇ ਮਾਰਨ ਜਾ ਰਿਹਾ ਹਾਂ।' ਹਰ ਵਾਰ ਉਹ ਇੰਜ ਕਹਿੰਦਾ, ਡਾ. ਅਸ਼ੋਕ ਆਪਣੇ ਦਿਲ ਨੂੰ ਧਰਵਾਸ ਦਿੰਦਾ ਸੀ। ਦੁਰਦਾਨਾ ਦੇ ਹਿੱਸੇ ਹੋਏ ਚਿਹਰੇ ਨੂੰ ਤਸੱਲੀ ਦਿੰਦਾ ਸੀ। ਹਰ ਵਾਰ ਉਹ ਇੰਜ ਕਹਿੰਦਾ, ਉਹ ਅੱਗੋਂ ਹੱਸ ਛੱਡਦੀ, ਇਕ ਫਿੱਕੀ ਜਿਹੀ ਹਾਸੀ।

ਤੇ ਫੇਰ ਦੁਰਦਾਨਾ, ਉਹਦਾ ਖ਼ਾਵੰਦ ਲਤੀਫ਼ ਸ਼ਾਮੀ ਡਾ. ਅਸ਼ੋਕ ਨੂੰ ਗੱਡੀ 'ਤੇ ਚੜ੍ਹਾਣ ਗਏ। ਉਸ ਆਪਣੇ ਨਾਲ ਕੁਝ ਵੀ ਨਹੀਂ ਲਿਆ। ਅਟੈਚੀ ਕੇਸ ਵਿਚ ਇਕ ਜੋੜਾ ਫ਼ਾਲਤੂ ਰੱਖ ਲਿਆ ਤੇ ਬਸ। ਅਗਲੇ ਰੋਜ਼ ਤੇ ਉਸ ਮੁੜ ਆਉਣਾ ਸੀ। ਤੁਰਨ ਵੇਲੇ ਉਸ ਆਪਣੇ ਫ਼ਲੈਟ ਦਾ ਬੂਹਾ ਕੇਵਲ ਢੋ ਦਿੱਤਾ। ਉਸ ਨੂੰ ਕੁੰਡੀ ਤੱਕ ਨਹੀਂ ਲਾਈ। ਉਂਜ ਵੀ ਉਹਦਾ ਘਰ ਦੁਰਦਾਨਾ ਦੇ ਹਵਾਲੇ ਰਹਿੰਦਾ ਸੀ। ਉਹੀ ਉਹਦੀ ਸਫ਼ਾਈ ਕਰਾਉਂਦੀ, ਉਹੀ ਝਾੜ-ਪੂੰਝ ਕਰਾਉਂਦੀ। ਉਹੀ ਨੌਕਰ ਨੂੰ ਰਿੰਨ੍ਹਣ ਪਕਾਣ ਲਈ ਹਦਾਇਤ ਕਰਦੀ। ਗੱਡੀ ਤੁਰਨ ਤੋਂ ਪਹਿਲੇ ਦੁਰਦਾਨਾ ਨੇ ਆਪਣੇ ਹੱਥੀਂ ਅਸ਼ੋਕ ਦੀ ਸੀਟ 'ਤੇ ਬਿਸਤਰ ਵਿਛਾਇਆ। ਅਸ਼ੋਕ ਦੇ ਕੁੱਛੜ ਤੇ ਬੇਬੀ ਸੀ। ਮਜਾਲ ਹੈ ਅਸ਼ੋਕ ਚਾਚਾ ਤੋਂ ਇਕ ਛਿਨ ਲਈ ਅਲੱਗ ਹੋ ਜਾਏ। ਅਸ਼ੋਕ ਚਾਚਾ ਸਾਹਮਣੇ ਹੋਏ ਤਾਂ ਬੇਬੀ ਉਹਦੀ ਗੋਦੀ ਵਿਚ ਜ਼ਰੂਰ ਹੁੰਦੀ।

ਤੇ ਫੇਰ ਗੱਡੀ ਦੇ ਤੁਰਨ ਦਾ ਵਕਤ ਹੋ ਗਿਆ। ਪਲੇਟਫਾਰਮ ਦੀ ਘੰਟੀ ਵੱਜੀ। ਸਿਗਨਲ ਡਾਊਨ ਹੋ ਗਿਆ। ਗਾਰਡ ਨੇ ਹਰੀ ਝੰਡੀ ਦਿਖਾ ਦਿੱਤੀ। ਗਾਰਡ ਮੁੜ-ਮੁੜ ਸੀਟੀ ਵਜਾ ਰਿਹਾ ਸੀ। ਦੁਰਦਾਨਾ ਦਾ ਦਿਲ ਜਿਵੇਂ ਡੁੱਬਦਾ ਜਾ ਰਿਹਾ ਹੋਵੇ। ਉਹਦਾ ਮੂੰਹ ਪੀਲਾ ਭੂਕ ਹੋ ਗਿਆ ਸੀ ਤੇ ਫੇਰ ਗੱਡੀ ਤੁਰ ਪਈ। ਅਸ਼ੋਕ ਸਭ ਨੂੰ ਮਿਲ ਚੁੱਕਾ ਸੀ, ਦੁਰਦਾਨਾ ਦੇ ਕੋਲ ਜਾ ਕੇ ਉਹਨੂੰ ਹੌਸਲਾ ਦੇਣ ਲਈ ਉਸ ਫੇਰ ਕਿਹਾ, 'ਮੈਂ ਕੱਲ੍ਹ ਨਹੀਂ ਤੇ ਪਰਸੋਂ ਮੁੜ ਆਵਾਂਗਾ।'

"ਨਹੀਂ, ਨਹੀਂ, ਨਹੀਂ ਅਸ਼ੋਕ ਤੂੰ ਨਹੀਂ ਆਵੇਂਗਾ। ਤੂੰ ਲਾਹੌਰ ਕਦੀ ਨਹੀਂ ਆਵੇਂਗਾ, ਜਦੋਂ ਤੀਕ ਮੈਂ ਤੈਨੂੰ ਚਿੱਠੀ ਨਾ ਲਿਖਾਂ।" ਤੇ ਦੁਰਦਾਨਾ ਛਲ-ਛਲ ਅੱਥਰੂ ਰੋ ਰਹੀ ਉਹਦੇ ਮੋਢੇ 'ਤੇ ਢੇਰੀ ਹੋ ਗਈ। ਦੁਰਦਾਨਾ ਦੇ ਖ਼ਾਵੰਦ ਲਤੀਫ਼ ਨੂੰ ਕੁਝ ਸਮਝ ਨਹੀਂ ਆਈ, ਦੁਰਦਾਨਾ ਇੰਜ ਕਿਉਂ ਫਿਸ ਪਈ ਸੀ। ਅੱਗੇ ਪਿੱਛੇ ਖਲੋਤੇ ਬਾਕੀ ਲੋਕ ਹੈਰਾਨ ਸਨ ਤੇ ਫੇਰ ਜਿਤਨਾ ਚਿਰ ਗੱਡੀ ਅੱਖੀਉਂ ਓਹਲੇ ਨਹੀਂ ਹੋ ਗਈ, ਇਕ ਝਲਾਰ ਵਾਂਗ ਦੁਰਦਾਨਾ ਦੇ ਅੱਥਰੂ ਕਿਰਦੇ ਰਹੇ। ਹਟਕੋਰੇ ਭਰ ਰਹੀ ਉਹਦਾ ਬੁਰਾ ਹਾਲ ਹੋ ਰਿਹਾ ਸੀ ਅਤੇ ਉਹ ਪਲੇਟਫਾਰਮ ਤੋਂ ਬਾਹਰ ਆਪਣੀ ਮੋਟਰ ਵਿਚ ਆ ਬੈਠੇ।

ਜਦੋਂ ਮੋਟਰ ਤੁਰੀ, ਉਹਦੇ ਖਾਵੰਦ ਨੇ ਦੁਰਦਾਨਾ ਤੋਂ ਪੁੱਛਿਆ, "ਤੂੰ ਇੰਜ ਕਿਉਂ ਪ੍ਰੇਸ਼ਾਨ ਹੋ ਰਹੀ ਏਂ? ਆਖ਼ਰ ਕੱਲ੍ਹ ਨਹੀਂ ਤੇ ਪਰਸੋਂ ਅਸ਼ੋਕ ਨੇ ਮੁੜ ਆਉਣਾ ਏ।"

"ਨਹੀਂ, ਨਹੀਂ ਉਹ ਨਹੀਂ ਆ ਸਕੇਗਾ," ਦੁਰਦਾਨਾ ਨੇ ਆਪਣੇ ਖਾਵੰਦ ਦੇ ਚਿਹਰੇ ਵੱਲ ਵੇਖਦੇ ਹੋਏ ਕਿਹਾ, "ਉਹ ਨਹੀਂ ਆ ਸਕੇਗਾ, ਨਹੀਂ ਆ ਸਕੇਗਾ, ਪਤਾ ਨਹੀਂ ਕਿਤਨਾ ਚਿਰ ਹੋਰ..."

ਲਤੀਫ਼ ਉਹਦੇ ਮੂੰਹ ਵੱਲ ਵੇਖਦਾ ਰਹਿ ਗਿਆ। ਉਸ ਨੂੰ ਕੁਝ ਸਮਝ ਨਹੀਂ ਆ ਰਹੀ ਸੀ। ਮੋਟਰ ਵਿਚ ਸਾਰਾ ਸਮਾਂ, ਘਰ ਪੁੱਜ ਕੇ ਉਹ ਰਾਤ ਤ੍ਰੀਮਤ-ਖ਼ਾਵੰਦ ਨੇ ਅੱਖ ਨਾਲ ਅੱਖ ਨਹੀਂ ਮਿਲਾਈ। ਕੋਈ ਗੱਲ ਨਹੀਂ ਕੀਤੀ।

ਤੇ ਫੇਰ ਅਗਲੀ ਸਵੇਰ ਅਜੇ ਮੂੰਹ-ਝਾਖੜਾ ਹੀ ਸੀ ਕਿ ਆਂਢ-ਗੁਆਂਢ ਵਿਚ ਗੋਲੀਆਂ ਚੱਲਣ ਲੱਗ ਪਈਆਂ। ਚੀਕਾਂ ਤੇ ਫ਼ਰਿਆਦਾਂ, ਅੱਗ ਦੇ ਭਾਂਬੜ, ਫਾਇਰ-ਬ੍ਰਿਗੇਡ ਦੀਆਂ ਟੱਲੀਆਂ, ਪਰਲੋ ਦਾ ਸਮਾਂ ਬਣ ਗਿਆ ਤੇ ਇਹ ਕਤਲੋ-ਗਾਰਤ ਲਾਹੌਰ ਵਿਚ ਤੇ ਉਧਰ ਦਿੱਲੀ ਵਿਚ ਕਈ ਦਿਨ ਹੁੰਦਾ ਰਿਹਾ।

ਅਸ਼ੋਕ ਦਾ ਬੂਹਾ ਉਂਜ ਦਾ ਉਂਜ, ਢੋਇਆ ਸੀ। ਤੇ ਪਾਕਿਸਤਾਨ ਦੀ ਦੀਵਾਨੀ ਦੁਰਦਾਨਾ ਦਾ ਦਿਲ ਕਹਿੰਦਾ, ਇਹ ਬੂਹਾ ਢੋਇਆ ਰਹੇਗਾ, ਪਤਾ ਨਹੀਂ ਕਿਤਨਾ ਚਿਰ ਹੋਰ। ਤੇ ਫੇਰ ਵਰ੍ਹੇ ਬੀਤਣ ਲੱਗ ਪਏ।

#

## ਪੁਰਾਣਾ ਮਾਖਿਓਂ

# ਕੋਧਰੇ ਦਾ ਕਲਮਕਾਰ:ਸੰਤੋਖ ਸਿੰਘ ਧੀਰ



**ਗੁਰਬਚਨ ਸਿੰਘ ਭੁੱਲਰ**

ਸੰਤੋਖ ਸਿੰਘ ਧੀਰ ਨੂੰ ਗਿਆਂ ਇਕ ਸਾਲ ਹੋ ਗਿਆ ਹੈ। ਉਨ੍ਹਾਂ ਦਾ ਜਾਣਾ ਮੁੱਖ ਸਾਹਿਤਕਾਰ ਤੋਂ ਇਲਾਵਾ ਜਾਗ੍ਰਿਤ ਸਮਾਜ-ਹਿਤੈਸ਼ੀ, ਪੁਰਖ਼ਲੂਸ ਤੇ ਮੋਹਵੰਤੇ ਇਨਸਾਨ ਅਤੇ ਨਿੱਘੇ ਮਿੱਤਰ ਦਾ ਵਿਛੋੜਾ ਸੀ। ਇਹ ਦੇਖ ਕੇ ਹੈਰਾਨੀ ਹੁੰਦੀ ਸੀ ਕਿ ਉਮਰ ਦੇ ਨੌਵੇਂ ਦਹਾਕੇ ਦੇ ਅੰਤ ਵੱਲ ਪੁੱਜ ਕੇ ਵੀ ਉਨ੍ਹਾਂ ਅੰਦਰ ਬਲ਼ਦੀ ਲੋਕ-ਹਿਤ ਦੀ ਜਵਾਲਾ ਭੋਰਾ ਭਰ ਮੱਠੀ ਨਹੀਂ ਸੀ ਪਈ। ਸਮਾਜ ਤੇ ਰਾਜਨੀਤੀ ਦੇ ਹਰ ਭੈੜੇ ਵਰਤਾਰੇ ਦਾ ਵਿਰੋਧ ਕਰਨ ਅਤੇ ਜਨ-ਹਿਤੈਸ਼ੀ ਹਰ ਗੱਲ ਦਾ ਸਾਥ ਦੇਣ ਲਈ ਉਹ ਜਵਾਨੀ ਦੇ ਦਿਨਾਂ ਵਾਂਗ ਹੀ ਤਤਪਰ ਰਹਿੰਦੇ ਸਨ। ਕਿਸੇ ਓਪਰੇ ਨੂੰ ਮਿਲਦੇ ਜਾਂ ਆਪਣੇ ਨੂੰ, ਉਨ੍ਹਾਂ ਦਾ ਵਿਹਾਰ ਪੁਰਖ਼ਲੂਸ ਹੁੰਦਾ। ਦੋਸਤਾਂ ਲਈ ਤਾਂ ਉਨ੍ਹਾਂ ਦਾ ਸਵਾਗਤ 'ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ' ਵਾਲਾ ਹੁੰਦਾ। ਅੱਧੀ ਸਦੀ ਦੀ ਦੋਸਤੀ ਵਿਚ ਮੈਂ ਉਨ੍ਹਾਂ ਦੀ ਮਹਿਮਾਨਨਿਵਾਜ਼ੀ ਦੀ ਮੋਹ-ਭਰੀ ਸੁਹਿਰਦਤਾ ਨੂੰ ਰੱਜ-ਰੱਜ ਮਾਣਿਆ। ਦਿਖਾਵਾ ਉਨ੍ਹਾਂ ਦੇ ਸੁਭਾਅ ਦਾ ਅੰਗ ਨਹੀਂ ਸੀ। ਜੇ ਕਿਸੇ ਨੂੰ ਅਪਣੱਤ ਦੇ ਕਲਾਵੇ ਤੋਂ ਬਾਹਰ ਰੱਖਣਾ ਹੈ, ਇਹ ਗੱਲ ਸਪਸ਼ਟ ਕਰ ਦੇਣ ਵਿਚ ਉਨ੍ਹਾਂ ਨੂੰ ਕੋਈ ਝਿਜਕ ਨਹੀਂ ਸੀ। ਜੋ ਆਪਣਾ ਹੈ, ਉਹ ਅੰਦਰੋਂ-ਬਾਹਰੋਂ ਆਪਣਾ ਹੈ।

ਉਹ ਸਾਰੀ ਉਮਰ ਸਾਹਿਤ ਨੂੰ ਸਮਰਪਿਤ ਰਹੇ ਅਤੇ ਉਨ੍ਹਾਂ ਦਾ ਸਾਹਿਤ ਲੋਕਾਂ ਨੂੰ ਸਮਰਪਿਤ ਰਿਹਾ। ਵੀਹ ਸਾਲ ਦੀ ਉਮਰ ਵਿਚ ਫੜੀ ਕਲਮ ਨੂੰ ਅਗਲੇ ਸੱਤਰ ਸਾਲ ਨਿਰੰਤਰ ਵੇਗ ਨਾਲ ਚਲਦੀ ਰੱਖਣਾ ਕੋਈ ਛੋਟੀ ਪ੍ਰਾਪਤੀ ਨਹੀਂ। ਕਹਾਵਤ ਹੈ ਕਿ ਰਚਨਾ-ਕਾਰਜ ਉਸ ਗੇਂਦ ਵਾਂਗ ਹੈ ਜੋ ਪੂਰੇ ਜ਼ੋਰ ਨਾਲ ਵਗਾਹਿਆਂ ਪਹਿਲਾਂ ਤੇਜ਼ ਗਤੀ ਨਾਲ ਜਾਂਦੀ ਹੈ ਪਰ ਕੁਝ ਸਮੇਂ ਮਗਰੋਂ ਮੱਠੀ ਪੈਂਦੀ ਹੋਈ ਅੰਤ ਨੂੰ ਰੁਕ ਜਾਂਦੀ ਹੈ। ਚੜ੍ਹਦੀ ਉਮਰ ਠਾਠਾਂ ਮਾਰਦੇ ਜਜ਼ਬਾਤ ਅਤੇ ਬਹੁਭਾਂਤੀ ਪ੍ਰਭਾਵ ਕਬੂਲ ਕੇ ਰੂਪ ਧਾਰ ਰਹੇ ਮਘਦੇ ਵਿਚਾਰਾਂ ਦੀ ਉਮਰ ਹੁੰਦੀ ਹੈ। ਜਜ਼ਬਾਤ ਦਾ ਇਹੋ ਵੇਗ ਅਤੇ ਵਿਚਾਰਾਂ ਦਾ ਇਹੋ ਸੇਕ ਕਲਮ ਦੇ ਚਾਲਕ ਬਣਦੇ ਹਨ। ਜਿਉਂ-ਜਿਉਂ ਉਮਰ ਵਧਦੀ ਹੈ, ਜਜ਼ਬਾਤ ਵਿਚ ਟਿਕਾਉ ਆ ਜਾਂਦਾ ਹੈ ਅਤੇ ਵਿਚਾਰਾਂ ਨੂੰ ਤਰਕ ਤੇ ਯਥਾਰਥ ਦੀ ਛਾਣਨੀ ਲੱਗਣ ਲੱਗਦੀ ਹੈ। ਮਨ-ਚਿੱਤ ਦੀ ਇਸੇ ਅਵਸਥਾ ਨੂੰ ਗੇਂਦ ਦੀ ਰਫਤਾਰ ਦਾ ਹੌਲੀ ਹੋਣਾ ਅਤੇ ਅੰਤ ਨੂੰ ਰੁਕ ਜਾਣਾ ਕਿਹਾ ਗਿਆ ਹੈ। ਵਿਰਲੇ ਲੇਖਕ ਹੀ ਅਜਿਹੇ ਹਨ ਜੋ ਨਾ ਆਪਣੇ ਛਲਕਦੇ ਜਜ਼ਬਾਤ ਨੂੰ ਸ਼ਾਂਤ ਹੋਣ ਦਿੰਦੇ ਹਨ ਤੇ ਨਾ ਆਪਣੇ ਵਿਚਾਰਾਂ ਦੇ ਵਿਸ਼ਵਾਸ ਨੂੰ ਪਤਲਾ ਪੈਣ ਦਿੰਦੇ ਹਨ। ਇਹ ਸਮਰੱਥਾ ਉਨ੍ਹਾਂ ਦੀ ਰਚਨਾਤਮਕ ਗੇਂਦ ਨੂੰ ਰੁਕਣ ਨਹੀਂ ਦਿੰਦੀ। ਧੀਰ ਜੀ ਅਜਿਹੇ ਲੇਖਕ ਸਨ। ਉਹ ਜ਼ਿੰਦਗੀ ਭਰ ਝੁਲਦੇ ਰਹੇ ਆਰਥਿਕ ਤੰਗੀਆਂ ਅਤੇ ਪਰਿਵਾਰਕ ਪ੍ਰੇਸ਼ਾਨੀਆਂ ਦੇ ਝੱਖੜਾਂ ਵਿਚ ਅਡਿੱਗ-ਅਡੋਲ ਰਹਿਣ ਵਾਲੇ ਅਤੇ ਆਪਣੀ ਕਲਮ ਨੂੰ ਵੀ ਅਡਿੱਗ-ਅਡੋਲ ਰੱਖ ਸਕਣ ਵਾਲੇ ਉਚ-ਦੁਮਾਲੜੇ ਮਨੁੱਖ ਸਨ। ਅਜਿਹੀਆਂ ਮਿਸਾਲਾਂ ਵੀ ਹਨ ਜਦੋਂ ਕਿਸੇ ਲੇਖਕ ਨੇ ਆਪਣੀ ਕਲਪਿਤ ਥੁੜ੍ਹ ਦੇ ਝੂਠੇ ਵੈਣ ਪਾ ਕੇ ਇਨਾਮ, ਫੈਲੋਸ਼ਿਪਾਂ ਤੇ ਤਰੱਕੀਆਂ ਲਈਆਂ ਹਨ। ਧੀਰ ਜੀ ਆਪਣੀਆਂ ਵਾਸਤਵਿਕ ਥੁੜ੍ਹਾਂ ਦੇ ਕੀਰਨੇ ਪਾਉਣ ਤੋਂ ਵੀ ਦ੍ਰਿੜ੍ਹਤਾ ਨਾਲ ਇਨਕਾਰੀ ਰਹੇ।

ਉਨ੍ਹਾਂ ਦਾ ਅੰਤਲਾ ਕਹਾਣੀ-ਸੰਗ੍ਰਹਿ 'ਖੱਬੇ ਪੱਖੀ', ਅੰਤਲਾ ਕਾਵਿ-ਸੰਗ੍ਰਹਿ 'ਕੋਧਰੇ ਦਾ ਮਹਾਂਗੀਤ' ਅਤੇ ਅੰਤਲੇ ਜੌੜੇ ਨਾਵਲ 'ਨਹੀਂ ਜੀ' ਤੇ 'ਖਿਮਾ' ਚਲਾਣੇ ਤੋਂ ਥੋੜ੍ਹਾ ਸਮਾਂ ਪਹਿਲਾਂ ਹੀ ਪ੍ਰਕਾਸ਼ਤ ਹੋਏ ਸਨ। ਸ਼ਬਦ-ਸਾਗਰ ਵਿਚ ਮੀਨ ਦਾ ਰੂਪ ਧਾਰ ਚੁੱਕੇ ਸਾਹਿਤਕਾਰ ਦੀ ਸੱਤ ਦਹਾਕਿਆਂ ਲੰਮੀ ਕਲਮੀ ਘਾਲਣਾ ਦਾ ਫਲ ਦਸ ਕਹਾਣੀ-ਸੰਗ੍ਰਹਿਆਂ, ਚੌਦਾਂ ਕਾਵਿ ਪੁਸਤਕਾਂ, ਅੱਠ ਨਾਵਲਾਂ, ਸਵੈ-ਜੀਵਨੀ, ਸਫ਼ਰਨਾਮੇ ਅਤੇ ਸਾਹਿਤਕ ਸਵੈਜੀਵਨੀ ਤੋਂ ਇਲਾਵਾ ਹੋਰ ਵਿਧਾਵਾਂ ਦੀਆਂ ਪੰਦਰਾਂ ਪੁਸਤਕਾਂ ਦੇ ਰੂਪ ਵਿਚ ਪ੍ਰਾਪਤ ਹੋਇਆ। ਪਾਠਕਾਂ ਦੀ ਨਜ਼ਰ ਵਿਚ ਉਹ ਜਿੰਨੇ ਚੰਗੇ ਗਲਪਕਾਰ ਸਨ, ਓਨੇ ਹੀ ਚੰਗੇ ਕਵੀ ਸਨ। ਇਕ ਵਾਰ ਮੈਂ ਉਨ੍ਹਾਂ ਦੀ ਆਪਣੀ ਪਹਿਲ-ਦੂਜ ਪੁੱਛੀ ਤਾਂ ਉਹ ਬੋਲੇ, "ਕੋਈ ਗੱਲ ਕਵਿਤਾ ਵਿਚ ਕਹੀ ਜਾ ਸਕਦੀ ਹੈ, ਕੋਈ ਕਹਾਣੀ ਵਿਚ ਜਾਂ ਨਾਵਲ ਵਿਚ। ਹਰ ਗੱਲ ਹਰ ਸਾਹਿਤਕ ਰੂਪ ਵਿਚ ਨਹੀਂ ਕਹੀ ਜਾ ਸਕਦੀ। ਮੂਲ ਰੂਪ ਵਿਚ ਅਸੀਂ ਲੇਖਕ ਹੁੰਦੇ ਹਾਂ। ਮੈਂ ਧੀਰ ਕਵੀ ਜਾਂ ਧੀਰ ਗਲਪਕਾਰ ਨਹੀਂ, ਮੈਂ ਧੀਰ ਲੇਖਕ ਹਾਂ।" ਕਵਿਤਾ ਵਿਚ ਉਹ ਮੋਹਨ ਸਿੰਘ ਅਤੇ ਕਹਾਣੀ ਵਿਚ ਸੰਤ ਸਿੰਘ ਸੇਖੋਂ ਤੇ ਸੁਜਾਨ ਸਿੰਘ ਨੂੰ ਪ੍ਰੇਰਨਾ-ਸਰੋਤ ਦੱਸਦੇ ਸਨ।

ਜਦੋਂ ਉਨ੍ਹਾਂ ਦਾ ਅੰਤਲਾ ਕਾਵਿ-ਸੰਗ੍ਰਹਿ 'ਕੋਧਰੇ ਦਾ ਮਹਾਂਗੀਤ' ਮਿਲਿਆ, ਇਸ ਵਿਚੋਂ ਰਚਨਾਤਮਕ ਸਮਰੱਥਾ ਦੇ ਉਸੇ ਜਲੌਅ ਦੇ ਦਰਸ਼ਨ-ਦੀਦਾਰ ਹੋਏ ਜੋ ਪਹਿਲਾਂ ਦੀਆਂ ਪੁਸਤਕਾਂ ਵਿਚੋਂ ਹੁੰਦੇ ਰਹੇ ਸਨ। ਉਹ ਸਾਧਾਰਨ ਸ਼ਬਦਾਂ ਨੂੰ ਆਪਣੇ ਗੰਭੀਰ ਵਿਚਾਰਾਂ ਦਾ ਵਾਹਨ ਬਣਾਉਣ ਲਈ ਵਡੇਰੇ ਅਰਥਾਂ ਦੇ ਖੰਭ ਲਾ ਕੇ ਭਾਸ਼ਾਈ ਅੰਬਰਾਂ ਵਿਚ ਉਚੀਆਂ ਉਡਾਰੀਆਂ ਲੁਆਉਣੀਆਂ ਜਾਣਦੇ ਸਨ। ਉਨ੍ਹਾਂ ਨੇ ਕੋਧਰੇ ਨੂੰ ਲੁੱਟੇ-ਪੀੜੇ ਜਾਂਦੇ ਮਿਹਨਤਕਸ਼ ਲੋਕਾਂ ਦਾ ਜਿਵੇਂ ਪ੍ਰਤੀਕ

*(ਬਾਕੀ ਸਫਾ 36 'ਤੇ)*

# ਇਤਿਹਾਸ ਦੇ ਝਰੋਖੇ ਵਿਚੋਂ ਸੂਰਮਾ ਦੁੱਲਾ ਭੱਟੀ

**ਲੋਹੜੀ 'ਤੇ ਵਿਸ਼ੇਸ਼**

**ਸੁਖਦੇਵ ਮਾਦਪੁਰੀ**

ਕਿਸੇ ਪਿੰਡ ਵਿਚ ਇਕ ਗ਼ਰੀਬ ਬ੍ਰਾਹਮਣ ਰਹਿੰਦਾ ਸੀ। ਉਸ ਦੇ ਦੋ ਮੁਟਿਆਰ ਧੀਆਂ ਸਨ। ਦੋਨੋਂ ਮੰਗੀਆਂ ਹੋਈਆਂ ਸਨ ਪਰ ਉਹ ਗ਼ਰੀਬੀ ਕਾਰਨ ਉਨ੍ਹਾਂ ਦਾ ਵਿਆਹ ਨਹੀਂ ਸੀ ਕਰ ਸਕਿਆ। ਉਸ ਇਲਾਕੇ ਦਾ ਮੁਗ਼ਲ ਹਾਕਮ ਬੜਾ ਨਿਰਦਈ ਸੀ। ਉਹ ਨੌਜਵਾਨ ਕੁਆਰੀਆਂ ਕੁੜੀਆਂ ਨੂੰ ਜ਼ੋਰੀਂ ਚੁੱਕ ਕੇ ਲੈ ਜਾਇਆ ਕਰਦਾ ਸੀ। ਉਸ ਹਾਕਮ ਦੇ ਕੰਨੀਂ ਸੁੰਦਰੀ-ਮੁੰਦਰੀ ਦੇ ਹੁਸਨ ਦੀ ਕਨਸੋਅ ਪਈ। ਉਸ ਨੇ ਇਨ੍ਹਾਂ ਨੂੰ ਜ਼ੋਰੀਂ ਚੁੱਕਣ ਦੀ ਵਿਉਂਤ ਬਣਾ ਲਈ। ਇਸ ਗੱਲ ਦੀ ਭਿਣਕ ਗ਼ਰੀਬ ਬ੍ਰਾਹਮਣ ਨੂੰ ਵੀ ਪੈ ਗਈ। ਉਹਨੇ ਕੁੜੀਆਂ ਦੇ ਸਹੁਰੇ ਘਰ ਜਾ ਕੇ ਆਖਿਆ ਕਿ ਉਹ ਸੁੰਦਰੀ-ਮੁੰਦਰੀ ਨੂੰ ਬਿਨਾਂ ਵਿਆਹ ਦੇ ਹੀ ਆਪਣੇ ਘਰ ਲੈ ਜਾਣ ਪਰ ਉਹ ਨਾ ਮੰਨੇ। ਉਹ ਹਾਕਮ ਤੋਂ ਡਰਦੇ ਸਨ ਤੇ ਬਿਨਾਂ ਵਿਆਹ ਤੋਂ ਕੁੜੀਆਂ ਆਪਣੇ ਘਰ ਲਿਜਾਣ ਲਈ ਰਾਜ਼ੀ ਨਾ ਹੋਏ। ਬ੍ਰਾਹਮਣ ਪਾਸ ਉਸ ਸਮੇਂ ਦੋ ਇਕੱਠੇ ਵਿਆਹ ਕਰਨ ਦੀ ਪਰੋਖੋਂ ਨਹੀਂ ਸੀ। ਉਹ ਨਿਰਾਸ਼ ਹੋਇਆ ਘਰ ਨੂੰ ਮੁੜ ਪਿਆ। ਰਾਹ ਵਿਚ ਜੰਗਲ ਪੈਂਦਾ ਸੀ ਜਿੱਥੇ ਦੁੱਲਾ ਭੱਟੀ ਨਾਂ ਦਾ ਸੂਰਮਾ ਡਾਕੂ ਆਮ ਵਿਚਰਦਾ ਸੀ। ਉਸ ਤੋਂ ਸਾਰੇ ਡਰਦੇ ਸਨ। ਦੁੱਲਾ ਭੱਟੀ ਗਰੀਬਾਂ ਦਾ ਬੜਾ ਹਮਦਰਦ ਸੀ। ਉਹ ਅਮੀਰਾਂ ਤੇ ਜਾਬਰਾਂ ਨੂੰ ਲੁੱਟਦਾ ਸੀ ਤੇ ਲੁੱਟ ਦਾ ਮਾਲ ਗ਼ਰੀਬਾਂ ਵਿਚ ਵੰਡ ਦਿੰਦਾ ਸੀ। ਉਸ ਬ੍ਰਾਹਮਣ ਨੂੰ ਜੰਗਲ ਵਿਚ ਆ ਕੇ ਦੁੱਲਾ ਭੱਟੀ ਦਾ ਖਿਆਲ ਆਇਆ। ਉਹ ਦੁੱਲੇ ਦੀ ਭਾਲ ਕਰਦਾ ਹੋਇਆ ਦੁੱਲੇ ਪਾਸ ਪੁੱਜ ਗਿਆ ਅਤੇ ਉਸ ਨੂੰ ਆਪਣੀ ਵੇਦਨਾ ਜਾ ਸੁਣਾਈ। ਦੁੱਲੇ ਨੇ ਆਖਿਆ, "ਤੂੰ ਕੋਈ ਫਿਕਰ ਨਾ ਕਰ, ਤੇਰੀਆਂ ਧੀਆਂ ਮੇਰੀਆਂ ਧੀਆਂ ਹਨ। ਮੈਂ ਉਨ੍ਹਾਂ ਦਾ ਵਿਆਹ ਆਪਣੇ ਹੱਥੀਂ ਕਰਾਂਗਾ। ਤੂੰ ਨਿਸਚਿੰਤ ਹੋ ਕੇ ਆਪਣੇ ਘਰ ਨੂੰ ਮੁੜ ਜਾਹ।"

ਦੁੱਲੇ ਨੇ ਕੁੜੀਆਂ ਦੇ ਬਾਪ ਤੇ ਸਹੁਰੇ ਦਾ ਥਹੁ-ਪਤਾ ਪੁੱਛ ਕੇ ਵਿਆਹ ਦਾ ਦਿਨ ਧਰ ਦਿੱਤਾ। ਕੁੜੀਆਂ ਦੇ ਸਹੁਰਿਆਂ ਨੇ ਹਾਕਮ ਤੋਂ ਡਰਦਿਆਂ ਕਿਹਾ ਕਿ ਉਹ ਰਾਤ ਸਮੇਂ ਹੀ ਵਿਆਹੁਣ ਆਉਣਗੇ। ਪਿੰਡ ਤੋਂ ਬਾਹਰ ਜੰਗਲ ਵਿਚ ਵਿਆਹ ਰਚਾਉਣ ਦਾ ਪ੍ਰਬੰਧ ਕੀਤਾ ਗਿਆ। ਰੌਸ਼ਨੀ ਲਈ ਲੱਕੜੀਆਂ ਇਕੱਠੀਆਂ ਕਰ ਕੇ ਅੱਗ ਬਾਲੀ ਗਈ। ਦੁੱਲੇ ਨੇ ਆਲੇ-ਦੁਆਲੇ ਦੇ ਪਿੰਡਾਂ ਤੋਂ ਦਾਨ ਇਕੱਠਾ ਕੀਤਾ। ਪਿੰਡ ਵਿਚ ਜਿਨ੍ਹਾਂ ਦੇ ਘਰ ਨਵੇਂ ਵਿਆਹ ਹੋਏ ਸਨ ਜਾਂ ਜਿਨ੍ਹਾਂ ਦੇ ਬਾਲ ਜਨਮੇ ਸਨ ਉਨ੍ਹਾਂ ਨੇ ਵੀ ਸੁੰਦਰ-ਮੁੰਦਰੀ ਦੇ ਵਿਆਹ 'ਤੇ ਆਪਣੇ ਵੱਲੋਂ ਕੁਝ ਨਾ ਕੁਝ ਗੁੜ-ਸ਼ੱਕਰ ਤੇ ਦਾਣੇ ਆਦਿ ਦੇ ਰੂਪ ਵਿਚ ਦਾਨ ਦਿੱਤਾ। ਦੁੱਲੇ ਕੋਲ ਕੰਨਿਆ-ਦਾਨ ਦੇਣ ਲਈ ਇਕ ਲੱਪ ਸ਼ੱਕਰ ਦੀ ਹੀ ਸੀ। ਕੁੜੀਆਂ ਦਾ ਡੋਲਾ ਤੁਰ ਗਿਆ ਤੇ ਗ਼ਰੀਬ ਬ੍ਰਾਹਮਣ ਨੇ ਦੁੱਲੇ ਦਾ ਲੱਖ-ਲੱਖ ਸ਼ੁਕਰ ਕੀਤਾ। ਕਿਹਾ ਜਾਂਦਾ ਹੈ ਕਿ ਉਦੋਂ ਤੋਂ ਲੋਹੜੀ ਮਨਾਉਣ ਦਾ ਰਿਵਾਜ ਪੈ ਗਿਆ।

ਸੁੰਦਰ ਮੁੰਦਰੀਏ ਲੋਕ ਗੀਤ ਦੇ ਬੋਲ ਹਨ:

ਸੁੰਦਰ ਮੁੰਦਰੀਏ- ਹੋ
ਤੇਰਾ ਕੌਣ ਵਿਚਾਰਾ- ਹੋ
ਦੁੱਲਾ ਭੱਟੀ ਵਾਲਾ- ਹੋ
ਦੁੱਲੇ ਧੀ ਵਿਆਹੀ- ਹੋ
ਸੇਰ ਸ਼ੱਕਰ ਪਾਈ- ਹੋ
ਕੁੜੀ ਦੇ ਬੋਝੇ ਪਾਈ- ਹੋ
ਕੁੜੀ ਦਾ ਲਾਲ ਪਟਾਕਾ- ਹੋ
ਕੁੜੀ ਦਾ ਸਾਲੂ ਪਾਟਾ- ਹੋ
ਸਾਲੂ ਕੌਣ ਸਮੇਟੇ- ਹੋ
ਚਾਚਾ ਗਾਲੀ ਦੇਸੇ- ਹੋ
ਚਾਚੇ ਚੂਰੀ ਕੁੱਟੀ- ਹੋ
ਜ਼ੀਮੀਂਦਾਰ ਲੁੱਟੀ- ਹੋ
ਜ਼ੀਮੀਂਦਾਰ ਸਦਾਓ- ਹੋ
ਗਿਣ-ਗਿਣ ਪੌਲੇ ਲਾਓ- ਹੋ

ਦੁੱਲਾ ਭੱਟੀ ਪੰਜਾਬੀਆਂ ਦਾ ਹਰਮਨ ਪਿਆਰਾ ਲੋਕ ਨਾਇਕ ਹੈ। ਉਹ ਸਾਂਦਲ ਬਾਰ (ਲਹਿੰਦਾ ਪੰਜਾਬ, ਪਾਕਿਸਤਾਨ) ਦੇ ਇਲਾਕੇ ਦਾ ਸੂਰਬੀਰ ਅਣਖੀ ਯੋਧਾ ਹੋਇਆ ਹੈ ਜਿਸ ਨੇ ਅਕਬਰ ਜਿਹੇ ਮੁਗ਼ਲ ਬਾਦਸ਼ਾਹ ਵਿਰੁਧ ਬਗ਼ਾਵਤ ਦਾ ਝੰਡਾ ਬੁਲੰਦ ਕਰਕੇ ਆਪਣੇ ਬਾਪ ਅਤੇ ਦਾਦੇ ਦੀ ਮੌਤ ਦਾ ਬਦਲਾ ਲੈਣ ਲਈ ਆਪਣੀ ਸ਼ਹਾਦਤ ਦੇ ਦਿੱਤੀ ਅਤੇ ਪੰਜਾਬੀਆਂ ਦੇ ਦਿਲਾਂ 'ਤੇ ਰਾਜ ਕਰਨ ਲੱਗਾ।

ਇਹ ਵਾਰਤਾ ਅਕਬਰ ਸਮਰਾਟ ਦੇ ਰਾਜ ਸਮੇਂ ਦੀ ਹੈ। ਦੁੱਲੇ ਦਾ ਬਾਪ ਫਰੀਦ ਮੁਸਲਮਾਨ ਭੱਟੀ ਰਾਜਪੂਤ ਸੀ। ਉਹ ਲਾਹੌਰ ਦੇ ਲਾਗੇ ਸਾਂਦਲ ਬਾਰ ਦੇ ਇਲਾਕੇ ਵਿਚ ਰਹਿੰਦਾ ਸੀ। ਉਹਦਾ ਬਾਪ ਬੜਾ ਬਹਾਦਰ ਅਤੇ ਅੜ੍ਹਬ ਸੁਭਾਅ ਦਾ ਸੀ। ਇਹ ਭੱਟੀ ਰਾਜਪੂਤ ਮੁਗ਼ਲ ਸਰਕਾਰ ਦੀ ਈਨ ਮੰਨਣ ਤੋਂ ਇਨਕਾਰੀ ਸਨ। ਮਾਰ-ਧਾੜ ਕਰਨੀ ਉਨ੍ਹਾਂ ਦਾ ਮਨ ਭਾਉਂਦਾ ਸ਼ੁਗਲ ਸੀ। ਉਨ੍ਹਾਂ ਨੇ ਬਾਦਸ਼ਾਹ ਨੂੰ ਜ਼ਮੀਨਾਂ ਦਾ ਲਗਾਨ ਦੇਣਾ ਬੰਦ ਕਰ ਦਿੱਤਾ। ਮੁਗ਼ਲ ਸਰਕਾਰ ਦੇ ਕਰਮਚਾਰੀਆਂ ਨੂੰ ਉਹ ਟਿੱਚ ਸਮਝਦੇ ਤੇ ਲੁੱਟ-ਮਾਰ ਕਰਕੇ ਭਜਾ ਦਿੰਦੇ। ਲਗਾਨ ਦੀ ਵਸੂਲੀ ਨਾ ਹੋਣ ਕਰਕੇ ਅਤੇ ਉਨ੍ਹਾਂ ਦੀਆਂ ਮਾਰਧਾੜ ਦੀਆਂ ਖ਼ਬਰਾਂ ਨੇ ਅਕਬਰ ਦੇ ਗੁੱਸੇ ਦਾ ਪਾਰਾ ਚਾੜ੍ਹ ਦਿੱਤਾ। ਅਕਬਰ ਨੇ ਉਨ੍ਹਾਂ ਦੋਨਾਂ ਦੀਆਂ ਮਸ਼ਕਾਂ ਬੰਨ੍ਹ ਕੇ ਦਰਬਾਰ ਵਿਚ ਪੇਸ਼ ਕਰਨ ਦੇ ਹੁਕਮ ਦੇ ਦਿੱਤੇ। ਮੁਗ਼ਲ ਫ਼ੌਜਾਂ ਨੇ ਫਰੀਦ ਤੇ ਉਹਦੇ ਬਾਪ ਨੂੰ ਜਾ ਫੜਿਆ ਤੇ ਅਕਬਰ ਦੇ ਲਾਹੌਰ ਦਰਬਾਰ ਵਿਚ ਪੇਸ਼ ਕਰ ਦਿੱਤਾ। ਅਕਬਰ ਨੇ ਅੱਗੇ ਲੋਕਾਂ ਵਿਚ ਦਹਿਸ਼ਤ ਫੈਲਾਉਣ ਲਈ ਉਨ੍ਹਾਂ ਦੇ ਸਿਰ ਕਲਮ ਕਰਕੇ ਲਾਸ਼ਾਂ ਵਿਚ ਫੂਸ ਭਰ ਕੇ ਲਾਹੌਰ ਸ਼ਹਿਰ ਦੇ ਮੁੱਖ ਦੁਆਰ 'ਤੇ ਪੁੱਠੀਆਂ



*ਲਾਹੌਰ (ਪਾਕਿਸਤਾਨ) ਵਿਚ ਦੱਲੇ ਭੱਟੀ ਦੀ ਸਮਾਧ*

ਲਟਕਾਉਣ ਦਾ ਹੁਕਮ ਦੇ ਦਿੱਤਾ। ਫਰੀਦ ਅਤੇ ਉਸ ਦਾ ਬਾਪ ਬੜ੍ਹਕਾਂ ਮਾਰਦੇ ਹੋਏ ਸ਼ਹਾਦਤ ਦਾ ਜਾਮ ਪੀ ਗਏ।

ਫਰੀਦ ਦੀ ਸ਼ਹਾਦਤ ਸਮੇਂ ਉਹਦੀ ਪਤਨੀ ਲੱਧੀ ਪੰਜ ਮਹੀਨੇ ਦੀ ਗਰਭਵਤੀ ਸੀ। ਫਰੀਦ ਦੀ ਮੌਤ ਤੋਂ ਚਾਰ ਮਹੀਨੇ ਪਿੱਛੋਂ ਦੁੱਲੇ ਦਾ ਜਨਮ ਹੋਇਆ। ਉਸ ਦੀ ਦਾਦੀ ਅਤੇ ਮਾਂ ਉਹਦੇ ਚਿਹਰੇ ਨੂੰ ਵੇਖ ਕੇ ਨੂਰੋ-ਨੂਰ ਹੋ ਗਈਆਂ। ਇਕ ਅਨੋਖਾ ਜਲਾਲ ਉਹਦੇ ਮੱਥੇ ਉਤੇ ਟਪਕ ਰਿਹਾ ਸੀ। ਦਾਦੀ ਦੁੱਲੇ ਤੋਂ ਮੋਹਰਾਂ ਵਾਰ-ਵਾਰ ਵੰਡ ਰਹੀ ਸੀ। ਖ਼ੁਸ਼ੀ ਸਾਂਭਿਆਂ ਸੰਭਾਲੀ ਨਹੀਂ ਸੀ ਜਾਂਦੀ। ਇਕ ਆਸ, ਇਕ ਸੁਪਨਾ ਉਨ੍ਹਾਂ ਦੇ ਸਾਹਮਣੇ ਸਾਕਾਰ ਹੁੰਦਾ ਨਜ਼ਰੀਂ ਆ ਰਿਹਾ ਸੀ।

ਕੁਦਰਤ ਦੀ ਹੋਣੀ ਦੇਖੋ, ਐਨ ਉਸੇ ਦਿਨ ਅਕਬਰ ਦੇ ਘਰ ਵੀ ਪੁੱਤ ਜੰਮਿਆ। ਉਹਦਾ ਨਾਂ ਉਹਨੇ ਸ਼ੇਖੂ ਰੱਖਿਆ ਜੋ ਵੱਡਾ ਹੋ ਕੇ ਜਹਾਂਗੀਰ ਬਾਦਸ਼ਾਹ ਬਣਿਆ। ਅਕਬਰ ਨੇ ਨਜੂਮੀਆਂ ਨੂੰ ਆਖਿਆ, "ਕੋਈ ਐਸਾ ਉਪਾਅ ਦੱਸੋ ਜਿਸ ਨਾਲ ਸ਼ੇਖੂ ਸੂਰਬੀਰ, ਬਲਵਾਨ ਤੇ ਇਨਸਾਫਪਸੰਦ ਵਿਅਕਤੀ ਬਣੇ।"

ਇਕ ਨਜੂਮੀ ਨੇ ਆਖਿਆ, "ਬਾਦਸ਼ਾਹ ਸਲਾਮਤ ਆਪਣੇ ਰਾਜ ਦੀ ਅਜਿਹੀ ਬਹਾਦਰ, ਸਿਹਤਮੰਦ ਰਾਜਪੂਤ ਔਰਤ ਦਾ ਦੁੱਧ ਸ਼ੇਖੂ ਨੂੰ ਚੁੰਘਾਇਆ ਜਾਵੇ, ਜਿਸ ਨੇ ਸ਼ੇਖੂ ਦੇ ਜਨਮ ਵਾਲੇ ਦਿਨ ਹੀ ਆਪਣੇ ਪੁੱਤਰ ਨੂੰ ਜਨਮ ਦਿੱਤਾ ਹੋਵੇ।" ਅਜਿਹੀ ਸੂਰਬੀਰ ਮਾਂ ਦੀ ਭਾਲ ਲਈ ਸਾਰੇ ਰਾਜ ਵਿਚ ਏਲਚੀ ਭੇਜੇ ਗਏ। ਕਿਸੇ ਲੱਧੀ ਬਾਰੇ ਜਾ ਆਖਿਆ ਕਿ ਉਸ ਨੇ ਪੁੱਤ ਨੂੰ ਜਨਮ ਦਿੱਤਾ ਹੈ।

ਲੱਧੀ ਨੂੰ ਬਾਦਸ਼ਾਹ ਦੇ ਦਰਬਾਰ ਵਿਚ ਬੁਲਾਇਆ ਗਿਆ। ਬਾਦਸ਼ਾਹ ਦਾ ਹੁਕਮ ਕਿਵੇਂ ਟਾਲਦੀ। ਸ਼ੇਖੂ ਨੂੰ ਪਾਲਣ ਦੀ ਜ਼ਿੰਮੇਵਾਰੀ ਉਹਨੇ ਲੈ ਲਈ। ਮੁਗ਼ਲ ਸਰਕਾਰ ਵੱਲੋਂ ਲੱਧੀ ਦੇ ਪਿੰਡ ਹੀ ਸੁੱਖ ਸਹੂਲਤਾਂ ਮੁਹੱਈਆ ਕੀਤੀਆਂ ਗਈਆਂ। ਦੁੱਲਾ ਅਤੇ ਸ਼ੇਖੂ ਇਕੱਠੇ ਪਲਣ ਲੱਗੇ। ਦੋਨੋ ਲੱਧੀ ਦਾ ਦੁੱਧ ਚੁੰਘਦੇ। ਦੋਹਾਂ ਨੂੰ ਉਹ ਇੱਕੋ ਜਿਹਾ ਪਿਆਰ ਦਿੰਦੀ, ਲਾਡ ਲਡਾਉਂਦੀ। ਸਮਾਂ ਆਪਣੀ ਤੋਰੇ ਤੁਰਦਾ ਰਿਹਾ। ਸ਼ੇਖੂ ਨੇ ਆਪਣੇ ਬਾਪ ਪਾਸ ਆਖਰ ਜਾਣਾ ਹੀ ਸੀ। ਅਕਬਰ ਨੇ ਦੁੱਲੇ ਅਤੇ ਸ਼ੇਖੂ ਦੀ ਪ੍ਰੀਖਿਆ ਲਈ। ਘੋੜ ਸਵਾਰੀ, ਨੇਜ਼ਾਬਾਜ਼ੀ ਤੇ ਤੀਰਅੰਦਾਜ਼ੀ ਵਿਚ ਦੁੱਲਾ ਸ਼ੇਖੂ ਨੂੰ ਮਾਤ ਦੇ ਗਿਆ। ਅਕਬਰ ਨੇ ਸੋਚਿਆ ਕਿਤੇ ਲੱਧੀ ਨੇ ਦੁੱਧ ਚੁੰਘਾਉਣ ਵਿਚ ਵਿਤਕਰਾ ਨਾ ਕੀਤਾ ਹੋਵੇ।

ਲੱਧੀ ਨੇ ਅਕਬਰ ਦੇ ਚਿਹਰੇ ਦੇ ਹਾਵ-ਭਾਵ ਵੇਖ ਕੇ ਆਖਿਆ, "ਹਜ਼ੂਰ ਮੈਂ ਤਾਂ ਦੋਹਾਂ ਨੂੰ ਇੱਕੋ ਜਿੰਨਾ ਦੁੱਧ ਚੁੰਘਾਇਐ।"

ਅਕਬਰ ਸ਼ੁਕਰਗੁਜ਼ਾਰ ਸੀ ਕਿ ਲੱਧੀ ਨੇ ਉਹਦੇ ਪੁੱਤ ਨੂੰ ਆਪਣਾ ਸਰੀਰ ਚੁੰਘਾ ਕੇ ਪਾਲਿਆ ਹੈ। ਉਹਨੇ ਇਨਾਮ ਵਜੋਂ ਬਹੁਤ ਸਾਰੀਆਂ ਮੋਹਰਾਂ ਲੱਧੀ ਦੀ ਝੋਲੀ ਪਾ ਕੇ ਆਖਿਆ, "ਮੈਂ ਤੇਰਾ ਦੇਣਾ ਤਾਂ ਨੀ ਦੇ ਸਕਦਾ। ਆਹ ਕੁਝ ਰਕਮ ਐ ਇਹਦੇ ਨਾਲ ਦੁੱਲੇ ਨੂੰ ਚੰਗੀ ਤਾਲੀਮ ਦੁਆਈਂ। ਵੱਡੇ ਹੋਣ 'ਤੇ ਮੈਂ ਇਹਨੂੰ ਆਪਣੇ ਦਰਬਾਰ ਵਿਚ ਵੱਡਾ ਰੁਤਬਾ ਦਿਆਂਗਾ।"

ਲੱਧੀ ਨੇ ਅਕਬਰ ਦਾ ਸ਼ੁਕਰੀਆ ਅਦਾ ਕੀਤਾ ਤੇ ਦੁੱਲੇ ਨੂੰ ਲੈ ਕੇ ਆਪਣੇ ਘਰ ਆ ਗਈ। ਦੁੱਲੇ ਨੂੰ ਦੀਨੀ ਸਿੱਖਿਆ ਦੇਣ ਲਈ ਕਾਜ਼ੀ ਪਾਸ ਮਸੀਤੇ ਪੜ੍ਹਨੇ ਪਾਇਆ ਗਿਆ। ਉਹਨੂੰ ਨਿਯਮਬੱਧ ਕਰੜੀ ਸਿੱਖਿਆ ਪਸੰਦ ਨਾ ਆਈ। ਉਹ ਇਕ ਦਿਨ ਕਾਜ਼ੀ ਨੂੰ ਕੁੱਟ ਕੇ ਘਰ ਦੌੜ ਆਇਆ ਤੇ ਆਪਣੇ ਹਾਣੀਆਂ ਨਾਲ ਜਾ ਕੇ ਖੇਡਣ ਲੱਗ ਪਿਆ।

ਦੁੱਲਾ ਜਵਾਨੀ ਵਿਚ ਪੈਰ ਧਰਨ ਲੱਗਾ। ਉਹ ਅਲਬੇਲੇ ਸੁਭਾਅ ਦਾ ਮਾਲਕ ਸੀ। ਖੁੱਲ੍ਹੀ ਹਵਾ ਵਿਚ ਚੁੰਘੀਆਂ ਭਰਨ ਵਾਲਾ ਹੀਰਾ ਹਰਨ। ਉਹਨੇ ਆਪਣੇ ਪਿੰਡ ਦੇ ਮੁੰਡਿਆਂ ਦੀ ਢਾਣੀ ਬਣਾ ਲਈ ਤੇ ਉਨ੍ਹਾਂ ਦਾ ਸਰਦਾਰ ਬਣ ਕੇ ਲੱਗਾ ਅਨੋਖੀਆਂ ਹਰਕਤਾਂ ਕਰਨ। ਉਹ ਜੰਗਲ ਬੇਲਿਆਂ ਵਿਚ ਘੁੰਮਦੇ ਖਰਮਸਤੀਆਂ ਕਰਦੇ। ਦੁੱਲੇ ਦੀ ਚੜ੍ਹਦੀ ਜੁਆਨੀ। ਉਹਦਾ ਸਰੂਆਂ ਵਰਗਾ ਸਰੀਰ। ਗੇਲੀ ਜਿਹਾ ਜੁੱਸਾ। ਦਗ਼ ਦਗ਼ ਕਰਦਾ ਚਿਹਰਾ ਅਤੇ ਉਸ ਦਾ ਅਮੋੜ ਸੁਭਾਅ ਲੱਧੀ ਨੂੰ ਸੋਚਾਂ ਵਿਚ ਪਾ ਦਿੰਦਾ। ਉਹ ਇਹ ਜਾਣਦੀ ਸੀ ਕਿ ਉਹਦੇ ਬਾਪ ਫਰੀਦ ਦਾ ਵਿਦਰੋਹੀ ਖ਼ੂਨ ਉਹਦੀਆਂ ਰਗਾਂ ਵਿਚ ਦੌੜ ਰਿਹਾ ਹੈ। ਇਹ ਖ਼ੂਨ ਕਿਸੇ ਵੇਲੇ ਵੀ ਉਬਾਲਾ ਖਾ ਸਕਦਾ ਸੀ। ਉਹਦੀਆਂ ਖਰਮਸਤੀਆਂ ਤੇ ਉਲਾਂਭੇ ਲੱਧੀ ਲਈ ਸੈਆਂ ਮੁਸੀਬਤਾਂ ਖੜ੍ਹੀਆਂ ਕਰ ਸਕਦੇ ਸਨ। ਦੁੱਲੇ ਦਾ ਪਾਣੀ ਭਰਦੀਆਂ ਤੀਵੀਆਂ ਦੇ ਘੜੇ ਗੁਲੇਲਾਂ ਮਾਰ ਕੇ ਭੰਨਣ ਦਾ ਸ਼ੌਕ ਦਿਨੋ ਦਿਨ ਵੱਧ ਰਿਹਾ ਸੀ। ਨਿੱਤ ਉਲਾਂਭੇ ਮਿਲਦੇ। ਲੱਧੀ ਨੇ ਜਨਾਨੀਆਂ ਨੂੰ ਮਿੱਟੀ ਦੀਆਂ ਗਾਗਰਾਂ ਦੀ ਥਾਂ ਲੋਹੇ ਦੀਆਂ ਗਾਗਰਾਂ ਲੈ ਦਿੱਤੀਆਂ ਪਰ ਉਹ ਲੋਹੇ ਦੀਆਂ ਸਾਗਾਂ ਨਾਲ ਆਪਣਾ ਸ਼ੌਕ ਪੂਰਾ ਕਰਦਾ ਰਿਹਾ। ਆਖਰ ਸਤੀ ਹੋਈ ਨੰਦੀ ਮਿਰਾਸਣ ਨੇ ਇਕ ਦਿਨ ਦੁੱਲੇ ਨੂੰ ਉਹਦੇ ਬਾਪ ਦਾਦੇ ਦਾ ਤਾਹਨਾ ਮਾਰਿਆ:

ਬੋਲੀ ਮਾਰ ਕੇ ਨੰਦੀ ਫਨਾਹ ਕਰਦੀ
ਸੀਨਾ ਦੁੱਲੇ ਦਾ ਚਾਕ ਹੋ ਜਾਂਵਦਾ ਏ।
ਬਾਪ ਦਾਦੇ ਦਾ ਇਹ ਤੇ ਸੂਰਮਾ ਏ
ਕਾਹਨੂੰ ਨਿੱਤ ਗ਼ਰੀਬ ਦੁਖਾਂਵਦਾ ਏ।
ਏਥੇ ਜ਼ੋਰ ਦਖਾਂਵਦਾ ਔਰਤਾਂ ਨੂੰ
ਤੈਨੂੰ ਰਤੀ ਹਯਾ ਨਾ ਆਂਵਦਾ ਏ।
ਤੇਰੇ ਬਾਪ ਦਾਦੇ ਦੀਆਂ ਸ਼ਾਹ ਅਕਬਰ
ਖੱਲਾਂ ਪੁੱਠੀਆਂ ਚਾ ਲਹਾਂਵਦਾ ਏ।
ਖਲ, ਭੋਹ ਦੇ ਨਾਲ ਭਰਾਇਕੇ ਤੇ
ਉੱਚੇ ਬੁਰਜ ਤੇ ਚਾ ਲਟਕਾਂਵਦਾ ਏ।
ਅੱਜ ਤੀਕ ਲਾਹੌਰ ਵਿਚ ਲਟਕ ਰਹੀਆਂ
ਉੱਥੇ ਜ਼ੋਰ ਨਾ ਕਾਸ ਨੂੰ ਜਾਂਵਦਾ ਏ।
(ਕਿਸ਼ਨ ਸਿੰਘ ਆਰਫ)

ਨੰਦੀ ਮਿਰਾਸਣ ਦੇ ਮਿਹਣੇ ਨਾਲ ਦੁੱਲਾ ਝੰਜੋੜਿਆ ਗਿਆ। ਰਾਜਪੂਤੀ ਖ਼ੂਨ ਉਹਦੀਆਂ ਰਗਾਂ ਵਿਚ ਉਬਾਲੇ ਖਾਣ ਲੱਗਾ। ਉਹ ਸਿੱਧਾ ਆਪਣੀ ਮਾਂ ਲੱਧੀ ਕੋਲ ਜਾ ਕੇ ਗਰਜਿਆ, "ਮਾਂ ਮੇਰੀਏ ਸੱਚੋ-ਸੱਚ ਦੱਸ ਮੇਰੇ ਬਾਪ ਤੇ ਦਾਦੇ ਦੀ ਮੌਤ ਕਿਵੇਂ ਹੋਈ ਐ?"

ਲੱਧੀ ਨੇ ਸਾਰੀ ਹੋਣੀ ਬੀਤੀ ਦੱਸ ਕੇ ਆਪਣੇ ਘਰ ਦੀ ਅੰਦਰਲੀ ਕੋਠੜੀ ਦਾ ਬੂਹਾ ਖੋਲ੍ਹ ਦੁੱਲ੍ਹੇ ਨੂੰ ਕਿਹਾ, "ਸੂਰਮਿਆਂ ਪੁੱਤਾ, ਮੈਂ ਏਸੇ ਦਿਨ ਦੀ ਉਡੀਕ ਕਰਦੀ ਸੀ। ਕਦੋਂ ਮੇਰਾ ਪੁੱਤਰ ਹੋਇਆ ਗੱਭਰੂ ਆਪਣੇ ਬਾਪ ਦਾਦੇ ਦੀ ਮੌਤ ਦਾ ਬਦਲਾ ਲੈਣ ਜੋਗਾ। ਇਹ ਹਥਿਆਰ ਤੇਰੇ ਸੂਰਮੇ ਬਾਪ ਦੇ ਨੇ। ਅਣਖ ਨੂੰ ਪਾਲੀਂ ਤੇ ਆਪਣੇ ਬਾਪ ਦੇ ਖ਼ੂਨ ਦੀ ਲਾਜ ਰੱਖੀਂ ਜੀਹਨੇ ਕਿਸੇ ਨਾਢੂ ਖਾਂ ਦੀ ਟੈਂ ਨਹੀਂ ਸੀ ਮੰਨੀ। ਕਿਸੇ ਅੱਗੇ ਸਿਰ ਨਹੀਂ ਸੀ ਝੁਕਾਇਆ।"

ਲਿਸ਼ ਲਿਸ਼ ਕਰਦੇ ਹਥਿਆਰ-ਛਵੀਆਂ, ਗੰਡਾਸੇ, ਨੇਜ਼ੇ, ਟਕੂਏ ਤੇ ਤੀਰ ਕਮਾਨ ਅਤੇ ਇਕ ਨਗਾਰਾ ਵੇਖ ਦੁੱਲੇ ਦਾ ਚਿਹਰਾ ਲਾਲ ਸੂਹਾ ਹੋ ਗਿਆ। ਅਨੋਖੀਆਂ ਤਰਬਾਂ ਨੇ ਉਹਦੇ ਸਰੀਰ ਵਿਚ ਝਰਨਾਟਾਂ ਛੇੜ ਦਿੱਤੀਆਂ। ਸਰੀਰ ਭਾਫਾਂ ਛੱਡਣ ਲੱਗਾ। ਦੁੱਲੇ ਨਗਾਰੇ ਉਤੇ ਡੱਗਾ ਮਾਰਿਆ। ਨਗਾਰੇ ਦੀ ਧਮਕ ਲਾਹੌਰ ਦੇ ਸ਼ਾਹੀ ਮਹਿਲਾਂ ਨਾਲ ਜਾ ਟਕਰਾਈ ਜੋ ਬਗ਼ਾਵਤ ਦੀ ਸੂਚਕ ਸੀ।

ਦੁੱਲੇ ਨੇ ਪਿੰਡ ਦੇ ਸਾਰੇ ਜਵਾਨ ਇਕੱਠੇ ਕੀਤੇ ਤੇ ਸਾਰੇ ਹਥਿਆਰ ਉਨ੍ਹਾਂ ਵਿਚ ਵੰਡ ਦਿੱਤੇ। ਉਹਨੇ ਆਪਣੇ ਮਨ ਨਾਲ ਮੁਗ਼ਲਾਂ ਵਿਰੁਧ ਬਗ਼ਾਵਤ ਕਰਨ ਦਾ ਫੈਸਲਾ ਕਰ ਲਿਆ। ਹੌਲੇ-ਹੌਲੇ ਪੰਜ ਸੌ ਜਵਾਨ ਉਹਦੇ ਨਾਲ ਜੁੜ ਗਏ। ਸਾਂਦਲ ਬਾਰ ਦੇ ਇਲਾਕੇ ਵਿਚ ਉਨ੍ਹਾਂ ਤਰਥੱਲੀ ਮਚਾ ਦਿੱਤੀ। ਜਿਹੜਾ ਵੀ ਜਾਬਰ ਉਧਰੋਂ ਲੰਘਦਾ ਉਹਨੂੰ ਉਹ ਲੁੱਟ ਲੈਂਦੇ ਅਤੇ ਲੁੱਟ ਦਾ ਮਾਲ ਗ਼ਰੀਬਾਂ ਵਿਚ ਵੰਡ ਦਿੰਦੇ। ਦੁੱਲੇ ਦੀ ਬਹਾਦਰੀ, ਨਿਡਰਤਾ, ਦਿਆਲਤਾ ਅਤੇ ਗ਼ਰੀਬ-ਪਰਵਰੀ ਦੀ ਖ਼ੁਸ਼ਬੂ ਦੂਰ-ਦੂਰ ਤਕ ਫੈਲ ਰਹੀ ਸੀ। ਉਹ ਬੜੀ ਨਿਡਰਤਾ ਨਾਲ ਸਾਂਦਲ ਬਾਰ ਵਿਚ ਘੁੰਮ ਰਿਹਾ ਸੀ। ਉਸ ਦੀ ਬਹਾਦਰੀ ਦੇ ਨਿੱਤ ਨਵੇਂ ਕਿੱਸੇ ਸੁਣਨ ਨੂੰ ਮਿਲਦੇ। ਸਾਰਾ ਇਲਾਕਾ ਉਸ ਉਤੇ ਮਾਣ ਕਰ ਰਿਹਾ ਸੀ।

ਦੁੱਲੇ ਦੇ ਬਾਪ ਦੀ ਸ਼ਹਾਦਤ ਦੇ ਅਵਸਰ 'ਤੇ ਲੱਧੀ ਦੇ ਭਰਾਵਾਂ ਨੇ ਉਸ ਦੀ ਕੋਈ ਸਾਰ ਨਹੀਂ ਸੀ ਲਈ। ਇਸ ਕਰਕੇ ਉਸ ਨੂੰ ਆਪਣੇ ਨਾਨਕਿਆਂ 'ਤੇ ਰੋਸ ਸੀ। ਇਸੇ ਰੋਹ ਕਾਰਨ ਉਸ ਨੇ ਪਹਿਲਾ ਹੱਲਾ ਆਪਣੇ ਨਾਨਕਿਆਂ ਦੇ ਪਿੰਡ ਚਦੇੜਾਂ 'ਤੇ ਬੋਲਿਆ ਤੇ ਨਾਨਕਿਆਂ ਦਾ ਵੱਗ ਘੇਰ ਕੇ ਆਪਣੇ ਪਿੰਡ ਲੈ ਆਇਆ ਤੇ ਲਵੇਰੀਆਂ ਗ਼ਰੀਬ ਗੁਰਬਿਆਂ ਤੇ ਲੋੜਵੰਦਾਂ ਵਿਚ ਵੰਡ ਦਿੱਤੀਆਂ।

ਇਕ ਵਾਰ ਅਲੀ ਨਾਂ ਦਾ ਸੁਦਾਗਰ ਪੰਜ ਸੌ ਘੋੜੇ ਖਰੀਦ ਕੇ ਲਈ ਜਾ ਰਿਹਾ ਸੀ। ਉਹਨੂੰ ਰਾਤ ਪਿੰਡ ਕੱਟਣੀ ਪੈ ਗਈ। ਦੁੱਲੇ ਨੇ ਉਹਦੇ ਘੋੜੇ ਲੁੱਟ ਕੇ ਆਪਣੇ ਸਾਥੀਆਂ ਵਿਚ ਵੰਡ ਦਿੱਤੇ। ਅਲੀ ਬਥੇਰਾ ਰੋਇਆ ਪਿੱਟਿਆ, ਅਕਬਰ ਦਾ ਡਰਾਵਾ ਵੀ ਦਿੱਤਾ। ਦੁੱਲੇ ਨੇ ਉਹਨੂੰ ਕੁੱਟ-ਕੁੱਟ ਕੇ ਭਜਾ ਦਿੱਤਾ। ਇਸੇ ਤਰ੍ਹਾਂ ਦੁੱਲੇ ਨੇ ਮੋਦੇ ਸ਼ਾਹੂਕਾਰ ਦੀਆਂ ਦੌਲਤ ਨਾਲ ਭਰੀਆਂ ਖੱਚਰਾਂ ਖੋਹ ਲਈਆਂ।

ਇਨ੍ਹਾਂ ਲੁੱਟਾਂ-ਖੋਹਾਂ ਦੀਆਂ ਖ਼ਬਰਾਂ ਮੁਗ਼ਲ ਸਰਕਾਰ ਕੋਲ ਪੁੱਜਦੀਆਂ ਰਹੀਆਂ। ਲੋਕਾਂ ਵਿਚ ਦੁੱਲੇ ਦਾ ਦਬਦਬਾ ਐਨਾ ਵਧ ਗਿਆ ਕਿ ਉਨ੍ਹਾਂ ਨੇ ਸਰਕਾਰੀ ਲਗਾਨ ਦੇਣਾ ਬੰਦ ਕਰ ਦਿੱਤਾ। ਮੁਗ਼ਲ ਅਹਿਲਕਾਰਾਂ ਵਿਚ ਭਗਦੜ ਮੱਚ ਗਈ। ਅਕਬਰ ਦੇ ਦਰਬਾਰ ਵਿਚ ਦੁੱਲੇ ਵੱਲੋਂ ਮੁਗ਼ਲ ਦਰਬਾਰ ਵਿਰੁਧ ਕੀਤੀ ਬਗ਼ਾਵਤ ਦੀ ਸੂਹ ਸੂਹੀਏ ਪੁਚਾਉਂਦੇ ਰਹੇ। ਅਕਬਰ ਨੇ ਇਸ ਬਗ਼ਾਵਤ ਦੀ ਪੜਤਾਲ ਲਈ ਇਕ ਜਾਸੂਸ ਉਚੇਚੇ ਤੌਰ 'ਤੇ ਸਾਂਦਲ ਬਾਰ ਭੇਜਿਆ ਪਰ ਦੁੱਲੇ ਨੂੰ ਪਤਾ ਲੱਗਣ 'ਤੇ ਉਸ ਨੇ ਜਾਸੂਸ ਦੀਆਂ ਦਾੜ੍ਹੀ-ਮੁੱਛਾਂ ਹੀ ਮੁੰਨ ਦਿੱਤੀਆਂ।

ਅਕਬਰ ਨੂੰ ਜਦੋਂ ਇਸ ਗੱਲ ਦਾ ਪਤਾ ਲੱਗਾ ਤਾਂ ਉਹਨੇ ਦੁੱਲੇ ਨੂੰ ਉਹਦੇ ਪਰਿਵਾਰ ਸਮੇਤ ਮਸ਼ਕਾਂ ਬੰਨ੍ਹ ਕੇ ਦਰਬਾਰ ਵਿਚ ਪੇਸ਼ ਕਰਨ ਦਾ ਹੁਕਮ ਸੁਣਾ ਦਿੱਤਾ। ਮਿਰਜ਼ਾ ਨਿਜਾਮਉਦੀਨ ਨੇ ਦੁੱਲੇ ਨੂੰ ਫੜ ਕੇ ਲਿਆਉਣ ਦਾ ਬੀੜਾ ਚੁੱਕ ਲਿਆ। ਮੁਗਲ ਫੌਜਾਂ ਨੇ ਸਾਂਦਲ ਬਾਰ ਵੱਲ ਕੂਚ ਕਰ ਦਿੱਤਾ।

ਚੜ੍ਹਿਆ ਸੀ ਮਿਰਜ਼ਾ ਨਜ਼ਾਮਦੀਨ
ਹਾਥੀਆਂ ਨੂੰ ਮਦਾਂ ਸੀ ਪਿਆਈਆਂ।
ਭਰ ਕੇ ਦਾਰੂ ਦੀਆਂ ਬੋਤਲਾਂ ਲਿਆਂਵਦੇ
ਹਾਥੀਆਂ ਦੇ ਸੁੰਡਾਂ ਵਿਚ ਪਾਈਆਂ।
ਜਦੋਂ ਹਾਥੀਆਂ ਨੂੰ ਚੜ੍ਹੀਆਂ ਲੋਰੀਆਂ
ਮਾਰਨ ਚੀਕਾਂ ਤੇ ਖਾਣ ਕਰਲਾਈਆਂ।
ਹੌਲੀ-ਹੌਲੀ ਪਿੰਡੀ ਵਿਚ ਜਾ ਵੜੇ
ਟੱਕਰਾਂ ਦਰਸ਼ਨੀ ਦਰਵਾਜ਼ਿਆਂ ਨੂੰ ਲਾਈਆਂ।
ਸਾਰੇ ਬੈਠਕਾਂ ਦੀਵਾਨਖਾਨੇ ਢਾਹ ਸੁੱਟੇ
ਇੱਟਾਂ ਬਣਾ ਕੇ ਵਿਚ ਖਿੰਡਾਈਆਂ।
ਟਕੇ ਟਕੇ ਦੇ ਸਿਪਾਹੀ ਅੰਦਰ ਜਾ ਵੜੇ
ਮਾਰਨ ਛਮਕਾਂ ਤੇ ਕਰਨ ਕਰੜਾਈਆਂ।
(ਪਾਲੀ ਸਿੰਘ)

ਮੁਗ਼ਲ ਫੌਜਾਂ ਨੇ ਪਿੰਡੀ ਨੂੰ ਜਾ ਘੇਰਿਆ। ਐਡੀ ਭਾਰੀ ਸੈਨਾ ਦਾ ਮੁਕਾਬਲਾ ਕਰਨਾ ਦੁੱਲੇ ਲਈ ਸੌਖੇਰਾ ਨਹੀਂ ਸੀ। ਦੁੱਲੇ ਦੇ ਛੋਟੇ ਭਾਈ ਮਹਿਰੂ ਅਮਲੀ ਨੇ ਪਹਿਲੇ ਦਿਨ ਮੁਗ਼ਲਾਂ ਨਾਲ ਜਾ ਲੜਾਈ ਕੀਤੀ ਤੇ ਉਨ੍ਹਾਂ ਵਿਚ ਭਾਜੜਾਂ ਪਾ ਦਿੱਤੀਆਂ। ਅਗਲੇ ਦਿਨ ਬੜੀ ਬਹਾਦਰੀ ਨਾਲ ਲੜਦਾ ਹੋਇਆ ਦੁੱਲਾ ਮੁਗ਼ਲ ਫੌਜ ਦਾ ਘੇਰਾ ਤੋੜ ਕੇ ਮਿਰਜ਼ਾ ਨਿਜ਼ਾਮਉੱਦੀਨ ਦੇ ਗਲ ਜਾ ਪਿਆ।

ਸ਼ਕਤੀਸ਼ਾਲੀ ਹਕੂਮਤ ਵਿਰੁਧ ਮੁੱਠੀ ਭਰ ਯੋਧਿਆਂ ਦੀ ਬਗ਼ਾਵਤ ਭਲਾ ਕਿੰਨੇ ਕੁ ਦਿਨ ਕੱਟ ਸਕਦੀ ਸੀ। ਮੁਗ਼ਲ ਫੌਜ ਨੇ ਦੁੱਲੇ ਨੂੰ ਜਿਊਂਦੇ ਜੀ ਗ੍ਰਿਫ਼ਤਾਰ ਕਰਨ ਦਾ ਬੜਾ ਯਤਨ ਕੀਤਾ ਪਰ ਉਹ ਉਨ੍ਹਾਂ ਦੇ ਹੱਥ ਆਉਣ ਵਾਲਾ ਕਿੱਥੇ ਸੀ? ਆਖਰ ਦੁੱਲਾ ਆਪਣੀ ਬਹਾਦਰੀ ਦੇ ਜੌਹਰ ਦਿਖਾਉਂਦਾ ਹੋਇਆ ਸ਼ਹੀਦ ਹੋ ਗਿਆ। ਉਸ ਨੇ ਮੁਗ਼ਲਾਂ ਦੀ ਈਨ ਨਾ ਮੰਨੀ ਪਰ ਸ਼ਹਾਦਤ ਦਾ ਜਾਮ ਪੀ ਕੇ ਅਮਰ ਹੋ ਗਿਆ। ਦੁੱਲੇ ਦੇ ਅੰਤ ਬਾਰੇ ਇਹ ਵੀ ਕਿਹਾ ਜਾਂਦਾ ਹੈ ਕਿ ਲੜਾਈ ਵਿਚ ਦੁੱਲੇ ਨੇ ਮਿਰਜ਼ਾ ਨਜ਼ਾਮਉੱਦੀਨ ਦੇ ਛੱਕੇ ਛੁਡਾ ਕੇ ਉਹਨੂੰ ਬੰਦੀ ਬਣਾ ਲਿਆ ਪਰ ਮਿਰਜ਼ੇ ਨੇ ਲੱਧੀ ਦੇ ਤਰਲੇ ਮਿੰਨਤਾਂ ਕਰ ਕੇ ਆਪਣੀ ਜਾਨ ਬਖ਼ਸ਼ਾ ਲਈ ਅਤੇ ਦੁੱਲੇ ਨੂੰ ਸ਼ੇਖੂ ਨਾਲ ਮੁਲਾਕਾਤ ਕਰਾਉਣ ਦੇ ਬਹਾਨੇ ਆਪਣੇ ਨਾਲ ਲੈ ਗਿਆ ਅਤੇ ਧੋਖੇ ਨਾਲ ਸ਼ਰਾਬ ਪਿਲਾ ਕੇ ਉਸ ਨੂੰ ਕੈਦ ਕਰ ਲਿਆ। ਹੋਸ਼ ਆਉਣ 'ਤੇ ਦੁੱਲੇ ਨੇ ਕੈਦਖਾਨੇ ਵਿਚ ਟੱਕਰਾਂ ਮਾਰ-ਮਾਰ ਆਪਣੀ ਜਾਨ ਦੇ ਦਿੱਤੀ ਅਤੇ ਮੁਗ਼ਲਾਂ ਅੱਗੇ ਸਿਰ ਨਾ ਝੁਕਾਇਆ।

ਪੰਜਾਬ ਦਾ ਅਣਖੀਲਾ ਸੂਰਬੀਰ ਦੁੱਲਾ ਭਾਵੇਂ ਜੰਗ ਦੇ ਮੈਦਾਨ ਵਿਚ ਮਾਤ ਖਾ ਗਿਆ ਪਰ ਉਹ ਅੱਜ ਵੀ ਪੰਜਾਬੀਆਂ ਦੇ ਦਿਲਾਂ 'ਤੇ ਰਾਜ ਕਰਦਾ ਹੈ। ਉਸ ਦੀ ਬਹਾਦਰੀ ਦੇ ਕਿੱਸੇ ਪੰਜਾਬੀ ਬੜੀਆਂ ਲਟਕਾਂ ਨਾਲ ਪੜ੍ਹਦੇ ਤੇ ਗਾਉਂਦੇ ਹਨ। ਦੁੱਲੇ ਦੀ ਜੀਵਨ ਗਾਥਾ ਨੂੰ ਪੰਜਾਬ ਦੇ ਕਿੱਸਾਕਾਰਾਂ ਨੇ ਬੜੇ ਅਨੂਠੇ ਅੰਦਾਜ਼ ਵਿਚ ਗਾਇਆ ਹੈ। ਕਿਸ਼ਨ ਸਿੰਘ ਆਰਫ ਰਚਿਤ 'ਕਿੱਸਾ ਦੁੱਲਾ ਭੱਟੀ' ਅਤੇ ਪਾਲੀ ਸਿੰਘ ਕਵੀਸ਼ਰ ਰਚਿਤ 'ਆਵਾਜ਼ਾਂ ਦੁੱਲਾ ਭੱਟੀ' ਪੰਜਾਬੀਆਂ ਦੇ ਹਰਮਨ ਪਿਆਰੇ ਕਿੱਸੇ ਹਨ ਜਿਨ੍ਹਾਂ ਨੂੰ ਪੜ੍ਹ ਕੇ ਉਹ ਦੁੱਲਾ ਭੱਟੀ ਨੂੰ ਬਾਰਮ-ਬਾਰ ਸਿਜਦਾ ਕਰਦੇ ਹਨ।

## ਮਿਲਣ ਵਧਾਈਆਂ !

*-ਰਾਜ ਧਾਲੀਵਾਲ, ਕੈਲੀਫੋਰਨੀਆ*

ਸ਼ਗਨਾਂ ਦੀਆਂ ਪਿਆ ਗਾਵੇ ਘੋੜੀ,
ਰੱਬਾ ਆਵੇ ਸਭ ਦੇ ਲੋਹੜੀ,
ਤੇਰੇ 'ਤੇ ਜੀਹਨੇ ਆਸਾਂ ਲਾਈਆਂ।
ਨਵੇਂ ਸਾਲ 'ਤੇ ਮਿਲਣ ਵਧਾਈਆਂ।

ਕਰਦੇ ਆ ਅਰਦਾਸ ਸਿਆਣੇ,
ਹੋ ਜਾਣ ਸਾਰੇ ਪਾਸ ਨਿਆਣੇ।
ਜੋ ਬਣਨਾ ਚਾਹੁੰਦਾ ਬਣ ਜੇ ਡਾਕਟਰ,
ਸਾਰੇ ਇਹੀਓ ਆਖਣ ਮਾਸਟਰ,
ਪੈਰਾਂ ਸਿਰ ਹੋ ਕਰਨ ਕਮਾਈਆਂ...।
ਨਵੇਂ ਸਾਲ 'ਤੇ ਮਿਲਣ ਵਧਾਈਆਂ।

ਜੋ ਹਸਪਤਾਲੋਂ ਆ ਜਾਣ ਘਰ ਨੂੰ,
ਆ ਕੇ ਆਪਣੇ ਲਾਵਣ ਗਲ ਨੂੰ।
ਔਖੀਆਂ ਸਹਿਣੀਆਂ ਪੈਂਦੀਆਂ ਚੀਸਾਂ,
ਆ ਕੇ ਸਭ ਨੂੰ ਦੇਣ ਅਸੀਸਾਂ।

ਬਹੁਤ ਖਾਹ ਲਈਆਂ ਦੇਰ ਦਵਾਈਆਂ...।
ਨਵੇਂ ਸਾਲ 'ਤੇ ਮਿਲਣ ਵਧਾਈਆਂ।

ਹੋਰ ਨਾ ਹੋਵਣ ਬੰਬ ਧਮਾਕੇ,
ਸੁੱਖਾਂ ਸੁੱਖਦੇ ਦੇਸ਼ ਦੇ ਰਾਖੇ।
ਫੀਤੀਆਂ ਲੱਗਣ, ਕਰਨ ਤਰੱਕੀ,
ਜਾਨ ਜਾਵੇ ਨਾ ਕੋਈ ਹਨੱਕੀ।
ਮੁੱਕ ਜਾਣ ਲੱਗੀਆਂ ਜੋ ਲੜਾਈਆਂ...।
ਨਵੇਂ ਸਾਲ 'ਤੇ ਮਿਲਣ ਵਧਾਈਆਂ।

ਜੋ ਕਰਨ ਦੁਕਾਨਾਂ, ਸੇਲ ਵਧਾਵੀਂ,
ਵਿਛੜਿਆਂ ਦੇ ਮੇਲ ਕਰਾਵੀਂ।
'ਰਾਜ' ਬਣੇ ਨਾ ਕਿਸੇ ਲਈ ਕੰਡੇ,
'ਚੀਮਨੇ' ਵਿਚ ਵੀ ਤੇਰੇ ਹੀ ਬੰਦੇ।
ਕੱਠੇ ਹੋ ਹੋ ਆਖਣ ਸਾਈਆਂ...।
ਨਵੇਂ ਸਾਲ 'ਤੇ ਮਿਲਣ ਵਧਾਈਆਂ।

# ਦਮ ਤੋੜਦੀ ਪੰਜਾਬੀ ਸੰਗੀਤ ਮੰਡੀ



## ਕੀ ਮੈਂ ਝੂਠ ਬੋਲਿਐ...

ਸਵਰਨ ਸਿੰਘ ਟਹਿਣਾ*

*ਫੋਨ: 91-98141-78883

ਪੰਜਾਬ ਦੀ ਸੰਗੀਤ ਮੰਡੀ ਦਾ ਦੀਵਾਲਾ ਕਿਸ ਕਦਰ ਨਿਕਲ ਚੁੱਕੈ, ਇਸ ਦੀ ਮੋਟੀ ਜਿਹੀ ਮਿਸਾਲ ਹੈ ਕਲਾਕਾਰਾਂ ਦੇ ਸ਼ਹਿਰ ਲੁਧਿਆਣੇ 'ਚ ਕੈਸਿਟਾਂ ਦਾ ਸਭ ਤੋਂ ਵੱਡਾ ਕਾਰੋਬਾਰ ਕਰਨ ਵਾਲੇ ਇੱਕ ਡੀਲਰ ਦੀ, ਜਿਸ ਨੇ ਆਪਣੀ ਦੁਕਾਨ 'ਚੋਂ ਕੈਸਿਟਾਂ, ਸੀਡੀਆਂ ਕੱਢ ਰੈਡੀਮੇਡ ਕੱਪੜਿਆਂ ਦਾ ਕੰਮ ਸ਼ੁਰੂ ਕਰ ਲਿਐ। ਕੱਲ੍ਹ ਤੱਕ ਉਸ ਦੀ ਦੁਕਾਨ 'ਤੇ ਹਰ ਰੋਜ਼ ਹਜ਼ਾਰਾਂ ਸੀਡੀਆਂ ਵਿਕਦੀਆਂ ਸਨ ਪਰ ਮੰਦੇ ਦੀ ਮਾਰ ਏਨੀ ਭਿਅੰਕਰ ਹੋ ਗਈ ਕਿ ਉਸ ਨੇ ਇਹ ਕੰਮ ਹੀ ਛੱਡ ਦਿੱਤਾ। ਕੁੱਝ ਸਾਲ ਪਹਿਲਾਂ 'ਫਾਈਨਟੋਨ' ਕੰਪਨੀ ਵੀ ਏਸੇ ਮੰਦੇ ਦੀ ਮਾਰ ਕਾਰਨ ਬੰਦ ਹੋਈ ਸੀ। ਕਿਸੇ ਵੇਲੇ ਰਾਜਿੰਦਰ ਸਿੰਘ ਦੀ 'ਫਾਈਨਟੋਨ' ਦੀ ਤੂਤੀ ਬੋਲਦੀ ਸੀ ਕਿਉਂਕਿ ਉਸ ਵੱਲੋਂ ਰਿਲੀਜ਼ ਕੀਤੇ ਕਲਾਕਾਰ ਵਿਕਰੀ ਦਾ ਰਿਕਾਰਡ ਤੋੜ ਜਾਂਦੇ ਸਨ। ਗੱਲ ਭਾਵੇਂ ਇੰਦਰਜੀਤ ਨਿੱਕੂ ਦੀ ਹੋਵੇ, ਰਵਿੰਦਰ ਗਰੇਵਾਲ ਦੀ ਤੇ ਬੰਦ ਹੋਣ ਵੇਲੇ ਤੱਕ ਦਿਲਜੀਤ ਜਾਂ ਬਲਵੀਰ ਬੋਪਰਾਏ ਦੇ 'ਦੇ ਦੇ ਗੇੜਾ' ਗੀਤ ਵਾਲੀ 'ਹੋਸਟਲ' ਕੈਸਿਟ ਦੀ, ਸਭ ਨੇ 'ਫਾਈਨਟੋਨ' ਦੇ ਬੈਨਰ ਹੇਠ ਹੀ ਕਮਾਲ ਦਿਖਾਈ ਸੀ।




ਸਮਝਦਾਰੀ ਤੋਂ ਕੰਮ ਲੈਂਦਿਆਂ ਰਾਜਿੰਦਰ ਸਿੰਘ ਨੇ ਇਹ ਸਭ ਛੱਡ ਹੋਰ ਕੰਮ ਸ਼ੁਰੂ ਕਰ ਲਿਐ, ਕਿਉਂਕਿ ਪਾਰਖੂ ਹੋਣ ਕਰਕੇ ਉਸ ਨੇ ਪਹਿਲਾਂ ਹੀ ਅੰਦਾਜ਼ਾ ਲਾ ਲਿਆ ਸੀ ਕਿ ਇਸ ਮੰਡੀ ਨੂੰ ਭੋਗ ਪੈਣੋਂ ਹੁਣ ਕੋਈ ਨਹੀਂ ਰੋਕ ਸਕਦਾ। ਜਿਹੜੀਆਂ ਕੰਪਨੀਆਂ ਕੱਲ੍ਹ ਤੱਕ ਇੱਕ ਲੱਖ ਵਿਕੀ ਕੈਸਿਟ ਨੂੰ ਵੀ 'ਫਲਾਪ' ਸਮਝਦੀਆਂ ਸਨ, ਅੱਜ ਉਨ੍ਹਾਂ ਦੀ ਹਿੱਟ ਕੈਸਿਟ ਵੀ 'ਦਸ ਹਜ਼ਾਰ' ਦਾ ਅੰਕੜਾ ਪਾਰ ਕਰਦੀ ਦਿਖਾਈ ਨਹੀਂ ਦਿੰਦੀ। ਇਸ ਹਾਲਤ ਵਿਚ ਕੰਪਨੀਆਂ ਤੇ ਕਲਾਕਾਰਾਂ ਦੇ ਚਿਹਰਿਆਂ 'ਤੇ ਖੁਸ਼ੀ ਦੀ ਲਹਿਰ ਭਲਾ ਕਿਵੇਂ ਦੌੜ ਸਕਦੀ ਹੈ?

'ਫਾਈਨਟੋਨ' ਵਾਂਗ ਕਿਸੇ ਵੇਲੇ 'ਆਡੀਓ ਟੱਚ' ਦੀ ਵੀ ਤੂਤੀ ਬੋਲਦੀ ਰਹੀ। ਇਸ ਦੇ ਬੈਨਰ ਹੇਠ ਆਈਆਂ ਕਈ ਦਰਜਨ ਕੈਸਿਟਾਂ ਨੇ ਵਿਕਰੀ ਦੇ ਨਵੇਂ ਰਿਕਾਰਡ ਕਾਇਮ ਕੀਤੇ। ਅੰਮ੍ਰਿਤਸਰ ਦੀ ਇਸ ਕੰਪਨੀ ਵਿਚ ਰਿਲੀਜ਼ ਹੋਣ ਵਾਲੀ ਹਰ ਕੈਸਿਟ ਨੂੰ ਵੀ ਸਫਲਤਾ ਦੀ ਗਵਾਹ ਮੰਨਿਆ ਜਾਂਦਾ ਸੀ ਪਰ ਬੁਰੇ ਹਾਲ ਮਾਰਕਿਟ ਦੇ ਚੱਲਦਿਆਂ ਇਹ ਕੰਪਨੀ ਵੀ ਬੰਦ ਕਰਨੀ ਪਈ। ਏਸੇ ਤਰ੍ਹਾਂ ਅੰਮ੍ਰਿਤਸਰ ਵਿਚ ਹੀ ਕਿਸੇ ਵੇਲੇ 'ਫਾਈਨਟੱਚ' ਦੀ ਸਰਦਾਰੀ ਸੀ, ਜਿਸ ਵਿਚ ਇੰਦਰਜੀਤ ਨਿੱਕੂ, ਹਰਭਜਨ ਸ਼ੇਰਾ ਤੇ ਨਛੱਤਰ ਗਿੱਲ ਵਰਗੇ ਵਧੀਆ ਕਲਾਕਾਰਾਂ ਦੀਆਂ ਕੈਸਿਟਾਂ ਰਿਲੀਜ਼ ਹੁੰਦੀਆਂ ਸਨ ਪਰ ਹੌਲੀ-ਹੌਲੀ ਇਸ ਨੂੰ ਵੀ ਬੰਦ ਕਰਨ ਵਿਚ ਹੀ ਭਲਾ ਸਮਝਿਆ ਗਿਆ ਕਿਉਂਕਿ ਅਜਿਹਾ ਕਿਹੜਾ ਬਿਜ਼ਨੈਸ ਹੈ, ਜਿਸ ਵਿਚ ਪੱਚੀ-ਤੀਹ ਲੱਖ ਖਰਚ ਕੇ ਪੰਜ ਲੱਖ ਦੀ ਵਾਪਸੀ ਵੀ ਮਸੀਂ ਹੋਵੇ ਤੇ ਅਗਲੇ ਮਹੀਨੇ ਫਿਰ ਏਨੇ ਪੈਸੇ ਖੂਹ ਖਾਤੇ ਪਾਉਣ ਲਈ ਸਰਗਰਮੀ ਸ਼ੁਰੂ ਹੋ ਜਾਵੇ।

ਸੁਣਨ ਵਾਲਿਆਂ ਦੇ ਨੱਠਣ ਕਲਾਕਾਰਾਂ ਨੂੰ ਸਮਝ ਨਹੀਂ ਪੈ ਰਹੀ ਕਿ ਕੀਤਾ ਕੀ ਜਾਵੇ ਤੇ ਕੰਪਨੀਆਂ ਨੂੰ ਮਲਾਲ ਹੈ ਕਿ ਕਲਾਕਾਰ ਉਨ੍ਹਾਂ ਦੀ ਗੱਲ ਸਮਝਣ ਦੀ ਥਾਂ ਭਰਮ ਵਿਚ ਹੀ ਤੁਰੇ ਫਿਰਦੇ ਨੇ ਕਿ ਸਾਡਾ ਤਾਂ ਨਾਂ ਵਿਕਦੈ। ਅਸਲ ਵਿਚ ਉਹ ਵੇਲੇ ਬੀਤੇ ਦੀ ਬਾਤ ਹੋ ਕੇ ਰਹਿ ਗਏ ਜਦੋਂ ਨਾਂ ਵਿਕਦੇ ਸਨ। ਅੱਜ ਏਹਾ ਯੁੱਗ ਆ ਗਿਐ ਕਿ ਸੰਗੀਤ ਸਮਰਾਟ ਚਰਨਜੀਤ ਆਹੂਜਾ ਨੂੰ ਚੁੱਪ ਵੱਟਣੀ ਪੈ ਰਹੀ ਹੈ ਤੇ ਰੈਪ ਦੇ ਨਾਂ 'ਤੇ ਪੰਜਾਬੀ ਜ਼ੁਬਾਨ ਨਾਲ 'ਰੇਪ' ਕਰਨ ਵਾਲਾ ਹਨੀ ਸਿੰਘ ਹੁੜਦੰਗ ਮਚਾਊ ਸੰਗੀਤ ਦਾ ਲੱਖਾਂ ਰੁਪਿਆ ਲੈ ਰਿਹੈ। ਸਾਰੀ ਸੰਗੀਤ ਮੰਡੀ ਕਹਿ ਰਹੀ ਹੈ ਕਿ ਆਹੂਜਾ ਹੁਰਾਂ ਦੇ ਸੰਗੀਤ ਦਾ ਕੋਈ ਜਵਾਬ ਨਹੀਂ ਪਰ ਭੇਡਚਾਲ ਵਿਚ ਉਸੇ ਪਿੱਛੇ ਲੱਗ ਬੇੜਾ ਪਾਰ ਲਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਏ, ਜੀਹਦੇ ਸੰਗੀਤ 'ਚ ਇੱਕ-ਦੋ ਕੈਸਿਟਾਂ ਨੂੰ 'ਹੱਦਰੂ' ਹੁੰਗਾਰਾ ਮਿਲ ਜਾਂਦੈ।

ਕਿਸੇ ਵੇਲੇ ਪੰਜਾਬ ਦੀ ਸੰਗੀਤ ਮੰਡੀ ਵਿਚ 'ਸਾਗਾ' ਕੰਪਨੀ ਦੀ ਚੜ੍ਹਤ ਸੀ ਪਰ ਅੱਜ ਉਸ ਦੀ ਕੋਈ ਸਰਗਰਮੀ ਨਹੀਂ। ਇਸੇ ਤਰ੍ਹਾਂ ਇੱਕ ਵੇਲੇ 'ਲੱਕੀ ਸਟਾਰ' ਨੇ ਪੰਜਾਬ ਵਿਚ ਕੈਸਿਟਾਂ ਰਿਲੀਜ਼ ਕਰਨ ਦੀ ਹਨੇਰੀ ਲਿਆ ਦਿੱਤੀ ਸੀ। 'ਜਾਹ ਜਾਹ ਵੇ ਤੈਨੂੰ ਦਿਲ ਦਿੱਤਾ ਅੱਲ੍ਹਾ ਵਾਸਤੇ' ਤੇ 'ਭਾਬੀ ਦੀਵਾ ਜਗ੍ਹਾ' ਸਮੇਤ ਕੁਲਬੀਰ ਦੀਆਂ ਅਨੇਕਾਂ ਕੈਸਿਟਾਂ ਨੇ ਕਮਾਲ ਦੀ ਕਾਮਯਾਬੀ ਹਾਸਲ ਕੀਤੀ। ਏਸੇ ਕੰਪਨੀ ਦੇ ਬੈਨਰ ਹੇਠ ਰਵਿੰਦਰ ਗਰੇਵਾਲ ਦੀ 'ਐਵੇਂ ਰੌਲਾ ਪੈ ਗਿਆ' ਰਿਲੀਜ਼ ਹੋਈ ਤੇ ਸਭ ਜਾਣਦੇ ਨੇ ਕਿ ਉਹ ਕਿੰਨੀ ਚੱਲੀ ਸੀ। ਪਰ ਅੱਜ ਇਸ ਕੰਪਨੀ ਨੂੰ ਸੁੱਤਿਆਂ ਕਈ ਵਰ੍ਹੇ ਹੋ ਚੁੱਕੇ ਨੇ। ਜਲੰਧਰ, ਅੰਮ੍ਰਿਤਸਰ, ਚੰਡੀਗੜ੍ਹ ਤੇ ਬਠਿੰਡਾ ਵਿਚ ਅਨੇਕਾਂ ਹੋਰ ਕੰਪਨੀਆਂ ਦਾ ਭੋਗ ਪਿਆਂ ਕਈ ਵਰ੍ਹੇ ਹੋ ਚੁੱਕੇ ਨੇ। ਇਨ੍ਹਾਂ ਕੰਪਨੀਆਂ ਦੇ ਮਾਲਕਾਂ ਹੋਰ ਕੰਮ ਸ਼ੁਰੂ ਕਰ ਲਏ ਕਿਉਂਕਿ ਪਹਿਲੀ ਗੱਲ ਤਾਂ ਕੋਈ ਕੈਸਿਟ ਵਿਕਦੀ ਨਹੀਂ ਤੇ ਜੇ ਵਿਕਣ ਲੱਗਦੀ ਹੈ ਤਾਂ ਉਹ ਅਸਲ ਨਾਲੋਂ ਵੱਧ ਨਕਲੀ ਵਿਕ ਜਾਂਦੀ ਹੈ।

ਪੰਜਾਬ ਵਿਚ ਇਸ ਵੇਲੇ ਮਸਾਂ ਅੱਧੀ ਕੁ ਦਰਜਨ ਕੈਸਿਟ ਕੰਪਨੀਆਂ ਸਰਗਰਮ ਹਨ ਤੇ ਇਨ੍ਹਾਂ ਵਿਚੋਂ ਵੀ ਅੱਧੀਆਂ ਕੁ ਉਹ ਨੇ, ਜਿਨ੍ਹਾਂ ਸਿੱਧਾ ਜਿਹਾ ਫਾਰਮੂਲਾ ਅਪਨਾਇਆ ਹੋਇਐ ਕਿ ਕਲਾਕਾਰ ਆਪਣਾ 'ਮਾਸਟਰ ਪੀਸ' ਮੁਫ਼ਤ 'ਚ ਦੇਵੇ, ਪੱਲਿਓਂ ਵੀਡੀਓ ਤਿਆਰ ਕਰਾਵੇ ਅਤੇ ਚੈਨਲ ਇਸ਼ਤਿਹਾਰਬਾਜ਼ੀ ਦਾ ਖਰਚਾ ਖੁਦ ਚੁੱਕੇ। ਕੰਪਨੀਆਂ ਆਪਣੇ 'ਲੋਗੋ' ਨੂੰ ਜਿਉਂਦਾ ਰੱਖਣ ਲਈ ਛਿੱਟ-ਪੁੱਟ ਕਦਮ ਚੁੱਕ ਰਹੀਆਂ ਨੇ ਕਿਉਂਕਿ ਬੈਨਰ ਜਿਉਂਦਾ ਰਹੇਗਾ ਤਾਂ ਹੀ ਕੋਈ ਗਾਇਕ ਇਨ੍ਹਾਂ ਵੱਲ ਖਿੱਚਿਆ ਜਾਵੇਗਾ।

ਮੰਦੀ ਦੀ ਇਸ ਤੋਂ ਵੱਡੀ ਮਿਸਾਲ ਭਲਾਂ ਕੀ ਹੋ ਸਕਦੀ ਏ ਕਿ ਕੱਲ੍ਹ ਤੱਕ ਕੰਪਨੀਆਂ ਕਲਾਕਾਰਾਂ ਨੂੰ ਕਾਮਯਾਬ ਕਰਦੀਆਂ ਸਨ ਪਰ ਅੱਜ ਕਲਾਕਾਰਾਂ ਦੇ ਪੈਸੇ ਨਾਲ ਕੰਪਨੀਆਂ ਚੱਲ ਰਹੀਆਂ ਨੇ। ਜੇ ਪੰਜਾਬ ਵਿਚ ਕੈਸਿਟ ਮਾਰਕੀਟਿੰਗ ਦਾ ਝਮੇਲਾ ਨਾ ਹੁੰਦਾ ਤਾਂ ਲਗਭਗ ਸਾਰੇ ਗਾਇਕ ਹੁਣ ਤੱਕ ਆਪੋ ਆਪਣੀਆਂ ਕੰਪਨੀਆਂ ਸ਼ੁਰੂ ਕਰ ਲੈਂਦੇ। ਜਿਹੜੇ ਕਲਾਕਾਰ ਕੰਪਨੀਆਂ ਦਾ ਸਹਾਰਾ ਲੈ ਰਹੇ ਨੇ, ਉਨ੍ਹਾਂ 'ਚੋਂ ਜ਼ਿਆਦਾ ਨੂੰ ਪਤਾ ਹੈ ਕਿ ਥਾਂ-ਥਾਂ ਕੈਸਿਟ, ਸੀ.ਡੀ. ਪੁਚਾਉਣਾ ਕਾਫੀ ਮਿਹਨਤ ਦਾ ਕੰਮ ਹੈ। ਪਿਛਲੇ ਕੁਝ ਕੁ ਸਮੇਂ ਦੌਰਾਨ ਕਈ ਕਲਾਕਾਰਾਂ ਨੇ ਆਪਣੀਆਂ ਕੰਪਨੀਆਂ ਵੀ ਸ਼ੁਰੂ ਕੀਤੀਆਂ ਪਰ ਉਹ ਵੀ ਜਾਣ ਗਏ ਕਿ ਹਾਲਾਤ ਬੜੇ ਮਾੜੇ ਨੇ। ਉਹ ਹੋਰਾਂ ਨੂੰ ਰਿਲੀਜ਼ ਕਰਨ ਨਾਲੋਂ ਆਪਣੇ 'ਤੇ ਵੱਧ ਧਿਆਨ ਕੇਂਦਰਤ ਕਰਦੇ ਨੇ ਕਿਉਂਕਿ ਉਹ ਜਾਣ ਗਏ ਨੇ ਕਿ ਜਿਹੜਾ ਪੰਜਾਹ ਲੱਖ ਉਹ ਖਰਚ ਰਹੇ ਨੇ, ਉਸਦੀ ਵਾਪਸੀ ਵਿਕਰੀ ਨਾਲ ਕਦੇ ਨਹੀਂ ਹੋ ਸਕਣੀ, ਇਸ ਦਾ ਤਾਂ ਇੱਕੋ ਹੱਲ ਹੈ ਕਿ ਚੈਨਲ 'ਤੇ ਹਾਜ਼ਰ ਰਹੋ, ਜੇ ਪ੍ਰੋਗਰਾਮਾਂ ਦੀ ਗਿਣਤੀ ਵਧ ਗਈ ਤਾਂ ਖਰਚੇ ਪੈਸੇ ਮੁੜ ਆਉਣਗੇ।

ਹੈਰਾਨੀ ਦੀ ਗੱਲ ਇਹ ਵੀ ਹੈ ਕਿ ਹੁਣ ਤੱਕ ਸਿਰਫ਼ ਕੰਪਨੀਆਂ ਵੱਲੋਂ ਹੀ ਕੈਸਿਟਾਂ ਨਾ ਵਿਕਣ ਦੀ ਹਾਲ ਦੁਹਾਈ ਪਾਈ ਜਾਂਦੀ ਸੀ ਪਰ ਹੁਣ ਪਾਇਰੇਟਰਾਂ ਦੇ ਚਿਹਰੇ ਵੀ ਚਿੰਤਾਗ੍ਰਸਤ ਹੋਣੇ ਸ਼ੁਰੂ ਹੋ ਗਏ ਨੇ। ਸਵਾ ਸੌ ਵਾਲੀ ਅਸਲ ਸੀ.ਡੀ. ਤਾਂ ਪਹਿਲਾਂ ਹੀ ਨਹੀਂ ਸੀ ਵਿਕਦੀ ਪਰ ਹੁਣ ਪੱਚੀ-ਤੀਹ ਵਾਲੀ ਨਕਲੀ ਸੀ.ਡੀ. ਖਰੀਦਣੀ ਵੀ ਲੋਕਾਂ ਨੂੰ ਮਹਿੰਗੀ ਲੱਗਣ ਲੱਗੀ ਹੈ। ਲੋਕ ਸਮਝ ਗਏ ਨੇ ਕਿ ਪੂਰੀ ਕੈਸਿਟ ਵਿਚ ਇੱਕ ਜਾਂ ਦੋ ਗੀਤ ਸੁਣਨਯੋਗ ਹੁੰਦੇ ਨੇ ਤੇ ਉਨ੍ਹਾਂ ਨੂੰ ਆਪਣੇ ਮੋਬਾਈਲ 'ਚ ਦਰਜ ਕਰਾ ਲਿਆ ਜਾਂਦੈ।

ਜਿਹੜੇ ਦੌਰ ਵਿਚੋਂ ਅਜੋਕੀ ਪੰਜਾਬੀ ਸੰਗੀਤ ਮੰਡੀ ਲੰਘ ਰਹੀ ਹੈ, ਇਸ ਉਤੇ ਭਲੇ ਦਿਨ ਆਉਣਗੇ, ਇਸ ਦੀ ਉਮੀਦ ਸਿਰਫ਼ ਢਾਰਸ ਬੰਨ੍ਹਾਉਣ ਲਈ ਹੀ ਕੀਤੀ ਜਾ ਸਕਦੀ ਹੈ। ਪੰਜਾਬੀ ਸੰਗੀਤ ਮੰਡੀ ਨੂੰ ਨੁਕਸਾਨ ਪੁਚਾਉਣ ਲਈ ਭਾਵੇਂ ਪ੍ਰਵਾਸੀ ਗਾਇਕਾਂ ਨੇ ਵੱਡਾ ਯੋਗਦਾਨ ਪਾਇਐ ਕਿਉਂਕਿ ਇਹ ਸ਼ੌਕ ਦੇ ਕਬੂਤਰ ਉਡਾਉਣ ਲਈ ਪੰਜਾਬ ਆ ਕੇ ਕੈਸਿਟਾਂ ਕਰ ਮਹੀਨੇ ਕੁ ਬਾਅਦ ਜਹਾਜ਼ ਫੜ ਆਪਣੇ ਵਤਨ ਪਹੁੰਚ ਜਾਂਦੇ ਹਨ ਪਰ ਅੱਜ ਦੀ ਤਾਰੀਕ ਵਿਚ ਪ੍ਰਵਾਸੀ ਗਾਇਕਾਂ ਤੋਂ ਹੀ ਕੰਪਨੀਆਂ ਨੂੰ ਮਾੜੀਆਂ ਮੋਟੀਆਂ ਉਮੀਦਾਂ ਬਚੀਆਂ ਨੇ ਕਿਉਂਕਿ ਪੰਜਾਬ 'ਚ ਰਹਿੰਦੇ ਕਲਾਕਾਰ ਕੰਪਨੀਆਂ ਦਾ ਢਿੱਡ ਨਹੀਂ ਭਰ ਸਕਦੇ, ਜਦਕਿ ਮਾਹੌਲ ਤੋਂ ਅਣਜਾਣ ਵਿਦੇਸ਼ੀ ਗਾਇਕ ਡਾਲਰਾਂ, ਪੌਂਡਾਂ ਨੂੰ ਰੁਪਿਆਂ 'ਚ ਤਬਦੀਲ ਕਰ ਕੰਪਨੀਆਂ ਦਾ ਤੋਰੀ ਫੁਲਕਾ ਚਲਾ ਛੱਡਦੇ ਨੇ। ਹੈ ਭਾਵੇਂ ਇਹ ਧੋਖਾਦੇਹੀ ਹੀ ਪਰ 'ਮਰਦਾ ਕੀ ਨਹੀਂ ਕਰਦਾ' ਮੁਤਾਬਕ ਕੰਪਨੀਆਂ ਨੂੰ ਚਾਰ ਛਿੱਲੜ ਵਟਾਉਣ ਵਾਲੇ ਵਲੈਤੀ ਕਲਾਕਾਰ ਹੀ ਬਚੇ ਨੇ। ਵਿਦੇਸ਼ੀ ਕਲਾਕਾਰਾਂ ਦੀ ਇੱਕ ਤ੍ਰਾਸਦੀ ਤਾਂ ਉਨ੍ਹਾਂ ਨੂੰ ਗਾਉਣਾ ਨਾ ਆਉਂਦਾ ਹੋਣਾ ਹੈ ਤੇ ਦੂਜੀ ਤ੍ਰਾਸਦੀ ਪੰਜਾਬ ਦੀ ਸੰਗੀਤ ਮੰਡੀ ਬਾਰੇ ਪੂਰੀ ਜਾਣਕਾਰੀ ਨਾ ਹੋਣਾ ਹੈ। ਜਿਹੜਾ ਸੰਗੀਤਕਾਰ ਦੋ ਲੱਖ 'ਚ ਸੰਗੀਤ ਤਿਆਰ ਕਰਦਾ ਹੈ, ਉਹੀ ਵਿਦੇਸ਼ੀ ਤੋਂ ਪੰਜ ਲੱਖ ਲੈ ਲੈਂਦਾ ਹੈ ਤੇ ਜਿਹੜਾ ਡਾਇਰੈਕਟਰ ਡੇਢ ਲੱਖ 'ਚ ਵੀਡੀਓ ਬਣਾਉਂਦਾ ਹੈ, ਉਹ ਇਨ੍ਹਾਂ ਤੋਂ ਤਿੰਨ ਲੈ ਲੈਂਦਾ ਹੈ ਤੇ ਕੰਪਨੀ ਨੂੰ ਐਡ ਚਲਾਉਣ ਲਈ ਜਮ੍ਹਾਂ ਕਰਾਏ ਪੈਸਿਆਂ ਨਾਲ ਓਨੇ ਦਿਨ ਹੀ ਪ੍ਰੋਮੋ ਚੱਲਦੇ ਨੇ, ਜਿੰਨੇ ਦਿਨ ਕਲਾਕਾਰ ਆਪਣੇ ਪਿੰਡ, ਸ਼ਹਿਰ ਰਹਿੰਦੇ ਨੇ। ਜਦੋਂ ਇਹ ਵਿਚਾਰੇ ਵਾਪਸੀ ਲਈ ਏਅਰਪੋਰਟ ਪਹੁੰਚਦੇ ਨੇ ਤਾਂ ਪ੍ਰੋਮੋ ਬੰਦ ਹੋ ਜਾਂਦੇ ਨੇ।

ਜਿਹੜੇ ਕਲਾਕਾਰਾਂ ਨੂੰ ਅਸੀਂ 'ਸਟਾਰ' ਮੰਨਦੇ ਹਾਂ ਤੇ ਜਿਨ੍ਹਾਂ ਦੀਆਂ ਕੈਸਿਟਾਂ ਹੁਣ ਤੱਕ ਧੜਾਧੜ ਵਿਕਦੀਆਂ ਰਹੀਆਂ ਹਨ, ਓਨਾ 'ਚੋਂ ਜ਼ਿਆਦਾਤਰ ਨੂੰ ਕੰਪਨੀਆਂ ਆਖਣ ਲੱਗੀਆਂ ਨੇ ਕਿ ਆਪਣੇ 'ਤੇ ਆਪੇ ਖਰਚ ਕਰ ਲਵੋ, ਜੇ ਤੁਸੀਂ ਵਿਕਣੇ ਸ਼ੁਰੂ ਹੋ ਗਏ ਤਾਂ ਥੋੜ੍ਹਾ ਬਹੁਤ ਜ਼ੋਰ ਅਸੀਂ ਲਗਾ ਲਵਾਂਗੇ। ਇਨ੍ਹੀਂ ਦਿਨੀਂ ਮਾਰਕੀਟ ਵਿਚ ਜਿੰਨੇ ਕੁ ਸਟਾਰ ਕਲਾਕਾਰਾਂ ਦੀਆਂ ਕੈਸਿਟਾਂ ਚੱਲ ਰਹੀਆਂ ਨੇ, ਉਨ੍ਹਾਂ ਅਸਲੀਅਤ ਵਿਚ ਵਿਕਰੀ ਦਾ ਕਿੰਨਾ ਕੁ ਅੰਕੜਾ ਪਾਰ ਕੀਤਾ ਹੈ, ਇਹ ਜਾਣ ਕੇ ਹੈਰਾਨੀ ਦੀ ਹੱਦ ਨਹੀਂ ਰਹਿੰਦੀ। ਇੱਕ ਕੰਪਨੀ ਮਾਲਕ ਨੇ ਪਿਛਲੇ ਦਿਨੀਂ ਦੱਸਿਆ, 'ਅਸੀਂ ਫਲਾਣੇ 'ਸਟਾਰ' ਨੂੰ ਰਿਲੀਜ਼ ਕੀਤਾ, ਪਰ ਹਾਲੇ ਤੱਕ ਉਸਦੀ ਦਸ ਹਜ਼ਾਰ ਸੀ.ਡੀ. ਵੀ ਨਹੀਂ ਵਿਕੀ...ਕਲਾਕਾਰ ਦਾ ਇੱਕ ਗੀਤ ਜ਼ਰੂਰ ਮਸ਼ਹੂਰ ਹੋਇਆ ਪਰ ਵਿਕਰੀ ਪੱਖੋਂ ਏਨਾ ਬੁਰਾ ਹਾਲ ਰਿਹਾ ਕਿ ਕਲਾਕਾਰ ਵੱਲੋਂ ਲੱਖ ਵਾਰ ਕਹਿਣ ਦੇ ਬਾਵਜੂਦ ਤੀਜਾ ਵੀਡੀਓ ਬਣਾਉਣ ਦਾ ਸਾਡੇ ਅੰਦਰ ਹੌਂਸਲਾ ਨਹੀਂ ਪਿਆ। ਦੂਜੇ ਪਾਸੇ ਕਲਾਕਾਰ ਨੂੰ ਭਰਮ ਹੈ ਕਿ ਜਦੋਂ ਮੇਰਾ ਗੀਤ ਏਨਾ ਮਕਬੂਲ ਹੋ ਚੁੱਕੈ ਤਾਂ ਇਹ ਕਿਵੇਂ ਹੋ ਸਕਦੈ ਕਿ ਸੀ.ਡੀ. ਨਾ ਵਿਕੀ ਹੋਵੇ, ਉਹ ਸਮਝ ਰਿਹੈ ਕਿ ਕੰਪਨੀ ਮਾਲਕ ਉਸ ਨਾਲ ਝੂਠ ਬੋਲ ਰਿਹੈ...।'

ਅਜਿਹੀਆਂ ਅਨੇਕਾਂ ਘਟਨਾਵਾਂ ਰੋਜ਼ਾਨਾ ਸੰਗੀਤ ਮੰਡੀ ਵਿਚ ਵਾਪਰ ਰਹੀਆਂ ਹਨ। ਸੀ.ਡੀ., ਕੈਸਿਟ ਖਰੀਦਣ ਵਾਲਾ ਸੱਭਿਆਚਾਰ ਲਗਭਗ ਸਮਾਪਤ ਹੋ ਚੁੱਕੈ ਤੇ ਇੰਟਰਨੈਟ ਨੇ ਪੰਜਾਬ ਦੀ ਸੰਗੀਤ ਮੰਡੀ ਦਾ ਲੱਕ ਤੋੜ ਦਿੱਤੈ। ਆਉਂਦੇ ਸਮੇਂ ਵਿਚ ਹੋਰ ਵੀ ਬੜਾ ਕੁੱਝ ਹੋਣ ਦੀ ਸੰਭਾਵਨਾ ਹੈ, ਜਿਸ ਦੇ ਖਦਸ਼ੇ ਵਿਚ ਸੰਗੀਤ ਮੰਡੀ ਸੁੱਕੇ ਪੱਤੇ ਵਾਂਗ ਕੰਬ ਰਹੀ ਹੈ।

ਹੈਰਾਨੀ ਦੀ ਗੱਲ ਹੈ ਕਿ ਇਸ ਘੜੀ ਕਲਾਕਾਰ ਤੇ ਕੰਪਨੀਆਂ ਸਿਰ ਜੋੜ ਸਲਾਹ ਮਸ਼ਵਰਾ ਕਰਨ ਦੀ ਥਾਂ ਆਪੋਧਾਪੀ 'ਚ ਪਈਆਂ ਹੋਈਆਂ ਨੇ। ਕੰਪਨੀਆਂ ਕਲਾਕਾਰ ਨੂੰ ਰਗੜਾ ਲਾਉਣ ਦੀਆਂ ਚਾਹਵਾਨ ਨੇ ਤੇ ਕਲਾਕਾਰ ਕੰਪਨੀਆਂ ਨੂੰ, ਪਰ 'ਆਪਣਿਆਂ' ਦੀ ਛਿੱਲ ਲਾਹੁਣ ਨਾਲੋਂ ਮਾਰਕੀਟ ਦਾ ਮਿਜ਼ਾਜ ਸਮਝਣ ਦੀ ਲੋੜ ਹੈ। ਹੋ ਸਕਦੈ ਆਉਂਦੇ ਸਮੇਂ ਵਿਚ ਪੰਜਾਬ ਦੇ ਕਲਾਕਾਰ ਇੱਕ ਕੈਸਿਟ ਨੂੰ ਦੋ-ਦੋ, ਤਿੰਨ-ਤਿੰਨ ਸਾਲ ਵਰਤਿਆ ਕਰਨ ਕਿਉਂਕਿ ਅੱਜ ਉਸੇ ਗੀਤ ਦੀ ਚਰਚਾ ਹੁੰਦੀ ਹੈ, ਜਿਸਦਾ ਵੀਡੀਓ ਬਣ ਜਾਂਦਾ ਹੈ ਤੇ ਕਲਾਕਾਰ ਸੋਚ ਰਹੇ ਨੇ ਕਿ ਅੱਠ ਗੀਤਾਂ ਨੂੰ ਘੱਟੋ ਘੱਟ ਦੋ ਸਾਲ ਜ਼ਰੂਰ ਵਰਤਿਆ ਜਾਵੇ, ਪਹਿਲੇ ਸਾਲ ਤਿੰਨ ਵੀਡੀਓ ਦਿਖਾ ਦਿੱਤੇ ਜਾਣ ਤੇ ਅਗਲੇ ਸਾਲ ਉਸੇ ਕੈਸਿਟ ਦਾ ਨਾਂ ਬਦਲ ਕੇ ਅਗਲੇ ਤਿੰਨ ਵੀਡੀਓ ਬਣਾ ਲਏ ਜਾਣ।

ਪੰਜਾਬੀ ਗੀਤ ਸੰਗੀਤ ਨਾਲ ਦਿਲੋਂ ਪਿਆਰ ਕਰਨ ਵਾਲਿਆਂ ਨੂੰ ਮੰਡੀ ਦੇ ਮੌਜੂਦਾ ਹਾਲਾਤ ਚਿੰਤਤ ਕਰਦੇ ਹਨ ਪਰ ਇਕੱਲੀ ਚਿੰਤਾ ਇਸ ਸਮੱਸਿਆ ਦਾ ਹੱਲ ਨਹੀਂ। ਤਕਨੀਕ ਬਦਲ ਚੁੱਕੀ ਹੈ ਤਾਂ ਕਲਾਕਾਰਾਂ ਤੇ ਕੰਪਨੀਆਂ ਨੂੰ ਵੀ ਬਦਲਣਾ ਹੀ ਪਵੇਗਾ। ਜਿਹੜਾ ਕਲਾਕਾਰ ਇਹ ਸੋਚ ਕੇ ਚੁੱਪ ਵੱਟੀ ਰੱਖੇਗਾ ਕਿ ਕੱਲ੍ਹ ਤੱਕ ਮੈਂ ਕੰਪਨੀਆਂ ਤੋਂ ਪੈਸੇ ਲੈ ਕੇ ਕੈਸਿਟ ਕਰਦਾ ਸਾਂ ਤੇ ਅੱਜ ਵੀ ਬਿਨਾਂ ਪੈਸਿਆਂ ਤੋਂ ਨਹੀਂ ਕਰਾਂਗਾ ਤਾਂ ਉਸ ਦੀ ਚੁੱਪ ਸ਼ਾਇਦ ਹੀ ਕਦੇ ਟੁੱਟੇਗੀ। ਕਿਸੇ ਨੂੰ ਇਸ ਗੱਲ ਦੀ ਪਰਖ ਨਹੀਂ ਕਿ ਫਲਾਣਾ ਚੰਗਾ ਗਾਉਂਦੈ, ਉਹਦੀ ਕੈਸਿਟ ਜ਼ਰੂਰ ਖਰੀਦਣੀ ਏ ਤੇ ਫਲਾਣਾ ਏਨਾ ਮਾੜਾ ਗਾਉਂਦੈ ਕਿ ਉਹਨੂੰ ਜ਼ਿੰਦਗੀ ਭਰ ਨਹੀਂ ਸੁਣਨਾ। ਹਾਲਾਤ ਨਾਲ ਸਮਝੌਤਾ ਕਰਦਿਆਂ ਕਲਾਕਾਰਾਂ ਨੂੰ ਲਚਕੀਲੇ ਹੋਣਾ ਪਵੇਗਾ ਤੇ ਜਿਹੜੇ ਖੁਦ ਨੂੰ ਲੋੜ ਤੋਂ ਵੱਧ 'ਫੰਨੇ ਖਾਂ' ਸਮਝਣਗੇ, ਉਨ੍ਹਾਂ ਨੂੰ 'ਸਾਬਕਾ ਗਾਇਕ' ਬਣਨੋਂ ਸ਼ਾਇਦ ਹੀ ਕੋਈ ਬਚਾ ਸਕੇ।

# ਸੰਤੋਖ ਸਿੰਘ ਧੀਰ

ਬਣਾਇਆ ਹੈ, ਉਹ ਦੇਖਣ ਵਾਲਾ ਹੈ। ਭਾਈ ਲਾਲੋ ਦਾ ਕੋਧਰਾ, ਬਾਬੇ ਨਾਨਕ ਨੇ ਜਿਸ ਵਿਚੋਂ ਮਲਿਕ ਭਾਗੋ ਦੇ ਪੂੜਿਆਂ ਦੇ ਲਹੂ ਦੇ ਮੁਕਾਬਲੇ ਦੁਧ ਛਲਕਾਇਆ ਸੀ। ਇਸ ਪੁਸਤਕ ਦੀਆਂ ਕਈ ਕਵਿਤਾਵਾਂ ਵਿਚ ਕੋਧਰੇ ਦਾ ਮਹਿਮਾ-ਗਾਨ ਹੈ। ਬਾਬੇ ਨੇ ਜਿਸ ਕੋਧਰੇ ਨੂੰ ਭਾਈ ਲਾਲੋ ਰਾਹੀਂ ਕਿਰਤੀ ਮਨੁੱਖ ਦਾ ਚਿੰਨ੍ਹ ਬਣਾਇਆ ਸੀ, ਧੀਰ ਜੀ ਨੇ ਲਾਲੋ ਦੇ ਉਸੇ ਕੋਧਰੇ ਨੂੰ ਮਾਰਕਸ ਦੇ ਪਰੋਲੇਤਾਰੀ ਦਾ ਪ੍ਰਤੀਕ ਵੀ ਬਣਾ ਦਿੱਤਾ।

ਪੁਸਤਕ ਦਾ ਨਾਂ ਪੜ੍ਹਦਿਆਂ ਹੀ ਮੈਂ ਉਸ ਨੂੰ ਖੋਲ੍ਹਣਾ ਭੁੱਲ ਕੇ ਇਸ ਨਾਂ ਦੀ ਕਾਵਿਕ ਵਿਸ਼ਾਲਤਾ ਵਿਚ ਗੁਆਚ ਗਿਆ। ਕੋਧਰੇ ਦੇ ਦਾਣੇ ਭਾਈ ਲਾਲੋ ਦੇ ਵਿਹੜੇ ਵਿਚ ਹਿਲਦੇ, ਹਰਕਤ ਵਿਚ ਆਉਂਦੇ, ਥਿਰਕਦੇ ਤੇ ਵਜਦ ਵਿਚ ਆ ਕੇ ਕਿਰਤੀ ਮਨੁੱਖ ਦਾ ਤੇ ਸੁੱਚੀ ਕਿਰਤ ਦਾ ਮਹਾਂਗੀਤ ਗਾਉਂਦੇ ਦਿਖਾਈ ਦਿੱਤੇ। ਕੋਧਰੇ ਦਾ ਮਹਾਂਗੀਤ ਜੋ ਬਾਬੇ ਦੀ ਗਗਨ ਨੂੰ ਥਾਲ, ਚੰਦ-ਸੂਰਜ ਨੂੰ ਦੀਪਕ ਤੇ ਤਾਰਿਆਂ ਨੂੰ ਮੋਤੀ ਬਣਾਉਣ ਵਾਲੀ ਮਹਾਂ-ਆਰਤੀ ਵਾਂਗ ਚਹੁੰ ਕੂੰਟੀ ਗੂੰਜ ਉਠਿਆ।

ਉਹ ਪੰਜਾਬੀ ਦੇ ਉਨ੍ਹਾਂ ਗਿਣਤੀ ਦੇ ਲੇਖਕਾਂ ਵਿਚੋਂ ਸਨ ਜਿਨ੍ਹਾਂ ਨੇ ਆਪਣੇ ਦੇਸ਼ ਵਿਚ ਮਾਰਕਸਵਾਦ ਦੇ ਪ੍ਰਚਾਰ-ਪ੍ਰਸਾਰ ਲਈ ਭਾਰਤੀ ਅਧਿਆਤਮ, ਮਿਥਿਹਾਸ ਦੇ ਫਲਸਫੇ ਦੇ ਵੇਲਾ ਵਿਹਾ ਚੁੱਕੇ ਅੰਸ਼ਾਂ ਨੂੰ ਰੱਦ ਕਰਦਿਆਂ ਲੋਕ-ਹਿਤੈਸ਼ੀ ਪੱਖ ਦੀ ਸਾਰਥਕਤਾ ਨੂੰ ਸਮਝਿਆ। ਕਵਿਤਾ 'ਨਾਨਕ' ਇਸ ਦੀ ਨਿੱਗਰ ਮਿਸਾਲ ਹੈ ਜਿਸ ਵਿਚ ਬਾਬੇ ਦੇ ਨਾਂ ਨਾਲ ਜੁੜੀਆਂ ਹੋਈਆਂ ਅਨੇਕ ਮਿੱਥਾਂ ਨੂੰ ਸਪਸ਼ਟ ਕਰਦਿਆਂ ਉਨ੍ਹਾਂ ਦਾ ਭਰਮੀ ਪੱਖ ਪਿੱਛੇ ਪਾਇਆ ਗਿਆ ਹੈ ਅਤੇ ਸਮਕਾਲੀ ਸੰਘਰਸ਼ ਲਈ ਪ੍ਰੇਰਕ ਬਣ ਸਕਣ ਵਾਲਾ ਅਸਲੀ ਭਾਵ ਉਜਾਗਰ ਕੀਤਾ ਗਿਆ ਹੈ। ਉਨ੍ਹਾਂ ਦੀਆਂ ਲਿਖਤਾਂ ਵਿਚ ਰਾਮਾਇਣ, ਮਹਾਂਭਾਰਤ ਅਤੇ ਹੋਰ ਪੁਰਾਤਨ ਗ੍ਰੰਥਾਂ ਦੇ ਹਵਾਲੇ ਵੀ ਅਕਸਰ ਮਿਲਦੇ ਹਨ ਪਰ ਗ੍ਰੰਥ ਸਾਹਿਬ ਦੇ ਕਾਵਿਕ-ਸਮਾਜਕ ਪੱਖ ਦੇ ਤਾਂ ਉਹ ਵੱਡੇ ਪ੍ਰਸ਼ੰਸਕ ਸਨ। ਇਕ ਵਾਰ ਸਵੇਰੇ-ਸਵੇਰੇ ਆਖਣ ਲੱਗੇ, ਦੇਖੋ ਗੁਰੂ ਅਮਰਦਾਸ ਜੀ ਨੇ ਕੇਹਾ ਕਮਾਲ ਲਿਖਿਆ ਹੈ, "ਬਾਬੀਹਾ ਅੰਮ੍ਰਿਤ ਵੇਲੈ ਬੋਲਿਆ"! ਵਾਹ! ਵਾਹ ਬਈ ਵਾਹ! ਫੇਰ ਉਹ ਇਸ ਦੇ ਅਰਥ-ਪਸਾਰੇ ਦੀ ਵਿਆਖਿਆ ਕਰਨ ਲੱਗੇ। ਮਗਰੋਂ ਉਨ੍ਹਾਂ ਨੇ ਕਵਿਤਾ 'ਬਾਬੀਹਾ' ਵਿਚ ਇਸ ਨੂੰ ਮੁੱਖ ਸਤਰ ਬਣਾਇਆ।

ਉਹ ਆਪਣੀ ਸਾਹਿਤਕ-ਸਭਿਆਚਾਰਕ ਪਰੰਪਰਾ ਨੂੰ ਕਿਰਤੀ ਮਨੁੱਖ ਦੇ ਪੱਖ ਵਿਚ ਅਤੇ ਲੋਟੂਆਂ ਦੇ ਵਿਰੁਧ ਭੁਗਤਾਉਣ ਦੇ ਵਿਸ਼ਵਾਸੀ ਰਹੇ। ਪੁਸਤਕ ਦੇ ਅਰੰਭ ਵਿਚ ਉਨ੍ਹਾਂ ਨੇ ਇਸੇ ਉਦੇਸ਼ ਨਾਲ ਬਾਬੇ ਨਾਨਕ ਦਾ ਇਹ ਕਥਨ ਨੀਤੀ ਵਾਕ ਵਜੋਂ ਦਿੱਤਾ ਹੈ: ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ॥ ਜੋ ਰਤੁ ਪੀਵਹਿ ਮਾਣਸਾ ਤਿਨ੍ ਕਿਉ ਨਿਰਮਲ ਚੀਤੁ॥ ਦਾਦਕੇ ਸਿੱਖ, ਨਾਨਕੇ ਹਿੰਦੂ ਅਤੇ ਨਾਨਕਾ ਸ਼ਹਿਰ ਮੁਸਲਮਾਨੀ ਬਹੁਲ ਹੋਣ ਕਰਕੇ ਉਹ ਜਨਮੋਂ ਸੈਕੂਲਰ ਸਨ। ਇਸੇ ਕਰਕੇ ਉਹ ਭਾਈ ਲਾਲੋਆਂ ਤੇ ਮਲਿਕ ਭਾਗੋਆਂ ਵਿਚਕਾਰ ਲਕੀਰ ਖਿੱਚਣ ਵਾਲੀ ਅਤੇ 'ਨਾ ਕੋਈ ਹਿੰਦੂ ਨਾ ਮੁਸਲਮਾਨ' ਦਾ ਨਾਅਰਾ ਬੁਲੰਦ ਕਰਨ ਵਾਲੀ ਸੋਚ ਦੇ ਸੰਪੂਰਨ ਧਾਰਨੀ ਰਹੇ।

ਬਹੁਤੇ ਸਤਹੀ 'ਵਿਦਵਾਨਾਂ' ਦੇ ਉਲਟ ਧੀਰ ਜੀ ਨੇ ਰੂਸ ਵਿਚ ਸਮਾਜਵਾਦ ਦੇ ਨਾਂ ਉਤੇ ਕਾਇਮ ਹੋਏ ਰਾਜ ਦੇ ਡਿੱਗਣ ਨੂੰ ਇਸ ਖੇਤਰ ਦੇ ਕੇਵਲ ਪ੍ਰਯੋਗ ਦੀ ਅਸਫਲਤਾ ਮੰਨਦਿਆਂ ਕਿਰਤੀ ਮਨੁੱਖ, ਪਰੋਲੇਤਾਰੀ ਮਨੁੱਖ ਦੀ ਅਟੱਲ ਫਤਿਹ ਦਾ ਗੀਤ ਕੋਧਰੇ ਦੇ ਸਾਜ਼ ਉਤੇ ਕਿੰਨੀ ਖੂਬਸੂਰਤੀ ਨਾਲ ਗਾਇਆ ਹੈ:

ਟੁੱਟ ਗਿਆ ਰੂਸ ਭਾਵੇਂ
ਟੁੱਟ ਜਾਵੇ ਲੱਖ ਵਾਰ
ਕੋਧਰੇ ਨੇ ਉੱਠਣਾ ਹੈ
ਵਾਰ-ਵਾਰ, ਵਾਰ-ਵਾਰ
ਕੋਧਰਾ ਨਾ ਬੱਝਾ ਹੋਇਆ
ਕਿਸੇ ਇਕ ਦੇਸ਼ ਨਾਲ
ਕਿਸੇ ਇਕ ਯੁੱਗ ਨਾਲ
ਕਿਸੇ ਇਕ ਕਾਲ ਨਾਲ
ਕੋਧਰੇ ਦੀ ਹੋਣੀ ਹੈ
ਮਨੁੱਖਤਾ ਮਹਾਨ ਨਾਲ
ਕੋਧਰਾ ਹੈ ਸਰਬ-ਯੁੱਗ
ਕੋਧਰਾ ਹੈ ਸਰਬ-ਕਾਲ
ਇਹਦੀ ਪ੍ਰਤੀਬਧਤਾ ਹੈ
ਕਿਰਤੀ ਦੀ ਕਿਰਤ ਨਾਲ
ਕਿਰਤਾਂ ਦੇ ਯੁੱਗ ਨਾਲ
ਕਿਰਤੀ ਦੇ ਯੁੱਗ ਨਾਲ!

ਧੀਰ ਸਾਹਮਣੇ ਸਾਹਿਤ-ਸੇਧ ਸਪਸ਼ਟ ਸੀ। ਉਹ ਆਖਦੇ ਸਨ: "ਮੇਰੇ ਨੇੜੇ ਲੇਖਕ ਹੋਣਾ ਯੋਧਾ ਹੋਣ ਦੇ ਤੁੱਲ ਹੈ। ਕਲਮ ਹਥਿਆਰ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ, ਕਹਿੰਦੇ ਹਨ, ਜ਼ਫਰਨਾਮਾ ਤੀਰ ਦੀ ਨੋਕ ਨਾਲ ਲਿਖਿਆ ਸੀ। ਲਿਖਿਆ ਤਾਂ ਉਂਜ ਜ਼ਫਰਨਾਮਾ ਕਲਮ ਨਾਲ ਹੀ ਗਿਆ ਸੀ ਪਰ ਉਹ ਕਲਮ, ਤੀਰ ਵਾਂਗ, ਹਥਿਆਰ ਹੀ ਬਣੀ ਹੋਈ ਸੀ। ਇਸੇ ਲਈ ਤਾਂ ਜ਼ਫਰਨਾਮਾ ਖੰਜਰ ਵਾਂਗੂੰ ਔਰੰਗਜ਼ੇਬ ਦੇ ਦਿਲ ਵਿਚ ਜਾ ਕੇ ਵੱਜਿਆ ਸੀ। ਕਵਿਤਾ ਲਿਖਾਂ, ਕਹਾਣੀ ਲਿਖਾਂ, ਮੈਨੂੰ ਮੇਰਾ ਆਪਣਾ ਆਪ ਹੁੰਗਾਰਾ ਭਰਦਾ ਰਹਿੰਦਾ ਹੈ ਕਿ ਮੈਂ ਕਿਸੇ ਮਹੱਤਵਪੂਰਨ ਕੰਮ ਵਿਚ ਲੱਗਿਆ ਹੋਇਆ ਹਾਂ। ਜਿਹੜੀ ਕਲਮ ਕਦੇ ਰਿਸ਼ੀ ਬਾਲਮੀਕ ਨੇ ਚੁੱਕੀ ਸੀ, ਰਿਸ਼ੀ ਵੇਦ ਵਿਆਸ ਨੇ; ਓਹੀਓ ਕਲਮ ਅੱਜ ਮੈਂ ਆਪਣੇ ਹੱਥ ਵਿਚ ਥੰਮ੍ਹੀ ਹੋਈ ਹੈ।"

ਪੁਰਾਤਨ ਯੂਨਾਨ ਦੇ ਨਗਰ ਥੇਬਜ਼ ਦੇ ਪੁਸਤਕਾਲੇ ਦੇ ਦੁਆਰ ਉਤੇ 'ਰੂਹ ਦੀ ਔਸ਼ਧੀ' ਉਕਰਿਆ ਹੋਇਆ ਸੀ। ਸਮਰਸੈਟ ਮਾਮ ਦਾ ਕਹਿਣਾ ਹੈ, "ਸਾਹਿਤ ਪੜ੍ਹਨ ਦੀ ਆਦਤ ਪਾਉਣਾ ਆਪਣੇ ਦੁਆਲੇ ਅਜਿਹਾ ਕੋਟ ਉਸਾਰਨ ਦੇ ਤੁਲ ਹੈ ਜੋ ਜੀਵਨ ਦੇ ਲਗਭਗ ਸਾਰੇ ਕਸ਼ਟ-ਕਲੇਸ਼ਾਂ ਤੋਂ ਰਾਖੀ ਕਰਦਾ ਹੈ।" ਇਹ ਦੋਵੇਂ ਕਥਨ ਧੀਰ ਜੀ ਦੇ ਰਚੇ ਸਾਹਿਤ ਲਈ ਪੂਰੀ ਤਰ੍ਹਾਂ ਢੁੱਕਵੇਂ ਹਨ। ਉਨ੍ਹਾਂ ਦੀ ਰਚਨਾ ਰੂਹ ਦੀ ਔਸ਼ਧੀ ਵੀ ਹੈ ਅਤੇ ਕਸ਼ਟ-ਕਲੇਸ਼ਾਂ ਤੋਂ ਰਾਖੀ ਕਰਨ ਵਾਲਾ ਕੋਟ ਵੀ।

ਧੀਰ ਜੀ ਦਾ ਜੀਵਨ ਅਤੇ ਸਾਹਿਤ, ਨਿਸਚੇ ਹੀ, ਸਾਡੇ ਲਈ ਪ੍ਰੇਰਨਾ ਦੇ ਸੋਮੇ ਬਣੇ ਰਹਿਣਗੇ।

## ਸ਼ਬਦ-ਝਰੋਖਾ

**ਬਲਜੀਤ ਬਾਸੀ**
ਫੋਨ:734-454-4958

# ਟੁੱਟ ਪੈਣੇ ਨੇ ਜਲੇਬੀ ਮਾਰੀ...

ਜਲੇਬੀ ਦਾ ਨਾਂ ਸੁਣਦਿਆਂ ਹੀ ਮੂੰਹ ਵਿਚ ਪਾਣੀ ਆਉਣ ਲਗਦਾ ਹੈ। ਜੇ ਕਿਤੇ ਜਲੇਬੀਆਂ ਬਣਦੀਆਂ ਦਿਸ ਪੈਣ, ਮੈਂ ਤਾਂ ਸੱਚ ਮੁੱਚ ਪਾਣੀ ਦੀਆਂ ਨਦੀਆਂ ਵਹਾ ਦੇਵਾਂ। ਮੇਲਿਆਂ 'ਚ ਆਪਾਂ ਤਾਂ ਜਲੇਬੀਆਂ ਹੀ ਖਾਣ ਜਾਈਦਾ ਸੀ ਭਾਵੇਂ ਆਲੇ-ਦੁਆਲੇ ਕਿੰਨਾ ਵੀ ਮਿੱਟੀ ਘੱਟਾ ਉਡਦਾ ਹੋਵੇ ਤੇ ਕਿੰਨੀਆਂ ਹੀ ਮੱਖੀਆਂ ਭਿਣਭਿਣਾਉਂਦੀਆਂ ਹੋਣ। ਜਲੇਬੀਆਂ ਤਲਦੇ ਕਈ ਹਲਵਾਈ ਵਜਦ 'ਚ ਆ ਕੇ ਲੱਕ ਮਟਕਾਉਣ ਲਗਦੇ ਹਨ। ਕਿਹੜੀ ਮਠਿਆਈ ਹੈ ਜਿਹੜੀ ਭੱਠੀ 'ਤੇ ਬੈਠੇ ਹਲਵਾਈ ਨੂੰ ਘੁੰਮਰ ਪਾਉਣ ਲਾ ਸਕਦੀ ਹੈ। ਗਰਮਾ ਗਰਮ, ਵਲਵਲੇਵੇਂ ਖਾਂਦੀਆਂ, ਰੂਹ ਕਿਉੜੇ ਵਾਲੀਆਂ, ਕੇਸਰੀ ਰੰਗੀਆਂ, ਚਾਸ਼ਨੀ 'ਚ ਡੁਬਦੀਆਂ, ਤਰਦੀਆਂ, ਨੁਚੜਦੀਆਂ, ਸੁਲਫ਼ੇ ਦੀ ਲਾਟ ਵਰਗੀਆਂ ਰੰਨਾਂ। ਖਸਤਾ ਹੋਣ ਤਾਂ ਹੋਰ ਮਜ਼ਾ, ਪੋਲੀਆਂ ਹੋਣ ਤਾਂ ਹੋਰ। ਠੰਡੀਆਂ ਹੋਣ ਜਾਂ ਤੱਤੀਆਂ, ਚਾਹੇ ਦੁਧ 'ਚ ਪਾ ਕੇ ਜਲੇਬੀ ਖਾਵੋ, ਚਾਹੇ ਜਲੇਬੀ 'ਚ ਪਾ ਕੇ ਦੁਧ ਪੀਵੋ, ਦੂਜਿਆਂ ਨੂੰ ਜ਼ਰੂਰ ਦਿਖਾਵੋ। ਅਜੇ ਕੱਲ੍ਹ ਦੀ ਗੱਲ ਹੈ, ਕਿਸੇ ਦੇ ਘਰ ਵਿਆਹ ਹੋਣਾ, ਲੋਕਾਂ ਨੇ ਨਿੰਦਿਆ ਕਰਨੀ, ਨੀ ਕਾਹਦਾ ਵਿਆਹ ਕੀਤਾ, ਲੱਡੂ ਜਲੇਬੀਆਂ ਤਾਂ ਪਾਏ ਨਹੀਂ। ਲੋਕ ਗੀਤ ਜਲੇਬੀਆਂ ਨਾਲ ਲਬੋਲਬ ਹੋਏ ਪਏ ਹਨ:

ਮੇਲਾ ਸੂਸਾਂ ਦਾ, ਕਰ ਲੈ ਗਭਰੂਆ ਤਿਆਰੀ
ਮੇਲੇ ਵਿਚ ਭੀੜ ਬੜੀ ਓ ਮੇਲੇ ਵਿਚ ਭੀੜ ਬੜੀ
ਤੂੰ ਸੋਹਲ ਜਿਹੀ ਕਚਨਾਰੀ
ਜੇਠ ਵੇਖੇ ਘੂਰ ਘੂਰ ਕੇ
ਮੇਰੇ ਸਿਰ ਸੂਹੀ ਫੁਲਕਾਰੀ
ਓ ਅੱਖ ਵਿਚ ਤੇਲ ਪੈ ਗਿਆ
ਟੁੱਟ ਪੈਣੇ ਨੇ ਜਲੇਬੀ ਮਾਰੀ...।

ਹਰ ਕੋਈ ਜਾਣਦਾ ਹੈ ਕਿ ਵਾਰਿਸ ਸ਼ਾਹ ਆਪਣੀ ਹੀਰ ਵਿਚ ਸਭ ਨਿੱਕਾ ਮੋਟਾ ਦਲਦਾ ਪੰਜਾਬੀ ਸਭਿਆਚਾਰ ਦੀ ਖੱਟ ਹੀ ਵਿਛਾ ਦਿੰਦਾ ਹੈ। ਹੀਰ ਦਾ ਵਿਆਹ ਹੈ, ਮਠਿਆਈਆਂ ਬਣ ਰਹੀਆਂ ਹਨ, ਭਲਾ ਜਲੇਬੀ ਕਿਵੇਂ ਰਹਿ ਸਕਦੀ ਹੈ, ਪੂਰਾਂ ਦੇ ਪੂਰ ਜਲੇਬ:

ਲੱਗੇ ਨੁਗਦਿਆਂ ਤਲਣ ਤੇ ਸ਼ਕਰਪਾਰੇ,
ਢੇਰ ਲਾ ਦਿੱਤੇ ਵੱਡੇ ਘਿਉਰਾਂ ਦੇ।
ਤਲੇ ਖ਼ੂਬ ਜਲੇਬ ਗੁਲ ਬਹਿਸ਼ਤ ਬੂੰਦੀ,
ਲੱਡੂ ਟਿੱਕੀਆਂ ਭੰਬਰੀ ਮਿਉਰਾਂ ਦੇ।
ਮੈਦਾ ਖੰਡ ਤੇ ਘਿਉ ਪਾ ਰਹੇ ਜੱਫੀ,
ਭਾਬੀ ਲਾਡਲੀ ਨਾਲ ਦਿਉਰਾਂ ਦੇ।
ਕਲਾਕੰਦ ਮਖਾਣਿਆਂ ਸਵਾਦ ਮਿੱਠੇ,
ਪਕਵਾਨ ਗੁੰਨ੍ਹੇ ਨਾਲ ਤਿਉਰਾਂ ਦੇ।

ਵਾਰਿਸ ਸ਼ਾਹ ਦੀਆਂ ਮਿਠਾਈਆਂ ਅਜੇ ਮੁੱਕੀਆਂ ਨਹੀਂ ਪਰ ਮੇਰੀ ਅਖ਼ਬਾਰ ਦਾ ਟੋਕਰਾ ਛੋਟਾ ਹੈ, ਇਸ ਲਈ ਸਾਰੀਆਂ ਨਹੀਂ ਧਰ ਸਕਦਾ। ਪੰਜਾਬੀਆਂ ਨੂੰ ਤਾਂ ਮੁਟਿਆਰ ਦੇ ਸੌ ਸੌ ਪੇਚਾਂ ਵਾਲੇ ਜੂੜੇ ਵੀ ਜਲੇਬੀ ਹੀ ਦਿਸਦੇ ਹਨ। ਹੋਰ ਤਾਂ ਹੋਰ ਨਿਹੰਗ ਸਿੰਘ ਜੰਡੀ ਦੀ ਫਲੀ ਨੂੰ ਹੀ ਜਲੇਬੀ ਆਖ ਕੇ ਚਿੱਤ ਰਾਜ਼ੀ ਕਰ ਲੈਂਦੇ ਹਨ।

ਕਹਿੰਦੇ ਹਨ ਕੱਚੀ ਯਾਰੀ ਲੱਡੂਆਂ ਦੀ- ਇਸਦਾ ਮਤਲਬ ਹੈ ਜਲੇਬੀਆਂ ਦੀ ਯਾਰੀ ਤਾਂ ਫਿਰ ਪੱਕੀ ਹੋਵੇਗੀ ਕਿਉਂਕਿ ਲੱਡੂ-ਜਲੇਬੀਆਂ 'ਚੋਂ ਜਲੇਬੀਆਂ ਨੂੰ ਨਿਖੇੜ ਦਿੱਤਾ ਗਿਆ ਹੈ। ਪਰ ਅਫਸੋਸ, ਤਾਰੀਖ਼ ਜਲੇਬੀ ਨਾਲ ਸਾਡੀ ਯਾਰੀ ਨੂੰ ਏਨੀ ਕਾਇਮ ਦਾਇਮ ਨਹੀਂ ਦਸਦੀ। ਇਹ ਮਾਸ਼ੂਕਾ ਤਾਂ ਵਲਾਇਤ ਤੋਂ ਆਈ ਹੈ ਭਾਵੇਂ ਏਥੇ ਘਰ ਹੀ ਪਾ ਕੇ ਬਹਿ ਗਈ ਹੈ। ਪਰਦੇਸੀਆਂ ਦਾ ਕੀ ਹੈ! ਫਿਰ ਪਰਦੇਸੀ ਵੀ ਜਿਹੜੇ ਊਠਾਂ ਵਾਲੇ ਹੋਣ। ਪਰ ਆਓ, ਪਹਿਲਾਂ ਕੁਝ ਜਬਰਦਸਤ ਦਾਅਵਿਆਂ ਤੇ ਨਜ਼ਰ ਮਾਰ ਲਈਏ। ਇਕ ਦੇਸ਼ ਭਗਤ ਸੰਸਕ੍ਰਿਤਵੇਤਾ ਪੁਰਾਣੇ ਗ੍ਰੰਥਾਂ ਦਾ ਹਵਾਲਾ ਦਿੰਦਿਆ ਦਾਅਵਾ ਕਰਦਾ ਹੈ ਕਿ ਜਲੇਬੀ ਨੂੰ ਪੁਰਾਣੇ ਜ਼ਮਾਨੇ ਵਿਚ ਕੁੰਡਲਿਕਾ ਕਹਿੰਦੇ ਸਨ। ਕੁਝ ਹੋਰ ਦੇਸ਼ ਭਗਤਾਂ ਦਾ ਵਿਚਾਰ ਹੈ ਕਿ ਪੁਰਾਤਨ ਭਾਰਤ ਵਿਚ ਇਸ ਨੂੰ ਜਲ-ਵਲਿਕਾ ਕਹਿੰਦੇ ਸਨ ਜਿਸ ਤੋਂ ਵਿਗੜਦਾ ਵਿਗੜਦਾ ਜਲੇਬੀ ਸ਼ਬਦ ਬਣ ਗਿਆ। ਸਾਨੂੰ ਭਾਰਤੀਆਂ ਨੂੰ ਹਰ ਚੀਜ਼ ਭਾਰਤ ਤੋਂ ਸ਼ੁਰੂ ਹੋਈ ਕਹਿਣ ਦੀ ਬਾਣ ਹੈ, ਪਰਮਾਣੂ ਬੰਬ ਤੱਕ। ਐਪਰ ਜਲੇਬੀ ਦੇ ਮਾਮਲੇ ਵਿਚ ਭਾਰਤ ਦਾ ਕੇਸ ਬਹੁਤ ਕਮਜ਼ੋਰ ਹੈ।


*ਸ਼ਿਕਾਗੋ ਵਾਲਾ ਪੰਮਾ ਜਲੇਬੀਆਂ ਕੱਢਦਾ ਹੋਇਆ*

ਪੱਛਮੀ ਏਸ਼ੀਆ ਦੇ ਦੇਸ਼ਾਂ ਵਿਚ ਇਸ ਲਹਿਰੀਏ ਮਿਸ਼ਠਾਨ ਨੂੰ ਜ਼ਲਾਬੀਆ, ਜ਼ਲੂਬੀਆ ਜਾਂ ਜ਼ੂਲੂਬੀਆ ਜਿਹੇ ਨਾਂ ਮਿਲੇ ਹਨ। ਨਾਂਵਾਂ ਦੀ ਤਰ੍ਹਾਂ ਹੀ ਇਰਾਨ, ਇਰਾਕ, ਲੈਬਨਾਨ, ਗਰੀਸ, ਤੁਰਕੀ ਆਦਿ ਦੇਸ਼ਾਂ ਵਿਚ ਇਸ ਦੇ ਨੁਸਖੇ ਵੀ ਅੱਡ ਅੱਡ ਹਨ। ਚੌਧਵੀਂ ਸਦੀ ਦੀ ਅਲ ਬਗਦਾਦੀ ਦੀ ਪਕਵਾਨਾਂ ਬਾਰੇ ਇਕ ਕਿਤਾਬ ਵਿਚ ਇਸਦਾ ਮੌਲਿਕ ਨੁਸਖਾ ਮਿਲਦਾ ਹੈ। ਇਸ ਮਿਠਾਈ ਤੇ ਇਸਦੇ ਨਾਂ ਦੇ ਜਨਮ ਬਾਰੇ ਟਿਊਨੀਸ਼ੀਆ ਦੇਸ਼ ਤੋਂ ਇਕ ਬੜੀ ਦਿਲਚਸਪ ਕਹਾਣੀ ਹੈ ਜਿਥੇ ਇਸ ਨੂੰ ਚਾਸ਼ਨੀ ਦੀ ਥਾਂ ਸ਼ਹਿਦ ਵਿਚ ਡਬੋਇਆ ਜਾਂਦਾ ਹੈ। ਟਿਊਨੀਸ਼ੀਆ ਦਾ ਇਕ ਬੰਦਾ ਸਫੈਂਦਜ਼ (ਬਾਲੂ ਸ਼ਾਹੀ ਵਰਗੀ ਮਿਠਾਈ) ਬਣਾ ਰਿਹਾ ਸੀ ਕਿ ਉਸ ਦੀ ਪਤਨੀ ਨੇ ਉਸ ਨੂੰ ਸੱਦ ਲਿਆ। ਜਦ ਉਹ ਵਾਪਿਸ ਭੱਠੀ 'ਤੇ ਆਇਆ ਤਾਂ ਉਸ ਦੀ ਸਫੈਂਦਜ ਸੜ ਚੁੱਕੀ ਸੀ। ਉਸ ਨੇ ਇਸ ਨੂੰ ਖਾਣਯੋਗ ਬਣਾਉਣ ਲਈ ਸ਼ਹਿਦ ਵਿਚ ਡੋਬ ਦਿੱਤਾ। ਇਸ ਡੁਬਕੀ ਨਾਲ ਬਣੀ ਚੀਜ਼ ਏਨੀ ਸੁਆਦੀ ਨਿਕਲੀ ਕਿ ਕਿ ਉਹ ਆਪਣੀ ਭਾਸ਼ਾ (ਅਰਬੀ) ਵਿਚ ਪੁਕਾਰ ਉਠਿਆ, "ਐਜ਼ੈਲਾ ਬਿਆ" ਜਿਸ ਦਾ ਮਤਲਬ ਹੈ, ਇਹ ਜ਼ਨਾਨੀਆਂ ਕਰਕੇ ਹੈ। ਉਦੋਂ ਤੋਂ ਇਹ ਮਿਠਾਈ ਤੇ ਇਸ ਦਾ ਨਾਮ ਚੱਲਿਆ। ਪਰ ਸ਼ਬਦਾਂ ਦੀ ਘਾੜਤ ਪਿਛੇ ਅਜਿਹੀਆਂ ਕਹਾਣੀਆਂ ਨੂੰ ਅਸੀਂ ਲੋਕ-ਨਿਰੁਕਤੀ ਕਹਿੰਦੇ ਹਾਂ, ਜੋ ਦਿਲਚਸਪ ਪਰ ਨਿਰਾਧਾਰ ਹੁੰਦੀਆਂ ਹਨ।

ਇਕ ਦਾਅਵਾ ਬੜਾ ਠੋਕ ਕੇ ਕੀਤਾ ਜਾ ਰਿਹਾ ਹੈ ਕਿ ਜਲੇਬੀ ਦਸਵੀਂ ਸਦੀ ਦੇ ਇਕ ਅਰਬੀ-ਸਪੇਨੀ ਸੰਗੀਤਕਾਰ ਅਬੂ ਅਲ ਹਸਨ ਅਬੀ ਬਿਨ ਨਫੀ ਦੇ ਨਾਂ ਨਾਲ ਜੁੜੀ ਹੋਈ ਹੈ ਜੋ ਉਸ ਸਮੇਂ ਦਾ ਬਹੁਤ ਵੱਡਾ ਕਾਢੂ ਹੋਇਆ ਹੈ। ਇਹ ਹਬਸ਼ੀ ਮੀਆਂ ਜੀ ਨੌਵੀਂ ਸਦੀ ਵਿਚ ਬਗਦਾਦ ਵਿਚ ਪੈਦਾ ਹੋਏ ਤੇ


*ਇਹ ਹੈ ਅਲਜੇਰੀਆ ਦੀ ਜਲੇਬੀ, ਜੋ ਰਮਜ਼ਾਨ ਦੇ ਦਿਨਾਂ 'ਚ ਸ਼ੌਂਕ ਨਾਲ ਖਾਧੀ ਜਾਂਦੀ ਹੈ।*


*ਇਹ ਵੀ ਜਲੇਬੀ ਐ ਭਾਈ....*

ਇਨ੍ਹਾਂ ਦੀ ਜ਼ਬਾਨ ਵਿਚ ਕੋਇਲ ਦੀ ਮਿੱਠੀ ਕੂ ਕੂ ਭਰੀ ਹੋਈ ਸੀ। ਅਰਬੀ ਵਿਚ ਕੋਇਲ ਨੂੰ ਜ਼ਿਰਆਬ ਆਖਦੇ ਹਨ ਸੋ ਇਸ ਸੰਗੀਤਕਾਰ ਨੂੰ ਮਿੱਠੀ ਜ਼ਬਾਨ ਅਤੇ ਕਾਲੇ ਰੰਗ ਕਾਰਨ ਜ਼ਿਰਆਬ ਕਿਹਾ ਜਾਣ ਲੱਗਾ। ਖੈਰ, ਸਮੇਂ ਦਾ ਗੇੜ ਇਹ ਬਣਿਆ ਕਿ ਜ਼ਿਰਆਬ ਸਾਹਿਬ ਦੀ ਪ੍ਰਤਿਭਾ ਤੋਂ ਇਕ ਹੋਰ ਸੰਗੀਤਕਾਰ, ਜੋ ਪਹਿਲਾਂ ਇਸ ਦਾ ਉਸਤਾਦ ਸੀ, ਖਾਰ ਖਾਣ ਲੱਗ ਪਿਆ। ਉਸ ਨੇ ਖਲੀਫੇ ਦੇ ਐਸੇ ਕੰਨ ਭਰੇ ਕਿ ਜਨਾਬ ਨੂੰ ਭੱਜ ਕੇ ਸਪੇਨ ਵਿਚ ਸ਼ਰਨ ਲੈਣੀ ਪਈ। ਉਨ੍ਹਾਂ ਦਿਨਾਂ ਵਿਚ ਸਪੇਨ ਵਿਚ ਵੀ ਮੁਸਲਮਾਨਾਂ ਦਾ ਹੀ ਰਾਜ ਸੀ। ਬਹੁ-ਪਤ੍ਰਿਭਾ ਵਾਲੇ ਜ਼ਿਰਆਬ ਨੇ ਸੰਗੀਤ ਤੋਂ ਇਲਾਵਾ ਪਕਵਾਨ ਤੇ ਫੈਸ਼ਨ ਵਿਚ ਵੀ ਨਾਮਣਾ ਖੱਟਿਆ। ਉਸ ਨੇ ਇਕ ਮਛਲੀ ਦਾ ਪਕਵਾਨ ਚਾਲੂ ਕੀਤਾ ਜੋ ਜ਼ਿਰਆਬ ਦੇ ਨਾਂ ਨਾਲ ਅੱਜ ਤੱਕ ਚਲਦਾ ਹੈ। ਉਸ ਨੇ ਇਕ ਖਾਸ ਤਰ੍ਹਾਂ ਦੀ ਕਫਤਾਨ ਵੀ ਬਣਾਈ ਜਿਸ ਨੂੰ ਉਨ੍ਹਾਂ ਦੇ ਨਾਂ 'ਤੇ ਜਿਲਾਬੀਆਂ ਕਿਹਾ ਜਾਂਦਾ ਹੈ। ਕਹਿੰਦੇ ਹਨ, ਇਸੇ ਨੇ ਇਕ ਖਾਸ ਤਰ੍ਹਾਂ ਦੀ ਰਸਭਰੀ ਪੇਸਟਰੀ ਤਿਆਰ ਕੀਤੀ ਜੋ ਉਸ ਦੇ ਨਾਂ ਕਰਕੇ ਜ਼ਿਰਆਬੀ ਕਹਾਈ। ਇਸੇ ਦਾ ਵਿਗੜਿਆ ਰੂਪ ਜ਼ਲਾਬੀਆ ਬਣਿਆ ਜੋ ਪੰਜਾਬ ਆ ਕੇ ਜਲੇਬੀ ਕਹਾਈ।

ਪਰ ਖੋਜੀ ਲੋਕ ਦਾਅਵੇ ਤੇ ਦਾਅਵਾ ਠੋਕ ਦਿੰਦੇ ਹਨ। ਉਪਰੋਕਤ ਦਾਅਵੇ ਦੇ ਠੋਸ ਪਰਮਾਣ ਮੌਜੂਦ ਨਹੀਂ ਹਨ। ਇਹ ਵੀ ਕਿਹਾ ਜਾਂਦਾ ਹੈ ਕਿ ਅਰਬੀ ਭਾਸ਼ਾ ਵਿਚ ਪਿਛਲੇ ਡੇਢ ਹਜ਼ਾਰ ਸਾਲ ਤੋਂ ਵੱਡੀਆਂ ਤਬਦੀਲੀਆਂ ਨਹੀਂ ਆਈਆਂ। ਇਸ ਲਈ ਜ਼ਿਰਆਬ ਤੋਂ ਜਲਾਬੀਆ ਬਣਨਾ ਨਾਮੁਮਕਿਨ ਲਗਦਾ ਹੈ। ਫਿਰ ਜ਼ਲਾਬੀਆ ਦੀ ਸ਼ਕਲ ਗੋਲ ਗੋਲ ਤੋਂ ਇਲਾਵਾ ਹੋਰ ਤਰ੍ਹਾਂ ਦੀ ਵੀ ਹੁੰਦੀ ਹੈ। ਕਈ ਵਾਰੀ ਤਾਂ ਲਗਦਾ ਹੈ ਇਹ ਸਭ ਤਰ੍ਹਾਂ ਦੀ ਮਿਠਾਈ ਲਈ ਅਰਬੀ ਦਾ ਇਕ ਆਮ ਸ਼ਬਦ ਹੈ। ਜਲੇਬੀ ਸਾਮੀ ਅਤੇ ਅਫਰੀਕੀ ਦੇਸ਼ਾਂ ਟਿਊਨੀਸ਼ੀਆ, ਮਰਾਕੋ ਅਤੇ ਅਲਜੀਰੀਆ ਦੀ ਹਰਮਨਪਿਆਰੀ ਮਿਠਾਈ ਹੈ। ਅਲਜੀਰੀਆ ਦੇ ਯਹੂਦੀ ਇਸ ਨੂੰ ਚਾਹ ਕੇ ਖਾਂਦੇ ਹਨ। ਜਦ ਇਨ੍ਹਾਂ ਨੂੰ ਅਲਜੀਰੀਆ ਤੋਂ ਕਢ ਦਿੱਤਾ ਗਿਆ ਤਾਂ ਇਨ੍ਹਾਂ ਦੇਸ਼ ਨਿਕਾਲਾ ਦਿੱਤੇ ਯਹੂਦੀਆਂ ਨੇ ਜ਼ਲਾਬੀਆ ਨਾਂ ਦੀ ਆਪਣੀ ਵੈਬਸਾਈਟ ਬਣਾ ਲਈ।

ਜਲੇਬੀ ਬਾਰੇ ਅੱਗੇ ਵਧਣ ਤੋਂ ਪਹਿਲਾਂ ਇਕ ਅਹਿਮ ਲਕਬ ਸਮਝੀਏ 'ਜਾਹਲੀਆ'। ਮੇਰਾ ਖਿਆਲ ਹੈ ਜਾਹਿਲ ਦਾ ਅਰਥ ਤਾਂ ਜਾਹਿਲ ਲੋਕ ਵੀ ਜਾਣਦੇ ਹੋਣਗੇ। ਜਾਹਲੀਆ ਲਫ਼ਜ਼ ਅਰਬ ਦੇ ਉਸ ਸਮੇਂ ਦੇ ਹਾਲਾਤ ਬਾਰੇ ਵਰਤਿਆ ਜਾਂਦਾ ਹੈ ਜਦੋਂ ਈਸਾ ਅਤੇ ਮੁਹੰਮਦ ਦੇ ਵਿਚਕਾਰਲੇ ਅਰਸੇ ਦੌਰਾਨ ਕੋਈ ਪੈਗੰਬਰ ਨਹੀਂ ਸੀ। 'ਜਾਹਲੀਆ' ਜਾਹਿਲੀ ਸ਼ਬਦ ਦਾ ਸਮੂਹਵਾਚੀ ਨਾਂਵ ਹੈ ਤੇ ਜਾਹਿਲ ਦਾ ਅਰਥ ਇਕ ਤਰ੍ਹਾਂ ਨਾਲ ਅਰਬੀ ਕਾਫਿਰ, ਮੂਰਤੀਪੂਜਕ ਹੈ, ਜੋ ਉਸ ਸਮੇਂ ਦੇ ਆਮ ਲੋਕ ਸਨ। ਇਸ ਤੋਂ ਬਾਅਦ ਦੇ ਇਸਲਾਮੀ ਯੁਗ ਨੂੰ ਜਾਗ੍ਰਿਤੀ ਤੇ ਗਿਆਨ ਦਾ ਯੁਗ ਕਿਹਾ ਜਾਂਦਾ ਹੈ। 'ਜਾਹਿਲਾ' -ਅਗਿਆਨੀ ਹੋਣਾ, ਸ਼ਬਦ 'ਆਲਿਮਾ'- ਜਾਣੂੰ ਹੋਣਾ ਤੋਂ ਉਲਟ ਹੈ। ਜਾਹਿਲ ਲਫ਼ਜ਼ ਅਨਪੜ੍ਹ ਕਾਫਿਰ ਨਾਲੋਂ ਬਰਬਰ, ਉਜੱਡ, ਕਰੂਰ, ਬੂਝੜ, ਖਰ੍ਹਵਾ ਦਾ ਵਧੇਰੇ ਅਰਥਾਵਾ ਹੈ। ਇਹ ਸ਼ਬਦ ਕੁਰਾਨ ਵਿਚ ਵੀ ਮੌਜੂਦ ਹੈ। ਕਈ ਜਗ੍ਹਾ ਪੜ੍ਹਨ 'ਚ ਆਉਂਦਾ ਹੈ ਕਿ ਜ਼ਲਾਬੀਆ ਦਾ ਜ਼ਿਕਰ ਬਹੁਤ ਸਾਰੀਆਂ ਇਸ ਪੂਰਵ-ਇਸਲਾਮਿਕ ਜਾਹਲੀਆ ਯੁਗ ਦੀਆਂ ਨਜ਼ਮਾਂ ਵਿਚ ਵੀ ਆਉਂਦਾ ਹੈ। ਇਸ ਹਿਸਾਬ ਨਾਲ ਜਲੇਬੀ ਦਾ ਇਤਿਹਾਸ ਅੱਜ ਤੋਂ ਡੇਢ ਹਜ਼ਾਰ ਸਾਲ ਪਿਛੇ ਤੱਕ ਦੇ ਅਰਬ ਦੇਸ਼ਾਂ ਵਿਚ ਖਿਸਕ ਜਾਂਦਾ ਹੈ। ਮੈਨੂੰ ਅਫਸੋਸ ਹੈ ਕਿ ਮੈਂ ਬਹੁਤ ਸਾਰੇ ਸ੍ਰੋਤ ਫਰੋਲਣ ਪਿਛੋਂ ਵੀ ਇਹ ਨਜ਼ਮਾਂ ਨਹੀਂ ਲੱਭ ਸਕਿਆ। ਅਸਲੀ ਗੱਲ ਇਹ ਵੀ ਹੈ ਕਿ ਮੇਰਾ ਅਰਬੀ ਦਾ ਗਿਆਨ ਬਹੁਤ ਹੀ ਮਾਮੂਲੀ ਹੈ। ਮੈਂ ਜਦ ਵੀ ਇਹ ਖਜ਼ਾਨਾ ਲਭ ਸਕਿਆ, ਜ਼ਰੂਰ ਆਪ ਦੀ ਸੇਵਾ 'ਚ ਹਾਜ਼ਿਰ ਕਰਾਂਗਾ। ਹਾਲ ਦੀ ਘੜੀ ਏਨਾ ਨਿਸ਼ਚਿਤ ਕਰ ਲਵੋ ਕਿ ਜਲੇਬੀ ਊਠਾਂ ਵਾਲੇ ਦੇਸ਼ਾਂ 'ਚੋਂ ਆਈ ਹੈ ਤੇ ਜੇ ਫਾਰਸ ਤੋਂ ਆਈ ਹੋਵੇ ਤਾਂ ਜ਼ਲਾਬੀਆ ਸ਼ਬਦ ਦੀ ਚੀਰ-ਫਾੜ ਕੀਤਿਆਂ ਪਤਾ ਲਗਦਾ ਹੈ ਕਿ ਇਹ ਜ਼ਲ+ਆਬ ਤੋਂ ਬਣੀ ਹੈ ਅਰਥਾਤ ਸੁਨਹਿਰੀ ਪਾਣੀ। ਏਥੇ ਸੁਨਹਿਰੀ ਦਾ ਭਾਵ ਕੇਸਰੀ ਤੋਂ ਹੈ।

ਉਪਰੋਕਤ ਚਰਚਾ ਤੋਂ ਸਿੱਟਾ ਨਿਕਲਦਾ ਹੈ ਕਿ ਜਲੇਬੀ ਭਾਰਤ ਵਿਚ ਮੁਸਲਮਾਨ ਦੇਸ਼ਾਂ ਨਾਲ ਵਪਾਰਕ, ਸਭਿਆਚਾਰਕ ਤੇ ਰਾਜਸੀ ਵਟਾਂਦਰੇ ਕਰਕੇ ਬਰਾਮਦ ਹੋਈ। ਪੀ.ਕੇ. ਗੋਡੇ ਨਾਮਕ ਇਕ ਭਾਰਤਵੇਤਾ ਅਨੁਸਾਰ ਉਸ ਨੇ 1600 ਸੰਨ 'ਚ ਪਕਵਾਨਾਂ ਬਾਰੇ ਕਵਿਤਾ 'ਚ ਰਚੇ ਇਕ ਭਾਰਤੀ ਗ੍ਰੰਥ 'ਗੁਣਯਗੁਣਬੋਧਨੀ' ਵਿਚ ਅਜੋਕੀ ਜਲੇਬੀ ਦਾ ਨੁਸਖਾ ਪੜ੍ਹਿਆ ਸੀ। ਪਰ ਇਸ ਤੋਂ ਵੀ ਪਹਿਲਾਂ 1450 ਵਿਚ ਰਚੇ ਇਕ ਜੈਨੀ ਗ੍ਰੰਥ ਵਿਚ ਵੀ ਇਸ ਦਾ ਉਲੇਖ ਹੈ। 17ਵੀਂ ਸਦੀ ਵਿਚ ਰਚੀ ਇਕ ਮਸ਼ਹੂਰ ਪੁਸਤਕ 'ਭੋਜਨਕੁਤੂਹਾਲ' ਵਿਚ ਇਸ ਗ੍ਰੰਥ ਦਾ ਹਵਾਲਾ ਹੈ। ਇਸ ਤਰ੍ਹਾਂ ਅਸੀਂ ਆਖ ਸਕਦੇ ਹਾਂ ਕਿ ਘਟੋ ਘਟ 500 ਸਾਲ ਪਹਿਲਾਂ ਜਲੇਬੀ ਭਾਰਤ ਵਿਚ ਅੱਪੜ ਚੁੱਕੀ ਸੀ। ਭਾਰਤ ਵਿਚ ਵੀ ਹਰ ਪ੍ਰਾਂਤ ਦੀ ਆਪਣੀ ਜਲੇਬੀ ਹੈ ਤੇ ਆਪਣਾ ਹੀ ਨਾਂ, ਜਿਵੇਂ ਜਿਲਬੀ, ਜਿਲਪੀ, ਜਿਲਾਪੀ, ਜ਼ੇਲਾਪੀ, ਜੀਲਾਪੀਰ ਪਾਕ, ਇਮਰਤੀ, ਜਹਾਂਗੀਰੀ ਆਦਿ। ਤੁਸੀਂ ਕਿਹੜੀ ਖਾਣੀ ਚਾਹੋਗੇ?


*ਅਰਬੀ-ਸਪੇਨੀ ਸੰਗੀਤਕਾਰ ਜ਼ਿਰਆਬ*

## ਕਵਿ-ਵਿਅੰਗ

## ਧਰਮ ਰਾਜ ਦਾ ਠਾਹ ਸੋਟਾ!

ਵਿਦੇਸ਼ਾਂ ਵਿਚ ਆਣ ਕੇ ਅਸੀਂ
ਪੱਗ ਵੱਟ ਤੇ ਧਰਮ ਭਰਾ ਬਣੇ,
ਹਰ ਵਕਤ 'ਵੀਰ ਜੀ, ਵੀਰ ਜੀ'
ਪਿਆਰ ਨਾਲ ਆਖਦੇ ਹਾਂ।
ਨਾਲੇ ਆਖਦੇ ਹਾਂ ਮੋਹ ਦੇ ਭਿੱਜੇ,
'ਨਾ ਕੋਈ ਵੱਡਾ ਤੇ ਨਾ ਛੋਟਾ।'

ਪਰ... ਜਦੋਂ ਗੁਰਦੁਆਰਿਆਂ ਵਿਚ
ਗੱਲ ਚੋਣਾਂ ਦੀ ਚੱਲਦੀ,
ਸਟੇਜਾਂ, ਟੀ.ਵੀ., ਰੇਡੀਓ
ਅਤੇ ਵਿਚ ਅਖਬਾਰਾਂ ਦੇ,
ਇਨ੍ਹਾਂ 'ਵੀਰਾਂ' ਸਿਰ ਮਾਰਦੇ ਹਾਂ
ਤੋਹਮਤਾਂ ਦਾ ਠਾਹ ਸੋਟਾ।

ਸਾਡੀਆਂ ਕਰਤੂਤਾਂ 'ਤੇ ਵੋਟਾਂ
ਪਾਈਆਂ ਨਾ ਯਾਰਾਂ-ਦੋਸਤਾਂ ਨੇ,
ਭੈਣ-ਭਰਾਵਾਂ ਤੇ ਰਿਸ਼ਤੇਦਰਾਂ ਦਾ
ਆਖਦੇ ਹਾਂ 'ਪਿਆਰ ਖੋਟਾ'।
ਕੋਰਟਾਂ ਵਿਚ ਵਕੀਲਾਂ ਦੀਆਂ
ਭਰਦੇ ਜੇਬਾਂ ਕਰ ਫੰਡ ਇਕੱਠਾ,
ਸੁੱਖਾਂ ਸੁੱਖਦੇ- 'ਜੱਜ ਸਾਹਿਬ ਕਰੇ
ਵਿਰੋਧੀਆਂ ਨੂੰ ਦੰਡ ਮੋਟਾ।'

ਬਣ ਵਪਾਰੀ ਧਰਮ ਦੇ ਠੇਕੇਦਾਰ,
ਕਰਨ ਲੱਗੇ ਧਰਮ ਦਾ ਵਪਾਰ ਖੋਟਾ।
ਵਿਸਰੀ ਗੱਲ ਬਾਬੇ ਨਾਨਕ ਦੀ,
ਕੀਤਾ ਸੀ ਜਿਨ੍ਹਾਂ 'ਸੱਚਾ ਸੌਦਾ'।
ਕਰਮ, ਧਰਮ, ਕ੍ਰੋਧ, ਲੋਭ,
ਮੋਹ, ਹੰਕਾਰ ਦੀ ਗੱਲ ਛੱਡ,
ਨਿੱਤਨੇਮ ਵੇਲੇ ਲਗਾਉਂਦੇ ਨੇ
ਭ੍ਰਿਸ਼ਟਾਚਾਰ ਦਾ ਘੋਟਾ।

ਗੁਰੂ ਦੇ ਦੁਆਰ ਆਣ ਕੇ
ਬਾਣੀ ਪੜ੍ਹੀਏ, ਸੁਣੀਏ, ਗਾਵੀਏ।
ਰਲ ਮਿਲ ਇਕ ਹੋਈਏ,
ਬਹਿ ਇਕ-ਸੁਰ ਗੱਲ ਕਰੀਏ।
ਧਰਮ ਸਾਰਿਆਂ ਦਾ ਹੈ ਸਾਂਝਾ,
ਨਾ ਕੋਈ ਵੱਡਾ, ਨਾ ਕੋਈ ਛੋਟਾ।


ਮੱਤ ਸਿੰਹਾ 'ਮੱਤ' ਦੀ ਗੱਲ ਕਰੀਏ,
ਜਾਣੀਜਾਣ ਜਾਣੇ ਖਰਾ ਤੇ ਖੋਟਾ।
ਕੀਤੀ ਆਪਣੀ ਹਰੇਕ ਭੋਗ ਲੈਂਦਾ,
ਜਦ ਧਰਮ ਰਾਜ ਦਾ ਪੈਂਦਾ ਠਾਹ ਸੋਟਾ।

***-ਮੱਤ ਸਿੰਘ ਢਿੱਲੋਂ,***
***ਸ਼ਿਕਾਗੋ।***

# ਫਿਲਮ ਨਿਰਦੇਸ਼ਨ: ਪੁਰਾਣੇ ਥੰਮ੍ਹ ਡਿੱਗੇ, ਨਵੇਂ ਚਮਕੇ

ਸਾਲ 2010 ਫ਼ਿਲਮ ਉਦਯੋਗ ਲਈ ਘੱਟ ਖੁਸ਼ੀਆਂ ਤੇ ਜ਼ਿਆਦਾ ਗ਼ਮ ਵਾਲਾ ਰਿਹਾ। ਇਸ ਸਾਲ ਵੀ ਫਲਾਪ ਫ਼ਿਲਮਾਂ ਦੀ ਗਿਣਤੀ ਬਹੁਤ ਰਹੀ ਪਰ ਦਿਲਚਸਪ ਗੱਲ ਇਹ ਹੈ ਕਿ ਇਸ ਸਾਲ ਵੱਡੇ ਤੇ ਨਾਮੀ ਨਿਰਦੇਸ਼ਕ ਟਿਕਟ ਖਿੜਕੀ 'ਤੇ ਮਾਰ ਖਾ ਗਏ ਤੇ ਨਵੇਂ ਨਿਰਦੇਸ਼ਕ ਸਫਲਤਾ ਦੀ ਪੌੜੀ ਚੜ੍ਹਨ ਵਿਚ ਕਾਮਯਾਬ ਰਹੇ। ਪਹਿਲਾਂ ਹਿੱਟ ਫ਼ਿਲਮਾਂ ਦੇਣ ਵਾਲੇ ਕਈ ਵੱਡੇ ਨਿਰਦੇਸ਼ਕ 2010 ਵਿਚ ਇਕ-ਅੱਧ ਹਿੱਟ ਫ਼ਿਲਮ ਲਈ ਤਰਸਦੇ ਰਹਿ ਗਏ। ਇਨ੍ਹਾਂ ਵਿਚੋਂ ਪ੍ਰਿਆਦਰਸ਼ਨ ਦਾ ਨਾਂ ਮੁੱਖ ਹੈ। ਇਸ ਸਾਲ ਉਨ੍ਹਾਂ ਦੀਆਂ ਤਿੰਨ ਫ਼ਿਲਮਾਂ 'ਆਕ੍ਰੋਸ਼', 'ਖੱਟਾ ਮੀਠਾ' ਤੇ 'ਬਮ ਬਮ ਭੋਲੇ' ਰਿਲੀਜ਼ ਹੋਈਆਂ ਤੇ ਉਹ ਤਿੰਨੇ ਫ਼ਿਲਮਾਂ ਕੋਈ ਰੰਗ ਨਾ ਵਿਖਾ ਸਕੀਆਂ।

ਰਾਮਗੋਪਾਲ ਵਰਮਾ ਨੇ ਵੀ ਇਸ ਸਾਲ ਤਿੰਨ ਫ਼ਿਲਮਾਂ 'ਰਣ', 'ਰਕਤ ਚਰਿੱਤਰ', 'ਰਕਤ ਚਰਿੱਤਰ-2' ਦਿੱਤੀਆਂ ਪਰ ਇਹ ਤਿੰਨੇ ਫਲਾਪ ਰਹੀਆਂ। 'ਗੁਜ਼ਾਰਿਸ਼' ਤੋਂ ਉਮੀਦ ਸੀ ਕਿ ਸੰਜੈ ਲੀਲਾ ਭੰਸਾਲੀ ਆਪਣਾ ਜਾਦੂ ਬਿਖੇਰਨ ਵਿਚ ਕਾਮਯਾਬ ਰਹਿਣਗੇ ਪਰ 'ਗੁਜ਼ਾਰਿਸ਼' ਨੂੰ ਵੀ ਦਰਸ਼ਕਾਂ ਨੇ ਨਕਾਰ ਦਿੱਤਾ। 'ਗ਼ਦਰ-ਏਕ ਪ੍ਰੇਮਕਥਾ' ਵਰਗੀ ਸੁਪਰ ਹਿੱਟ ਫ਼ਿਲਮ ਦੇਣ ਵਾਲੇ ਨਿਰਦੇਸ਼ਕ ਅਨਿਲ ਸ਼ਰਮਾ ਨੇ 'ਵੀਰ' ਦੇ ਰੂਪ ਵਿਚ ਫਲਾਪ ਫ਼ਿਲਮ ਦਿੱਤੀ ਤੇ ਆਸ਼ੂਤੋਸ਼ ਗੋਵਾਰੀਕਰ ਨੇ 'ਖੇਲੇਂ ਹਮ ਜੀ ਜਾਨ ਸੇ' ਦੇ ਰੂਪ ਵਿਚ ਇਕ ਅਸਫਲ ਫ਼ਿਲਮ ਦਿੱਤੀ। 'ਰਾਵਣ' ਦੇ ਫਲਾਪ ਹੋਣ ਨਾਲ ਮਣੀ ਰਤਨਮ ਨੂੰ ਅਸਫਲਤਾ ਦਾ ਮੂੰਹ ਦੇਖਣਾ ਪਿਆ ਤੇ ਵਿਪੁਲ ਸ਼ਾਹ ਦੀ ਇੱਜ਼ਤ ਬਚਾਉਣ ਵਿਚ 'ਐਕਸ਼ਨ ਰੀਪਲੇਅ' ਨਾਕਾਮ ਰਹੀ। 'ਹਾਊਸਫੁੱਲ' ਦੇ ਰੂਪ ਵਿਚ ਕਾਮੇਡੀ ਫ਼ਿਲਮ ਨਿਰਦੇਸ਼ਿਤ ਕਰਕੇ ਸਾਜਿਦ ਖਾਨ ਆਪਣੀ ਪਹਿਲੀ ਫ਼ਿਲਮ 'ਹੇ ਬੇਬੀ' ਦੀ ਸਫਲਤਾ ਦਾ ਇਤਿਹਾਸ ਦੋਹਰਾ ਨਹੀਂ ਸਕੇ। ਛੋਟੇ ਬਜਟ ਦੀਆਂ ਸਫ਼ਲ ਫ਼ਿਲਮਾਂ ਦੇਣ ਵਾਲੇ ਅਨੁਰਾਗ ਬਾਸੂ ਵੱਡੇ ਬਜਟ ਦੀ ਫ਼ਿਲਮ 'ਕਾਈਟਸ' ਨੂੰ ਉੱਚਾ ਲੈ ਜਾਣ ਵਿਚ ਨਾਕਾਮ ਰਹੇ। ਇਕ ਜ਼ਮਾਨੇ ਦੇ ਹਿੱਟ ਡਾਇਰੈਕਟਰ ਰਾਜਕੰਵਰ ਨੂੰ ਉਮੀਦ ਸੀ ਕਿ ਉਹ 'ਸਦੀਆਂ' ਤੋਂ ਆਪਣੀ ਵਾਪਸੀ ਕਰਨਗੇ ਪਰ ਇਸ ਫ਼ਿਲਮ ਨੇ ਉਨ੍ਹਾਂ ਦੀਆਂ ਉਮੀਦਾਂ 'ਤੇ ਪਾਣੀ ਫੇਰ ਦਿੱਤਾ।






*ਪ੍ਰਕਾਸ਼ ਪ੍ਰਕਾਸ਼ ਝਾਅ, ਸੰਜੈ ਲੀਲਾ ਭੰਸਾਲੀ, ਰਾਮਗੋਪਾਲ ਵਰਮਾ ਅਤੇ ਮਣੀ ਰਤਨਮ*

ਇਨ੍ਹਾਂ ਤੋਂ ਇਲਾਵਾ ਸਤੀਸ਼ ਕੌਸ਼ਿਕ (ਮਿਲੇਂਗੇ ਮਿਲੇਂਗੇ), ਨਾਗੇਸ਼ ਕੁਕਨੂਰ (ਆਸ਼ਾਏਂ), ਪ੍ਰਦੀਪ ਸਰਕਾਰ (ਲਫੰਗੇ ਪਰਿੰਦੇ), ਮੇਹੁਲ ਕੁਮਾਰ (ਕ੍ਰਾਂਤੀਵੀਰ-ਦ ਰੈਵੋਲਿਊਸ਼ਨ), ਸਿਧਾਰਥ ਆਨੰਦ (ਅੰਜਾਨਾ ਅੰਜਾਨੀ), ਮਣੀ ਸ਼ੰਕਰ (ਨਾਕ ਆਊਟ), ਲੀਨਾ ਯਾਦਵ (ਤੀਨ ਪੱਤੀ) ਵੀ ਸਫਲਤਾ ਲਈ ਤਰਸਦੇ ਰਹਿ ਗਏ। ਕਰਨ ਜੌਹਰ ਦਾ ਨਾਂ ਸਫਲਤਾ ਦੀ ਗਾਰੰਟੀ ਦੇ ਤੌਰ 'ਤੇ ਮੰਨਿਆ ਜਾਂਦਾ ਹੈ। ਉਸ ਦੀ 'ਮਾਈ ਨੇਮ ਇਜ਼ ਖਾਨ' ਨੇ ਵਿਵਾਦ ਤਾਂ ਬਹੁਤ ਪੈਦਾ ਕੀਤਾ ਪਰ ਇਹ ਫ਼ਿਲਮ ਦਰਸ਼ਕਾਂ ਨੂੰ ਸਿਨੇਮਾ ਘਰਾਂ ਤੱਕ ਖਿੱਚਣ ਵਿਚ ਨਾਕਾਮ ਰਹੀ। ਅਨੀਸ ਬਜ਼ਮੀ ਦੀ 'ਨੋ ਪ੍ਰਾਬਲਮ' ਇਸ ਦੇ ਵਿਤਰਕਾਂ ਲਈ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਲੈ ਕੇ ਆਈ। ਆਪਣੀ ਪਹਿਲੀ ਫ਼ਿਲਮ 'ਜਾਨੇ ਤੂ ਯਾ ਜਾਨੇ ਨਾ' ਤੋਂ ਨਿਰਦੇਸ਼ਕ ਅੱਬਾਸ ਟਾਇਰਵਾਲਾ ਨੇ ਉੱਚੀਆਂ ਉਮੀਦਾਂ ਜਗਾਈਆਂ ਸਨ ਪਰ ਉਨ੍ਹਾਂ ਦੀ ਦੂਜੀ ਫ਼ਿਲਮ 'ਝੂਠਾ ਹੀ ਸਹੀ' ਟਿਕਟ ਖਿੜਕੀ 'ਤੇ ਠੁੱਸ ਸਾਬਤ ਹੋਈ। ਕੇਨ ਘੋਸ਼ ਦੀ 'ਚਾਂਸ ਪੇ ਡਾਂਸ' ਦੀ ਅਸਫਲਤਾ ਨੇ ਇਸ ਦੇ ਹੀਰੋ ਸ਼ਾਹਿਦ ਕਪੂਰ ਨੂੰ ਖਾਸਾ ਨੁਕਸਾਨ ਪਹੁੰਚਾਇਆ। ਇਕ ਜ਼ਮਾਨੇ ਵਿਚ 'ਰਾਜ਼' ਤੇ 'ਗੁਲਾਮ' ਵਰਗੀਆਂ ਸਫਲ ਫ਼ਿਲਮਾਂ ਦੇਣ ਵਾਲੇ ਵਿਕਰਮ ਭੱਟ ਦੀ 'ਸ਼ਾਪਿਤ' ਸਿਨੇਮਾ ਘਰਾਂ ਵਿਚ ਆਈ-ਗਈ ਸਾਬਤ ਹੋਈ।

ਇਸ ਤਰ੍ਹਾਂ ਦੀ ਗੱਲ ਵੀ ਨਹੀਂ ਹੈ ਕਿ 2010 ਵਿਚ ਨਾਮੀ ਨਿਰਦੇਸ਼ਕ ਅਸਫਲ ਹੀ ਰਹੇ। ਇਸੇ ਸਾਲ ਪ੍ਰਕਾਸ਼ ਝਾਅ ਨੇ ਜਿਥੇ 'ਰਾਜਨੀਤੀ' ਜ਼ਰੀਏ ਆਪਣੀ ਸਫਲਤਾ ਦਾ ਟ੍ਰੈਕ ਰਿਕਾਰਡ ਬਰਕਰਾਰ ਰੱਖਿਆ ਤੇ ਮਿਲਨ ਲੂਥਰੀਆ ਨੇ 'ਵੰਨਸ ਅਪਾਨ ਏ ਟਾਈਮ ਇਨ ਮੁੰਬਈ' ਦੇ ਰੂਪ ਵਿਚ ਸਫਲ ਫ਼ਿਲਮ ਦਿੱਤੀ। 'ਗੋਲਮਾਲ-3' ਜ਼ਰੀਏ ਰੋਹਿਤ ਸ਼ੈਟੀ ਆਪਣੀ ਸਫਲਤਾ ਦਾ ਇਤਿਹਾਸ ਦੁਹਰਾਉਣ ਵਿਚ ਕਾਮਯਾਬ ਰਹੇ।

ਇਕ ਗੱਲ ਸਪਸ਼ਟ ਹੈ ਕਿ 2010 ਵਿਚ ਨਵੇਂ ਨਿਰਦੇਸ਼ਕ ਹੰਗਾਮਾ ਮਚਾਉਣ ਵਿਚ ਕਾਮਯਾਬ ਰਹੇ। ਇਨ੍ਹਾਂ ਵਿਚੋਂ ਸਭ ਤੋਂ ਪਹਿਲਾ ਨਾਂ ਆਉਂਦਾ ਹੈ ਅਭਿਨਵ ਕਸ਼ਿਅਪ ਦਾ ਜਿਸ ਨੇ 'ਦਬੰਗ' ਦੇ ਰੂਪ ਵਿਚ ਸੁਪਰ ਹਿੱਟ ਫ਼ਿਲਮ ਦਿੱਤੀ। ਅਭਿਸ਼ੇਕ ਚੌਬੇ ਨੇ ਵੀ 'ਇਸ਼ਕੀਆ' ਵਰਗੀ ਹਿੱਟ ਫ਼ਿਲਮ ਦੇ ਕੇ ਆਪਣੀ ਚੰਗੀ ਸ਼ੁਰੂਆਤ ਕੀਤੀ। ਆਪਣੀ ਪਹਿਲੀ ਫ਼ਿਲਮ 'ਆਈ ਹੇਟ ਲਵ ਸਟੋਰੀਜ਼' ਜ਼ਰੀਏ ਪੁਨੀਤ ਮਲਹੋਤਰਾ ਨੇ ਆਪਣੇ ਪ੍ਰਤੀ ਚੰਗੀਆਂ ਉਮੀਦਾਂ ਜਗਾਈਆਂ। ਐਕਟਰ ਤੋਂ ਨਿਰਦੇਸ਼ਕ ਬਣੇ ਪਰਮੀਤ ਸੇਠੀ ਦੀ ਪਹਿਲੀ ਫ਼ਿਲਮ 'ਬਦਮਾਸ਼ ਕੰਪਨੀ' ਨੂੰ ਵੀ ਸਫਲ ਫ਼ਿਲਮ ਦਾ ਦਰਜਾ ਮਿਲ ਗਿਆ। ਅਭਿਸ਼ੇਕ ਸ਼ਰਮਾ 'ਤੇਰੇ ਬਿਨ ਲਾਦੇਨ' ਜ਼ਰੀਏ ਵਾਹ-ਵਾਹ ਬਟੋਰੀ। ਦਿਬਾਂਕਰ ਬੈਨਰਜੀ ਨੇ 'ਲਵ ਸੈਕਸ ਔਰ ਧੋਖਾ' ਵਿਚ ਨਵੇਂ ਪ੍ਰਯੋਗ ਕੀਤੇ ਤੇ ਆਪਣੇ ਘੱਟ ਬਜਟ ਦੀ ਵਜ੍ਹਾ ਨਾਲ ਇਹ ਫ਼ਿਲਮ ਵੀ ਸਫਲ ਫ਼ਿਲਮ ਕਹਾਈ। ਛੋਟੇ ਬਜਟ ਦੀ ਫ਼ਿਲਮ 'ਫੰਸ ਗਏ ਰੇ ਓਬਾਮਾ' ਦੀ ਬਦੌਲਤ ਨਿਰਦੇਸ਼ਕ ਸੁਭਾਸ਼ ਕਪੂਰ ਵਾਹਵਾਹੀ ਪਾ ਗਏ। ਹਬੀਬ ਫੈਸਲ ਨੇ ਰਿਸ਼ੀ ਕਪੂਰ ਤੇ ਨੀਤੂ ਸਿੰਘ ਦੇ ਨਾਲ 'ਦੋ ਦੂਨੀ ਚਾਰ' ਬਣਾਈ ਤੇ ਡੀ.ਵੀ.ਡੀ. ਦੇ ਤੌਰ 'ਤੇ ਇਹ ਫ਼ਿਲਮ ਖਾਸੀ ਪਸੰਦ ਕੀਤੀ ਜਾ ਰਹੀ ਹੈ। ਨਵੇਂ ਨਿਰਦੇਸ਼ਕ ਵਿਕਰਮ ਮੋਟਵਾਨੇ ਦੀ 'ਉਡਾਨ' ਤੇ ਅਮਿਤ ਰਾਏ ਦੀ 'ਰੋਡ ਟੂ ਸੰਗਮ' ਫ਼ਿਲਮ ਸਮਾਰੋਹਾਂ ਵਿਚ ਨਾਂ ਕਮਾ ਰਹੀ ਹੈ।

ਆਪਣੀ ਪਹਿਲੀ ਹੀ ਫ਼ਿਲਮ 'ਪੀਪਲੀ ਲਾਈਵ' ਤੋਂ ਅਨੁਸ਼ਾ ਰਿਜਵੀ ਨੇ ਕਾਮਯਾਬੀ ਹਾਸਲ ਕੀਤੀ ਤੇ ਇਕ ਹੋਰ ਔਰਤ ਨਿਰਦੇਸ਼ਕ ਰਾਜਸ਼੍ਰੀ ਓਝਾ 'ਆਇਸ਼ਾ' ਦੀ ਅਸਫਲਤਾ ਦੇ ਚਲਦਿਆਂ ਆਪਣੀ ਪਹਿਲੀ ਫ਼ਿਲਮ ਵਿਚ ਤੀਰ ਮਾਰ ਸਕਣ ਵਿਚ ਨਾਕਾਮ ਰਹੀ। ਰਾਜਸ਼੍ਰੀ ਵਾਲਿਆਂ ਦੀ ਫ਼ਿਲਮ 'ਇਸੀ ਲਾਈਫ਼ ਮੇਂ' ਰਾਹੀਂ ਇਕ ਹੋਰ ਨਿਰਦੇਸ਼ਿਕਾ ਵਿਧੀ ਕਾਸਲੀਵਾਲ ਨੇ ਆਪਣਾ ਆਗਮਨ ਕੀਤਾ ਹੈ। ਉਨ੍ਹਾਂ ਦੀ ਫ਼ਿਲਮ ਬਾਰੇ ਹਾਲੇ ਕੁਝ ਕਹਿਣਾ ਜਲਦਬਾਜ਼ੀ ਹੋਵੇਗੀ। ਨਿਰਦੇਸ਼ਿਕਾ ਫਰਹਾ ਖਾਨ ਦੀ 'ਤੀਸ ਮਾਰ ਖਾਂ' ਨੇ ਚੰਗੀ ਸ਼ੁਰੂਆਤ ਕੀਤੀ ਹੈ। ਇਸ ਤਰ੍ਹਾਂ ਕੁਝ ਹੋਰ ਨਵੇਂ ਨਿਰਦੇਸ਼ਕ ਵੀ ਹਨ ਜੋ ਆਪਣੀ ਪਹਿਲੀ ਫ਼ਿਲਮ ਪ੍ਰਤੀ ਦਰਸ਼ਕਾਂ ਨੂੰ ਆਕਰਸ਼ਿਤ ਕਰਨ ਵਿਚ ਨਾਕਾਮ ਰਹੇ। ਇਨ੍ਹਾਂ ਵਿਚ ਪਹਿਲਾ ਨਾਂ ਆਉਂਦਾ ਹੈ ਸਿਧਾਰਥ ਮਲਹੋਤਰਾ ਦਾ ਜਿਨ੍ਹਾਂ ਦੀ 'ਵੀ ਆਰ ਫੈਮਿਲੀ' ਨੂੰ ਠੰਢਾ ਹੁੰਗਾਰਾ ਮਿਲਿਆ।

ਮਿਲਨ ਝਾਵੇਰੀ ਦੀ 'ਜਾਨੇ ਕਹਾਂ ਸੇ ਆਈ ਹੈ' ਤੋਂ ਕੁਕੀ ਗੁਲਾਟੀ ਦੀ 'ਪ੍ਰਿੰਸ' ਵੀ ਖਾਸ ਕਮਾਲ ਨਹੀਂ ਦਿਖਾ ਸਕੀ। ਸੰਜੈ ਪੂਰਨ ਸਿੰਘ ਦੀ 'ਲਾਹੌਰ', ਮਨੋਜ ਤਿਵਾੜੀ ਦੀ 'ਹੈਲੋ ਡਾਰਲਿੰਗ' ਤੇ ਵਿਜੈ ਲਾਲਵਾਨੀ ਦੀ 'ਕਾਰਤਿਕ ਕਾਲਿੰਗ ਕਾਰਤਿਕ' ਵੀ ਆਪਣਾ ਕਮਾਲ ਦਿਖਾਉਣ ਵਿਚ ਨਾਕਾਮ ਰਹੀ। ਉਮੀਦ ਹੈ ਕਿ 2011 ਫ਼ਿਲਮ ਇੰਡਸਟਰੀ ਲਈ ਨਵੀਂ ਸਫਲਤਾ ਤੇ ਨਵੀਆਂ ਪ੍ਰਤਿਭਾਵਾਂ ਲੈ ਕੇ ਆਵੇਗਾ ਅਤੇ ਫ਼ਿਲਮ ਇੰਡਸਟਰੀ ਨੂੰ ਅੱਗੇ ਲੈ ਜਾਣ ਵਿਚ ਕਾਮਯਾਬ ਰਹੇਗਾ।

## ਨੀਰੂ ਬਾਜਵਾ:ਕੈਨੇਡਾ ਤੋਂ ਬਾਲੀਵੁੱਡ ਤੱਕ

ਅਦਾਕਾਰਾ ਨੀਰੂ ਬਾਜਵਾ ਕੈਨੇਡਾ ਦੀ ਜੰਮਪਲ ਹੈ ਤੇ ਉਥੋਂ ਹੀ ਪੜ੍ਹੀ-ਲਿਖੀ ਹੋਣ ਦੇ ਬਾਵਜੂਦ ਪੰਜਾਬ ਤੇ ਪੰਜਾਬੀ ਸਭਿਆਚਾਰ ਨਾਲ ਡਾਢਾ ਮੋਹ ਰੱਖਦੀ ਹੈ। ਟੈਲੀਵੁੱਡ ਤੋਂ ਆਪਣੇ ਅਦਾਕਾਰੀ ਸਫ਼ਰ ਦੀ ਸ਼ੁਰੂਆਤ ਕਰਨ ਵਾਲੀ ਨੀਰੂ ਬਾਜਵਾ ਨੇ ਫਿਲਮੀ ਖੇਤਰ 'ਚ ਪ੍ਰਵੇਸ਼ ਫ਼ਿਲਮਸਾਜ਼ ਮਨਮੋਹਨ ਸਿੰਘ ਦੀ ਫਿਲਮ 'ਅਸਾਂ ਨੂੰ ਮਾਣ ਵਤਨਾਂ ਦਾ' ਰਾਹੀਂ ਕੀਤਾ। ਆਪਣੀਆਂ ਫਿਲਮਾਂ 'ਅਸਾਂ ਨੂੰ ਮਾਣ ਵਤਨਾਂ ਦਾ', 'ਦਿਲ ਆਪਣਾ ਪੰਜਾਬੀ', 'ਮੁੰਡੇ ਯੂ.ਕੇ. ਦੇ', 'ਹੀਰ ਰਾਂਝਾ' ਜ਼ਰੀਏ ਦਰਸ਼ਕਾਂ ਦਾ ਘੇਰਾ ਵਿਸ਼ਾਲ ਕਰਨ ਵਾਲੀ ਨੀਰੂ ਨੇ ਬਾਲੀਵੁੱਡ ਦੀ ਫਿਲਮ 'ਪ੍ਰਿੰਸ' 'ਚ ਵੀ ਕੰਮ ਕੀਤਾ। ਉਸ ਨੇ ਇਸ ਵਰ੍ਹੇ ਦੀ ਹਿੱਟ ਪੰਜਾਬੀ ਫਿਲਮ 'ਮੇਲ ਕਰਾ ਦੇ ਰੱਬਾ' ਰਾਹੀਂ ਵੀ ਚੁਫੇਰਿਓਂ ਪ੍ਰਸ਼ੰਸਾ ਖੱਟੀ। ਅੱਜ-ਕੱਲ੍ਹ ਨੀਰੂ ਆਪਣੀ ਨਵੀਂ ਫਿਲਮ 'ਜੀਹਨੇ ਮੇਰਾ ਦਿਲ ਲੁੱਟਿਆ' ਦੀ ਸ਼ੂਟਿੰਗ 'ਚ ਰੁੱਝੀ ਹੋਈ ਹੈ।

ਨੀਰੂ ਦਾ ਜਨਮ ਵੈਨਕੂਵਰ (ਕੈਨੈਡਾ) ਵਿਚ 20 ਅਕਤੂਬਰ 1980 ਨੂੰ ਹੋਇਆ। ਉਸ ਦੇ ਪਿਤਾ ਬਠਿੰਡਾ ਤੋਂ ਤੇ ਮਾਤਾ ਫਤਿਹਗੜ੍ਹ ਸਾਹਿਬ ਤੋਂ ਹਨ। ਫਿਲਮਾਂ 'ਚ ਆਉਣ ਤੋਂ ਪਹਿਲਾਂ ਉਹ ਬਚਪਨ ਵਿਚ ਦੋ ਵਾਰ ਪੰਜਾਬ ਆਈ ਸੀ ਪਰ ਕੁਦਰਤੀ ਉਸ ਦਾ ਝੁਕਾਅ ਹਮੇਸ਼ਾ ਪੰਜਾਬ ਵੱਲ ਹੀ ਰਿਹਾ। ਬਚਪਨ 'ਚ ਉਸ ਨੂੰ ਅਦਾਕਾਰੀ ਦਾ ਭੋਰਾ ਸ਼ੌਕ ਨਹੀਂ ਸੀ ਪਰ ਜਿਵੇਂ-ਜਿਵੇਂ ਵੱਡੀ ਹੁੰਦੀ ਗਈ ਉਸ ਦਾ ਇਸ ਪਾਸੇ ਝੁਕਾਅ ਹੁੰਦਾ ਗਿਆ ਤੇ ਉਹ ਮੁੰਬਈ ਆ ਗਈ।



ਸ਼ੁਰੂਆਤੀ ਦੌਰ ਕਾਫੀ ਸੰਘਰਸ਼ ਭਰਿਆ ਰਿਹਾ ਪਰ ਬਹੁਤਾ ਸਮਾਂ ਵਿਹਲੇ ਨਹੀਂ ਰਹਿਣਾ ਪਿਆ। ਉਸ ਦੇ ਕੈਰੀਅਰ ਦੀ ਸ਼ੁਰੂਆਤ ਮਿਊਜ਼ਕ ਵੀਡੀਓਜ਼ ਤੋਂ ਹੋਈ। ਸਭ ਤੋਂ ਪਹਿਲਾਂ ਉਸ ਨੇ ਪੰਜਾਬੀ ਗਾਇਕ ਕਮਲ ਹੀਰ ਦੇ ਗੀਤ 'ਕੁੜੀਏ ਨੀਂ ਸੱਗੀ ਫੁੱਲ ਵਾਲੀਏ' ਦੀ ਵੀਡੀਓ 'ਚ ਬਤੌਰ ਮਾਡਲ ਕੰਮ ਕੀਤਾ। ਇਸ ਤੋਂ ਬਾਅਦ ਪਾਕਿਸਤਾਨੀ ਗਾਇਕ ਆਤਿਫ ਅਸਲਮ ਦੀ ਐਲਬਮ 'ਦੂਰੀ' ਦੇ ਗੀਤ 'ਹਮ ਕਿਸੀ ਗਲੀ ਸੇ' ਵਿਚ ਕੰਮ ਕੀਤਾ। ਫਿਰ ਬਹੁ-ਚਰਚਿਤ ਪ੍ਰੋਗਰਾਮ 'ਨੱਚ ਬੱਲੀਏ' ਵਿਚ ਕੰਮ ਕੀਤਾ। ਬਤੌਰ ਅਦਾਕਾਰ ਉਸ ਦੀ ਪਛਾਣ ਡੀ.ਡੀ. ਵੰਨ ਦੇ ਲੜੀਵਾਰ 'ਹਰੀ ਮਿਰਚੀ', ਜ਼ੀ.ਟੀ.ਵੀ. ਦੇ ਲੜੀਵਾਰ 'ਏਕ ਪ੍ਰੇਮ ਕਹਾਣੀ' ਤੇ ਸਟਾਰ ਪਲੱਸ ਦੇ ਲੜੀਵਾਰ 'ਜੀਤ' ਰਾਹੀਂ ਬਣੀ। ਨੀਰੂ ਦਾ ਕਹਿਣਾ ਹੈ ਕਿ ਜਿਸ ਤਰ੍ਹਾਂ ਦੇ ਮਾਹੌਲ 'ਚ ਰਹੀ ਹੈ ਉਸ 'ਤੇ ਜ਼ਿਆਦਾ ਅਸਰ ਉਸੇ ਮਾਹੌਲ ਦਾ ਹੀ ਹੈ। ਉਸ ਨੂੰ ਪੰਜਾਬੀ ਬੋਲਣ 'ਚ ਪਹਿਲਾਂ ਪਹਿਲ ਤਾਂ ਬਹੁਤ ਦਿੱਕਤ ਆਉਂਦੀ ਸੀ ਪਰ ਹੁਣ ਕੋਈ ਦਿੱਕਤ ਨਹੀਂ ਮਹਿਸੂਸ ਹੁੰਦੀ। 'ਹੀਰ ਰਾਂਝਾ' ਫਿਲਮ ਦੇ ਸਾਰੇ ਠੇਠ ਪੰਜਾਬੀ ਦੇ ਸੰਵਾਦ ਉਸ ਨੇ ਬਹੁਤ ਵਧੀਆ ਬੋਲੇ ਹਨ। ਫਿਲਮ ਦੀ ਡਬਿੰਗ ਵੀ ਉਸ ਨੇ ਖੁਦ ਕੀਤੀ ਹੈ।

ਫਿਲਮ 'ਜੀਹਨੇ ਮੇਰਾ ਦਿਲ ਲੁੱਟਿਆ' ਬਾਰੇ ਉਸ ਦਾ ਕਹਿਣਾ ਹੈ, "ਟਿਪਸ ਬੈਨਰ ਹੇਠ ਬਣੀ ਇਸ ਫਿਲਮ ਦੇ ਨਿਰਦੇਸ਼ਕ ਮਨਦੀਪ ਕੁਮਾਰ ਹਨ ਜੋ 'ਮੇਲਾ ਕਰਾ ਦੇ ਰੱਬਾ' ਦੇ ਐਸੋਸੀਏਟ ਡਾਇਰੈਕਟਰ ਸਨ। ਫਿਲਮ ਦੀ ਪਟਕਥਾ ਤੇ ਸੰਵਾਦ ਧੀਰਜ ਰਤਨ ਨੇ ਲਿਖੇ ਹਨ। ਮੇਰੇ ਤੋਂ ਇਲਾਵਾ ਇਸ ਫਿਲਮ ਵਿਚ ਗਿੱਪੀ ਗਰੇਵਾਲ, ਦਿਲਜੀਤ ਦੁਸਾਂਝ, ਸੁਨੀਤਾ ਧੀਰ, ਜਸਵਿੰਦਰ ਭੱਲਾ, ਸਰਦਾਰ ਸੋਹੀ, ਕਰਮਜੀਤ ਅਨਮੋਲ, ਸ਼ਵਿੰਦਰ ਮਾਹਲ, ਬੀਨੂੰ ਢਿੱਲੋਂ ਵਰਗੇ ਅਦਾਕਾਰ ਹਨ।"

'ਪ੍ਰਿੰਸ' ਫਿਲਮ ਨਾਲ ਨੀਰੂ ਨੂੰ ਬਾਲੀਵੁੱਡ 'ਚ ਵੀ ਪਛਾਣ ਮਿਲੀ ਹੈ। ਹੁਣ ਹੋਰ ਫਿਲਮਾਂ ਦੀਆਂ ਪੇਸ਼ਕਸ਼ ਵੀ ਆ ਰਹੀਆਂ ਹਨ ਪਰ ਉਸ ਨੇ ਇਕੋ ਹਿੰਦੀ ਫਿਲਮ 'ਵਨ ਐਂਡ ਓਨਲੀ' ਸਾਈਨ ਕੀਤੀ ਹੈ। ਨਿਰਦੇਸ਼ਕ ਤਨਵੀਰ ਖਾਨ ਦੀ ਇਸ ਫਿਲਮ 'ਚ ਉਹ ਕੰਗਣਾ ਰਣਾਵਤ ਤੇ ਵਿਨੋਦ ਖੰਨਾ ਨਾਲ ਮੁੱਖ ਕਿਰਦਾਰ ਨਿਭਾ ਰਹੀ ਹੈ।

## 'ਰੋਬੋਟ' ਨੇ ਐਸ਼ਵਰਿਆ ਨੂੰ ਖੁਸ਼ ਕੀਤਾ

ਐਸ਼ਵਰਿਆ ਰਾਏ ਖੁਸ਼ ਹੈ ਕਿਉਂਕਿ ਫ਼ਿਲਮ 'ਰੋਬੋਟ' ਦੀ ਜ਼ਬਰਦਸਤ ਸਫ਼ਲਤਾ ਨੇ ਕਈ ਅਸਫ਼ਲਤਾਵਾਂ 'ਤੇ ਪਰਦਾ ਪਾ ਦਿੱਤਾ ਹੈ। ਰਜਨੀਕਾਂਤ ਦੀ ਇਹ ਫ਼ਿਲਮ ਇੰਨੀ ਹਿੱਟ ਰਹੇਗੀ ਐਸ਼ਵਰਿਆ ਨੇ ਇਹ ਸੋਚਿਆ ਵੀ ਨਹੀਂ ਸੀ। ਇਸ ਫ਼ਿਲਮ ਨੇ ਮਣੀਰਤਨਮ ਵਾਲੀ 'ਰਾਵਣ' ਦਾ ਗ਼ਮ ਵੀ ਐਸ਼ਵਰਿਆ ਨੂੰ ਭੁਲਾ ਦਿੱਤਾ ਹੈ।



ਐਸ਼ਵਰਿਆ ਦਾ ਕਹਿਣਾ ਹੈ ਕਿ ਇਹ ਕਿਸਮਤ ਦੀ ਖੇਡ ਹੈ ਕਿਉਂਕਿ 'ਰੋਬੋਟ' ਲਈ ਨਾਇਕਾ ਦੇ ਤੌਰ 'ਤੇ ਰਜਨੀਕਾਂਤ ਨਾਇਕਾ ਪ੍ਰੀਟੀ ਜ਼ਿੰਟਾ ਨੂੰ ਲੈਣਾ ਚਾਹੁੰਦੇ ਸਨ। ਪ੍ਰੀਟੀ ਦੀ ਨਾਂਹ-ਨੁੱਕਰ ਤੇ ਐਸ਼ਵਰਿਆ ਦੀ ਤਕਦੀਰ ਰੰਗ ਲਿਆਈ ਤੇ 'ਰੋਬੋਟ' ਉਸ ਨੂੰ ਮਿਲ ਗਈ। ਐਸ਼ਵਰਿਆ ਜਿਥੇ 'ਰੋਬੋਟ' ਦੀ ਸਫ਼ਲਤਾ ਤੋਂ ਖੁਸ਼ ਹੈ ਉਥੇ ਆਪਣੀਆਂ ਕਈ ਗ਼ਲਤੀਆਂ ਦਾ ਆਤਮ-ਮੰਥਨ ਵੀ ਉਹ ਕਰ ਰਹੀ ਹੈ। ਐਸ਼ਵਰਿਆ ਨੇ 'ਬਾਬੀ ਡਾਲ' ਦੀ ਪੇਸ਼ਕਸ਼ ਠੁਕਰਾ ਦਿੱਤੀ ਸੀ ਤੇ ਹੁਣ ਬਾਜ਼ਾਰ 'ਚ ਕੈਟਰੀਨਾ ਕੈਫ਼ ਫੇਮ 'ਬਾਬੀ ਡਾਲਜ਼' ਦੀ ਧੁੰਮ ਪੈ ਗਈ ਹੈ। ਦਰਅਸਲ ਐਸ਼ਵਰਿਆ ਸਾਰਾ ਸਮਾਂ ਫ਼ਿਲਮਾਂ ਨੂੰ ਦੇਣਾ ਚਾਹੁੰਦੀ ਸੀ ਇਸ ਲਈ ਵਿਗਿਆਪਨਾਂ ਤੋਂ ਉਸ ਨੇ ਦੂਰੀ ਬਣਾਈ ਸੀ। ਜਿਨ੍ਹਾਂ ਫ਼ਿਲਮਾਂ ਲਈ ਐਸ਼ਵਰਿਆ ਰਾਏ ਨੇ 'ਬਾਬੀ ਡਾਲ' ਦੀ ਪੇਸ਼ਕਸ਼ ਠੁਕਰਾਈ ਉਹ ਫ਼ਿਲਮਾਂ 'ਰਾਵਣ', 'ਐਕਸ਼ਨ ਰੀਪਲੇਅ' ਤੇ 'ਗੁਜ਼ਾਰਿਸ਼' ਤਿੰਨੇ ਹੀ ਫੇਲ੍ਹ ਹੋ ਗਈਆਂ।

ਇਹ ਤਾਂ 'ਰੋਬੋਟ' ਹੀ ਹੈ ਜਿਸ ਨੇ ਤਿੰਨ ਅਸਫ਼ਲਤਾਵਾਂ ਦਾ ਵੱਡਾ ਗਮ ਭੁਲਾ ਦਿੱਤਾ। ਐਸ਼ਵਰਿਆ ਪ੍ਰਸ਼ੰਸਕਾਂ ਦੇ ਦਿਮਾਗ 'ਚ 'ਬਾਬੀ ਡਾਲ' ਨਾਲ ਖੂਬ ਛਾ ਸਕਦੀ ਸੀ।

## ਪ੍ਰਿਯੰਕਾ ਚੋਪੜਾ 'ਅਗਨੀਪਥ' ਉਤੇ



ਸਮਿਤਾ ਪਾਟਿਲ, ਰੇਖਾ, ਐਸ਼ਵਰਿਆ ਰਾਏ ਬੱਚਨ, ਕਰੀਨਾ ਕਪੂਰ ਤੇ ਪ੍ਰਿਯੰਕਾ ਚੋਪੜਾ ਵਿਚ ਕਈ ਸਮਾਨਤਾਵਾਂ ਹਨ। ਇਨ੍ਹਾਂ 'ਚੋਂ ਕੁਝ ਆਪਣੇ ਜ਼ਮਾਨੇ ਵਿਚ ਟੌਪ ਅਭਿਨੇਤਰੀਆਂ ਸਨ ਤਾਂ ਕੁਝ ਅੱਜ ਦੇ ਦੌਰ ਦੀਆਂ ਸਮਰੱਥ ਅਭਿਨੇਤਰੀਆਂ ਹਨ। ਇਕ ਸਮਾਨਤਾ ਇਹ ਵੀ ਹੈ ਕਿ ਸਮਿਤਾ ਪਾਟਿਲ, ਰੇਖਾ, ਐਸ਼ਵਰਿਆ , ਕਰੀਨਾ ਵਰਗੀਆਂ ਅਭਿਨੇਤਰੀਆਂ ਕਦੇ ਨਾ ਕਦੇ ਪਰਦੇ 'ਤੇ ਵੇਸਵਾ ਦਾ ਰੋਲ ਨਿਭਾ ਕੇ ਵਾਹ-ਵਾਹ ਖੱਟ ਚੁੱਕੀਆਂ ਹਨ ਤੇ ਹੁਣ ਪ੍ਰਿਯੰਕਾ ਚੋਪੜਾ ਵੀ ਇਨ੍ਹਾਂ ਅਭਿਨੇਤਰੀਆਂ ਦੀ ਕਤਾਰ ਵਿਚ ਆਉਣ ਵਾਲੀ ਹੈ।

ਕਰਨ ਜੌਹਰ ਦੀ ਆਉਣ ਵਾਲੀ ਫਿਲਮ 'ਅਗਨੀਪਥ' ਵਿਚ ਪ੍ਰਿਯੰਕਾ ਚੋਪੜਾ ਵੀ ਕਾਲੀ ਨਾਮੀ ਇਕ ਸੈਕਸ ਵਰਕਰ ਦਾ ਕਿਰਦਾਰ ਨਿਭਾਉਣ ਵਾਲੀ ਹੈ। ਜ਼ਿਕਰਯੋਗ ਹੈ ਕਿ ਕਰਨ ਜੌਹਰ ਅਮਿਤਾਭ ਬੱਚਨ ਦੀ ਅਦਾਕਾਰੀ ਵਾਲੀ ਫਿਲਮ 'ਅਗਨੀਪਥ' ਦਾ ਰੀਮੇਕ ਬਣਾ ਰਹੇ ਹਨ ਜਿਸ 'ਚ ਮੁੱਖ ਹੀਰੋ ਰਿਤਿਕ ਰੌਸ਼ਨ ਹੋਵੇਗਾ। ਪ੍ਰਿਯੰਕਾ ਇਸ 'ਚ ਰਿਤਿਕ ਦੀ ਹੀਰੋਇਨ ਬਣੀ ਹੈ ਤੇ ਉਹ ਇਸ 'ਚ ਇਕ ਵੇਸਵਾ ਦਾ ਰੋਲ ਅਦਾ ਕਰੇਗੀ। ਪੁਰਾਣੀ 'ਅਗਨੀਪਥ' 'ਚ ਬਿੱਗ ਬੀ ਦੀ ਹੀਰੋਇਨ ਮਾਧਵੀ ਨੇ ਸੈਕਸ ਵਰਕਰ ਦਾ ਨਹੀਂ ਸਗੋਂ ਨਰਸ ਦਾ ਕਿਰਦਾਰ ਨਿਭਾਇਆ ਸੀ ਪਰ ਕਰਨ ਜੌਹਰ ਪ੍ਰਿਯੰਕਾ ਨੂੰ ਨਰਸ ਦੇ ਰੂਪ ਵਿਚ ਨਹੀਂ ਦਿਖਾਉਣਾ ਚਾਹੁੰਦੇ ਸਨ, ਇਸ ਲਈ ਉਨ੍ਹਾਂ ਨੇ ਕਹਾਣੀ ਵਿਚ ਕੁਝ ਤਬਦੀਲੀਆਂ ਕੀਤੀਆਂ ਤਾਂ ਕਿ ਇਹ ਫਿਲਮ ਨੌਜਵਾਨ ਪੀੜ੍ਹੀ ਨੂੰ ਵੀ ਪਸੰਦ ਆ ਸਕੇ। ਭਾਵੇਂ ਆਮ ਤੌਰ 'ਤੇ ਪ੍ਰਿਯੰਕਾ ਆਪਣੀ ਇਮੇਜ ਨੂੰ ਲੈ ਕੇ ਬੇਹੱਦ ਚੌਕਸ ਰਹਿੰਦੀ ਹੈ ਤੇ ਇਮੇਜ ਲਈ ਹੀ ਨਿਊ ਯੀਅਰ ਪਾਰਟੀ 'ਚ ਡਾਂਸ ਕਰਨ ਲਈ ਮਿਲ ਰਹੀ ਕਰੋੜਾਂ ਦੀ ਪੇਸ਼ਕਸ਼ ਨੂੰ ਵੀ ਠੁਕਰਾ ਦਿੱਤਾ ਪਰ ਕਰਨ ਜੌਹਰ ਤੇ ਰਿਤਿਕ ਰੌਸ਼ਨ ਲਈ ਪ੍ਰਿਯੰਕਾ ਨੇ 'ਅਗਨੀਪਥ' ਵਿਚ ਆਪਣੀ ਇਮੇਜ ਨਾਲ ਵੀ ਸਮਝੌਤਾ ਕਰ ਲਿਆ।


HOT OFFER!
BEST DEAL
built-in 4-9mm vari-focal lens & 42pcs IR LED
@540TVL 1/3" SONY Super HAD CCD Model SA-1838HS
$99
VT-100 Dome Camera Price: $49.00
VT-1565 IR Camera Price: $199.00
VT-1566 Bullet Camera Price: $99.00
NOW BUY ONLINE
www.EzChase.com
$599
4 Cameras + 4CH DVR
PRO PACKAGE
CCTV
BEST PRICE GUARANTEE
$1199
8 Cameras + 8CH DVR
ADVANCED PACKAGE
ONE STOP SHOP FOR CCTV EQUIPMENTS TO PROTECT YOUR HOME & BUSINESS
We sell less price but make your security priceless.
We only provide high quality at economy price.
Two year Warranty on our products.
Watch your business from anywhere on your smart phone
iPhone, BlackBerry or Windows Mobiles
Customer Service : 1-800-235-1391


Are Worries Keeping You Awake?
Watch Your Business AnyTime Any Place.
ALL-IN-ONE
Attention Business Owners!!
Are You Worried About Your Business When You`re Not There?
Watch your business from anywhere on iPhone with our new technology
QuikStop
Shell
7 ELEVEN
76
Holiday Inn
Denny's
Arby's
ਆਪਣੇ ਘਰ ਜਾਂ ਬਿਜਨਸ 'ਤੇ ਸਿਕਿਊਰਟੀ ਸਿਸਟਮ ਲਵਾਓ ਅਤੇ ਨਿਸ਼ਚਿੰਤ ਹੋ ਜਾਓ
Financing & Lease Options For 12, 24, 36 Months Available.
ਵਾਜਬ ਕੀਮਤ ਸਹੀ ਕੰਮ
DVR UNLIMITED
Call:1-(888) 233-4566
www.dvrunlimited.com


WRONGFUL DEATH | AUTO | PEDESTRIAN | BICYCLE | DOG BITES | TRUCK ACCIDENTS
LAW OFFICES OF MARK COHEN
ਪਿਛਲੇ 27 ਸਾਲ ਤੋਂ ਫਰੀਮਾਂਟ, ਨਿਊਆਰਕ, ਯੂਨੀਅਨ ਸਿਟੀ ਅਤੇ ਬੇ-ਏਰੀਆ ਦੀ ਸੇਵਾ ਵਿਚ
"I take your accident personally"
Free initial consultation. No fee if no recovery.
ਮੁਫਲਾ ਸਲਾਹ ਮਸ਼ਵਰਾ ਬਿਲਕੁਲ ਮੁਫਤ, ਕੋਈ ਮੁਆਵਜ਼ਾ ਨਹੀਂ ਕੋਈ ਫੀਸ ਨਹੀਂ
Please visit our web site for more information
www. markcohenlaw.com or call us at 510.792.4008
ਕਾਨੂੰਨ ਪ੍ਰਤੀ ਸਮੁਚਿਤ ਪਹੁੰਚ ਵਾਲੀ ਪਰਸਨਲ ਇੰਜਰੀ ਲਾਅ ਪ੍ਰੈਕਟਿਸ। ਪਰਸਨਲ ਇੰਜਰੀ ਲਾਅ, ਫਾਰ ਪ੍ਰਾਫਿਟ, ਨਾਨ ਪ੍ਰਾਫਿਟ ਅਤੇ ਧਾਰਮਿਕ ਕਾਰਪੋਰੇਸ਼ਨਾਂ, ਅਤੇ ਭੂਮੀ ਦੀ ਵਰਤੋਂ 'ਤੇ ਜ਼ੋਨਿੰਗ ਲਾਅ ਵਿਚ 27 ਸਾਲ ਦਾ ਤਜ਼ਰਬਾ। "ਕਿਉਂਕਿ ਕਾਨੂੰਨ ਦੇ ਇਕ ਖੇਤਰ ਬਾਰੇ ਹੀ ਜਾਣਕਾਰੀ ਕਾਫੀ ਨਹੀਂ ਹੈ।"
STOP

## ਉਮੀਦ, ਲੋਕਲ ਡਾਕਟਰ ਅਤੇ ਵਿਲੱਖਣ ਖੋਜ

# ਕਮਰ, ਗਰਦਨ ਤੇ ਡਿਸਕ ਦੇ ਦਰਦ ਪੀੜਤਾਂ ਲਈ ਰਾਹਤ

**ਕਮਰ, ਗਰਦਨ ਤੇ ਡਿਸਕ ਦੇ ਦਰਦ ਦਾ ਦਵਾਈਆਂ ਤੋਂ ਬਗ਼ੈਰ ਵਿਸ਼ੇਸ਼ ਇਲਾਜ ਜਿਸ ਬਾਰੇ ਸਟਾਕਟਨ ਤੇ ਆਲੇ-ਦੁਆਲੇ ਦੇ ਇਲਾਕਿਆਂ ਦੇ ਵਸਨੀਕਾਂ ਲਈ ਮਸ਼ਵਰਾ ਮੁਫ਼ਤ ਹੈ।...ਡਾਕਟਰ ਦਾ ਕਹਿਣਾ ਹੈ ਕਿ ਜਿਹੜੇ ਮਰੀਜ਼ਾਂ ਨੇ ਇਸ ਗੈਰ ਰਵਾਇਤੀ ਇਲਾਜ ਦਾ ਫਾਇਦਾ ਉਠਾਇਆ ਹੈ, ਉਨ੍ਹਾਂ ਨੂੰ ਸਖਤ ਕਮਰ, ਗਰਦਨ ਤੇ ਡਿਸਕ ਦੇ ਦਰਦ ਤੋਂ ਬਹੁਤ ਹੱਦ ਤਕ ਛੁਟਕਾਰਾ ਮਿਲਿਆ ਹੈ। ਮੁਸ਼ਕਿਲ ਇਹ ਹੈ ਕਿ ਡਾਕਟਰ ਅਤੇ ਉਸਦੇ ਸਟਾਫ ਨੂੰ ਸਟਾਕਟਨ ਅਤੇ ਆਲੇ-ਦੁਆਲੇ ਦੇ ਇਲਾਕੇ ਦੇ ਮਰੀਜ਼ਾਂ ਦੀ ਵਡੀ ਭੀੜ ਕਰ ਕੇ ਸਭ ਤਰ੍ਹਾਂ ਦਾ ਸਲਾਹ-ਮਸ਼ਵਰਾ ਕੁਝ ਦੇਰ ਲਈ ਰੋਕਣਾ ਪੈ ਸਕਦਾ ਹੈ।**

ਸਟਾਕਟਨ (ਕੈਲੀਫੋਰਨੀਆ): ਕਮਰ, ਡਿਸਕ ਜਾਂ ਗਰਦਨ ਦੇ ਤਿੱਖੇ ਦਰਦ ਤੋਂ ਪੀੜਤ ਹਰ ਬੰਦਾ ਨਿਰਾਸ਼ਾ, ਲਾਚਾਰੀ ਅਤੇ ਅਨਿਸ਼ਚਿਤਤਾ ਨਾਲ ਨਫਰਤ ਕਰਦਾ ਹੈ ਪਰ ਸਭ ਤੋਂ ਮਾੜੀ ਤਾਂ ਉਹ ਨਿਰਾਸ਼ਾ ਅਤੇ ਬੇਚੈਨੀ ਹੁੰਦੀ ਹੈ ਜਦੋਂ ਤੁਹਾਨੂੰ ਇਕ ਪਿਛੋਂ ਇਕ ਇਲਾਜ ਕਰਾਉਣ ਉਪਰੰਤ ਇਸ ਹਕੀਕਤ ਦਾ ਸਾਹਮਣਾ ਕਰਨਾ ਪੈਂਦਾ ਹੈ ਕਿ ਤੁਹਾਡੇ ਕੋਲ ਰੀੜ੍ਹ ਦੀ ਹੱਡੀ ਵਿਚ ਟੀਕੇ ਲਗਾਉਣ ਜਾਂ ਸਰਜਰੀ ਕਰਵਾਉਣ ਤੋਂ ਬਿਨਾ ਕੋਈ ਚਾਰਾ ਨਹੀਂ ਬਚਿਆ। ਖੈਰ! ਹੁਣ ਤਸੱਲੀ ਦੀ ਗੱਲ ਇਹ ਹੈ ਕਿ ਇਸ ਇਲਾਕੇ ਦਾ ਇਕ ਜਾਣਿਆ-ਪਛਾਣਿਆ ਡਾਕਟਰ ਤੇ ਐਕਸੀਡੈਂਟ ਐਂਡ ਇੰਜਰੀ ਰਿਕਵਰੀ ਕਲੀਨਿਕ ਦਾ ਡਾਇਰੈਕਟਰ ਸਟਾਕਟਨ ਅਤੇ ਆਲੇ-ਦੁਆਲੇ ਦੇ ਇਲਾਕਿਆਂ ਦੇ ਵਸਨੀਕਾਂ ਨੂੰ ਅਗਲੇ ਘਟੋ-ਘਟ 72 ਘੰਟਿਆਂ ਦੌਰਾਨ ਮੁਫ਼ਤ ਸਲਾਹ-ਮਸ਼ਵਰਾ ਦੇਣਗੇ। ਪਾਠਕਾਂ ਨੇ ਸਿਰਫ਼ ਇਨ੍ਹਾਂ ਕਰਨਾ ਹੈ ਕਿ ਸਾਰੀਆਂ ਅਪੁਆਇੰਟਮੈਂਟਾਂ ਬੁਕ ਹੋ ਜਾਣ ਤੋਂ ਪਹਿਲਾਂ-ਪਹਿਲਾਂ ਆਪਣੀ ਅਪੁਆਇੰਟਮੈਂਟ ਬਣਾਉਣ ਲਈ ਸਵੀਅਰ ਬੈਕ ਐਂਡ ਨੈਕ ਪੇਨ ਹੌਟਲਾਈਨ ਨੂੰ ਕਾਲ ਕਰਨੀ ਹੈ। ਡਾ ਜਗਜੀਤ ਸਿੰਘ ਸਿਹੋਤਾ ਨੇ ਬਿਨਾ ਕਿਸੇ ਫੀਸ ਤੋਂ ਇਹ ਸਲਾਹ-ਮਸ਼ਵਰਾ ਦੇਣ ਦੀ ਪਹਿਲਕਦਮੀ ਸਟਾਕਟਨ ਅਤੇ ਆਲੇ-ਦੁਆਲੇ ਦੇ ਇਲਾਕੇ ਦੇ ਕਮਰ ਦਰਦ, ਡਿਸਕ ਅਤੇ ਗਰਦਨ ਦੀ ਸਖਤ ਦਰਦ ਤੋਂ ਪੀੜਤ ਮਰੀਜ਼ਾਂ ਦੀ ਵਧ ਰਹੀ ਮਾਯੂਸੀ ਨੂੰ ਧਿਆਨ ਵਿਚ ਰਖ ਕੇ ਕੀਤੀ ਹੈ। ਇਹ ਮਾਯੂਸੀ ਹੈ ਉਨ੍ਹਾਂ ਡਾਕਟਰਾਂ ਤੋਂ ਜਿਹੜੇ ਉਨ੍ਹਾਂ ਦਾ ਇਲਾਜ਼ ਬਿਨਾ ਕਿਸੇ ਹਮਦਰਦੀ ਅਤੇ ਆਦਰ ਤੋਂ ਕਰਦੇ ਹਨ, ਇਹ ਮਾਯੂਸੀ ਇਸ ਡਰ ਤੋਂ ਹੈ ਕਿ ਉਨ੍ਹਾਂ ਕੋਲ ਪੂਰੀ ਤਰ੍ਹਾਂ ਠੀਕ ਹੋਣ ਦੀ ਕੋਈ ਉਮੀਦ ਨਹੀਂ ਬਚੀ।



ਇਹ ਡਾਕਟਰ ਇਸ ਗੱਲ ਦੀ ਤਸੱਲੀ ਬੰਨਾਉਂਦਾ ਹੈ ਕਿ ਕਮਰ, ਡਿਸਕ ਤੇ ਗਰਦਨ ਦੇ ਦਰਦ ਤੋਂ ਪੀੜਤ ਸਟਾਕਟਨ ਇਲਾਕੇ ਦੇ ਵਸਨੀਕ ਆਪਣੀ ਜ਼ਿੰਦਗੀ ਦਾ ਅਸਲ ਆਨੰਦ ਮੁੜ ਤੋਂ ਮਾਣ ਸਕਦੇ ਹਨ। ਡਾਕਟਰ ਵੱਲੋਂ ਆਉਣ ਵਾਲੇ 72 ਘੰਟਿਆਂ ਦੌਰਾਨ ਦਿੱਤੇ ਜਾ ਰਹੇ ਮੁਫਤ ਸਲਾਹ-ਮਸ਼ਵਰੇ ਦਾ ਸਮਾਂ ਬਹੁਤ ਜਲਦੀ ਬੁਕ ਹੋ ਸਕਦਾ ਹੈ ਸੋ, ਉਹੀ ਮਰੀਜ਼ ਇਸ ਮੁਫਤ ਸਲਾਹ-ਮਸ਼ਵਰੇ ਦਾ ਫਾਇਦਾ ਉਠਾ ਸਕਣਗੇ ਜੋ ਇਸ ਡੈਡਲਾਈਨ ਤੋਂ ਪਹਿਲਾਂ ਕਾਲ ਕਰਨਗੇ।

ਇਸ ਡਾਕਟਰ ਅਤੇ ਕਮਰ, ਡਿਸਕ ਤੇ ਗਰਦਨ ਦੇ ਦਰਦ ਬਾਰੇ ਉਨ੍ਹਾਂ ਦੇ ਨਿਵੇਕਲੇ ਇਲਾਜ ਨੂੰ ਇੰਨਾ ਵਧੀਆ ਹੁੰਗਾਰਾ ਮਿਲਿਆ ਹੈ ਕਿ ਮਰੀਜ਼ ਉਨ੍ਹਾਂ ਦੇ ਦਫ਼ਤਰ ਵੱਲ ਵਹੀਰਾਂ ਘੱਤ ਕੇ ਆ ਰਹੇ ਹਨ ਕਿਉਂਕਿ ਉਹ ਚਿਰਾਂ ਤੋਂ ਦਰਦ ਦੀ ਮਾਰ ਝੱਲ ਰਹੇ ਉਨ੍ਹਾਂ ਲੋਕਾਂ ਨੂੰ 'ਹਕੀਕੀ ਉਮੀਦ' ਦੇ ਰਹੇ ਹਨ ਜੋ ਹਰ ਪਾਸੇ ਟੱਕਰਾਂ ਮਾਰ ਮਾਰ ਕੇ ਥੱਕ ਚੁੱਕੇ ਹਨ ਅਤੇ 'ਹਰ ਨੁਸਖ਼ਾ ਅਜ਼ਮਾ' ਚੁੱਕੇ ਹਨ। ਫਿਰ ਵੀ ਅਜੇ ਤਕ ਉਨ੍ਹਾਂ ਨੂੰ ਦਰਦ ਤੋਂ ਛੁਟਕਾਰੇ ਦਾ ਰਾਹ ਨਹੀਂ ਲੱਭਿਆ ਹੈ। ਉਨ੍ਹਾਂ ਵੱਲੋਂ ਦਰਦ ਪੀੜਤਾਂ ਨੂੰ ਬਿਨਾ ਦਵਾਈ, ਬਿਨਾ ਅਪਰੇਸ਼ਨ, ਬਿਨਾ ਟੀਕੇ 'ਤੇ ਆਧਾਰਤ ਦਿੱਤੀ ਇਲਾਜ ਦੀ 'ਅਸਲ' ਚੋਣ ਕਰ ਕੇ ਉਨ੍ਹਾਂ ਪਾਸ ਆਉਣ ਵਾਲੇ ਮਰੀਜ਼ਾਂ ਦੀ ਗਿਣਤੀ ਬਹੁਤ ਵਧ ਗਈ ਹੈ। ਸਭ ਤੋਂ ਵੱਡੀ ਗੱਲ ਇਹ ਹੈ ਕਿ ਉਨ੍ਹਾਂ ਦਾ ਇਲਾਜ ਢੰਗ 'ਉਚ ਤਕਨੀਕ' ਤੇ ਆਧਾਰਤ ਹੈ ਅਤੇ ਪੂਰੀ ਤਰ੍ਹਾਂ 'ਦਰਦ-ਰਹਿਤ' ਹੈ।

ਇਸ ਵਿਲੱਖਣ ਇਲਾਜ ਪ੍ਰਣਾਲੀ ਦੀ ਭਰਪੂਰ ਚਰਚਾ ਹੋ ਰਹੀ ਹੈ; ਇੰਨੀ, ਕਿ ਯਕੀਨ ਕਰਨਾ ਮੁਸ਼ਕਲ ਹੈ। ਖ਼ੁਸ਼ੀ ਦੀ ਖ਼ਬਰ ਇਹ ਹੈ ਕਿ ਇਸ ਮਿਹਨਤੀ, ਨਿਰਮਾਣ, ਦਿਲਦਾਰ, ਪੂਰਾ ਧਿਆਨ ਰੱਖਣ ਵਾਲੇ, ਸੰਵੇਦਨਸ਼ੀਲ ਅਤੇ ਦਇਆਵਾਨ ਡਾਕਟਰ ਨੇ ਆਪਣੇ ਆਪ ਨੂੰ ਇਨਾ ਮਸ਼ਰੂਫ ਕਰ ਲਿਆ ਹੈ ਕਿ ਉਹ ਮੁਫਤ ਸਲਾਹ-ਮਸ਼ਵਰੇ ਦੀ ਗਿਣਤੀ ਨੂੰ ਸੀਮਤ ਕਰਨ ਲਈ ਮਜਬੂਰ ਹੈ।

ਮੁਫ਼ਤ ਮਸ਼ਵਰੇ ਨੂੰ ਸੀਮਤ ਕੀਤੇ ਜਾਣ ਬਾਰੇ ਪੁਛੇ ਜਾਣ 'ਤੇ ਡਾ. ਜਗਜੀਤ ਸਿੰਘ ਸਿਹੋਤਾ ਡੀ ਸੀ ਨੇ ਪੁਸ਼ਟੀ ਕੀਤੀ, "ਸਾਨੂੰ ਅਹਿਸਾਸ ਹੈ ਕਿ ਕਿੰਨੇ ਲੋਕ ਬਿਨਾ ਕਾਰਨ ਦਰਦ ਸਹਿ ਰਹੇ ਹਨ ਅਤੇ ਮੈਨੂੰ ਇਹ ਵੀ ਅਹਿਸਾਸ ਹੈ ਕਿ ਜਿਹੜੀ ਗੱਲ ਮੈਨੂੰ ਬਾਕੀਆਂ ਨਾਲੋਂ ਅਲੱਗ ਕਰਦੀ ਹੈ, ਉਹ ਇਹ ਹੈ ਕਿ ਮੈਂ ਹਰ ਮਰੀਜ਼ ਲਈ ਲੋੜੀਂਦਾ ਟਾਈਮ ਕੱਢਦਾ ਹਾਂ ਤਾ ਜੋ ਨਾ ਸਿਰਫ ਉਸ ਦੀ ਠੀਕ ਹੋਣ ਵਿਚ ਮਦਦ ਕਰ ਸਕਾਂ ਬਲਕਿ ਉਸਨੂੰ ਇਹ ਵੀ ਜਾਪੇ ਕਿ ਉਸ ਦੀ ਗੱਲ ਸੁਣੀ ਗਈ ਹੈ। ਮੈਨੂੰ ਪਤਾ ਹੈ ਕਿ ਬਹੁਤ ਸਾਰੇ ਅਜਿਹੇ ਜਬਰਦਸਤ ਦਰਦ ਦਾ ਸਾਹਮਣਾ ਕਰ ਰਹੇ ਮਰੀਜ਼ ਹਨ ਜਿਨ੍ਹਾਂ ਨੂੰ ਸਾਡੀ ਕਿਸਮ ਦੇ ਇਲਾਜ ਦੀ ਲੋੜ ਹੈ...ਮੈਨੂੰ ਇਸ ਗੱਲ ਦਾ ਸਹੀ ਅਨੁਮਾਨ ਨਾ ਲਗ ਸਕਿਆ ਕਿ ਅਜਿਹੇ ਕਿੰਨੇ ਲੋਕ ਹਨ ਅਤੇ ਹੁਣ ਮਿਲੇ ਬੇਮਿਸਾਲ ਹੁੰਗਾਰੇ ਤੋਂ ਬਾਅਦ ਮੈਂ ਸਲਾਹ-ਮਸ਼ਵਰੇ ਦੀ ਗਿਣਤੀ ਘੱਟ ਕਰਨ ਲਈ ਮਜਬੂਰ ਹੋ ਗਿਆ ਹਾਂ। ਸਿਰਫ ਇਸੇ ਤਰ੍ਹਾਂ ਹੀ ਮੈਂ ਹਰ ਮਰੀਜ਼ ਨੂੰ ਬਣਦੀ ਨਿਜੀ ਤਵੱਜੋ ਦੇ ਸਕਦਾ ਹਾਂ।

ਡਾ. ਸਿਹੋਤਾ ਨੇ ਇਹ ਵੀ ਪੁਸ਼ਟੀ ਕੀਤੀ ਕਿ ਜੇ ਤੁਸੀਂ ਇਹ ਲੇਖ ਛਪਣ ਦੇ 72 ਘੰਟਿਆਂ ਦੇ ਅੰਦਰ-ਅੰਦਰ ਸਵੀਅਰ ਬੈਕ, ਡਿਸਕ ਐਂਡ ਨੈਕ ਪੇਨ ਹਾਟਲਾਈਨ ਉਤੇ ਕਾਲ ਕਰਦੇ ਹੋ ਤਾਂ ਉਹ ਪਾਠਕਾਂ ਨੂੰ ਗਰੰਟੀ ਦਿੰਦੇ ਹਨ ਕਿ ਉਹ ਆਪ ਨਿਜੀ ਮਸ਼ਵਰੇ ਦਾ ਸਮਾਂ ਦੇਣਗੇ।

ਡਾ. ਸਿਹੋਤਾ ਨੇ ਇਹ ਵੀ ਕਿਹਾ, "ਅਸੀਂ ਸਾਰੇ ਮਰੀਜ਼ਾਂ ਨੂੰ ਸਵੀਕਾਰ ਨਹੀਂ ਕਰ ਸਕਦੇ, ਪਰ ਜਿਨ੍ਹਾਂ ਨੂੰ ਅਸੀਂ ਸਵੀਕਾਰ ਕਰਦੇ ਹਾਂ, ਉਨ੍ਹਾਂ ਲਈ ਆਪਣਾ ਟਿਲ ਲਾ ਦਿੰਦੇ ਹਾਂ।" ਇਸ ਮੁਫਤ ਮਸ਼ਵਰੇ ਦੀ ਕੀਮਤ 247 ਡਾਲਰ ਹੈ ਪਰ ਜਿਹੜੀ ਗੱਲ ਪੈਸੇ ਤੋਂ ਵੀ ਅਹਿਮ ਹੈ ਉਹ ਇਹ ਤਸੱਲੀ ਹੈ ਕਿ ਤੁਹਾਡੀ ਕਮਰ, ਗਰਦਨ ਜਾਂ ਡਿਸਕ ਦੀ ਜਾਨ-ਕਢਵੀਂ ਦਰਦ ਤੋਂ ਨਿਜ਼ਾਤ ਜਲਦ ਮਿਲਣ ਵਾਲੀ ਹੈ। ਇਸ ਲਈ ਭਾਵੇਂ ਇਹ ਤੁਹਾਡੀ ਕਮਰ ਦਰਦ ਹੈ, ਹਰਨੀਆਂ ਦੀ ਡਿਸਕ ਦਰਦ, ਸਲਿਪ ਡਿਸਕ ਦਰਦ ਹੈ, ਸੁਜੀ ਹੋਈ ਡਿਸਕ ਦੀ ਦਰਦ, ਸਿਆਟਿਕਾ ਦੇ ਸੁੰਨ ਹੋਣ ਦੀ ਤਕਲੀਫ ਹੈ, ਨਲਾਂ ਵਿਚ ਤਕਲੀਫ ਹੈ ਜਾਂ ਫਿਰ ਚੂਲ੍ਹੇ ਦੀ ਦਰਦ ਹੈ...ਭਾਵੇਂ ਕਿੰਨੇ ਵੀ ਇਲਾਜ ਫੇਲ੍ਹ ਹੋ ਚੁਕੇ ਹਨ, ਇਹ ਇਕ ਅਜਿਹਾ ਮੌਕਾ ਹੈ ਜੋ ਤੁਹਾਡੀ ਸਾਰੀ ਦਰਦ ਅਤੇ ਮਾਯੂਸੀ ਨੂੰ ਦੂਰ ਕਰ ਕੇ ਤੁਹਾਡੀ ਜ਼ਿੰਦਗੀ ਨੂੰ ਰਵਾਂ ਤੋਰੇ ਤੋਰ ਸਕਦਾ ਹੈ।

*ਨੋਟ: ਇਹ ਪੇਸ਼ਕਸ਼ ਸ਼ੁਕਰਵਾਰ 21 ਜਨਵਰੀ 2011 ਸ਼ਾਮ 6 ਵਜੇ ਤਕ ਹੀ ਹੈ।*


***ਇਥੋਂ ਤਕ ਕਿ ਜੋ ਸ਼ਖਸ ਉਮੀਦ ਛੱਡ ਚੁੱਕੇ ਸਨ...ਜੋ ਸੋਚਦੇ ਸਨ ਕਿ ਉਨ੍ਹਾਂ ਨੂੰ ਕੋਈ ਕ੍ਰਿਸ਼ਮਾ ਹੀ ਠੀਕ ਕਰ ਸਕਦਾ ਹੈ...ਇਥੋਂ ਤੱਕ ਕਿ ਜੋ ਆਸ ਦਾ ਪੱਲਾ ਉਕਾ ਹੀ ਛਡ ਬੈਠੇ ਸਨ...ਉਨ੍ਹਾਂ ਨੂੰ ਵੀ ਫਾਇਦਾ ਹੋਇਆ ਹੈ।***

**ਮੁਫ਼ਤ:** ਸਮੁੱਚੇ ਸਟਾਕਟਨ ਖੇਤਰ ਵਿਚ ਮਸ਼ਹੂਰ ਡਾਕਟਰਾਂ ਵਿਚੋਂ ਇਕ ਨਾਲ ਰਾਬਤਾ ਬਣਾਓ। ਕਮਰ, ਡਿਸਕ ਅਤੇ ਗਰਦਨ ਦੇ ਦਰਦ ਤੋਂ ਖਹਿੜਾ ਛੁਡਾਓ। ਸਟਾਕਟਨ ਅਤੇ ਆਲੇ-ਦੁਆਲੇ ਦੇ ਇਲਾਕਿਆਂ ਦੇ ਵਸਨੀਕਾਂ ਲਈ ਸਲਾਹ-ਮਸ਼ਵਰਾ ਮੁਫ਼ਤ ਹੈ। ਇਹ ਮੌਕਾ ਖਾਸ ਕਰ ਉਨ੍ਹਾਂ ਲੋਕਾਂ ਲਈ ਹੈ ਜਿਹੜੇ ਕਮਰ, ਦਰਦ ਤੇ ਗਰਦਨ ਦੇ ਦਰਦ ਤੋਂ ਪੀੜਤ ਹਨ ਅਤੇ ਜਿਹੜੇ ਟੀਕੇ ਲਗਵਾ ਕੇ, ਸਰਜਰੀ ਕਰਵਾ ਕੇ, ਗੋਲੀਆਂ ਖਾ-ਖਾ ਕੇ ਅੱਕ ਚੁਕੇ ਹਨ, ਕਾਇਰੋਪਰੈਕਟਿਕ ਇਲਾਜ ਅਤੇ ਫ਼ਿਜ਼ੀਕਲ ਥੈਰੇਪੀ ਅਜ਼ਮਾ ਚੁੱਕੇ ਹਨ, ਖਿੱਚਾਂ ਪੁਆ ਚੁੱਕੇ ਹਨ ਅਤੇ ਹੋਰ ਨੁਸਖ਼ੇ ਵਰਤ ਚੁੱਕੇ ਹਨ ਪਰ ਆਰਾਮ ਨਹੀਂ ਆਇਆ। ਕੋਈ ਬੰਦਿਸ਼ ਨਹੀਂ। ਸਾਡਾ ਪਤਾ ਹੈ:

2531 ਐਨ. ਕੈਲੇਫੋਰਨੀਆ ਸਟਰੀਟ ਜੋ ਨੌਰਥ ਕੈਲੇਫੋਰਨੀਆ ਸਟਰੀਟ ਅਤੇ ਐਲਿਸ ਸਟਰੀਟ ਉਤੇ-ਹਾਰਡਿੰਗ ਵੇਅ ਅਤੇ ਐਲਪਾਈਨ ਐਵਨਿਊ ਵਿਚਾਲੇ ਹੈ। ਇਹ ਸੇਂਟ ਜੋਸਫ਼'ਜ਼ ਹੌਸਪੀਟਲ ਤੋਂ ਅੱਧਾ ਕੁ ਬਲਾਕ ਅਗਾਂਹ ਹੈ।

## ਕਮਰ ਤੇ ਗਰਦਨ ਦੇ ਦਰਦ ਲਈ
## ਸਟਾਕਟਨ ਹੌਟਲਾਈਨ (209) 390-8233 ਹੈ।

"ਮੈਂ ਕਮਰਸ਼ੀਅਲ ਪਲੰਬਰ ਹਾਂ ਅਤੇ ਇਸ ਕਾਰੋਬਾਰ ਵਿਚ ਪਿਛਲੇ 13 ਸਾਲ ਤੋਂ ਹਾਂ। ਪੰਜ-ਛੇ ਸਾਲ ਪਹਿਲਾਂ ਮੇਰੀ ਰੀੜ੍ਹ ਦੀ ਹੱਡੀ 'ਤੇ ਸੱਟ ਲੱਗ ਗਈ ਸੀ। ਮੇਰੇ ਨਿਊਰੋ ਸਰਜਨ ਨੇ ਮੈਨੂੰ ਸਰਜਰੀ ਲਈ ਕਿਹਾ। ਉਦੋਂ ਤੋਂ ਹੀ ਮੇਰੀ ਕੰਮ ਦੀ ਸਮਰੱਥਾ ਘੱਟ ਗਈ ਹੈ। ਪੱਠੇ ਆਕੜਨ, ਹਲਕੀ ਹਲਕੀ ਦਰਦ ਰਹਿਣ, ਅੰਗ ਸੁੰਨ ਹੋਣ ਅਤੇ ਨਸਾਂ ਨੂੰ ਪਹੁੰਚਣ ਕਰ ਕੇ ਹੋ ਰਹੀ ਦਰਦ ਤੋਂ ਨਿਜਾਤ ਪਾਉਣ ਲਈ ਮੈਂ ਕਾਇਰੋਪਰੈਕਟਰ ਤੋਂ ਇਲਾਜ ਕਰਵਾ ਰਿਹਾ ਸਾਂ। ਡਾ. ਸਿਹੋਤਾ ਨੇ ਮੈਨੂੰ ਪੁੱਛਿਆ ਕਿ ਮੈਂ ਉਨ੍ਹਾਂ ਦਾ ਡੀਕੰਪਰੈਸ਼ਨ ਇਲਾਜ ਕਰਵਾਉਣਾ ਚਾਹੁੰਦਾ ਹਾਂ। ਉਨ੍ਹਾਂ ਦੱਸਿਆ ਕਿ ਮੈਨੂੰ ਇਸ ਇਲਾਜ ਦਾ ਚੰਗਾ ਲਾਭ ਹੋਵੇਗਾ। ਮੈਂ ਇਸ ਇਲਾਜ ਬਾਰੇ ਆਪਣੇ ਨਿਊਰੋ ਸਰਜਨ ਨਾਲ ਮਸ਼ਵਰਾ ਕੀਤਾ ਅਤੇ ਉਨ੍ਹਾਂ ਦਾ ਕਹਿਣਾ ਸੀ ਕਿ ਮੈਂ ਅਜਿਹਾ ਕਰਵਾ ਸਕਦਾ ਹਾਂ। ਮੈਨੂੰ ਖ਼ੁਸ਼ੀ ਹੈ ਕਿ ਮੈਂ ਇਹ ਇਲਾਜ ਕਰਵਾਇਆ। ਮੇਰੇ ਇਲਾਜ ਦਾ ਹੁਣ 9ਵਾਂ ਸੈਸ਼ਨ ਚੱਲ ਰਿਹਾ ਹੈ ਅਤੇ ਕਮਰ ਦੀ ਸੱਟ ਲਗਣ ਤੋਂ ਬਾਅਦ ਮੈਂ ਇਸ ਤਰ੍ਹਾਂ ਕਦੇ ਵੀ ਚੰਗਾ ਮਹਿਸੂਸ ਨਹੀਂ ਕੀਤਾ। ਹੁਣ ਮੈਂ ਪੌੜੀਆਂ ਚੜ੍ਹ ਸਕਦਾ ਹਾਂ ਅਤੇ ਪਾਈਪਾਂ ਪਾਉਣ ਵੇਲੇ ਟੋਇਆਂ ਵਿਚ ਵੀ ਆਸਾਨੀ ਨਾਲ ਰਿੜ ਕੇ ਜਾ ਸਕਦਾ ਹਾਂ। ਸਭ ਤੋਂ ਵੱਡੀ ਗੱਲ ਮੈਂ ਰਾਤ ਨੂੰ ਚੈਨ ਨਾਲ ਸੌਂਦਾ ਹਾਂ ਅਤੇ ਜਦੋਂ ਉਠਦਾ ਹਾਂ ਤਾਂ ਦਰਦ ਜਾਂ ਅਕੜਾਹਟ ਦਾ ਨਾਮੋ-ਨਿਸ਼ਾਨ ਨਹੀਂ ਹੁੰਦਾ। ਜਿਹੜੇ ਮਰੀਜ਼ਾਂ ਨੇ ਅਜੇ ਸਰਜਰੀ ਨਹੀਂ ਕਰਵਾਈ, ਮੈਂ ਉਨ੍ਹਾਂ ਨੂੰ ਡੀਕੰਪਰੈਸ਼ਨ ਇਲਾਜ ਕਰਵਾਉਣ ਦੀ ਪੁਰਜ਼ੋਰ ਸਲਾਹ ਦਿੰਦਾ ਹਾਂ। ਜੋ ਸਰਜਰੀ ਕਰਵਾ ਚੁੱਕੇ ਹਨ ਤਾਂ ਜੇ ਇਸ ਇਲਾਜ਼ ਲਈ ਯੋਗ ਸਮਝੇ ਜਾਣ ਤਾਂ ਉਨ੍ਹਾਂ ਨੂੰ ਕਿਸੇ ਕਿਸਮ ਦਾ ਕੋਈ ਪਛਤਾਵਾ ਨਹੀਂ ਹੋਵੇਗਾ।" *-ਗੈਰੀ ਟੀ.*



"ਮੈਂ ਪਿਛਲੇ ਤਿੰਨ ਸਾਲਾਂ ਤੋਂ ਦਰਦ ਤੋਂ ਪਰੇਸ਼ਾਨ ਸਾਂ। ਇਸ ਦਰਦ ਤੋਂ ਛੁਟਕਾਰਾ ਪਾਉਣ ਲਈ ਮੈਂ ਕਈ ਕੁਝ ਕੀਤਾ; ਮਸਲਨ ਲੇਪ ਲਾਏ, ਐਕਿਊਪੰਕਚਰ, ਐਕਸ-ਰੇਅ ਅਤੇ ਐਮ.ਆਰ.ਆਈ. ਆਦਿ ਕਰਵਾਏ। ਆਖ਼ਰਕਾਰ ਮੈਂ ਸਭ ਕੁਝ ਛੱਡ ਦਿੱਤਾ ਅਤੇ ਮੈਂ ਖ਼ੁਦ ਨੂੰ ਸਮਝਾਇਆ ਕਿ ਹੁਣ ਕਿਤੇ ਨਹੀਂ ਜਾਣਾ, ਕੁਝ ਨਹੀਂ ਕਰਵਾਉਣਾ। ਜਦੋਂ ਮੈਂ ਅਖ਼ਬਾਰ ਵਿਚ ਲੇਖ ਦੇਖਿਆ ਤਾਂ ਆਪਣੀ ਭਤੀਜੀ ਨੂੰ ਕਿਹਾ ਕਿ ਉਹ ਪਤਾ ਕਰ ਕੇ ਦੱਸੇ ਕਿ ਇਹ ਲੋਕ ਮੇਰੀ ਕੋਈ ਮਦਦ ਕਰ ਸਕਦੇ ਹਨ। ਮੈਂ ਆਪਣੀ ਐਕਸ-ਰੇਅ ਰਿਪੋਰਟ ਆਪਣੇ ਨਾਲ ਚੁੱਕੀ ਅਤੇ ਡਾ. ਸਿਹੋਤਾ ਨੇ ਮੇਰੇ ਹਾਲਾਤ ਦਾ ਜਾਇਜ਼ਾ ਲਿਆ ਤੇ ਕੁਝ ਸਵਾਲ ਪੁੱਛੇ। ਉਨ੍ਹਾਂ ਜੋ ਗੱਲਾਂ-ਬਾਤਾਂ ਕੀਤੀਆਂ ਜਾਂ ਪੁੱਛੀਆਂ, ਉਲ ਨਾਲ ਹੀ ਤਾਂ ਮੈਂ ਰੋਜ਼ ਦੋ-ਚਾਰ ਹੋ ਰਿਹਾ ਸਾਂ। ਸੋ, ਮੈਂ ਆਖਰੀ ਕੋਸ਼ਿਸ਼ ਕਰਨ ਦਾ ਫ਼ੈਸਲਾ ਕੀਤਾ। ਮੈਨੂੰ ਖ਼ੁਸ਼ੀ ਹੈ ਕਿ ਮੈਨੂੰ ਫ਼ਾਇਦਾ ਹੋਇਆ ਕਿਉਂਕਿ ਮੈਨੂੰ ਬਹੁਤ ਰਾਹਤ ਮਿਲੀ। ਮੈਂ ਭਾਵੇਂ ਅਜੇ ਪੂਰੀ ਤਰ੍ਹਾਂ ਠੀਕ ਨਹੀਂ ਹੋਇਆ ਪਰ ਮੈਂ ਪਹਿਲਾਂ ਦੇ ਮੁਕਾਬਲੇ ਬਹੁਤ ਕੁਝ ਕਰਨ ਦੇ ਯੋਗ ਹੋ ਗਿਆ ਹਾਂ। ਮੈਨੂੰ ਜਿੰਨਾ ਆਰਾਮ ਮਿਲਿਆ ਹੈ, ਉਸ ਤੋਂ ਬਹੁਤ ਪ੍ਰਭਾਵਿਤ ਹਾਂ।" *-ਰੀਬੀਕਾ ਐਚ.*

"ਮੇਰੀ ਉਮਰ 55 ਸਾਲ ਹੈ। ਮੈਂ ਪਿਛਲੇ 18 ਸਾਲ ਤੋਂ ਬਤੌਰ ਸ਼ੀਟ ਮੈਟਲ ਵਰਕਰ ਕੰਮ ਕਰ ਰਿਹਾ ਹਾਂ। ਕੰਮ ਦੌਰਾਨ ਮੈਨੂੰ ਦਿਨ ਵਿਚ 10-10 ਘੰਟੇ ਪੈਰਾਂ ਭਾਰ ਖੜ੍ਹਨਾ ਪੈਂਦਾ ਅਤੇ 65 ਤੋਂ 70 ਪੌਂਡ ਵਜ਼ਨ ਚੁੱਕਣਾ ਪੈਂਦਾ। 6 ਜਾਂ 7 ਸਾਲ ਪਹਿਲਾਂ ਮੈਂ ਕਮਰ ਦੇ ਦਰਦ ਦੇ ਇਲਾਜ ਲਈ ਆਪਣੇ ਡਾਕਟਰ ਕੋਲ ਗਿਆ ਅਤੇ ਮੈਨੂੰ ਦੱਸਿਆ ਗਿਆ ਕਿ ਇਹ ਤਾਂ ਉਮਰ ਦਾ ਤਕਾਜ਼ਾ ਹੈ ਅਤੇ ਆਮ ਗੱਲ ਹੈ। ਮੇਰਾ ਐਮ.ਆਰ.ਆਈ. ਕਰਵਾਇਆ ਗਿਆ ਅਤੇ ਦੱਸਿਆ ਗਿਆ ਕਿ ਮੇਰੀ ਡਿਸਕ ਵਿੰਗੀ ਹੈ ਤੇ ਕੁਲ੍ਹੇ (ਸਿਆਟਿਕ) ਦਾ ਦਰਦ ਹੈ। ਫਿਰ ਪਿਛਲੇ ਸਾਲ ਡਾਕਟਰ ਨੇ ਮੈਨੂੰ ਐਪੀਡਿਓਰਲ ਇੰਜੈਕਸ਼ਨ ਲਈ ਭੇਜਿਆ ਜਿਸ ਨਾਲ ਕੋਈ ਫ਼ਰਕ ਨਹੀਂ ਪਿਆ। ਮੈਂ ਅਖ਼ਬਾਰ ਵਿਚ ਡਾ. ਸਿਹੋਤਾ ਦਾ ਇਸ਼ਤਿਆਰ ਦੇਖਿਆ ਅਤੇ ਮੇਰੀ ਪਤਨੀ ਨੇ ਡਾਕਟਰ ਨਾਲ ਮੇਰੀ ਅਪੁਆਇੰਟਮੈਂਟ ਬਣਾ ਦਿਤੀ। ਪਹਿਲਾਂ ਮੈਂ ਇਲਾਜ ਲਈ ਉਤਸ਼ਾਹ ਵਿਚ ਨਹੀਂ ਸਾਂ। ਇਲਾਜ ਸ਼ੁਰੂ ਹੋਇਆ ਤਾਂ ਦਰਦ ਘਟਣਾ ਸ਼ੁਰੂ ਹੋ ਗਿਆ। ਫਿਰ ਕੰਮ ਵੇਲੇ ਵੀ ਦਰਦ ਵਿਚ ਫ਼ਰਕ ਪੈਂਦਾ ਗਿਆ। ਮੈਂ ਮੁਕੰਮਲ ਇਲਾਜ ਕਰਵਾਇਆ ਅਤੇ ਹੁਣ ਮੇਰਾ ਦਰਦ ਤੋਂ ਖਹਿੜਾ ਛੁੱਟ ਗਿਆ ਹੈ। ਮੈਂ ਹੁਣ ਝੁਕ ਸਕਦਾ ਹਾਂ, ਮਰੋੜਾ ਵੀ ਝੱਲ ਸਕਦਾ ਹਾਂ ਅਤੇ ਦਰਦ ਦੀ ਵੀ ਸ਼ਿਕਾਇਤ ਨਹੀਂ ਹੈ। ਜਿਸ ਨੂੰ ਕਮਰ ਦੇ ਦਰਦ ਦੀ ਸ਼ਿਕਾਇਤ ਹੈ, ਉਹ ਇਕ ਵਾਰ ਇਹ ਇਲਾਜ ਜ਼ਰੂਰ ਕਰਵਾ ਕੇ ਵੇਖ ਲਵੇ। ਇਹ ਬੇਹੱਦ ਫ਼ਾਇਦੇਮੰਦ ਹੈ!! ਡਾ. ਸਹੋਤਾ ਹਰ ਪੱਖ ਤੋਂ ਤੁਹਾਡੇ ਨਾਲ ਗੱਲ ਕਰਦੇ ਹਨ ਅਤੇ ਉਨ੍ਹਾਂ ਦੇ ਸਟਾਫ਼ ਦਾ ਵਿਹਾਰ ਬਹੁਤ ਦੋਸਤਾਨਾ ਤੇ ਵਧੀਆ ਹੈ।" *-ਰਾਊਲ ਐਚ.*

